# ਭਾਈ ਵੀਰ ਸਿੰਘ ਦਾ ਰਚਨਾ ਸੰਸਾਰ : ਇਕ ਅਧਿਐਨ

## (ਅਧਿਆਤਮਕ ਪ੍ਰਕਰਣ ਵਿਚ)

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ

ਸੋਸ਼ਲ ਸਾਇੰਸਿਜ਼ ਫੈਕਲਟੀ ਅਧੀਨ

**ਪੀਐਚ.ਡੀ.**

ਦੀ ਡਿਗਰੀ ਲਈ ਪੇਸ਼ ਕੀਤਾ

**ਖੋਜ-ਪ੍ਰਬੰਧ**

ਨਿਗਰਾਨ:

**ਡਾ. ਸਰਬਜਿੰਦਰ ਸਿੰਘ**

ਖੋਜਾਰਥੀ:

**ਮਨਪ੍ਰੀਤ ਕੌਰ ਬੁੱਟਰ**

(1962 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਮਾਰਚ, 2018

## ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਮਨਪ੍ਰੀਤ ਕੌਰ ਬੁੱਟਰ ਨੇ ਪ੍ਰਸਤੁਤ ਖੋਜ-ਪ੍ਰਬੰਧ **'ਭਾਈ ਵੀਰ ਸਿੰਘ ਦਾ ਰਚਨਾ ਸੰਸਾਰ: ਇਕ ਅਧਿਐਨ (ਅਧਿਆਤਮਕ ਪ੍ਰਕਰਣ ਵਿਚ)'** ਮੇਰੀ ਨਿਗਰਾਨੀ ਅਧੀਨ ਸੰਪੂਰਨ ਕੀਤਾ ਹੈ। ਇਹ ਖੋਜਾਰਥਣ ਦੀ ਮੌਲਿਕ ਰਚਨਾ ਹੈ ਅਤੇ ਉਸ ਦੀ ਆਪਣੀ ਮਿਹਨਤ ਦਾ ਪ੍ਰਤਿਫਲ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਪੀਐਚ.ਡੀ. ਦੀ ਡਿਗਰੀ ਲਈ ਯੋਗ ਸਮਝਦੇ ਹੋਏ, ਮੁਲਾਂਕਣ ਲਈ ਪ੍ਰਸਤੁਤ ਕਰਨ ਦੀ ਪ੍ਰਵਾਨਗੀ ਦਿੰਦਾ ਹਾਂ। ਇਸ ਤੋਂ ਪਹਿਲਾਂ ਇਹ ਖੋਜ-ਪ੍ਰਬੰਧ ਕਿਸੇ ਡਿਗਰੀ ਜਾਂ ਡਿਪਲੋਮੇ ਲਈ ਪੇਸ਼ ਨਹੀਂ ਕੀਤਾ ਗਿਆ।

ਨਿਗਰਾਨ

ਮਿਤੀ 5.3.2019

**(ਡਾ. ਸਰਬਜਿੰਦਰ ਸਿੰਘ)**
ਪ੍ਰੋਫੈਸਰ ਅਤੇ ਮੁਖੀ
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

## ਘੋਸ਼ਣਾ-ਪੱਤਰ

ਮੈਂ ਬਿਆਨ ਕਰਦੀ ਹਾਂ ਕਿ '**ਭਾਈ ਵੀਰ ਸਿੰਘ ਦਾ ਰਚਨਾ ਸੰਸਾਰ: ਇਕ ਅਧਿਐਨ (ਅਧਿਆਤਮਕ ਪ੍ਰਕਰਣ ਵਿਚ)**' ਵਿਸ਼ੇ ਤੇ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ। ਇਸ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਿਲ ਨਹੀਂ, ਜਿਸ ਵਿਚ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ, ਡਿਪਲੋਮਾ ਜਾਂ ਸਰਟੀਫਿਕੇਟ ਦਿੱਤਾ ਗਿਆ ਹੋਵੇ।

ਪ੍ਰਤੀ ਹਸਤਾਖਰ

**(ਡਾ. ਸਰਬਜਿੰਦਰ ਸਿੰਘ)**
ਪ੍ਰੋਫੈਸਰ ਅਤੇ ਮੁਖੀ
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਖੋਜਾਰਥਣ

ਮਨਪ੍ਰੀਤ ਕੌਰ

**ਮਨਪ੍ਰੀਤ ਕੌਰ ਬੁੱਟਰ**

# ਭੂਮਿਕਾ

ਭਾਈ ਵੀਰ ਸਿੰਘ ਸਿੱਖ ਧਰਮ ਦੇ ਇਕੋ ਇਕ ਅਜਿਹੇ ਚਿੰਤਕ ਹਨ, ਜਿਨ੍ਹਾਂ ਨੂੰ ਨਿੱਠ ਕੇ ਪੜ੍ਹਿਆ ਵੀ ਗਿਆ, ਜਿਨ੍ਹਾਂ ਤੇ ਨਿੱਠ ਕੇ ਲਿਖਿਆ ਵੀ ਗਿਆ ਅਤੇ ਉਹ ਯੂਨੀਵਰਸਿਟੀਆਂ ਵਿਚ ਖੋਜ ਲਈ ਵੱਡੇ ਪੱਧਰ ਤੇ ਚੁਣੇ ਜਾਣ ਵਾਲੇ ਭਾਗਸ਼ਾਲੀ ਲੋਕਾਂ ਵਿਚ ਵੀ ਆਉਂਦੇ ਹਨ। ਇਸ ਦੇ ਨਾਲ ਨਾਲ ਇਨ੍ਹਾਂ ਦੇ ਜੀਵਨ ਸੰਸਾਰ ਦੀ ਆਲੋਚਨਾ ਵਾਲਾ ਵਰਗ ਵੀ ਵੱਡੀ ਗਿਣਤੀ ਵਿਚ ਅਕਾਦਮੀਸ਼ੀਅਨ ਸੰਸਾਰ ਦੇ ਘੇਰੇ ਵਿਚੋਂ ਹੀ ਨਿਕਲਿਆ ਹੈ, ਜਿਨ੍ਹਾਂ ਵਿਚੋਂ ਵੱਡੀ ਗਿਣਤੀ ਉਨ੍ਹਾਂ ਦੀ ਹੈ ਜੋ ਪੱਛਮ ਦੀ ਅਕਾਦਮਿਕਤਾ ਤੇ ਖਾਸ ਕਰ ਮਾਰਕਸੀਅਨ ਸੋਚ ਤੇ ਵਿਧਾ ਪ੍ਰਣਾਲੀ ਨਾਲ ਜੁੜੇ ਹੋਏ ਲੋਕ ਸਨ। ਧਿਆਨ ਰਹੇ ਕਿ ਕਿਸੇ ਵੀ ਅਧਿਐਨ ਜਾਂ ਅਧਿਐਨਕਾਰ ਨਾਲ ਤੁਸੀਂ ਉਸ ਦੇ ਭੂਗੋਲਿਕ ਖੇਤਰ, ਸਭਿਆਚਾਰ ਤੇ ਕੌਮੀਅਤਾਂ ਨਾਲ ਜੁੜੇ ਹੋਏ ਰੀਤੀ ਰਿਵਾਜਾਂ, ਵਿਚਾਰਧਾਰਵਾਂ ਤੇ ਵਿਧੀਆਂ ਦੇ ਅੰਤਰਗਤ ਅਧਿਐਨ ਕਰਕੇ ਹੀ ਹਾਂ-ਪੱਖੀ ਨਤੀਜੇ ਕੱਢ ਸਕਦੇ ਹੋ। ਧਿਆਨ ਰਹੇ ਖਿੱਤੇ ਜਾਂ ਆਪਣੇ ਸਭਿਆਚਾਰ ਵੱਲ ਪਿੱਠ ਕਰਕੇ ਉਸਾਰੀਆਂ ਵਿਧੀਆਂ ਤੇ ਅਕਾਦਮਿਕਤਾ ਰਾਹੀਂ ਕਦੀ ਵੀ ਸਾਰਥਿਕ ਸਿੱਟੇ ਨਿਕਲ ਹੀ ਨਹੀਂ ਸਕਦੇ। ਭਾਈ ਵੀਰ ਸਿੰਘ ਦੀ ਆਲੋਚਨਾ ਵਿਚ ਜੋ ਲੋਕ ਲਗਾਤਾਰ ਸਰਗਰਮ ਹਨ, ਉਹ ਗੁਰਬਾਣੀ ਤੋਂ ਬਿਲਕੁਲ ਹੀ ਕੋਰੇ ਸਨ। ਜਿਨ੍ਹਾਂ ਲਈ ਅਧਿਆਤਮਕਤਾ ਕੋਈ ਮਾਅਨੇ ਰੱਖਦੀ ਵੀ ਨਹੀਂ ਸੀ। ਅਜਿਹੇ ਅਕਾਦਮੀਸ਼ੀਅਨ ਫਿਰ ਭਾਈ ਵੀਰ ਸਿੰਘ ਦੀ ਅਧਿਆਤਮਕ ਉਡਾਨ ਨੂੰ ਫੜਨ ਦੀ ਹਿੰਮਤ ਵੀ ਕਿਵੇਂ ਕਰ ਸਕਦੇ ਸਨ। ਗੁਰਬਾਣੀ ਵਿਚ ਪਰਨਾਈ ਹੋਈ ਇਹ ਅਗੰਮੀ ਰੂਹ, ਬਾਣੀ ਦੇ ਅਧਿਐਨ ਤੇ ਅਧਿਆਪਨ ਨਾਲ ਜੁੜਕੇ ਖੁਦ ਅਧਿਆਤਮ ਹੋ ਗਈ। ਇਸ ਦੇ ਦੀਦਾਰੇ ਉਨ੍ਹਾਂ ਦੀਆਂ ਰਚਨਾਵਾਂ ਵਿਚ ਸਾਖਸ਼ਾਤ ਕੀਤੇ ਜਾ ਸਕਦੇ ਹਨ। ਮੈਂ ਆਪਣੇ ਇਸ ਖੋਜ-ਪ੍ਰਬੰਧ ਵਿਚ ਇਹੋ ਨਿਰਖਣ-ਪਰਖਣ ਦਾ ਯਤਨ ਕਰਦਿਆਂ ਆਪਣੇ ਆਪ ਨੂੰ ਮਾਣ-ਮੱਤੀ ਮਹਿਸੂਸ ਕਰਦੀ ਹਾਂ।

ਭਾਈ ਵੀਰ ਸਿੰਘ ਤੇ ਜਿੰਨਾ ਲਿਖਿਆ ਗਿਆ, ਇਹ ਮਾਣ ਸ਼ਾਇਦ ਹੀ ਪੰਜਾਬ ਦੇ ਕਿਸੇ ਚਿੰਤਕ ਦੇ ਮਸਤਕ ਦਾ ਭਾਗ ਬਣਿਆ ਹੋਵੇ। ਸੱਚੀ ਗੱਲ ਤੇ ਇਹ ਹੈ ਕਿ ਜੇਕਰ ਭਾਈ ਸਾਹਿਬ ਤੇ ਹੋਏ ਕੰਮਾਂ ਦਾ ਸੰਪੂਰਨ ਰੀਵਿਊ ਕਰਵਾਇਆ ਜਾਵੇ ਤਾਂ ਇਹ ਮੇਰਾ ਪੂਰਨ ਵਿਸ਼ਵਾਸ ਹੈ ਕਿ ਪੀਐਚ.ਡੀ. ਦੇ ਕਈ ਥੀਸਿਜ਼ ਬਣ ਸਕਦੇ ਹਨ।

ਮੈਂ ਆਪਣੇ ਖੋਜ-ਪ੍ਰਬੰਧ ਨੂੰ ਪੰਜ ਹਿੱਸਿਆਂ ਵਿਚ ਵੰਡ ਕੇ ਵੇਖਣ ਦਾ ਯਤਨ ਕੀਤਾ ਹੈ।

ਖੋਜ-ਪ੍ਰਬੰਧ ਦਾ ਪਹਿਲਾ ਅਧਿਆਇ '**ਭਾਈ ਵੀਰ ਸਿੰਘ ਜੀਵਨ ਅਤੇ ਰਚਨਾ ਸੰਸਾਰ**' ਹੈ, ਜਿਸ ਵਿਚ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਅੱਜ ਤੱਕ ਭਾਈ ਵੀਰ ਸਿੰਘ ਨੂੰ ਬੇਸ਼ੱਕ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਨਿਰਮਾਤਾ ਵਜੋਂ ਵੇਖਣ ਦਾ ਹੀ ਯਤਨ ਹੁੰਦਾ ਰਿਹਾ ਹੈ, ਇਸ ਨਿਰਧਾਰਿਤ ਡੱਬਾ ਬੰਦੀ ਵਿਚ ਰੱਖ ਕੇ ਭਾਈ ਵੀਰ ਸਿੰਘ ਨੂੰ ਸੀਮਾ-ਬੱਧ ਕਰ ਦਿੱਤਾ ਹੈ। '**ਧਰਮ ਦਾ ਅਧਿਆਤਮਕ ਤੇ ਵਿਵਹਾਰਕ ਚਿੰਤਨ**' ਦੂਜਾ ਅਧਿਆਇ ਹੈ। ਇਸ ਵਿਚ ਵਿਸਥਾਰਪੂਰਵਕ ਗੱਲ ਕਰਦਿਆਂ ਸਾਹਮਣੇ ਲਿਆਂਦਾ ਗਿਆ ਹੈ ਕਿ ਅੰਦਰੋਂ ਈ ਉਠੇ ਸੱਚ ਦਾ ਪ੍ਰਗਟਾ ਜਿਸਨੂੰ ਧਰਮ ਦੀ ਦੁਨੀਆਂ ਵਿਚ ਅਧਿਆਤਮਕ ਮੰਡਲ ਦਾ ਨਾਂ ਦਿੱਤਾ ਗਿਆ ਹੈ। ਇਹ ਦੋ ਤਰ੍ਹਾਂ ਦਾ ਅਨੁਭਵ ਹੈ। ਇਕ ਉਹ ਸਿੱਧਾ ਅਗੰਮ ਦੀ ਬਖਸ਼ਿਸ਼ ਨਾਲ ਧਰਤਿ ਤੇ ਉਤਰਦਾ ਹੈ, ਤੇ ਦੂਸਰਾ ਆਪਣੀ ਸਾਧਨਾ ਦੀ ਮਾਰਫਤ ਧਰਤਿ ਤੋਂ ਉਠ ਕੇ ਅਗੰਮ ਨਾਲ ਅਭੇਦਤਾ ਗ੍ਰਹਿਣ ਕਰਦਾ ਹੈ। ਇਸ ਅਧਿਆਤਮ ਮੰਡਲ ਨੂੰ ਇਸ ਅਧਿਆਇ ਵਿਚ ਵੇਖਣ ਦਾ ਯਤਨ ਕੀਤਾ ਹੈ, ਜਿਸਦੇ ਅਰਥ ਤੇ ਸਰੂਪ ਦਾ ਅਧਿਐਨ ਬਹੁਤ ਹੀ ਵਿਸਥਾਰਪੂਰਵਕ ਇਸ ਅਧਿਆਇ ਵਿਚ ਕੀਤਾ ਗਿਆ ਹੈ। ਤੀਜੇ ਅਧਿਆਇ ਵਿਚ '**ਭਾਈ ਵੀਰ ਸਿੰਘ ਦੀ ਗੁਰਬਾਣੀ ਵਿਆਖਿਆਕਾਰੀ**' ਅਧਿਐਨ ਦਾ ਕੇਂਦਰ ਰਿਹਾ। ਜਿਸ ਵਿਚ ਉਨ੍ਹਾਂ ਦੀ ਵਿਆਖਿਆਕਾਰੀ ਦੇ ਸਮੁੱਚੇ ਕਾਰਜ ਨੂੰ ਵੇਖਣ ਦਾ ਯਤਨ ਕੀਤਾ ਹੈ। ਵਿਆਖਿਆ, ਵਿਆਖਿਆ ਸ਼ਾਸਤਰ ਅਤੇ ਵਿਆਖਿਆਕਾਰੀ ਦੇ ਵੱਖਰੇ-ਵੱਖਰੇ ਪ੍ਰਸੰਗਾਂ ਨੂੰ ਧਿਆਨ ਵਿਚ ਰੱਖਦੇ ਹੋਏ ਭਾਈ ਵੀਰ ਸਿੰਘ ਦੇ ਵਿਆਖਿਆਕਾਰੀ ਦੇ ਪਾਸਾਰਾਂ ਨੂੰ ਬਹੁਤ ਨੀਝ ਨਾਲ ਵੇਖਣ ਦਾ ਯਤਨ ਕੀਤਾ ਹੈ। ਚੌਥੇ ਅਧਿਆਇ '**ਭਾਈ ਵੀਰ ਸਿੰਘ ਰਚਨਾਵਲੀ ਤੇ ਅਧਿਆਤਮਵਾਦ: ਨਾਵਲ ਦੇ ਪਰਿਪੇਖ ਵਿਚ**' ਵਿਚ ਉਨ੍ਹਾਂ ਦੇ ਚਾਰ ਨਾਵਲਾਂ ਦੇ ਵਿਸ਼ੇ ਤੇ ਉਨ੍ਹਾਂ ਦੀ ਕਹਾਣੀ ਵਿਚਲੀ ਉਡਾਣ ਵਿਚ ਗੁਰਬਾਣੀ ਨਾਲ ਇਕ ਸੁਰ ਹੋਈਆਂ ਰੂਹਾਂ ਆਪਣੀ ਖੁਸ਼ਬੂ ਨਾਲ ਕਿਸ ਤਰ੍ਹਾਂ ਇਸ ਧਰਤਿ ਦੇ ਭਾਗ ਬਦਲਦੀਆਂ ਹਨ, ਉਨ੍ਹਾਂ ਦਾ ਅਧਿਐਨ ਕੀਤਾ ਹੈ। ਪੰਜਵੇਂ ਅਧਿਆਇ '**ਭਾਈ ਵੀਰ ਸਿੰਘ ਦੀ ਅਧਿਆਤਮਕ ਕਾਵਿ-ਚੇਤਨਾ**' ਵਿਚ ਉਨ੍ਹਾਂ ਦੀ ਕਵਿਤਾ ਬਾਰੇ ਗੱਲ ਕਰਨ ਦਾ ਯਤਨ ਕੀਤਾ ਹੈ। ਭਾਈ ਸਾਹਿਬ ਦਾ ਕਵਿਤਾ ਸੰਸਾਰ ਗਿਆਰਾਂ

ਸਿਰਲੇਖਾਂ ਵਿਚ ਸੈਂਕੜੇ ਕਵਿਤਾਵਾਂ ਨੂੰ ਆਪਣੇ ਵਿਚ ਸਮੋਈ ਬੈਠੇ ਹਨ। ਹਰ ਕਵਿਤਾ ਹੀ ਅਧਿਆਤਮਕ ਮੰਡਲਾਂ ਦੀ ਬਾਤ ਪਾਉਂਦੀ ਹੈ ਤੇ ਇਸ ਗੱਲ ਦਾ ਪ੍ਰਗਟਾ ਹੈ ਕਿ ਇਹ ਰਚਨਾਵਾਂ ਕਿਸੇ ਸਧਾਰਨ ਕਵੀ ਦੀ ਰਚਨਾ ਨਹੀਂ ਹੋ ਸਕਦੀਆਂ। ਖੋਜ-ਪ੍ਰਬੰਧ ਦੇ ਅੰਤ ਵਿਚ 'ਸਾਰੰਸ਼' ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ ਕਿ ਭਾਈ ਵੀਰ ਸਿੰਘ ਜੀ ਇਕ ਅਜਿਹੀ ਅਧਿਆਤਮਕ ਰੂਹ ਸੀ ਜੋ ਆਪਣੇ ਸਮਕਾਲ 'ਚ ਭੂਤ ਨੂੰ ਨਾਲ ਲੈ ਕੇ ਚਲਦੀ ਰਹੀ। ਉਨ੍ਹਾਂ ਦੀ ਅਧਿਆਤਮਕਤਾ ਭਾਰਤੀ ਧਰਮ ਦੇ ਅਨੁਸਾਰੀ ਸੀ। ਉਨ੍ਹਾਂ ਦੀ ਕਾਵਿ-ਅਨੁਭੂਤੀ ਪ੍ਰਬਲ ਧਾਰਮਿਕ ਸੰਸਕਾਰਾਂ ਵਿਚੋਂ ਪੈਦਾ ਹੋਈ। ਉਨ੍ਹਾਂ ਨੇ ਗੁਰਮਤਿ ਸਾਹਿਤ ਦੀਆਂ ਲੀਹਾਂ ਤੋਂ ਸੱਚੇ ਸਾਹਿਤ ਦੀ ਸਿਰਜਨਾ ਕੀਤੀ। ਅਖੀਰ ਵਿਚ ਇਸ ਖੋਜ-ਕਾਰਜ ਵਿਚ ਸਹਾਇਕ ਸਿੱਧ ਹੋਈਆਂ ਪੁਸਤਕਾਂ ਦੀ ਸੂਚੀ ਦਿੱਤੀ ਗਈ ਹੈ। ਖੁਜ-ਪ੍ਰਬੰਧ ਨੂੰ ਵਿਸ਼ੇ ਉਪਰ ਕੇਂਦਰਿਤ ਰੱਖਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਗਈ ਹੈ, ਅਤੇ ਵਿਸ਼ੇਸ਼ ਤੌਰ ਤੇ ਗੁਰਬਾਣੀ ਦੇ ਹਰ ਇਕ ਹਵਾਲੇ ਨੂੰ ਦਰੁੱਸਤ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ, ਪਰ ਫਿਰ ਵੀ ਜੇ ਕਿਤੇ ਅਣਜਾਣੇ ਵਿਚ ਮੇਰੇ ਤੋਂ ਗੁਰਬਾਣੀ ਦੇ ਹਵਾਲੇ ਜਾਂ ਕਿਸੇ ਵਿਦਵਾਨ ਦੀ ਲਿਖਤ ਦੇ ਹਵਾਲੇ ਵਿਚ ਕੋਈ ਗਲਤੀ ਰਹਿ ਗਈ ਹੋਵੇ ਤਾਂ ਖਿਮਾ ਦੀ ਜਾਚਕ ਹਾਂ।

ਇਸ ਖੋਜ-ਪ੍ਰਬੰਧ ਨੂੰ ਪ੍ਰਸਤੁਤ ਕਰਦਿਆਂ ਮੈਂ ਆਪਣਾ ਨੈਤਿਕ ਫਰਜ਼ ਸਮਝਦੀ ਹਾਂ ਕਿ ਉਨ੍ਹਾਂ ਸਾਰੀਆਂ ਸਤਿਕਾਰਯੋਗ ਸ਼ਖ਼ਸੀਅਤਾਂ ਦਾ ਧੰਨਵਾਦ ਕਰਾਂ, ਜਿਨ੍ਹਾਂ ਨੇ ਇਸ ਖੋਜ-ਕਾਰਜ ਨੂੰ ਨੇਪਰੇ ਚੜ੍ਹਾਉਣ ਵਿਚ ਮੇਰੀ ਸਹਾਇਤਾ ਕੀਤੀ, ਕਿਉਂਕਿ ਵਿਵਹਾਰਿਕਤਾ ਦੇ ਪੱਖ ਤੋਂ ਸਮਾਜ ਵਿਚ ਵਿਚਰਦਿਆਂ ਕੋਈ ਵੀ ਕੰਮ ਇਕੱਲਿਆਂ ਕਰਨਾ ਮੁਸ਼ਕਿਲ ਹੀ ਨਹੀਂ ਬਲਕਿ ਅਸੰਭਵ ਹੁੰਦਾ ਹੈ। ਆਪਣੇ ਖੋਜ-ਕਾਰਜ ਨੂੰ ਪੂਰਾ ਕਰਨ ਦੀ ਖੁਸ਼ੀ ਵਿਚ ਸਭ ਤੋਂ ਪਹਿਲਾਂ ਮੈਂ ਅਕਾਲ ਪੁਰਖ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦਿਲੋਂ ਸ਼ੁਕਰਗੁਜ਼ਾਰ ਹਾਂ, ਜਿਨ੍ਹਾਂ ਨੇ ਆਪਣੀ ਇਲਾਹੀ ਬਾਣੀ ਦੀ ਮੇਰੇ ਦੁਆਰਾ ਬੁੱਧੀ ਦੇ ਘੇਰੇ ਵਿਚ ਰਹਿ ਕੇ ਵਿਚਾਰ ਕਰਨ ਦੀ ਅਪਾਰ ਬਖਸ਼ਿਸ਼ ਕੀਤੀ। ਖੋਜ-ਕਾਰਜ ਦੌਰਾਨ ਗਲਤੀਆਂ ਦੀਆਂ ਸੰਭਾਵਨਾਵਾਂ ਹਮੇਸ਼ਾ ਬਣੀਆਂ ਰਹਿੰਦੀਆਂ ਹਨ, ਇਸ ਕਰਕੇ, ਧੰਨਵਾਦ ਦੇ ਨਾਲ-ਨਾਲ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਖੋਜ ਦੌਰਾਨ ਅਣਜਾਣਪੁਣੇ ਵਿਚ ਹੋਈਆਂ ਬੇਅੰਤ ਭੁੱਲਾਂ ਲਈ ਖਿਮਾਂ ਵੀ ਮੰਗਦੀ ਹਾਂ।

ਮੈਂ ਆਪਣੇ ਨਿਗਰਾਨ ਅਤੇ ਵਿਭਾਗ ਦੇ ਮੁਖੀ ਸਤਿਕਾਰਯੋਗ ਡਾ. ਸਰਬਜਿੰਦਰ ਸਿੰਘ ਜੀ ਦੀ ਤਹਿ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਦੀ ਪ੍ਰੇਰਨਾ, ਉਤਸ਼ਾਹ ਅਤੇ ਹੌਂਸਲੇ ਸਦਕਾ, ਮੈਂ ਇਸ ਖੋਜ-ਕਾਰਜ ਨੂੰ ਸੰਪੰਨ ਕਰਨ ਵਿਚ ਸਫਲ ਹੋ ਸਕੀ ਹਾਂ। ਇਸ ਖੋਜ-ਕਾਰਜ ਨੂੰ ਨਿਰਵਿਘਨਤਾ ਨਾਲ ਸੰਪੂਰਨ ਕਰਵਾਉਣ ਲਈ ਮੈਂ ਉਨ੍ਹਾਂ ਦੀ ਹਮੇਸ਼ਾ ਰਿਣੀ ਰਹਾਂਗੀ। ਮੈਂ ਆਪਣੇ ਵਿਭਾਗ ਦੇ ਅਧਿਆਪਕਾਂ, ਸਮੂਹ ਸਟਾਫ ਅਤੇ ਵਿਦਿਆਰਥੀ ਸਾਥੀਆਂ ਦੀ ਵੀ ਧੰਨਵਾਦੀ ਹਾਂ, ਜਿਨ੍ਹਾਂ ਨੇ ਮੇਰੀ ਹੌਂਸਲਾ ਅਫ਼ਜ਼ਾਈ ਕੀਤੀ। ਜਗਜੀਤ ਸਿੰਘ ਅਤੇ ਗੁਰਪ੍ਰੀਤ ਸਿੰਘ ਦੀ ਖਾਸ ਤੌਰ ਤੇ ਧੰਨਵਾਦੀ ਹਾਂ, ਜਿਨ੍ਹਾਂ ਨੇ ਇਸ ਖੋਜ-ਕਾਰਜ ਸਬੰਧੀ ਮੈਨੂੰ ਵਿਸ਼ੇਸ਼ ਤੌਰ ਤੇ ਸਹਿਯੋਗ ਦਿੱਤਾ। ਇਸ ਤੋਂ ਇਲਾਵਾ ਮੈਂ ਉਨ੍ਹਾਂ ਸਾਰੇ ਵਿਦਵਾਨਾਂ ਦਾ ਤਹਿ ਦਿਲੋਂ ਧੰਨਵਾਦ ਕਰਦੀ ਹਾਂ, ਜਿਨ੍ਹਾਂ ਦੀਆਂ ਰਚਨਾਵਾਂ ਤੋਂ ਸੇਧ ਲੈ ਕੇ ਮੈਂ ਇਸ ਖੋਜ-ਕਾਰਜ ਨੂੰ ਪੂਰਾ ਕੀਤਾ ਹੈ। ਕਿਸੇ ਵੀ ਖੇਤਰ ਵਿਚ ਅੱਗੇ ਵਧਣ ਲਈ ਮਨੁੱਖ ਦੇ ਪਰਿਵਾਰਿਕ ਮੈਂਬਰਾਂ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਮੇਰੇ ਪਿਤਾ ਸ੍ਰ. ਹਰਬੰਸ ਸੰਘ (ਸਵ.) ਦੀ ਪ੍ਰੇਰਨਾ ਅਤੇ ਉਤਸ਼ਾਹ ਨੇ ਮੈਨੂੰ ਖੋਜ ਵੱਲ ਤੋਰਿਆ, ਮੈਨੂੰ ਰੰਜ ਰਹੇਗਾ ਕਿ ਅੱਜ ਉਹ ਇਸ ਸੰਸਾਰ ਵਿਚ ਨਹੀਂ ਹਨ, ਪਰ ਇਹ ਕਾਰਜ ਉਨ੍ਹਾਂ ਦੀ ਬਦੌਲਤ ਹੀ ਹੈ। ਮੇਰੀ ਮਾਤਾ ਸਰਦਾਰਨੀ ਬਲਵਿੰਦਰ ਕੌਰ ਅਤੇ ਮੇਰੀ ਰੂਹ ਦਾ ਹਿੱਸਾ ਬੇਟਾ ਅਰਮਾਨ, ਮੇਰੇ ਸਤਿਕਾਰਤ ਮਾਮੀ ਜੀ ਬਿਮਲਜੀਤ ਕੌਰ ਅਤੇ ਗੁਰਫਤਿਹ ਸਿੰਘ ਹਮੇਸ਼ਾ ਮੇਰੀ ਪ੍ਰੇਰਨਾ ਬਣੇ ਰਹੇ। ਮੈਂ ਸਹੁਰੇ ਪਰਿਵਾਰ ਦੇ ਮੈਂਬਰਾਂ ਦੀ ਵੀ ਤਹਿ ਦਿਲੋਂ ਰਿਣੀ ਹਾਂ, ਜਿਨ੍ਹਾਂ ਨੇ ਵਿੱਦਿਆ ਦੀ ਮਹੱਤਤਾ ਨੂੰ ਸਮਝਾਉਂਦਿਆਂ ਮੈਨੂੰ ਅੱਗੇ ਵਧਣ ਲਈ ਪ੍ਰੇਰਿਆ ਅਤੇ ਘਰੇਲੂ ਕੰਮਾਂ ਨੂੰ ਨਜਿੱਠਦਿਆਂ, ਮੈਨੂੰ ਖੋਜ-ਕਾਰਜ ਪੂਰਾ ਕਰਨ ਵਿਚ ਸਹਿਯੋਗ ਦਿੱਤਾ।

ਮਨਪ੍ਰੀਤ ਕੌਰ

(ਮਨਪ੍ਰੀਤ ਕੌਰ ਬੁੱਟਰ)

# ਤਤਕਰਾ


| | ਪੰਨਾ |
|---|---|
| ਭੂਮਿਕਾ | i-v |
| ਅਧਿਆਇ ਪਹਿਲਾ | 1-52 |
| **ਭਾਈ ਵੀਰ ਸਿੰਘ : ਜੀਵਨ ਅਤੇ ਰਚਨਾ ਸੰਸਾਰ** | |
| ਅਧਿਆਇ ਦੂਜਾ | 53-103 |
| **ਧਰਮ ਦਾ ਅਧਿਆਤਮਕ ਅਤੇ ਵਿਵਹਾਰਿਕ ਚਿੰਤਨ** | |
| ਅਧਿਆਇ ਤੀਜਾ | 104-141 |
| **ਭਾਈ ਵੀਰ ਸਿੰਘ ਦੀ ਗੁਰਬਾਣੀ ਵਿਆਖਿਆਕਾਰੀ** | |
| ਅਧਿਆਇ ਚੌਥਾ | 142-168 |
| **ਭਾਈ ਵੀਰ ਸਿੰਘ ਰਚਨਾਵਲੀ ਤੇ ਅਧਿਆਤਮਵਾਦ: ਨਾਵਲ ਦੇ ਪਰਿਪੇਖ ਵਿਚ** | |
| ਅਧਿਆਇ ਪੰਜਵਾਂ | 169-214 |
| **ਭਾਈ ਵੀਰ ਸਿੰਘ ਦੀ ਅਧਿਆਤਮਕ ਕਾਵਿ-ਚੇਤਨਾ** | |
| ਸਾਰ | 215-224 |
| ਪੁਸਤਕ-ਸੂਚੀ | 225-239 |

# ਅਧਿਆਇ ਪਹਿਲਾ

# ਭਾਈ ਵੀਰ ਸਿੰਘ : ਜੀਵਨ ਅਤੇ ਰਚਨਾ ਸੰਸਾਰ

ਪਵਿੱਤਰ ਰਚਨਾਵਾਂ ਦੀ ਆਧੁਨਿਕ ਗਿਆਨ ਵਿਗਿਆਨ ਨਾਲ ਲੈਸ ਅੰਤਰ ਦ੍ਰਿਸ਼ਟੀਆਂ ਦੇ ਮਾਧਿਅਮ ਰਾਹੀਂ ਪੁਨਰ-ਪੜ੍ਹਤ ਅੱਜ ਦੀ ਗਲੋਬਲੀ ਅਕਾਦਮਿਕਤਾ ਦਾ ਮੁੱਖ ਸਰੋਕਾਰ ਪ੍ਰਵਾਨ ਕੀਤੀ ਜਾਣ ਲੱਗ ਪਈ ਹੈ। ਇਸ ਦਾ ਨਕਾਰਾਤਮਕ ਪੱਖ ਇਹ ਹੈ ਕਿ ਪਵਿੱਤਰ ਪ੍ਰਵਚਨਾਂ ਦੇ ਪ੍ਰਸੰਗ ਵਿੱਚ ਪਹਿਲਾਂ ਤੋਂ ਪ੍ਰਾਪਤ ਰਵਾਇਤੀ ਪੜ੍ਹਤ ਅਤੇ ਅੱਜ ਦੀ ਉੱਤਰ-ਆਧੁਨਿਕ ਪੜ੍ਹਤ ਵਿੱਚ ਵੱਡੇ ਤੇ ਸਪਸ਼ਟ ਵਖਰੇਵੇਂ ਸਾਹਮਣੇ ਹਨ। ਇਸ ਦੇ ਨਾਲ-ਨਾਲ ਪੂਰਬੀ ਅਤੇ ਪੱਛਮੀ ਅੰਤਰ ਦ੍ਰਿਸ਼ਟੀਆਂ ਦੀ ਸਮੀਖਿਆ ਦਾ ਪ੍ਰਸ਼ਨ ਵੀ ਅੱਜ ਦੀ ਸੁਜੱਗ ਅਕਾਦਮਿਕਤਾ ਦੇ ਦਰਪੇਸ਼ ਹੈ। ਸਮੱਸਿਆ ਇਹ ਪੈਦਾ ਹੋ ਗਈ ਹੈ ਕਿ ਆਧੁਨਿਕ ਵਿਦਵਾਨਾਂ ਦੇ ਪੁਰਾਤਨ ਚਿੰਤਨ ਅਤੇ ਚਿੰਤਕਾਂ ਪ੍ਰਤੀ ਇਕ ਪਾਸੜ ਨਤੀਜੇ ਕੱਢਣ ਦੀ ਉਲਾਰੂ ਬਿਰਤੀ ਨੇ ਵੀ ਵੱਡੇ ਪ੍ਰਸ਼ਨ ਖੜ੍ਹੇ ਕਰ ਦਿੱਤੇ ਹਨ ਜਿਨ੍ਹਾਂ ਨੇ ਸੰਵਾਦ ਦਾ ਰਸਤਾ ਬੰਦ ਕਰ 'ਵਾਦ' ਦਾ ਰਾਹ ਮੋਕਲਾ ਕਰ ਦਿੱਤਾ ਹੈ। ਹੱਥਲੇ ਖੋਜ-ਪ੍ਰਬੰਧ ਦੇ ਚਿੰਤਕ ਭਾਈ ਵੀਰ ਸਿੰਘ ਨੂੰ ਉਹਨਾਂ ਦੇ ਸਮਕਾਲ ਤੋਂ ਲੈ ਕੇ ਨਿਰੰਤਰਤਾ ਵਿਚ ਇਹਨਾਂ ਪ੍ਰਸ਼ਨਾਂ ਨਾਲ ਦੋ ਚਾਰ ਹੋਣਾ ਪਿਆ ਤੇ ਅੱਜ ਵੀ ਹੋਣਾ ਪੈ ਰਿਹਾ ਹੈ। ਇਥੋਂ ਤੱਕ ਕਿ ਆਪਣੀ ਸੋਚ ਨੂੰ ਠੀਕ ਸਿੱਧ ਕਰਨ ਲਈ ਨਵੀਂ ਕਿਸਮ ਦੀ ਅਕਾਦਮਿਕ ਕਤਾਰ-ਬੰਦੀ ਵੀ ਹੋਣੀ ਸ਼ੁਰੂ ਹੋ ਗਈ ਸੀ। ਜਿਸ ਦੇ ਦੀਦਾਰੇ ਪੰਜਾਬ ਦੇ ਪਿਛਲੇ ਚਾਰ ਦਹਾਕਿਆਂ ਦੇ ਅਕਾਦਮਿਕ ਸੰਸਾਰ ਵਿਚ ਵੇਖਣ ਨੂੰ ਆਮ ਮਿਲਦੇ ਹਨ। ਹਾਲਾਂਕਿ ਕਤਾਰ-ਬੰਦੀ ਦਾ ਅਜਿਹਾ ਵਰਤਾਰਾ ਕੇਵਲ ਤੇ ਕੇਵਲ ਰਾਜਨੀਤੀ ਦੇ ਖੇਤਰ ਤੱਕ ਹੀ ਸੀਮਤ ਸਮਝਿਆ ਜਾਂਦਾ ਹੈ। ਨਤੀਜੇ ਵਜੋਂ ਸੁਜੱਗ ਅਕਾਦਮਿਕਤਾ ਦੀ ਸਥਾਪਨਾ ਦੀ ਥਾਂ ਅਜਬ ਕਿਸਮ ਦੀ ਅਕਾਦਮਿਕਤਾ ਦੀ ਸਥਾਪਨਾ ਪੈਦਾ ਹੋਣ ਦੀਆਂ ਸੰਭਵਨਾਵਾਂ ਵਧੇਰੇ ਨਜ਼ਰ ਆਉਣ ਲੱਗ ਪਈਆਂ ਹਨ। ਸਮੱਸਿਆਵਾਂ ਦੇ ਜੰਗਲ ਪੈਦਾ ਹੋਣ ਲੱਗੇ ਹਨ। ਜਿਸ ਨੇ ਕੋਮਲ ਮਾਨਸਿਕਤਾ ਨੂੰ ਨਿਸ਼ਚੇ ਹੀ ਅਸੰਤੁਲਿਤ ਕਰਕੇ ਰੱਖ ਦਿੱਤਾ ਹੈ।[1]

ਉਪਰੋਕਤ ਵਰਤਾਰੇ ਦਾ ਸਭ ਤੋਂ ਨਾਂਹ-ਪੱਖੀ ਨਤੀਜਾ ਇਹ ਸਾਹਮਣੇ ਆਇਆ ਕਿ ਚਿੰਤਨ ਗੌਣ ਹੋ ਗਿਆ ਹੈ ਅਤੇ ਅੰਤਰ ਦ੍ਰਿਸ਼ਟੀਆਂ ਨੂੰ ਪ੍ਰਥਮ ਸਥਾਨ ਦਿੱਤਾ ਜਾਣ ਲੱਗ ਪਿਆ ਹੈ। ਇਸ ਸਮੁੱਚੇ

ਵਰਤਾਰੇ ਦਾ ਸਭ ਤੋਂ ਉਦਾਸ ਕਰਨ ਵਾਲਾ ਪੱਖ ਇਹ ਸੀ ਕਿ ਇਸ ਵਿਚੋਂ ਚਿੰਤਕ ਨੂੰ ਲਗਭਗ ਮਨਫ਼ੀ ਹੀ ਕੀਤਾ ਜਾਣ ਲੱਗ ਪਿਆ। ਇਹ ਸਥਾਪਿਤ ਕਰਨ ਦਾ ਯਤਨ ਕੀਤਾ ਕਿ ਚਿੰਤਨ ਦੀ ਪੁਨਰ ਪੜ੍ਹਤ ਕਰਦਿਆਂ ਜੇਕਰ ਚਿੰਤਕ ਨੂੰ ਉਸ ਵਿਚੋਂ ਇਕ ਪਾਸੇ ਨਾ ਕੀਤਾ ਜਾਵੇ ਤਾਂ ਕਿਸੇ ਵੀ ਹਾਲਤ ਵਿਚ ਸਮਕਾਲ ਦੀ ਦਿਸ਼ਾ ਅਤੇ ਦਸ਼ਾ ਅਨੁਸਾਰ ਵਿਆਖਿਆ ਸਾਹਮਣੇ ਨਹੀਂ ਆ ਸਕਦੀ। ਇਹ ਸੋਚ ਅਨੈਤਿਕ ਵੀ ਹੈ ਤੇ ਗੈਰ ਪ੍ਰਸੰਗਕ ਵੀ। ਕਿਉਂਕਿ ਸਬੰਧਿਤ ਧਾਰਨਾ ਨਾਲ ਵਿਰਾਸਤ ਦਾ ਫ਼ਖ਼ਰ ਸਥਾਪਿਤ ਕਰਨ ਵਾਲਾ ਚਿੰਤਕ ਹੌਲੀ-ਹੌਲੀ ਮਨੁੱਖੀ ਚੇਤਨਾ ਵਿਚੋਂ ਗੁੰਮ ਹੋਣ ਲੱਗ ਪਿਆ। ਜਦਕਿ ਚਿੰਤਕ ਨੂੰ ਉਸ ਦੇ ਚਿੰਤਨ ਨਾਲੋਂ ਵੱਖ ਕਰਕੇ ਵੇਖਿਆ ਹੀ ਨਹੀਂ ਜਾ ਸਕਦਾ। ਚਿੰਤਕ ਅਸਲ ਵਿਚ ਅਜਿਹਾ ਮਹਾਂ ਮਾਨਵ ਹੁੰਦਾ ਹੈ ਜੋ ਆਪਣੇ ਚਿੰਤਨ ਦੇ ਮਾਧਿਅਮ ਰਾਹੀਂ ਮਹਾਂ ਪ੍ਰਸੰਗਾਂ ਦੀ ਸਿਰਜਨਾ ਕਰਦਾ ਹੋਇਆ ਕਿਸੇ ਵੀ ਅਹਿਮ ਪਹਿਲੂ ਦਾ ਭੂਤ, ਭਵਿੱਖ ਅਤੇ ਵਰਤਮਾਨ ਸਦੈਵ ਸਮਿਆਂ ਲਈ ਸਥਾਪਿਤ ਕਰ ਜਾਂਦਾ ਹੈ। ਇਸ ਲਈ ਇਹ ਕਿਵੇਂ ਸੰਭਵ ਹੋ ਸਕਦਾ ਹੈ ਕਿ ਕਿਸੇ ਵੀ ਮਹਾਂ ਕਾਵਿ ਦੇ ਸਿਰਜਕ ਦੇ ਨਿੱਜ ਅਤੇ ਰਚਨਾ ਕਾਲ ਦੇ ਸਮੇਂ ਨੂੰ ਅੱਖੋਂ ਉਹਲੇ ਕਰਕੇ ਅਸੀਂ ਸਾਰਥਿਕ ਨਤੀਜੇ ਕੱਢ ਸਕਦੇ ਹਾਂ।

ਚਿੰਤਕ ਹੋਣਾ ਆਪਣੇ ਆਪ ਵਿੱਚ ਇਕ ਬਹੁਤ ਵੱਡਾ ਕਾਰਜ ਹੈ ਪਰ ਧਰਮ ਚਿੰਤਕਾਂ ਦਾ ਕਾਰਜ ਆਮ ਚਿੰਤਕ ਨਾਲੋਂ ਵੱਖਰਾ ਅਤੇ ਜੋਖਮ ਭਰਿਆ ਹੁੰਦਾ ਹੈ। ਅਸਲ ਵਿੱਚ ਧਰਮ ਗ੍ਰੰਥਾਂ ਦੀ ਭਾਸ਼ਾ ਨੂੰ ਸਮਝਣ ਅਤੇ ਧਰਮ ਗ੍ਰੰਥਾਂ 'ਤੇ ਉਸਰੇ ਸਭਿਆਚਾਰ ਨੂੰ ਸਮਝਣ ਦਾ ਮਸਲਾ ਬੇਹੱਦ ਜਟਿਲ ਹੁੰਦਾ ਹੈ। ਪੈਗੰਬਰਾਂ ਦੀ ਬੋਲੀ ਨੂੰ ਸਮਝਣ ਵਾਲਾ ਪਾਰਖੂ ਹੀ ਧਰਮ ਚਿੰਤਕ ਅਖਵਾ ਸਕਦਾ ਹੈ।

ਸਿੱਖ ਧਰਮ ਪਰੰਪਰਾ ਦੇ ਚਿੰਤਕਾਂ ਦੀ ਲੜੀ ਵਿੱਚ ਪ੍ਰਥਮ ਸਥਾਨ ਭਾਈ ਗੁਰਦਾਸ ਦਾ ਹੈ। ਭਾਈ ਗੁਰਦਾਸ ਉਹ ਮਹਾਂ ਮਾਨਵ ਹੈ ਜਿਸ ਨੇ ਆਪਣੀਆਂ ਵੱਡ-ਅਕਾਰੀ ਰਚਨਾਵਾਂ ਰਾਹੀਂ ਸਿੱਖ ਧਰਮ, ਸਿੱਖ ਅਧਿਆਤਮਕਤਾ ਅਤੇ ਸਭਿਆਚਾਰ ਦਾ ਵਿਆਖਿਆਤਮਕ ਪ੍ਰਸੰਗ ਹੀ ਸਥਾਪਿਤ ਨਹੀਂ ਕੀਤਾ ਸਗੋਂ ਉਹਨਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਲਿਖਾਰੀ ਹੋਣ ਦਾ ਮਾਣ ਵੀ ਪ੍ਰਾਪਤ ਹੋਇਆ ਹੈ। ਧਿਆਨ ਰਹੇ ਕਿ ਭਾਈ ਗੁਰਦਾਸ ਨੂੰ ਸੰਸਾਰ ਦੇ ਉਨ੍ਹਾਂ ਕੁਝ ਇਕ ਧਰਮ ਚਿੰਤਕਾਂ ਦੀ ਲੜੀ ਵਿੱਚ ਰੱਖ ਕੇ ਵੇਖਿਆ ਜਾ ਸਕਦਾ ਹੈ

ਜਿਹੜੇ ਆਪੋ ਆਪਣੇ ਧਰਮ ਦੀ ਪੈਗੰਬਰੀ ਅਜ਼ਮਤ ਦੇ ਨਾਲ-ਨਾਲ ਖ਼ੁੱਦ ਵੀ ਸਦੀਵੀਂ ਹੋ ਗਏ, ਉਦਾਹਰਣ ਲਈ ਸੈਂਟ ਪਾਲ (ਯਹੂ ਇਸਾਈਅਤ), ਜੈਦ-ਬਿਨ-ਸਾਬਿਤ (ਇਸਲਾਮ), ਵੇਦ ਵਿਆਸ (ਹਿੰਦੂ ਧਰਮ), ਦੇਵਰਿਧੀ (ਜੈਨ ਧਰਮ) ਅਤੇ ਵਿਰਦਾ ਗਮਨੀ (ਬੁੱਧ ਧਰਮ) ਪ੍ਰਮੁੱਖ ਹਨ। ਇਹ ਚਿੰਤਕ ਆਪਣੀ-ਆਪਣੀ ਕੌਮੀਅਤ ਦੇ ਚੇਤਿਆਂ ਦਾ ਭਾਗ ਸਦੈਵ ਸਮਿਆਂ ਲਈ ਰਹਿਣਗੇ। ਕਿਉਂਕਿ ਸੰਸਾਰ ਭਰ ਦੇ ਧਰਮ ਗ੍ਰੰਥਾਂ ਦੇ ਕਾਤਿਬ ਵਜੋਂ ਇਹ ਸਦੀਵੀ ਹੋ ਗਏ ਹਨ। ਜਦ ਤੱਕ ਕਿਸੇ ਵੀ ਧਰਮ ਦੇ ਧਰਮ ਗ੍ਰੰਥ ਅਤੇ ਧਰਮ ਬਾਨੀ ਦੀ ਯਾਦ ਲੋਕ ਚੇਤਿਆਂ ਵਿਚੋਂ ਨਹੀਂ ਵਿਸਰਦੀ, ਤਦ ਤੱਕ ਇਹ ਕਾਤਿਬ ਵੀ ਲੋਕ ਮਨਾਂ ਦਾ ਹਿੱਸਾ ਬਣੇ ਰਹਿਣਗੇ।

ਸਿੱਖ ਧਰਮ ਚਿੰਤਕ ਲੜੀ ਵਿੱਚ ਅਗਲਾ ਸਥਾਨ ਭਾਈ ਨੰਦ ਲਾਲ ਜੀ ਦਾ ਆਉਂਦਾ ਹੈ ਜੋ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਦਰਬਾਰ ਦੇ ਪ੍ਰਮੁੱਖ ਕਵੀ ਹੋਣ ਦੇ ਨਾਲ-ਨਾਲ ਇਕ ਵੱਡੇ ਚਿੰਤਕ ਵੀ ਸਨ, ਪੁਸ਼ਟੀ ਹਿਤ ਉਹਨਾਂ ਦੀਆਂ ਅਨੇਕਾਂ ਹੀ ਮਹੱਤਵਪੂਰਨ ਰਚਨਾਵਾਂ ਨੂੰ ਵੇਖਿਆ ਜਾ ਸਕਦਾ ਹੈ। ਹੋਰ ਵੀ ਮਹੱਤਵਪੂਰਨ ਪਹਿਲੂ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੇ ਕੀਰਤਨ ਦੇ ਨਾਲ-ਨਾਲ ਭਾਈ ਗੁਰਦਾਸ ਅਤੇ ਭਾਈ ਨੰਦ ਲਾਲ ਦੀਆਂ ਰਚਨਾਵਾਂ ਦੇ ਗਾਇਨ ਦਾ ਮਾਣ ਹਾਸਿਲ ਹੈ ਸਿੱਖ ਧਰਮ ਦੇ ਚਿੰਤਕਾਂ ਦੀ ਲੜੀ ਵਿੱਚ ਭਾਈ ਸੰਤੋਖ ਸਿੰਘ, ਕੋਇਰ ਸਿੰਘ, ਛਿੱਬਰ, ਗਿਆਨੀ ਗਿਆਨ ਸਿੰਘ, ਰਤਨ ਸਿੰਘ ਭੰਗੂ ਆਦਿ ਵੀ ਪ੍ਰਮੁੱਖ ਹਨ, ਜਿਨ੍ਹਾਂ ਨੇ ਉਸ ਬਿਖੜੇ ਸਮੇਂ ਵਿਚ ਸਿੱਖ ਇਤਿਹਾਸ ਨੂੰ ਸੰਭਾਲ ਕੇ ਆਪਣੀ ਵਿਰਾਸਤ ਦੇ ਫ਼ਖ਼ਰ ਨੂੰ ਸਦੈਵ ਸਮਿਆਂ ਲਈ ਸਦੀਵੀ ਕਰ ਦਿੱਤਾ।

19ਵੀਂ ਸਦੀ ਵਿੱਚ ਪੰਜਾਬ ਦੀ ਧਰਤੀ ਤੇ ਦੋ ਹੋਰ ਮਹਾਂ ਚਿੰਤਕਾਂ ਦਾ ਜਨਮ ਹੋਇਆ ਜਿਨ੍ਹਾਂ ਨੇ ਆਧੁਨਿਕ ਗਿਆਨ ਵਿਗਿਆਨ ਅਤੇ ਰਵਾਇਤ ਦਾ ਨਿਵੇਕਲਾ ਪ੍ਰਸੰਗ ਸਥਾਪਿਤ ਕਰਦਿਆਂ ਹੋਇਆਂ ਸਿੱਖੀ ਸਿਧਾਂਤਾਂ ਦੇ ਬਰੀਕ ਅਤੇ ਕੋਮਲ ਪਹਿਲੂਆਂ ਨੂੰ ਪ੍ਰਚਲਿਤ ਮੁਹਾਂਵਰੇ ਰਾਂਹੀਂ ਸਿੱਖ ਸੰਸਾਰ ਤੱਕ ਪਹੁੰਚਾਉਣ ਦਾ ਯਤਨ ਕੀਤਾ। ਇਹ ਦੋ ਚਿੰਤਕ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਹਨ। ਧਿਆਨ ਰਹੇ ਕਿ ਪਤਾ ਹੋਣਾ ਓਡੀ ਵੱਡੀ ਗੱਲ ਨਹੀਂ ਹੁੰਦੀ ਜਿੰਨੀ ਵੱਡੀ ਇਹ ਹੈ ਕਿ ਜੋ ਪਤਾ ਹੈ ਉਸ ਨੂੰ ਲੋੜਵੰਦਾਂ ਤੱਕ

ਪਹੁੰਚਾਉਣਾ ਕਿਵੇਂ ਹੈ। ਇਹ ਕਾਰਜ ਜਿੰਨੀ ਨਿਸ਼ਠਾ ਤੇ ਸਹਿਜਤਾ ਨਾਲ ਸਬੰਧਿਤ ਚਿੰਤਕਾਂ ਨੇ ਕੀਤਾ, ਉਹ ਕਿੰਤੂ-ਮੁਕਤ ਹੈ। ਅਸਲ ਵਿਚ ਭਾਈ ਵੀਰ ਸਿੰਘ ਤੇ ਪ੍ਰੋ. ਪੂਰਨ ਸਿੰਘ ਸਿੱਖ ਚਿੰਤਨ ਨੂੰ ਆਧੁਨਿਕ ਅਕਾਦਮਿਕਤਾ ਦਾ ਹਿੱਸਾ ਬਣਾਉਣ ਲਈ ਧੁਰੋਹਰ ਹੋ ਨਿਬੜੇ। ਸਿੱਖ ਸਿਧਾਂਤਾਂ ਦਾ ਸਰਲ ਸੰਚਾਰਨ ਜੋ ਬਾਖ਼ੂਬੀ ਇਨ੍ਹਾਂ ਦੋਹਾਂ ਚਿੰਤਕਾਂ ਦੀਆਂ ਰਚਨਾਵਾਂ ਰਾਹੀਂ ਹੋ ਗਿਆ ਹੈ ਉਨ੍ਹਾਂ ਨੂੰ ਅਕਾਦਮਿਕ ਵਿਧੀਆਂ ਵਿਚ ਢਾਲਣ ਦੀ ਜਿੰਮੇਵਾਰੀ ਅਕਾਦਮਿਕ ਅਦਾਰਿਆਂ ਅਤੇ ਖੋਜਾਰਥੀਆਂ ਦੀ ਵੀ ਹੋ ਜਾਂਦੀ ਹੈ। ਇਸੇ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਮੈਂ ਆਪਣਾ ਖੋਜ ਪ੍ਰਬੰਧ 'ਭਾਈ ਵੀਰ ਸਿੰਘ ਦਾ ਰਚਨਾ ਸੰਸਾਰ: ਇਕ ਅਧਿਐਨ (ਅਧਿਆਤਮਕ ਪ੍ਰਕਰਣ ਵਿੱਚ)' ਦਾ ਕਾਰਜ ਸ਼ੁਰੂ ਕੀਤਾ ਸੀ ਤਾਂ ਕਿ ਆਧੁਨਿਕ ਸੂਚਨਾ ਦੇ ਹੜ੍ਹ ਵਿੱਚ ਭਾਈ ਵੀਰ ਸਿੰਘ ਦੁਆਰਾ ਸੁੱਰਖਿਅਤ ਕੀਤੇ ਗਏ ਵਿਰਾਸਤੀ ਖ਼ਜਾਨੇ ਨੂੰ ਅਕਾਦਮਿਕਤਾ ਵਿੱਚ ਪ੍ਰਚਲਿਤ ਸਿਧਾਂਤਕ ਬਰੀਕੀਆਂ ਤੋਂ ਬਚਾ ਕੇ ਅਸਲ ਤਸਵੀਰ ਨੂੰ ਸਾਹਮਣੇ ਲਿਆਂਦਾ ਜਾ ਸਕੇ। ਮੈਨੂੰ ਪਤਾ ਹੈ ਕਿ ਇਹਨਾਂ ਸਾਰੇ ਪ੍ਰਸ਼ਨਾਂ ਦਾ ਉੱਤਰ ਲੱਭਣ ਵਾਸਤੇ ਸਿੱਖ ਵਿਸ਼ਵਾਸ ਨੂੰ ਧੁਰੋਹਰ ਬਣਾ ਕੇ ਤੁਰਨਾ ਪਵੇਗਾ। ਮੇਰਾ ਇਹ ਪੂਰਨ ਵਿਸ਼ਵਾਸ ਹੈ ਕਿ ਪ੍ਰਾਪਤੀਆਂ ਗੁਰੂ ਮਿਹਰ ਦੀ ਰੌਂ ਵਿੱਚ ਹੀ ਸੰਭਵ ਹੁੰਦੀਆਂ ਹਨ। ਪਾਤਰਤਾ ਪੈਦਾ ਕੀਤੇ ਜਾਣ ਦੀ ਕੋਸ਼ਿਸ਼ ਜਾਰੀ ਰਹਿਣੀ ਚਾਹੀਦੀ ਹੈ ਕਿਉਂਕਿ ਸਤਿਗੁਰੂ ਜੀ ਨੇ ਪਾਤਰਤਾ ਦੇ ਅੰਗ-ਸੰਗ ਹੋਣ ਦਾ ਬਿਰਦ ਹੀ ਪਾਲਣਾ ਹੈ। ਠੀਕ ਰਾਹ ਤੇ ਤੁਰਣ ਨਾਲ ਮੰਜ਼ਿਲ ਨੇੜੇ ਆਉਣੀ ਸ਼ੁਰੂ ਹੋ ਜਾਂਦੀ ਹੈ। ਭਾਈ ਵੀਰ ਸਿੰਘ ਹੋਰਾਂ ਬਾਰੇ ਵਿਸਥਾਰਪੂਰਵਕ ਗੱਲ ਕਰਨ ਤੋਂ ਪਹਿਲਾਂ ਭਾਈ ਗੁਰਦਾਸ ਦੇ ਇਹ ਸ਼ਬਦ ਧਿਆਨ ਦੀ ਮੰਗ ਕਰਦੇ ਹਨ:

> ਜੋਧੁ ਰਸੋਈਆ ਦੇਵਤਾ ਗੁਰ ਸੇਵਾ ਕਰਿ ਦੁਤਰੁ ਤਾਰੀ।
>
> ਪੂਰੇ ਸਤਿਗੁਰੂ ਪੈਜ ਸਵਾਰੀ।[2]

ਭਾਈ ਵੀਰ ਸਿੰਘ ਬਾਰੇ ਗੱਲ ਕਰਨਾ ਸਹਿਜ ਪ੍ਰਕ੍ਰਿਆ ਨਹੀਂ ਹੈ ਕਿਉਂਕਿ ਭਾਈ ਸਾਹਿਬ ਅਜਿਹੇ ਚਿੰਤਕ ਹਨ ਜਿਨ੍ਹਾਂ ਦੀਆਂ ਰਚਨਾਵਾਂ ਦਾ ਮੁੱਖ ਮੁੱਦਾ ਸਿੱਖੀ ਸਿਧਾਂਤ, ਸਿੱਖੀ ਅਧਿਆਤਮਕਤਾ, ਸਿੱਖੀ ਇਤਿਹਾਸ ਅਤੇ ਸਿੱਖੀ ਅਮਲ ਨਾਲ ਜੁੜਿਆ ਹੋਇਆ ਹੈ। ਉਹ ਆਪ ਸਿੱਖੀ ਸਿਧਾਤਾਂ ਨਾਲ ਜੁੜੀ ਹੋਈ

ਇਕ ਇਹੋ ਜਿਹੀ ਪਾਕੀਜ਼ ਸਖ਼ਸ਼ੀਅਤ ਸਨ ਜਿਨ੍ਹਾਂ ਨੂੰ ਅਕਾਦਮਿਕ ਖੇਤਰ ਵਿਚ ਸਿੱਖ ਧਰਮ ਦਾ ਵਰਡਸ ਵਰਥ ਕਿਹਾ ਜਾਣ ਲੱਗਾ, ਪਰ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਸਬੰਧਿਤ ਅੰਗਰੇਜ਼ ਚਿੰਤਕ ਨਾਲੋਂ ਉਨ੍ਹਾਂ ਦਾ ਕਾਰਜ ਕਿਤੇ ਵੱਡਾ ਤੇ ਕਿਤੇ ਨਿਰਾਲਾ ਹੋਣ ਕਰਕੇ ਆਪ ਦਾ ਸਥਾਨ ਉਸ ਤੋਂ ਕਿਤੇ ਉੱਚਾ ਤੇ ਵੱਡਾ ਹੈ। ਆਧੁਨਿਕਤਾ ਵਿੱਚ ਸਿੱਖੀ ਦੇ ਸਿਧਾਂਤਕ ਪ੍ਰਸੰਗ ਨੂੰ ਸਥਾਪਿਤ ਕਰਨ ਦਾ ਸ਼੍ਰੇਅ ਵੀ ਆਪ ਜੀ ਨੂੰ ਹੀ ਪ੍ਰਾਪਤ ਹੈ।

ਕਿਸੇ ਵੀ ਵਿਅਕਤੀ ਦੀ ਨਾਇਕ ਵਜੋਂ ਸਥਾਪਤੀ ਸਮਕਾਲ, ਉਸ ਦੇ ਭੂਗੋਲਿਕ ਖਿੱਤੇ ਵਿੱਚ ਸਮੇਂ ਸਮੇਂ ਤੇ ਵਾਪਰੀਆਂ ਸਥਿਤੀਆਂ ਪ੍ਰਸਥਿਤੀਆਂ ਦੇ ਪ੍ਰਭਾਵਾਂ ਦਾ ਸਿੱਟਾ ਪ੍ਰਵਾਨ ਕੀਤੀ ਜਾ ਸਕਦੀ ਹੈ ਅਤੇ ਉਹ ਇਹਨਾਂ ਸਥਿਤੀਆਂ ਪ੍ਰਸਥਿਤੀਆਂ ਦੇ ਸਨਮੁੱਖ ਹੁੰਦਾ ਹੋਇਆ ਵਾਪਰ ਰਹੀਆਂ ਘਟਨਾਵਾਂ ਨੂੰ ਬਹੁਤ ਨੀਝ ਨਾਲ ਵੇਖਦਾ ਹੈ ਤੇ ਇਕ ਨਵਚੇਤਨਾ ਦਾ ਪ੍ਰਕਾਸ਼ ਉਸਦੇ ਮਸਤਕ ਦਾ ਭਾਗ ਬਣਨ ਲੱਗਦਾ ਹੈ। ਨਤੀਜੇ ਵਜੋਂ ਉਸਦੀ ਪ੍ਰਤਿਭਾ ਤੇ ਸੋਚ ਦਾ ਵਿਕਾਸ ਹੁੰਦਾ ਹੈ ਤੇ ਇਹ ਵਿਕਾਸ ਹੀ ਵਿਗਾਸ ਦੇ ਰਸਤੇ ਲਈ ਕੇਂਦਰੀ ਭੂਮਿਕਾ ਨਿਭਾਉਂਦਾ ਹੈ ਅਤੇ ਅਜਿਹਾ ਵਾਪਰਨਾ ਬਿਲਕੁਲ ਸੁਭਾਵਿਕ ਪ੍ਰਕਿਰਿਆ ਹੈ। ਮਨੁੱਖ ਕਿਉਂਕਿ ਸਮਾਜਿਕ ਜੀਵ ਹੈ ਇਸ ਲਈ ਸਮਾਜ ਵਿੱਚ ਵਾਪਰੀ ਹਨ ਘਟਨਾ ਹੀ ਕਿਸੇ ਨਾ ਕਿਸੇ ਰੂਪ ਵਿੱਚ ਉਸਨੂੰ ਪ੍ਰਭਾਵਿਤ ਕਰਦੀ ਹੈ ਜੇ ਅਜਿਹਾ ਹੈ ਤਾਂ ਨਿਸਚੇ ਸੰਸਾਰ ਵਿੱਚ ਵਾਪਰੀਆਂ ਵੱਡੀਆਂ ਘਟਨਾਵਾਂ ਤੇ ਅਹਿਮ ਤਬਦੀਲੀਆਂ ਇਸੇ ਦਾ ਹੀ ਹਾਸਿਲ ਹੋਣਗੀਆਂ। ਨਵ ਚਿੰਤਨ ਵੀ ਇਹਨਾਂ ਪ੍ਰਸਥਿਤੀਆਂ ਵਿਚੋਂ ਉਪਜਦਾ ਹੋਵੇਗਾ ਤੇ ਨਵਚਿੰਤਕ ਵੀ। ਵੱਡੇ ਵੱਡੇ ਇਨਕਲਾਬ ਵੀ ਸਮਕਾਲ ਦੀਆਂ ਪ੍ਰਸਥਿਤੀਆਂ ਵਿਚੋਂ ਹੀ ਉਪਜੇ ਹੋਣਗੇ ਅਤੇ ਇਹਨਾਂ ਇਨਕਲਾਬਾਂ ਨੂੰ ਅੰਜ਼ਾਮ ਦੇਣ ਵਾਲੇ ਇਨਕਲਾਬੀ ਵੀ, ਬੇਸ਼ੱਕ ਉਹਨਾਂ ਦੇ ਰੂਪ ਅਤੇ ਸੁਭਾਅ ਵੱਖ-ਵੱਖ ਹੋਣ। ਧਿਆਨ ਰਹੇ ਇਨਕਲਾਬ ਕੇਵਲ ਬੰਦੂਕ ਦੀ ਨਾਲੀ ਵਿਚੋਂ ਹੀ ਨਹੀਂ ਉਪਜਦਾ, ਇਹ ਪੈੱਨ ਦੀ ਤਾਕਤ ਨਾਲ ਵੀ ਤਬਦੀਲੀ ਲਿਆ ਜ਼ਰਖੇਜ਼ ਸਮਾਜ ਦੀ ਸਿਰਜਣਾ ਕਰ ਸਕਦਾ ਹੈ। ਇਹ ਕਾਰਜ ਉਸ ਖਿੱਤੇ ਨਾਲ ਸਬੰਧਿਤ ਚਿੰਤਕ ਕਰਦੇ ਹਨ ਤੇ ਇਸੇ ਕਰਕੇ ਹੀ ਇਥੇ ਚਿੰਤਕ ਨੂੰ ਵੀ ਇਕ ਇਨਕਲਾਬੀ ਯੋਧੇ ਦੀ ਸੰਗਿਆ ਦਿੱਤੀ ਗਈ ਹੈ।[3]

ਪੰਜਾਬ ਦੀ ਧਰਤਿ ਤੇ ਭਾਈ ਵੀਰ ਸਿੰਘ ਦੇ ਜੀਵਨ ਉਹਨਾਂ ਦੇ ਸਮਕਾਲ ਤੇ ਉਹਨਾਂ ਦੇ ਮਸਤਕ ਤੋਂ ਵਿਗਸੇ ਰਚਨਾ ਸੰਸਾਰ ਨੂੰ ਸਮਝਣ ਲਈ 19ਵੀਂ ਸਦੀ ਦੇ ਪਿਛਲੇ ਅੱਧ ਵਿੱਚ ਵਾਪਰੀਆਂ ਘਟਨਾਵਾਂ ਦਾ ਅਧਿਐਨ ਬੇਹੱਦ ਜਰੂਰੀ ਹੈ। ਇਹ ਕਾਲ ਪੰਜਾਬ ਦੇ ਇਤਿਹਾਸ ਵਿੱਚ ਹੋਣੀਆਂ ਭਰਪੂਰ ਘਟਨਾਵਾਂ ਦਾ ਸਮਾਂ ਸੀ। ਜੋ ਬਹੁਤ ਹੀ ਦੁਖਾਂਤਕ ਹੈ, ਜਿਸ ਨੇ ਸਿੱਖ ਹੋਣੀ ਨੂੰ ਬਦਲ ਕੇ ਰੱਖ ਦਿੱਤਾ ਅਤੇ ਅਨੇਕਾਂ ਪ੍ਰਸ਼ਨ-ਚਿੰਨ੍ਹ ਵੀ ਖੜ੍ਹੇ ਕਰ ਦਿੱਤੇ, ਜੋ ਸਦੈਵ ਸਿੱਖਾਂ ਨੂੰ ਸਵਾਲ ਕਰਦੇ ਰਹਿਣਗੇ। 27 ਜੂਨ 1839 ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਕਾਲਵਸ ਹੋਣ ਨਾਲ ਪੰਜਾਬ ਦੀ ਜੀਵਨ ਲੀਲਾ ਹੀ ਬਦਲ ਗਈ, ਜਿਸ ਨੇ ਸਭ ਕੁਝ ਹੀ ਅਸਥ-ਵਿਅਸਥ ਕਰ, ਗੁਲਾਮੀ ਦੇ ਦਰਵਾਜ਼ੇ ਖੋਲ੍ਹ ਦਿੱਤੇ। ਜੰਨਤ ਦੀ ਧਰਤੀ ਪੰਜਾਬ, ਜਿੱਥੇ ਕੁਲ ਲੋਕਾਈ ਅਨੰਦਮਈ ਤੇ ਸੁਖੀ ਸੁਖੀ ਵਸਦੇ ਸਨ ਅਤੇ ਰਲ ਕੇ ਪੰਜਾਬ, ਪੰਜਾਬੀ ਸਭਿਆਚਾਰ ਤੇ ਪੰਜਾਬੀ ਸਾਹਿਤ ਦੀ ਉਸਾਰੀ ਕਰ ਰਹੇ ਸਨ, ਜਿਨ੍ਹਾਂ ਨੇ ਅਜ਼ਾਦੀ ਦੇ ਮਾਹੌਲ ਵਿਚ ਖੰਭ ਮਾਰਨੇ ਹੀ ਸਿੱਖੇ ਸਨ, ਉਨ੍ਹਾਂ ਤੇ ਮੁਸੀਬਤਾਂ ਦੇ ਅਜਿਹੇ ਪਹਾੜ ਟੁੱਟੇ, ਜੋ ਅਣਕਿਆਸੇ ਕਹਿਰ ਵਰਗੇ ਸਨ। 1849 ਵਿੱਚ ਅੰਗਰੇਜਾਂ ਨੇ ਪੰਜਾਬ ਤੇ ਪੂਰੀ ਤਰ੍ਹਾਂ ਆਪਣਾ ਅਧਿਕਾਰ ਜਮਾ ਸਤਯੁੱਗੀ ਸਿੱਖ ਰਾਜ ਦਾ ਅੰਤ ਕਰ ਦਿੱਤਾ ਸੀ, 'ਪਾੜੋ ਤੇ ਰਾਜ ਕਰੋ' ਦੀ ਕੁਟਲ ਨੀਤੀ ਨਾਲ ਸਭ ਤੋਂ ਵੱਡੀ ਢਾਅ ਸਿੱਖ ਕੌਮ ਨੂੰ ਲੱਗੀ। ਕੌਮ ਨਿਰਾਸ਼ਾ ਵਿਚ ਅਜਿਹੀ ਡੁੱਬੀ ਕਿ ਸੌ ਸਾਲ ਦੇ ਸੰਘਰਸ਼ ਕਰਨੇ ਪਏ। ਹੋਰ ਵੀ ਮਾੜਾ ਇਹ ਹੋਇਆ, ਸਿਖਾਂ ਦੇ ਜੀਵਨ, ਸਿੱਖ ਸਥਾਨਾਂ ਅਤੇ ਸਿੱਖ ਰਵਾਇਤਾਂ ਵਿਚ ਅਣਮੱਤਾਂ ਦਾ ਗੂੜ੍ਹਾ ਰੰਗ ਚੜ੍ਹ ਗਿਆ। ਕਾਲੀਆਂ ਬਦਕਾਰ ਰੂਹਾਂ ਜੋ ਸਿੱਖੀ ਦੇ ਭੇਸ ਵਿਚ ਮਹਾਰਾਜ ਦੇ ਰਾਜ ਸਮੇਂ ਸਹੂਲਤਾਂ ਨਾਲ ਲਬਰੇਜ਼ ਸਨ, ਸਿੱਖੀ ਨੂੰ ਖਤਮ ਕਰਨ ਲਈ ਇਕ ਦੂਜੇ ਤੋਂ ਅੱਗੇ ਹੋ ਕੇ ਕੰਮ ਕਰਨ ਲੱਗੀਆਂ। ਇਕ ਪਾਸੇ ਅੰਗਰੇਜ਼ ਆਪਣੀ ਬੋਲੀ, ਆਪਣੀ ਸਭਿਅਤਾ ਅਤੇ ਆਪਣੇ ਧਰਮ ਦੀ ਪ੍ਰਫੁਲਤਾ ਦੇ ਨਾਲ-ਨਾਲ ਪੂਰੇ ਦੇ ਪੂਰੇ ਪੰਜਾਬ ਨੂੰ ਈਸਾਈਅਤ ਦੇ ਰੰਗ ਵਿਚ ਰੰਗਣ ਲਈ ਹਰ ਨੈਤਿਕ-ਅਨੈਤਿਕ ਕਾਰ ਕਰ ਰਿਹਾ ਤੇ ਇਥੋਂ ਤੱਕ ਕਿ ਉਸ ਸਰਕਾਰੀ ਅਤੇ ਗੈਰ ਸਰਕਾਰੀ ਸਹਾਇਤਾ ਸਾਧਨਾਂ ਨੂੰ ਵੀ ਧਰਮ ਪਰਿਵਰਤਨ ਵਿਚ ਜੋੜ ਦਿੱਤਾ ਸੀ, ਉਥੇ ਪੁਰਾਤਨ ਹਿੰਦੂ ਧਰਮ ਵੀ ਸਿੱਖ ਧਰਮ ਦਾ ਵੈਰੀ ਹੋ, ਉਨ੍ਹਾਂ ਦੇ ਉਪਕਾਰਾਂ ਵੱਲ ਪਿੱਠ ਕਰੀ ਖੜ੍ਹਾ ਸੀ।[4]

ਭਾਈ ਵੀਰ ਸਿੰਘ ਸਿੱਖੀ ਸਿਧਾਂਤਾਂ ਨਾਲ ਇਕਸੁਰ ਹੋਈ ਇਕ ਅਜਿਹੀ ਰੂਹ ਸਨ ਜਿਸ ਤਰ੍ਹਾਂ ਦੀ ਰੂਹ ਦੀ ਕਾਮਨਾ ਸਿੱਖ ਸਿਧਾਂਤਾਂ ਵਿੱਚ ਕੀਤੀ ਗਈ ਹੈ। ਉਹਨਾਂ ਵਿੱਚ ਕੇਵਲ ਸਿੱਖੀ ਦੀ ਆਭਾ ਵਾਲੇ ਉਹ ਸਾਰੇ ਗੁਣ ਹੀ ਰੂਪਮਾਨ ਨਹੀਂ ਸਨ ਸਗੋਂ ਸ਼ਾਖਸਾਤ ਉਨ੍ਹਾਂ ਦੇ ਦੀਦਾਰੇ ਵੀ ਉਨ੍ਹਾਂ ਦੇ ਜੀਵਨ ਚ ਪ੍ਰਤੱਖ ਤੌਰ ਤੇ ਕੀਤੇ ਜਾ ਸਕਦੇ ਹਨ। ਉਨ੍ਹਾਂ ਦਾ ਹਰ ਕਾਰਜ ਹੀ ਸਿੱਖੀ ਨੂੰ ਸਮਰਪਿਤ ਸੀ, ਜਿੱਥੇ ਉਹ ਉੱਘੇ ਸਿੱਖ ਚਿੰਤਕ, ਮਹਾਨ ਵਿਦਵਾਨ, ਸ਼੍ਰੋਮਣੀ ਸਾਹਿਤਕਾਰ ਸਨ, ਉਥੇ ਹੀ ਉਹ ਸਰਗਰਮ ਸਮਾਜ ਸੁਧਾਰਕ ਤੇ ਦੂਰਦਰਸ਼ੀ ਸੰਯੋਜਕ ਵੀ ਸਨ। ਭਾਈ ਸਾਹਿਬ ਦੀ ਚੇਤਨਾ ਵਿੱਚ ਅਤੀਤ ਦਾ ਵਿਰਾਸਤੀ ਗੌਰਵ, ਵਰਤਮਾਨ ਦੀ ਰਾਸ ਪੂੰਜੀ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਦੇ ਸੰਗਮ ਇਕੋ ਵੇਲੇ ਕੀਤੇ ਜਾ ਸਕਦੇ ਸਨ। ਉਹਨਾਂ ਨੇ ਆਪਣੇ ਵਿਰਾਸਤ ਦੇ ਫ਼ਖ਼ਰ ਨੂੰ ਸਦੀਵੀ ਕਰਕੇ ਜਿਸ ਆਦਰਸ਼ਕ ਢੰਗ ਨਾਲ ਸੰਜੋਇਆ ਅਤੇ ਸਮਕਾਲੀ ਸਮੱਸਿਆਵਾਂ ਨੂੰ ਜੁਝਾਰੂ ਵੇਗ ਦਿੱਤਾ, ਉਹ ਹੈਰਾਨੀਜਨਕ ਹੈ। ਕਲਮ ਹੀ ਉਹਨਾਂ ਦੀ ਰਚਨਾਤਮਕਤਾ ਦਾ ਸ਼ਸ਼ਕਤ ਮਾਧਿਅਮ ਬਣੀ। ਸਾਹਿਤ ਰਚਨਾ ਆਪ ਲਈ ਨਿਰੋਲ ਸ਼ੌਕ ਨਹੀਂ, ਸਗੋਂ ਅਤਿਅੰਤ ਗੰਭੀਰ ਕਾਰਜ ਸੀ, ਜੋ ਕਿ ਸਮਾਜਿਕ ਪਰਿਵਰਤਨ ਦੇ ਵਿਸ਼ੇਸ਼ ਉਦੇਸ਼ ਨਾਲ ਕੀਤਾ ਗਿਆ ਅਤੇ ਉਸ ਵਿਚ ਇਕੋ ਇਕ ਭਾਵਨਾ ਸਿੱਖੀ ਦੇ ਵਿਕਾਸ ਅਤੇ ਵਿਗਾਸ ਦੀ ਸੀ।

ਅਮੀਰ ਵਿਰਾਸਤੀ ਪਿਛੋਕੜ ਤੇ ਸਿੱਖੀ ਨੂੰ ਪਰਨਾਏ ਹੋਏ ਉਹ ਇਕ ਅਜਿਹੇ ਖਾਨਦਾਨ ਵਿੱਚ 5 ਦਸੰਬਰ 1872 ਨੂੰ ਅੰਮ੍ਰਿਤਸਰ ਵਿਖੇ ਪੈਦਾ ਹੋਏ ਜਿਸ ਖਾਨਦਾਨ ਦੀਆਂ ਸਿੱਖ ਦੇ ਵਿਕਾਸ ਅਤੇ ਵਿਗਾਸ ਲਈ ਫਖ਼ਰਯੋਗ ਪ੍ਰਾਪਤੀਆਂ ਹਨ। ਦੀਵਾਨ ਕੌੜਾ ਮੱਲ ਜੋ ਮੁਗਲੀਆ ਹਕੂਮਤ ਦਾ ਉੱਚ ਅਹਿਲਕਾਰ ਸੀ, ਪਰ ਸਿੱਖੀ ਲਈ ਅਗਰਸਰ ਰਹਿਣ ਵਾਲਾ ਦਰਵੇਸ਼ ਅਤੇ ਜਿਸ ਨੇ ਪੰਜਾਬ ਦੇ ਗਵਰਨਰ ਮੀਰ ਮਨੂੰ (1748-1753) ਦੇ ਸਮੇਂ ਸਿੱਖਾਂ ਦੀ ਬੇਹੱਦ ਸਹਾਇਤਾ ਕੀਤੀ, ਉਸੇ ਖਾਨਦਾਨ ਦੇ ਇਹ ਫਰਜ਼ੰਦ ਸਨ। ਦੀਵਾਨ ਕੌੜਾ ਮੱਲ ਨੂੰ ਸਿੱਖਾਂ ਨੇ ਹੀ 'ਮਿੱਠਾ ਮੱਲ' ਦਾ ਸਤਿਕਾਰ ਬਖ਼ਸ਼ਿਆ ਸੀ। ਦੀਵਾਨ ਕੌੜਾ ਮਲ ਜੀ ਦੇ ਦੋ ਪੁੱਤਰ, ਹਰੀ ਸਿੰਘ ਅਤੇ ਦੀਵਾਨ ਤੋਖਾ ਰਾਮ ਜੀ ਸਨ। ਦੀਵਾਨ ਤੋਖਾ ਰਾਮ ਜੀ ਦੇ ਪੁੱਤਰ ਦਾ ਨਾਂ ਸਾਵਣ ਮਲ ਸੀ ਅਤੇ ਸਾਵਣ ਮਲ ਜੀ ਦੇ ਘਰ ਥਾਰਿਆ ਮਲ, ਦੀਵਾਨ ਫਤਹਿ ਚੰਦ ਅਤੇ ਹੀਰਾ ਨੰਦ

ਤਿੰਨ ਪੁੱਤਰਾਂ ਨੇ ਜਨਮ ਲਿਆ। ਹੀਰਾ ਨੰਦ ਜੀ ਦੇ ਘਰ ਰਾਮ ਚੰਦ ਜੀ ਪੈਦਾ ਹੋਏ। ਬਾਬਾ ਕਾਹਨ ਸਿੰਘ ਜੀ ਜੋ ਭਾਈ ਵੀਰ ਸਿੰਘ ਦੇ ਦਾਦਾ ਸਨ, ਰਾਮ ਚੰਦ ਜੀ ਦੇ ਪੁੱਤਰ ਸਨ।[5]

ਬਾਬਾ ਕਾਹਨ ਸਿੰਘ ਜੀ ਬਹੁਤ ਹੀ ਵਿਦਵਾਨ ਪੁਰਸ਼ ਤੇ ਸੰਤ ਰੂਹ ਹੋਣ ਦੇ ਨਾਲ ਹੀ ਇਕ ਨੇਕ, ਦਿਆਲੂ, ਧਰਮੀ ਪੁਰਸ਼ ਤੇ ਅਨੇਕ ਭਾਸ਼ਾਵਾਂ ਦੇ ਗਿਆਤਾ, ਗੁਰਬਾਣੀ ਦੇ ਪ੍ਰੇਮੀ ਅਤੇ ਗੁਰਮੁਖ ਵਿਅਕਤੀ ਸਨ। ਹਿਕਮਤ ਉਨ੍ਹਾਂ ਦਾ ਮੁੱਖ ਕਸਬ ਸੀ। ਉਹਨਾਂ ਦੀ ਪ੍ਰਸਿਧੀ ਪੰਜਾਬ ਦੇ ਹਰ ਪਿੰਡ ਕਸਬੇ ਤੱਕ ਫੈਲੀ ਹੋਈ ਸੀ ਤੇ ਆਪ ਸਮੇਂ ਦੇ ਨਾਮਵਰ ਹਕੀਮਾਂ ਵਿਚੋਂ ਇਕ ਸਨ। ਆਮ ਤੌਰ ਤੇ ਆਪ ਮੁਫ਼ਤ ਇਲਾਜ ਕਰਦੇ। ਜੇ ਕੋਈ ਇਲਾਜ ਦੇ ਇਵਜਾਨੇ ਵਿਚ ਧਨ ਦੇਂਦਾ, ਉਸਨੂੰ ਲੋਕ ਭਲਾਈ ਦੇ ਕੰਮਾਂ ਹਿਤ ਖਰਚ ਕਰ ਦੇਂਦੇ।[6]ਆਪ ਜੀ ਦੀ ਦਾਦੀ ਰੂਪ ਕੌਰ ਸੇਵਾ ਭਾਵ ਵਾਲੀ ਪਤੀਵ੍ਰਤਾ ਇਸਤਰੀ ਸੀ। ਨਾਨਾ ਗਿਆਨੀ ਹਜਾਰਾ ਸਿੰਘ ਸੰਸਕ੍ਰਿਤ, ਬ੍ਰਜ, ਫਾਰਸੀ ਅਤੇ ਪੰਜਾਬੀ ਦੇ ਪ੍ਰਸਿੱਧ ਵਿਦਵਾਨ, ਟੀਕਾਕਾਰ, ਉੱਘੇ ਸੰਪ੍ਰਦਾਈ ਗਿਆਨੀ, ਗੁਰਮਤਿ ਵਿਚਾਰਧਾਰਾ ਤੇ ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਇਕ ਸਨ। ਨਾਨੀ 'ਸੋਭੀ' ਸਤਿਵਕਤਾ ਅਤੇ ਧਰਮ ਮੂਰਤ ਇਸਤਰੀ ਸੀ। ਮਾਮਾ ਡਿਪਟੀ ਆਇਆ ਸਿੰਘ ਜੀ ਸਨ ਜੋ ਇਕ ਯੋਗ ਪ੍ਰਬੰਧਕ ਦੇ ਨਾਲ-ਨਾਲ ਸਾਹਿਤ ਰਚਨਾ ਦਾ ਵੀ ਸ਼ੋਕ ਰਖਦੇ ਸਨ।[7]

ਸਿੱਖ ਧਰਮ ਦੇ ਪ੍ਰੌੜ ਵਿਦਵਾਨ ਡਾ. ਚਰਨ ਸਿੰਘ ਆਪ ਜੀ ਦੇ ਪਿਤਾ ਸਨ ਜਿਨ੍ਹਾਂ ਨੇ ਗੁਰਸਿੱਖੀ ਤੇ ਪਰਮਾਰਥ ਦੀ ਲਗਨ ਤੋਂ ਬਿਨਾਂ ਆਯੁਰਵੈਦਿਕ ਵਿਦਿਆ ਤੇ ਵਿਸ਼ਾਲ ਤਜਰਬਾ ਵਿਰਸੇ ਤੋਂ ਹੀ ਗ੍ਰਹਿਣ ਕੀਤਾ ਪਰ ਪਿਛੋਂ ਉਹਨਾਂ ਨੇ ਐਲੋਪੈਥੀ ਵੀ ਸਿਖ ਲਈ ਸੀ। ਉਹ ਗਰੀਬਾਂ ਦੇ ਹਮਦਰਦ, ਪਿਆਰ ਵੰਡੇਵੇਂ ਦੇ ਸ਼ੋਕੀਨ ਤੇ ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਇਕ ਸਨ। ਉਹ ਸੰਸਕ੍ਰਿਤ, ਫਾਰਸੀ, ਹਿੰਦੀ ਅਤੇ ਬ੍ਰਜ ਦੇ ਚੰਗੇ ਵਿਦਵਾਨ ਸਨ। ਕਵੀਆਂ ਸੱਜਣਾਂ ਮਿਤੱਰਾਂ ਨੂੰ ਨਿਉਤਾ ਦੇ ਕੇ ਘਰ ਪ੍ਰੀਤੀ ਭੋਜਨ ਕਰਨੇ ਤੇ ਮਿਲ ਬੈਠਣ ਤੇ ਸਾਹਿਤਕ ਤੇ ਪੰਥਕ ਵਿਚਾਰਾਂ ਕਰਨੀਆਂ ਇਹ ਆਪ ਦਾ ਖ਼ਾਸ ਸ਼ੌਂਕ ਸੀ। ਪੰਜਾਬ ਵਿੱਚ ਕਵੀ ਦਰਬਾਰਾਂ ਦੀ ਪਿਰਤ ਸਰਬ ਪ੍ਰਥਮ ਆਪ ਜੀ ਨੇ ਹੀ ਪਾਈ ਸੀ।[8] ਆਪ ਜੀ ਦੇ ਚਾਰ ਲੜਕੇ: ਭਾਈ ਵੀਰ ਸਿੰਘ, ਜੈ ਰਾਜ ਸਿੰਘ, ਲਖਬੀਰ ਸਿੰਘ ਤੇ ਬਲਬੀਰ ਸਿੰਘ ਅਤੇ ਦੋ ਲੜਕੀਆਂ ਸਨ। ਸੰਖੇਪ ਵਿੱਚ ਕਿਹਾ

ਜਾਏ ਤਾਂ ਡਾ. ਚਰਨ ਸਿੰਘ ਅਣਥੱਕ ਮਿਹਨਤ ਦਾ ਇਕ ਵਿਸ਼ੇਸ਼ ਨਮੂਨਾ ਸਨ ਜੋ ਵੀਰ ਸਿੰਘ ਦੀ ਘਾੜਤ ਲਈ ਪਹਿਲਾ ਸਾਂਚਾ ਸੀ। ਆਪ ਦੇ ਮਾਤਾ ਜੀ ਉੱਤਮ ਕੌਰ ਵੀ ਧਰਮਾਤਮਾ ਅਤੇ ਆਗਿਆਕਾਰੀ ਸੁਭਾਅ ਦੀ ਵਿਲੱਖਣ ਔਰਤ ਸੀ। ਸਹਿਜ ਅਡੋਲਤਾ ਤੇ ਦ੍ਰਿੜਤਾ ਜੋ ਉਹਨਾਂ ਦੇ ਹਿੱਸੇ ਆਈ ਸੀ ਉਹ ਗੁਰ ਬਖ਼ਸਿਸ ਹੀ ਪ੍ਰਵਾਨ ਕੀਤੀ ਜਾ ਸਕਦੀ ਹੈ।[9] ਆਪ ਨੂੰ ਆਪਣੀ ਮਾਤਾ ਤੋਂ ਸੇਵਾ, ਸਿਦਕ ਤੇ ਸੱਚ ਪਰ ਡੱਟੇ ਰਹਿਣ ਦੀ ਕੋਸ਼ਿਸ ਮਿਲੀ। ਮਹਾਂ ਸਿੰਘ ਗਿਆਨੀ ਜੀ ਲਿਖਦੇ ਹਨ: ਮਾਤਾ ਉੱਤਮ ਕੌਰ ਜੀ ਧਨ ਜਨਨੀ ਤੇ ਸਤਿਯੁਗੀ ਜੀਉੜੇ ਸਨ। ਜਿਨ੍ਹਾਂ ਦੀਆਂ ਮਮਤਾ ਦੀਆ ਪਿਆਰ ਤਰਬਾਂ ਆਤਮਕ ਰੰਗਾਂ ਵਿੱਚ ਰੰਗੀਆਂ ਵਿਦਵਤਾ ਦੇ ਹੁਲਾਰਿਆਂ ਤੇ ਸਦਾ ਝੂਲਦੀਆਂ ਰਹਿੰਦੀਆਂ ਸਨ। ਇਸ ਦੈਵੀ ਮਾਤਾ ਦੀ ਠੰਢੀ ਮਿੱਠੀ ਛਾਂ ਨੇ ਭਾਈ ਸਾਹਿਬ ਦੇ ਮਨ ਨੂੰ ਦੈਵੀ ਮਿਠਾਸ ਤੇ ਸ਼ੀਤਲਤਾ ਦੇ ਰਸ ਨਾਲ ਸਿੰਝ ਕੇ ਪਰਮ ਰਸਾਲ ਬਣਾ ਦਿੱਤਾ।[10]

ਪ੍ਰੋ. ਰਤਨ ਸਿੰਘ ਜੱਗੀ ਨੇ 'ਭਾਈ ਵੀਰ ਸਿੰਘ ਸਾਹਿਤ ਕੋਸ਼' ਵਿੱਚ ਜੋ ਉਹਨਾਂ ਦੀ ਵਿਲੱਖਣ ਉਪਮਾ ਦਰਜ ਕੀਤੀ ਹੈ ਉਹ ਇਥੇ ਬਹੁਤ ਹੀ ਧਿਆਨ ਦੀ ਮੰਗ ਕਰਦੀ ਹੈ। ਉਹ ਲਿਖਦੇ ਹਨ ਕਿ ਦਾਦਾ ਬਾਬਾ ਕਾਹਨ ਸਿੰਘ, ਨਾਨਾ ਗਿਆਨੀ ਹਜ਼ਾਰਾ ਸਿੰਘ, ਪਿਤਾ ਡਾ. ਚਰਨ ਸਿੰਘ ਤੇ ਮਾਤਾ ਉਤਮ ਕੌਰ ਦੇ ਚਾਰ ਕਿਸਮ ਦਾ ਸੱਚ ਇਕ ਅਜਿਹੀ ਚਾਰ ਦਿਵਾਰੀ ਸੀ, ਜਿਸ ਦੇ ਚੋਗਿਰਦੇ ਨੇ ਭਾਈ ਵੀਰ ਸਿੰਘ ਦੀ ਸਖ਼ਸੀਅਤ ਨੂੰ ਪ੍ਰਭਾਵਿਤ ਕੀਤਾ ਅਤੇ ਇਹ ਚਾਰੇ ਸੱਚ ਕਿਸੇ ਨਾ ਕਿਸੇ ਰੂਪ ਵਿੱਚ ਉਨ੍ਹਾਂ ਦੇ ਵਿਅਕਤੀਤਵ ਤੋਂ ਜਾਂ ਉਨ੍ਹਾਂ ਦੀਆਂ ਰਚਨਾਵਾਂ ਤੋਂ ਆਭਾਸਿਤ ਹੁੰਦੇ ਪ੍ਰਤੀਤ ਹੁੰਦੇ ਹਨ।[11] ਇਉ ਨਾਨਕੇ ਅਤੇ ਦਾਦਕੇ ਪਰਵਾਰ ਵਲੋਂ ਆਪ ਨੂੰ ਵਿਦਵਤਾ, ਸਿੱਖੀ ਜ਼ਜ਼ਬਾ, ਸਿੱਖੀ ਸਾਹਿਤ ਤੇ ਗੁਰਬਾਣੀ ਦੀ ਖੋਜ ਦੀ ਲਗਨ, ਲੋਕ ਸੇਵਾ, ਅਧਿਆਤਮਕ ਬਿਰਤੀ, ਮਿਹਨਤ ਕਰਨ ਦਾ ਸੁਭਾਅ ਅਤੇ ਕਲਮ ਵਿਰਸੇ ਵਿੱਚ ਮਿਲੀ। ਆਪ ਨੇ ਇਸ ਪੂੰਜੀ ਦੀ ਸੁਯੋਗ ਵਰਤੋਂ ਨਾਲ ਆਪਣੇ ਸਮੇਂ ਨੂੰ ਮਾਲਾ ਮਾਲ ਕੀਤਾ।[12]

ਦੂਸਰੀ ਅਹਿਮ ਤੇ ਬਹੁਤ ਹੀ ਮਹੱਤਵਪੂਰਨ ਗੱਲ ਇਹ ਸੀ ਕਿ ਉਹਨਾਂ ਦਾ ਜਨਮ ਸਿੱਖ ਧਰਮ ਦੇ ਵਿਰਾਸਤੀ ਸ਼ਹਿਰ ਅੰਮ੍ਰਿਤਸਰ ਵਿੱਚ ਹੋਇਆ ਸੀ ਅੰਮ੍ਰਿਤਸਰ ਸਿੱਖੀ ਦਾ ਧਰੋਹਰ ਹੋਣ ਦੇ ਨਾਲ-ਨਾਲ ਸਿੱਖੀ ਦਾ ਮੱਕਾ ਵੀ ਹੈ ਅੰਮ੍ਰਿਤਸਰ ਸ਼ਹਿਰ ਦੀ ਅਧਿਆਤਮਕ ਖ਼ੁਸ਼ਬੂ ਇਹਨਾਂ ਤੇ ਬਖ਼ਸ਼ਿਸ਼ ਵਜੋਂ ਉਤਰੀ ਤੇ

ਅੰਮ੍ਰਿਤਸਰ ਦੇ ਨੈਤਿਕ ਸੰਸਾਰ ਨੇ ਇਹਨਾਂ ਨੂੰ ਆਪਣੇ ਰੰਗ ਵਿਚ ਰੰਗ ਲਿਆ। ਭਾਈ ਵੀਰ ਸਿੰਘ ਹੁਣ ਦੁਨਿਆਵੀ ਹੁੰਦੇ ਹੋਏ ਵੀ ਦੁਨਿਆਵੀ ਨਹੀਂ ਸਨ ਤੇ 'ਛੁਪੇ ਰਹਿਣ ਦੀ ਚਾਹ' ਦੇ ਪਰਬਲ ਵੇਗ ਨੇ ਇਹਨਾਂ ਨੂੰ ਇਲਾਹੀ ਸਖ਼ਸ਼ੀਅਤ ਵਜੋਂ ਸਥਾਪਿਤ ਕਰਨਾ ਸ਼ੁਰੂ ਕਰ ਦਿੱਤਾ ਸੀ। ਭਾਈ ਸਾਹਿਬ ਦਾ ਆਲਾ-ਦੁਆਲਾ ਵੀ ਧਾਰਮਿਕ ਨੈਤਿਕ ਸੰਸਕਾਰਾਂ ਤੇ ਬੋਧਿਕ ਵਿਦਵਤਾ ਭਰਪੂਰ ਸੀ। 'ਬਾਬਾ ਕਾਹਨ ਸਿੰਘ ਜੀ ਦੀਆਂ ਨਾਮ-ਰਸ ਰੱਤੀਆਂ ਲੋਰੀਆਂ ਤੇ ਵਿਦਵਾਨ ਪਿਤਾ ਦਾ ਪਿਆਰ ਵਾਲਾ ਹੱਥ, ਆਪ ਦੇ ਮੁੱਢਲੇ ਜੀਵਨ ਦੀ ਅਗਵਾਈ ਕਰ ਰਿਹਾ ਸੀ। ਨਾਨਾ ਗਿਆਨੀ ਹਜਾਰਾ ਸਿੰਘ ਦੀ ਦੇਖ-ਰੇਖ ਵਿੱਚ ਸਿੱਖੀ ਦੀ ਲਗਨ ਤੇ ਉਸਦੇ ਗੂੜ੍ਹ ਸਿਧਾਂਤਾਂ ਦਾ ਬੋਧ ਆਉਣ ਵਾਲੇ ਸਮੇਂ ਵੱਲ ਇਸ਼ਾਰਾ ਵੀ ਸੀ।' [13] ਬਾਲਪਨ ਸਮੇਂ ਆਪ ਦੇ ਦਾਦਾ ਕਾਹਨ ਸਿੰਘ ਅੰਮ੍ਰਿਤ ਵੇਲੇ ਨਿਤਨੇਮ ਕਰਨ ਲੱਗਿਆਂ, ਆਪ ਨੂੰ ਗੋਦ ਵਿੱਚ ਲੈ ਕੇ ਪਾਠ ਕਰਦੇ ਸਨ ਤੇ ਕਿਹਾ ਜਾਂਦਾ ਹੈ ਕਿ ਆਪ ਇਸ ਦੌਰਾਨ ਹੈਰਾਨੀ ਨਾਲ ਉਨ੍ਹਾਂ ਦੇ ਮੂੰਹ ਵੱਲ ਵੇਖਦੇ ਰਹਿੰਦੇ ਤੇ ਗੋਦੀ ਵਿਚ ਕਦੀ ਵੀ ਵਿਚਲਿਤ ਨਹੀਂ ਹੋਏ ਸਨ। ਬਾਬਾ ਕਾਹਨ ਸਿੰਘ ਦੀ ਅੰਤਿਮ ਇੱਛਾ ਵੀਰ ਸਿੰਘ ਦਾ ਸਹੀ ਪਾਲਣ-ਪੋਸ਼ਣ ਸੀ। ਉਹਨਾਂ ਦੇ ਅੰਤਲੇ ਸ਼ਬਦ ਡਾ. ਚਰਨ ਸਿੰਘ ਨੂੰ ਇਸ ਬਾਬਤ ਹਦਾਇਤ ਰੂਪ ਵਿਚ ਸਨ:

'ਦੇਖ ਬੇਟਾ ਇਸ ਲੜਕੇ ਨੂੰ ਗੁੱਸੇ ਨਾ ਹੋਈ। ਪਿਤਾ ਨੇ ਕਿਹਾ ਮੈਂ ਆਖਰ ਇਸ ਦਾ ਬਾਪ ਹਾਂ ਕਈ ਮੌਕੇ ਆ ਜਾਂਦੇ ਹਨ ਕਿ ਬੱਚੇ ਨੂੰ ਤਾੜਨਾ ਹੁੰਦਾ ਹੈ ਪਰ ਆਪ ਕਹਿੰਦੇ ਹੋ ਕਿ ਮੈਂ ਇਸ ਨੂੰ ਗੁੱਸੇ ਨਾ ਹੋਵਾਂ। ਤਦ ਬਾਬਾ ਜੀ ਨੇ ਕਿਹਾ ਕਿ ਇਹ ਬੱਚਾ ਤੁਹਾਨੂੰ ਐਸਾ ਮੌਕਾ ਘੱਟ ਦੇਵੇਗਾ ਕਿ ਤੁਹਾਨੂੰ ਨਾਰਾਜ਼ ਕਰੇ, ਪਰ ਫਿਰ ਬੀ ਜੇ ਅਜਾਣੇ ਕੁਝ ਹੋ ਜਾਏ ਤਾਂ ਤੁਸੀਂ ਦਰਗੁਜ਼ਰ ਕਰਨੀ ਪਰ ਜੇ ਤੁਸੀਂ ਨਾ ਸੰਭਾਲ ਸਕੇ ਤਾਂ ਇੱਕ ਦੋ ਤੇ ਹਦ ਤਿੰਨ ਵਾਰ ਤੁਹਾਡੇ ਗੁੱਸੇ ਨੂੰ ਸਹਾਰ ਜਾਏਗਾ। ਤੀਜੀ ਵਾਰ ਤੋਂ ਅਗਾਂਹ ਗੁੱਸੇ ਹੋਏ ਤਾਂ ਇਹ ਟੁਰ ਜਾਏਗਾ।'[14]

ਭਾਈ ਸਾਹਿਬ ਬਚਪਨ ਤੋਂ ਹੀ ਬੁੱਧੀਮਾਨ, ਗੁਰੂ ਘਰ ਦੇ ਪ੍ਰੇਮੀ ਅਤੇ ਸ਼ੀਲ ਸੰਜਮ ਦੀ ਮਾਨੋ ਮੂਰਤੀ ਸਨ। ਵਾਹਿਗੁਰੂ ਇਸ਼ਟ ਦੇਵ ਦੇ ਵਿੱਚ ਦ੍ਰਿੜ ਵਿਸ਼ਵਾਸ ਰਖਦੇ ਸਨ। ਇਹ ਗੁਰੂ ਘਰ ਦਾ ਪ੍ਰੇਮ ਇੱਕ

ਡੋਡੀ ਦੀ ਸ਼ਕਲ ਵਿੱਚ ਭਾਈ ਸਾਹਿਬ ਦੇ ਬਾਲ ਹਿਰਦੇ ਵਿੱਚ ਮੌਜੂਦ ਸੀ ਜੋ ਮਗਰੋਂ ਸਹਿਜੇ-ਸਹਿਜੇ ਖਿੜਦੀ ਹੋਈ ਕਲੀ ਬਣੀ ਤੇ ਫਿਰ ਖਿੜਿਆ, ਖੇੜਿਆ ਭਰਿਆ ਫੁੱਲ ਬਣ ਗਿਆ।[15]

ਪੰਜ ਸਾਲ ਦੀ ਉਮਰ ਵਿੱਚ ਹਰ ਪਰਿਵਾਰ ਦੇ ਬਾਲ ਵਾਂਗ ਉਨ੍ਹਾਂ ਦੀ ਵੀ ਰਵਾਇਤੀ ਪੜ੍ਹਾਈ ਸ਼ੁਰੂ ਹੋ ਗਈ ਪਰ ਉਹ ਆਮ ਬਾਲ ਤੇ ਹੀ ਨਹੀਂ ਸਨ। ਸਕੂਲੋਂ ਛੁੱਟੀ ਹੁੰਦੀ ਤੇ ਸਿੱਧੇ ਰਸਤੇ ਵਿਚ ਪੈਂਦੇ ਇਕ ਨੇੜੇ ਦੇ ਗੁਰਦੁਆਰੇ ਵਿਚ ਬੈਠ ਜਾਂਦੇ ਜਿਥੇ ਪਾਠੀ ਸਿੰਘ ਹੋਰ ਬੱਚਿਆਂ ਨੂੰ ਸਿੱਖਿਆ ਦਿੰਦਾ ਸੀ। ਆਪ ਬਹੁਤ ਹੀ ਨੀਝ ਨਾਲ ਉਨ੍ਹਾਂ ਵੱਲ ਵੇਖਦੇ ਰਹਿੰਦੇ। ਫਲਸਰੂਪ ਪਾਠੀ ਸਿੰਘ ਦਾ ਧਿਆਨ ਆਪ ਨੇ ਖਿੱਚ ਲਿਆ। ਹਾਲਾਂਕਿ ਭਾਈ ਵੀਰ ਸਿੰਘ ਉਸ ਵੇਲੇ ਬਾਲ ਅਵਸਥਾ ਵਿੱਚ ਸੀ ਪਰ ਉਸਦੀ ਲਗਨ ਤੇ ਸਿੱਖੀ ਪ੍ਰਤੀ ਪਿਆਰ ਨੂੰ ਦੇਖਦੇ ਹੋਏ ਉਸ ਨੇ ਇਨ੍ਹਾਂ ਵੱਲ ਵੀ ਖ਼ਾਸ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਨਤੀਜਾ ਕੀ ਨਿਕਲਿਆ ਕਿ ਪੰਜ ਸਾਲ ਦੀ ਉਮਰ ਵਿੱਚ ਹੀ ਜਪੁ ਅਤੇ ਜਪੁਜੀ ਦਾ ਪਾਠ ਯਾਦ ਕਰ ਆਪ ਨੇ ਸਭ ਨੂੰ ਹੈਰਾਨ ਕਰ ਕੇ ਰੱਖ ਦਿੱਤਾ। ਦਾਦਾ ਕਾਹਨ ਸਿੰਘ ਹੋਰਾਂ ਲਈ ਇਹ ਬੇਹੱਦ ਖੁਸ਼ੀ ਦੇ ਪਲ ਸਨ, ਉਨ੍ਹਾਂ ਪਰਿਵਾਰ ਵਿੱਚ ਐਲਾਨ ਕਰ ਦਿੱਤਾ ਕਿ ਇਸ ਬਾਲ ਨੂੰ ਕਿਸੇ ਵੀ ਗੱਲ ਤੋਂ ਵਰਜਿਆ ਨਹੀਂ ਜਾਵੇਗਾ ਉਹਨਾਂ ਕਿਹਾ ਕਿ ਇਹ ਅਸਧਾਰਨ ਬਾਲ ਹੈ ਤੇ ਦੇਖਿਓ ਇਸ ਦੀਆਂ ਪ੍ਰਾਪਤੀਆਂ ਵੀ ਅਸਧਾਰਨ ਹੀ ਹੋਣਗੀਆਂ। ਬਹੁਤ ਜਲਦੀ ਆਪ ਨੇ ਗੁਰਮੁੱਖੀ, ਉਰਦੂ, ਫਾਰਸੀ, ਸੰਸਕ੍ਰਿਤ ਤੇ ਬ੍ਰਜੀ ਵਿੱਚ ਪੂਰੀ ਤਰ੍ਹਾਂ ਆਪਣੀ ਪੈਂਹਠ ਬਣਾ ਲਈ ਆਧੁਨਿਕ ਢੰਗ ਦੀ ਵਿੱਦਿਆ ਹਾਸਿਲ ਕਰਨ ਲਈ ਆਪ ਨੇ ਚਰਚ ਮਿਸ਼ਨ ਸਕੂਲ ਵਿੱਚ ਦਾਖਲਾ ਲਿਆ ਅਤੇ ਅੰਗਰੇਜ਼ੀ ਵਿੱਚ ਵੀ ਪ੍ਰਬੀਨਤਾ ਹਾਸਿਲ ਕੀਤੀ। ਇਥੋਂ ਹੀ ਆਪ ਨੇ 1891 ਈ: ਵਿੱਚ ਐਂਟਰੈਸ ਪਾਸ ਕੀਤਾ ਤੇ ਜਿਲ੍ਹੇ ਵਿਚ ਅਵੱਲ ਰਹਿਣ ਤੇ ਆਪ ਨੂੰ ਡਿਸਟ੍ਰਿਕਟ ਬੋਰਡ ਵੱਲੋਂ ਸੋਨੇ ਦਾ ਤਗ਼ਮਾ ਇਨਾਮ ਮਿਲਿਆ। ਇਹ ਫਖ਼ਰਯੋਗ ਪ੍ਰਾਪਤੀ ਸੀ। ਜਿਸ ਨੂੰ ਪਾ ਕੇ ਸਾਰਾ ਪਰਿਵਾਰ ਬਹੁਤ ਖੁਸ਼ ਹੋਇਆ। ਪਰ ਭਾਈ ਸਾਹਿਬ ਉਤੇ ਇਸ ਤਗ਼ਮੇ ਦਾ ਕੋਈ ਖ਼ਾਸ ਅਸਰ ਨਹੀਂ ਹੋਇਆ, ਸਗੋਂ ਉਹ ਆਪਣੀ ਰੂਹਾਨੀ (ਅਧਿਆਤਮਕ) ਲਗਨ ਵਿੱਚ ਜੁੱਟੇ ਰਹੇ। ਦਸਵੀਂ ਪਾਸ ਕਰਨ ਤੇ ਸਕੂਲ ਦੇ ਅੰਗਰੇਜ਼ ਪ੍ਰਿੰਸੀਪਲ ਨੇ ਪ੍ਰਸੰਸਾ ਪੱਤਰ ਵਿੱਚ ਲਿਖਿਆ ਕਿ: 'ਇਹ ਨਿਰੋਲ ਸੱਚਾ, ਖਰਾ ਤੇ ਇਮਾਨਦਾਰ ਲੜਕਾ ਹੈ ਤੇ ਇਕ ਚੰਗੇ

ਵੰਸ਼ ਦਾ ਬੱਚਾ ਹੈ। ਸਹੀ ਹੁੰਦਾ ਹੈ ਕਿ ਇਹ ਦੁਨੀਆ ਲਈ ਬੜਾ ਉਪਕਾਰੀ ਸਾਬਤ ਹੋਵੇਗਾ। ਮੈਨੂੰ ਭਰੋਸਾ ਹੈ ਕਿ ਜੋ ਕੁਝ ਵੀ ਕਰੇਗਾ, ਇਸ ਦੇ ਕੰਮਾਂ ਉੱਪਰ ਪ੍ਰਮਾਤਮਾ ਦੀ ਬਰਕਤ ਹੋਵੇਗੀ।'[16]

ਜਿਵੇਂ ਪਹਿਲਾਂ ਵੀ ਗੱਲ ਕੀਤੀ ਜਾ ਚੁੱਕੀ ਹੈ ਕਿ ਆਰੰਭਲੀ ਵਿੱਦਿਆ ਭਾਈ ਸਾਹਿਬ ਨੇ ਆਪਣੇ ਨਾਨਾ ਗਿਆਨੀ ਹਜ਼ਾਰਾ ਸਿੰਘ ਦੀ ਦੇਖ ਰੇਖ ਵਿੱਚ ਹੀ ਸ਼ੁਰੂ ਕੀਤੀ ਸੀ। ਗਿਆਨੀ ਜੀ ਇਕ ਮਹਾਨ ਟੀਕਾਕਾਰ ਤੇ ਅਨੁਵਾਦ ਦੇ ਮਾਹਰ ਸਨ ਅਤੇ ਪੰਜਾਬੀ ਦੀ ਪੜ੍ਹਾਈ ਦੇ ਕੋਰਸਾਂ ਨਾਲ ਸੰਬਧਿਤ ਪੁਸਤਕਾਂ ਦਾ ਉਲਥਾ ਕਰਦੇ ਸਨ। ਭਾਈ ਸਾਹਿਬ ਵੀ ਉਲਥਾ ਕਰਨ ਦੇ ਕੰਮ ਵਿਚ ਆਪਣੇ ਨਾਨਾ ਜੀ ਦਾ ਹੱਥ ਵਟਾਉਣ ਲੱਗੇ। ਪਰ ਉਹ ਇਸ ਕਰਤਵ ਵਿੱਚ ਤਸੱਲੀ ਚਿਤ ਨਹੀਂ ਸਨ ਤੇ ਇਕ ਦਿਨ ਆਪ ਨੇ ਨਾਨਾ ਜੀ ਨੂੰ ਕਹਿ ਹੀ ਦਿੱਤਾ ਕਿ ਇਹ ਤਾਂ ਠੀਕ ਹੈ ਕਿ ਪੰਜਾਬੀ ਵਿਚ ਪੁਸਤਕਾਂ ਨਹੀਂ ਹਨ ਤੇ ਵੱਧ ਤੋਂ ਵੱਧ ਪੁਸਤਕਾਂ ਰਚਣ ਦੀ ਲੋੜ ਹੈ ਪਰ ਤੁਸੀਂ ਲੋਕਾਂ ਦੀਆ ਰਚਨਾਵਾਂ ਦੇ ਉਲਥੇ ਕਰ ਦਿੰਦੇ ਹੋ, ਆਪਣੇ ਅੰਦਰੋਂ ਨਵੀਂ ਰਚਨਾ ਕਿਉ ਨਹੀਂ ਲਿਖਦੇ ਨਾਨਾ ਜੀ ਪਿਆਰ ਦੇ ਕੇ ਬੋਲੇ 'ਬਰਖ਼ੁਰਦਾਰ ਮੈਂ ਨਹੀਂ ਲਿਖ ਸਕਿਆ, ਪਰ ਤੂੰ ਜਰੂਰ ਲਿਖੇਗਾ।'[17] ਨਾਨਾ ਜੀ ਦੇ ਇਹ ਭਵਿੱਖੀ ਬਚਨ ਸੱਚ ਹੋਏ ਤੇ ਜਿੰਨਾ ਕੰਮ ਉਨ੍ਹਾਂ ਨੇ ਕੀਤਾ, ਉਹ ਸਭ ਨੂੰ ਹੈਰਾਨੀ ਵਿਚ ਪਾ ਦਿੰਦਾ ਹੈ। ਆਪ ਨੇ ਉਹਨਾਂ ਤੋਂ ਸਿੱਖੀ ਜੀਵਨ ਜਾਂਚ ਦੇ ਅਧਿਆਤਮਕਤਾ ਦੇ ਸਬਕ ਵੀ ਪੱਕੇ ਕੀਤੇ। ਪੱਛਮੀ ਵਿਦਿਆ ਗ੍ਰਹਿਣ ਕਰਦੇ ਸਮੇਂ ਆਪ ਨੂੰ ਬਾਈਬਲ ਦਾ ਅਧਿਐਨ ਕਰਨ ਦਾ ਮੌਕਾ ਮਿਲਿਆ ਪਰ ਚੋਗਿਰਦੇ ਦਾ ਅਸਰ ਜਿਆਦਾ ਪ੍ਰਭਾਵੀ ਰਿਹਾ। ਇਸ ਸਮੇਂ ਦੌਰਾਨ ਪਿਤਾ ਡਾ. ਚਰਨ ਸਿੰਘ 'ਬਾਣੀ ਬਿਉਰਾ' ਪੁਸਤਕ ਤੇ ਕੰਮ ਕਰ ਰਹੇ ਸਨ, ਜੋ ਸਾਲਾਂ ਬੱਧੀ ਚਲਿਆ ਜਿਸ ਕਰਕੇ ਘਰ ਵਿੱਚ ਨਿਰੋਲ ਬਾਣੀ ਦਾ ਪਾਠ ਪਠਨ ਹੁੰਦਾ ਰਹਿੰਦਾ ਸੀ। ਬਾਣੀ ਦਾ ਪਾਠ ਭਾਵਾਂ ਨੂੰ ਨਿਖੇੜ ਕੇ ਕੀਤਾ ਜਾਂਦਾ ਸੀ ਤੇ ਨਾਲ-ਨਾਲ ਗੁਰ ਸਿਖਿਆ ਉਪਰ ਟੁਰਨ ਲਈ ਜ਼ੋਰ ਦਿੱਤਾ ਜਾਂਦਾ ਸੀ। ਭਾਈ ਸਾਹਿਬ ਨੇ ਸ਼੍ਰੀ ਗੁਰੂ ਗ੍ਰੰਥ ਦੇ ਉਪਦੇਸ਼ ਉਪਰ ਖ਼ਾਸ ਧਿਆਨ ਦਿੱਤਾ ਅਤੇ ਅਧਿਆਤਮਕ ਪ੍ਰਭਾਵ ਨੂੰ ਆਪਣੇ ਅੰਦਰ ਜ਼ਜ਼ਬ ਕੀਤਾ ਅਤੇ ਇਸ ਰੂਹਾਨੀ ਤੇ ਜਜ਼ਬਾਤੀ ਰੰਗ ਨੂੰ ਆਪਣੀ ਨਿਜੀ ਰੂਹਾਨੀਅਤ ਵਿਚ ਢਾਲ ਕੇ ਇਕ ਜਾਨ ਤੇ ਇਕਮਿਕ ਕੀਤਾ। ਅਜਿਹੇ ਗਿਆਨ ਭਰਪੂਰ ਵਿਵਹਾਰ ਦੌਰਾਨ ਸਾਰੇ ਧਰਮਾਂ ਦਾ ਤੁਲਨਾਤਮਿਕ ਅਧਿਐਨ ਬਚਪਨ

ਤੋਂ ਹੀ ਆਪ ਦੇ ਮਨ ਵਿੱਚ ਤੱਥਿਕ ਤੌਰ ਤੇ ਸਪਸ਼ਟ ਹੋ ਗਿਆ। ਇਸ ਸਬੰਧੀ ਆਪ ਦੇ ਜੀਵਨ ਦੀ ਇਕ ਘਟਨਾ ਜ਼ਿਕਰਯੋਗ ਹੈ। 'ਇਕ ਦਿਨ ਘਰ ਤੋਂ ਸਕੂਲ ਵੱਲ ਜਾ ਰਹੇ ਸੀ, ਰਸਤੇ ਵਿੱਚ ਗਿਰਜਾ ਘਰ ਦੇ ਅੱਗੇ ਕਾਫ਼ੀ ਭੀੜ ਇਕੱਠੀ ਸੀ, ਉਥੇ ਪਾਦਰੀ ਉਪਦੇਸ਼ ਦੇ ਰਹੇ ਸਨ ਜਿਸ ਵੇਲੇ ਆਪ ਪਹੁੰਚੇ ਤਾਂ ਉਹ ਕਹਿ ਰਹੇ ਸਨ 'ਸਾਰੇ ਮਜ਼ਹਬਾਂ ਵਿੱਚ ਅੱਡ ਅੱਡ ਦੱਸਿਆ ਹੈ ਕਿ ਜੇ ਕੋਈ ਤਿੰਨ ਵਾਰ ਭੁੱਲੇ ਤਾਂ ਮਾਫ਼ ਕਰੋ, ਕੋਈ ਕਹਿੰਦਾ ਕਿ ਕੋਈ ਸੱਤ ਵਾਰ ਭੁੱਲੇ ਤਾਂ ਸੱਤ ਵਾਰ ਮਾਫ਼ ਕਰੋ, ਈਸਾ ਜੀ ਕਹਿੰਦੇ ਹਨ ਕਿ ਸੱਤਰ ਵਾਰ ਵੀ ਭੁੱਲੇ ਤਾਂ ਸੱਤਰ ਵਾਰ ਹੀ ਮਾਫ਼ ਕਰੋ, ਦੇਖੋ ਕਿੰਨੇ ਵੱਡੇ ਸਨ ਈਸਾ ਜੀ। ਆਪ ਨੇ ਉੱਚੀ ਅਵਾਜ਼ ਵਿੱਚ ਕਿਹਾ ਕਿ ਵਡਿੱਪਣ ਨਾਪਣ ਦਾ ਏਹੋ ਮੇਚਾ ਹੈ ਤਾਂ ਏਸ ਤੋਂ ਵੱਧ ਵਾਰ ਜਿਹੜਾ ਮਾਫ਼ ਕਰੇ, ਦੱਸੋ ਕਿ ਕੀ ਉਹ ਈਸਾ ਤੋਂ ਵੱਡਾ ਨਹੀਂ ਹੋਵੇਗਾ ਉਸ ਨੇ ਕਿਹਾ ਹੋਰ ਕਿਹੜਾ ਹੈ ਆਪ ਨੇ ਕਿਹਾ, ਗੁਰਬਾਣੀ ਕਹਿੰਦੀ ਹੈ ਕਿ ਮਨੁੱਖ ਭੁਲਨਹਾਰ ਹੈ ਇਹ ਜਿੰਨੀ ਵਾਰ ਵੀ ਭੁੱਲੇ, ਪਛਤਾਵਾ ਕਰੇ ਉਤਨੀ ਵਾਰ ਮਾਫ਼ ਕਰ ਦਿਓ, ਗਿਣਤੀ ਲੇਖਾ ਹੀ ਛੱਡੋ। 'ਲੇਖੇ ਕਤਹਿ ਨ ਛੁਟੀਐ ਖਿਨੁ ਖਿਨੁ ਭੁਲਨਹਾਰ, ਬਖਸ਼ਨਹਾਰਾ ਭਖਸਿ ਲੈ ਨਾਨਕ ਪਾਰਿ ਉਤਾਰਿ (ਬਾਵਨ ਅੱਖਰੀ ਮ. ਪ. 42)। ਸਾਰੀ ਭੀੜ ਨੇ ਆਪ ਦੀ ਗੱਲ ਵਲ ਧਿਆਨ ਦੇ ਕੇ ਤਾੜੀਆਂ ਮਾਰਨੀਆਂ ਸ਼ੁਰੂ ਕਰ ਦਿਤੀਆਂ।'[18] ਨਿਸ਼ਚੇ ਹੀ ਉਹ ਦੈਵੀ ਬਖਸ਼ਿਸ਼ ਦਾ ਪਾਤਰ ਬਣ ਕੇ ਆਈ ਇਕ ਅਜਬ ਰੂਹ ਸੀ। ਉਨ੍ਹਾਂ ਦਾ ਕਾਰ-ਵਿਹਾਰ, ਉਨ੍ਹਾਂ ਦਾ ਵਰਤਾਓ, ਉਨ੍ਹਾਂ ਦੀ ਉਮਰ ਨਾਲੋਂ ਕਿਤੇ ਜ਼ਿਆਦਾ ਵੱਡਾ ਸੀ। ਸਧਾਰਨ ਬਾਲ ਹੋਣ ਦੇ ਬਾਵਜੂਦ ਚਿੰਤਕ ਵਾਂਗ ਗੱਲ ਨੂੰ ਉਸਾਰਨ ਤੇ ਫਿਰ ਸਿਖਰ ਤੇ ਲਿਜਾ ਕੇ ਸਾਹਮਣੇ ਵਾਲੇ ਦੇ ਸਨਮੁੱਖ ਵੱਡਾ ਪ੍ਰਸ਼ਨ ਖੜ੍ਹਾ ਕਰ ਦੇਣਾ, ਉਨ੍ਹਾਂ ਦੇ ਹੀ ਹਿੱਸੇ ਆਇਆ ਸੀ।

ਪ੍ਰੌਢ ਵਿਦਵਾਨ ਡਾ. ਸਤਿੰਦਰ ਸਿੰਘ ਆਪ ਜੀ ਦੇ ਬਚਪਨ ਨਾਲ ਜੁੜਿਆ ਇਕ ਬਹੁਤ ਖੂਬਸੂਰਤ ਵੇਰਵਾ ਦਿੰਦੇ ਹੋਏ ਲਿਖਦੇ ਹਨ ਕਿ ਭਾਈ ਵੀਰ ਸਿੰਘ ਇਕ ਅਸਾਧਾਰਣ ਬਾਲਕ ਸੀ। ਪੜ੍ਹਾਈ ਵਿੱਚ ਉਸਦਾ ਬੁੱਧ ਬਹੁਤ ਤੇਜ਼ ਸੀ ਛੋਟੀ ਉਮਰੇ ਹੀ ਉਸ ਦਾ ਸ਼ੀਲ ਸੰਜਮ, ਦ੍ਰਿੜਤਾ ਦੀ ਸਾਧਨਾ ਦੁਆਰਾ ਪਵਿੱਤਰਤਾ ਵਿੱਚ ਸਥਿਰ ਹੋ ਗਿਆ ਅਤੇ ਉਸ ਦੀ ਇਸ਼ਟ ਭਾਵਨਾ ਇਕ ਸਨੇਹ ਭਰਪੂਰ ਜ਼ਜਬੇ ਦੀ ਸ਼ਕਲ ਵਿੱਚ ਹਿਰਦੇ ਅੰਦਰ ਪ੍ਰੇਮ ਸਰੂਪ ਧਾਰਣ ਕਰਕੇ ਬੈਠ ਗਈ। ਇਸ ਤਰ੍ਹਾਂ ਤਿੰਨ ਧਾਰਾਂ ਸਨ, ਇਕ ਬੁਧੀਮਤਾ ਦੀ,

ਦੂਜੀ ਸ਼ੀਲ ਸੰਜਮ ਦੀ, ਤੀਜੀ ਇਸ਼ਟ ਪ੍ਰੇਮ ਦੀ। ਇਹ ਤਿੰਨੇ ਹੀ ਇਕ ਕਲੀ ਦੇ ਰੂਪ ਵਿੱਚ ਬੰਦ ਸਨ। ਇਹ ਕਲੀ ਵੀਰ ਸਿੰਘ ਦੇ ਬਾਲ ਵਰੇਸ ਦੇ ਹਿਰਦੇ-ਕਮਲ ਦੀ ਡੋਡੀ ਸੀ, ਜੋ ਸਮੇਂ ਦੇ ਲਿਹਾਜ਼ ਨਾਲ ਹੌਲੇ-ਹੌਲੇ ਖਿੜਦੀ ਗਈ। ਇਸ ਖੇੜੇ ਦਾ ਹੀ ਦਰਜੇਵਾਰ ਵਿਕਾਸ ਭਾਈ ਵੀਰ ਸਿੰਘ ਦੀ ਜੀਵਨ ਕਥਾ ਹੈ।[19]

ਪੜ੍ਹਾਈ ਕਰਦਿਆਂ ਹੀ ਆਪ ਨੇ ਆਪਣੇ ਜੀਵਨ ਦਾ ਟੀਚਾ ਸੁਨਿਸ਼ਚਿਤ ਕਰ ਲਿਆ ਸੀ ਕਿ ਹਰ ਤਰ੍ਹਾਂ ਦੇ ਬੰਧਨਾਂ ਤੋਂ ਪੂਰਨ ਤੌਰ ਤੇ ਬਾਹਰ ਰਹਿ ਕੇ ਅੰਦਰ ਅੰਗੜਾਈਆਂ ਲੈ ਰਹੇ ਚਿੰਤਨ ਦੇ ਰੂ-ਬ-ਰੂ ਹੋਣਾ ਤੇ ਉਸਨੂੰ ਜਨ ਸਧਾਨਣ ਲਈ ਲਿਖਤ ਦਾ ਰੂਪ ਦੇਣਾ ਅਤੇ ਸਿੱਖੀ, ਸਿੱਖ ਤੇ ਸਿੱਖ ਸਭਿਆਚਾਰ ਦੇ ਸਿਧਾਂਤਕ ਪਹਿਲੂਆਂ ਨੂੰ ਵਾਰਤਕ, ਗਲਪ, ਕਵਿਤਾ ਤੇ ਵਿਆਖਿਆਕਾਰੀ ਦੇ ਰੂਪ ਵਿੱਚ ਸਾਹਮਣੇ ਲਿਆਉਣਾ। ਇਹ ਫੈਸਲਾ ਸਹਿਜ ਨਹੀਂ ਸੀ ਪਰ ਜਦੋਂ ਸਿੱਖ ਦੇ ਤੌਰ ਤੇ ਫੈਸਲਾ ਕਰ ਹੀ ਲਿਆ ਸੀ ਤੇ ਉਸ ਤੋਂ ਪਿਛੇ ਹਟਣ ਦਾ ਕਦੇ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਪਿਤਾ ਜੀ ਨੂੰ ਉਨ੍ਹਾਂ ਦਾ ਇਹ ਫੈਸਲਾ ਕਦਾਚਿਤ ਪ੍ਰਵਾਨ ਨਹੀਂ ਸੀ ਪਰ ਭਾਈ ਵੀਰ ਸਿੰਘ ਤੇ ਉਹ ਪ੍ਰਬਲ ਵੇਗ ਸੀ ਜਿਸ ਨੇ ਆਪਣੀਆਂ ਲਿਖਤਾਂ ਦੇ ਮਾਧਿਅਮ ਰਾਹੀਂ ਕਾਂਬਾ ਲਾਉਣਾ ਸੀ ਤੇ ਸਮੁੰਦਰਾਂ ਵਿਚ ਅੱਗ, ਪਰ ਇਸ ਪ੍ਰਬਲ ਵੇਗ ਨੂੰ ਠਲਣ ਦੀ ਕੋਸ਼ਿਸ਼ ਕਰਦੇ ਪਿਤਾ ਚਰਨ ਸਿੰਘ ਜੀ ਵੀ ਕਿਤੇ ਨਾ ਕਿਤੇ ਭੁੱਲ ਹੀ ਕਰ ਰਹੇ ਸਨ। ਗਿਆਨੀ ਪੁਰਸ਼ ਚਰਨ ਸਿੰਘ ਵੀ ਹਰ ਪਿਤਾ ਵਾਂਗ ਉਨ੍ਹਾਂ ਨੂੰ ਕੇਵਲ ਪੁੱਤਰ ਦੇ ਤੌਰ ਤੇ ਹੀ ਤਸੱਵੁਰ ਕਰ ਰਿਹਾ ਸੀ ਨਾ ਕਿ ਸਿੱਖੀ ਦੇ ਯੁੱਗ ਪਰਿਵਰਤਕ ਦੇ ਤੌਰ ਤੇ ਉੱਭਰ ਰਹੇ ਸਿੱਖ ਚਿੰਤਕ ਦੇ ਤੌਰ ਤੇ। ਦਸਵੀਂ ਦੀ ਪੜ੍ਹਾਈ ਪ੍ਰਥਮ ਨੰਬਰਾਂ ਵਿੱਚ ਸੰਪੂਰਨ ਕੀਤੀ। ਅੰਗਰੇਜ਼ੀ ਰਾਜ ਸੀ ਤੇ ਪੜ੍ਹਨ ਵਾਲੇ ਨੂੰ ਸਤਿਕਾਰ ਦੀਆਂ ਨਿਗਾਹ ਨਾਲ ਵੇਖਿਆ ਜਾਂਦਾ ਸੀ। ਨਾਮਵਰ ਪਰਿਵਾਰ ਦਾ ਫਰਜ਼ੰਟ ਹੋਣਾ ਵੀ ਕਿਸੇ ਨਾ ਕਿਸੇ ਰੂਪ ਵਿੱਚ ਵੱਡੀ ਪੌੜੀ ਤੇ ਚੜ੍ਹਨ ਲਈ ਸਹਾਈ ਹੋ ਰਿਹਾ ਸੀ। ਇਸ ਕਰਕੇ ਅੰਮ੍ਰਿਤਸਰ ਸ਼ਹਿਰ ਦੇ ਡਿਪਟੀ ਨੇ ਡਾ. ਚਰਨ ਸਿੰਘ ਨੂੰ ਬੁਲਾਇਆ ਤੇ ਪੁੱਤਰ ਲਈ ਨਾਇਬ ਤਹਿਸੀਲਦਾਰ ਦੀ ਨੌਕਰੀ ਦਾ ਰੁੱਕਾ ਹੱਥ ਫੜਾ ਦਿੱਤਾ। ਕੰਮ ਲਈ ਵੀ ਥਾਂ ਦੀ ਚੋਣ ਭਾਈ ਵੀਰ ਸਿੰਘ ਦੇ ਉੱਪਰ ਹੀ ਛੱਡ ਦਿੱਤੀ ਗਈ। ਪਰਿਵਾਰ ਲਈ ਇਹ ਰੁੱਤਬਾ ਬਹੁਤ ਅਹਿਮ ਸੀ। ਭਵਿੱਖ ਦੀਆਂ ਪ੍ਰਾਪਤੀਆਂ ਇਸ ਰੁਤਬੇ ਨਾਲ ਜੁੜੀਆਂ ਹੋਈਆਂ ਸਨ ਕਿਉਂਕਿ ਛੋਟੀ ਉਮਰ ਦੀ ਅਹਿਮ

ਪ੍ਰਾਪਤੀ ਸਮਾਜਿਕ ਤਾਣੇ-ਬਾਣੇ ਵਿੱਚ ਭਾਈ ਵੀਰ ਸਿੰਘ ਨੂੰ ਹੋਰ ਵੀ ਕੱਦਵਾਰ ਕਰ ਸਕਦੀ ਸੀ, ਪਰ ਭਾਈ ਵੀਰ ਸਿੰਘ ਹੋਰਾਂ ਨੇ ਕੱਦਵਾਰ ਤਾਂ ਹੋਣਾ ਹੀ ਸੀ ਪਰ ਇਸ ਨੌਕਰੀ ਦੇ ਮਾਧਿਅਮ ਰਾਹੀਂ ਨਹੀਂ ਬਲਕਿ ਉਹਨਾਂ ਦੀਆਂ ਤੇ ਲਿਖਤਾਂ ਨੇ ਹੀ ਉਹਨਾਂ ਨੂੰ ਸਦੀਵੀਂ ਬਣਾ ਦੇਣਾ ਸੀ। ਉਹਨਾਂ ਨੇ ਨੌਕਰੀ ਨੂੰ ਲੱਤ ਮਾਰ ਹੋਰ ਰਸਤਾ ਚੁਣ ਲਿਆ। ਹੁਣ ਉਹ ਪੂਰੀ ਤਰ੍ਹਾਂ ਨਿੱਠ ਕੇ ਬਾਣੀ ਅਧਿਐਨ ਵਿੱਚ ਲਗ ਗਏ ਤੇ ਸਿੱਖ ਇਤਿਹਾਸਕ ਪੁਸਤਕਾਂ ਦਾ ਮੰਥਨ ਤੇ ਗੁਰਬਾਣੀ ਅਧਿਐਨ ਹੀ ਉਨ੍ਹਾਂ ਦਾ ਇਕੋ ਇਕ ਮਕਸਦ ਸੀ।

1896 ਈ: ਵਿੱਚ ਅੰਮ੍ਰਿਤਸਰ ਦੇ ਇਕ ਸੁਪ੍ਰਸਿੱਧ ਪਰਿਵਾਰ ਵਿੱਚ ਆਪ ਦੀ ਸ਼ਾਦੀ ਹੋ ਗਈ। ਸ੍ਰ: ਨਰਾਇਣ ਸਿੰਘ ਦੀ ਸਪੁੱਤਰੀ ਬੀਬੀ ਚਤੁਰ ਕੌਰ ਆਪ ਜੀ ਦੀ ਬੀਵੀ ਬਣੀ। ਇਸ ਵਪਾਰੀ ਪਰਿਵਾਰ ਦਾ ਵਪਾਰ ਪਿਸ਼ਾਵਰ ਤੋਂ ਲੈ ਕੇ ਬੰਬਈ ਤੱਕ ਫੈਲਿਆ ਹੋਇਆ ਸੀ। ਅਮੀਰ ਪਰਿਵਾਰ ਨਾਲ ਸੰਬਧਿਤ ਹੋਣ ਦੇ ਬਾਵਜੂਦ ਚਤੁਰ ਕੌਰ ਬਹੁਤ ਹੀ ਸੰਜਮੀ ਔਰਤ ਸੀ। ਪਿਛੋਕੜ ਨੂੰ ਭੁੱਲ ਉਹ ਆਪਣੇ ਸਹੁਰੇ ਪਰਿਵਾਰ ਨੂੰ ਸਮਰਪਿਤ ਹੋ ਗਈ ਤੇ ਸਹੁਰੇ ਪਰਿਵਾਰ ਦਾ ਦਿਲ ਜਿੱਤ ਲਿਆ, ਘਰ ਦੇ ਕੰਮ ਕਾਰ 'ਚ ਨਿਪੁੰਨ ਚਤੁਰ ਕੌਰ ਨੇ ਭਾਈ ਵੀਰ ਸਿੰਘ ਦੀਆਂ ਜਿੰਮੇਵਾਰੀਆਂ ਨੂੰ ਵੀ ਆਪਣੇ ਸਿਰ ਲੈ ਉਹਨਾਂ ਨੂੰ ਲਿਖਣ ਪੜ੍ਹਨ ਲਈ ਪੂਰੇ ਤੌਰ ਤੇ ਵਿਹਲੇ ਕਰ ਦਿੱਤਾ। ਆਪ ਦੇ ਘਰ ਦੋ ਸਪੁੱਤਰੀਆਂ ਬੀਬੀ ਕਰਤਾਰ ਕੌਰ ਅਤੇ ਬੀਬੀ ਸੁਸੀਲ ਕੌਰ ਪੈਦਾ ਹੋਈਆਂ। ਹਰਬੰਸ ਸਿੰਘ ਭਾਈ ਵੀਰ ਸਿੰਘ ਦੀ ਜੀਵਨ ਕਥਾ ਵਿੱਚ ਆਪ ਦੇ ਪਰਿਵਾਰ ਦੇ ਨਿੱਘੇ ਮਾਹੌਲ ਬਾਰੇ ਬਿਆਨ ਕਰਦੇ ਹਨ ਕਿ 'ਚਤੁਰ ਕੌਰ ਨੇ ਜਨਮ ਤਾਂ ਭਾਵੇ ਦੋ ਬੱਚੀਆਂ ਨੂੰ ਦਿੱਤਾ, ਪਰ ਮਾਵਾਂ ਵਾਲੀ ਠੰਡੀ ਛਾਂ ਤੇ ਹਾਰਦਿਕ ਮਿੱਠੀਆਂ ਅਸੀਸਾਂ ਭਰਿਆ ਮਾਤ੍ਰੀ ਪਿਆਰ ਅਨੇਕਾਂ ਨੂੰ ਅਖੁੱਟ ਵੰਡਿਆ । ਇਸ ਮਾਂ ਦੀ ਛਾਂ ਹੇਠ ਹਰ ਇਕ ਨੂੰ ਆਪਣੀ ਜਨਮ ਦਾਤਾ ਮਾਂ ਭੁੱਲ ਜਾਂਦੀ ਸੀ। ਭਾਈ ਸਾਹਿਬ ਦੀ ਆਗਿਆ ਨੂੰ ਸਦਾ ਸਤਿ ਬਚਨ ਦੇ ਰੰਗ ਵਿੱਚ ਖਿੜੇ ਮੱਥੇ ਲੀਤਾ ਤੇ ਆਯੂ ਪ੍ਰਯੰਤ ਲੰਗਰ ਤੇ ਆਈ ਸੰਗਤ ਦੀ ਸੇਵਾ ਉਤਸ਼ਾਹ ਤੇ ਹਰ ਇਕ ਦੇ ਪੂਰੇ ਫ਼ਿਕਰ ਨਾਲ ਕਰਦੇ ਕਰਾਂਦੇ ਰਹੇ।'[20]

ਅਜਿਹੀ ਪਤਨੀ ਦੇ ਹੁੰਦਿਆਂ ਭਾਈ ਵੀਰ ਸਿੰਘ ਨੂੰ ਕਿਸੇ ਵੀ ਕਾਰਜ ਨੂੰ ਕਰਨ ਦੀ ਲੋੜ ਹੀ ਕੀ ਸੀ ਹੁਣ ਉਹਨਾਂ ਸਾਹਮਣੇ ਇਕੋ ਇਕ ਕਾਰਜ ਸੀ ਪੜ੍ਹਨਾ, ਮੰਥਨ ਕਰਨਾ ਤੇ ਫਿਰ ਉਸਨੂੰ ਲਿਖਤ ਦਾ ਰੂਪ

ਦੇਣਾ। ਇਸ ਫ਼ਕੀਰੀ ਦੇ ਬਾਵਜੂਦ ਨੇਮ ਬੱਧ ਜ਼ਿੰਦਗੀ ਨੂੰ ਉਨ੍ਹਾਂ ਦਾ ਸੁੰਦਰ ਪਹਿਰਾਵਾ ਤੇ ਸੁਭਾਅ ਦਾ ਸਲੀਕ ਉਹਨਾਂ ਦੀ ਵਿਰਾਸਤੀ ਅਮੀਰੀ ਨੂੰ ਰੂਪਮਾਨ ਕਰਦਾ ਨਜ਼ਰ ਆਉਂਦਾ। ਕਰਤਾਰ ਸਿੰਘ ਦੁੱਗਲ ਲਿਖਦੇ ਹਨ, 'ਭਾਈ ਸਾਹਿਬ ਦੇ ਪਹਿਰਾਵੇ ਵਿਚ ਚਿੱਟਾ ਮਲਮਲ ਦਾ ਸਾਫਾ, ਫਲਾਲੈਨ ਦਾ ਪਜ਼ਾਮਾ, ਸਲੇਟੀ ਜੁਰਾਬਾਂ ਤੇ ਬਾਦਾਮੀ ਰੰਗ ਦੀ ਗੁਰਗਾਬੀ ਹੁੰਦੀ ਸੀ ਤੇ ਉਪਰ ਗੂੜ੍ਹੇ ਨੀਲੇ ਰੰਗ ਦਾ ਗਲੇਬੰਦ ਕੋਟ ਪਾਇਆ ਹੁੰਦਾ ਸੀ, ਜਿਸ ਦੇ ਖੱਬੇ ਹੱਥ ਵਾਲੀ ਜੇਬ ਵਿਚ ਪਈ ਘੜੀ ਦੀ ਸੁਨਹਿਰੀ ਜ਼ੰਜੀਰੀ ਲਟਕ ਕੇ ਇਕ ਕਾਜ ਵਿੱਚ ਪਰੋਈ ਹੁੰਦੀ ਸੀ।'[21] ਉਹ ਆਮ ਇਨਸਾਨਾਂ ਵਾਂਗ ਸੋਹਣਾ ਪਾਉਂਦੇ, ਸੋਹਣੀ ਤਰ੍ਹਾਂ ਰਹਿਣਾ ਪਸੰਦ ਕਰਦੇ ਸਨ ਭਾਵੇਂ ਉਹ ਆਪਣੀ ਲਗਨ ਵਿੱਚ ਮਗਨ ਰਹਿੰਦੇ ਸਨ, ਪਰ ਆਪਣੀ ਰੂਹ ਦਾ ਖੇੜਾ ਨਹੀਂ ਵਿਸਾਰਦੇ ਸਨ ਜਿੰਦਾਦਿਲੀ ਭਰਿਆ ਜੀਵਨ ਬਤੀਤ ਕਰਨ ਲਈ ਉਹਨਾਂ ਦਾ ਮਹਾਨ ਸੰਕਲਪ ਹੈ: ਹੋਸ਼ਾਂ ਨਾਲੋ ਮਸਤੀ ਚੰਗੀ ਰਖਦੀ ਸਦਾ ਟਿਕਾਣੇ।[22] ਭਾਵੇਂ ਉਹ ਨੌ-ਨੌ, ਦਸ-ਦਸ ਘੰਟੇ ਲਗਾਤਾਰ ਕੰਮ ਕਰਦੇ ਸਨ ਪਰ ਉਹਨਾਂ ਵਿੱਚ ਸਖ਼ਤ ਮਿਜ਼ਾਜੀ ਬਿਲਕੁਲ ਨਹੀਂ ਸੀ। ਸਗੋਂ ਉਹਨਾਂ ਦੇ ਸੁਭਾਓ ਵਿੱਚ ਮਿੱਠਾਪਨ, ਖੇੜਾ ਮਿਲਾਪੜਾਪਨ ਤੇ ਮਸਤੀ ਮੁਹਾਰੇ ਹੀ ਜੀਵਨ ਅੰਗ ਬਣ ਗਏ ਸੀ।

ਭਾਈ ਸਾਹਿਬ ਖੁਦਦਾਰ, ਦੇਸ਼ ਭਗਤੀ ਦੀ ਭਾਵਨਾ ਨਾਲ ਭਰਪੂਰ, ਮਾਇਆ ਤੋਂ ਨਿਰਲੇਪ, ਸੱਚ ਤੇ ਡੱਟੇ ਰਹਿਣ ਵਾਲੇ ਇਨਕਲਾਬੀ ਸੁਭਾਅ ਦੇ ਮਾਲਕ ਸਨ। ਅਸਲ ਵਿੱਚ ਉਹਨਾਂ ਦਾ ਪਰਿਵਾਰ ਪੂਰੀ ਤਰ੍ਹਾਂ ਸਿੱਖ ਧਰਮ ਨੂੰ ਸਮਰਪਿਤ ਸੀ ਤੇ ਪੰਥਕ ਜਾਗ੍ਰਿਤੀ ਲਿਆਉਣ ਤੇ ਸਾਹਿਤ ਰਚਨਾ ਲਈ ਅਣਥੱਕ ਕਾਰਜ ਕਰ ਰਿਹਾ ਸੀ। ਪਰੰਤੂ ਸਮੇਂ ਦੀਆਂ ਸਥਿਤੀਆਂ ਪ੍ਰਸਥਿਤੀਆਂ ਤੇ ਸੰਸਕ੍ਰਿਤ ਸੰਕਟ ਨੇ ਆਪ ਨੂੰ ਇਸ ਕਾਰਜ ਨੂੰ ਵੱਖਰੇ ਕ੍ਰਾਂਤੀਕਾਰੀ ਰੂਪ ਵਿੱਚ ਕਰਨ ਲਈ ਉਤਸਾਹਿਤ ਕੀਤਾ। ਇਸ ਉਦੇਸ਼ ਦੀ ਪੂਰਤੀ ਹੇਤੂ ਆਪ ਨੇ ਸਮਾਜ ਵਿੱਚ ਜਥੇਬੰਦੀ ਦੀ ਭਾਵਨਾ ਪ੍ਰਬਲ ਕੀਤੀ। ਸਮਾਜ ਭਲਾਈ ਲਈ ਆਪ ਨੇ 'ਚੀਫ ਖਾਲਸਾ ਦੀਵਾਨ', ਖਾਲਸਾ ਟ੍ਰੈਕਟ ਸੁਸਾਇਟੀ, ਵਜੀਰ ਹਿੰਦ ਪ੍ਰੈਸ, ਖਾਲਸਾ ਸਮਾਚਾਰ, ਖਾਲਸਾ ਕਾਲਜ ਅੰਮ੍ਰਿਤਸਰ ਦੀ ਫਾਊਡੇਸ਼ਨ, ਸੈਂਟਰਲ ਖਾਲਸਾ, ਵਿਦਿਆ ਆਸ਼ਰਮ ਅੰਮ੍ਰਿਤਸਰ, ਪ੍ਰਚਾਰਕ ਵਿਦਿਆਲਾ ਤਰਨਤਾਰਨ, ਸਿੱਖ ਸਿਖਿਆ ਕਮੇਟੀ ਦਾ ਗਠਨ, ਖਾਲਸਾ ਹਸਪਤਾਲ ਤਰਨਤਾਰਨ, ਫਰੀ

ਹੋਮਿਊਪੈਥਿਕ ਹਸਪਤਾਲ ਅੰਮ੍ਰਿਤਸਰ ਅਤੇ ਪੰਜਾਬ ਐਂਡ ਸਿੰਧ ਬੈਂਕ ਅੰਮ੍ਰਿਤਸਰ ਦੀ ਸਥਾਪਨਾ ਕਰਕੇ ਪੰਜਾਬ ਨੂੰ ਇਕ ਮੁਕੰਮਲ ਸੰਸਥਾ ਪ੍ਰਣਾਲੀ ਦਿੱਤੀ।

ਭਾਈ ਸਾਹਿਬ ਰਾਜਨੀਤੀ ਤੋਂ ਹਮੇਸ਼ਾ ਹੀ ਕੋਹਾਂ ਦੂਰ ਰਹੇ। ਉਹਨਾਂ ਨੂੰ ਰਾਜਨੀਤਕਾਂ ਦੀਆਂ ਚਾਲਾਂ ਤੋਂ ਚਿੜ ਸੀ, ਜੋ ਲੋਕਾਂ ਦੀਆਂ ਭਾਵਨਾਵਾਂ ਨੂੰ ਸਵੈ-ਹਿਤਾਂ ਲਈ ਉਕਸਾਉਂਦੇ ਸਨ। ਉਹ ਹਮੇਸ਼ਾ ਆਪਣੇ ਜੀਵਨ-ਨਿਸ਼ਾਨੇ ਦੀ ਪੂਰਤੀ ਲਈ ਪੂਰੀ ਲਗਨ ਨਾਲ ਕੰਮ ਵਿਚ ਰੁੱਝੇ ਰਹਿਣਾ ਹੀ ਪਸੰਦ ਕਰਦੇ ਸਨ। ਡਾ. ਗੰਡਾ ਸਿੰਘ ਅਨੁਸਾਰ ਭਾਈ ਵੀਰ ਸਿੰਘ ਨੇ ਕਦੇ ਵੀ ਆਕਾਲੀ ਅਤੇ ਹੋਰ ਮੋਰਚਿਆਂ ਵਿਚ ਕੋਈ ਸਰਗਰਮ ਭਾਗ ਨਹੀਂ ਸੀ ਲਿਆ ਪਰ ਉਹਨਾਂ ਦੀਆਂ ਸਾਹਿਤ ਰਚਨਾਵਾਂ ਤੋਂ ਜਰੂਰ ਕੁਝ ਸਿੱਖ ਗਦਰੀਆਂ ਨੇ ਪ੍ਰੇਰਣਾ ਲਈ ਸੀ। ਇਹ ਠੀਕ ਹੈ ਕਿ ਭਾਈ ਵੀਰ ਸਿੰਘ ਨੇ ਅਕਾਲੀ ਜਾ ਕਿਸੇ ਹੋਰ ਮੋਰਚੇ ਵਿਚ ਸਰਗਰਮ ਭਾਗ ਨਹੀਂ ਲਿਆ। ਪਰ ਉਹ ਪਿਛੇ ਰਹਿ ਕੇ ਚੁਪ-ਚਪੀਤੇ ਕੰਮ ਕਰਦੇ ਰਹੇ ਸਨ। ਗਦਰ, ਅਕਾਲੀ ਅਤੇ ਆਜਾਦੀ ਦੀਆਂ ਲਹਿਰਾਂ ਵਿੱਚ ਸਿੱਖਾਂ ਵਲੋਂ ਕੀਤੀਆਂ ਕੁਰਬਾਨੀਆਂ ਦੇ ਪਿੱਛੇ ਉਨ੍ਹਾਂ ਦਾ ਉਤਸ਼ਾਹ ਤੇ ਪ੍ਰੇਰਣਾ ਮੌਜੂਦ ਸੀ।[23] ਬਲਬੀਰ ਸਿੰਘ ਲਿਖਦੇ ਹਨ ਕਿ ਇਹੋ ਜਿਹੇ ਇਨਕਲਾਬੀ ਵਾਯੂਮੰਡਲ ਤੋਂ ਭਾਈ ਵੀਰ ਸਿੰਘ ਤਾਂ ਕੀ, ਕੋਈ ਛੋਟਾ ਮੋਟਾ ਕਵੀ ਵੀ ਪ੍ਰਭਾਵਿਤ ਹੋਏ ਬਿਨ੍ਹਾਂ ਨਹੀਂ ਰਹਿ ਸਕਦਾ। ਦਰਜਨਾਂ ਪੰਜਾਬੀ ਕਵੀਆਂ ਦੀਆਂ ਪੁਸਤਕਾਂ ਸਰਕਾਰ ਨੇ ਜ਼ਬਤ ਕਰ ਲਈਆਂ ਪਰ ਨਾ ਹੀ ਸਰ ਮਹੁੰਮਦ ਇਕਬਾਲ ਦੀ ਕੋਈ ਪੁਸਤਕ ਜਬਤ ਹੋਈ, ਨਾ ਰਬਿੰਦਰ ਨਾਥ ਟੈਗੋਰ ਦੀ ਅਤੇ ਨਾ ਹੀ ਭਾਈ ਵੀਰ ਸਿੰਘ ਦੀ। ਇਸ ਦਾ ਭਾਵ ਇਹ ਨਹੀਂ ਸਮਝਣਾ ਚਾਹੀਦਾ ਕਿ ਪਿਛਲੇ ਕਵੀਆਂ ਦੀ ਕਵਿਤਾ ਵਿੱਚ ਕ੍ਰਾਂਤੀ ਦੇ ਭਾਵ ਮੱਧਮ ਹਨ। ਸਗੋਂ ਇਸਦੇ ਉਲਟ ਇਹ ਆਖਣਾ ਠੀਕ ਹੋਵੇਗਾ ਕਿ ਇਹਨਾਂ ਕਵੀਆਂ ਨੇ ਗਦਰੀ ਗੂੰਜਾਂ ਵਾਂਗ ਸਿੱਧੇ, ਸਪਸ਼ਟ ਅਤੇ ਖਾੜਕੂ ਨਾਅਰੇ ਲਾਉਣ ਦੀ ਥਾਂ ਆਪਣੇ ਵਿਚਾਰਾਂ ਨੂੰ ਪ੍ਰਤੀਕਾਂ ਤੇ ਅਲੰਕਾਰਾਂ ਦੁਆਰਾ ਕਲਾ ਦੇ ਪਰਦੇ ਵਿਚ ਛੁਪਾ ਕੇ ਕੀਤਾ।[24] ਜਿਸ ਨੂੰ ਸਮਝਣ ਤੇ ਜਾਨਣ ਦੀ ਸੂਝ ਰਾਜਨੀਤਿਕ ਕਰਿੰਦਿਆਂ ਨੂੰ ਕਿੱਥੇ ਹੋ ਸਕਦੀ ਸੀ। ਉਨ੍ਹਾਂ ਨੂੰ ਆਪਣੇ ਇਸ ਵਿਵਹਾਰ ਕਰਕੇ ਕਿੰਤੂਆਂ-ਪ੍ਰੰਤੂਆਂ ਦਾ ਸ਼ਿਕਾਰ ਵੀ ਹੋਣਾ ਪਿਆ ਪਰ ਇਹ ਕਿੰਤੂ-ਪ੍ਰੰਤੂ ਉਨ੍ਹਾਂ ਵੱਲੋਂ ਕੀਤੇ ਗਏ ਜੋ ਸਿੱਖੀ ਦੀ ਸੂਝ ਤੋਂ ਪੂਰਨ ਤੌਰ ਤੇ ਵਿਰਵੇ ਸਨ ਤੇ ਜੋ ਵੀ ਸਿੱਖੀ ਦੀ ਸੂਝ ਤੋਂ

ਵਿਰਵਾ ਹੈ ਉਹ ਉਨ੍ਹਾਂ ਦੀਆਂ ਰਚਨਾਵਾਂ ਦੇ ਅੰਤਰੀਵ ਭਾਵਾਂ ਨੂੰ ਸਮਝਣ ਦੇ ਯੋਗ ਹੋ ਹੀ ਨਹੀਂ ਸਕਦਾ। ਜਦਕਿ ਸਿੱਖੀ ਦਾ ਗਿਆਨ ਉਨ੍ਹਾਂ 'ਤੇ 'ਬਾਰਿਸ਼ੇ ਰਹਿਮਤ' ਵਾਂਗ ਬਰਸਿਆ ਸੀ ਜੋ ਜੀਵਨ ਪ੍ਰਕਿਰਿਆ ਸੀ ਉਸ ਵਿਚ ਇਹ ਰਹਿਮਤ ਉਨ੍ਹਾਂ ਤੇ ਹੋਣੀ ਹੀ ਹੋਣੀ ਸੀ ਤੇ ਇਸਦਾ ਕਾਰਨ ਉਹ ਖੁਦ ਸਨ। ਵੀਰ ਸਿੰਘ ਭਾਵੇਂ ਲੀਡਰ ਵਾਂਗ ਜੇਲ੍ਹ ਨਹੀਂ ਗਏ ਪਰ ਸਮਕਾਲੀ ਰਾਜਸੀ ਅਵਸਥਾ ਪ੍ਰਤੀ ਉਨ੍ਹਾਂ ਦੀ ਦੂਰ ਦ੍ਰਿਸ਼ਟੀ ਸੂਝਵਾਨਤਾ ਦਾ ਪ੍ਰਮਾਣ ਸੀ।

ਪਾਮੇਲਾ ਵਿਲੀਅਮ ਦੇ ਇਹ ਸ਼ਬਦ ਬਹੁਤ ਹੀ ਧਿਆਨ ਦੀ ਮੰਗ ਕਰਦੇ ਹਨ। ਉਹ ਲਿਖਦੇ ਹਨ ਕਿ ਭਾਈ ਸਾਹਿਬ ਨੂੰ ਮੁਖ ਤੌਰ ਤੇ ਸਮਾਜਿਕ, ਸਾਹਿਤਕ ਅਤੇ ਧਾਰਮਿਕ ਜੀਵਨ ਦੀ ਤ੍ਰਿਮੂਰਤੀ ਆਖਿਆ ਜਾ ਸਕਦਾ ਹੈ। ਤਿੰਨਾਂ ਪੱਖਾਂ ਵਿੱਚ ਉਹਨਾਂ ਦੀ ਘਾਲੀ ਅਦੁੱਤੀ ਘਾਲਣਾ ਪੰਜਾਬੀਆਂ ਲਈ ਮਾਨ ਅਤੇ ਪ੍ਰੇਰਨਾ ਸਰੋਤ ਬਣੀ। ਭਾਈ ਸਾਹਿਬ ਦਾ ਆਲਾ-ਦੁਆਲਾ ਧਾਰਮਿਕ ਤੇ ਵਿਦਵਤਾ ਵਾਲਾ ਹੋਣ ਕਰਕੇ ਉਨ੍ਹਾਂ ਅੰਦਰ ਧਾਰਮਿਕ ਜੀਵਨ ਦੀ ਚਿਣਗ ਧੁਰੋਂ ਹੀ ਸੀ। ਬਚਪਨ ਤੋਂ ਹੀ ਰੱਬੀ ਪਿਆਰ ਅਤੇ ਧਾਰਮਿਕ ਚਿੰਤਨ ਉਨ੍ਹਾਂ ਦੇ ਮੁਖ ਰੁਝੇਵਿਆਂ ਵਿਚੋਂ ਸੀ। ਅੰਮ੍ਰਿਤ ਵੇਲੇ ਦਰਬਾਰ ਸਾਹਿਬ ਜਾਣਾ, ਪੂਰੀ ਇਕਾਗਰਤਾ ਵਿੱਚ ਕੀਰਤਨ ਸੁਣਨਾ, ਗੁਰਬਾਣੀ ਪੜਨੀ ਤੇ ਵਿਚਾਰਨੀ, ਗੁਰੂ ਇਤਿਹਾਸ ਅਤੇ ਸਿੱਖ ਇਤਿਹਾਸ ਦਾ ਅਧਿਐਨ ਉਹਨ੍ਹਾਂ ਦੇ ਅੰਦਰ ਬਾਹਰ ਧਾਰਮਿਕ ਅਤੇ ਰਹੱਸਮਈ ਵਾਤਾਵਰਨ ਉਸਾਰੀ ਰਖਦਾ ਸੀ ਆਪ ਅਜੇ ਅੱਠ ਸਾਲ ਦੇ ਹੀ ਸਨ ਕਿ ਗੁਰੂ ਗ੍ਰੰਥ ਸਾਹਿਬ ਵੀ ਕਾਫ਼ੀ ਉਨ੍ਹਾਂ ਨੂੰ ਕੰਠ ਸੀ।[25] ਭਾਵੇਂ ਕਿਹੋ ਜਿਹੇ ਵੀ ਹਾਲਾਤ ਹੋਣ ਆਪ ਨਿਤਨੇਮ ਪੂਰਾ ਨਿਭਾਉਂਦੇ।

ਇਹ ਵੀ ਬਖ਼ਸ਼ਿਸ਼ ਹੀ ਸੀ ਕਿ ਰਾਗ, ਨਾਦ, ਆਵਾਜ਼ ਤੇ ਸਾਜ਼ ਦੇ ਸੰਗਮ ਨੇ ਉਹਨਾਂ ਨੂੰ ਰਹੱਸਵਾਦੀ ਬਣਾ ਦਿੱਤਾ ਇਹੋ ਕਾਰਨ ਹੋਣਗੇ ਕਿ ਗੁਰਬਾਣੀ ਦੇ ਬਖਾਨ ਕਰਦੇ ਸਮੇਂ ਉਹਨਾਂ ਦੇ ਸਾਹਮਣੇ ਮੰਤਰ ਮੁਗਧ ਹੋਏ ਜਗਿਆਸੂ ਘੰਟਿਆਂ ਬੱਧੀ ਕਦੇ ਨਾ ਥੱਕਦੇ ਸਗੋਂ ਭਰੇ ਭਰੇ ਮਹਿਸੂਸ ਹੁੰਦੇ ਤੇ ਡੂੰਘੇ ਗਿਆਨ ਪ੍ਰਾਪਤ ਕਰ ਘਰਾਂ ਨੂੰ ਚਲਦੇ। ਅੰਮ੍ਰਿਤਸਰ ਵਿੱਚ ਜਿਨ੍ਹਾਂ ਸਮਾਂ ਉਹ ਨਿਵਾਸ ਕਰਦੇ ਸ਼ਾਮ ਦੇ ਵਕਤ ਸੰਗਤ ਆਪ ਮੁਹਾਰੇ ਹੀ ਜੁੜ ਜਾਂਦੀ ਜਿਥੋਂ ਵਿਆਖਿਆ, ਵਿਆਖਿਆ ਸ਼ਾਸਤਰ, ਵਿਆਖਿਆਕਾਰੀ ਦਾ

ਪ੍ਰਸੰਗ ਸਾਹਮਣੇ ਲਿਆਉਣ ਦਾ ਯਤਨ ਕੀਤਾ ਜਾਂਦਾ। ਗੁਰੂ ਪਿਆਰ ਤੇ ਪ੍ਰਭੂ ਪਿਆਰ ਦਾ ਸੰਗੀਤ ਆਪ ਦੇ ਅੰਦਰ ਸਦਾ ਹੀ ਲਹਿਰਦਾ ਰਹਿੰਦਾ ਸੀ। ਸਿਮਰਨ ਆਪ ਦੇ ਸਵਾਸ ਸਵਾਸ ਵਿੱਚ ਰਚ ਚੁੱਕਾ ਸੀ। ਪ੍ਰਭੂ ਮਿਲਣ ਦੀ ਅਕਾਂਕਸ਼ਾ ਉਨ੍ਹਾਂ ਨੂੰ ਬਚਪਨ ਤੋਂ ਹੀ ਸੀ। ਸਾਰਾ ਜੀਵਨ ਉਹ ਇਸੇ ਟੀਚੇ ਵਲ ਵਧਦੇ ਗਏ। ਆਪ ਦੀਆਂ ਰਚਨਾਵਾਂ ਦਾ ਮੁੱਖ ਧੁਰਾ ਪ੍ਰਭੂ ਅਤੇ ਗੁਰੂ ਭਗਤੀ ਹੀ ਹੈ। ਭਾਈ ਬਲਬੀਰ ਸਿੰਘ ਅਨੁਸਾਰ ਭਾਈ ਸਾਹਿਬ ਦਾ ਵਿਸ਼ਵਾਸ ਸੀ ਕਿ ਜਿਨ੍ਹਾਂ ਨੂੰ ਆਤਮਕ ਸੋਝੀ ਹੋ ਜਾਂਦੀ ਹੈ, ਉਨ੍ਹਾਂ ਵਿੱਚ ਸਾਰੇ ਗੁਣ ਆ ਜਾਂਦੇ ਹਨ, ਮੰਦਾ ਉਹ ਸੋਚ ਨਹੀਂ ਸਕਦੇ। ਸੁਕਰਾਤ ਨਾਲੋਂ ਉਨ੍ਹਾਂ ਦੇ ਅਨੁਭਵ ਵਿੱਚ ਇਹ ਵੱਡਾ ਅੰਤਰ ਸੀ ਕਿ ਜਿਥੇ ਉਹ ਕਹਿੰਦਾ ਹੈ ਕਿ 'ਵਧੇਰੇ ਗਿਆਨ ਕਰਕੇ ਵਧੇਰੇ ਨੇਕੀਆਂ ਆਉਂਦੀਆਂ ਹਨ ਉਥੇ ਭਾਈ ਸਾਹਿਬ ਦੀ ਦ੍ਰਿਸ਼ਟੀ ਅਨੁਸਾਰ ਵਧੇਰੇ ਆਤਮਕਤਾ ਨਾਲ ਹੀ ਗੁਣ ਪ੍ਰਫੁਲਤ ਹੁੰਦੇ ਹਨ।'[26] ਆਤਮਕ ਸੋਝੀ ਜਾਂ ਪੂਰਨਤਾ ਹੀ ਮਨੁੱਖੀ ਜੀਵਨ ਦਾ ਮੁਖ ਨਿਸ਼ਾਨਾ ਹੈ ਜਿਸ ਵਲ ਭਾਈ ਸਾਹਿਬ ਬਾਰ ਬਾਰ ਪ੍ਰੇਰਦੇ ਰਹੇ।[27] ਸ੍ਰੀ ਜਤਿੰਦਰ ਮੋਹਨ ਚੈਟਰਜੀ ਦੇ ਕਥਨ ਅਨੁਸਾਰ ਭਾਈ ਸਾਹਿਬ ਦੇ ਸਾਰੇ ਜਤਨਾ ਦਾ ਮਨੋਰਥ ਆਪਣੇ ਰਾਸ਼ਟਰ ਦੇ ਲੋਕਾਂ ਦਾ ਪੁਨਰ ਜਾਗ੍ਰਣ ਹੀ ਸੀ।[28] ਭਾਈ ਸਾਹਿਬ ਗੁਰਬਾਣੀ ਮੰਥਨ ਤੱਕ ਹੀ ਸੀਮਤ ਨਹੀਂ ਸਨ ਸਗੋਂ ਗੁਰਮਤ ਦਾ ਹਰ ਸਿਧਾਂਤ ਉਹਨਾਂ ਦੀ ਸਖ਼ਸੀਅਤ ਵਿਚੋਂ ਰੂਪਮਾਨ ਹੁੰਦਾ ਨਜ਼ਰ ਆਉਂਦਾ ਸੀ।

ਸਾਡੇ ਸਮਕਾਲ ਵਾਲੀਆਂ ਵੱਡੀਆਂ ਸਮੱਸਿਆਵਾਂ ਉਨ੍ਹਾਂ ਸਮਿਆਂ ਵਿਚ ਵੀ ਕਾਇਮ ਸਨ। ਉਦਾਹਰਨ ਲਈ ਅੱਜ ਵਾਂਗ ਉਸ ਵੇਲੇ ਗੁਰੂ ਡੰਮ ਦੀ ਸਮੱਸਿਆ ਬਹੁਤ ਵੱਡੀ ਸੀ ਲੋਕ ਗੁਰੂ ਗ੍ਰੰਥ ਸਾਹਿਬ ਨਾਲ ਜੁੜਨ ਦੀ ਥਾਂ ਸੰਤਾਂ ਨਾਲ ਜੁੜਨ ਨੂੰ ਪਹਿਲ ਦਿੰਦੇ ਸਨ ਇਸ ਗੱਲ ਦੀ ਪੁਸ਼ਟੀ ਭਾਈ ਜੋਧ ਸਿੰਘ ਦੇ ਸ਼ਬਦਾਂ ਨਾਲ ਇਵੇਂ ਹੁੰਦੀ ਹੈ, 'ਜੇ ਕੋਈ ਲੋਕ ਅਜੇਹੇ ਹਨ ਜਿਨ੍ਹਾਂ ਦਾ ਸ਼ਖਸੀ ਗੁਰੂ ਮੰਨੇ ਬਗੈਰ ਗੁਜ਼ਾਰਾ ਨਹੀਂ ਹੁੰਦਾ, ਤਾਂ ਚੰਗਾ ਹੈ ਕਿ ਉਹ ਭਾਈ ਸਾਹਿਬ ਜੀ ਵਰਗੇ ਵਿਦਵਾਨ ਸੱਜਣ ਨੂੰ ਗੁਰੂ ਮੰਨਣ, ਭਾਈ ਸਾਹਿਬ ਉਨ੍ਹਾਂ ਦਾ ਭਰਮ ਦੂਰ ਕਰਕੇ ਗੁਰੂ ਨਾਨਕ ਦਾ ਠੀਕ ਰਾਹ ਦੱਸਣਗੇ ਅਤੇ ਉਨ੍ਹਾਂ ਦੀ ਕਮਾਈ ਲੁਟ ਕੇ ਆਪਣੇ ਐਸ਼ ਇਸ਼ਰਤ ਤੇ ਖਰਚ ਨਹੀਂ ਕਰਨਗੇ, ਜਿਸ ਤਰ੍ਹਾਂ ਝੂਠੇ ਗੁਰੂ ਅਜਕਲ ਕਰ ਰਹੇ ਹਨ। ਉਂਜ ਭਾਈ ਸਾਹਿਬ ਨੇ ਆਪਣੀ ਜ਼ਿੰਦਗੀ ਵਿਚ ਕਦੀ ਇਸ਼ਾਰਾ ਤਕ ਨਹੀਂ ਕੀਤਾ ਕਿ ਉਨ੍ਹਾਂ ਨੂੰ ਗੁਰੂ

ਮੰਨਿਆਂ ਜਾਵੇ।'[29] ਭਾਈ ਸਾਹਿਬ ਅਜਿਹੀ ਵਡਭਾਗੀ ਸਖ਼ਸੀਅਤ ਸਨ, ਜਿਹੜੇ ਧਰਮ ਮਾਰਗ ਤੇ ਚਲ ਕੇ ਸਫ਼ਲ ਹੁੰਦੇ ਹਨ, ਜਿਨ੍ਹਾਂ ਦੀ ਰਸਨਾ ਅਤੇ ਹਿਰਦੇ ਵਿਚ ਸਦਾ ਨਾਮ ਦਾ ਨਿਵਾਸ ਸੀ।ਉਹ ਨਿਰਮਲ, ਸਾਦਗੀ ਤੇ ਨਿਮਰਤਾ ਭਰੇ ਸੁਭਾਉ ਦੇ ਮਾਲਕ ਸਨ। ਆਪਦੇ ਇਕ ਨਿਕਟਵਰਤੀ ਨੇ ਇਕ ਘਟਨਾ ਦਾ ਜ਼ਿਕਰ ਕਰਦਿਆ ਲਿਖਿਆ ਸੀ ਕਿ 'ਇਕੇਰਾਂ ਜਦੋਂ ਕੀਰਤਨ ਅਤੇ ਅਰਦਾਸ ਹੋਣ ਉਪਰੰਤ ਸੰਗਤ ਖੜੀ ਹੋਈ ਤਾਂ ਇਕ ਸਿੰਘ ਨੇ ਆਪਦੇ ਚਰਨਾਂ ਨੂੰ ਜਾ ਹਥ ਲਾਇਆ। ਮੱਥਾ ਟੇਕਣ ਵਾਲਾ ਸਿੰਘ ਕਹਿਣ ਲੱਗਾ ਕਿ ਮਹਾਰਾਜ ਜਦੋਂ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ ਕਿ 'ਜੋ ਦੀਸੈ ਗੁਰਸਿਖੜਾ ਤਿਸ ਨਿਵ ਨਿਵ ਲਾਗੇ ਪਾਇ ਜੀਓ' ਫਿਰ ਤੁਸੀ ਸਾਨੂੰ ਆਪਣੇ ਚਰਨਾਂ ਨੂੰ ਹੱਥ ਕਿਉਂ ਨਹੀਂ ਲਾਣ ਦਿੰਦੇ। ਉਸ ਸਮੇਂ ਸੰਗਤ ਭਾਈ ਸਾਹਿਬ ਦੇ ਉੱਤਰ ਨੂੰ ਉਤਸੁਕਤਾ ਨਾਲ ਉਡੀਕਣ ਲੱਗੀ। ਭਾਈ ਸਾਹਿਬ ਮੁਸਕਰਾ ਪਏ ਤੇ ਕਹਿਣ ਲੱਗੇ, ਹਾਂ ਭਾਈ ਬਾਣੀ ਵਿਚ ਤਾਂ ਠੀਕ ਲਿਖਿਆ ਹੈ, ਤੁਸੀਂ ਵੀ ਮੇਰੇ ਸਾਹਮਣੇ ਸਾਰੇ ਹੀ ਗੁਰਸਿੱਖ ਖੜੇ ਹੋ, ਮੈਨੂੰ ਆਪਣੇ ਚਰਨਾਂ ਨੂੰ ਹੱਥ ਲਾ ਲੈਣ ਦਿਓ।'[30] ਭਾਈ ਸਾਹਿਬ ਇਕ ਗੁਰਸਿੱਖ ਬ੍ਰਹਮ ਗਿਆਨੀ ਲੱਛਣਾ ਨਾਲ ਸੰਪੰਨ ਸਨ। ਉਹ ਖੁਸ਼ੀ ਅਤੇ ਗਮੀ ਵਿਚ ਅਡੋਲ ਰਹਿੰਦੇ ਸਨ। ਵੱਡੇ ਤੋਂ ਵੱਡੇ ਦੁਖ ਅਤੇ ਸਦਮੇ ਤੇ ਵੀ ਆਪ ਦਾ ਮਨ ਕਦੇ ਮੁਰਝਾਇਆ ਨਹੀਂ। ਆਪ ਦਾ ਜੁਆਨ ਭਰਾ ਗੁਜਰ ਜਾਂਦਾ ਹੈ। ਫਿਰ ਉਸਦਾ ਇਕ ਲੜਕਾ ਗੁਜ਼ਰਦਾ ਹੈ। ਦੋਵੇਂ ਜਵਾਈ ਗੁਜ਼ਰ ਜਾਂਦੇ ਹਨ। ਥੋੜੇ ਜਿਹੇ ਸਮੇਂ ਵਿਚ ਇੱਕ ਵਾਰੀ ਅਨੇਕ ਪਿਆਰੇ ਵਿਛੜ ਜਾਂਦੇ ਹਨ ਅਤੇ ਹੋਰ ਕਈ ਉਤਰਾ ਚੜ੍ਹਾ ਸੰਸਾਰਕ ਆਏ ਹਨ, ਪਰ ਆਪ ਸਦਾ ਅਡੋਲ ਤੇ ਸ਼ੁਕਰ ਵਿਚ ਰਹੇ ਹਨ।[31] ਅਸਲ ਵਿਚ ਭਾਈ ਸਾਹਿਬ ਇਸ ਸੰਸਾਰ ਦੇ ਮਨੁੱਖ ਹੈ ਹੀ ਨਹੀਂ ਸਨ। ਚੈਟਰਜੀ ਅਨੁਸਾਰ 'ਉਹ ਮਨੁੱਖੀ ਸੋਚ ਤੋਂ ਉਚੇਰੀ ਅਵਸਥਾ ਵਿੱਚ ਵਿਚਰਨ ਵਾਲੇ ਵਿਅਕਤੀ ਸਨ, ਜਿਸਨੂੰ ਦੇਵਾਂ, ਸੰਤਾਂ ਜਾਂ ਅਵਤਾਰਾਂ ਦੇ ਸਮਾਨ ਕਿਹਾ ਜਾ ਸਕਦਾ ਹੈ, ਜੋ ਅਧਰਮ ਰੋਕਣ ਲਈ ਅਤੇ ਧਰਮ ਦੀ ਸਥਾਪਨਾ ਲਈ ਸੰਸਾਰ ਵਿੱਚ ਆਉਂਦੇ ਹਨ।[32] ਉਹ ਪਾਰਸ ਗੁਣਾਂ ਦੇ ਧਾਰਨੀ ਸਨ। ਉਹਨਾਂ ਦੀ ਪਾਰਸੀ ਛੂਹ ਨੇ ਪ੍ਰੋਫੈਸਰ ਪੂਰਨ ਸਿੰਘ ਵਰਗੇ ਮਹਾਨ ਬੁਧੀਮਾਨ ਤੇ ਸੰਨਿਆਸੀ ਬਣ ਚੁਕੇ ਮਨੁੱਖ ਨੂੰ ਆਪਣੀ ਸੰਗਤ ਨਾਲ ਇੰਝ ਬਦਲ ਦਿੱਤਾ ਕਿ ਉਸ ਅੰਦਰ ਪਿਆਰ ਦਰਿਆ ਵਹਿ ਤੁਰਿਆ। ਪੂਰਨ ਸਿੰਘ ਆਪ

ਕਹਿੰਦੇ ਹਨ ਕਿ 'ਭਾਈ ਸਾਹਿਬ ਦੀ ਇਕ ਛੁਹ ਵਿਚ ਉਹ ਇਕ ਅਜਿਹੀ ਸ਼ਕਤੀ ਸਮਝਦਾ ਹੈ ਜਿਹੜੀ ਕਿ ਦਰਿਆਵਾਂ ਨੂੰ ਠੱਲ ਸਕਦੀ ਹੈ, ਪਹਾੜਾਂ ਨੂੰ ਅੱਗ ਲਗਾ ਸਕਦੀ ਹੈ। ਉਸਦੀ ਕੇਵਲ ਛੂਹ ਹੀ ਕਵੀ ਬਣਾ ਦੇਂਦੀ ਹੈ। ਬਿਨਾਂ ਗੱਲ ਕੀਤਿਆਂ ਉਸ ਨੂੰ ਕਾਰਜ ਕਰਦਿਆਂ ਵੇਖਦੇ ਰਹਿਣ ਵਿਚ ਹੀ ਇਕ ਰੱਬੀ ਅਨੰਦ ਹੈ।'[33] ਉਸਦੀ ਨੇੜਤਾ ਨਾਲ ਹੀ ਆਤਮ ਗਿਆਨ ਹੋ ਜਾਂਦਾ ਹੈ।[34] ਧਾਰਮਿਕ ਪੁਨਰ ਜਾਗ੍ਰਿਤੀ ਦੇ ਕਾਰਜ ਲਈ, ਸਿੱਖ ਕੌਮ ਦੀਆਂ ਸ਼ਾਨਦਾਰ ਕੁਰਬਾਨੀਆਂ ਨੂੰ ਉਜਾਗਰ ਕਰਨ ਹਿੱਤ ਸਿੱਖ ਰਹਿਤ ਮਰਿਯਾਦਾ ਸੰਬੰਧੀ ਸਾਹਿਤ ਰਚਨਾ ਕਰਨ ਦੇ ਨਾਲ-ਨਾਲ ਧਾਰਮਿਕ ਸਥਾਨਾਂ ਤੇ ਗੁਰਪੁਰਬ ਮਨਾਉਣੇ ਸ਼ੁਰੂ ਕੀਤੇ ਗਏ। ਇਸ ਮਹੱਤਵਪੂਰਨ ਕਾਰਜ ਵਿੱਚ ਭਾਈ ਵੀਰ ਸਿੰਘ ਦੀ ਅਦੁੱਤੀ ਦੇਣ ਇਕ ਗ੍ਰੰਥ ਵਿੱਚ ਇੰਞ ਦਰਜ ਹੈ, ਭਾਈ ਵੀਰ ਸਿੰਘ ਨੇ ਅਧੁਨਿਕ ਦੌਰ ਵਿੱਚ ਸਿੱਖੀ ਦੇ ਮੁੱਢਲੇ ਦਾਇਰੇ ਨਿਸ਼ਚਿਤ ਕਰਦਿਆਂ, ਸਿੱਖੀ ਦੀ ਧਾਰਮਿਕ ਨਿਸ਼ਠਾ ਨੂੰ ਸੰਜੋਦਿਆਂ ਤੇ ਸੰਭਾਲਦਿਆਂ, ਸਿੱਖਾਂ ਦੀ ਵਿਲੱਖਣ ਸਿਧਾਤਾਂ ਤੇ ਸਭਿਆਚਾਰਕ ਪਹਿਚਾਣ ਪ੍ਰਤਿ ਜਾਗ੍ਰਿਤੀ ਤੇ ਸੁਚੇਤਨਾ ਉੱਤੇ ਜ਼ੋਰ ਦਿੱਤਾ। ਦੂਸਰੇ ਉਹਨਾਂ ਦਾ ਉਦੇਸ਼ ਸਿੱਖਾਂ ਦੀ ਪੁਨਰ ਸਥਾਪਤੀ ਤੇ ਟਿਕਿਆ ਹੋਇਆ ਸੀ ਕਿ ਸਿੱਖ ਧਰਮ ਪ੍ਰਤੀ ਸੂਝ ਨੂੰ ਇਸ ਲਹਿਜੇ ਨਾਲ ਸਹਾਇਕ ਬਣਾਇਆ ਜਾਵੇ ਕਿ ਅਧੁਨਿਕਤਾ ਦੇ ਪ੍ਰਭਾਵਾਂ ਦੇ ਚਲਦਿਆਂ ਸਿੱਖ ਜਨ ਸਮੂਹ ਇਤਿਹਾਸਕ ਯਾਦਾਂ ਤੇ ਸਭਿਆਚਾਰ ਵਿਰਾਸਤ ਨੂੰ ਸਮੇਂ ਦਾ ਹਾਣੀ ਬਣਾ ਸਕੇ। ਇਸ ਦੌਰਾਨ ਪੁਰਾਣਾ ਸਿੱਖਿਆ ਪ੍ਰਬੰਧ ਜੋ ਸਮਕਾਲੀ ਨੌਜਵਾਨ ਪੀੜੀ ਲਈ ਪਰੰਪਰਾਗਤ ਗਿਆਨ ਸੰਚਾਰ ਦੇ ਮਾਧਿਅਮ ਵਜੋਂ ਵਰਤਿਆ ਜਾ ਰਿਹਾ ਸੀ, ਦੇਸੀ ਸੰਸਥਾਵਾਂ ਦੇ ਪ੍ਰਚਲਨ ਤੇ ਬ੍ਰਿਟਿਸ਼ ਹਕੂਮਤ ਵਲੋਂ ਵਰਜਣਾ ਕਾਰਨ, ਬਿਖਰਣ ਤੇ ਖੁੱਸਣ ਲੱਗਾ। ਜਿਸ ਕਾਰਨ ਫਿਰਕੂ ਸਾਂਝ ਤੇ ਅਧਾਰਿਤ ਸੰਚਾਰ ਪ੍ਰਣਾਲੀ ਦੇ ਨਵੇਂ ਪ੍ਰਸਾਰ ਸਾਧਨ ਬਣਾ ਕੇ ਹੀ ਖਾਲੀ ਥਾਂ ਨੂੰ ਪੂਰਿਆ ਜਾ ਸਕਦਾ ਸੀ। ਭਾਈ ਵੀਰ ਸਿੰਘ ਦੀ ਇਕੱਲੀ ਮਨੋਉਪਜ ਨਾਲ ਪੰਜਾਬੀ ਭਾਸ਼ਾ ਦਾ ਮਾਧਿਅਮ ਅਧਿਆਤਮ ਤੇ ਉੱਚ ਕੋਟੀ ਦੀ ਸਾਹਿਤੱਕ ਵਿੱਦਿਆ ਅਤੇ ਸਿਰਜਣਾ ਕਾਰਜ ਲਈ ਪ੍ਰਯੋਗ ਹੋਇਆ। ਜਿਸ ਨਾਲ ਸਦੀ ਪਲਟਣ ਵੇਲੇ ਸਿੱਖਾ ਨੂੰ ਜਿਸ ਸਭਿਆਚਾਰਕ ਸੰਕਟ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਉਸ ਦਾ ਨਿਰਾਕਰਣ ਸੰਭਵ ਹੋਇਆ।[35]

ਭਾਈ ਸਾਹਿਬ ਨੇ ਗੁਰਮਤਿ ਪ੍ਰਚਾਰ ਲਈ ਆਪਣੀ ਸਾਰੀ ਕਲਮ ਸ਼ਕਤੀ ਅਰਪਣ ਕਰ ਦਿੱਤੀ। ਮਹਿੰਦਰ ਕੌਰ ਗਿੱਲ ਲਿਖਦੇ ਹਨ, 'ਧਰਮ ਦਾ ਆਰੰਭ ਆਤਮਕ ਅਤੇ ਸਦਾਚਾਰਕ ਮੁੱਲਾਂ ਨਾਲ ਹੁੰਦਾ ਹੈ, ਪਰ ਇਹ ਸਹਿਜ ਜੀਵਨ ਦਾ ਅੰਗ ਤਾਂ ਹੀ ਬਣਦੇ ਹਨ ਜੇ ਇਨ੍ਹਾਂ ਦੀ ਵਿਆਖਿਆ ਕੀਤੀ ਜਾਵੇ। ਗੁਰੂ ਕਾਲ ਵਿਚ ਇਸ ਲੋੜ ਨੂੰ ਭਾਈ ਗੁਰਦਾਸ ਅਤੇ ਭਾਈ ਮਨੀ ਸਿੰਘ ਨੇ ਅਨੁਭਵ ਕੀਤਾ ਤੇ ਅਧੁਨਿਕ ਕਾਲ ਵਿੱਚ ਭਾਈ ਵੀਰ ਸਿੰਘ ਨੇ।...... ਇਸ ਸੰਦਰਭ ਵਿਚ ਜਿੰਨਾ ਕੰਮ ਭਾਈ ਵੀਰ ਸਿੰਘ ਦੀ ਲੇਖਣੀ ਨੇ ਕੀਤਾ। ਸਾਇਦ ਹੋਰ ਦਸ ਪ੍ਰਚਾਰਕ ਵੀ ਨਾ ਕਰ ਸਕਦੇ।'[36]

ਸਪੱਸ਼ਟ ਹੈ ਕਿ ਭਾਈ ਸਾਹਿਬ ਇਕ ਯੁੱਗ ਪੁਰਸ਼ ਸਨ ਜਿਨ੍ਹਾਂ ਨੇ ਪੰਜਾਬੀ ਮਾਂ ਬੋਲੀ ਵਿਚ ਆਪਣੀਆਂ ਰਚਨਾਵਾਂ ਉਸ ਸਮੇਂ ਰਚੀਆਂ ਜਦੋਂ ਪੰਜਾਬ ਦੀ ਦਫਤਰੀ ਭਾਸ਼ਾ ਉਰਦੂ, ਸਾਹਿਤਕ ਭਾਸ਼ਾ ਫਾਰਸੀ ਅਤੇ ਸਾਹਿਤਕਾਰਾਂ ਤੇ ਵਿਦਵਾਨਾਂ ਦੀ ਭਾਸ਼ਾ ਬ੍ਰਜੀ ਗਿਣੀ ਜਾਂਦੀ ਸੀ, ਪੰਜਾਬੀ ਬੋਲੀ ਨੂੰ ਪੇਂਡੂ ਤੇ ਗਵਾਰ ਸਮਝਿਆ ਜਾਂਦਾ ਸੀ। ਉਹਨਾਂ ਪੰਜਾਬੀ ਸਾਹਿਤ ਨੂੰ ਨਵੀਂ ਪ੍ਰੇਰਨਾ ਤੇ ਸ਼ਕਤੀ ਪ੍ਰਦਾਨ ਕੀਤੀ ਅਤੇ ਇਸ ਨੂੰ ਸਭਿਅਕ ਬੋਲੀਆਂ ਦੀ ਅਗਲੀ ਕਤਾਰ ਵਿੱਚ ਲਿਆਂਦਾ। ਉਹਨਾਂ ਤੋਂ ਹੀ ਅਧੁਨਿਕ ਪੰਜਾਬੀ ਭਾਸ਼ਾ ਤੇ ਸਾਹਿਤ ਦਾ ਯੁੱਗ ਆਰੰਭ ਹੁੰਦਾ ਹੈ। ਉਹਨਾਂ ਪੰਜਾਬੀ ਭਾਸ਼ਾ ਨੂੰ ਨਵੀਂ ਸ਼ੈਲੀ ਅਤੇ ਨਵਾਂ ਵੇਗ ਦਿੱਤਾ। ਸੰਤ ਸਿੰਘ ਸੇਖੋਂ ਭਾਈ ਸਾਹਿਬ ਸਬੰਧੀ ਵਿਚਾਰ ਗੋਚਰ ਕਰਦੇ ਹਨ ਕਿ, 'ਪੰਜਾਬੀ ਸਾਹਿਤ ਤੇ ਸੰਸਕ੍ਰਿਤੀ ਦੇ ਇਸ ਪੁਨਰ-ਜਨਮ ਦੇ ਇਤਿਹਾਸ ਵਿੱਚ ਸਭ ਤੋਂ ਵਧੇਰੇ ਗੌਰਵ ਵਾਲਾ ਨਾਮ ਸ਼ਾਇਦ ਅਧੁਨਿਕ ਪੰਜਾਬ ਦੇ ਪ੍ਰਮੁੱਖ ਕਵੀ ਤੇ ਸਾਹਿਤਕਾਰ ਭਾਈ ਵੀਰ ਸਿੰਘ ਦਾ ਹੈ। ਇਹ ਇੱਕ ਅਚੰਭੇ ਵਾਲੀ ਗੱਲ ਹੈ ਕਿ ਜਿਥੇ ਆਮ ਕਰਕੇ ਦਲਿਤ ਜਾਤੀਆਂ ਤੇ ਕੌਮਾਂ ਦੇ ਪੁਨਰ ਜਨਮ ਤੇ ਕਲਿਆਣ ਦੇ ਪ੍ਰਮੁੱਖ ਨੇਤਾ ਰਾਜਸੀ ਜਾਂ ਧਾਰਮਿਕ ਨੇਤਾ ਹੁੰਦੇ ਹਨ, ਉਥੇ ਆਧੁਨਿਕ ਪੰਜਾਬ ਦੇ ਪੁਨਰ ਜਨਮ ਦਾ ਪ੍ਰਮੁੱਖ ਨੇਤਾ ਇਕ ਕਵੀ ਤੇ ਸਾਹਿਤਕਾਰ ਹੈ ਤੇ ਇਹ ਸਾਹਿਤਕਾਰ ਭਾਈ ਵੀਰ ਸਿੰਘ ਹੈ।'[37]

ਆਪ ਜੀ ਦੀ ਵਡਮੁੱਲੀ ਸ਼ਖ਼ਸੀਅਤ ਅਤੇ ਅਹਿਮ ਸਾਹਿਤਕ ਸੇਵਾਵਾਂ ਕਾਰਨ ਸਮਾਜ ਨੇ ਆਪ ਨੂੰ ਬਹੁਤ ਹੀ ਮਾਨ ਦਿੱਤਾ। ਪੈਪਸੂ ਦੇ ਪੰਜਾਬੀ ਮਹਿਕਮਾ ਦੀ ਸਥਾਪਨਾ ਪਿਛੋਂ ਆਪ ਨੂੰ ਪੰਜਾਬੀ ਦੇ ਸਭ ਤੋਂ

ਪਹਿਲੇ ਸ਼੍ਰੋਮਣੀ ਸਾਹਿਤਕਾਰ ਦੇ ਤੌਰ ਤੇ ਸਨਮਾਨਿਆ ਗਿਆ। 1949 ਈ: ਵਿੱਚ ਪੰਜਾਬ ਯੂਨੀਵਰਸਿਟੀ ਵੱਲੋਂ ਆਪ ਨੂੰ ਪੰਜਾਬੀ ਭਾਸ਼ਾ ਤੇ ਸਾਹਿਤ ਦੀ ਸੇਵਾ ਦੇ ਆਧਾਰ ਤੇ 'ਡਾਕਟਰ ਆਫ ਉਰੀਐਂਟਲ ਲਰਨਿੰਗ' ਦੀ ਉਪਾਧੀ ਪ੍ਰਦਾਨ ਕੀਤੀ। ਡਿਗਰੀ ਦੀ ਰਸਮ ਅੰਮ੍ਰਿਤਸਰ ਵਿਚ ਆਪ ਦੀ ਕੋਠੀ ਅੰਦਰ ਯੂਨੀਵਰਸਿਟੀ ਅਧਿਕਾਰੀਆਂ ਵੱਲੋਂ ਕੀਤੀ ਗਈ। 1952 ਈ: ਵਿੱਚ ਆਜ਼ਾਦ ਭਾਰਤ ਦੇ ਨਵੇਂ ਵਿਧਾਨ ਹੇਠ ਬਣੀ ਪਹਿਲੀ ਪੰਜਾਬ ਲੈਜਿਸਲੇਟਿਵ ਕੌਂਸਲ ਦਾ ਆਪ ਨੂੰ ਸਰਕਾਰੀ ਤੌਰ ਤੇ ਮੈਂਬਰ ਨਾਮਜ਼ਦ ਕੀਤਾ ਗਿਆ। 1953 ਈ: ਵਿਚ ਆਪ ਦੀ ਪੁਸਤਕ 'ਮੇਰੇ ਸਾਈਆ ਜੀਉ' ਨੂੰ ਭਾਰਤੀ ਸਾਹਿਤ ਅਕਾਦਮੀ ਵੱਲੋਂ 50,000 ਰੁਪਏ ਦਾ ਇਨਾਮ ਮਿਲਿਆ। ਦਿੱਲੀ ਵਿੱਚ ਭਾਈ ਵੀਰ ਸਿੰਘ ਸਟੱਡੀ ਸਰਕਲ ਕਾਇਮ ਹੋਇਆ ਤੇ 1954 ਈ: ਵਿੱਚ ਭਾਰਤ ਸਰਕਾਰ ਵੱਲੋਂ ਉਹਨਾਂ ਨੂੰ ਸਾਹਿਤ ਅਕਾਦਮੀ ਦਾ ਮੈਂਬਰ ਨਿਯਤ ਕੀਤਾ ਗਿਆ। ਇਸੇ ਸਾਲ ਬੰਬਈ ਵਿਖੇ ਹੋਈ ਸਿੱਖ ਐਜੂਕੇਸ਼ਨ ਕਾਨਫਰੰਸ ਵਿਚ ਆਪ ਨੂੰ ਅਭਿਨੰਦਨ ਗ੍ਰੰਥ ਭੇਂਟ ਕੀਤਾ ਗਿਆ। 1956 ਈ: ਵਿੱਚ ਸਵਰਾਜ ਦਿਵਸ ਸਮੇਂ ਭਾਰਤ ਦੇ ਰਾਸ਼ਟਰਪਤੀ ਵੱਲੋਂ ਆਪ ਨੂੰ 'ਪਦਮ ਭੂਸ਼ਨ' ਦੀ ਉਪਾਧੀ ਨਾਲ ਨਿਵਾਜਿਆ ਗਿਆ। ਆਪ ਦੀਆਂ ਰਚਨਾਵਾਂ ਅਤੇ ਵਿਚਾਰਾਂ ਦੇ ਪ੍ਰਸਾਰ ਹਿਤ ਭਾਰਤ ਤੋਂ ਇਲਾਵਾ ਇੰਗਲੈਂਡ, ਬੈਂਕਾਕ, ਮਲੇਸ਼ੀਆ ਅਤੇ ਅਸਟ੍ਰੇਲੀਆ ਆਦਿ ਵਿਦੇਸ਼ਾਂ ਵਿੱਚ ਭਾਈ ਵੀਰ ਸਿੰਘ ਸਟੱਡੀ ਸਰਕਲ ਕਾਇਮ ਹੋਏ। 1957 ਈ: ਦੇ ਆਰੰਭ ਵਿਚ ਉਹ ਸਰੀਰਕ ਕਮਜ਼ੋਰੀ ਮਹਿਸੂਸ ਕਰਨ ਲੱਗੇ। ਜੂਨ ਦੇ ਮਹੀਨੇ ਬੁਖਾਰ ਹੋ ਗਿਆ ਜੋ ਕਈ ਦਿਨਾਂ ਤਕ ਰਿਹਾ। ਅੰਤ 10 ਜੂਨ 1957 ਈ: ਨੂੰ ਸੋਮਵਾਰ ਸ਼ਾਮ ਸਾਢੇ ਚਾਰ ਵਜੇ ਆਪ ਗੁਰਪੁਰੀ ਸਿਧਾਰ ਗਏ।

**ਰਚਨਾ ਸੰਸਾਰ**

ਬਹੁਤ ਲੰਮੇ ਸਮੇਂ ਤੋਂ ਅਕਾਦਮਿਕ ਅਦਾਰਿਆਂ ਵਿਚ ਭਾਈ ਵੀਰ ਸਿੰਘ ਨੂੰ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਨਿਰਮਾਤਾ ਵਜੋਂ ਵੇਖਣ ਦਾ ਹੀ ਯਤਨ ਕੀਤਾ ਗਿਆ ਹੈ ਪਰ ਇਸ ਨਿਰਧਾਰਿਤ ਡੱਬਾ ਬੰਦੀ ਵਿੱਚ ਰੱਖ ਕੇ ਭਾਈ ਵੀਰ ਸਿੰਘ ਨੂੰ ਸੀਮਾ ਬੱਧ ਕਰ ਦਿੱਤਾ ਹੈ। ਇਹ ਕਿੰਤੂ ਮੁਕਤ ਧਾਰਨਾ ਹੈ ਕਿ ਉਹ ਪੰਜਾਬੀ ਸਾਹਿਤ, ਸਭਿਆਚਾਰ ਅਤੇ ਭਾਸ਼ਾ ਦੇ 19ਵੀਂ ਸਦੀ ਦੇ ਆਖੀਰ ਤੇ

20ਵੀਂ ਸਦੀ ਦੇ ਅੱਧ ਤੱਕ ਕਾਰਜਸ਼ੀਲ ਰਹੇ ਅਜਿਹੇ ਵਿਦਵਾਨ ਸਨ ਜਿਨ੍ਹਾਂ ਦਾ ਕੋਈ ਬਦਲ ਹੀ ਨਹੀਂ ਹੈ, ਪਰ ਇਸ ਸਮਕਾਲ ਵਿੱਚ ਉਹ ਸਿੱਖੀ ਦੇ ਸਿਰਮੌਰ ਚਿੰਤਕ ਵਜੋਂ ਆਪਣੀ ਸਥਾਪਨਾ ਕਰ ਚੁੱਕੇ ਹਨ ਤੇ ਉਨ੍ਹਾਂ ਦੇ ਚਿੰਤਨ ਨੂੰ ਵੀ ਵੱਡਾ ਮਾਣ ਹਾਸਲ ਹੈ। ਇਸ ਲਈ ਇਹ ਅਹਿਮ ਪਹਿਲੂ ਧਿਆਨ ਦੀ ਮੰਗ ਕਰਦਾ ਹੈ, ਕਿਉਂਕਿ ਅਜਿਹਾ ਕਰਨ ਨਾਲ ਹੀ ਉਨ੍ਹਾਂ ਦੀ ਸਥਾਪਨਾ ਇਕ ਸਿਰਮੌਰ ਸਿੱਖ ਚਿੰਤਕ ਵਜੋਂ ਹੋ ਸਕਦੀ ਹੈ। ਇਸ ਦੀ ਪੁਖਤਾ ਉਦਾਹਰਨ ਉਨ੍ਹਾਂ ਦੀਆਂ ਰਚਨਾਵਾਂ ਦਾ ਵਿਸ਼ਾ-ਵਸਤੂ ਅਤੇ ਪਾਤਰਾਂ ਦੇ ਪਿਛੋਕੜ ਦੀ ਨਜ਼ਰਸਾਨੀ ਵੀ ਜ਼ਰੂਰੀ ਹੈ। ਉਹਨਾਂ ਦਾ ਰਚਨਾ ਸੰਸਾਰ ਸਿੱਖੀ ਮੁਹਾਵਰੇ, ਸਿੱਖੀ ਪ੍ਰਤੀਕ, ਸਿੱਖੀ ਜਨ-ਜੀਵਨ, ਸਿੱਖੀ ਦੀ ਵਿਆਖਿਆਕਾਰੀ ਨਾਲ ਸਰਸ਼ਾਰ ਹੈ। ਉਹਨਾਂ ਦੀਆਂ ਰਚਨਾਵਾਂ ਦੇ ਪਾਤਰ ਸਿੱਖੀ ਸਿਧਾਂਤਾਂ ਨਾਲ ਪਰਣਾਈਆਂ ਹੋਈਆਂ ਅਜਿਹੀਆਂ ਸੁਜੱਗ ਰੂਹਾਂ ਹਨ ਜਿਨ੍ਹਾਂ ਵਿਚੋਂ 17ਵੀਂ 18ਵੀਂ ਸਦੀ ਦੇ ਸਿੱਖ ਜੰਗਜੂ ਯੋਧਿਆਂ ਵਰਗੇ ਗੁਣ ਹਨ। ਉਹ ਅਣਖ ਆਬਰੂ ਤੇ ਸੱਚ ਲਈ ਸਿੱਖ ਸਿਧਾਂਤਾਂ ਦੀ ਪਹਿਰੇਦਾਰੀ ਕਰਦੇ ਪ੍ਰਤੀਤ ਹੁੰਦੇ ਹਨ। ਜਿਨ੍ਹਾਂ ਤੋਂ ਸਪਸ਼ਟ ਹੁੰਦਾ ਹੈ ਕਿ ਭਾਈ ਸਾਹਿਬ ਦਾ ਰਚਨਾ ਸੰਸਾਰ ਮਾਨਵਤਾ ਤੇ ਸਰਬੱਤ ਦੇ ਭਲੇ ਵਾਲੇ ਸਿੱਖੀ ਸਿਧਾਂਤ ਉੱਪਰ ਪੂਰਨ ਤੌਰ ਤੇ ਆਧਾਰਿਤ ਸੀ। ਸਰਬ ਸਾਂਝੀਵਾਲਤਾ ਦੇ ਸਿਧਾਂਤ ਨੂੰ ਜਨ ਸਮੂਹ ਤੱਕ ਲੈ ਜਾਣ ਲਈ ਉਹ ਇੰਨੇ ਪ੍ਰਬਲ ਸਨ ਕਿ ਇਸੇ ਕਰਕੇ ਪੰਜਾਬੀ ਸਾਹਿਤ ਰੂਪ ਦੀ ਹਰੇਕ ਵਿਧਾ ਨੂੰ ਆਪਣੇ ਰਚਨਾ ਸੰਸਾਰ ਦਾ ਹਿੱਸਾ ਬਣਾਇਆ। ਇਸ ਕਰਕੇ ਉਹ ਨਾਵਲ ਵੀ ਲਿਖ ਰਹੇ ਹਨ, ਨਾਟਕ ਵੀ, ਮਹਾਂਕਾਵਿ ਤੇ ਪ੍ਰਕਿਰਤੀ ਨੂੰ ਸੰਬੋਧਤ ਰਹੱਸਵਾਦੀ ਕਵਿਤਾ ਵੀ, ਜਿਸ ਵਿੱਚ ਨਿੱਕੀ ਕਵਿਤਾ ਤੇ ਰੂਬਾਈ ਵੀ ਆਪ ਮੁਹਾਰੇ ਹਿੱਸੇਦਾਰ ਬਣੀਆਂ। ਸੰਪਾਦਨਾਂ, ਟੀਕਾਕਾਰੀ ਤੇ ਵਿਆਖਿਆਕਾਰੀ ਵਾਲੀਆਂ ਰਚਨਾਵਾਂ ਉਹਨਾਂ ਦੀ ਵਿਦਵਤਾ ਦਾ ਹੈਰਾਨ ਕਰਨ ਵਾਲਾ ਪੱਖ ਹੈ। ਸਪਸ਼ਟ ਹੈ ਕਿ ਉਹਨਾਂ ਦੀਆਂ ਲਿਖਤਾਂ ਹਰ ਪ੍ਰਕਾਰ ਦੀ ਵੰਨਗੀ ਨਾਲ ਸੰਜੋਈਆਂ ਹੋਈਆਂ ਹਨ। ਉਹਨਾਂ ਸਾਰਿਆਂ ਦਾ ਵਰਨਣ ਇਥੇ ਬੇਹੱਦ ਜ਼ਰੂਰੀ ਹੈ ਹਾਲਾਂਕਿ ਮੇਰੇ ਖੋਜ ਪ੍ਰਬੰਧ ਦੀ ਸੀਮਾ ਉਹਨਾਂ ਦੇ ਨਾਵਲ ਜਗਤ, ਕਵਿਤਾ ਜਗਤ, ਵਿਆਖਿਆ ਜਗਤ ਤੱਕ ਸੀਮਤ ਹੈ:

## ਨਾਵਲ /ਗਲਪ

### ਸੁੰਦਰੀ

ਭਾਈ ਵੀਰ ਸਿੰਘ ਦੀ ਪਹਿਲੀ ਰਚਨਾ ਦਾ ਆਗਮਨ ਉਹਨਾਂ ਦੀ ਚੜਦੀ ਜਵਾਨੀ ਦੀ ਉਮਰ ਵਿਚ ਹੋਇਆ। 26 ਸਾਲ ਦੀ ਉਮਰ ਤੇ ਏਨੀ ਵੱਡੀ ਪ੍ਰੋੜ ਰਚਨਾ 'ਸੁੰਦਰੀ' ਨਿਸਚੇ ਹੀ ਹੈਰਾਨੀਜਨਕ ਵਰਤਾਰਾ ਮੰਨਿਆ ਜਾ ਸਕਦਾ ਹੈ। ਇਸ ਉਮਰ ਵਿੱਚ ਜਦ ਰੁਚੀਆਂ ਅਤੇ ਬਿਰਤੀਆਂ ਕਿਸੇ ਅੱਲ੍ਹੜ ਦਿਸ਼ਾ ਵੱਲ ਸੇਧਤ ਹੁੰਦੀਆਂ ਹਨ ਉਸ ਵੇਲੇ ਭਾਈ ਵੀਰ ਸਿੰਘ ਜੀ ਦੀ ਮਾਨਸਿਕਤਾ ਕਿਸ ਸਿਖ਼ਰ ਉਤੇ ਪਹੁੰਚ ਚੁੱਕੀ ਹੋਵੇਗੀ ਉਸਦੀ ਪੁਸ਼ਟੀ ਨਾਵਲ 'ਸੁੰਦਰੀ' ਵਿਚੋਂ ਆਪ-ਮੁਹਾਰੇ ਹੀ ਹੋ ਜਾਂਦੀ ਹੈ। 1898 ਦਾ ਸਾਲ ਤੇ ਇਸ ਨਾਵਲ ਦੀ ਸੰਪੂਰਨਤਾ, ਕੁੱਲ 148 ਪੰਨੇ ਅਤੇ ਹੁਣ ਤੱਕ 44 ਵਾਰ ਛੱਪ ਚੁਕਣਾ ਜਿੱਥੇ ਆਪ-ਮੁਹਾਰੇ ਹੀ ਇਸ ਨਾਵਲ ਦੀ ਅਹਿਮੀਅਤ ਨੂੰ ਸਾਹਮਣੇ ਲਿਆਉਂਦਾ ਹੈ ਉਥੇ ਗਲਪ ਦੇ ਖੇਤਰ ਵਿਚ ਇਸ ਰਚਨਾ ਦਾ ਸਥਾਨ ਵੀ ਨਿਰਧਾਰਿਤ ਕਰਦਾ ਹੈ। ਇਹ ਬਹੁਤ ਹੀ ਵੱਡਾ ਦੁਖਾਂਤਕ ਪਹਿਲੂ ਹੈ ਕਿ ਏਡੇ ਵੱਡੇ ਚਿੰਤਕ ਨੂੰ ਪੰਜਾਬ ਦੀਆਂ ਸੀਮਾਵਾਂ ਤੱਕ ਹੀ ਸੀਮਾਬੱਧ ਕਰ ਦਿੱਤਾ। ਇਹ ਸੰਸਾਰ ਦੇ ਪ੍ਰਮੁੱਖ ਚਿੰਤਕਾਂ ਦੀ ਲੜੀ ਵਿੱਚ ਆਪਣਾ ਸਥਾਨ ਕਿਉਂ ਨਹੀਂ ਬਣਾ ਸਕਿਆ, ਇਸ ਦੀ ਹਰ ਹਾਲ ਵਿਚ ਜਿੰਮੇਵਾਰੀ ਨਿਰਧਾਰਿਤ ਕਰਨੀ ਬਣਦੀ ਹੈ ਤੇ ਕਿਸੇ ਨਾ ਕਿਸੇ ਰੂਪ ਵਿਚ ਸਿੱਖ ਭਾਈਚਾਰਾ ਸਵਾਲਾਂ ਦੇ ਘੇਰੇ ਵਿਚ ਖੜ੍ਹਿਆ ਨਜ਼ਰ ਆਉਂਦਾ ਹੈ ਕਿਉਂਕਿ ਆਪਣੇ ਨਾਇਕ ਦੁਆਰਾ ਸਥਾਪਤ ਕੀਤੀ ਵਿਰਾਸਤ ਨੂੰ ਸੀਮਾ-ਉਲੰਘ ਦੂਜਿਆਂ ਤੱਕ ਲੈ ਕੇ ਜਾਣ ਦੀ ਜ਼ਿੰਮੇਵਾਰੀ ਕੇਵਲ ਤੇ ਕੇਵਲ ਸਬੰਧਿਤ ਕੌਮ ਦੀ ਹੁੰਦੀ ਹੈ। ਸੰਸਾਰ ਭਰ ਦੇ ਚਿੰਤਕਾਂ ਦੇ ਰਚਨਾ ਸੰਸਾਰ ਵੱਲ ਜੇਕਰ ਨਿਗਾਹ ਮਾਰੀ ਜਾਵੇ ਤਾਂ ਬਹੁਤ ਘੱਟ ਅਜਿਹੇ ਨਜ਼ਰ ਆਉਂਦੇ ਹਨ ਜਿਨ੍ਹਾਂ ਦਾ ਰਚਨਾ ਸੰਸਾਰ ਭਾਈ ਵੀਰ ਸਿੰਘ ਜਿੰਨਾ ਵਿਸਥਾਰ ਪੂਰਵਕ ਹੋਵੇ ਪਰ ਫਿਰ ਵੀ ਇਹ ਵੇਖਣਾ ਜ਼ਰੂਰ ਪਵੇਗਾ ਕਿ ਟਾਲਸਟਾਏ ਦੇ ਕੱਦ ਬੁੱਤ ਦਾ ਬੰਦਾ ਮਹਿਜ ਪੰਜਾਬ ਤੱਕ ਹੀ ਸੀਮਿਤ ਕਿਉ ਰਹਿ ਗਿਆ। ਬੇਸ਼ੱਕ ਇਥੇ ਇਸਦਾ ਵਿਸਥਾਰਪੂਰਵਕ ਜਿਕਰ ਕਰਨਾ ਖੋਜ ਦਾ ਹਿੱਸਾ ਨਹੀਂ ਹੈ ਪਰ ਪ੍ਰਸ਼ਨ ਅਹਿਮ ਹੈ ਇਸ ਲਈ ਨਜ਼ਰਸਾਨੀ ਬਣਦੀ ਹੈ। ਜਿੱਥੋਂ ਤੱਥ ਰਚਨਾ 'ਸੁੰਦਰੀ' ਦਾ

ਸਬੰਧ ਹੈ ਇਸ ਨਾਵਲ ਲਿਖਣ ਪਿੱਛੇ ਲੇਖਕ ਦਾ ਮੰਤਵ ਉਸਦੇ ਸ਼ਬਦਾਂ ਵਿਚੋਂ ਹੀ ਵੇਖ ਲੈਣਾ ਜਰੂਰੀ ਹੈ "ਸੁੰਦਰੀ ਦੇ ਸਮਾਚਾਰ ਅਰ ਖ਼ਾਲਸੇ ਦੇ ਹੋਰ ਹਾਲਾਤ ਜੋ ਇਸ ਪੁਸਤਕ ਵਿਚ ਲਿਖੇ ਹਨ ਅਸਾਂ ਪੰਥ ਪ੍ਰਕਾਸ਼, ਖਾਲਸਾ ਤਾਰੀਖ ਤੇ ਹੋਰ ਕਈ ਇਤਿਹਾਸਾਂ ਅਰ ਬ੍ਰਿੱਧ ਤੀਵੀਆਂ-ਪੁਰਖਾਂ ਤੋਂ ਸੁਣ ਕੇ ਕੱਠੇ ਕਰਕੇ ਇਕ ਸ਼੍ਰੇਣੀ ਵਿਚ ਗੁੰਦ ਕੇ ਅਰ ਟੁੱਟੇ ਸਿਲਸਲਿਆਂ ਨੂੰ ਮਿਲਾ ਕੇ ਲਿਖੇ ਹਨ: ਇਸ ਪੁਸਤਕ ਦੇ ਲਿਖਣ ਤੋਂ ਸਾਡਾ ਤਾਤਪਰਜ ਇਹ ਹੈ ਕਿ ਪੁਰਾਣੇ ਸਮਾਚਾਰ ਪੜ੍ਹ-ਸੁਣ ਕੇ ਸਿੱਖ ਲੋਕ ਆਪਣੇ ਧਰਮ ਵਿਚ ਪੱਕੇ ਹੋਣ, ਪਰਮੇਸ਼ਰ ਦੀ ਭਗਤੀ ਤੇ ਜਗਤ ਦੇ ਵਿਹਾਰ ਦੋਹਾਂ ਨੂੰ ਨਿਭਾਹੁਣ, ਕੁਰੀਤੀਆਂ ਦਾ ਤਿਆਗ ਹੋਵੇ, ਧਰਮ ਦਾ ਵਾਧਾ ਹੋਵੇ ਅਰ ਸਿੱਖਾਂ ਨੂੰ ਆਪਣੇ ਉੱਤਮ ਅਸੂਲ ਪਿਆਰੇ ਲੱਗਣ, ਆਪਣੇ ਵਿਚ ਜਥੇਬੰਦ ਹੋ ਕੇ ਸਿੰਘ ਦੂਜੀਆਂ ਕੌਮਾਂ ਨੂੰ ਇਕ-ਰਸ ਜਾਣ ਕੇ ਕਿਸੇ ਨਾਲ ਅਤਿ ਵੈਰ ਤੇ ਕਿਸੇ ਨਾਲ ਅਤਿ ਮੋਹ ਨਾ ਕਰਨ ਸਗੋਂ 'ਮਾਨਸ ਕੀ ਜਾਤਿ ਸਭੈ ਏਕੋ ਪਹਿਚਾਨਬੋ' ਵਾਲੀ ਗੁਰੂ ਸਿਖਿਆ ਪੁਰ ਟੁਰ ਕੇ ਅਟੱਲ ਰਹਿਣ।[38]

ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਮੁਗਲੀਆ ਹਕੂਮਤ ਦੇ ਜਬਰ ਅਤੇ ਜੁਲਮ ਵਿਰੁੱਧ ਸਿੱਖਾਂ ਦੇ ਸੰਗਰਾਮ ਅਤੇ ਖਾਲਸਾ ਧੁਰੋਹਰ ਨੂੰ ਕਾਇਮ ਰੱਖਣ ਵਾਲੀ ਚੇਤਨਾ ਦੇ ਦੀਦਾਰੇ ਇਸ ਨਾਵਲ ਵਿਚੋਂ ਆਪ-ਮੁਹਾਰੇ ਹੀ ਰੂਪਮਾਨ ਹੋ ਜਾਂਦੇ ਹਨ। ਹਿੰਦੂ ਸਮਾਜ ਦਾ ਸਾਹ-ਸੱਤ ਹੀਣ ਹੋਣਾ ਅਤੇ ਮੁਗਲ ਬਾਦਸ਼ਾਹਤ ਤੇ ਉਸਦੇ ਅਹਿਲਕਾਰਾਂ ਵਲੋਂ ਜਬਰੋ-ਜ਼ੁਲਮ ਦੀ ਤਸਵੀਰ ਨੂੰ ਇਤਿਹਾਸਕ ਪ੍ਰਸੰਗ ਵਿਚ ਸਾਹਮਣੇ ਲਿਆਉਂਦਾ ਇਹ ਨਾਵਲ ਇਕ ਇਤਿਹਾਸਕ ਰਚਨਾ ਹੋ ਨਿਬੜਦਾ ਹੈ। ਹਾਲਾਂਕਿ ਕਿਸੇ ਵੀ ਹਾਲਤ ਵਿਚ ਇਹ ਰਚਨਾ ਇਤਿਹਾਸਕ ਅੰਤਰ ਦ੍ਰਿਸ਼ਟੀਆਂ ਅਤੇ ਪਹੁੰਚ ਵਿਧੀਆਂ ਤੇ ਪੂਰੀ ਨਹੀਂ ਉਤਰਦੀ ਕਿਉਂਕਿ ਇਹ ਗਲਪ ਹੈ ਪਰ ਗਲਪ ਨੂੰ ਸਹਿਜ ਕਹਾਣੀ ਮੰਨ ਕੇ ਸੀਮਾਬੱਧ ਵੀ ਨਹੀਂ ਕੀਤਾ ਜਾ ਸਕਦਾ। ਉਸ ਵੇਲੇ ਹਿੰਦੋਸਤਾਨ ਦੀ ਧਰਤੀ ਤੇ ਨਿਸ਼ਚੇ ਹੀ ਅਜਿਹਾ ਵਾਪਰ ਰਿਹਾ ਸੀ ਤੇ ਇਸ ਜਬਰੋ-ਜ਼ੁਲਮ ਨੂੰ ਇਸ ਕਰਕੇ ਅੱਖੋਂ ਉਹਲੇ ਕੀਤਾ ਜਾ ਰਿਹਾ ਸੀ ਕਿਉਂਕਿ ਇਤਿਹਾਸ ਲਿਖਣ ਵਾਲੇ ਹਕੂਮਤ ਦੀ ਧਰਮ ਅਤੇ ਕੌਮ ਨਾਲ ਸਬੰਧਿਤ ਹੋਣ ਕਰਕੇ ਅਜਿਹੀਆਂ ਘਟਨਾਵਾਂ ਨੂੰ ਵੇਖਦੇ ਹੋਏ ਵੀ

ਅੱਖਾਂ ਬੰਦ ਕਰ ਲੈਂਦੇ ਸਨ। ਇਸ ਕਰਕੇ ਹੀ 'ਇਤਿਹਾਸ ਕਦੇ ਵੀ ਪੂਰਨ ਸੱਚ ਨਹੀਂ ਹੁੰਦਾ' ਦੇ ਤੱਥ ਨੂੰ ਇਨ੍ਹਾਂ ਘਟਨਾਵਾਂ ਨਾਲ ਪੁਸ਼ਟ ਕੀਤਾ ਜਾ ਸਕਦਾ ਹੈ। ਕਹਾਣੀ ਦੇ ਸਮਕਾਲ ਵਿਚ ਬਹੁ-ਗਿਣਤੀ (ਹਿੰਦੂ ਸਮਾਜ) ਸਾਹ-ਸਤਹੀਣ ਹੋਈ ਪਈ ਸੀ ਤੇ ਸਿੱਖ ਪੰਥ ਘੱਟ ਗਿਣਤੀ ਹੋਣ ਦੇ ਬਾਵਜੂਦ ਜ਼ੁਲਮ ਦਾ ਮੂੰਹ ਭੰਨਣ ਲਈ ਜੰਗੇ-ਮੈਦਾਨ ਵਿਚ ਸੀ। ਵਾਪਰ ਰਹੀਆਂ ਘਟਨਾਵਾਂ ਨੂੰ ਲਿਖਣ ਤੇ ਸੰਭਾਲਣ ਦਾ ਵਕਤ ਹੀ ਕਿੱਥੇ ਸੀ। ਇਸ ਦੇ ਬਾਵਜੂਦ 'ਸੁੰਦਰੀ' ਵਰਗੇ ਪਾਤਰਾਂ ਦੀਆਂ ਅਨੇਕਾਂ ਘਟਨਾਵਾਂ ਇਤਿਹਾਸਕ ਗ੍ਰੰਥਾਂ ਵਿਚੋਂ ਪੁਸ਼ਟੀ ਹਿਤ ਵੇਖੀਆ ਜਾ ਸਕਦੀਆਂ ਹਨ। ਇਸ ਰਚਨਾ ਦੀ ਮੁੱਖ ਪਾਤਰ ਸੁਰਸਤੀ ਹੈ। ਬੇਹੱਦ ਖੂਬਸੂਰਤ ਸਲੀਕੇ ਵਾਲੀ ਔਰਤ, ਵਿਆਹ ਹੋ ਚੁੱਕਾ ਹੈ, ਪਰੰਪਰਾ ਅਨੁਸਾਰ ਮੁਕਲਾਵੇ ਜਾਣਾ ਹੈ। ਘਰ ਵਿਚ ਸ਼ਰੀਕਾ ਬਰਾਦਰੀ ਜੁੜਿਆ ਹੋਇਆ ਹੈ। ਸੁਰਸਤੀ ਦੇ ਸਹੁਰੇ ਵੱਡੀ ਗਿਣਤੀ ਵਿਚ ਬਿਰਾਜਮਾਨ ਹਨ। ਕੁਝ ਪਲ ਆਪਣੀਆਂ ਸਹੇਲੀਆਂ ਨਾਲ ਬਾਹਰ ਦਰੱਖਤ ਦੀ ਛਾਂ ਹੇਠ ਜਾ ਬੈਠਦੀ ਹੈ, ਉਸੇ ਵਕਤ ਮੁਗਲੀਆਂ ਹਕੂਮਤ ਦਾ ਇਕ ਹਾਕਮ ਉਧਰੋਂ ਦੀ ਲੰਘ ਰਿਹਾ ਹੈ ਜੋ ਸੁਰਸਤੀ ਦੇ ਸਹੁੱਪਣ ਨੂੰ ਵੇਖ ਕੇ ਡੋਲ ਜਾਂਦਾ ਹੈ ਅਤੇ ਉਸ ਨੂੰ ਚੁੱਕ ਕੇ ਆਪਣੇ ਨਾਲ ਲੈ ਜਾਂਦਾ ਹੈ। ਪੂਰਾ ਪਰਿਵਾਰ ਅਤੇ ਪਿੰਡ ਦੇ ਪੰਚ ਹੱਥ ਬੰਨ ਮੁਗਲ ਹਾਕਮ ਪਾਸ ਜਾਂਦੇ ਹਨ ਪਰ ਉਹ ਸਾਫ਼ ਇਨਕਾਰ ਕਰ ਦਿੰਦਾ ਹੈ। ਸੁਰਸਤੀ ਕਿਸੇ ਤਰ੍ਹਾਂ ਹਾਕਮ ਨੂੰ ਪਾਣੀ ਲੈਣ ਭੇਜਦੀ ਹੈ ਅਤੇ ਆਪ ਲੱਕੜੀਆਂ ਦੇ ਢੇਰ ਉੱਤੇ ਬੈਠ ਅੱਗ ਲਗਾ ਲੈਂਦੀ ਹੈ। ਐਨ ਉਸੇ ਮੌਕੇ ਤੇ ਉਸਦਾ ਸਿੰਘ ਸਰਦਾਰ ਭਰਾ ਬਲਵੰਤ ਉਥੇ ਪਹੁੰਚ ਜਾਂਦਾ ਹੈ ਤੇ ਆਪਣੀ ਭੈਣ ਨੂੰ ਸੁਰੱਖਿਅਤ ਬਚਾ ਨਾਲ ਲੈ ਜਾਂਦਾ ਹੈ ਪਰ ਰਸਤੇ ਵਿਚ ਮੁਗਲੀਆ ਹਕੂਮਤ ਉਹਨਾਂ ਦੋਹਾਂ ਨੂੰ ਦੁਬਾਰਾ ਦਬੋਚ ਲੈਂਦੀ ਹੈ। ਸੁਰਸਤੀ ਨੂੰ ਨਿਕਾਹ ਪੜ੍ਹਨ ਦੀ ਨੀਅਤ ਨਾਲ ਮਸੀਤ ਲੈ ਕੇ ਜਾਇਆ ਜਾ ਰਿਹਾ ਹੈ। ਪਰ ਸ਼ਾਮ ਸਿੰਘ ਦਾ ਜਥਾ ਤੇਗਾਂ ਸੂਤ ਕੇ ਪਹੁੰਚ ਜਾਂਦਾ ਹੈ ਅਤੇ ਮੁਗਲੀਆ ਅਹਿਲਕਾਰਾਂ ਨੂੰ ਨੇਸਤੋ ਨਾਬੂਦ ਕਰਦਾ ਹੋਇਆ ਦੋਹਾਂ ਨੂੰ ਛੁਡਾ ਕੇ ਲੈ ਜਾਂਦਾ ਹੈ। ਸੁਰਸਤੀ ਕਿਸੇ ਵੀ ਹਾਲਤ ਵਿਚ ਆਪਣੇ ਘਰ ਜਾਣ ਤੋਂ ਇਨਕਾਰ ਕਰ ਦਿੰਦੀ ਹੈ ਅਤੇ ਅੰਮ੍ਰਿਤ ਛਕ 'ਸੁੰਦਰ ਕੌਰ' ਉਰਫ 'ਸੁੰਦਰੀ' ਵਜੋਂ ਮਸ਼ਹੂਰ ਹੋ ਜਾਂਦੀ ਹੈ ਅਤੇ ਸਾਰੀ ਜ਼ਿੰਦਗੀ ਖ਼ਾਲਸਾ ਪੰਥ ਦੀ ਸਥਾਪਤੀ ਲਈ ਲਾ ਦਿੰਦੀ ਹੈ। ਅਨੇਕਾਂ ਵਾਰ ਵੱਡੇ

ਸੰਕਟਾਂ ਵਿਚ ਉਲਝਦੀ ਹੈ ਪਰ ਹਰ ਵਾਰ ਗੁਰੂ ਬਖਸਿਸ਼ ਸੱਦਕਾ ਸੰਕਟਾਂ ਤੋਂ ਨਿਜ਼ਾਤ ਮਿਲ ਜਾਂਦੀ ਹੈ। ਸਾਮ ਸਿੰਘ, ਬਿਜਲਾ ਸਿੰਘ, ਲਖਪਤ ਰਾਏ ਅਤੇ ਸੁੰਦਰੀ ਇਸ ਨਾਵਲ ਦੇ ਪ੍ਰਮੁੱਖ ਪਾਤਰ ਹਨ।

**ਬਿਜੈ ਸਿੰਘ**

ਸੁੰਦਰੀ ਤੋਂ ਬਾਅਦ 27 ਸਾਲ ਦੀ ਉਮਰ ਵਿੱਚ ਭਾਈ ਵੀਰ ਸਿੰਘ ਦਾ ਦੂਜਾ ਇਤਿਹਾਸਕ ਨਾਵਲ ਤਿਆਰ ਹੁੰਦਾ ਹੈ ਜੋ 'ਬਿਜੈ ਸਿੰਘ' ਦੇ ਨਾਮ ਨਾਲ ਸਿੱਖ ਸਾਹਿਤ ਵਿਚ ਆਪਣੀ ਅਹਿਮ ਪਹਿਚਾਣ ਬਣਾਉਂਦਾ ਹੈ। 1899 ਈ: ਇਸ ਦਾ ਪ੍ਰਕਾਸ਼ਿਤ ਵਰ੍ਹਾ ਹੈ ਅਤੇ ਹੁਣ ਤੱਕ ਸੱਤ ਵਾਰ ਪ੍ਰਕਾਸ਼ਿਤ ਹੋ ਚੁੱਕਾ ਹੈ ਅਤੇ ਅੱਠਵੀਂ ਵਾਰ ਇਸ ਦੀ ਪ੍ਰਕਾਸ਼ਨਾ ਦਾ ਕਾਰਜ ਭਾਈ ਵੀਰ ਸਿੰਘ ਚੇਅਰ ਦੇ ਅੰਤਰਗਤ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਕੀਤਾ ਜਾ ਰਿਹਾ ਹੈ। ਇਸ ਨਾਵਲ ਦੀ ਪਿੱਠ ਭੂਮੀ ਵੀ 18ਵੀਂ ਸਦੀ ਦੇ ਸਿੱਖ ਇਤਿਹਾਸ, ਜਰਜਰ ਹੋ ਰਹੀ ਮੁਗਲੀਆ ਹਕੂਮਤ ਦੀ ਬਰਬਰਤਾ ਅਤੇ ਸਿੱਖ ਯੋਧਿਆਂ ਦਾ ਇਤਿਹਾਸਕ ਜਲੋਅ ਇਸ ਨਾਵਲ ਦੇ ਮੁੱਖ ਵਿਸ਼ੇ ਹਨ। ਅਸਲ ਵਿਚ ਇਸ ਰਚਨਾ ਦਾ ਮੁੱਖ ਮਨੋਰਥ ਵੀ ਸਿੱਖ ਸਮਾਜ ਵਿਚ ਆ ਚੁੱਕੀ ਘੋਰ ਉਦਾਸੀ ਨੂੰ ਦੂਰ ਕਰਦਿਆਂ ਉਹਨਾਂ ਦੇ ਵਿਰਾਸਤੀ ਫ਼ਖਰ ਤੋਂ ਰੂ-ਬ-ਰੂ ਕਰਾਉਣਾ ਸੀ ਕਿਉਂਕਿ ਸਿੱਖ ਰਾਜ ਜਾ ਚੁੱਕਾ ਹੈ, ਮੁਗਲੀਆ ਹਕੂਮਤ ਦੀ ਥਾਂ ਹੁਣ ਅੰਗਰੇਜ਼ ਹਕੂਮਤ ਸਥਾਪਤ ਹੋ ਚੁੱਕੀ ਸੀ ਅਤੇ ਉਹ ਆਪਣੀਆਂ ਦੰਭੀ ਚਾਲਾਂ ਦੇ ਨਾਲ ਕਿਸੇ ਵੀ ਰੂਪ ਵਿਚ ਸਿੱਖ ਪੰਜਾਬ ਨੂੰ ਇਸਾਈਅਤ ਪੰਜਾਬ ਵਿਚ ਤਬਦੀਲ ਕਰਨਾ ਚਾਹੁੰਦੇ ਸਨ। ਉਦਾਸੀ ਦਾ ਆਲਮ ਧਾਰਨ ਕਰ ਚੁੱਕੀ ਸਿੱਖ ਲੋਕਾਈ ਲਈ ਅੰਗਰੇਜ਼ ਆਪਣੇ ਆਪ ਨੂੰ ਇਕੋ ਇਕ ਆਸਾ ਦੀ ਕਿਰਨ ਵਜੋਂ ਸਥਾਪਿਤ ਕਰਨ ਲਈ ਯਤਨਸ਼ੀਲ ਸਨ ਤਾਂ ਕਿ ਪੰਜਾਬ ਦੀ ਇਸ ਧਰਤਿ ਤੋਂ ਖ਼ਾਲਸਾਈ ਪ੍ਰਸੰਗ ਨੂੰ ਹਮੇਸ਼ਾ ਹਮੇਸ਼ਾ ਲਈ ਸਮਾਪਤ ਕਰਕੇ ਈਸਾਈਅਤ ਨੂੰ ਇਸ ਖਿੱਤੇ ਦੇ ਲੋਕਾਂ ਦੇ ਦਿਲਾਂ ਦੀ ਧੜਕਣ ਬਣਾ ਦਿੱਤਾ ਜਾਵੇ ਤਾਂ ਕਿ ਕਿਸੇ ਕਿਸਮ ਦਾ ਵਿਰੋਧ ਇਸ ਧਰਤਿ ਤੇ ਕਦੀ ਸਾਹਮਣੇ ਹੀ ਨਾ ਆ ਸਕੇ। ਇਸ ਸਬੰਧੀ ਭਾਈ ਵੀਰ ਸਿੰਘ ਆਪਣੇ ਸ਼ਬਦਾਂ ਵਿਚ ਏਵੇਂ ਕਹਿ ਰਹੇ ਹਨ "ਪੰਜਾਬ ਦਾ ਇਤਿਹਾਸ ਕਿਸੇ ਕਿਸੇ ਨੇ ਲਿਖਿਆ ਹੈ, ਪਰ ਸਿੱਖਾਂ ਬਾਬਤ ਸਾਰੇ ਹਾਲਾਤ ਅਜੇ ਸਹੀ ਕਰਕੇ ਨਹੀਂ ਲਿਖੇ ਗਏ, ਇਸ ਕਰਕੇ ਇਨ੍ਹਾਂ ਦੇ ਹਾਲਾਤ ਅਜੇ ਘੱਟ

ਰੌਸਨੀ ਵਿਚ ਆਏ ਹਨ। ਜੋ ਆਏ ਹਨ ਥੋੜੇ ਹਨ, ਬਹੁਤ ਕੁਝ ਬਾਕੀ ਰਹਿ ਗਿਆ ਹੈ ਅਤੇ ਬਹੁਤ ਕੁਝ ਠੀਕ ਹਾਲਾਤ ਸਿੱਟੇ ਚੁਗਣ ਵਾਂਗੂੰ ਇਕੱਠੇ ਕੀਤੇ ਗਏ ਹਨ। ਕੌਮ ਦੀ ਹਾਲਤ ਬੜੀ ਗਿਰਾਵਟ ਵਿਚ ਹੈ ਤੇ ਇਹ ਇਕ ਤਰਲਾ ਹੈ ਕਿ ਕਿਵੇਂ ਪੁਰਾਤਨ ਹਾਲਾਤ ਵਾਚ ਕੇ ਕੌਮ ਵਿਚ ਉਤਸ਼ਾਹ ਭਰੇ ਤੇ ਇਸ ਵਿਚ ਜੀਵਨ ਦੀ ਰੌਂ ਰੁਮਕ ਪਵੇ।"[39] ਇਸ ਕੰਮ ਨੂੰ ਨੇਪਰੇ ਚਾੜਨ ਲਈ ਸ੍ਰੋਤ-ਸਾਧਨ, ਕਰਤਾ ਦੇ ਸ਼ਬਦਾਂ ਵਿਚ ਇਸ ਪ੍ਰਕਾਰ ਹਨ: "ਇਸ ਪੁਸਤਕ ਦੇ ਲਿਖਣ ਵਿਚ ਇਸ ਸੰਸਾਰ ਤੋਂ ਕੂਚ ਕਰ ਗਏ ਬਜ਼ੁਰਗਾਂ ਤੋਂ ਸੁਣੇ ਸਮਾਚਾਰ, ਦੋਵੇਂ ਪੰਥ ਪ੍ਰਕਾਸ਼, ਖਾਲਸਾ ਤਵਾਰੀਖ, ਪ੍ਰਿੰਸਪ, ਕਨਿੰਘਮ, ਮੁਹੰਮਦ ਲਤੀਫ਼, ਮੈਲਕਮ ਮੈਗ੍ਰੇਗਰ ਆਦਿ ਪੁਸਤਕਾਂ ਤੋਂ ਸਹਾਇਤਾ ਲਈ ਹੈ।"[40]

ਇਸ ਨਾਵਲ ਦੀ ਕਹਾਣੀ ਹਿੰਦੂ ਅਮੀਰ ਵਪਾਰੀ ਚੂਹੜ ਮੱਲ ਦਿਵਾਨ ਤੋਂ ਸ਼ੁਰੂ ਹੁੰਦੀ ਹੈ ਜਿਸ ਦਾ ਸਭ ਤੋਂ ਛੋਟਾ ਪੁੱਤਰ ਰਾਮ ਲਾਲ ਗੁਰੂ ਬਖਸ਼ਿਸ਼ ਦਾ ਭਾਗੀ ਬਣਦਾ ਹੈ ਅਤੇ ਸਿੰਘ ਸੱਜ ਜਾਂਦਾ ਹੈ। ਪਿਤਾ ਨੂੰ ਇਹ ਕਿਸੇ ਵੀ ਹਾਲਤ ਵਿਚ ਪ੍ਰਵਾਨ ਨਹੀਂ ਹੈ ਕਿਉਂਕਿ ਉਹ ਹਕੂਮਤ ਦੇ ਭੈਅ ਵਿਚ ਵਿਚਰਨ ਵਾਲਾ ਪ੍ਰਾਣੀ ਹੈ। ਰਾਮ ਲਾਲ ਦਾ ਸਿੰਘ ਸੱਜ ਕੇ ਬਿਜੈ ਸਿੰਘ ਬਣ ਜਾਣਾ ਦੀਵਾਨ ਚੂਹੜ ਮੱਲ ਨੂੰ 'ਆ ਬਲਾਏ ਗਲ ਪੈ' ਵਰਗਾ ਲੱਗਦਾ ਹੈ ਕਿਉਂਕਿ ਉਹ ਸੋਚਦਾ ਹੈ ਕਿ ਬਿਜੈ ਸਿੰਘ ਦਾ ਸਿੰਘ ਸੱਜਣਾ ਉਸਦੇ ਪਰਿਵਾਰ ਨੂੰ ਵੱਡੇ ਸੰਕਟ ਵਿੱਚ ਪਾ ਸਕਦਾ ਹੈ। ਮੁਗਲੀਆ ਹਕੂਮਤ ਉਸਦੇ ਪਰਿਵਾਰ ਦਾ ਜੀਆਘਾਤ ਵੀ ਕਰ ਸਕਦੀ ਹੈ। ਇਸ ਲਈ ਚੂਹੜ ਮੱਲ ਆਪਣੇ ਪੁੱਤਰ, ਉਸਦੀ ਪਤਨੀ ਤੇ ਛੇ ਸਾਲ ਦੇ ਬਾਲ ਨੂੰ ਘਰੋਂ ਕੱਢ ਦਿੰਦਾ ਹੈ। ਬਿਜੈ ਸਿੰਘ ਇਸ ਨੂੰ ਗੁਰੂ ਹੁਕਮ ਹੀ ਪ੍ਰਵਾਨ ਕਰਦਾ ਹੈ ਅਤੇ ਸਮੇਤ ਆਪਣੇ ਪਰਿਵਾਰ ਦੇ ਘਰ ਨੂੰ ਛੱਡ ਕੇ ਜੰਗਲ ਦਾ ਓਟ ਆਸਰਾ ਲੈਂਦਾ ਹੈ। ਨਾਵਲ 'ਸੁੰਦਰੀ' ਦੇ ਪਾਤਰਾਂ ਵਾਂਗ ਇਹ ਪਰਿਵਾਰ ਵੀ ਸਿੱਖੀ ਸਿਧਾਂਤਾਂ ਉੱਤੇ ਪੂਰਾ ਉਤਰਦਾ ਹੋਇਆ ਖ਼ਾਲਸਾਈ ਜਾਹੋ ਜਲਾਲ ਲਈ ਜੂਝਦਾ ਹੈ ਅਤੇ ਅੰਤ ਸ਼ਹਾਦਤ ਪ੍ਰਾਪਤ ਕਰ ਲੈਂਦਾ ਹੈ। ਨਾਵਲਕਾਰ ਦੇ ਮਨ ਦਾ ਮੁੱਖ ਸੁਪਨਾ ਇਹੀ ਹੈ ਕਿ ਵਿਰਾਸਤੀ ਜਲੌਅ ਜੇਕਰ ਮਰ-ਮੁਕ ਚੁੱਕੀਆਂ ਕੌਮਾਂ ਦੇ ਮਸਤਕ ਦਾ ਭਾਗ ਬਣਾ ਦਿੱਤਾ ਜਾਵੇ ਤਾਂ ਨਤੀਜੇ ਹਾਂ ਪੱਖੀ ਨਿਕਲਣੇ ਸੁਭਾਵਕ ਹਨ ਅਤੇ ਪੁਨਰ-ਆਜ਼ਾਦੀ ਤੇ ਮਟਕ ਨਾਲ ਤੁਰਨ ਦਾ ਪ੍ਰਸੰਗ ਸਥਾਪਿਤ ਕਰਨਾ ਕੋਈ ਔਖਾ ਨਹੀਂ।

**ਸਤਵੰਤ ਕੌਰ**

ਭਾਈ ਵੀਰ ਸਿੰਘ ਦੀ ਅਗਲੀ ਵੱਡੀ ਰਚਨਾ 'ਸਤਵੰਤ ਕੌਰ' ਹੈ। ਇਹ ਪਹਿਲੇ ਦੋਹਾਂ ਨਾਵਲਾਂ ਨਾਲੋਂ ਵੱਡ- ਆਕਾਰੀ ਹੈ। ਦੋ ਭਾਗਾਂ ਵਿਚ ਇਸ ਨੂੰ ਕ੍ਰਮਵਾਰ 1900 ਈ: ਤੇ 1927 ਈ: ਵਿਚ ਛਾਪਿਆ ਗਿਆ ਸੀ। ਉਸ ਉਪਰੰਤ ਪ੍ਰਕਾਸ਼ਿਤ ਕੀਤੇ ਗਏ ਸੰਸਕਰਣ ਵਿਚ ਭਾਗਾਂ ਦੀ ਵੰਡ ਖਤਮ ਕਰਕੇ ਇਸ ਨੂੰ ਇਕ ਪੁਸਤਕ ਵਿਚ ਛਾਪ ਦਿੱਤਾ ਗਿਆ ਸੀ। ਇਹ ਨਾਵਲ ਭਾਵਨਾਵਾਂ ਦਾ ਸਿਖਰ ਹੈ ਜਿਸ ਵਿਚ ਨਾਵਲ ਦੀ ਮੁੱਖ ਪਾਤਰ ਸਤਵੰਤ ਕੌਰ ਗੁਰੂ ਚਰਨਾਂ ਨੂੰ ਸਮਰਪਿਤ ਅਤੇ ਸਿੱਖੀ ਸਿਧਾਤਾਂ ਨਾਲ ਪਰਨਾਈ ਹੋਈ ਔਰਤ ਹੈ। ਜਿਸ ਦੀ ਕੁਲ ਜ਼ਿੰਦਗੀ ਸੰਕਟਾਂ ਵਿਚ ਹੀ ਬਤੀਤ ਹੁੰਦੀ ਹੈ। ਨਾਵਲ ਦਾ ਅੰਤ ਸੁਖਾਂਤਕ ਹੈ। ਅਸਲ ਵਿਚ ਇਸ ਨਾਵਲ ਦੀ ਰਚਨਾ ਪਿੱਛੇ ਭਾਈ ਵੀਰ ਸਿੰਘ ਦੁਆਰਾ ਸਿੱਖ ਔਰਤਾਂ ਦੇ ਡਿੱਗ ਚੁੱਕੇ ਮਨੋਬਲ ਨੂੰ ਉੱਚਾ ਚੁੱਕਣ ਅਤੇ ਸੰਸਾਰੀ ਕਸ਼ਟਾਂ ਦੇ ਬਾਵਜੂਦ ਪਰਮੇਸ਼ਰ ਵਿਚ ਅਟੱਲ ਵਿਸ਼ਵਾਸ ਅਤੇ ਉਸ ਅਟੱਲ ਵਿਸ਼ਵਾਸ ਦੇ ਬਲਬੂਤੇ ਸੰਕਟਾਂ ਦਾ ਖਾਤਮਾ ਹੋਣ ਦੀ ਚੇਤਨਾ ਨੂੰ ਪ੍ਰਗਟਾਉਣ ਦਾ ਯਤਨ ਕੀਤਾ ਹੈ। ਸਤਵੰਤ ਕੌਰ ਅਟੁੱਟ ਵਿਸ਼ਵਾਸ ਨਾਲ ਭਰਪੂਰ ਹੈ ਅਤੇ ਇਹ ਅਟੁੱਟ ਵਿਸ਼ਵਾਸ ਹੀ ਉਸਦੀ ਮੁਕਤੀ ਦਾ ਕਾਰਨ ਬਣਦਾ ਹੈ। ਸਤਵੰਤ ਕੌਰ ਇੱਕ ਆਦਰਸ਼ਕ ਸਿੱਖ ਪੁੱਤਰੀ ਦੇ ਤੌਰ ਤੇ ਰੂਪਮਾਨ ਹੁੰਦੀ ਹੈ। ਜੋ ਮਹਾਨ ਅਦਾਰਸ਼ਾਂ ਲਈ ਸੰਘਰਸ਼ ਕਰਦੀ ਹੈ ਉਸਦਾ ਇਹ ਸੰਘਰਸ਼ ਉਸਨੂੰ ਮਾਈ ਭਾਗੋ ਵਰਗੀਆਂ ਬੀਬੀਆਂ ਦੀ ਕਤਾਰ ਵਿਚ ਖੜਾ ਕਰ ਦਿੰਦਾ ਹੈ। ਕੋਈ ਨਿੱਜ ਨਹੀਂ, ਲਾਲਚ ਨਹੀਂ ਸਮੂਹ ਨੂੰ ਸਮਰਪਿਤ ਜਾਗੀ ਹੋਈ ਇਹ ਰੂਹ ਆਪਣੇ ਦੁਸ਼ਮਣ ਦਾ ਵੀ ਭਲਾ ਲੋਚਦੀ ਹੈ। ਬੇਸ਼ਕ ਆਪਣੀ ਇਸ ਬਿਰਤੀ ਕਰਕੇ ਉਹ ਬਾਰ-ਬਾਰ ਸੰਕਟਾਂ ਵਿਚ ਉਲਝਦੀ ਹੈ ਪਰ ਆਪਣੀ ਆਸਥਾ ਕਾਰਨ ਕਦੀ ਵੀ ਆਪਣੇ ਮਨੋਬਲ ਨੂੰ ਨੀਵਾਂ ਹੋਣ ਨਹੀਂ ਦਿੰਦੀ। ਅਸਲ ਵਿਚ ਭਾਈ ਵੀਰ ਸਿੰਘ ਮਨੋਬਲ ਦੇ ਪ੍ਰਤੀਕ ਰਾਹੀਂ ਇਕ ਵੱਡਾ ਸੰਦੇਸ਼ ਜਨ ਸਮੂਹ ਦੇ ਮਸਤਕ ਦਾ ਭਾਗ ਬਣਾਉਣਾ ਚਾਹੁੰਦੇ ਹਨ ਕਿ ਦ੍ਰਿੜ ਭਰੋਸਾ ਮਨੋਬਲ ਨੂੰ ਉੱਚਾ ਚੁੱਕਣ ਲਈ ਕੇਂਦਰੀ ਭੂਮਿਕਾ ਨਿਭਾਉਂਦਾ ਹੈ। ਇਹ ਨਾਵਲ ਸਿੱਖਾਂ ਦੇ ਮਨੋਬਲ ਨੂੰ ਠੁਮਣਾ ਦੇਣ ਲਈ ਭਾਈ ਵੀਰ ਸਿੰਘ ਦੀ ਅਹਿਮ ਰਚਨਾ ਹੋ ਨਿਬੜਦਾ ਹੈ।

**ਸੁਭਾਗ ਜੀ ਦਾ ਸੁਧਾਰ ਹੱਥੀਂ ਬਾਬਾ ਨੌਧ ਸਿੰਘ**

1907 ਈ: ਵਿਚ ਭਾਈ ਵੀਰ ਸਿੰਘ ਦਾ ਚੌਥਾ ਅਤੇ ਅੰਤਮ ਨਾਵਲ ਪ੍ਰਕਾਸ਼ਿਤ ਹੋਇਆ। ਆਰੰਭ ਵਿਚ ਇਹ ਨਾਵਲ ਦੋ ਵੱਖ-ਵੱਖ ਭਾਗਾਂ ਵਿਚ ਛਾਪਿਆ ਗਿਆ ਸੀ ਜਿਸਨੂੰ ਬਾਅਦ ਵਿਚ ਇਕੋ ਜਿਲਦ ਵਿਚ ਪ੍ਰਕਾਸ਼ਿਤ ਕੀਤਾ ਸੀ। ਇਸ ਨਾਵਲ ਵਿਚ ਸ਼ਹਿਰੀ ਜੀਵਨ ਦੇ ਸਵਾਰਥੀਪਨ ਦੇ ਮੁਕਾਬਲਤਨ ਪੇਂਡੂ ਜੀਵਨ ਦੇ ਨਿਰਸੁਆਰਥੀ ਹੋਣ ਨੂੰ ਰੂਪਮਾਨ ਕਰਦਿਆਂ ਹੋਇਆਂ, ਇਸ ਸੁਆਰਥ ਦਾ ਮੁੱਖ ਕਾਰਨ ਪੱਛਮੀ ਵਿਦਿਆ ਅਤੇ ਉਹਨਾਂ ਦੇ ਸਭਿਆਚਾਰ ਨੂੰ ਗ੍ਰਹਿਣ ਕਰਨਾ ਮੰਨਿਆ ਗਿਆ ਹੈ। ਇਸ ਦੇ ਅਨੇਕਾਂ ਪਾਤਰ ਹਨ ਪਰ ਮੁੱਖ ਪਾਤਰ ਵਜੋਂ ਭੂਮਿਕਾ ਬਾਬਾ ਨੌਧ ਸਿੰਘ ਅਤੇ ਨਾਇਕਾ ਸੁਭਾਗ ਜੀ ਨਿਭਾਉਂਦੇ ਹਨ। ਇਸ ਨਾਵਲ ਵਿੱਚ ਸਿੱਖ ਚੇਤਨ ਪ੍ਰਸੰਗ ਅਤੇ ਉਸ ਚੇਤਨਾ ਦੇ ਮਾਧਿਅਮ ਰਾਹੀਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਉੱਚੀ ਉੱਠੀ ਸਖ਼ਸ਼ੀਅਤ ਬਾਬਾ ਨੌਧ ਸਿੰਘ ਦੇ ਰੂਪ ਵਿਚ ਰੂਪਮਾਨ ਹੁੰਦੀ ਹੈ ਜੋ ਨਾ ਕਿਸੇ ਧਰਮ ਨੂੰ ਮਾੜਾ ਸਮਝਦਾ ਹੈ ਅਤੇ ਨਾ ਹੀ ਉਸ ਧਰਮ ਦੇ ਮੰਨਣ ਵਾਲਿਆ ਨੂੰ ਹੀ। ਬਾਬਾ ਨੌਧ ਸਿੰਘ ਦਾ ਇਹ ਪਾਤਰ ਕਿਸੇ ਨਾ ਕਿਸੇ ਰੂਪ ਵਿਚ ਭਾਈ ਘਨਈਏ ਦੇ ਇਤਿਹਾਸਕ ਪ੍ਰਸੰਗ ਨੂੰ ਹੀ ਅੱਗੇ ਲੈ ਕੇ ਜਾਂਦਾ ਨਜ਼ਰ ਆਉਂਦਾ ਹੈ। ਬਾਬਾ ਨੌਧ ਸਿੰਘ ਦੀਆਂ ਸਮਕਾਲੀ ਧਾਰਮਿਕ ਪਰੰਪਰਾਵਾਂ ਮਹਿਜ ਪਾਖੰਡ ਦਾ ਰੂਪ ਧਾਰਨ ਕਰ ਚੁੱਕੀਆਂ ਹਨ ਅਤੇ ਆਪਣੀ ਪਵਿੱਤਰ ਮਰਿਆਦਾ ਅਤੇ ਸਿਧਾਂਤ ਨੂੰ ਭੁੱਲ ਚੁੱਕੀਆਂ ਹਨ। ਸੁਭਾਗ ਜੀ ਇਕ ਅਬਲਾ ਨਾਰੀ ਹੈ। ਉਸ ਨੂੰ ਸਹਾਰਾ ਦੇਣ ਪਿਛੇ ਕਿਤੇ ਵੀ ਪਵਿੱਤਰ ਭਾਵਨਾ ਕੰਮ ਕਰਦੀ ਨਜ਼ਰ ਨਹੀਂ ਆਉਂਦੀ ਸਗੋਂ ਹਰ ਸਹਾਰਾ ਦੇਣ ਵਾਲਾ ਚਾਹੇ ਉਹ ਕਿਸੇ ਵੀ ਧਰਮ ਜਾਂ ਪਰੰਪਰਾ ਨਾਲ ਜੁੜਿਆ ਹੋਇਆ ਹੈ ਉਹ ਉਸ ਸੁੰਦਰ ਨਾਰੀ ਦਾ ਸ਼ੋਸਣ ਕਰਨਾ ਆਪਣਾ ਹੱਕ ਸਮਝਦਾ ਹੈ। ਅਸਲ ਵਿਚ ਭਾਈ ਵੀਰ ਸਿੰਘ ਦੇ ਸਮਕਾਲ ਵਿਚ ਵੱਖ-ਵੱਖ ਸੰਪਰਦਾਵਾਂ ਚਾਹੇ ਉਹ ਇਸਾਈਅਤ ਨਾਲ ਸਬੰਧ ਰਖਦੀਆਂ ਸਨ ਜਾਂ ਇਸਲਾਮ ਨਾਲ, ਹਿੰਦੂ ਧਰਮ ਨਾਲ ਜਾਂ ਜੈਨੀਆ ਤੇ ਬੋਧੀਆਂ ਨਾਲ। ਉਹ ਮੂੰਹ ਪਾੜੀ ਕੇਵਲ ਇਕੋ ਨਿਸ਼ਾਨੇ ਵੱਲ ਸੇਧਤ ਸਨ ਕਿ ਸਿੱਖ ਸਮਾਜ, ਕੌਮੀਅਤ ਅਤੇ ਸਿਧਾਂਤ ਨੂੰ ਕੇਵਲ ਨਿਗਲਿਆ ਜਾ ਸਕਦਾ ਹੈ। ਅਜਿਹੇ ਸਮਕਾਲ ਵਿਚ ਬਾਬਾ ਨੌਧ ਸਿੰਘ ਇਕ ਇਹੋ ਜਿਹੀ ਵਿਲੱਖਣ ਰੂਹ ਹੈ ਜੋ ਸਰਬੱਤ ਦੇ ਭੱਲੇ ਲਈ ਵਿਚਰਦੀ ਹੋਈ ਸੁਭਾਗ ਜੀ ਲਈ ਨੁੰਮਣਾ ਬਣਦੀ ਹੈ। ਸਥਾਪਤੀ ਇਹ ਸੀ ਕਿ ਗੁਰੂ ਨਾਨਕ ਦੇ ਸਿਧਾਂਤਾਂ ਨਾਲ ਵਰਸੋਈ ਹੋਈ ਰੂਹ ਵਿਚ ਵਿਚਲਤ ਹੋਣ ਦੀਆਂ ਸੰਭਾਵਨਾਵਾਂ ਹੀ ਪੈਦਾ ਨਹੀਂ ਹੋ ਸਕਦੀਆਂ। ਸਿੱਖੀ ਜਾਗੇ ਹੋਏ ਲੋਕਾਂ ਦੀ ਇਕ

ਅਜਿਹੀ ਕੌਮੀਅਤ ਹੈ ਜਿਸਦੀ ਮਾਨਸਿਕਤਾ ਵਿਚ ਗੁਰੂ ਨਾਨਕ ਦਾ ਪ੍ਰਚੰਡ ਨਾਦ ਗੂੰਜਦਾ ਹੈ ਅਤੇ ਜਿਥੇ ਵੀ ਇਹ ਪ੍ਰਚੰਡ ਨਾਦ ਗੂੰਜੇਗਾ ਉਥੇ ਹੀ, ਥਾਂਵ ਸੁਹਾਵਾ ਹੋਣ ਦੀਆਂ ਸੰਭਾਵਨਾਵਾਂ ਕਾਇਮ ਹੋ ਜਾਣਗੀਆਂ।

ਅਸਲ ਵਿਚ ਭਾਈ ਵੀਰ ਸਿੰਘ ਖੁਦ ਜਾਗੀ ਹੋਈ ਰੂਹ ਸੀ ਉਸਨੇ ਆਪਣੀ ਜ਼ਿੰਦਗੀ ਦੀ ਸਾਰੀ ਐਸ਼ੋ ਇਸ਼ਰਤ ਨੂੰ ਤਿਆਗ ਕੇ ਆਪਣੀ ਜ਼ਿੰਦਗੀ ਦਾ ਇਕੋ ਇਕ ਨਿਸ਼ਾਨਾ ਨਿਸ਼ਚਿਤ ਕਰ ਲਿਆ ਸੀ ਤੇ ਉਹ ਨਿਸ਼ਾਨਾ ਸਿੱਖ ਧਰਮ ਦੇ ਵਿਕਾਸ ਤੇ ਵਿਗਾਸ ਵੱਲ ਸੇਧਤ ਸੀ। ਉਸ ਦਾ ਇਹ ਦ੍ਰਿੜ ਵਿਸ਼ਵਾਸ ਸੀ ਕਿ ਵਿਰਾਸਤ ਦੇ ਫ਼ਖ਼ਰ ਨੂੰ ਲੋਕ ਮਾਨਸਿਕਤਾ ਦਾ ਹਿੱਸਾ ਬਣਾ ਬੁਜ਼ਦਿਲ ਤੋਂ ਬੁਜ਼ਦਿਲ ਅਤੇ ਮਰ ਮਿਟ ਚੁੱਕੀਆਂ ਕੌਮੀਅਤਾਂ ਨੂੰ ਵੀ ਮਟਕ ਨਾਲ ਤੁਰਨ ਦਾ ਬਲ ਬਖ਼ਸ਼ਿਆ ਜਾ ਸਕਦਾ ਹੈ। ਅਸਲ ਵਿਚ ਇਹੀ ਅਧਿਆਤਮਿਕ ਪ੍ਰਸੰਗ ਸੀ ਜੋ ਉਹ ਆਪਣੇ ਨਾਵਲਾਂ ਦੇ ਮਾਧਿਅਮ ਰਾਹੀਂ ਸਿੱਖ ਮਾਨਸਿਕਤਾ ਵਿਚ ਭਰਨਾ ਚਾਹੁੰਦਾ ਸੀ। ਕਿਉਂਕਿ ਧਾਰਮਿਕਤਾ ਆਮ ਕਰਕੇ ਕਰਮ ਕਾਂਡ ਤੱਕ ਸੀਮਿਤ ਹੋ ਜਾਂਦੀ ਹੈ ਪਰ ਆਧਿਆਤਮਿਕ ਚੇਤੰਨਤਾ ਗ੍ਰਹਿਣ ਕੀਤੀ ਹੋਈ ਰੂਹ ਵਿਚ ਥਿੜਕਣ ਦੀਆਂ ਸੰਭਾਵਨਾਵਾਂ ਸਦੈਵ ਸਮਿਆਂ ਲਈ ਖਤਮ ਹੋ ਜਾਂਦੀਆਂ ਹਨ। ਭਾਈ ਵੀਰ ਸਿੰਘ ਦਾ ਦ੍ਰਿੜ ਵਿਸ਼ਵਾਸ 'ਸਿੱਖੀ ਹੈ ਬਲਵਾਨ ਕਰਨਾ ਸੁਰਤ ਨੂੰ' ਸੀ ਅਤੇ ਇਹ ਚਾਰੇ ਨਾਵਲ ਇਸੇ ਭਾਵਨਾ ਨੂੰ ਰੂਪਮਾਨ ਕਰਨ ਦਾ ਧਰੋਹਰ ਹੋ ਨਿਬੜਦੇ ਹਨ। ਭਾਈ ਵੀਰ ਸਿੰਘ ਦੇ ਨਾਵਲਾਂ ਵਿਚੋਂ ਉਭਰਦੀ ਸਿੱਖ ਅਧਿਆਤਮਿਕਤਾ ਨੇ ਹੀ ਆਉਣ ਵਾਲੇ ਸਮੇਂ ਵਿਚ ਇਕ ਇਹੋ ਜਿਹੀ ਚੇਤਨਾ ਦਾ ਪ੍ਰਕਾਸ਼ ਕੀਤਾ ਜਿਸ ਚੇਤਨਾ ਦੇ ਮਾਧਿਅਮ ਰਾਹੀਂ ਸਿੱਖਾਂ ਨੇ ਮੁੜ ਆਜ਼ਾਦੀ ਦਾ ਸੁਪਨਾ ਲਿਆ ਅਤੇ ਉਸ ਵਿਚ ਸਫਲਤਾ ਪ੍ਰਾਪਤ ਕੀਤੀ।

## ਵਾਰਤਕ

### ਸ੍ਰੀ ਕਲਗੀਧਰ ਚਮਤਕਾਰ

ਪੰਜਾਬੀ ਸਾਹਿਤ ਵਿਚ ਵਾਰਤਕ ਸਾਹਿਤ ਦਾ ਇਕ ਵਿਲੱਖਣ ਰੂਪ ਹੈ। ਜੋ ਨਾਵਲ ਵਰਗੀ ਵਿਧਾ ਹੋਣ ਦੇ ਬਾਵਜੂਦ ਸ਼ੈਲੀ ਪੱਖੋਂ ਇਕ ਵੱਖਰੀ ਮਹੱਤਵਪੂਰਨ ਵਿਧਾ ਹੈ। ਭਾਈ ਵੀਰ ਸਿੰਘ ਨੇ ਇਸ ਵਿਧਾ ਨੂੰ ਵੀ ਅਪਣਾਇਆ ਅਤੇ ਸੱਤ ਪੁਸਤਕਾਂ ਵਾਰਤਕ ਵਿਚ ਰਚੀਆਂ। ਜਿਨ੍ਹਾਂ ਵਿਚੋਂ ਸਭ ਤੋਂ ਪਹਿਲੀ ਸ੍ਰੀ ਕਲਗੀਧਰ ਚਮਤਕਾਰ, ਦੂਸਰੀ ਸ੍ਰੀ ਗੁਰੂ ਨਾਨਕ ਚਮਤਕਾਰ, ਸੰਤ ਗਾਥਾ, ਸੱਤ ਔਖੀਆਂ ਰਾਤਾਂ, ਮਾਲਵਾ ਦੇਸ਼

ਰਟਨ ਦੀ ਸਾਖੀ ਪੋਥੀ, ਸ੍ਰੀ ਅਸ਼ਟ ਗੁਰੂ ਚਮਤਕਾਰ, ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਗੁਰ ਬਾਲਮ ਸਾਖੀਆਂ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਗੁਰ ਬਾਲਮ ਸਾਖੀਆਂ। 'ਸ੍ਰੀ ਕਲਗੀਧਰ ਚਮਤਕਾਰ' 1925 ਈ: ਵਿਚ ਪ੍ਰਕਾਸ਼ਿਤ ਹੋਈ ਇਸ ਪੁਸਤਕ ਵਿਚ ਭਾਈ ਵੀਰ ਸਿੰਘ ਵਲੋਂ ਧਾਰਮਿਕ ਗੁਰਪੂਰਬਾਂ ਨੂੰ ਉਤਸ਼ਾਹ ਪੂਰਵਕ ਮਨਾਉਣ ਅਤੇ ਉਹਨਾਂ ਦੀ ਮਹਾਨਤਾ ਨੂੰ ਦਰਸਾਉਣ ਲਈ ਵੱਖ-ਵੱਖ ਸਮੇਂ ਲਿਖੇ ਲੇਖਾਂ ਦਾ ਇਹ ਸੰਗ੍ਰਹਿ ਹੈ। ਇਹ ਪੁਸਤਕ ਕ੍ਰਮਵਾਰ 1930, 1943, 1946, 1953 ਵਿਚ ਪੁਨਰ ਪ੍ਰਕਾਸ਼ਿਤ ਕੀਤੀ ਗਈ ਅਤੇ ਲਗਭਗ ਹਰ ਪ੍ਰਕਾਸ਼ਨਾ ਵਿਚ ਵਾਧਾ ਹੁੰਦਾ ਰਿਹਾ। ਇਹ ਪੁਸਤਕ ਬਹੁਤ ਹੀ ਸੌਖੇ ਢੰਗ ਨਾਲ ਸਿੱਖ ਧਰਮ ਦੇ ਮੁੱਖ ਨਿਯਮਾਂ ਦੀ ਵਿਆਖਿਆਕਾਰੀ ਕਰਦੀ ਹੈ ਤੇ ਨਾਲ ਹੀ ਨਾਲ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਪ੍ਰਮੁੱਖ ਸਿੱਖਾਂ ਅਤੇ ਉਹਨਾਂ ਦੁਆਰਾ ਸਥਾਪਿਤ ਕੀਤੀਆਂ ਆਦਰਸ਼ਕ ਲੀਹਾਂ ਤੇ ਬਿਰਤਾਂਤਾਂ ਨੂੰ ਬਹੁਤ ਹੀ ਖੂਬਸੂਰਤੀ ਨਾਲ ਸਾਹਮਣੇ ਲਿਆਉਂਦੀ ਹੈ। ਪੁਸਤਕ ਦੀ ਸ਼ੈਲੀ ਵਿਚ ਰੌਚਕਤਾ, ਚਮਤਕਾਰ, ਅਦਭੁੱਤ ਸ਼ਬਦ ਬਣਤਰ ਨੂੰ ਕਾਵਿਮਈ ਸ਼ੈਲੀ ਵਿਚ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ ਕਿ ਇਸ ਦਾ ਸਰੂਪ ਇਤਿਹਾਸਕ ਹੋ ਨਿਬੜਦਾ ਹੈ। ਇਸ ਦੇ ਨਾਲ-ਨਾਲ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਆਪਣੇ ਜੀਵਨ ਨਾਲ ਸਬੰਧਿਤ ਘਟਨਾਵਾਂ ਪਰਿਵਾਰਕ ਵੇਰਵਿਆਂ ਅਨੰਦਪੁਰ ਵਿਚ ਵਾਪਰੀਆਂ ਘਟਨਾਵਾਂ ਅਤੇ ਉਥੇ ਹੀ ਲੋਕ ਮਨਾਂ ਵਿਚ ਪੈਦਾ ਹੋਏ ਪ੍ਰਸ਼ਨਾਂ ਅਤੇ ਉਹਨਾਂ ਪ੍ਰਸ਼ਨਾ ਦੇ ਉੱਤਰ ਦ੍ਰਿਸ਼ਟੀਗੋਚਰ ਕੀਤੇ ਹੋਏ ਹਨ, ਨਾਲ ਹੀ ਨਾਲ ਬਾਈਧਾਰ ਦੇ ਰਾਜਿਆਂ ਨਾਲ ਵੱਖ-ਵੱਖ ਸਮੇਂ ਵਿਚ ਹੋਏ ਯੁੱਧ ਅਤੇ ਉਹਨਾਂ ਯੁੱਧਾਂ ਵਿਚ ਸੂਰਮਿਆਂ ਵਲੋਂ ਵਿਖਾਈ ਗਈ ਬਹਾਦਰੀ ਨੂੰ ਬਹੁਤ ਹੀ ਖੂਬਸੂਰਤੀ ਨਾਲ ਨਾਟਕੀ ਰੂਪ ਵਿਚ ਵਰਨਣ ਕਰਨ ਦਾ ਬਾਖੂਬੀ ਯਤਨ ਕੀਤਾ ਗਿਆ ਹੈ। ਬੇਸ਼ੱਕ ਸਾਰੀ ਰਚਨਾ ਵਿਚ ਕਲਪਨਾ ਪ੍ਰਧਾਨ ਤੱਤ ਹੈ ਪਰ ਉਹਨਾਂ ਕੀਤੀਆਂ ਕਲਪਨਾਵਾਂ ਵਿਚ ਇਤਿਹਾਸਕ ਤੱਤ ਆਪ ਮੁਹਾਰੇ ਹੀ ਰੂਪਮਾਨ ਹੁੰਦੇ ਨਜ਼ਰ ਆਉਂਦੇ ਹਨ। ਭਾਈ ਵੀਰ ਸਿੰਘ ਇਸ ਰਚਨਾ ਦੀ ਭੂਮਿਕਾ ਵਿਚ ਲਿਖਦੇ ਹਨ "ਕਿ ਅਸਲ ਇਹ ਪੁਸਤਕ ਇਤਿਹਾਸਕ ਨਹੀਂ ਪਰ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਅਤੇ ਦਸਾਂ ਗੁਰੂ ਸਾਹਿਬਾਨਾਂ ਦੀ ਸਿੱਖਿਆ ਦਾ ਇਤਿਹਾਸ ਦੀ ਬੋਲੀ ਵਿਚ ਅਨੁਵਾਦ ਹੈ।"[41] ਇਸ ਪੁਸਤਕ ਦੀ ਰਚਨਾ ਪਿਛੇ ਆਪਣੇ ਮੂਲ ਭਾਵ ਨੂੰ ਦਰਸਾਉਂਦੇ ਹੋਏ

ਉਹ ਫਿਰ ਲਿਖਦੇ ਹਨ "ਉੱਚ ਜੀਵਨ ਘਟ ਗਏ ਹਨ ਤੇ ਪ੍ਰਚਾਰ ਉੱਕਾ ਬੰਦ ਹੈ। ਉੱਚ ਜੀਵਨ ਦਾ ਪ੍ਰਚਾਰ ਤਾਂ ਹੁੰਦਾ ਹੈ ਜੇ ਉੱਚ ਜੀਵਨ ਵਾਲੇ ਗੁਰਮੁੱਖ ਟਿਕਾਣਿਆਂ ਤੇ ਬੈਠੇ ਹੋਣ ਤੇ ਪ੍ਰਚਾਰ ਕਰਨ, ਇਸ ਦੀ ਥੁੜ੍ਹ ਵੇਲੇ ਫਿਰ ਉਸ ਉੱਚ ਜੀਵਨ ਦੇ ਨਕਸ਼ੇ ਅੱਖਾਂ ਅੱਗੇ ਆਉਣ ਤੇ ਕਰਣੀ ਤੇ ਕਣ, ਵਾਲੇ ਗੁਰਸਿਖਾਂ ਦੇ ਪ੍ਰਸੰਗ ਅੱਖਾਂ ਅੱਗੇ ਫਿਰਨ ਤੇ ਕੁੱਛ ਸਤਿ ਦਾ ਸੰਗ ਹੋਵੇ।"[42]

ਉਪਰੋਕਤ ਤੋਂ ਸਪਸ਼ਟ ਹੈ ਕਿ ਸਾਧਾਰਨ ਸਿੱਖਾਂ ਲਈ ਇਸ ਪੁਸਤਕ ਵਿਚ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਇਲਾਹੀ ਚੋਜਾਂ ਦਾ ਵਰਨਣ ਕਰਕੇ ਮੋਈ ਹੋਈ ਕੌਮ ਨੂੰ ਪੁਨਰ ਸਿਰਜਿਤ ਕਰਨਾ ਭਾਈ ਵੀਰ ਸਿੰਘ ਦਾ ਮੁੱਖ ਮਨੋਰਥ ਸੀ।

**ਸ੍ਰੀ ਗੁਰੂ ਨਾਨਕ ਚਮਤਕਾਰ**

ਸ੍ਰੀ ਗੁਰੂ ਨਾਨਕ ਚਮਤਕਾਰ 1928 ਈ: ਵਿਚ ਪ੍ਰਕਾਸ਼ਿਤ ਕੀਤੀ ਗਈ। ਸਬੰਧਿਤ ਪੁਸਤਕ ਵੀ ਗੁਰੂ ਗੋਬਿੰਦ ਸਿੰਘ ਚਮਤਕਾਰ ਵਾਂਗ ਵੱਖ-ਵੱਖ ਸਮੇਂ ਵਿਚ ਵੱਖ-ਵੱਖ ਗੁਰਪੁਰਬਾਂ ਅਤੇ ਇਤਿਹਾਸਕ ਘਟਨਾਵਾਂ ਨੂੰ ਲੈ ਕੇ ਭਾਈ ਵੀਰ ਸਿੰਘ ਦੁਆਰਾ ਛਾਪੇ ਗਏ ਵੱਖ-ਵੱਖ ਟ੍ਰੈਕਟਾਂ ਦਾ ਇਹ ਇਕ ਵੱਡਾ ਸੰਗ੍ਰਹਿ ਹੈ। ਇਸ ਵਿਚ ਗੁਰੂ ਨਾਨਕ ਪਾਤਸ਼ਾਹ ਨਾਲ ਸਬੰਧਿਤ ਘਟਨਾਵਾਂ ਦਾ ਸਿਲਸਿਲੇ ਵਾਰ ਅਧਿਐਨ ਕੀਤਾ ਗਿਆ ਹੈ। ਪੁਸਤਕ ਦੇ ਬਾਰਾਂ ਖੰਡ ਜਿਵੇਂ ਅਰਸ਼ਾਂ ਤੋਂ ਤਲਵੰਡੀ, ਤਲਵੰਡੀਓ ਸੁਲਤਾਨਪੁਰ ਨਿਵਾਸ, ਉਦਾਸੀਆਂ ਦੀਆਂ ਤਿਆਰੀਆਂ, ਪਹਿਲੀ ਉਦਾਸੀ, ਸਵਦੇਸ਼ ਵਿਚ ਸਤਿਨਾਮ ਦਾ ਚੱਕਰ, ਕਰਤਾਰਪੁਰ ਬੱਧਾ, ਦੂਜੀ ਉਦਾਸੀ, ਤੀਜੀ ਉਦਾਸੀ, ਚਉਥੀ ਉਦਾਸੀ, ਪੰਜਵੀਂ ਉਦਾਸੀ, ਕਰਤਾਰਪੁਰ ਦਰਬਾਰ, ਪ੍ਰਭਾਵਸ਼ਾਲੀ ਗੁਰੂ ਨਾਨਕ ਦੇਵ ਆਦਿ ਹਨ। ਇਹਨਾਂ ਸਾਰੇ ਖੰਡਾਂ ਨੂੰ ਆਧਾਰ ਬਣਾ ਕੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀਆਂ 95 ਸਾਖੀਆਂ ਨੂੰ ਇਹੋ ਜਿਹੇ ਰੂਪ ਨਾਲ ਚਿਤਰਨ ਕੀਤਾ ਹੈ ਕਿ ਪਾਠਕ ਆਪਣੇ ਸਮਕਾਲ ਨੂੰ ਭੁੱਲ ਕੇ ਗੁਰੂ ਨਾਨਕ ਪਾਤਸ਼ਾਹ ਦੇ ਸਮਕਾਲ ਵਿਚ ਵਿਚਰਦਾ ਮਹਿਸੂਸ ਕਰਦਾ ਹੈ ਅਤੇ ਇਸ ਰਚਨਾ ਵਿਚ ਏਨੀ ਸਮਰੱਥਾ ਹੈ ਕਿ ਪਾਠਕ ਬਾਰ-ਬਾਰ ਆਪਣੇ ਆਪ ਨੂੰ ਗੁਰੂ ਨਾਨਕ ਦੇ ਸਨਮੁੱਖ ਹੀ ਸਮਝਣ 'ਤੇ ਮਜ਼ਬੂਰ ਹੋ ਜਾਂਦਾ ਹੈ। ਇਸ ਪੁਸਤਕ ਦੇ ਲੇਖਕ ਦੀ ਕਲਪਨਾ ਤੇ ਬੁੱਧੀ ਏਨੀ ਸ਼ਕਤੀਸ਼ਾਲੀ ਹੈ ਕਿ ਵੱਖ-

ਵੱਖ ਘਟਨਾਵਾਂ, ਵੇਰਵੇ, ਮਿਤੀਆਂ ਇਕ ਇਤਿਹਾਸਕ ਰਚਨਾ ਵਜੋਂ ਇਸਦੀ ਸਥਾਪਨਾ ਕਰਾਉਂਦੀਆਂ ਨਜ਼ਰ ਆਉਂਦੀਆਂ ਹਨ। ਹਾਲਾਂਕਿ ਇਹ ਪੁਸਤਕ ਬਿਲਕੁਲ ਇਤਿਹਾਸਕ ਨਹੀਂ ਹੈ। ਇਸ ਪੁਸਤਕ ਨੂੰ ਲਿਖਣ ਪਿਛੇ ਜੋ ਪਵਿੱਤਰ ਭਾਵਨਾ ਸੀ ਉਸ ਦਾ ਪ੍ਰਗਟਾ ਉਹਨਾਂ ਦੀ ਭੂਮਿਕਾ ਵਿਚੋਂ ਇਸ ਤਰ੍ਹਾਂ ਸਾਹਮਣੇ ਆਉਂਦਾ ਹੈ, "ਉੱਚ ਜੀਵਨ ਘੱਟ ਗਏ ਹਨ ਤੇ ਪ੍ਰਚਾਰ ਉੱਕਾ ਬੰਦ ਹੋ ਗਿਆ ਸੀ ਉੱਚ ਜੀਵਨ ਦਾ ਪ੍ਰਚਾਰ ਹੁੰਦਾ ਹੈ ਜੇ ਧਰਮ ਅਸਥਾਨਾਂ ਤੇ ਟਿਕਾਣਿਆਂ ਤੇ ਉੱਚ ਜੀਵਨ ਵਾਲੇ ਗੁਰਮੁਖ ਬੈਠੇ ਹੋਣ ਤੇ ਪ੍ਰਚਾਰ ਕਰਨ, ਉਨ੍ਹਾਂ ਦੇ ਉਪਦੇਸ਼ ਤੇ ਅਮਲ ਤੋਂ ਉੱਚ ਜੀਵਨ ਦੇ ਨਕਸ਼ੇ ਅੱਗੇ ਆਉਣ ਤੇ ਕਰਨੀ ਤੇ ਕਣੀ ਵਾਲੇ ਗੁਰਸਿਖਾਂ ਦਾ ਸੰਗ ਸਹਿਲ ਪ੍ਰਾਪਤ ਹੋਵੇ। ਹਾਂ ਉਚੇ ਜੀਵਨ ਲਈ ਉੱਚੇ ਜੀਵਨ ਹੀ ਅੱਖਾਂ ਅੱਗੇ ਆਉਣ ਤਾਂ ਲਾਭ ਹੁੰਦਾ ਹੈ, ਪਰ ਜੇ ਇਹ ਕੁਝ ਘਟੇ ਤਾਂ ਫੇਰ ਉੱਚੇ ਜੀਵਨ ਜੀਕੂੰ ਬਸਰ ਹੋਏ ਹੂ-ਬ-ਹੂ ਉਨਾਂ ਦੀਆਂ ਮਾਨੋਂ ਜੀਉਦੀਆਂ ਤਸਵੀਰਾਂ ਅੱਖਾਂ ਅੱਗੇ ਆ ਜਾਣ, ਤਾਂ ਬੀ ਲਾਭ ਹੁੰਦਾ ਹੈ। ਨਿਰੇ ਸੰਮਤ, ਤਰੀਕਾਂ ਤੇ ਵਾਕਿਆਤ ਦੀਆਂ ਸੂਚੀ-ਪੱਤਰਾਂ ਨਾਲ ਲੇਖਾਂ ਪਤਾ ਤਾਂ ਲੱਭਦਾ ਹੈ, ਹੋਰ ਲਾਭ ਭੀ ਹੁੰਦੇ ਹਨ, ਪਰ ਜੀਵਨ ਰੁਮਕੇ ਰੌਆਂ ਨਹੀਂ ਮਾਰ ਉਠਦੇ। ਹਾਂ, 'ਜੀਵਨ ਲਹਿਰਾਂ' ਤਾਂ ਵਲਵਲੇ ਵਿਚ ਆਉਂਦਾ ਹੈ ਜੇ ਜਿੰਦਗੀਆਂ ਜੀਕੂੰ ਬਸਰ ਹੋਈਆਂ ਤਿਵੇਂ ਹੂ-ਬ-ਹੂ ਹਿਲਦੀਆਂ, ਜੁਲਦੀਆਂ, ਕੰਮ ਕਰਦੀਆਂ, ਸੁਖੀ, ਦੁਖੀ ਹੁੰਦੀਆਂ, ਚੜ੍ਹਦੀਆਂ ਫਿਸਲਦੀਆਂ, ਉੱਠਦੀਆਂ, ਹੱਭਲੇ ਮਾਰਦੀਆਂ, ਕਾਮਯਾਬ ਹੁੰਦੀਆਂ, ਉੱਚੇ ਭਾਵਾਂ ਨਾਲ ਕੰਬਦੀਆਂ, ਥਰਥਰਾਉਂਦੀਆਂ, ਰਸ ਲੀਨ ਹੁੰਦੀਆਂ ਅੱਖਾਂ ਅੱਗੇ ਆਉਣ, ਉਨ੍ਹਾਂ ਉਤੇ ਵੱਸਦੇ ਮਿਹਰ ਦੇ ਚੋਜ ਨੈਣਾਂ ਦੇ ਸਾਹਮਣੇ ਫਿਰ ਜਾਣ, ਜਿਨ੍ਹਾਂ ਤੋਂ ਆਦਮੀ ਮੁੱਅਸਰ ਹੋਵੇ, ਆਪਣੇ ਦਿਲ ਦੇ ਛੌੜ ਕੱਟੇ ਜਾਣ, ਮਨ ਕੁਛ ਵਿਰਾਗ ਵਿਚ ਆਵੇ, ਆਪਣਾ ਆਪ ਉਸ ਚਾਨਣ-ਉਸ ਨਿਰਮਲਤਾ ਵਿਚ ਦਿਸੇ ਜੋ ਐਉਂ ਆਉਂਦੀ ਹੈ, ਤੇ ਆਪੇ ਵਿਚ ਉੱਚੇ ਹੋਣ ਦਾ ਪ੍ਰੇਮ ਜਾਗ ਉਠੇ। ਹਾਂ ਫੇਰ ਉਥੋਂ ਹੀ ਉਚ ਜੀਵਨ ਲਈ ਰਸਤਾ ਲੱਭ ਪਵੇ ਤੇ ਉਥੋਂ ਹੀ ਉਸ ਰਸਤੇ ਤੇ ਟੁਰਣ ਦੀ ਸਿੱਖਿਆ ਤੇ ਤਰੀਕਾ ਮਿਲ ਪਵੇ ਅਰ ਉਹ ਪੜ੍ਹਿਆ ਜੀਵਨ ਹੀ ਮਾਨੋਂ ਇਕ ਤਰ੍ਹਾਂ ਦਾ ਕੁਝ ਰਹਿਬਰ ਹੋ ਖਲੋਵੇ ਤਾਂ ਬੰਦਾ ਭਲਿਆਈ, ਉੱਦਮ, ਬਾਣੀ, ਕੀਰਤਨ ਤੇ ਉਪਕਾਰ ਵਿਚ ਲਗ ਪਵੇ ਅਤੇ ਨਾਮ ਦੇ ਰੰਗ ਰਸ ਲਈ ਗੁਰਸਿੱਖ ਦਾਤੇ ਕਹਿਣੀ ਕਰਣੀ ਵਾਲੇ ਸੁੱਚੇ ਸਤਿਸੰਗ, ਦਾ ਚਾਉ

ਉਪਜੇ......।"[43] ਕਰਤਾ ਦੀ ਦ੍ਰਿਸ਼ਟੀ ਵਿਚ "ਇਸ ਤਰ੍ਹਾਂ ਇਹ ਪੁਸਤਕ ਨਿਰਾ ਇਤਿਹਾਸ ਨਹੀਂ ਪਰ ਇਤਿਹਾਸ ਦੀ ਬੋਲੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਹੈ, ਜੋ ਭਾਵ, ਉਪਦੇਸ਼, ਉੱਚ ਜੀਵਨ ਦੇ ਆਦਰਸ਼ ਉਸ ਇਲਾਹੀ ਇਲਹਾਮ (ਪੋਥੀ ਪਰਮੇਸ਼ਵਰ ਕਾ ਥਾਨੁ) ਵਿਚ ਹਨ, ਉਹ ਇਸ ਪੁਸਤਕ ਵਿਚ ਇਉਂ ਆਏ ਹਨ ਕਿ ਉਨ੍ਹਾਂ ਤੇ ਅਮਲ ਕਰਨ ਦੀਆਂ ਮਾਨੋਂ ਤਸਵੀਰਾਂ ਹਨ, ਅਮਲੀ ਜੀਵਨ ਬਸਰ ਕਰਨ ਲਈ ਪੂਰਨੇ ਹਨ ਜਿਸ ਤੋਂ ਸਮਝ ਪੈਣ ਵਿਚ ਹੋਰ ਸੁਖੈਨਤਾ ਹੋ ਗਈ ਹੈ।[44]

**ਸੰਤ ਗਾਥਾ**

ਭਾਈ ਵੀਰ ਸਿੰਘ ਦੀ ਅਗਲੀ ਮਹੱਤਵਪੂਰਨ ਪੁਸਤਕ 'ਸੰਤ ਗਾਥਾ' ਹੈ ਜੋ 1938 ਵਿਚ ਪ੍ਰਕਾਸ਼ਿਤ ਹੋਈ। ਅਸਲ ਵਿਚ ਇਸ ਪੁਸਤਕ ਵਿਚ ਬ੍ਰਹਮ ਗਿਆਨੀ ਪੁਰਸ਼ਾਂ ਜਿਨ੍ਹਾਂ ਵਿਚ, ਸ੍ਰੀ ਮਾਨ ਸੰਤ ਰਾਮ ਕ੍ਰਿਸ਼ਨ ਜੀ, ਸੰਤ ਭਾਈ ਬੁੱਧੂ ਸਾਹਿਬ ਜੀ, ਸੰਤ ਭਾਈ ਸਵਾਇਆ ਸਿੰਘ ਜੀ, ਸ੍ਰੀ ਛਾਲੋਨੇ ਵਾਲੇ ਬਾਬਾ ਜੀ, ਸੰਤ ਭਾਈ ਨਿਹਾਲ ਸਿੰਘ ਜੀ ਦੇ ਜੀਵਨ ਸਮਾਚਾਰ ਹਨ। ਇਹ ਵੱਡ ਪੁਰਖ ਸਿਖੀ ਦੀਆਂ ਉਹ ਜਾਗੀਆਂ ਹੋਈਆਂ ਰੂਹਾਂ ਹਨ ਜਿਨ੍ਹਾਂ ਰਾਹੀਂ ਗੁਰਮਤਿ ਗਿਆਨ, ਗੁਰਮਤਿ ਸਿਧਾਂਤ, ਗੁਰਮਤਿ ਪ੍ਰਕਾਸ਼ ਦਾ ਰੂਪ ਧਾਰਨ ਕਰ ਜਨ ਸਧਾਰਨ ਦੇ ਮਸਤਕ ਦਾ ਭਾਗ ਬਣ ਗਈਆਂ ਸੀ। ਇਹ ਕਮਾਈ ਵਾਲੇ ਵੱਡੇ ਪੁਰਖ ਅਸਲ ਵਿਚ ਸਿੱਖੀ ਦੇ ਇਤਿਹਾਸਕ ਜਲੋਅ ਨੂੰ ਜਨ ਸਮੂਹ ਤੱਕ ਲੈ ਜਾਣ ਲਈ ਹਰ ਪਲ ਕਾਰਜਸ਼ੀਲ ਰਹੇ। ਸਮਾਂ ਬੇਸ਼ੱਕ ਸੰਕਟ ਵਾਲਾ ਸੀ ਪਰ ਸੰਕਟ ਨੂੰ ਉਲੰਘ ਕੇ ਅੱਗੇ ਜਾਣ ਵਾਲੇ ਪੁਰਖਾਂ ਦੀ ਗਿਣਤੀ ਸਤਪੁਰਖਾਂ ਵਜੋਂ ਕੀਤੀ ਜਾਂਦੀ ਹੈ। ਭਟਕਦੀਆਂ ਰੂਹਾਂ ਨੂੰ ਕੁਮਾਰਗ ਤੋਂ ਸੁਮਾਰਗ ਦੇ ਰਸਤੇ ਤੇ ਲੈ ਕੇ ਜਾਣ ਲਈ ਇਹਨਾਂ ਦੀ ਭੂਮਿਕਾ ਬੇਹੱਦ ਅਹਿਮ ਸੀ। ਭਾਈ ਵੀਰ ਸਿੰਘ ਜੀ ਇਹਨਾਂ ਬਾਰੇ ਲਿਖਦੇ ਹਨ ਕਿ ਇਹ ਢਹਿੰਦੀਆਂ ਕਲਾਂ ਵਿਚ ਚਲੇ ਗਏ ਪੁਰਸ਼ਾਂ ਨੂੰ ਚੜ੍ਹਦੀਆਂ ਕਲਾ ਵਿਚ ਲਿਆਉਣ ਅਤੇ ਉਹਨਾਂ ਦੇ ਸ਼ਰੀਰ ਵਿਚ ਜਮ ਚੁੱਕੇ ਖੂਨ ਨੂੰ ਦੁਬਾਰਾ ਤੋਂ ਗਰਮ ਕਰਨ ਲਈ ਅਗਰਸਰ ਰਹੇ।

**ਸੱਤ ਔਖੀਆਂ ਰਾਤਾਂ**

ਅਗਲੀ ਮਹੱਤਵਪੂਰਨ ਰਚਨਾ ਸੱਤ ਔਖੀਆਂ ਰਾਤਾਂ ਜੋ ਇਕ ਲੰਬਾ ਲੇਖ ਸੀ ਤੇ ਉਸ ਸਮੇਂ ਦੇ ਸੁਪ੍ਰਸਿੱਧ ਪੱਤ੍ਰਿਕਾ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਿਤ ਹੋਇਆ ਸੀ। ਇਸ ਨੂੰ ਬਾਅਦ ਵਿਚ 1946 ਈ:

ਵਿਚ ਪੁਨਰ ਪ੍ਰਕਾਸ਼ਿਤ ਕੀਤਾ ਗਿਆ। ਇਹ ਪੁਸਤਕ ਅਧਿਆਤਮਿਕ ਬੁਲੰਦੀਆਂ ਦਾ ਸਿਖਰ ਹੈ, ਜਿਸ ਵਿਚ ਅਸਮਾਨੀ ਮੁਹੱਬਤ ਨਾਲ ਪੀਢੀ ਗੰਢ ਪਾਉਣ ਦਾ ਵਲਵਲਾ ਹੈ। ਇਸ ਪੁਸਤਕ ਵਿਚ ਇਨਸਾਨੀ ਦਿਲਾਂ ਵਿਚ ਬਿਰਹਾ ਦੀ ਪੀੜ ਹਰਨ ਅਤੇ ਵਿਛੋੜੇ ਦੇ ਛਲ ਨੂੰ ਦੂਰ ਕਰਕੇ ਉਸਦੀ ਪੀੜਾ ਅਤੇ ਸ਼ੋਕ ਨੂੰ ਹਰਨ ਕਰਨ ਲਈ ਵਾਹਿਗੁਰੂ ਨਾਮ ਦੀ ਮਹਿਮਾ ਦਾ ਵਰਨਣ ਕੀਤਾ ਗਿਆ ਹੈ। ਇਸ ਪੁਸਤਕ ਦੇ ਆਰੰਭ ਵਿਚ ਕਰਤਾ ਆਪ ਲਿਖਦਾ ਹੈ "ਵਿਯੋਗ ਵਿਚ ਹਰ ਕੋਈ ਦੁਖੀ ਹੁੰਦਾ ਹੈ ਤੇ ਉਸ ਵੇਲੇ ਕੱਖੀਂ ਪਲਾਹੀ ਹੱਥ ਪਾਉਂਦਾ ਹੈ ਕਿ ਕਿਵੇਂ ਉਹ ਸ਼ੋਕ ਸਾਗਰ ਵਿਚੋਂ ਤਰ ਨਿਕਲੇ। ਪਰ ਮਿਤ੍ਰ ਪਿਆਰੇ ਮਕਾਣੇ ਆਏ ਸਭ ਸ਼ੋਕ ਨੂੰ ਵਧਾਉਂਦੇ ਹਨ ਤੇ ਦੁੱਖ ਘਟਾਉਣ ਦੀ ਕਿਸੇ ਸਹੁਣੇ ਤਰੀਕੇ ਨਾਲ ਦਿਲਜੋਈ ਨਹੀਂ ਕਰਦੇ।...... ਕਿਵੇਂ ਗੁਰੂ ਮਹਾਰਾਜ ਦੇ ਉਪਦੇਸ਼ਾਂ ਮੁਤਾਬਿਕ ਉਹ ਦੁੱਖ ਦਾ ਸਮਾਂ ਬੀਤੇ ਤੇ ਵਿਯੋਗੀਆਂ ਦੇ ਹਿਰਦੇ ਵਿਯੋਗ ਅਗਨੀ ਨਾਲ ਦਗਧ ਹੋਣੋਂ ਬੱਚ ਜਾਣ ਤੇ ਖਰੜ ਗਿਆਨ ਨਾਲ ਪਥਰਾਏ ਜਾਣ ਤੋਂ ਵੀ ਬਚਣ, ਸਗੋਂ ਸੁਮਾਰਗ ਪੈ ਕੇ ਲੋਕ ਪਰਲੋਕ ਸੁਹੇਲੇ ਹੋਣ ਦੇ ਰਾਹ ਪੈ ਜਾਣ, ਇਹ ਗੁਰਮਤਿ ਸਾਰੀ ਇਸ ਛੋਟੇ ਜਿਹੇ ਲੇਖ ਵਿਚ ਸ੍ਰੀ ਮਾਤਾ ਸਭਰਾਈ ਜੀ ਦੇ ਵਿਯੋਗ ਗ੍ਰਸਤ ਹਿਰਦੇ ਦੇ ਭਾਵਾਂ ਵਿਚ ਦਰਸਾਈ ਹੈ। ਕਿਵੇਂ ਉਹਨਾਂ ਨੇ ਠੋਹਕਰ ਖਾਣੀ, ਪਿਆਰ ਵਿਚ ਦ੍ਰਵ ਕੇ ਉਦਾਸ ਹੋਣਾ, ਦਿਲਗਿਰੀ ਪੈਣੀ, ਕਿਵੇਂ ਫਿਰ ਸਤਸੰਗ ਦੇ ਪ੍ਰਤਾਪ ਤੇ ਗਰੁਬਾਣੀ ਦੇ ਆਧਾਰ ਨਾਲ ਆਪਣੇ ਮਨ ਦਾ ਦਾਰੂ ਕਰਨਾ, ਉੱਚੇ ਖਿਆਲਾਂ ਤੇ ਪ੍ਰੇਮ ਭਾਵਾਂ ਨਾਲ ਸ਼ੁਕਰ ਤੇ ਸਿਦਕ ਦੇ ਉਪਦੇਸ਼ਾਂ ਨਾਲ ਉੱਚੇ ਉੱਠ ਜਾਣਾ। ਸ਼ੋਕ ਦੀ ਥਾਂ ਪਥਰਾਏ ਜਾਣਾ ਸਗੋਂ ਉਚੇ ਵਲਵਲਿਆਂ ਵਿਚ ਉੱਠ ਕੇ ਸ਼ੋਕ ਸੇਕ ਨਾਲ ਪੰਗਰੇ ਦਿਲ ਵਿਚ 'ਵਾਹਿਗੁਰੂ ਨਾਮ' ਤੇ 'ਵਾਹਿਗੁਰੂ ਪ੍ਰੇਮ' ਦਾ ਅਕਸ਼ ਤੇ ਨਕਸ਼ ਲੈ ਲੈਣਾ ਤੇ ਨਾਮੀ ਬਣ ਜਾਣਾ ਇਹ ਸਾਰਾ ਕੁਝ ਇਸ ਪੁਸਤਕ ਵਿਚ ਵਰਣਿਤ ਹੈ।[45]

ਇਹ ਮਾਈ ਭਾਗੋ ਦੀ ਵਿਯੋਗ ਭਰੀ ਅਵਸਥਾ, ਅਸ਼ਾਂਤ ਅਵਸਥਾ, ਵਿਸਮਾਦ ਅਵਸਥਾ ਦੀ ਪ੍ਰਾਪਤੀ ਤੇ ਇਸ ਸੰਚਾਰ ਦੀ ਯਾਤਰਾ ਸੰਪੂਰਨ ਕਰਕੇ ਚਲ ਵਸਣੇ ਦੀਆਂ ਘਟਨਾਵਾਂ ਦੀ ਸੰਖੇਪ, ਸਾਦਾ ਤੇ ਪ੍ਰਭਾਵਸ਼ਾਲੀ ਕਥਾ ਹੈ ਜੋ ਮਾਈ ਸਭਰਾਈ ਦੇ ਪ੍ਰਾਣਪਤੀ ਦਾ ਵਿਯੋਗ, ਧੀ ਦਾ ਵਿਯੋਗ, ਪਿਆਰੇ ਦੋਹਤਿਆਂ ਦਾ ਵਿਯੋਗ, ਜਵਾਈ ਤੇ ਸਤਿਗੁਰੂ (ਦਸਵੇਂ ਪਾਤਸ਼ਾਹ) ਦੇ ਖੇਦ ਤੇ ਵਿਯੋਗ ਅਤੇ ਮਾਈ ਦੇ ਅੰਤ ਸਮੇਂ ਦੇ ਹਾਲਾਤ ਨੂੰ ਚਿਤਰਦੀ ਹੈ।

**ਮਾਲਵੇ ਦੇਸ਼ ਰਟਨ ਦੀ ਸਾਖੀ ਪੋਥੀ**

ਇਹ ਰਚਨਾ ਬੇਸ਼ੱਕ ਮੂਲ ਰੂਪ ਵਿਚ ਭਾਈ ਸਾਹਿਬ ਦੀ ਨਹੀਂ ਹੈ, ਪਰ ਜੇਕਰ ਇਹ ਮੁਹੱਤਵਪੂਰਨ ਲਿਖਤ ਆਪ ਜੀ ਦੇ ਹੱਥ ਨਾ ਆਉਂਦੀ ਤਾਂ ਵਡਮੁੱਲਾ ਸਾਹਿਤ ਹਮੇਸ਼ਾ ਹਮੇਸ਼ਾ ਲਈ ਖਤਮ ਹੋ ਜਾਣਾ ਸੀ। ਵਾਰਤਕ ਵਿਚ ਇਹ ਇਕ ਵੱਡ ਅਕਾਰੀ ਰਚਨਾ 'ਮਾਲਵਾ ਦੇਸ਼ ਰਟਨ ਦੀ ਸਾਖੀ' ਪੋਥੀ 1950 ਈ: ਵਿਚ ਪ੍ਰਕਾਸ਼ਿਤ ਕੀਤੀ ਗਈ। ਅਣਜਾਣ ਲੇਖਕ ਦੀ ਇਹ ਮਹੱਤਵਪੂਰਨ ਰਚਨਾ ਜਿਸ ਵਿਚ ਨੌਵੇਂ ਅਤੇ ਦਸਵੇਂ ਪਾਤਸ਼ਾਹ ਦੀਆਂ ਮਾਲਵਾ ਦੇਸ਼ ਵਿਚ ਵੱਖ-ਵੱਖ ਸਮਿਆਂ ਵਿਚ ਕੀਤੀਆਂ ਯਾਤਰਾਵਾਂ ਦੀ ਲਗਭੱਗ ਮੁਕੰਮਲ ਤਰਤੀਬ ਹੈ। ਭਾਈ ਵੀਰ ਸਿੰਘ ਨੇ ਸਬੰਧਿਤ ਪੋਥੀ ਨੂੰ ਬਹੁਤ ਹੀ ਨੀਝ ਨਾਲ ਪੜ੍ਹਿਆ ਤੇ ਫਿਰ ਇਸ ਨੂੰ ਆਪਣੇ ਸੰਪਾਦਨੀ ਹੱਕਾਂ ਦੀ ਵਰਤੋਂ ਕਰਦਿਆਂ ਹੋਇਆਂ ਕੁਝ ਤਬਦੀਲੀਆਂ ਨਾਲ ਪ੍ਰਕਾਸ਼ਿਤ ਕੀਤਾ। ਔਖੇ ਸ਼ਬਦ ਤੇ ਅਰਥ ਵੀ ਨਾਲ-ਨਾਲ ਦੇਣ ਦੀ ਕੋਸ਼ਿਸ਼ ਕੀਤੀ ਗਈ। ਸੰਪਾਦਕ ਦਾ ਇਹ ਦ੍ਰਿੜ ਵਿਸ਼ਵਾਸ ਹੈ ਕਿ ਇਹ ਰਚਨਾ ਉਦਾਸੀ ਸੰਪਰਦਾਵਾਂ ਨਾਲ ਸੰਬਧਿਤ ਕਿਸੇ ਉਦਾਸੀ ਸੰਤ ਮਹਾਂਪੁਰਖ ਦੀ ਹੈ, ਅੰਦਾਜਨ ਉਹਨਾਂ ਨੇ ਇਸ ਨੂੰ 1880 ਬਿਕਰਮੀ ਦੇ ਇਰਦ ਗਿਰਦ ਲਿਖਿਆ ਮੰਨਿਆ ਹੈ। ਇਸ ਦਾ ਮਹੱਤਵਪੂਰਨ ਪਹਿਲੂ ਇਹ ਵੀ ਹੈ ਕਿ ਇਸ ਦਾ ਅੰਗਰੇਜ਼ੀ ਤਰਜ਼ਮਾ ਵੀ 19ਵੀਂ ਸਦੀ ਦੇ ਅਖੀਰਲੇ ਸਮੇਂ ਵਿਚ ਪ੍ਰਕਾਸ਼ਿਤ ਕੀਤਾ ਗਿਆ ਸੀ। ਜੇ ਕਹਿ ਲਿਆ ਜਾਵੇ ਤਾਂ ਇਹ ਰਚਨਾ ਵਿਚੋਂ ਨਵ-ਰਚਨਾ ਦੀ ਸਿਰਜਨਾ ਹੈ, ਜਿਸ ਨੂੰ ਅੰਗਰੇਜ਼ੀ ਵਿਚ 'ਰੀਕਰੀਏਸ਼ਨ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।

**ਸ੍ਰੀ ਅਸ਼ਟਗੁਰੂ ਚਮਤਕਾਰ**

'ਸ੍ਰੀ ਅਸ਼ਟਗੁਰੂ ਚਮਤਕਾਰ' ਭਾਈ ਵੀਰ ਸਿੰਘ ਦੁਆਰਾ ਲਿਖੇ ਗਏ ਸਿੱਖ ਇਤਿਹਾਸਕ ਪ੍ਰਸੰਗਾ ਦੀ ਅਦਭੁੱਤ ਗਾਥਾ ਹੈ। ਇਹ ਵੱਖ-ਵੱਖ ਪ੍ਰਬੁਧ ਸਿੱਖ ਵਿਦਵਾਨਾਂ ਦੇ ਮੁਖ ਤੋਂ ਗੁਰੂ ਸਾਹਿਬਾਨ ਬਾਰੇ ਇਕੱਤਰ ਕੀਤੀ ਸੂਚਨਾ ਤੇ ਆਧਾਰਿਤ ਹੈ, ਪਰ ਇਸ ਦੇ ਨਾਲ-ਨਾਲ ਉਸ ਵੇਲੇ ਦੀਆਂ ਪ੍ਰਚਲਿਤ ਰਵਾਇਤਾਂ ਜਿਸ ਨੂੰ ਸੰਪਰਦਾਇਕ ਸਿੱਖਾਂ ਵਲੋਂ ਪੂਰਨ ਤੌਰ ਤੇ ਮਾਨਤਾ ਮਿਲੀ ਹੋਈ ਸੀ ਦਾ ਵਿਸਥਾਰਪੂਰਵਕ ਵਰਨਣ ਭਾਈ ਸਾਹਿਬ ਨੇ ਆਪਣੇ ਸ਼ਬਦਾਂ ਵਿਚ ਕੀਤਾ ਹੈ। ਸ਼ੈਲੀ ਪੱਖੋਂ ਇਸ ਦੀ ਬਣਤਰ ਸਾਖ਼ੀ ਨੁਮਾ ਹੈ ਜਿਸ ਕਰਕੇ

ਇਹ ਤਰੀਕਾਂ, ਸੰਮਤਾਂ, ਮਹੀਨਿਆਂ ਆਦਿ ਦੀ ਪੁਣਛਾਣ ਕੀਤੇ ਬਿਨ੍ਹਾਂ ਇਕ ਵਰਣਾਤਮਿਕ ਪ੍ਰਸੰਗ ਸਥਾਪਿਤ ਕਰਨ ਦਾ ਨਿਵੇਕਲਾ ਯਤਨ ਸੀ। ਇਸ ਦਾ ਪਹਿਲਾ ਭਾਗ 1952 ਵਿਚ ਛਾਪਿਆ ਗਿਆ ਅਤੇ ਫਿਰ ਕ੍ਰਮਵਾਰ ਤਿੰਨ ਹੋਰ ਐਡੀਸ਼ਨ ਛਪੇ। ਪਹਿਲੇ ਭਾਗ ਵਿਚ ਦੂਜੇ, ਤੀਜੇ ਅਤੇ ਚੌਥੇ ਪਾਤਸ਼ਾਹ ਦਾ ਜੀਵਨ ਸਮਾਚਾਰ ਸ਼ਾਮਿਲ ਹੈ ਅਤੇ ਦੂਸਰੇ ਭਾਗ ਵਿਚ ਪੰਜਵੇਂ ਪਾਤਸ਼ਾਹ ਦੇ ਜੀਵਨ ਨਾਲ ਸਬੰਧਿਤ ਬਖਾਨ ਹੈ। ਭਾਈ ਸਾਹਿਬ 1957 ਵਿਚ ਚਲਾਣਾ ਕਰ ਗਏ ਸਨ ਜਿਸ ਕਰਕੇ ਸੱਤਵੇਂ, ਅੱਠਵੇਂ ਅਤੇ ਨੌਵੇਂ ਗੁਰੂ ਸਾਹਿਬਾਨ ਬਾਰੇ ਉਹਨਾਂ ਦੀ ਲਿਖਣ ਇਛਾ ਨੂੰ ਬੂਰ ਨਹੀਂ ਸੀ ਪਿਆ। ਇਹ ਪੁਸਤਕ ਜਿਵੇਂ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਕੋਈ ਇਤਿਹਾਸਕ ਗ੍ਰੰਥ ਨਹੀਂ ਹੈ ਪਰ ਇਸ ਦੇ ਬਾਵਜੂਦ ਗੁਰੂ ਪਾਤਸ਼ਾਹ ਦੇ ਜੀਵਨ ਬਿਰਤਾਂਤਾਂ ਬਾਰੇ ਇਕ ਅਜਿਹਾ ਪ੍ਰਸੰਗ ਸਿਰਜਦਾ ਹੈ ਕਿ ਉਹ ਸਾਰੇ ਘਟਨਾ ਕ੍ਰਮ ਪਾਠਕ ਨੂੰ ਆਪਣੇ ਨਾਲ ਵਹਾ ਕੇ ਸਾਹਮਣੇ ਵਾਪਰੀਆਂ ਘਟਨਾਵਾਂ ਵਾਂਗ ਮਹਿਸੂਸ ਹੋਣਾ ਸ਼ੁਰੂ ਹੋ ਜਾਂਦਾ ਹੈ। ਭਾਈ ਵੀਰ ਸਿੰਘ ਇਸ ਪੁਸਤਕ ਦੇ ਸਬੰਧ ਵਿਚ ਲਿਖਦੇ ਹਨ ਕਿ "ਅੱਗੇ 'ਸ੍ਰੀ ਗੁਰੂ ਨਾਨਕ ਚਮਤਕਾਰ' ਤੇ 'ਸ੍ਰੀ ਗੁਰੂ ਕਲਗੀਧਰ ਚਮਤਕਾਰ' ਛਪ ਚੁੱਕੇ ਹਨ। ਉਹ ਸਮੇਂ ਸਮੇਂ ਸਿਰ ਲਿਖੇ ਗੁਰੂ ਸਿਖਾਂ ਦੀਆਂ ਸਾਖੀਆਂ ਪ੍ਰਸੰਗਾਂ ਨੂੰ ਤਾਰੀਖ ਵਾਰ ਰੱਖ ਕੇ ਬਣਿਆ ਇਕ ਪ੍ਰਕਾਰ ਦਾ ਦੋਹਾਂ ਸਤਿਗੁਰਾਂ ਦਾ ਜੀਵਨ ਬਣ ਗਿਆ ਹੈ। ਇਹ ਰਚਨਾ 'ਅਸ਼ਟ ਗੁਰੂ ਚਮਤਕਾਰ' ਉਸੇ ਤਰ੍ਹਾਂ ਦਾ ਅਰਥਾਤ ਕਦੇ-ਕਦੇ ਲਿਖੇ ਗਏ ਪ੍ਰਸੰਗਾਂ ਦਾ ਸੰਚਯ ਨਹੀਂ ਹੈ, ਇਸ ਦੇ ਲਗਭਗ ਸਾਰੇ ਪ੍ਰਸੰਗ ਇਸੇ ਪੋਥੀ ਲਈ ਹੀ ਲਿਖੇ ਗਏ ਹਨ। ਅੱਗੋਂ ਵਾਂਗੂ ਹੀ ਪ੍ਰਸੰਗਾਂ ਦਾ ਮਸਾਲਾ ਇਤਿਹਾਸਾਂ, ਰਵਾਇਤਾਂ, ਗੁਰੂ ਸ਼ਬਦਾਂ ਦੀ ਉਥਾਨਕ ਆਦਿ ਤੋਂ ਖੋਜ-ਖੋਜ ਕੇ ਲਿਆ ਗਿਆ ਹੈ। ਪਰ ਇਹ ਤਰੀਕਾ, ਸੰਮਤਾਂ ਤੇ ਵਾਕਿਆਤ ਦਾ ਸੂਚੀ ਪੱਤਰ ਛਾਣਿਆਂ ਪੁਣਿਆ ਇਤਿਹਾਸ ਨਹੀਂ ਇਹ ਸਿੱਖੀ ਜੀਵਨ ਦਾ ਇਤਿਹਾਸ ਹੈ ਜੋ ਜੀਵਨ ਦੀਆਂ ਤਸਵੀਰਾਂ ਅੱਖਾਂ ਅੱਗੇ ਲਿਆ ਕੇ ਸਿੱਖੀ ਜੀਵਨ ਧਾਰਨ ਕਰਨ ਦੀ ਪ੍ਰੇਰਨਾ ਕਰਦਾ ਹੈ ਤੇ ਜਾਂਚ ਸਿਖਾਲਦਾ ਹੈ ... ਇਹ ਗੁਰਬਾਣੀ ਦੇ ਭਾਵਾਂ ਦੀ ਚਿਤ੍ਰਸ਼ਾਲਾ ਹੈ।[46]

**ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਗੁਰਬਾਲਮ ਸਾਖੀਆਂ**

ਭਾਈ ਸਾਹਿਬ ਦੁਆਰਾ 'ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਗੁਰਬਾਲਮ ਸਾਖੀਆਂ' ਪੁਸਤਕ ਦੀ ਪ੍ਰਕਾਸ਼ਨਾ 1955 ਵਿਚ ਕਰ ਦਿੱਤੀ ਗਈ ਸੀ। ਇਸ ਗ੍ਰੰਥ ਵਿਚ ਪ੍ਰਾਪਤ ਸਾਖੀਆਂ ਦਾ ਸ੍ਰੋਤ ਆਧਾਰ

ਪੁਰਾਤਨ ਜਨਮ ਸਾਖੀ ਤੇ ਭਾਈ ਬਾਲੇ ਵਾਲੀ ਜਨਮ ਸਾਖੀ ਪ੍ਰਤੀਤ ਹੁੰਦਾ ਹੈ। ਗੁਰੂ ਪਾਤਸ਼ਾਹ ਨਾਲ ਸੰਬਧਿਤ ਉਹਨਾਂ ਦੇ ਜਨਮ, ਬਾਲਪਨ, ਸੁਲਤਾਨਪੁਰ ਵਿਚ ਨੌਕਰੀ, ਪਹਿਲੀ ਉਦਾਸੀ, ਕੁਰਕਸ਼ੇਤਰ, ਯੋਗੀਆਂ ਸਿੱਧਾਂ, ਮੌਲਵੀਆਂ ਤੇ ਕਾਜ਼ੀਆਂ ਨਾਲ ਵਾਰਤਾਲਾਪ, ਪਾਂਧੀ ਨੂੰ ਉਪਦੇਸ਼, ਜਨੇਊ, ਸੱਚਾ ਸੌਦਾ, ਸੱਜਣ ਠੱਗ ਆਦਿ ਕੁੱਲ 62 ਸਾਖੀਆਂ ਤੇ 6 ਗੁਰਬਾਲਮ ਗੀਤ ਅੰਕਿਤ ਹਨ ਇਸ ਦਾ ਮੁੱਖ ਮੰਤਵ ਗੁਰ ਪਾਤਸ਼ਾਹ ਦੁਆਰਾ ਕੀਤੇ ਹੋਏ ਅਦਭੁੱਤ ਕਾਰਜਾਂ ਨੂੰ ਸੁਖੈਨ ਢੰਗ ਨਾਲ ਸੰਗਤ ਦੀ ਮਾਨਸਿਕਤਾ ਦਾ ਹਿੱਸਾ ਬਣਾਉਣਾ ਸੀ ਤਾਂ ਜੋ ਉਹਨਾਂ ਦਾ ਆਪਣੇ ਧਰਮ ਬਾਨੀ ਵਿਚ ਦ੍ਰਿੜ ਵਿਸ਼ਵਾਸ ਪੈਦਾ ਹੋਵੇ ਅਤੇ ਉਹ ਪੂਰੀ ਤਰ੍ਹਾਂ ਗੁਰੂ ਪਾਤਸ਼ਾਹ ਅਤੇ ਸਿੱਖ ਧਰਮ ਨੂੰ ਸਮਰਪਿਤ ਹੋ ਜਾਣ। ਭਾਈ ਵੀਰ ਸਿੰਘ ਖੁਦ ਆਪ ਇਸ ਰਚਨਾ ਦੇ ਲਿਖਣ ਸਬੰਧੀ ਉਹਨਾਂ ਦੇ ਮਨ ਵਿਚ ਪੈਦਾ ਹੋਏ ਫੁਰਨਿਆਂ ਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ ਉਹ ਲਿਖਦੇ ਹਨ ਕਿ "ਇਸ ਦੇ ਲਿਖੇ ਜਾਣ ਦਾ ਪ੍ਰਯੋਜਨ ਇਹ ਹੈ ਕਿ ਮਾਵਾਂ ਪਾਸ ਸਹੁਣੇ ਸਾਹਿਬਾਂ ਦੇ ਹਾਲਾਤ ਐਸੇ ਸੌਖੇ ਢੰਗ ਵਿਚ ਵਰਨਣ ਹੋਏ ਮੌਜੂਦ ਹੋਣ ਜੋ ਉਹ ਬੱਚਿਆਂ ਦੇ ਹੱਥ ਵਿਚ ਦੇ ਸਕਣ ਜਾਂ ਥੋੜ੍ਹੀ ਮਦਦ ਨਾਲ ਗੁਰੂ ਮਹਾਰਾਜ ਦੇ ਜੀਵਨ ਸਮਾਚਾਰਾਂ ਤੋਂ ਉਹਨਾਂ ਨੂੰ ਆਪ ਜਾਣੂ ਕਰਾ ਸਕਣ ਤਾਂ ਕਿ ਬਚਪਨ ਵਿਚ ਹੀ ਉਹ ਅਵਤਾਰ ਸ਼੍ਰੋਮਣੀ ਸ਼੍ਰੀ ਗੁਰੂ ਜੀ ਦੇ ਸਹੁਣੀ-ਸਹੁਣੀ ਰਹਿਣੀ-ਬਹਿਣੀ, ਕਹਿਣੀ-ਕਰਨੀ ਤੋਂ ਸਿੱਖਿਆ ਪ੍ਰਾਪਤ ਕਰਕੇ ਆਪਣੇ ਜੀਵਨ ਦੀਆਂ ਉੱਤਮ ਤੇ ਪੱਕੀਆਂ ਨੀਹਾਂ ਬੰਨ ਸਕਣ।"[47]

### ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਗੁਰਬਾਲਮ ਸਾਖੀਆਂ

ਅਗਲੀ ਰਚਨਾ 'ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਗੁਰਬਾਲਮ ਸਾਖੀਆਂ' ਹਨ। ਇਹ ਤਿੰਨ ਐਡੀਸ਼ਨਾਂ ਵਿਚ ਛਪੀ ਮਹੱਤਵਪੂਰਨ ਪੁਸਤਕ ਹੈ ਜਿਸ ਦੇ ਪਹਿਲੇ ਐਡੀਸ਼ਨ ਵਿਚ 72 ਸਾਖੀਆਂ ਤੇ 6 ਗੀਤ ਸਨ। ਦੂਸਰੇ ਐਡੀਸ਼ਨ ਵਿਚ 19 ਸਾਖੀਆਂ ਤੇ 2 ਗੀਤ ਹੋਰ ਸ਼ਾਮਿਲ ਕੀਤੇ ਗਏ ਜਿਸ ਨਾਲ ਕੁਲ ਗਿਣਤੀ 91 ਸਾਖੀਆਂ ਤੇ 8 ਗੀਤ ਬਣ ਗਈ। 1955 ਈ: ਵਿਚ ਇਸ ਦੀ ਪਹਿਲੀ ਪ੍ਰਕਾਸ਼ਨਾ ਹੋਈ। ਇਸ ਪੁਸਤਕ ਵਿਚ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਬਚਪਨ ਤੋਂ ਲੈ ਕੇ ਭੰਗਾਣੀ ਦੇ ਯੁੱਧ ਤੱਕ ਦੀਆਂ ਵੱਖ-ਵੱਖ ਇਤਿਹਾਸਕ ਘਟਨਾਵਾਂ ਦਾ ਬਹੁਤ ਖੂਬਸੂਰਤੀ ਨਾਲ ਵਰਨਣ ਕੀਤਾ ਹੈ। ਇਸ ਰਚਨਾ ਵਿਚ ਗੁਰੂ ਗੋਬਿੰਦ

ਸਿੰਘ ਪਾਤਸ਼ਾਹ ਨੂੰ ਇਕ ਅਦਭੁੱਤ ਚਮਤਕਾਰੀ ਪਰਮੇਸ਼ਵਰ ਦੇ ਪੁੱਤਰ ਦੇ ਤੌਰ ਤੇ ਚਿਤਰਨ ਦਾ ਯਤਨ ਕੀਤਾ ਹੈ। ਇਹ ਵੀ ਦਸਿਆ ਹੈ ਕਿ ਗੁਰੂ ਪਾਤਸ਼ਾਹ ਦਾ ਸੰਪੂਰਨ ਕਾਰਜ ਗੁਰੂ ਨਾਨਕ ਪਾਤਸ਼ਾਹ ਦੁਆਰਾ ਦਿੱਤੇ ਸਿਧਾਂਤਾਂ ਉਪਰ ਆਧਾਰਿਤ ਸੀ। ਇਹ ਸਬੰਧਿਤ ਪੁਸਤਕ ਵਰਨਣਾਤਮਕ ਸ਼ੈਲੀ ਵਿਚ ਲਿਖੀ ਹੋਈ ਹੈ ਅਤੇ ਸਿੱਖ ਇਤਿਹਾਸ ਦੀ ਗਾਥਾ ਗਾਉਂਦੀ ਇਕ ਅਦਭੁੱਤ ਸਾਹਿਤਕ ਰਚਨਾ ਹੋ ਨਿਬੜਦੀ ਹੈ। ਇਸ ਦੇ ਲਿਖੇ ਜਾਣ ਦੇ ਪ੍ਰਯੋਜਨ ਸਬੰਧੀ ਭਾਈ ਵੀਰ ਸਿੰਘ ਦੇ ਇਹ ਸ਼ਬਦ ਨਜਰਸਾਨੀ ਦੀ ਮੰਗ ਕਰਦੇ ਹਨ, "ਕਿ ਮਾਵਾਂ ਪਾਸ ਐਸੇ ਸੌਖੇ ਢੰਗ ਵਿਚ ਵਰਤੋਂ ਹਾਲਾਤ ਸੋਹੁਣੇ ਸਾਹਿਬਾਂ ਦੇ ਹੋਣ ਜੋ ਉਹ ਬਚਿਆਂ ਦੇ ਹੱਥ ਦੇ ਸਕਣ ਤੇ ਥੋੜ੍ਹੀ ਆਪਣੀ ਮਦਦ ਨਾਲ ਗੁਰੂ ਮਹਾਰਾਜ ਦੇ ਜੀਵਨ ਸਮਾਚਾਰਾਂ ਤੋਂ ਉਹਨਾਂ ਨੂੰ ਜਾਣੂ ਕਰ ਸਕਣ ਤਾਂ ਕਿ ਬਚਪਨ ਵਿਚ ਹੀ ਅਵਤਾਰ ਸ਼੍ਰੋਮਣੀ ਸ੍ਰੀ ਗੁਰੂ ਜੀ ਦੀ ਸੁਹਣੀ ਰਹਿਣੀ-ਬਹਿਣੀ, ਕਹਿਣੀ, ਕਰਨੀ ਤੋਂ ਸਿੱਖਿਆ ਪ੍ਰਾਪਤ ਕਰਕੇ ਆਪਣੇ ਜੀਵਨ ਦੀਆਂ ਉੱਤਮ ਤੇ ਪੱਕੀਆਂ ਨੀਹਾਂ ਬੰਨ੍ਹ ਸਕਣ।"[48]

## ਸੰਪਾਦਨਾ

### ਪੰਜ ਗ੍ਰੰਥੀ ਸਟੀਕ

ਕਿਸੇ ਵੀ ਸਾਹਿਤ ਦੀ ਸੰਪਾਦਨ ਵਿਧਾ ਉਸ ਸਾਹਿਤ ਦਾ ਬਹੁਤ ਹੀ ਮਹੱਤਵਪੂਰਨ ਅੰਗ ਹੁੰਦਾ ਹੈ। ਭਾਈ ਵੀਰ ਸਿੰਘ ਨੇ ਇਸ ਵਿਧਾ ਨੂੰ ਵੀ ਆਪਣੀ ਰਚਨਾ ਦਾ ਹਿੱਸਾ ਬਣਾਇਆ ਹੈ ਅਤੇ ਬਹੁਤ ਹੀ ਮਹੱਤਵਪੂਰਨ ਗ੍ਰੰਥਾਂ ਦੀ ਸੰਪਾਦਨਾ ਕੀਤੀ। ਇਸ ਵਿਚ ਪਹਿਲੀ ਰਚਨਾ 'ਪੰਜ ਗ੍ਰੰਥੀ ਸਟੀਕ' ਹੈ। ਜੋ ਪਹਿਲੀ ਵਾਰ 1940 ਈ: ਵਿਚ ਤੇ ਦੂਜੀ ਵਾਰ 1950 ਈ: ਵਿਚ ਭਾਈ ਵੀਰ ਸਿੰਘ ਦੁਆਰਾ ਖੁਦ ਪ੍ਰਕਾਸ਼ਤ ਕੀਤੀ ਗਈ। ਹੁਣ ਤੱਕ ਇਸ ਦੇ ਗਿਆਰਾਂ ਐਡੀਸ਼ਨ ਛੱਪ ਚੁਕੇ ਹਨ ਤੇ ਗਿਆਰਵੇਂ ਐਡੀਸ਼ਨ ਨੂੰ ਛਾਪਣ ਦਾ ਮਾਣ ਭਾਈ ਵੀਰ ਸਿੰਘ ਸਾਹਿਤ ਸਦਨ ਦਿੱਲੀ ਨੂੰ ਪ੍ਰਾਪਤ ਹੋਇਆ ਹੈ। ਇਸ ਸਟੀਕ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਜਪੁਜੀ, ਹਜ਼ਾਰੇ ਦੇ ਸ਼ਬਦ, ਰਹਿਰਾਸ, ਸੋਹਿਲਾ, ਉਅੰਕਾਰ, ਸਿੱਧ ਗੋਸਟਿ, ਅਨੰਦ, ਬਾਵਨ ਅੱਖਰੀ, ਸੁਖਮਨੀ ਸਾਹਿਬ ਅਤੇ ਆਸਾ ਦੀ ਵਾਰ ਦੇ ਬਹੁਤ ਹੀ ਸਰਲ ਸ਼ਬਦਾਂ ਵਿਚ ਅਰਥ ਕੀਤੇ ਗਏ ਹਨ । ਇਸ ਸਟੀਕ ਵਿਚ ਖੱਬੇ ਹੱਥ ਮੂਲ ਬਾਣੀ ਦਰਜ ਹੈ ਅਤੇ ਉਸ ਦੇ ਸਾਹਮਣੇ

ਸਬੰਧਿਤ ਬਾਣੀ ਦਾ ਟੀਕਾ ਕੀਤਾ ਹੋਇਆ ਹੈ। ਹਰੇਕ ਪੰਨੇ ਦੇ ਠੀਕ ਹੇਠਾਂ ਹਵਾਲੇ ਤੇ ਟਿਪਣੀਆਂ ਦਰਜ ਹਨ, ਜਿਨ੍ਹਾਂ ਵਿਚ ਵਿਉਂਤਪਤੀਆਂ, ਪਦ ਅਰਥ, ਭਾਵ ਅਰਥ ਅਤੇ ਇਹਨਾਂ ਅਰਥਾਂ ਦੀ ਪ੍ਰਮਾਣਿਕਤਾ ਲਈ ਗੁਰੂ ਗ੍ਰੰਥ ਸਾਹਿਬ ਵਿਚੋਂ ਤੇ ਹੋਰ ਦਰਜ ਬਾਣੀਆਂ ਵਿਚੋਂ ਵੀ ਪ੍ਰਮਾਣ ਲਈ ਚੁਣੀਆਂ ਗਈਆਂ ਹਨ। ਇਸ ਸਬੰਧਿਤ ਸਟੀਕ ਨੂੰ ਸੰਪਾਦਨ ਕਰਨ ਦਾ ਮੁੱਖ ਉਦੇਸ਼ ਭਾਈ ਸਾਹਿਬ ਦੇ ਸ਼ਬਦਾਂ ਵਿਚੋਂ ਇਵੇਂ ਸਪਸ਼ਟ ਹੁੰਦਾ ਹੈ "ਇਸ ਧੁਰ ਕੀ ਬਾਣੀ ਵਿਚ ਜੋ ਕੁਛ ਸਤਿਗੁਰ ਜੀ ਨਹੀਂ ਹੈ, ਲਿਖਿਆ ਉਸ ਦਾ ਅਰਥ ਇਕੋ ਹੀ ਹੋ ਸਕਦਾ ਹੈ। ਜੋ ਪਰਿਪਾਟੀ ਕਈ ਕਈ ਅਰਥ ਖਿੱਚ ਕੇ ਕਰਣ ਦੀ ਨਵੀਨ ਚੱਲੀ ਹੈ ਠੀਕ ਨਹੀਂ। ਪਰ ਰਚਨਾ ਸਾਰੀ ਕਵਿਤਾ ਵਿਚ ਹੈ, ਕਈ ਜਗਾਹ ਕ੍ਰਿਆ ਪਦ ਨਹੀਂ ਵਰਤੇ ਗਏ, ਚਾਹੇ ਬਾਣੀ ਦੀ ਚਾਲ ਉਹਨਾਂ ਦਾ ਰਸਤਾ ਦਿੰਦੀ ਹੈ।......ਫਿਰ ਬਾਣੀ ਅਨੇਕ ਭਾਖਾ ਦੇ ਪਦਾਂ ਸੰਯੁਕਤ ਹੈ, ਲਿਖਣਹਾਰ ਯਾਰਵੀਂ ਸਦੀ ਤੋਂ ਲੈ ਕੇ 1661 ਈ: ਤੱਕ ਦੇ ਅਨੇਕਾਂ ਮਤਾਂ ਇਲਾਕਿਆਂ ਤੇ ਕੁਲਾਂ ਦੇ ਸਨ। ਬਾਣੀ ਵਿਚ ਜੋ ਪ੍ਰਕਰਣ ਆਏ ਹਨ, ਉਹ ਬ੍ਰਹਮ ਗਿਆਨ, ਰਹੱਸਵਾਦ, ਫਲਸਫਾ, ਭਗਤੀ, ਮਾਨਸਿਕ ਵਿਦਿਆ ਤੇ ਹੋਰ ਗੁੱਝੇ ਤੇ ਪ੍ਰਗਟ ਅਨੇਕ ਵਿਸ਼ਿਆਂ ਸਬੰਧੀ ਹਨ। ਕਾਵਿ ਤੇ ਸ਼ਬਦ ਬ੍ਰਿਤੀ ਦੇ ਗੂੜੇ ਭਾਵ ਬੀ ਬਾਣੀ ਵਿਚ ਹਨ। ਇਹਨਾਂ ਤੇ ਹੋਰ ਕਈ ਕਾਰਣਾਂ ਕਰਕੇ ਕਈ ਜਗਾ ਦਾਨੇ ਅਰਥ ਵਿਚਾਰ ਵਿਚ ਕਈ ਯਤਨਾਂ ਦੇ ਬਾਅਦ ਵੀ ਦੂਸਰੀ ਵਿਆਖਿਆ ਯਾਂ ਭਾਵ ਦੀ ਸੰਭਾਵਨਾ ਦੇਖਦੇ ਹਨ ਤੇ ਉਹਨਾਂ ਦੇ ਖਿਆਲ ਵਿਚ ਕਈ ਹਲਾਤਾਂ ਵਿਚ ਕੁਝ ਵਜਨ ਹੁੰਦਾ ਹੈ। ਇਸ ਕਰਕੇ ਜੋ ਅਰਥ ਗੁਰੂ ਆਸ਼ਯ ਅਨੁਕੂਲ ਸਹੀ ਜਾਪੇ ਹਨ, ਉਹ ਤਾਂ ਮੂਲ ਟੀਕਾ ਵਿਚ ਦੇ ਦਿਤੇ ਹਨ, ਦੂਸਰੇ ਖਿਆਲ ਅਰਥ ਭਾਵ ਦੇ ਹੇਠਾਂ ਟੂਕਾਂ ਵਿਚ ਦਿਤੇ ਹਨ, ਅਤੇ ਪਦਾਂ ਦੀਆਂ ਵਿਉਂਤਪਤੀਆਂ ਤੇ ਵਿਸ਼ੇਸ਼ ਵਿਆਖਿਆ ਆਦਿ ਵੀ ਹੇਠਾਂ ਟੂਕਾਂ ਵਿਚ ਹੀ ਦੇ ਦਿਤੀਆਂ ਹਨ।"[49]

**ਸਿੱਖਾਂ ਦੀ ਭਗਤਮਾਲਾ**

ਇਹ ਰਚਨਾ ਭਾਈ ਵੀਰ ਸਿੰਘ ਨੇ ਪਹਿਲੀ ਵਾਰ 1912 ਈ: ਵਿਚ ਸੰਪਾਦਿਤ ਕੀਤੀ ਤੇ ਮਗਰੋਂ 2011 ਈ ਵਿਚ ਇਸ ਦੀ 11ਵੀਂ ਐਡੀਸ਼ਨ ਛਾਪੀ ਮਈ। ਸੰਪਾਦਕ ਅਨੁਸਾਰ ਭਾਈ ਮਨੀ ਸਿੰਘ ਜੀ ਇਸ ਸ੍ਰੋਤ ਗ੍ਰੰਥ ਦੇ ਰਚਨਹਾਰੇ ਹਨ। ਉਹਨਾਂ ਦੇ ਸ਼ਬਦਾਂ ਵਿਚ "ਭਾਈ ਮਨੀ ਸਿੰਘ ਜੀ ਦੇ ਨਾਮ ਨਾਲ ਦੋ

ਪੁਸਤਕਾਂ ਗਿਣੀਆਂ ਜਾਂਦੀਆਂ ਹਨ: ਇਕ ਜਨਮਸਾਖੀ ਆਦਿ ਪਾਤਸ਼ਾਹੀ ਜੀ ਦੀ, ਜਿਸਦਾ ਨਾਮ 'ਗਿਆਨ ਰਚਨਾਵਲੀ' ਕਿਹਾ ਜਾਂਦਾ ਹੈ ਅਤੇ ਜੋ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦਾ ਟੀਕਾ ਦੇ ਰੂਪ ਵਿਚ ਲਿਖਤ ਹੈ, ਦੂਸਰੀ ਇਹ ਪੋਥੀ, ਭਾਈ ਗੁਰਦਾਸ ਜੀ ਦੀ ਯਾਰਵੀਂ ਵਾਰ ਦਾ ਟੀਕਾ, ਜਿਸਦਾ ਨਾਮ 'ਸਿੱਖਾਂ ਦੀ ਭਗਤਮਾਲਾ' ਬੀ ਹੈ ਤੇ 'ਭਗਤ ਰਤਨਾਵਾਲੀ, ਬੀ ਕਿਹਾ ਜਾਂਦਾ ਹੈ। ਇਹ ਪੋਥੀ 1912 ਈ: ਵਿਚ ਪਹਿਲੇ ਪਹਿਲ ਇਕ ਲਿਖਤੀ ਪੋਥੀ ਤੋਂ ਛਾਪੀ ਗਈ ਸੀ।[50] ਇਸ ਰਚਨਾ ਵਿਚ ਭਾਈ ਸਾਹਿਬ ਆਪਣੇ ਤੋਂ ਪਹਿਲਾ ਤੇ ਆਪਣੇ ਸਮੇਂ ਦੇ ਗੁਰਸਿਖਾਂ ਦੇ ਚੋਣਵੇਂ ਨਾਮ ਦਰਜ ਕੀਤੇ ਹਨ ਇਹ ਸਿਖਾਂ ਦੇ ਸਾਰੇ ਨਾਮ ਨਹੀਂ ਤੇ ਨਾ ਹੀ ਸਾਰੇ ਪੂਰਨ ਸਿਖਾਂ ਦੇ, ਪਰ ਐਸੇ ਸਿੱਖਾਂ ਦੇ ਨਾਮ ਹਨ, ਜਿੰਨਾਂ ਦੇ ਵਿਚ ਕੋਈ ਖ਼ਾਸ ਗੁਣ ਭਾਈ ਜੀ ਨੇ ਖਿਆਲ ਕੀਤੇ ਜਾਂ ਜਿੰਨਾਂ ਦੇ ਨਾਮ ਉਸ ਸਮੇਂ ਪ੍ਰਚਲਿਤ ਸਨ। ਇਹ ਉਹ ਸਿੱਖ ਜਿਨਾਂ ਨੂੰ ਸਤਿਗੁਰੂ ਵਲੋਂ ਪ੍ਰਚਾਰ ਦਾ ਕੰਮ ਸਪੁਰਦ ਕੀਤਾ ਗਿਆ ਸੀ। ਗਯਾਨੀ ਸਿੰਘ ਜੀ ਨੇ ਸਾਰੇ ਸਿੱਖਾਂ ਦੇ ਥੋੜ੍ਹੇ-ਥੋੜ੍ਹੇ ਪ੍ਰਸੰਗ, ਜੋ ਉਨ੍ਹਾਂ ਦੇ ਵਕਤ ਤੱਕ ਸਿੱਖੀ ਵਿਚ ਪ੍ਰਚਲਿਤ ਸਨ, ਲਿਖੇ ਅਤੇ ਪੋਥੀ ਭਾਈ ਜੀ ਨੇ ਇਹ ਸਮਾਚਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਸੁਣੇ ਤੇ ਲਿਖੇ ਹਨ।[51]

### ਪ੍ਰਾਚੀਨ ਪੰਥ ਪ੍ਰਕਾਸ਼

ਸਿੱਖ ਧਰਮ ਦੇ ਗੌਣ ਸਰੋਤਾਂ ਵਿਚ ਇਸ ਗ੍ਰੰਥ ਦਾ ਮਹੱਤਵਪੂਰਨ ਸਥਾਨ ਹੈ ਅਤੇ ਇਸ ਦਾ ਕਰਤਾ ਭਾਈ ਰਤਨ ਸਿੰਘ ਭੰਗੂ ਹੈ ਜੋ ਮਾਝੇ ਦੇਸ਼ ਦਾ ਰਹਿਣ ਵਾਲਾ ਸੀ। ਇਹ ਗ੍ਰੰਥ ਜਿਥੇ ਸ਼ਰਧਾ ਸਹਿਤ ਵਿਚ ਬਹੁਤ ਹੀ ਸਤਿਕਾਰ ਨਾਲ ਪੜ੍ਹਿਆ ਜਾਂਦਾ ਹੈ ਉਥੇ ਅਕਾਦਮਿਕ ਜਗਤ ਵਿਚ ਖੋਜ ਸੰਦ ਦੇ ਤੌਰ ਤੇ ਇਸ ਦਾ ਆਪਣਾ ਇਕ ਵਿਲੱਖਣ ਸਥਾਨ ਹੈ। ਇਸ ਗ੍ਰੰਥ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਕਾਲ ਤੋਂ ਲੈ ਕੇ ਸਿੱਖ ਮਿਸਲਾਂ ਤੱਕ ਦਾ ਇਤਿਹਾਸ ਮਿਲਦਾ ਹੈ। ਇਸ ਗ੍ਰੰਥ ਦਾ ਮਹੱਤਵਪੂਰਨ ਪਹਿਲੂ ਇਹ ਹੈ ਕਿ ਇਸ ਵਿਚ ਦਰਜ ਨਾਵ, ਥਾਂ, ਘਟਨਾਵਾਂ, ਸੰਮਤ, ਦੂਸਰੇ ਇਤਿਹਾਸਿਕ ਸ੍ਰੋਤ ਗ੍ਰੰਥਾਂ ਨਾਲ ਲਗਭਗ ਮਿਲਦੇ ਜੁਲਦੇ ਹਨ, ਜਿਸ ਕਾਰਨ ਇਸ ਗ੍ਰੰਥ ਨੂੰ ਤੱਤ-ਸਹਿਤ ਰਚਨਾ ਪ੍ਰਵਾਨ ਕੀਤਾ ਜਾਂਦਾ ਹੈ। ਇਸ ਦੇ 201 ਅਧਿਆਇ ਹਨ ਅਤੇ ਸਾਰੀ ਰਚਨਾ ਕਾਵਿ ਰੂਪ ਹੈ। ਭਾਈ ਵੀਰ ਸਿੰਘ ਨੇ ਇਸ ਮਹੱਤਵਪੂਰਨ ਗ੍ਰੰਥ ਦਾ

ਬਹੁਤ ਨੀਝ ਨਾਲ ਅਧਿਐਨ ਕੀਤਾ ਅਤੇ ਇਸ ਦੀ ਮਹੱਤਤਾ ਨੂੰ ਵੇਖਦੇ ਹੋਏ ਇਸ ਦਾ ਸੰਪਾਦਨ ਆਪਣੇ ਹੱਥੀਂ ਕੀਤਾ। ਭਾਈ ਵੀਰ ਸਿੰਘ ਦਾ ਇਹ ਬਹੁਤ ਵੱਡਮੁਲਾ ਯੋਗਦਾਨ ਪ੍ਰਵਾਨ ਕੀਤਾ ਜਾਂਦਾ ਹੈ ਕਿਉਂਕਿ ਜੇਕਰ ਉਹ ਅਜਿਹਾ ਨਾ ਕਰਦੇ ਤਾਂ ਇਸ ਗ੍ਰੰਥ ਦੇ ਗੁੰਮ ਹੋਣ ਦੀਆਂ ਸੰਭਾਵਨਾਵਾਂ ਕਾਇਮ ਸਨ। ਸੰਪਾਦਕ ਨੇ ਪਾਠਕਾਂ ਦੀ ਸਹੂਲਤ ਲਈ ਕਰਤੇ ਦੇ ਸਿਰਲੇਖ ਦੇ ਨਾਲ-ਨਾਲ ਬਰੀਕ ਅੱਖਰਾਂ ਵਿਚ ਆਪਣੇ ਕੋਲੋਂ ਸਰਲ ਅਰਥਾਂ ਵਿਚ ਨਵੇਂ ਸਿਰਲੇਖ ਦਰਜ ਕੀਤੇ ਹਨ। ਹਰੇਕ ਦੇ ਪੰਨੇ ਦੇ ਹੇਠਾਂ ਫੁੱਟ ਨੋਟ ਦਰਜ ਹਨ ਜਿਨ੍ਹਾਂ ਵਿਚ ਕਾਵਿਕ ਸ਼ਬਦਾਂ ਦੀ ਵਿਆਖਿਆ ਮਿਲਦੀ ਹੈ। ਇਸ ਗ੍ਰੰਥ ਦੀ ਸੰਪਾਦਨਾ ਨਾਲ ਸਿੱਖ ਗੁਰੂ ਸਾਹਿਬਾਨ ਦੇ ਜੀਵਨ ਰਚਨਾ ਤੇ ਉਹਨਾਂ ਦੇ ਕਾਰਜਾਂ ਦਾ ਸੰਪੂਰਨ ਇਤਿਹਾਸ ਅਸਲ ਰੂਪ ਵਿਚ ਪਹਿਲੀ ਵਾਰ ਸਾਹਮਣੇ ਆਇਆ ਅਤੇ ਨਾਲ ਦੀ ਨਾਲ ਬਾਬਾ ਬੰਦਾ ਸਿੰਘ ਬਹਾਦਰ ਦਾ ਉਦੈ, ਸ਼ਹੀਦੀ, ਸਿੱਖਾਂ ਉੱਤੇ ਅਤਿਆਚਾਰ ਦਾ ਦੌਰ ਅਤੇ ਮਿਸਲ ਪ੍ਰਬੰਧ ਦਾ ਸੰਪੂਰਨ ਵੇਰਵਾ ਇਸ ਗ੍ਰੰਥ ਵਿਚ ਦਰਜ ਹੈ।

**ਪੁਰਾਤਨ ਜਨਮ ਸਾਖੀ**

ਗੁਰੂ ਨਾਨਕ ਪਾਤਸ਼ਾਹ ਦੇ ਸੰਪੂਰਨ ਜੀਵਨ ਨੂੰ ਸਾਹਮਣੇ ਲਿਆਉਂਦੇ ਪ੍ਰਮੁੱਖ ਇਤਿਹਾਸਕ ਸਰੋਤਾਂ ਵਿਚੋਂ ਜਨਮ ਸਾਖੀ ਸਭ ਤੋਂ ਮਹੱਤਵਪੂਰਨ ਹੈ। ਭਾਈ ਵੀਰ ਸਿੰਘ ਜੀ ਨੇ ਇਸ ਜਨਮ ਸਾਖੀ ਨੂੰ 1926 ਈ: ਵਿਚ ‘ਪੁਰਾਤਨ ਜਨਮਸਾਖੀ’ ਦੇ ਨਾਮ ਹੇਠ ਪਹਿਲੀ ਵਾਰ ਸੰਪਾਦਿਤ ਕੀਤਾ। ਇਸ ਦੇ ਨਿਰੰਤਰ ਐਡੀਸ਼ਨ ਛਪਦੇ ਰਹੇ ਅਤੇ ਮੌਜੂਦਾ ਐਡੀਸ਼ਨ ਵੀ 2010 ਈ: ਨੂੰ ਭਾਈ ਵੀਰ ਸਿੰਘ ਸਾਹਿਤ ਸਦਨ ਦਿੱਲੀ ਵਲੋਂ ਛਾਪਿਆ ਗਿਆ। ਭਾਈ ਵੀਰ ਸਿੰਘ ਦਾ ਇਹ ਵਿਸ਼ਵਾਸ ਹੈ ਕਿ ਇਹ ਜਨਮ ਸਾਖੀ ਭਾਈ ਬਾਲੇ ਦੀ ਜਨਮਸਾਖੀ, ਸੋਢੀ ਮਿਹਰਬਾਨ ਵਾਲੀ ਜਨਮਸਾਖੀ ਅਤੇ ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਨਾਲੋਂ ਜਿਆਦਾ ਪੁਰਾਣੀ ਹੈ। ਭਾਈ ਸਾਹਿਬ ਇਸ ਗੱਲ ਵਿਚ ਵਿਸ਼ਵਾਸ ਰੱਖਦੇ ਸਨ ਕਿ ਇਹ ਰਚਨਾ ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਲਿਖੀ ਗਈ। ਇਹ ਜਨਮ ਸਾਖੀ ਵੀ ਸੰਪੂਰਨ ਤੌਰ ਤੇ ਗੁਰੂ ਨਾਨਕ ਪਾਤਸ਼ਾਹ ਦੇ ਜੀਵਨ ਨਾਲ ਜੁੜੀਆਂ ਹੋਈਆਂ ਘਟਨਾਵਾਂ ਦਾ ਅਨਮੋਲ ਬਿਊਰਾ ਹੈ ਅਤੇ ਸਿੱਖ ਜਗਤ ਵਿਚ ਇਸ ਦਾ ਆਪਣਾ ਵੱਡਾ ਸਥਾਨ ਹੈ। ਇਸ ਰਚਨਾ ਦੇ ਹੱਥ ਲਿਖਤ ਖਰੜੇ ਸਬੰਧੀ ਭਾਈ ਸਾਹਿਬ ਲਿਖਦੇ ਹਨ “ਇਸ

ਜਨਮਸਾਖੀ ਦੀ, ਜੋ ਆਪ ਜੀ ਦੇ ਹੱਥਾਂ ਵਿਚ ਹੈ, ਮੁੜ ਕੇ ਪਰਵਿਰਤੀ ਇਸ ਤਰ੍ਹਾਂ ਹੋਈ ਕਿ ਕਾਲਬ੍ਰਕ ਨਾਮੇ ਇਕ ਅੰਗਰੇਜ਼ ਨੂੰ ਇਸ ਦਾ ਇਕ ਪੁਰਾਤਨ ਨੁਸ਼ਖਾ ਹੱਥ ਆਇਆ, ਉਸਨੇ ਇਹ 'ਈਸਟ ਇੰਡੀਆ ਕੰਪਨੀ' ਨੂੰ ਦਿੱਤਾ, ਜਿਨ੍ਹਾਂ ਨੇ ਇਸ ਨੂੰ 'ਇੰਡੀਆ ਆਫਿਸ ਲੰਡਨ' ਦੀ ਲਾਇਬ੍ਰੇਰੀ ਵਿਚ ਰੱਖਿਆ। ਸੰਨ 1883 ਈ: ਵਿਚ ਅੰਮ੍ਰਿਤਸਰ ਦੇ ਸਿੱਖਾਂ ਨੇ ਲੈਫਟੀਨੈਂਟ ਗਵਰਨਰ ਪਾਸ ਬਿਨੈ ਕੀਤੀ ਕਿ ਉਹਨਾਂ ਦੇ ਪੜ੍ਹਨ ਲਈ ਇਹ ਜਨਮ ਸਾਖੀ ਇੰਡੀਆ ਆਫਿਸ ਲੰਡਨ ਤੋਂ ਮੰਗਵਾ ਦਿੱਤੀ ਜਾਵੇ। ਸੋ 'ਮਿਸਟਰ ਰਾਸ' ਲਾਇਬ੍ਰੇਰੀਅਨ ਦੀ ਕਿਰਪਾ ਨਾਲ ਇਹ ਸਾਖੀ ਉਸੇ ਸਾਲ ਦੀ ਸਾਉਣੀ ਰੁੱਤੇ ਪੰਜਾਬ ਵਿਚ ਘਲੀ ਗਈ, ਤਾਂ ਜੋ ਲਾਹੌਰ ਤੇ ਅੰਮ੍ਰਿਤਸਰ ਵਿਚ ਪੜਤਾਲ ਹੋ ਸਕੇ।"[52] ਇਸ ਜਨਮ ਸਾਖੀ ਵਿਚ ਕੁਲ 57 ਸਾਖੀਆਂ ਅੰਕਿਤ ਹਨ। ਇਹ ਜਨਮਸਾਖੀ ਦਾ ਖਰੜਾ "ਵਲੈਤ ਵਾਲੀ ਸਾਖੀ ਦਾ ਫੋਟੋ ਦਾ ਨੁਸਖਾ, ਹਾਫਜ਼ਾਬਾਦੀ ਨੁਸਖੇ ਦਾ ਪੱਥਰ ਦੇ ਛਾਪੇ ਦਾ ਨੁਸਖਾ, ਜੋ ਮਿਸਟਰ ਮੈਕਾਲਫ ਵਾਲਾ ਪ੍ਰਸਿੱਧ ਹੈ ਤੇ ਸਿੰਘ ਸਭਾ ਲਾਹੌਰ ਦੇ ਪੱਥਰ ਦੇ ਛਾਪੇ ਦਾ ਨੁਸਖਾ, ਤ੍ਰੈਆ ਦਾ ਮੁਕਾਬਲਾ ਕਰਕੇ ਇਹ ਉਤਾਰਾ ਤਿਆਰ ਹੋਯਾ ਹੈ।"[53]

**ਕਬਿਤ ਭਾਈ ਗੁਰਦਾਸ: ਦੂਸਰਾ ਸਕੰਧ**

ਭਾਈ ਗੁਰਦਾਸ ਸਿਖ ਧਰਮ ਦੇ ਪਹਿਲੇ ਸਿਰਮੋਰ ਸਿੱਖ ਚਿੰਤਕ ਹਨ ਜਿਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖਣ ਦਾ ਮਾਣ ਪ੍ਰਾਪਤ ਹੋਇਆ। ਇਹ ਤੀਸਰੇ ਗੁਰੂ ਸਾਹਿਬਾਨ ਵੇਲੇ ਸਿੱਖ ਧਰਮ ਵਿਚ ਆਏ ਜੋ ਉਹਨਾਂ ਦੇ ਪਰਿਵਾਰ ਨਾਲ ਸਬੰਧਿਤ ਸਨ। ਚੌਥੇ ਪੰਜਵੇਂ ਅਤੇ ਛੇਵੇਂ ਗੁਰੂ ਪਾਤਸ਼ਾਹ ਦੀ ਦੇਖ-ਰੇਖ ਵਿਚ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਇਹਨਾਂ ਦੀ ਭੂਮਿਕਾ ਕਾਬਿਲੇ ਤਾਰੀਫ ਹੈ। ਛੇਵੇਂ ਪਾਤਸ਼ਾਹ ਦੇ ਵੇਲੇ ਪਰਲੋਕ ਸਿਧਾਰ ਗਏ ਅਤੇ ਗੁਰੂ ਪਾਤਸ਼ਾਹ ਨੇ ਆਪਣੇ ਹੱਥੀਂ ਇਹਨਾਂ ਦਾ ਅੰਤਿਮ ਸੰਸਕਾਰ ਕੀਤਾ। ਭਾਈ ਗੁਰਦਾਸ ਦੀਆਂ ਰਚਨਾਵਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ 'ਕੁੰਜੀ' ਹੋਣ ਦਾ ਮਾਣ ਪ੍ਰਾਪਤ ਹੈ। ਇਹਨਾਂ ਦੀ ਰਚਨਾ ਦੇ ਦੋ ਰੂਪ ਮਿਲਦੇ ਹਨ। 'ਭਾਈ ਗੁਰਦਾਸ ਵਾਰਾਂ' ਅਤੇ 'ਕਬਿੱਤ ਸਵੱਈਏ'। ਭਾਈ ਵੀਰ ਸਿੰਘ ਜੀ ਨੇ 1940 ਈ: ਵਿਚ ਕਬਿਤਾਂ ਦਾ ਟੀਕਾ ਕੀਤਾ ਅਤੇ ਛਾਪਿਆ। ਮੌਜੂਦਾ ਸੱਤਵੇਂ ਐਡੀਸ਼ਨ ਨੂੰ ਛਾਪਣ ਦਾ ਮਾਣ ਭਾਈ ਵੀਰ ਸਿੰਘ ਸਾਹਿਤ ਸਦਨ ਨਵੀਂ ਦਿੱਲੀ ਨੂੰ ਪ੍ਰਾਪਤ ਹੋਇਆ। ਇਸ ਸਬੰਧੀ ਪ੍ਰਕਾਸ਼ਕ ਦੇ ਸ਼ਬਦ

ਧਿਆਨ ਦੀ ਮੰਗ ਕਰਦੇ ਹਨ "ਇਸ ਪੁਸਤਕ ਵਿਚ ਭਾਈ ਗੁਰਦਾਸ ਜੀ ਦੇ ਜੀਵਨ ਤੇ ਰਚਨਾ ਬਾਰੇ ਕੁਝ ਵਿਚਾਰ ਦੇਣ ਦੇ ਬਾਦ ਕਬਿਤ ਨੰਬਰ: 557 ਤੋਂ 675 ਤੱਕ ਦੇ ਪਦਾਰਥ, ਅਰਥ ਤੇ ਭਾਵ ਦਿਤੇ ਗਏ ਹਨ। ਇਸ ਦਾ ਪਾਠ ਕਰਨ ਲੱਗਿਆਂ ਮਹਿਸੂਸ ਹੁੰਦਾ ਹੈ ਕਿ ਸਤਿਕਾਰ ਯੋਗ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਪਹਿਲੇ ਸਕੰਧ ਯਾਨੀ ਕਬਿਤ 1 ਤੋਂ ਲੈ ਕੇ 556 ਤੱਕ ਦਾ ਵੀ ਟੀਕਾ ਕੀਤਾ ਸੀ ਪਰ ਸਾਨੂੰ ਅਫਸੋਸ ਹੈ ਕਿ ਅੰਮ੍ਰਿਤਸਰ ਤੇ ਦੇਹਰਾਦੂਨ ਵਿਚ ਭਾਲ ਕਰਨ ਦੇ ਬਾਵਜੂਦ ਅਸੀਂ ਉਹ ਪ੍ਰਾਪਤ ਨਹੀਂ ਕਰ ਸਕੇ।"[54]

**ਗੰਜਨਾਮਾ ਸਟੀਕ**

ਔਰੰਗਜੇਬ ਵਲੋਂ 1667 ਤੋਂ 1671 ਤੱਕ ਹਿੰਦੋਸਤਾਨ ਦੇ ਬਸ਼ਿੰਦਿਆਂ ਤੇ ਵੱਡੀਆਂ ਪਾਬੰਦੀਆਂ ਆਇਦ ਕੀਤੀਆਂ। ਜਿਨ੍ਹਾਂ ਵਿਚ ਮੰਦਰਾਂ ਦੀ ਉਸਾਰੀ ਦੀ ਮਨਾਹੀ, ਪੱਗ ਬੰਨਣ ਦੀ ਮਨਾਹੀ, ਘੋੜੇ ਤੇ ਚੜ੍ਹਨ ਦੀ ਮਨਾਹੀ, ਕਵਿਤਾ ਲਿਖਣ ਤੇ ਪੜ੍ਹਨ ਦੀ ਮਨਾਹੀ ਆਦਿ ਪ੍ਰਮੁੱਖ ਸਨ। ਜਿਸ ਕਾਰਨ ਹਿੰਦੋਸਤਾਨ ਦਾ ਜਨ ਸਮੂਹ ਬੇਹੱਦ ਡਰਿਆ ਹੋਇਆ ਵੀ ਸੀ ਤੇ ਭੈਭੀਤ ਵੀ। ਭਾਈ ਨੰਦ ਲਾਲ ਇਸ ਸਮੇਂ ਔਰੰਗਜੇਬ ਦੇ ਬੇਟੇ ਦਾ ਅਧਿਆਪਕ ਸੀ ਅਤੇ ਉਸਨੂੰ ਫਾਰਸੀ ਜੁਬਾਨ ਪੜ੍ਹਾਉਂਦਾ ਸੀ। ਬਹੁਤ ਪ੍ਰਬੀਨ ਅਤੇ ਉਤਮ ਅਧਿਆਪਕ ਬਾਰੇ ਜਦੋਂ ਔਰੰਗਜ਼ੇਬ ਨੂੰ ਪਤਾ ਲੱਗਾ ਕਿ ਇਹ ਹਿੰਦੂ ਹੈ ਤਾਂ ਉਸਨੇ ਤੁਰੰਤ ਇਸ ਨੂੰ ਮੁਸਲਮਾਨ ਬਣਾਉਣ ਦਾ ਹੁਕਮ ਦਿੱਤਾ। ਪਰ ਭਾਈ ਨੰਦ ਲਾਲ ਕਿਸੇ ਤਰ੍ਹਾਂ ਉਥੋਂ ਭੱਜਣ ਵਿਚ ਕਾਮਯਾਬ ਹੋ ਗਿਆ ਅਤੇ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਹਜੂਰੀ ਵਿਚ ਪਹੁੰਚ ਸਿੱਖੀ ਨੂੰ ਵਰਸੋਇਆ ਗਿਆ। ਉਸਨੇ ਗੁਰੂ ਉਸਤਤਿ ਵਿਚ ਅਨੇਕਾਂ ਪੁਸਤਕਾਂ ਰਚੀਆਂ ਜਿਸ ਵਿਚ 'ਗੰਜਨਾਮਾ' ਇਕ ਬਹੁਤ ਮਹੱਤਵਪੂਰਨ ਰਚਨਾ ਹੈ। ਭਾਈ ਵੀਰ ਸਿੰਘ ਜੀ ਨੇ ਨੰਦ ਲਾਲ ਜੀ ਦੁਆਰਾ ਕੀਤੀ ਸਿਫ਼ਤ ਸਲਾਹ ਨੂੰ ਪੰਜਾਬੀ ਵਿਚ ਅਨੁਵਾਦ ਕਰ ਪ੍ਰਕਾਸ਼ਿਤ ਕੀਤਾ ਅਤੇ ਇਸ ਦਾ ਪਹਿਲਾ ਰੂਪ ਖਾਲਸਾ ਟ੍ਰੈਕਟ ਸੁਸਾਇਟੀ ਵਿਚ 1914 ਵਿਚ ਛਾਪਿਆ ਸੀ। ਭਾਈ ਸਾਹਿਤ ਸਦਨ ਦਿੱਲੀ ਵਲੋਂ 2012 ਵਿਚ ਇਸ ਦੇ 9ਵੇਂ ਐਡੀਸ਼ਨ ਨੂੰ ਪ੍ਰਕਾਸ਼ਿਤ ਕੀਤਾ। ਇਸ ਸਟੀਕ ਵਿਚ ਸਭ ਤੋਂ ਪਹਿਲਾਂ ਭਾਈ ਨੰਦ ਲਾਲ ਜੀ ਦੇ ਜੀਵਨ ਨੂੰ ਸੰਖੇਪ ਵਿਚ ਛਾਪਿਆ ਅਤੇ ਫਿਰ ਫਾਰਸੀ ਮੂਲ ਦਾ ਸਰਲ ਟੀਕਾ ਪੰਜਾਬੀ ਬੋਲੀ ਵਿਚ ਕੀਤਾ ਹੈ।

**ਦੈਵੀ ਪੂਜਨ ਪੜਤਾਲ**

ਕਵੀ ਸੰਤੋਖ ਸਿੰਘ ਰਚਿਤ ਸੂਰਜ ਪ੍ਰਤਾਪ ਗ੍ਰੰਥ ਦੀ ਰੁੱਤ ਤਿੰਨ ਵਿਚ ਆਏ ਦੇਵੀ ਦੇ ਪ੍ਰਸੰਗ ਨੂੰ ਪੁਨਰ ਪਰਿਭਾਸ਼ਿਤ ਕਰਦਿਆਂ ਹੋਇਆਂ ਗੁਰਮਤਿ ਦੀ ਨੁਕਤਾ ਨਿਗਾਹ ਤੋਂ ਇਸਦੀ ਵਿਆਖਿਆ ਕਰਨ ਦਾ ਵੱਡਮੁਲਾ ਯਤਨ ਕੀਤਾ ਤਾਂ ਜੋ ਸਿੱਖ ਸੰਗਤ ਦੈਵੀ ਪੂਜਨ ਦੇ ਪ੍ਰਸੰਗ ਨੂੰ ਕਿਤੇ ਆਪਣੀ ਮਰਿਯਾਦਾ ਨਾ ਸਮਝ ਬੈਠੇ ਕਿਉਂਕਿ ਸਿੱਖ ਧਰਮ ਵਿਚ ਦੈਵੀ ਦੇਵਤਿਆਂ ਦੀ ਪੂਜਨ ਨੂੰ ਨਿਰਾਰਥਕ ਮੰਨਿਆ ਹੋਇਆ ਹੈ । 1932 ਈ: ਵਿਚ ਇਸਦਾ ਪਹਿਲਾ ਐਡੀਸ਼ਨ ਛਾਪਿਆ ਗਿਆ ਤੇ ਛੇਵਾਂ ਐਡੀਸ਼ਨ ਭਾਈ ਵੀਰ ਸਿੰਘ ਸੇਵਾ ਸਦਨ ਵਲੋਂ 2009 ਈ: ਨੂੰ ਪ੍ਰਕਾਸ਼ਿਤ ਕੀਤਾ ਗਿਆ। ਭਾਈ ਵੀਰ ਸਿੰਘ ਆਪਣੀ ਭੂਮਿਕਾ ਵਿੱਚ ਇਸ ਰਚਨਾ ਦੇ ਉਦੇਸ਼ ਨੂੰ ਇਸ ਤਰ੍ਹਾਂ ਵਿਅਕਤ ਕਰਦੇ ਹਨ "ਦੇਵੀ ਸਬੰਧੀ ਖੋਜ ਕਰਨ ਵਿਚ ਅਸੀਂ ਇਸਦੇ ਤ੍ਰੈ' ਪਹਿਲੂ ਵਿਚਾਰੇ ਹਨ। (1) ਦੇਵੀ ਹਿੰਦੂ ਮਤ ਦੀ ਪੂਜੀ ਜਾ ਰਹੀ ਇਕ ਪ੍ਰਸਿੱਧ ਵਯਕਤੀ ਹੈ। (2) ਇਸ ਲਈ ਪਹਿਲੀ ਖੋਜ 'ਹਿੰਦੂ ਮਤ ਵਿਚ ਦੈਵੀ' ਦੇ ਵਿਸ਼ੇ ਪਰ ਹੋਵੇ। ਇਸ ਤੋਂ ਬਾਅਦ 'ਸਿੱਖ ਧਰਮ ਵਿਚ ਦੇਵੀ ਦੀ ਕੀਹ ਜਗ੍ਹਾ ਹੈ' ਇਸ ਪਰ ਖੋਜ ਕੀਤੀ ਜਾਵੇ। (3) ਇਸ ਤੋਂ ਮਗਰੋਂ ਇਸ ਘਟਨਾ ਦੀ ਖੋਜ ਕੀਤੀ ਜਾਵੇ ਕਿ 'ਦਸ਼ਮੇਸ਼ ਜੀ ਨੇ ਕੋਈ ਦੇਵੀ ਨੈਣੇ ਦੇ ਟਿੱਲੇ ਉਤੇ ਪ੍ਰਗਟਾਈ ਸੀ ਕਿ ਨਹੀਂ।"[55]

**ਸੰਸਥਾ ਸ੍ਰੀ ਗੁਰੂ ਗ੍ਰੰਥ ਸਾਹਿਬ (ਸੱਤ ਪੋਥੀਆਂ)**

ਭਾਈ ਵੀਰ ਸਿੰਘ ਦੀ ਇਹ ਪ੍ਰਬਲ ਇੱਛਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨ ਟੀਕਾ ਕੀਤਾ ਜਾਵੇ ਤਾਂ ਜੋ ਜਨ-ਸਮੂਹ ਗੁਰੂ ਗ੍ਰੰਥ ਸਾਹਿਬ ਨਾਲ ਮਨਬਿਰਤੀ ਕਰ ਜੁੜੇ ਅਤੇ ਉਸਦੇ ਅਰਥਾਂ ਨੂੰ ਵੀ ਸਮਝ ਸਕੇ। ਇਸ ਵੱਡੇ ਪ੍ਰੋਜੈਕਟ ਦਾ ਸੁਪਨਾ ਜੋ ਉਹਨਾਂ ਲਿਆ ਸੀ ਉਹ ਸੰਪੂਰਨ ਨਾ ਕਰ ਸਕੇ। ਉਹਨਾਂ ਨੇ ਅਜੇ ਜਪੁਜੀ ਸਾਹਿਬ ਤੋਂ ਸ਼ੁਰੂ ਕਰਕੇ ਸੋਰਠਿ ਮਹਲਾ 4 ਚਉਪਦਾ (ਅਨਿਕ ਜਨਮ ਵਿਛੁੜੇ ਦੁਖੁ) ਤੱਕ ਦਾ ਟੀਕਾ, ਅਰਥ, ਵਿਆਖਿਆ ਅਤੇ ਨਿਰੁਕਤ ਹੀ ਤਿਆਰ ਕੀਤਾ ਸੀ ਕਿ ਉਨ੍ਹਾਂ ਦੀ ਮੌਤ ਹੋ ਗਈ। ਉਹਨਾਂ ਦੀ ਮੌਤ ਉਪਰੰਤ ਉਹਨਾਂ ਦੇ ਭਰਾ ਭਾਈ ਬਲਬੀਰ ਸਿੰਘ ਜੀ ਨੇ ਇਹ ਕਾਰਜ ਆਪਣੇ ਹੱਥਾਂ ਵਿਚ ਲਿਆ ਅਤੇ ਫਿਰ ਇਸ ਨੂੰ ਸੱਤ ਪੋਥੀਆਂ ਦੇ ਰੂਪ ਵਿਚ ਸੰਪਾਦਿਤ ਕਰ ਦਿੱਤਾ।

## ਹਵਾਲੇ ਅਤੇ ਟਿੱਪਣੀਆਂ

1H ਡਾ. ਸਰਬਜਿੰਦਰ ਸਿੰਘ, *ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ* (ਭਾਗ ਚੌਥਾ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012, ਪੰਨਾ 7.

2H ਭਾਈ ਗੁਰਦਾਸ ਵਾਰ ਗਿਆਰਵੀਂ, ਪੌੜੀ ਪੰਦਰਵੀਂ,

3H ਡਾ. ਸਰਬਜਿੰਦਰ ਸਿੰਘ, *ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ* (ਭਾਗ ਚੌਥਾ), ਪੰਨਾ 2.

4H ਗੰਡਾ ਸਿੰਘ, *The Punjab Past And Present*, ਪੰਨਾ 245

5H ਭਗਤ ਸਿੰਘ, *ਭਾਈ ਵੀਰ ਸਿੰਘ*, ਪੰਨਾ 57

6H ਮਹਾਂ ਸਿੰਘ ਗਿਆਨੀ, *ਭਾਈ ਵੀਰ ਸਿੰਘ ਜੀ ਦਾ ਗੁਰਮੁਖ ਜੀਵਨ*, ਖਾਲਸਾ ਸਮਾਚਾਰ, ਹਾਲ ਬਜਾਰ ਅੰਮ੍ਰਿਤਸਰ, 1971, ਪੰਨਾ 272-273

7H ਭਗਤ ਸਿੰਘ, *ਭਾਈ ਵੀਰ ਸਿੰਘ*, ਪੰਨਾ 62

8H ਉਹੀ.

9H ਡਾ. ਬਲਬੀਰ ਸਿੰਘ, *ਚਰਣਹਾਰਿ ਵਿਸਥਾਰ*, ਸੈਂਚੀ 2 ਪੰਨਾ 44

10H ਮਹਾਂ ਸਿੰਘ ਗਿਆਨੀ, *ਭਾਈ ਵੀਰ ਸਿੰਘ ਜੀ ਦਾ ਗੁਰਮੁਖ ਜੀਵਨ*, ਪੰਨਾ 27

11H ਰਤਨ ਸਿੰਘ ਜੱਗੀ (ਸੰਪਾ), *ਭਾਈ ਵੀਰ ਸਿੰਘ ਸਾਹਿਤ ਕੋਸ਼*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1988, ਪੰਨਾ 4

12H ਡਾ. ਦਲੀਪ ਸਿੰਘ ਦੀਪ, *ਭਾਈ ਵੀਰ ਸਿੰਘ ਜੀਵਨ ਤੇ ਕਾਵਿ ਚਿੰਤਨ*, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ, ਪੰਨਾ 14

13H ਹਰਬੰਸ ਸਿੰਘ (ਸੰਪਾ), *ਭਾਈ ਵੀਰ ਸਿੰਘ ਸ਼ਤਾਬਦੀ ਗ੍ਰੰਥ*, ਭਾਈ ਵੀਰ ਸਿੰਘ ਸ਼ਤਾਬਦੀ ਸਮਿਤੀ, ਨਵੀਂ ਦਿੱਲੀ, 1992, ਪੰਨਾ 121

14H ਮਹਾਂ ਸਿੰਘ ਗਿਆਨੀ, *ਭਾਈ ਵੀਰ ਸਿੰਘ ਜੀ ਦਾ ਗੁਰਮੁਖ ਜੀਵਨ*, ਪੰਨਾ 27

15H ਡਾ. ਕਾਲਾ ਸਿੰਘ ਬੇਦੀ, *ਪੰਜਾਬੀ ਸਾਹਿਤ ਦੇ ਦਸ ਸਾਹਿਤਕਾਰ*, ਪ੍ਰਕਾਸ਼ਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਨਾ 120

16H ਡਾ. ਸਤਿੰਦਰ ਸਿੰਘ, *ਭਾਈ ਵੀਰ ਸਿੰਘ: ਜੀਵਨ ਤੇ ਰਚਨਾ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ

17H ਹਰਬੰਸ ਸਿੰਘ (ਸੰਪਾ), *ਭਾਈ ਵੀਰ ਸਿੰਘ ਸ਼ਤਾਬਦੀ ਗ੍ਰੰਥ*, ਪੰਨਾ 121

18H ਮਹਾਂ ਸਿੰਘ ਗਿਆਨੀ, *ਭਾਈ ਵੀਰ ਸਿੰਘ ਜੀ ਦਾ ਗੁਰਮੁਖ ਜੀਵਨ*, ਪੰਨਾ 39

19H ਡਾ. ਸਤਿੰਦਰ ਸਿੰਘ, *ਭਾਈ ਵੀਰ ਸਿੰਘ: ਜੀਵਨ ਤੇ ਰਚਨਾ*, ਪੰਨਾ 5

20H ਹਰਬੰਸ ਸਿੰਘ (ਸੰਪਾ), *ਭਾਈ ਵੀਰ ਸਿੰਘ ਸ਼ਤਾਬਦੀ ਗ੍ਰੰਥ*, ਪੰਨਾ 122-23

21H ਕਰਤਾਰ ਸਿੰਘ ਦੁੱਗਲ, *ਭਾਈ ਵੀਰ ਸਿੰਘ ਸ਼ਤਾਬਦੀ ਗ੍ਰੰਥ*, (ਸੰਪਾ) ਹਰਬੰਸ ਸਿੰਘ, ਭਾਈ ਵੀਰ ਸਿੰਘ ਸ਼ਤਾਬਦੀ ਸਮਿਤੀ, ਨਵੀਂ ਦਿੱਲੀ, 1972, ਪੰਨਾ 168

22H ਭਾਈ ਵੀਰ ਸਿੰਘ, *ਲਹਿਰਾਂ ਦੇ ਹਾਰ*, ਖਾਲਸਾ ਸਮਾਚਾਰ, ਅੰਮ੍ਰਿਤਸਰ, ਅਕਤੂਬਰ 1962, ਪੰਨਾ 16H

23. Ganda Singh (Dr.), Bhai Vir Singh and His Times, *The Sikh Review* Vol XX, P-112.

24. ਬਲਬੀਰ ਸਿੰਘ, *ਪੰਜਾਬੀ ਦੁਨੀਆ*, ਭਾਈ ਵੀਰ ਸਿੰਘ ਅੰਕ (ਸੰਪਾ.) ਰਜ਼ਨੀਸ਼ ਕੁਮਾਰ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਨਵੰਬਰ ਦਸੰਬਰ 1972, ਪੰਨਾ 43

25. Mrs. Pamela Wylam, Bhai Vir Singh, *The Punjab Past And Present*, P 263.

26. Quoted by Dr. Balbir Singh, *The Illustrated weekly of India*, Dec 3, 1972.

27. Dr. S. Radha Krishna, Four word *Bhai Vir Singh Abhinandan Granth*.

28. Jatinder Mohan Cheterji, *Punjab Past And Present*, P 279.

29. *ਖਾਲਸਾ ਸਮਾਚਾਰ*, ਭਾਈ ਵੀਰ ਸਿੰਘ ਸਤਾਬਦੀ ਅੰਕ, ਪੰਨਾ 22

30. ਦਲੀਪ ਸਿੰਘ ਦੀਪ, *ਭਾਈ ਵੀਰ ਸਿੰਘ: ਜੀਵਨ ਤੇ ਕਾਵਿ ਚਿੰਤਨ*, ਪੰਨਾ 21

31. ਹਵਾਲਾ ਸਰਦਾਰ ਉੱਜਲ ਸਿੰਘ, *ਪੰਜਾਬ ਪਾਸਟ ਐਂਡ ਪਰੈਜੈਂਟ*, ਪੰਨਾ 376

32. ਉਹੀ, ਪੰਨਾ 282.

33. ਉਹੀ, ਪੰਨਾ 267.

34. ਉਹੀ, ਪੰਨਾ 275.

35. Harbans Singh (ed.), *The Encyclopeadia of Sikhism,* Vol. IV, Punjabi University, Patiala, 1988, P-430.

36. ਮਹਿੰਦਰ ਕੌਰ ਗਿੱਲ, *ਭਾਈ ਵੀਰ ਸਿੰਘ ਪੁਨਰ ਵਿਚਾਰ*, (ਸੰਪਾ.) ਹਰਿਭਜਨ ਸਿੰਘ, ਦਿੱਲੀ ਯੂਨੀਵਰਸਿਟੀ ਲੈਕਚਰ ਸੀਰੀਜ਼, ਵਿਦਵਾਨ ਪ੍ਰਕਾਸ਼ਨ ਅੰਬਾਲਾ, 1972, ਪੰਨਾ 51, 58

37. ਸੰਤ ਸਿੰਘ ਸੇਖੋਂ, *ਭਾਈ ਵੀਰ ਸਿੰਘ ਤੇ ਉਹਨਾਂ ਦਾ ਯੁੱਗ*, ਪੰਨਾ 9

38. ਭਾਈ ਵੀਰ ਸਿੰਘ, *ਸੁੰਦਰੀ*, ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ 2011, 44ਵੀਂ ਆਡੀਸ਼ਨ, ਪੰਨਾ 123

39. ਭਾਈ ਵੀਰ ਸਿੰਘ, *ਬਿਜੈ ਸਿੰਘ*, ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ, 2009, 37ਵੀਂ ਅਡੀਸ਼ਨ, ਪੰਨਾ 'ੲ' ਦੇਖੋ 'ਭੂਮਿਕਾ'।

40. ੳਹੀ ਪੰਨਾ, 'ਸ' ਦੇਖੋ 'ਭੂਮਿਕਾ'।

41. ਭਾਈ ਵੀਰ ਸਿੰਘ, *ਸ੍ਰੀ ਕਲਗੀਧਰ ਚਮਤਕਾਰ*, ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ, 2011, 25ਵੀਂ ਆਡੀਸ਼ਨ, 'ਅ'।

42. ਉਹੀ.

43. ਭਾਈ ਵੀਰ ਸਿੰਘ, *ਸ੍ਰੀ ਗੁਰੂ ਨਾਨਕ ਚਮਤਕਾਰ*, ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ, 2011 22ਵੀਂ ਆਡੀਸ਼ਨ, ਪੰਨਾ 'ੳ' ਦੇਖੋ 'ਭੂਮਿਕਾ'।

44. ਉਹੀ ਪੰਨਾ, 'ਅ' ਦੇਖੋ 'ਭੂਮਿਕਾ'।

45. ਭਾਈ ਵੀਰ ਸਿੰਘ, *ਸੱਤ ਔਖੀਆਂ ਰਾਤਾਂ*, ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ, 2012, 11ਵੀਂ ਆਡੀਸ਼ਨ, ਪੰਨਾ 'ੳ'-'ਅ' ਦੇਖੋ 'ਬਿਨੈ'।

46. ਭਾਈ ਵੀਰ ਸਿੰਘ, *ਅਸ਼ਟ ਗੁਰੂ ਚਮਤਕਾਰ,* ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ, 1971, ਪੰਨਾ 'ੳ'.

47. ਉਹੀ.

48. ਉਹੀ.

49. ਭਾਈ ਵੀਰ ਸਿੰਘ (ਸੰਪਾ.), *ਪੰਜ ਗ੍ਰੰਥੀ ਸਟੀਕ*, ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ, 2010, ਪੰਨਾ 'ੳ'.

50. ਭਾਈ ਵੀਰ ਸਿੰਘ (ਸੰਪਾ.), *ਸਿਖਾਂ ਦੀ ਭਗਤਮਾਲਾ*, ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ, ਪੰਨਾ 'ੳ'.

51. ਉਹੀ.

52. ਭਾਈ ਵੀਰ ਸਿੰਘ (ਸੰਪਾ.), *ਪੁਰਾਤਨ ਜਨਮ ਸਾਖੀ*, ਭਾਈ ਵੀਰ ਸਿੰਘ ਸਾਹਿਤ ਸਦਨ ਦਿੱਲੀ, 2010, 17ਵੀਂ ਐਡੀਸ਼ਨ ਪੰਨਾ 21.

53. ਉਹੀ, ਪੰਨਾ 9.

54. ਭਾਈ ਵੀਰ ਸਿੰਘ (ਸੰਪਾ.) *ਕਬਿਤ ਭਾਈ ਗੁਰਦਾਸ: ਦੂਸਰਾ ਸਕੰਧ*, ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ, 2009, ਸਤਵੀਂ ਆਡੀਸ਼ਨ, ਪੰਨਾ 'ੳ' ਦੇਖੋ 'ਭੂਮਿਕਾ'।

55. ਭਾਈ ਵੀਰ ਸਿੰਘ (ਸੰਪਾ.) *ਦੇਵੀ ਪੂਜਨ ਪੜਤਾਲ*, ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ, 2009, 6ਵੀਂ ਆਡੀਸ਼ਨ ਪੰਨਾ-1.

# ਅਧਿਆਇ ਦੂਜਾ

## ਧਰਮ ਦਾ ਅਧਿਆਤਮਕ ਅਤੇ ਵਿਵਹਾਰਿਕ ਚਿੰਤਨ

ਪਿਛਲੇ ਅਧਿਆਇ ਵਿਚ ਭਾਈ ਵੀਰ ਸਿੰਘ ਦੇ ਜੀਵਨ ਤੇ ਰਚਨਾ ਸੰਸਾਰ ਦੀ ਗੱਲ ਕੀਤੀ ਜਾ ਚੁੱਕੀ ਹੈ। ਹਥਲੇ ਅਧਿਆਇ ਵਿਚ ਅਧਿਆਤਮਕਤਾ, ਅਰਥ, ਸਰੂਪ ਦੇ ਵੱਖ-ਵੱਖ ਧਰਮਾਂ ਵਿਚ ਅਧਿਐਨ ਕਰਨ ਉਪਰੰਤ ਸੰਖੇਪ ਵਿਚ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਵਿਚ ਅਧਿਆਤਮ ਨੂੰ ਵੇਖਣ ਦਾ ਯਤਨ ਕੀਤਾ ਗਿਆ ਹੈ। ਅਧਿਆਤਮ ਦਾ ਪਹਿਲਾ ਪੜਾਅ ਧਰਮ ਹੈ। ਧਰਮ ਵਿਚ ਜ਼ਾਬਤਾ, ਨਿਯਮ, ਮਾਰਗ ਹੈ, ਜੋ ਮਨੁੱਖ ਅੰਦਰ ਅਗੰਮ ਵੱਲ ਝਾਤ ਪਾਉਣ ਦੀ ਇੱਛਾ ਪੈਦਾ ਕਰਦਾ ਹੈ। ਅਦਿੱਖ ਬਾਰੇ ਜਾਨਣ ਦੀ ਚਾਹਤ ਉਸ ਨੂੰ ਸੰਜਮੀ, ਗੁਣੀਂ ਅਤੇ ਪਰਮਾਤਮ ਪ੍ਰੇਮੀ ਬਣਾ ਆਪਣੇ ਰੰਗ ਵਿਚ ਰੰਗ ਲੈਂਦੀ ਹੈ। ਰੰਗ ਵਿਚ ਰੰਗੀ ਹੋਈ ਰੂਹ ਹੀ ਪਰਮਾਤਮ ਹੋ ਸਕਦੀ ਹੈ। ਅਜਿਹੀਆਂ ਰੂਹਾਂ ਆਪਣੇ ਨਿੱਜ ਦਾ ਪੂਰਨ ਤਿਆਗ ਕਰ ਤੂੰ ਦੇ ਮਾਰਗ ਦੀਆਂ ਪਾਧੀ ਹੋ, ਬੰਦ ਬੰਦ ਕਟਾ ਸਕਦੀਆਂ ਹਨ, ਚਰਖੜੀਆਂ ਤੇ ਚੜ੍ਹ ਸਕਦੀਆਂ ਹਨ, ਆਰਿਆਂ ਨਾਲ ਚਿਰਾ ਸਕਦੀਆਂ ਹਨ, ਨੀਹਾਂ ਵਿਚ ਚਿਣੇ ਜਾਣ ਤੇ ਵੀ ਸੀਅ ਨਹੀਂ ਕਰਦੀਆਂ। ਅਧਿਆਤਮ ਦੀ ਗੱਲ ਕਰਨ ਤੋਂ ਪਹਿਲਾਂ ਅਸੀਂ ਇਥੇ ਧਰਮ ਦੇ ਅਰਥ ਤੇ ਸਰੂਪ ਦੀ ਨਜ਼ਰਸਾਨੀ ਕਰਾਂਗੇ ਅਤੇ ਇਹ ਵੇਖਣ ਦਾ ਯਤਲ ਕਰਾਂਗੇ ਕਿ ਧਰਮ ਨੂੰ ਧਰਮ ਵਿਗਿਆਨੀਆਂ, ਸਮਾਜ ਵਿਗਿਆਨੀਆਂ ਅਤੇ ਅਧਿਆਤਮ ਲੋਕਾਂ ਨੇ ਕਿਵੇਂ ਪਰਿਭਾਸ਼ਤ ਕੀਤਾ ਹੈ। ਇਸ ਅਧਿਆਇ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਵੇਖਣ ਦਾ ਯਤਨ ਕੀਤਾ ਗਿਆ ਹੈ, ਜਿਸ ਵਿਚ ‘ੳ’ ਭਾਗ ਧਰਮ ਨਾਲ ਸਬੰਧਿਤ ਹੈ ਅਤੇ ‘ਅ’ ਭਾਗ ਵਿਚ ਅਧਿਆਤਮ ਪ੍ਰਸੰਗ ਨੂੰ ਵੇਖਣ ਦਾ ਯਤਨ ਕੀਤਾ ਗਿਆ ਹੈ।

## ਭਾਗ-ੳ

**ਧਰਮ**

ਧਰਮ ਬਿਨਾਂ ਮਨੁੱਖੀ ਜੀਵਨ ਦੀ ਹੋਂਦ ਹੀ ਕਿਆਸ ਨਹੀ ਕੀਤੀ ਜਾ ਸਕਦੀ। ਮਨੁੱਖ ਦੇ ਜਨਮ ਤੋਂ ਲੈ ਕੇ ਮੌਤ ਤੱਕ ਦਾ ਸਾਰਾ ਵਰਤਾਰਾ ਲਗਭਗ ਧਰਮ ਦੇ ਇਰਦ-ਗਿਰਦ ਹੀ ਸੰਪੂਰਨ ਹੁੰਦਾ ਹੈ। ਧਰਮ

ਸ਼ਬਦ ਦੀ ਸਮਾਜ ਵਿੱਚ ਤੇ ਮਨੁੱਖੀ ਜੀਵਨ ਵਿਚ ਕੇਂਦਰੀ ਭੂਮਿਕਾ ਰਹੀ ਹੈ। ਸੌਖੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਧਰਮ ਨੇ ਹਰ ਖੇਤਰ ਵਿਚ ਅਹਿਮ ਭੂਮਿਕਾ ਨਿਭਾਈ ਹੈ ਤੇ ਨਿਭਾ ਰਿਹਾ ਹੈ। ਸਾਡੇ ਸਮਾਜ ਵਿੱਚ ਪ੍ਰਚਲਿਤ ਵੱਖੋ ਵੱਖ ਧਰਮਾਂ ਦੇ ਪੈਗੰਬਰਾਂ ਨੇ ਆਪਣੇ ਜੀਵਨ ਅਮਲਾਂ ਦੁਆਰਾ, ਆਪਣੀਆਂ ਸਿੱਖਿਆਵਾਂ ਦੁਆਰਾ ਧਰਮ ਦੀ ਅਧਿਆਤਮਕ ਅਤੇ ਵਿਵਹਾਰਿਕ ਪੱਖ ਨੂੰ ਰੂਪਮਾਨ ਕੀਤਾ ਹੈ। ਇਸ ਤੋਂ ਇਲਾਵਾ ਧਰਮ ਅਤੇ ਹੋਰ ਖੇਤਰਾਂ ਦੇ ਵਿਦਵਾਨਾਂ ਨੇ ਵੀ ਧਰਮ ਦੀਆ ਅਨੇਕਾਂ ਪਰਿਭਾਸ਼ਾਵਾਂ ਦਿੱਤੀਆਂ ਹਨ ਅਤੇ ਧਰਮ ਦੇ ਅਰਥਾਂ ਨੂੰ ਜਨ-ਸਮੂਹ ਤੱਕ ਲੈ ਕੇ ਜਾਣ ਦਾ ਯਤਨ ਕੀਤਾ ਹੈ। ਇਨ੍ਹਾਂ ਪਰਿਭਾਸ਼ਾਵਾਂ ਦੇ ਆਧਾਰ ਤੇ ਹੀ ਅਸੀਂ ਧਰਮ ਦੇ ਅਰਥ ਅਤੇ ਸਰੂਪ ਬਾਰੇ ਮੁੱਢਲੀ ਜਾਣਕਾਰੀ ਹਾਸਲ ਕਰ ਸਕਦੇ ਹਾਂ। ਇਥੇ ਅਸੀਂ ਅਧਿਆਤਮਕਤਾ ਨੂੰ ਪ੍ਰੀਭਾਸ਼ਤ ਕਰਨ ਤੇ ਉਸਦੇ ਸਰੂਪ ਬਾਰੇ ਜਾਨਣ ਤੋਂ ਪਹਿਲਾਂ ਧਰਮ ਦੀਆਂ ਪਰਿਭਾਸ਼ਾਵਾਂ ਦੀ ਨਜ਼ਰਸਾਨੀ ਕਰਨ ਦਾ ਯਤਨ ਕਰਾਂਗੇ।

ਧਰਮ ਸ਼ਬਦ ਦੀ ਵਿਆਖਿਆਵਾਂ ਤੇ ਪਰਿਭਾਸ਼ਾਵਾਂ ਸਮਝਣ ਤੋ ਪਹਿਲਾਂ ਇਸ ਦੀ ਇਤਿਹਾਸਕ ਪਿੱਠਭੂਮੀ ਨੂੰ ਸਮਝਣ ਲਈ ਮੂਲ ਧਰਮ ਅਤੇ ਆਦਿ-ਕਾਲੀਨ ਧਰਮ ਦੀਆਂ ਰੂੜ੍ਹੀਆਂ ਨੂੰ ਸਮਝਣ ਦੀ ਲੋੜ ਹੈ। ਪੁਰਾਤਤਵ ਵਿਗਿਆਨੀ ਅਤੇ ਮਾਨਵ ਵਿਗਿਆਨੀ ਆਪਣੀ ਖੋਜ ਦੇ ਅਧਾਰ ਤੇ ਇਸ ਸਿੱਟੇ ਤੇ ਪਹੁੰਚੇ ਹਨ ਕਿ ਅੱਜ ਤੋਂ ਤਕਰੀਬਨ 150,000 ਸਾਲ ਪਹਿਲਾਂ ਵੱਸਣ ਵਾਲੇ ਸਾਡੇ ਪੂਰਵਜ ਕਿਸੇ ਨਾ ਕਿਸੇ ਰੂਪ ਵਿੱਚ ਪਰਾਭੌਤਿਕ ਸ਼ਕਤੀਆਂ ਦੀ ਪੂਜਾ ਕਰਦੇ ਸਨ। ਬੇਸ਼ੱਕ ਸਾਡਾ ਲਿਖਤੀ ਇਤਿਹਾਸ ਤਾਂ ਅੱਜ ਤੋਂ 5000 ਸਾਲ ਪਿੱਛੇ ਤੱਕ ਦਾ ਹੈ। ਜੇਕਰ ਇਹ ਮੰਨ ਲਿਆ ਜਾਵੇ ਕਿ ਅੱਜ ਤੋਂ 150,000 ਸਾਲ ਪਹਿਲਾਂ ਪਿੱਤਰ ਪੂਜਾ ਪ੍ਰਚਲਿਤ ਸੀ ਅਤੇ ਮੌਤ ਤੋਂ ਪਿਛੋਂ ਉਹ ਆਤਮਾ ਦੀ ਹੋਂਦ ਨੂੰ ਮੰਨਦੇ ਸਨ ਤਾਂ ਇਹ ਗੱਲ ਜ਼ਰੂਰੀ ਹੈ ਕਿ ਇਨ੍ਹਾਂ ਵਿਸ਼ਵਾਸਾਂ ਵਿੱਚ ਲਿਖਤੀ ਇਤਿਹਾਸ ਤੱਕ ਪਹੁੰਚਦੇ ਜ਼ਰੂਰ ਵੱਡਾ ਪਰਿਵਰਤਨ ਆਇਆ ਹੋਵੇਗਾ। ਆਰੰਭਿਕ ਧਰਮ ਦੇ ਸਰੂਪ ਅਤੇ ਉਸ ਵਿੱਚ ਹੋਈਆਂ ਤਬਦੀਲੀਆਂ ਬਾਰੇ ਜਾਣਕਾਰੀ ਦੇਣ ਵਾਲਾ ਕੋਈ ਪ੍ਰਮਾਣਿਕ ਸਰੋਤ ਸਾਡੇ ਪਾਸ ਨਹੀਂ ਹੈ। ਪਰ ਇੱਕ ਗੱਲ ਨਿਸ਼ਚੇ ਨਾਲ ਕਹੀ ਜਾ ਸਕਦੀ ਹੈ ਕਿ ਧਰਮ ਦਾ ਜੋ ਸਰੂਪ ਪਹਿਲੇ ਸੀ ਉਹ ਲਿਖਤੀ ਇਤਿਹਾਸ ਤੱਕ ਪਹੁੰਚਦੇ ਜ਼ਰੂਰ ਹੀ ਤਬਦੀਲ ਹੋ ਚੁੱਕਾ

ਹੋਵੇਗਾ।[1] ਧਰਮ ਸਭਿਆਚਾਰ ਵਾਂਗ ਹੀ ਕਈ ਪੜਾਵਾਂ ਵਿਚੋਂ ਲੰਘਿਆ। ਪਹਿਲੇ ਪੜਾਵਾਂ ਵਿੱਚ ਆਤਮਸ਼ੀਲ ਚਿੰਤਨ ਇਸਦਾ ਇੱਕ ਅਹਿਮ ਪੜਾਅ ਸੀ। ਜਦੋਂ ਇਹ ਧਾਰਨਾ ਬਣੀ ਕਿ ਹਰ ਵਸਤੂ ਭਾਵੇਂ ਉਹ ਜੜ੍ਹ ਹੋਵੇ ਤੇ ਭਾਵੇਂ ਚੇਤਨ, ਉਸ ਵਿੱਚ ਆਤਮਾ ਤੱਤ ਹੈ ਤੇ ਇਹੋ ਧਾਰਨਾ ਫੈਲਦੀ ਹੋਈ ਸਰਗੁਣ ਸਰੂਪ ਦਾ ਰੂਪ ਧਾਰਨ ਕਰ ਗਈ। ਇਸੇ ਤਰ੍ਹਾਂ ਮੋਏ ਪ੍ਰਾਣੀਆਂ ਦੀ ਪਿਤਰ ਪੂਜਾ ਤੋਂ ਇਹ ਚਿੰਤਨ ਟੋਟਮ ਵਿੱਚ ਕਿਸੇ ਬਲਵਾਨ ਰਹੱਸਮਈ ਸ਼ਕਤੀ ਨੂੰ ਪਛਾਣਦਾ ਹੋਇਆ ਦੇਵੀ-ਦੇਵਤਿਆਂ ਦੀ ਪੂਜਾ ਤੱਕ ਯਾਤਰਾ ਕਰਦਾ ਇੱਕ ਰੱਬ ਦੀ ਹੋਂਦ ਵਿੱਚ ਆਸਥਾ ਰੱਖਣ ਲੱਗਾ।[2]

ਜੇਕਰ ਹੁਣ ਅਸੀਂ ਭਾਰਤ ਦੀ ਲੋਕਧਾਰਾ ਵਿਚ ਪ੍ਰਚਲਿਤ ਸ਼ਬਦ ਧਰਮ ਦੇ ਅਰਥ ਵੇਖਣੇ ਹੋਣ ਤਾਂ ਅਸੀ ਵੇਖ ਸਕਦੇ ਹਾਂ। ਉਦਾਹਰਨ ਲਈ "ਭਾਰਤ ਇੱਕ ਖੇਤੀ ਪ੍ਰਧਾਨ ਦੇਸ਼ ਹੈ। ਖੇਤੀ ਪੁਰਾਤਨ ਸਮੇਂ ਵਿੱਚ ਪੂਰੀ ਤਰ੍ਹਾਂ ਪ੍ਰਕਿਰਤੀ ਦੇ ਰਹਿਮੋ ਕਰਮ ਉੱਪਰ ਨਿਰਭਰ ਕਰਦੀ ਸੀ। ਭੂਗੋਲਿਕ ਹੱਦਾਂ ਵੀ ਇਸ ਨੂੰ ਲੋਕਧਾਰਾਈ ਰੰਗਤ ਦੇਣ ਵਿੱਚ ਸਹਾਈ ਹੋਈਆਂ ਹਨ। ਪਹਾੜੀਆਂ ਨਾਲ ਟਕਰਾ ਕੇ ਜਦੋਂ ਸਮੁੰਦਰੀ ਪੌਣਾਂ ਪੰਜਾਬ ਦੇ ਮੈਦਾਨੀ ਇਲਾਕੇ ਵਿੱਚ ਬਾਰਿਸ਼ ਕਰਦੀਆਂ ਹਨ ਤਾਂ ਮਾਨਵ ਨੂੰ ਜੀਵਨ ਦੇਣ ਵਾਲਾ ਅੰਨ ਪੈਦਾ ਹੁੰਦਾ ਹੈ। ਇਸ ਦ੍ਰਿਸ਼ਟੀ ਤੋਂ ਜੇ ਮਾਨਵ ਇਹ ਮੰਨ ਲਵੇ ਕਿ ਮਨੁੱਖ ਨੂੰ ਜੀਵਨ ਦਾਨ ਦੇਣ ਵਾਲਾ ਸ਼ਿਵ ਭੋਲੇਨਾਥ ਪਹਾੜੀ ਦੀ ਚੋਟੀ ਉਤੇ ਨਿਵਾਸ ਕਰਦਾ ਹੈ ਤਾਂ ਇਸ ਵਿੱਚ ਲੋਕ ਮਾਨਸ ਦਾ ਕੀ ਦੋਸ਼ ? ਉਸ ਨੂੰ ਤਾਂ ਜੀਵਨ ਦਾਨ ਸਚਮੁੱਚ ਮਿਲ ਰਿਹਾ ਹੈ। ਇਹ ਸਾਰਾ ਕੁੱਝ ਕੌਣ ਕਰਦਾ ਹੈ ? ਤੇ ਕਿਵੇਂ ਹੋ ਰਿਹਾ ਹੈ ? ਇਸ ਬਾਰੇ ਸੋਚਣ ਦੀ ਉਸ ਨੂੰ ਲੋੜ ਹੀ ਨਹੀਂ ਜਾਪਦੀ ਸੀ। ਉਸ ਨੂੰ ਫ਼ਲ ਖਾਣ ਤੱਕ ਮਤਲਬ ਹੈ ਪੇੜ ਗਿਣਨਾ ਉਸ ਦੀ ਫਿਤਰਤ ਨਹੀਂ ਹੈ।[3]

ਆਮ ਕਰਕੇ 'ਧਰਮ` ਸ਼ਬਦ ਲਈ ਅੰਗਰੇਜ਼ੀ ਦਾ ਸ਼ਬਦ ਰਿਲੀਜਨ (Religion) ਵਰਤ ਲਿਆ ਜਾਂਦਾ ਹੈ। ਜਦ ਕਿ ਵੱਖ-ਵੱਖ ਧਾਰਮਿਕ ਵਿਦਵਾਨ ਅਤੇ ਇਤਿਹਾਸਕਾਰ ਇਹ ਮੰਨਦੇ ਹਨ ਕਿ 'ਧਰਮ` ਸ਼ਬਦ ਦੇ ਅਰਥ ਉਹ ਨਹੀਂ ਜੋ 'Religion' ਦੇ ਹਨ। ਜੇ ਸਭ ਤੋਂ ਪਹਿਲਾਂ ਅੰਗਰੇਜ਼ੀ ਦੇ ਸ਼ਬਦ 'Religion' ਦੀ ਗੱਲ ਕੀਤੀ ਜਾਵੇ ਤਾਂ ਮੈਕਸ ਮੂਲਰ 'Religion' ਸ਼ਬਦ ਬਾਰੇ ਆਪਣੇ ਵਿਚਾਰ ਪੇਸ਼

ਕਰਦਾ ਹੋਇਆ ਕਹਿੰਦਾ ਹੈ ਕਿ "ਰੋਮਨ ਲੋਕ ਆਪ ਵੀ ਸ਼ਬਦ 'religio' ਦੇ ਅਸਲ ਮੌਲਿਕ ਅਰਥਾਂ ਬਾਰੇ ਸੰਸੇ ਵਿੱਚ ਸਨ। ਸਾਰੇ ਜਾਣਦੇ ਹਨ ਕਿ ਸਿਸਰੋ ਨੇ ਇਸ ਦਾ ਮੂਲ 're-legere' ਮੰਨਿਆ ਹੈ ਜਿਸ ਦੇ ਅਰਥ ਹਨ, 'ਮੁੜ ਇਕੱਤਰ ਕਰਨਾ`, 'ਚੁੱਕਣਾ`, 'ਵਿਚਾਰਨਾ`, 'ਸੋਚਣਾ`।[4] "ਮੇਰਾ ਆਪਣਾ ਵਿਚਾਰ ਹੈ ਕਿ ਸਿਸਰੋ ਠੀਕ ਹੈ ਪਰ ਜੇ ਰਿਲੀਜੀਓ (religio) ਅਰਥ 'ਧਿਆਨ, ਸਤਿਕਾਰ, ਪਾਵਨ ਭਾਵਨਾ ਸੀ ਤਾਂ ਇਹ ਗੱਲ ਬਿਲਕੁਲ ਸਪੱਸ਼ਟ ਹੈ ਕਿ ਇਹ ਮੂਲ ਅਰਥ ਬਹੁਤ ਸਮਾਂ ਇਸ ਨਾਲ ਸੰਬੰਧਿਤ ਨਾ ਰਹਿ ਸਕਿਆ"।[5] "ਵੈਬਸਟਰ ਦੇ ਕੋਰਸ (New international Dictionary) ਅਨੁਸਾਰ ਧਰਮ ਦਾ ਅਰਥ ਪਰਮਾਤਮਾ ਦੀ ਪੂਜਾ ਹੈ ਜਾਂ ਪੂਜਾ ਦੇ ਮੰਤਵ ਨਾਲ ਥਾਪੇ ਕਿਸੇ ਦੇਵਤੇ ਦੀ ਉਪਾਸਨਾ ਹੈ"।[6] ਇਸ ਦੇ ਨਾਲ ਹੀ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਧਰਮ ਜੋ ਸੰਸਾਰ ਨੂੰ ਧਾਰਨ ਕਰਦਾ ਹੈ. ਜਿਸ ਦੇ ਅਧਾਰ ਵਿਸ਼੍ਵ ਹੈ, ਉਹ ਪਵਿਤ੍ਰ ਨਿਯਮ, ਸ਼ੁਭ ਕਰਮ, ਮਜਹਬ. ਦੀਨ, ਰਿਵਾਜ. ਰਸਮ, ਫ਼ਰਜ, ਇਨਸਾਫ, ਪ੍ਰਕ੍ਰਿਤੀ, ਸੁਭਾਅ ਸਭ ਅਰਥ ਹਨ।[7]

ਮੌਜੂਦਾ ਸਮੇਂ ਵਿਚ ਧਰਮ ਸ਼ਬਦ ਨੂੰ 'ਧਾਰਮਿਕ ਮੱਤ' ਦੇ ਤੌਰ ਤੋਂ ਹੀ ਵਰਤ ਲਿਆ ਜਾਂਦਾ ਹੈ। ਹਰੇਕ ਮੱਤ ਨੂੰ ਇੱਕ ਵੱਖਰੇ ਧਰਮ ਦਾ ਨਾਂ ਦਿੱਤਾ ਗਿਆ ਹੈ ਜਿਵੇਂ ਹਿੰਦੂ ਮਤ ਲਈ ਹਿੰਦੂ ਧਰਮ, ਇਸਲਾਮ ਮਤ ਲਈ ਇਸਲਾਮ ਧਰਮ, ਸਿੱਖ ਮਤ ਲਈ ਸਿੱਖ ਧਰਮ ਆਦਿ। ਹਰੇਕ ਮੱਤ ਰੱਬ ਦੀ ਹੋਂਦ ਵਿਚ ਵਿਸ਼ਵਾਸ ਰੱਖਦਾ ਹੈ ਅਤੇ ਵੱਖ-ਵੱਖ ਧਰਮਾਂ ਵਿੱਚ ਰੱਬ ਲਈ ਵੱਖ-ਵੱਖ ਨਾਂ ਜਿਵੇਂ ਸ਼ਿਵ, ਅੱਲਾ, ਰਾਮ, ਗਾਡ (God), ਵਾਹਿਗੁਰੂ ਆਦਿ ਵਰਤੇ ਜਾਂਦੇ ਹਨ।

ਹਿੰਦੂਮਤ ਦੇ ਗ੍ਰੰਥ ਮਹਾਂਭਾਰਤ ਅਨੁਸਾਰ ਸੰਸਾਰ ਧਰਮ ਦੇ ਆਸਰੇ ਹੀ ਖੜਾ ਹੈ ਅਤੇ ਵੇਦਾਂ ਵਿੱਚ ਧਰਮ ਨੂੰ ਵੱਖ-ਵੱਖ ਰਹੁ ਰੀਤਾਂ ਨਾਲ ਜੋੜਿਆ ਗਿਆ ਹੈ। ਮਹਾਂਭਾਰਤ, ਗੀਤਾ, ਧਰਮ ਸ਼ਾਸਤਰ` ਅਤੇ ਪੁਰਾਣਾ ਵਿਚ ਧਰਮ ਦੇ ਅਰਥ ਹਨ ਕਾਨੂੰਨ, ਕਰਤੱਵ, ਸੱਚਾਈ, ਚੰਗੇ ਗੁਣ ਕਿਸੇ ਵੱਲ ਸਾਡੇ ਫਰਜ, ਵਿਸ਼ੇਸ਼ ਅਧਿਕਾਰ ਤੇ ਰਹੁ ਰੀਤੀ, ਵਿਸ਼ਵਾਸ਼, ਆਦਰਸ਼, ਦੇਵੀ ਦੇਵਤਿਆਂ ਬਾਰੇ ਕਲਪਤਿ ਕਹਾਣੀਆਂ ਵੱਖ-ਵੱਖ ਜਾਤਾਂ ਤੇ ਸਮਾਜ ਸ੍ਰੇਣੀਆਂ ਦੇ ਫਰਜ, ਕਾਨੂੰਨ ਆਦਿ ਸਭ ਕੁਝ ਆ ਜਾਂਦੇ ਹਨ। ਜਿਸ ਅਨੁਸਾਰ ਧਰਮ

ਦੇ ਅਰਥ ਹਨ, ਕਰਤੱਵ, ਕਿਸੇ ਜਾਤੀ, ਸੰਪਰਦਾਇ ਆਦਿ ਦੇ ਪ੍ਰਚਲਿਤ ਵਿਹਾਰ ਦਾ ਪਾਲਣ, ਕਾਨੂੰਨ ਜਾਂ ਪ੍ਰਥਾ ਜਾਂ ਭਲਾਈ ਦੇ ਕੰਮ, ਨੇਕ ਕੰਮ ਆਦਿ।[8]

ਇਸਾਈ ਧਰਮ ਵਿਚ ਪੈਗੰਬਰ ਯਿਸੂ ਨੇ ਧਰਮ ਦੀ ਪ੍ਰੀਭਾਸ਼ਾ ਨੂੰ ਰੂਪਮਾਨ ਕਰਦਿਆਂ "ਪਹਾੜੀ ਉਪਦੇਸ਼" ਦਿੱਤਾ। ਪਹਾੜੀ ਉਪਦੇਸ਼ ਯਿਸੂ ਨੇ ਪਹਾੜ ਉਪਰ ਚੜ੍ਹ ਕੇ ਦਿੱਤਾ। ਇਸ ਉਪਦੇਸ ਵਿਚ ਆਤਮਿਕ ਵਿਕਾਸ ਦੇ ਅੱਠ ਚਰਣ ਦੱਸੇ ਗਏ ਹਨ। ਜਿਹਨਾ ਤੇ ਚਲਦਾ ਹੋਇਆ ਮਨੁੱਖ ਧਰਮੀ ਬਣਦਾ ਹੈ। ਇਸ ਲਈ ਪਹਾੜ ਆਤਮਿਕ ਵਿਕਾਸ ਦਾ ਪ੍ਰਤੀਕ ਹੈ। ਪਹਿਲਾ ਚਰਣ ਹੈ ਨਿਮਰਤਾ (ਧੰਨ ਉਹ ਜਿਹੜੇ ਦਿਲ ਦੇ ਗਰੀਬ ਹਨ, ਕਿਉਂ ਜੋ ਸੁਰਗ ਦਾ ਰਾਜ ਉਨ੍ਹਾਂ ਦਾ ਹੈ)। ਦੂਸਰਾ ਚਰਣ ਹੈ ਪ੍ਰਾਸਚਿਤ (ਧੰਨ ਉਹ ਜਿਹੜੇ ਸੋਗ ਕਰਦੇ ਹਨ ਕਿਉਂ ਜੋ ਉਹ ਸਾਤ ਕੀਤੇ ਜਾਣਗੇ)। ਤੀਸਰਾ ਹੈ ਹਲੀਮੀ (ਧੰਨ ਉਹ ਜਿਹੜੇ ਹਲੀਮ ਹਨ, ਕਿਉਂ ਜੋ ਉਹ ਧਰਤੀ ਦੇ ਵਾਰਸ ਹੋਣਗੇ)। ਚੌਥਾ ਹੈ ਆਤਮਿਕ ਭੁੱਖ (ਧੰਨ ਉਹ ਜਿਹੜੇ ਧਰਮ ਦੇ ਭੁੱਖੇ ਤੇ ਤਿਹਾਏ ਹਨ ਕਿਉਂ ਜੋ ਉਹ ਰਜਾਏ ਜਾਣਗੇ)। ਪੰਜਵਾਂ ਹੈ ਦਯਾ (ਧੰਨ ਉਹ ਜਿਹੜੇ ਦਯਾਵਾਨ ਹਨ, ਕਿਉਂ ਜੋ ਉਨ੍ਹਾਂ ਉੱਤੇ ਦਯਾ ਕੀਤੀ ਜਾਵੇਗੀ)। ਛੇਵਾਂ ਚਰਣ ਹੈ ਅੰਦਰੂਨੀ ਸੁੱਧਤਾ (ਧੰਨ ਉਹ ਜਿਹੜੇ ਸੁੱਧ ਮਨ ਹਨ ਕਿਉਂ ਜੋ ਉਹ ਪਰਮੇਸੁਰ ਨੂੰ ਦੇਖਣਗੇ)। ਸੱਤਵਾਂ ਹੈ ਮੇਲ ਮਿਲਾਪ ਕਰਾਉਣਾ (ਧੰਨ ਉਹ ਜਿਹੜੇ ਮੇਲ ਕਰਾਉਣ ਵਾਲੇ ਹਨ, ਕਿਉਂ ਜੇ ਉਹ ਪਰਮੇਸੁਰ ਦੇ ਪੁੱਤਰ ਕਹਾਉਣਗੇ)। ਆਖ਼ਰੀ ਪੜਾਊ ਹੈ ਕੁਰਬਾਨੀ ਦੇ ਮਾਦੇ ਨਾਲ ਜ਼ੁਲਮ ਸਹਿਣਾ (ਧੰਨ ਉਹ ਜਿਹੜੇ ਧਰਮ ਦੇ ਕਾਰਨ ਸਤਾਏ ਗਏ ਹਨ, ਕਿਉਂ ਜੋ ਸੁਰਗ ਦਾ ਰਾਜ ਉਨ੍ਹਾਂ ਦਾ ਹੈ)।[9]

ਡਾ. ਹਰਪਾਲ ਸਿੰਘ ਪੰਨੂੰ ਅਨੁਸਾਰ "ਕਨਫਿਉਸਿਅਸ ਨੇ ਪਹਿਲੀ ਵਾਰ ਇਹ ਕਿਹਾ ਕਿ ਧਰਮ ਸਭਨਾਂ ਲੋਕਾਂ ਲਈ ਬਹੁਤ ਜ਼ਰੂਰੀ ਹੈ। ਕੇਵਲ ਰਾਜੇ ਜਾਂ ਪੁਜਾਰੀ ਦੇ ਹੱਥ ਵਿਚ ਧਰਮ ਦੇਣਾ ਅਨੁਚਿਤ ਹੈ। ਵਿਸ਼ਵਾਸ ਕੀਤਿਆਂ ਬਗੈਰ ਸੰਸਾਰ ਦਾ ਨਿਯਮਿਤ ਕਾਰਜ ਨਹੀ ਚਲ ਸਕਦਾ। ਰਾਜੇ ਲਈ ਜ਼ਰੂਰੀ ਹੈ ਕਿ ਉਹ ਲੋਕਾਂ ਨੂੰ ਰੋਟੀ ਭਾਵੇਂ ਨਾ ਦੇਵੇ. . . . ਧਰਮ ਦੇਵੇ , ਨਿਆਂ ਦੇਵੇ, . . . ਨਹੀਂ ਤਾਂ ਉਸ ਦਾ ਰਾਜ ਨਹੀ ਚਲ ਸਕੇਗਾ"।[10]

ਸਿੱਖ ਵਿਦਵਾਨ ਨਰੈਣ ਸਿੰਘ ਨੇ ਆਪਣੀ ਕਿਤਾਬ ਸਿੱਖ ਧਰਮ ਦੀਆਂ ਬੁਨਿਆਦਾਂ ਵਿਚ ਇਹ ਗੱਲ ਸਪਸ਼ਟ ਤੌਰ ਤੇ ਤਾਕੀਦ ਕੀਤੀ ਹੈ ਕਿ ਉਹ ਧਰਮ ਨਹੀਂ ਹੈ ਜੋ ਸਭ ਚੀਜ਼ਾਂ ਨੂੰ "ਗੁੰਝਲਦਾਰ ਕਰਦਾ ਜਾਏ, ਇਨਸਾਨ ਨੂੰ ਭੈ ਭੀਤ ਕਰਕੇ, ਉਸ ਦੀਆਂ ਮੁਸ਼ਕਲਾਂ ਘਟਾਉਣ ਦੀ ਥਾਂ ਉਹਨਾਂ ਵਿਚ ਵਾਧਾ ਕਰਦਾ ਜਾਏ ਅਤੇ ਪ੍ਰਸਪਰ ਖਿਚੋਤਾਣ ਤੇ ਵਿਖਰੇਵੇਂ ਵਧਾ ਕੇ ਪਾੜਨ ਦਾ ਕੰਮ ਕਰੇ।[11]

ਕਾਂਤ ਅਨੁਸਾਰ ਧਰਮ ਨੈਤਿਕਤਾ ਹੈ। ਉਸ ਦਾ ਵਿਚਾਰ ਹੈ। ਕਿ ਆਪਣੇ ਸਾਰੇ ਨੈਤਿਕ ਫਰਜਾਂ ਨੇ ਰੱਬੀ ਹੁਕਮ ਮੰਨਣਾ ਧਰਮ ਅਖਵਾਉਂਦਾ ਹੈ। ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਉਪਰੋਕਤ ਦਿੱਤੀਆਂ ਗਈਆਂ ਪਰਿਭਾਸ਼ਾਵਾਂ ਅਤੇ ਵਿਚਾਰ ਅਨੁਸਾਰ ਧਰਮ ਤਾਂ ਸੱਚ ਦਾ ਮਾਰਗ ਹੈ। ਇਹ ਦਇਆ ਪਿਆਰ ਸੰਤੋਖ, ਸਹਿਨਸ਼ੀਲਤਾ ਨਿਰਵੈਰਤਾ ਅਤੇ ਜਿੰਮੇਵਾਰੀਆਂ ਦਾ ਪ੍ਰਤੀਕ ਹੈ।[12]

ਇਸਲਾਮ ਵਿਚ ਸੱਚਾਈ, ਇਮਾਨਦਾਰੀ, ਨੇਕ ਆਚਰਣ, ਪਾਕੀਜ਼ਗੀ, ਨਿਮਰਤਾ, ਸਾਦਗੀ, ਦਇਆ ਭਾਵਨਾ, ਸਹਿਣਸ਼ੀਲਤਾ, ਹੱਕ-ਪ੍ਰਸਤੀ, ਸਦਭਾਵਨਾ, ਸਬਰ, ਸ਼ੁਕਰ, ਬੁਰਾਈ ਬਦਲੇ ਅੱਛਾਈ ਆਦਿ ਅਨੇਕ ਤਰ੍ਹਾਂ ਦੀਆਂ ਉਸਾਰੂ ਅਤੇ ਸਿਹਤਮੰਦ ਕਦਰਾਂ -ਕੀਮਤਾਂ ਦਾ ਆਦੇਸ਼ ਦਿੱਤਾ ਗਿਆ ਹੈ। ਹਜ਼ਰਤ ਮੁਹੰਮਦ ਸਾਹਿਬ ਦੀ ਇਕ ਹਦੀਸ ਹੈ ਕਿ "ਮੈਨੂੰ ਸੰਸਾਰ ਵਿਚ ਇਖ਼ਲਾਕੀ ਕਦਰਾਂ ਕੀਮਤਾਂ ਦੀ ਸੰਪੂਰਨਤਾ ਲਈ ਭੇਜਿਆ ਗਿਆ ਹੈ। "ਆਪ ਨੇ ਇਹ ਵੀ ਫਰਮਾਇਆ ਕਿ 'ਤੁਹਾਡੇ ਵਿੱਚੋਂ ਚੰਗੇ ਮਨੁੱਖ ਉਹ ਹਨ, ਜਿਹੜੇ ਉੱਚਤਮ ਸੱਭਿਅਕ ਗੁਣਾਂ ਦੇ ਮਾਲਿਕ ਹਨ। ਸਾਦਾ ਅਤੇ ਪਵਿੱਤਰ ਜੀਵਨ ਬਤੀਤ ਕਰਨਾ ਈਮਾਨਦਾਰ ਲੋਕਾਂ ਦੀ ਸਿਫ਼ਤ ਹੈ।' ਇਸਲਾਮ ਵਿਚ ਜਿੱਥੇ ਉੱਚਤਮ ਨੈਤਿਕ ਕਦਰਾਂ-ਕੀਮਤਾਂ ਅਪਨਾਉਣ ਦਾ ਆਦੇਸ਼ ਦਿੱਤਾ ਗਿਆ ਹੈ , ਉੱਥੇ ਇਨਸਾਨ ਨੂੰ ਹਰ ਬੁਰਾ ਕਰਮ ਕਰਨ ਤੇ ਵਰਜਿਆ ਵੀ ਗਿਆ ਹੈ। ਹਰ ਬੁਰਾਈ ਦਾ ਮੌਤ ਉਪਰੰਤ ਅਤਿਅੰਤ ਦੁਖਦਾਈ ਪਰਿਣਾਮ ਨਿਕਲਣ ਦੀ ਚਿਤਾਵਨੀ ਦਿੱਤੀ ਗਈ ਹੈ। ਝੂਠ, ਨਿੰਦਾ, ਚੁਗਲੀ , ਤੁਹਮਤ, ਬੇਈਮਾਨੀ, ਹੰਕਾਰ, ਈਰਖਾ, ਸਵੈ ਪ੍ਰਸੰਸਾ, ਵਾਅਦਾ ਖਿਲਾਫ਼ੀ, ਕੰਜੂਸੀ , ਫਜ਼ੂਲ ਖਰਚੀ, ਬੇਹੱਯਾਈ ਆਦਿ ਬੁਰਾਈਆਂ ਦੀ ਸ਼ਦੀਦ ਨਿਖੇਧੀ ਕੀਤੀ ਗਈ ਹੈ।[13]

ਗੁਰੂ ਗ੍ਰੰਥ ਵਿਸ਼ਵਕੋਸ਼ ਵਿੱਚ ਡਾ. ਰਤਨ ਸਿੰਘ ਅਨੁਸਾਰ "ਧਰਮ ਸੰਸਕ੍ਰਿਤ ਦੀ 'ਧ੍ਰਿ' ਧਾਤੂ ਤੋਂ ਵਿਉਂਤਪਤ ਹੋਣ ਕਾਰਣ 'ਧਰਮ' ਸ਼ਬਦ ਦਾ ਅਰਥ ਹੁੰਦਾ ਹੈ ਧਾਰਣ ਕਰਨਾ। ਅਨੇਕ ਧਰਮ-ਗ੍ਰੰਥਾਂ ਜਾਂ ਧਾਰਮਿਕ ਸਾਹਿਤ ਪੁਸਤਕਾਂ ਵਿਚ ਧਰਮ ਦੀਆਂ ਬਹੁਤ ਸਾਰੀਆਂ ਪਰਿਭਾਸ਼ਾਵਾਂ ਉਪਲਬਧ ਹਨ, ਜਿਨ੍ਹਾਂ ਤੋਂ ਧਰਮ ਦੇ ਵਾਸਤਵਿਕ ਸਰੂਪ ਦਾ ਗਿਆਨ ਅਵੱਸ਼ ਹੀ ਹੋ ਜਾਂਦਾ ਹੈ। ਧਰਮ ਦਾ ਪ੍ਰਭਾਵ -ਖੇਤਰ ਬਹੁਤ ਵਿਆਪਕ ਹੈ। ਇਸ ਦੀਆਂ ਸੀਮਾਵਾਂ ਮਨੁੱਖ ਜੀਵਨ ਦੇ ਆਦਿ ਤੋਂ ਅੰਤ ਤਕ ਪਸਰੀਆਂ ਹੋਈਆਂ ਹਨ। ਪ੍ਰਾਣੀ ਦੇ ਜਨਮ ਤੋਂ ਲੈ ਕੇ ਵਿਕਾਸ ਤਕ ਦੀਆਂ ਸਾਰੀਆਂ ਅਵਸਥਾਵਾਂ ਵਿਚ ਧਰਮ ਦੀ ਵਿਆਪਕਤਾ ਸਵੀਕਾਰ ਕੀਤੀ ਗਈ ਹੈ। ਮਨੁੱਖ ਦਾ ਧਰਮ ਕੇਵਲ ਭੌਤਿਕ ਅੰਸ਼ਾਂ ਵਿਚ ਹੀ ਸੀਮਿਤ ਨ ਰਹਿ ਕੇ ਉਸ ਦੇ ਜੀਵਨ ਦਾ ਸੰਪੂਰਣ ਕ੍ਰਮ ਬਣ ਜਾਂਦਾ ਹੈ, ਉਹੀ ਉਸ ਦੇ ਕਰਤੱਵਾਂ ਦਾ ਸੰਚਾਲਨ ਕਰਦਾ ਹੈ। ਇਹੀ ਕਾਰਣ ਹੈ ਕਿ ਸੱਭਿਆਚਾਰ ਅਤੇ ਧਰਮ ਦਾ ਬੜਾ ਡੂੰਘਾ ਸੰਬੰਧ ਹੈ।"[14]

ਭਾਰਤੀ ਸੱਭਿਆਚਾਰ ਵਿਚ ਲਗਾਤਾਰ ਚੱਲਣ ਵਾਲੀ ਕਰਤੱਵ-ਧਾਰਾ ਹੀ ਧਰਮ ਹੈ। ਧਰਮ ਆਤਮਾ ਅਤੇ ਅਨਾਤਮਾ, ਜੀਵਾਤਮਾ ਅਤੇ ਸਰੀਰ ਦਾ ਵਿਧਾਇਕ ਹੈ। ਧਰਮ ਵਿਅਕਤੀ ਵਾਂਗ ਸਮਾਜ ਦਾ ਵੀ ਵਿਧਾਇਕ ਹੈ। ਇਸ ਤਰ੍ਹਾਂ ਧਰਮ ਸਮਾਜ ਅਤੇ ਸੰਸਕ੍ਰਿਤੀ ਨਾਲ ਬਹੁਤ ਡੂੰਘਾ ਰਿਸ਼ਤਾ ਰੱਖਦਾ ਹੈ। ਭਾਰਤ ਵਿਚ ਵਿਕਸਿਤ ਹੋਣ ਵਾਲੇ ਸਾਰੇ ਦਾਰਸ਼ਨਿਕ ਮਤ ਅਤੇ ਸੰਪ੍ਰਦਾਵਾਂ ਧਰਮ ਦੀ ਇਸ ਮੂਲ ਵਿਆਖਿਆ ਨੂੰ ਸਵੀਕਾਰ ਕਰਦੀਆਂ ਹਨ। ਧਰਮ ਦਾ ਸਭ ਤੋਂ ਵੱਡਾ ਸਿਧਾਂਤ ਹੈ ਕਿ ਸਾਨੂੰ ਹਰ ਦਸ਼ਾ ਵਿਚ ਆਪਣਾ ਕਰਤੱਵ ਕਰਨਾ ਚਾਹੀਦਾ ਹੈ।[15]

ਸੰਸਾਰ ਦੇ ਧਰਮ-ਸੰਸਥਾਪਕਾਂ ਨੇ ਧਰਮ ਵਿਚ ਧਰਮ ਦੇ ਦੋਹਾਂ ਪੱਖਾਂ ਦੀ ਸਥਾਪਨਾ ਕੀਤੀ ਹੈ। ਪਰ ਧਰਮ-ਸੰਸਥਾਪਕਾਂ ਦੇ ਨ ਰਹਿਣ 'ਤੇ ਧਰਮ ਦੇ ਪ੍ਰਚਾਰਕ ਧਰਮ ਦੇ ਸੰਕੀਨ ਸਰੂਪ ਨੂੰ ਲੈ ਕੇ ਸਦਾ ਅਨਰਥ ਕਰਦੇ ਰਹੇ ਹਨ। ਇਹੀ ਕਾਰਣ ਹੈ ਕਿ ਧਰਮ ਦਾ ਮੂਲ ਸਰੂਪ ਵਿਗੜੇ ਬਿਨਾ ਰਹਿ ਨ ਸਕਿਆ। ਪਰ ਇਹ ਵਿਗੜਿਆ ਹੋਇਆ ਰੂਪ ਸਥਾਈ ਨਹੀਂ ਹੁੰਦਾ। ਸਮੇਂ ਦੇ ਪ੍ਰਵਾਹ ਵਿਚ ਸਦਾ ਉਸ ਦੀ ਪ੍ਰਤਿਕ੍ਰਿਆ ਹੁੰਦੀ ਰਹਿੰਦੀ ਹੈ। ਸਚ ਪੁੱਛੋ ਤਾਂ ਧਰਮਾਂ ਦਾ ਇਤਿਹਾਸ ਇਸੇ ਕ੍ਰਿਆ-ਪ੍ਰਤਿਕ੍ਰਿਆ ਦਾ ਇਤਿਹਾਸ ਹੈ।

ਧਰਮ ਦਾ ਸਾਧਾਰਣ ਜਾਂ ਮੌਲਿਕ ਸਰੂਪ ਹੀ ਸਥਾਈ ਹੈ। ਇਸ ਨੂੰ 'ਸਹਿਜ-ਧਰਮ ਦਾ ਨਾਂ ਵੀ ਦਿੱਤਾ ਜਾ ਸਕਦਾ ਹੈ। ਧਰਮ ਦਾ ਇਹੀ ਸਰੂਪ ਮਾਨਵ ਦੀ ਜੀਵਨ-ਯਾਤ੍ਰਾ ਦਾ ਆਧਾਰ ਹੈ। ਮਾਨਵ ਜਾਤਿ ਦੀ ਨਿਰੰਤਰ ਪਰੰਪਰਾ ਵਿਚ ਇਸ ਦਾ ਆਧਾਰ ਹੈ। ਮਾਨਵ ਜਾਤਿ ਦੀ ਨਿਰੰਤਰ ਪਰੰਪਰਾ ਵਿਚ ਇਸ ਦਾ ਪ੍ਰਮੁੱਖ ਮਹੱਤਵ ਹੈ। ਗੁਰਮਤਿ ਵਿਚ ਧਰਮ ਦੇ ਮਹੱਤਵ ਦੇ ਮਹੱਤਵ ਨੂੰ ਸਵੀਕਾਰ ਹੀ ਨਹੀਂ ਕੀਤਾ ਗਿਆ, ਸਗੋਂ ਧਰਮ ਦੇ ਸਰੂਪ ਨੂੰ ਵੀ ਨਿਰਧਾਰਿਤ ਕੀਤਾ ਗਿਆ ਹੈ। ਗੁਰੂ ਅਰਜਨ ਦੇਵ ਨੇ ਸੁਖਮਨੀ ਬਾਣੀ ਵਿਚ ਸਪਸ਼ਟ ਕਿਹਾ ਹੈ

ਸਰਬ ਧਰਮ ਮਹਿ ਸ੍ਰੇਸ਼ਟ ਧਰਮੁ ਹਰਿ ਕੋ ਨਾਮ ਜਪਿ ਨਿਰਮਲ ਕਰਮੁ॥[16]

ਆਪਣੇ ਮਨ ਨੂੰ ਸਮਝਾਉਣਾ ਹੈ ਕਿ ਅਕਾਲ ਪੁਰਖੁ ਦਾ ਨਾਮੁ ਜਪ ਤੇ ਪਵਿੱਤਰ ਆਚਰਨ ਬਣਾ। ਇਹ ਧਰਮ ਸਾਰੇ ਧਰਮਾਂ ਨਾਲੋ ਚੰਗਾ ਹੈ। 'ਧਰਮ ਉਹ ਚੰਗਾ ਹੈ ਜਿਸ ਵਿਚ ਨਾਮ-ਬਾਣੀ ਦਾ ਅਭਿਆਸ ਅਤੇ ਚੰਗੇ ਕਰਮ ਕਰਨ ਦਾ ਪ੍ਰਬੰਧ ਹੋਵੇ।'[17]

ਗੁਰਮਤਿ ਵਿਚ ਧਰਮ ਨੂੰ ਸ਼ੁਭ ਅਮਲਾਂ ਨਾਲ ਜੋੜਨ ਦਾ ਵਿਧਾਨ ਗੁਰੂ ਨਾਨਕ ਸਾਹਿਬ ਅਨੁਸਾਰ ਇਹ ਜੋ ਸ਼ੁੱਭ ਕਰਮ ਅਤੇ ਸ਼ੁੱਭ ਅਮਲ ਹਨ, ਇਹ ਪ੍ਰਮਾਤਮਾ ਦੀ ਪ੍ਰਾਪਤੀ ਵਾਸਤੇ ਇਕ ਮਾਤਰ ਵਸੀਲਾ ਹਨ ਜਿਸ ਇਨਸਾਨ ਅੰਦਰ ਇਹਨਾਂ ਗੁਣਾਂ ਦੀ ਘਾਟ ਹੈ ਉਹ ਚਾਹੇ ਕਿਸੇ ਵੀ ਧਾਰਮਿਕ ਰਾਹ ਦਾ ਪਾਂਧੀ ਹੋਵੇ, ਆਪਣੀ ਮੰਜ਼ਿਲ ਨਹੀਂ ਪਾ ਸਕਦਾ ਪਰਮਾਤਮਾ ਇਕ ਜੋਤ ਸਰੂਪ ਹੈ ਜਿਸਦਾ ਚਾਨਣ ਇਸ ਧਰਤੀ ਦੇ ਹਰੇਕ ਜੀਵ ਵਿਚ ਮੌਜੂਦ ਹੈ। ਇਸ ਲਈ ਇਨਸਾਨ ਦੀਆਂ ਬਣਾਈਆਂ ਹੋਈਆਂ ਵੰਡਾਂ ਉਸ ਪਰਮਾਤਮਾ ਤੱਕ ਪਹੁੰਚਣ ਦੇ ਰਸਤੇ ਵਿਚ ਅਟਕਣਾਂ ਹਨ। ਜੋ ਮਨੁੱਖ ਪਰਮਾਤਮਾ ਦੇ ਪੈਦਾ ਕੀਤੇ ਮਨੁੱਖਾਂ ਨੂੰ ਕਿਸੇ ਵੀ ਆਧਾਰਾ ਉਪਰ ਈਰਖਾ ਵੈਰ, ਵਿਰੋਧ, ਨਫ਼ਰਤ ਕਰਦਾ ਹੈ ਭਾਵੇਂ ਉਹ ਕਿੰਨੀਆਂ ਸਮਾਧੀਆਂ ਲਗਾਵੇ, ਤੀਰਥਾਂ ਤੇ ਜਾਵੇ, ਤਪ ਕਰੇ, ਮੰਦਰਾਂ, ਮਸਜਿਦਾਂ, ਗਿਰਜਿਆਂ, ਗੁਰਦੁਆਰਿਆਂ ਦੀਆਂ ਦਹਿਲੀਜ਼ਾਂ ਤੇ ਨੱਕ ਰਗੜੇ ਉਹ ਪਰਮਾਤਮਾ ਦੇ ਨਦਰ ਦਾ ਪਾਤਰ ਨਹੀਂ ਬਣ ਸਕਦਾ। ਚੰਗੀ ਕਰਣੀ ਅਤੇ ਸ਼ੁੱਭ ਅਮਲਾਂ ਬਿਨਾਂ ਕੇਵਲ ਪਵਿੱਤਰ ਇਰਾਦੇ ਮਨੁੱਖ ਨੂੰ ਕਿਸੇ ਮੰਜ਼ਿਲ ਤੱਕ ਨਹੀਂ ਪਹੁੰਚਾ ਸਕਦੇ। ਗੁਰ ਹੁਕਮ ਹੈ:

ਮਤ ਕੋ ਜਾਣੈ ਜਾਇ ਅਗੈ ਪਾਇਸੀ  ਜੇਹੇ ਕਰਮ ਕਮਾਇ ਤੇਹਾ ਹੋਇਸੀ॥[18]

ਪਹਿਲੀ ਆਤਮਕ ਅਵਸਥਾ ਦਾ ਨਾਂ ਧਰਮ ਖੰਡ ਰੱਖਿਆ ਹੈ। ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ, ਵਿਚੋਂ ਹੁੰਦੇ ਹੋਏ ਅਕਾਲ ਪੁਰਖ ਨਾਲ ਇਕ ਰੂਪ ਹੋਣ ਲਈ ਸੱਚ ਖੰਡ ਦੀ ਅਵਸਥਾ ਤਕ ਪਹੁੰਚਣਾ ਹੈ। ਧਰਮ ਖੰਡ ਅਧਿਆਤਮਕਤਾ ਦਾ ਪਹਿਲਾ ਪੜਾਅ ਹੈ ਇਸ ਤਰਾਂ ਗੁਰਬਾਣੀ ਦਾ ਸਪਸ਼ਟ ਸਿਧਾਂਤ ਹੈ ਕਿ ਆਪਣੇ ਜੀਵਨ ਵਿੱਚ ਚੱਜ ਅਚਾਰ ਸਿੱਖ ਕੇ ਚੰਗੇ ਮਨੁੱਖ ਬਣਨ ਦਾ ਯਤਨ ਕੀਤਾ ਜਾਏ। ਚੱਜ ਅਚਾਰ ਸਿੱਖਣ ਦੀ ਸ਼ਰੂਆਤ ਆਪਣੇ ਤੋਂ ਕਰਨੀ ਸੀ ਪਰ ਅਸੀਂ ਆਪ `ਤੇ ਸਿੱਖਣ ਲਈ ਤਿਆਰ ਨਾ ਹੋਏ ਪਰ ਸਾਰਾ ਜ਼ੋਰ ਦੂਜਿਆਂ ਨੂੰ ਸਿਖਾਉਣ ਤੇ ਹੀ ਲਾ ਦਿੱਤਾ ਤੇ ਲਾ ਰਹੇ ਹਾਂ। ਗੁਰੂ ਨਾਨਕ ਸਾਹਿਬ ਜੀ ਦੇ ਸੱਚੇ ਮਾਰਗ ਨੂੰ ਅਸੀਂ ਆਪੋ ਆਪਣੀ ਮਤ ਦੇ ਅਨੁਸਾਰ ਚਲਾਉਣ ਨੂੰ ਤਰਜੀਹ ਦੇ ਰਹੇ ਹਾਂ ਤੇ ਕਈ ਰਸਤੇ ਬਣਾ ਲਏ ਹਨ। ਕੋਈ ਸਿਰ ਹਿਲਾ ਹਿਲਾ ਕੇ ਇਕੋ ਸ਼ਬਦ ਨੂੰ ਉੱਚੀ ਉੱਚੀ ਬੋਲ ਕੇ ਦੁਹਾਈ ਪਾ ਰਿਹਾ ਹੈ ਕਿ ਬਾਬਾ ਨਾਨਕ ਜੀ ਸਾਨੂੰ ਇੰਝ ਹੀ ਕਰਨ ਲਈ ਕਹਿ ਗਏ ਸਨ, ਕੋਈ ਸਾਰੀ ਸਾਰੀ ਰਾਤ ਗਾ ਗਾ ਕੇ ਕਹਿ ਰਿਹਾ ਹੈ ਕੇ ਬਾਬਾ ਨਾਨਕ ਜੀ ਦੀ ਵਿਚਾਰਧਾਰਾ ਵੀ ਏਹੋ ਹੀ ਹੈ। ਕਿਸੇ ਨੇ ਕੇਵਲ ਅਖੰਡਪਾਠ ਕਰਾਉਣ ਨਾਲ ਕਾਰਜ ਰਾਸ ਹੋਣ ਦੀ ਨਵੀਂ ਲੀਹ ਤੋਰ ਦਿੱਤੀ ਹੈ ਜਿੱਥੋਂ ਡੇਰਿਆਂ ਗੁਰਦੁਆਰਿਆਂ ਦੀ ਆਮਦਣ ਦਾ ਵੱਡਾ ਸਰੋਤ ਬਣਿਆ ਹੈ। ਗੁਰਬਾਣੀ ਨੂੰ ਪਹਿਲਾਂ ਪੜ੍ਹਨਾ ਜਾਂ ਸੁਣਨਾ ਹੈ ਫਿਰ ਵਿਚਾਰ ਕੇ ਆਪਣੇ `ਤੇ ਲਾਗੂ ਕਰਨਾ ਹੈ। ਵਿਚਾਰਨ ਤੇ ਲਾਗੂ ਕਰਨ ਵਲੋਂ ਅਸੀਂ ਬਹੁਤ ਅਵੇਸਲੇ ਹੋਏ ਹਾਂ। ਬਹੁਤ ਸਾਰੀ ਵਿਚਾਰ ਨੂੰ ਅਸੀਂ ਇੰਝ ਪੇਸ਼ ਕਰ ਰਹੇ ਹਾਂ ਜਿਵੇਂ ਕਿਸੇ ਹੋਰ ਮੁਲਕ ਜਾ ਕੇ ਇਸ ਦੀ ਵਰਤੋਂ ਕਰਾਂਗੇ ਤੇ ਇਸ ਜੀਵਨ ਵਿੱਚ ਤਾਂ ਸਾਨੂੰ ਲੋੜ ਨਹੀਂ ਹੈ। ਏਸੇ ਤਰ੍ਹਾਂ ਜਪੁ ਬਾਣੀ ਵਿੱਚ ਆਏ ਪੰਜ ਖੰਡ ਵੀ ਕਿਸੇ ਹੋਰ ਧਰਤੀ ਉੱਤੇ ਮਿੱਥ ਲਏ ਹਨ। ਕਿਹਾ ਜਾਂਦਾ ਹੈ ਕਿ ਬੰਦਾ ਪੰਜਾਂ ਖੰਡਾਂ ਦਾ ਪੈਂਡਾ ਤਹਿ ਕਰਦਾ ਹੋਇਆ ਸੱਚ ਖੰਡ ਵਿਖੇ ਪਹੁੰਚਦਾ ਹੈ ਜਿੱਥੇ ਰੱਬ ਜੀ ਬੈਠੇ ਅਨੰਦ ਮਾਣ ਰਹੇ ਹੋਣਗੇ। ਅਸੀਂ ਵੀ ਧਾਰਮਕ ਪ੍ਰਕਿਰਿਆਂ ਏਸੇ ਲਈ ਹੀ ਨਿਭਾਉਂਦੇ ਹਾਂ ਕਿ ਪੰਜਾਂ ਖੰਡਾਂ ਦੇ ਵਿਚ ਦੀ ਹੁੰਦਾ ਹੋਇਆ ਨਜ਼ਾਰੇ ਵਾਲੇ ਸੱਚ ਖੰਡ ਵਿੱਚ ਪਹੁੰਚ ਜਾਏ।

ਧਿਆਨ ਰਹੇ ਪੰਜ ਖੰਡ ਸਾਡੀ ਜ਼ਿੰਦਗੀ ਦੇ ਪੰਜ ਪੜਾ ਹਨ ਜੋ ਸੁਭਾਅ ਕਰਕੇ ਹਰ ਵੇਲੇ ਸਾਡੇ ਨਾਲ ਚਲਦੇ ਹਨ। ਇਹਨਾਂ ਪੰਜਾਂ ਖੰਡਾਂ ਨੂੰ ਪਹਿਲਾਂ ਆਤਮਕ ਤਲ਼ `ਤੇ ਸਮਝਣਾ ਹੈ ਤੇ ਫਿਰ ਵਿਵਹਾਰਕ ਜੀਵਨ ਵਿੱਚ ਇਹਨਾਂ ਦੀ ਵਰਤੋਂ ਕਰਨੀ ਹੈ। ਪਹਿਲਾ ਖੰਡ ਧਰਮ ਦਾ ਆਉਂਦਾ ਹੈ। ਗੁਰਮਤਿ ਅਨੁਸਾਰ ਧਰਤੀ ਨੂੰ ਧਰਮ ਕਮਾਉਣ ਲਈ ਧਰਮਸਾਲ ਸਰੂਪ ਵਿਚ ਚਿਤਾਰਿਆ ਗਿਆ ਹੈ

ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥

ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥

ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥ ਤਿਨ ਕੇ ਨਾਮ ਅਨੇਕ ਅਨੰਤ॥

ਕਰਮੀ ਕਰਮੀ ਹੋਇ ਵੀਚਾਰੁ॥ ਸਚਾ ਆਪਿ ਸਚਾ ਦਰਬਾਰੁ॥

ਤਿਥੈ, ਸੋਹਨਿ ਪੰਚ ਪਰਵਾਣੁ॥ ਨਦਰੀ ਕਰਮਿ ਪਵੈ ਨੀਸਾਣੁ॥

ਕਚ ਪਕਾਈ, ਓਥੈ ਪਾਈ॥ ਨਾਨਕ ਗਇਆ ਜਾਪੈ ਜਾਇ॥[19]

ਗੁਰਬਾਣੀ ਵਿੱਚ ਧਰਤੀ ਨੂੰ ਧਰਮ ਕਮਾਉਣ ਦੀ ਵਾਹਕ ਅਥਵਾ ਧਰਮਸਾਲ ਦੇ ਪਰਿਪੇਖ ਵਜੋਂ ਜਿਵੇਂ ਚਿਤਵਿਆ ਗਿਆ ਹੈ, ਅਕਾਲ ਪੁਰਖ ਨੇ ਮਨੁੱਖ ਦੇ ਨਿਰਬਾਹ ਲਈ ਰਾਤਾਂ, ਰੁੱਤਾਂ, ਥਿਤਾਂ ਅਤੇ ਵਾਰ, ਹਵਾ, ਪਾਣੀ, ਅੱਗ, ਪਾਤਾਲ ਆਦਿ ਬਣਾਏ ਹਨ ਤੇ ਇਨ੍ਹਾਂ ਸਾਰਿਆਂ ਦੇ ਇਕੱਠ ਵਿਚ ਧਰਤੀ ਨੂੰ ਧਰਮ ਕਮਾਣ ਦਾ ਅਸਥਾਨ ਬਣਾ ਕੇ ਟਿਕਾ ਦਿੱਤਾ ਹੈ। ਇਸ ਧਰਤੀ ਉੱਤੇ ਕਈ ਜੁਗਤੀਆਂ ਅਤੇ ਰੰਗਾਂ ਦੇ ਜੀਵ ਰਹਿੰਦੇ ਹਨ, ਜਿਨ੍ਹਾਂ ਦੇ ਅਨੇਕਾਂ ਤੇ ਅਨਗਿਣਤ ਹੀ ਨਾਂ ਹਨ। ਇਨ੍ਹਾਂ ਅਨੇਕਾਂ ਜੀਵਾਂ ਦਾ ਆਪੋ ਆਪਣੇ ਕੀਤੇ ਕਰਮਾਂ ਦੇ ਅਨੁਸਾਰ ਅਕਾਲ ਪੁਰਖ ਦੇ ਦਰ ਤੇ ਨਿਬੇੜਾ ਹੁੰਦਾ ਹੈ, ਜਿਸ ਵਿਚ ਕੋਈ ਉਕਾਈ ਨਹੀ ਹੁੰਦੀ, ਕਿਉਂਕਿ ਨਿਆਂ ਕਰਨ ਵਾਲਾ ਅਕਾਲ ਪੁਰਖ ਆਪ ਸੱਚਾ ਹੈ, ਉਸ ਦਾ ਦਰਬਾਰ ਵੀ ਸੱਚਾ ਹੈ। ਇਹ ਕਾਰਜ ਉਸਦੇ, ਸਰੂਪ, ਆਧਾਰ ਅਤੇ ਅਮਲੀ ਸਰੂਪ ਉਪਰ ਆਧਾਰਿਤ ਹੈ। (ਇਹਨਾਂ ਅਨੇਕਾਂ ਨਾਵਾਂ ਤੇ ਰੰਗਾਂ ਵਾਲੇ ਜੀਵਾਂ ਦੇ) ਆਪੋ-ਆਪਣੇ ਕੀਤੇ ਹੋਏ ਕਰਮਾਂ ਅਨੁਸਾਰ (ਅਕਾਲ ਪੁਰਖ ਦੇ ਦਰ ਤੇ) ਨਿਬੇੜਾ ਹੁੰਦਾ ਹੈ (ਜਿਸ ਵਿੱਚ ਕੋਈ ਉਕਾਈ ਨਹੀਂ ਹੁੰਦੀ, ਕਿਉਂਕਿ ਨਿਆਂ ਕਰਨ ਵਾਲਾ) ਅਕਾਲ ਪੁਰਖ ਆਪ ਸੱਚਾ ਹੈ,

ਉਸਦਾ ਦਰਬਾਰ ਭੀ ਸੱਚਾ ਹੈ। ਉਸ ਦਰਬਾਰ ਵਿੱਚ ਸੰਤ ਜਨ ਪਰਤੱਖ ਤੌਰ `ਤੇ ਸੋਭਦੇ ਹਨ, ਅਤੇ ਮਿਹਰ ਦੀ ਨਜ਼ਰ ਕਰਨ ਵਾਲੇ ਅਕਾਲ ਪੁਰਖ ਦੀ ਬਖਸ਼ਿਸ਼ ਨਾਲ (ਉਹਨਾਂ ਸੰਤ ਜਨਾਂ ਦੇ ਮੱਥੇ ਉਤੇ) ਵਡਿਆਈ ਦਾ ਨਿਸ਼ਾਨ ਚਮਕ ਪੈਂਦਾ ਹੈ।(ਇੱਥੇ ਸੰਸਾਰ ਵਿੱਚ ਕਿਸੇ ਦਾ ਵੱਡਾ ਛੋਟਾ ਅਖਵਾਣਾ ਕਿਸੈ ਅਰਥ ਨਹੀਂ, ਇਹਨਾਂ ਦੀ) ਚੰਗਿਆਈ ਬੁਰਾਈ ਅਕਾਲ ਪੁਰਖ ਦੇ ਦਰ ਤੇ ਜਾ ਕੇ ਮਲੂਮ ਹੁੰਦੀ ਹੈ। ਹੇ ਨਾਨਕ! ਅਕਾਲ ਪੁਰਖ ਦੇ ਦਰ `ਤੇ ਗਿਆਂ ਹੀ ਸਮਝ ਅਉਂਦੀ ਹੈ (ਕਿ ਅਸਲ ਵਿੱਚ ਕੌਣ ਪੱਕਾ ਹੈ ਤੇ ਕੌਣ ਕੱਚਾ)। ਪ੍ਰੋ. ਸਾਹਿਬ ਸਿੰਘ ਜੀ ਨੇ ਇਸ ਪਉੜੀ ਦੇ ਅਰਥ ਕਰਦਿਆਂ ਬਹੁਤ ਪਿਆਰਾ ਫੁੱਟ ਨੋਟ ਵੀ ਦਿੱਤਾ ਹੈ-ਭਾਵ ਅਰਥ—ਜਿਸ ਮਨੁੱਖ ਉੱਤੇ ਪ੍ਰਭੂ ਦੀ ਬਖ਼ਸ਼ਿਸ਼ ਹੁੰਦੀ ਹੈ ਉਸ ਨੂੰ ਪਹਿਲਾਂ ਇਹ ਸਮਝ ਪੈਂਦੀ ਹੈ ਕਿ ਮਨੁੱਖ ਇਸ ਧਰਤੀ `ਤੇ ਕੋਈ ਖ਼ਾਸ ਫ਼ਰਜ਼ ਨਿਬਾਹੁਣ ਆਇਆ ਹੈ। ਇੱਥੇ ਜੋ ਅਨੇਕਾਂ ਜੀਵ ਪੈਦਾ ਹੁੰਦੇ ਹਨ ਇਹਨਾਂ ਸਭਨਾਂ ਦੇ ਆਪੋ ਆਪਣੇ ਕੀਤੇ ਕਰਮਾਂ ਅਨੁਸਾਰ ਇਹ ਨਿਬੇੜਾ ਹੁੰਦਾ ਹੈ ਕਿ ਕਿਸ ਕਿਸ ਨੇ ਮਨੁੱਖਾ-ਜਨਮ ਦੇ ਮਨੋਰਥ ਨੂੰ ਪੂਰਾ ਕੀਤਾ ਹੈ। ਜਿਨ੍ਹਾਂ ਦੀ ਮਿਹਨਤ ਕਬੂਲ ਪੈਂਦੀ ਹੈ, ਉਹ ਪ੍ਰਭੂ ਦੀ ਹਜ਼ੂਰੀ ਵਿੱਚ ਆਦਰ ਪਾਂਦੇ ਹਨ। ਇੱਥੇ ਸੰਸਾਰ ਵਿੱਚ ਕਿਸੇ ਦਾ ਵੱਡਾ ਛੋਟਾ ਅਖਵਾਣਾ ਕਿਸੇ ਅਰਥ ਨਹੀਂ। ਭਾਵ ਇਸ ਪਉੜੀ ਦੇ ਭਾਵ ਅਰਥ ਨੂੰ ਅਸੀਂ ਆਪਣੇ ਮਨ ਪੱਧਰ `ਤੇ ਸਮਝਣਾ ਹੈ। ਉਂਝ ਵੀ ਪਉੜੀ ਦੇ ਅਰਥ ਸਮਝਣ ਲਈ ਅਖ਼ੀਰਲੀ ਤੁਕ ਨੂੰ ਲਿਆ ਜਾਂਦਾ ਹੈ। ਦੂਜਾ ਜਪੁ ਬਾਣੀ ਦਾ ਆਦਰਸ਼ ਮਨੁੱਖ ਨੂੰ ਸਚਿਆਰ ਬਣਾਉਣ ਦਾ ਹੈ। ਹੁਣ ਇਸ ਪਉੜੀ ਦੀ ਅਖ਼ੀਰਲੀ ਤੁਕ ਹੈ 'ਨਾਨਕ ਗਇਆ ਜਾਪੈ ਜਾਇ'॥ ਰੱਬੀ ਗੁਣਾਂ ਦੀ ਸਮਝ ਆਉਂਦਿਆਂ ਹੀ ਪਤਾ ਲੱਗਦਾ ਹੈ ਕਿ ਜ਼ਿੰਦਗੀ ਵਿੱਚ ਅਸਲੀਅਤ ਕੀ ਹੈ। ਰੱਬੀ ਗੁਣਾਂ ਨੂੰ ਸਮਝਣ ਲਈ ਉਹਨਾਂ ਦਾ ਅਭਿਆਸ ਕਰਨਾ ਹੈ। ਜਿਸ ਤਰ੍ਹਾਂ ਕੋਈ ਵਿਦਿਆਰਥੀ ਸਾਰਾ ਸਾਲ ਮਿਹਨਤ ਕਰਦਾ ਹੋਇਆ ਚੰਗੇ ਨੰਬਰ ਲੈ ਕੇ ਪਾਸ ਹੋ ਜਾਂਦਾ ਹੈ ਪਰ ਜੇ ਉਹ ਆਪਣਾ ਸਕੂਲ ਦਾ ਕੰਮ ਨਹੀਂ ਕਰਦਾ ਤਾਂ ਉਹ ਫੇਲ੍ਹ ਹੋ ਜਾਂਦਾ ਹੈ। ਏਸੇ ਤਰ੍ਹਾਂ ਹੀ ਅਸੀਂ ਆਪਣੇ ਜੀਵਨ ਕਾਲ ਵਿੱਚ ਰੱਬੀ ਗੁਣਾਂ ਨੂੰ ਸਮਝ ਕੇ ਵਿਵਹਾਰਕ ਜੀਵਨ ਬਣਾਉਣਾ ਹੈ। ਸੁ ਇਸ ਪਉੜੀ ਵਿੱਚ ਇੱਕ ਟਕਸਾਲ ਦਾ ਪ੍ਰਤੀਕ ਲੈ ਕੇ ਮਤ ਘੜਨ ਦੀ ਤਾਗੀਦ ਕੀਤੀ ਗਈ ਹੈ। ਟਕਸਾਲ ਵਿੱਚ ਸਿੱਕੇ ਘੜੇ ਜਾਂਦੇ ਹਨ। ਸਿੱਕੇ ਘੜਨ ਲਈ ਔਜਾਰਾਂ ਦੀ ਜ਼ਰੂਰਤ ਹੁੰਦੀ ਹੈ। ਜਿੱਥੇ

ਮਤ ਘੜਨੀ ਹੈ ਓੱਥੇ ਵੀ ਔਜ਼ਾਰਾਂ ਦੀ ਜ਼ਰੂਰਤ ਹੈ। ਪਰ ਇਹ ਔਜ਼ਾਰ ਦਿਸਦੇ ਨਹੀਂ ਹਨ। ਅਸਲੀ ਤੇ ਨਕਲੀ ਸਿੱਕੇ ਟਕਸਾਲ ਵਿੱਚ ਹੀ ਘੜੇ ਜਾਂਦੇ ਹਨ। ਨਕਲੀ ਸਿੱਕੇ ਵਿੱਚ ਸੋਨੇ ਦੀ ਮਿਕਦਾਰ ਨਹੀਂ ਹੁੰਦੀ। ਸਾਡੇ ਮਨ ਵਿੱਚ ਹਰ ਸਮੇਂ ਭਲਾ ਤੇ ਬੁਰਾ ਦੋ ਭਾਵ ਕੰਮ ਕਰਦੇ ਹਨ। ਇਹਨਾਂ ਦੋਹਾਂ ਕਰਮਾਂ ਦੇ ਅਧਾਰਤ ਹੀ ਸਾਡੀ ਮਤ ਘੜੀ ਜਾਂਦੀ ਹੈ ਤੇ ਏਸੇ ਦੇ ਅਧਾਰਤ ਹੀ ਅਸੀਂ ਕੱਚੇ ਜਾਂ ਪੱਕੇ ਜੀਵਨ ਵਾਲੇ ਕਹਿਲਾ ਸਕਦੇ ਹਾਂ।

ਪਉੜੀ ਦੀਆਂ ਪਹਿਲੀਆਂ ਤੁਕਾਂ ਵਿੱਚ ਇਸ ਧਰਤੀ `ਤੇ ਧਰਮ ਕਮਾਉਣਾ ਹੈ ਭਾਵ ਆਪਣੇ ਫ਼ਰਜ਼ ਦੀ ਪਹਿਛਾਣ ਕਰਨੀ ਹੈ। ਗੁਰਬਾਣੀ ਵਿੱਚ ਜਿੱਥੇ ਧਰਤੀ ਜ਼ਮੀਨੀ ਤਲ਼ ਨੂੰ ਕਿਹਾ ਗਿਆ ਹੈ ਓੱਥੇ ਮਨੁੱਖੀ ਮਨ ਜਾਂ ਮਤ ਲਈ ਵੀ ਧਰਤੀ ਸ਼ਬਦ ਆਇਆ ਹੈ ਜੇਹਾ ਕਿ

ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ॥[20]

ਜੇ ਅਖਰੀਂ ਅਰਥ ਲਵਾਂਗੇ ਤਾਂ ਏਹੀ ਅਰਥ ਬਣਨਗੇ ਕਿ ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਹੈ ਓੱਥੇ ਧਰਤੀ ਹਰੀ ਹੋ ਜਾਂਦੀ ਹੈ। ਪਰ ਅਸੀਂ ਤੇ ਪ੍ਰਕਾਸ਼ ਓੱਥੇ ਕਰਦੇ ਹਾਂ ਜਿੱਥੇ ਮਾਰਬਲ ਲੱਗਿਆ ਹੋਵੇ ਜਾਂ ਲਕੜੀ ਦੀ ਪਾਲਕੀ ਬਣੀ ਹੋਵੇ। ਇਸ ਦਾ ਭਾਵ ਅਰਥ ਹੈ ਜਿਸ ਹਿਰਦੇ ਵਿੱਚ ਗੁਰੂ ਦੀ ਮਤ ਆ ਜਾਂਦੀ ਹੈ ਓੱਥੇ ਸੁਭ ਗੁਣਾਂ ਦੀ ਹਰਿਆਵਲ ਆ ਜਾਂਦੀ ਹੈ। ਇੱਕ ਵਿਚਾਰ ਹੋਰ ਦੇਖਿਆ ਜਾ ਸਕਦਾ ਹੈ

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥[21]

ਇਸ ਧਰਤੀ ਉੱਤੇ ਸਾਨੂੰ ਜੀਵਨ ਮਿਲਿਆ ਹੈ ਤੇ ਸੁੱਖ ਵਾਸਤੇ ਸਾਰਾ ਕੁੱਝ ਕੁਦਰਤ ਨੇ ਬਣਾਇਆ ਹੈ। ਅਸੀਂ ਆਪਣੇ ਫ਼ਰਜ਼ ਦੀ ਪਹਿਛਾਣ ਕਰਨੀ ਹੈ। ਸਾਡੇ ਸਾਹਮਣੇ ਭਲਾ ਤੇ ਬੁਰਾ ਦੋ ਰਸਤੇ ਹਨ। ਇਹਨਾਂ ਰਸਤਿਆਂ ਦੇ ਪਾਂਧੀ ਅਸੀਂ ਹਾਂ ਤੇ ਪਹਿਛਾਣ ਵੀ ਅਸੀਂ ਹੀ ਕਰਨੀ ਹੈ। ਕੱਚਾ ਜਾਂ ਪੱਕਾ ਰਹਿਣਾ ਵੀ ਸਾਡੇ ਤੇ ਹੀ ਨਿਰਭਰ ਕਰਦਾ ਹੈ। ਰਾਤ ਅਨੰਦ ਲੈਣ ਲਈ ਵੀ ਹੈ ਤੇ ਰਾਤ ਚੋਰੀ ਕਰਨ ਲਈ ਵੀ ਹੈ। ਦੋਵੇਂ ਪ੍ਰਮਾਣ ਸਾਨੂੰ ਗੁਰਬਾਣੀ ਵਿਚੋਂ ਮਿਲ ਜਾਂਦੇ ਹਨ

ਸਦਾ ਅਨੰਦਿ ਰਹੈ ਦਿਨੁ ਰਾਤੀ ਮਿਲਿ ਪ੍ਰੀਤਮ ਸੁਖੁ ਪਾਏ॥[22]

ਅਤੇ

ਭਰਮੇ ਭੂਲੇ ਫਿਰਨਿ ਦਿਨ ਰਾਤੀ ਮਰਿ ਜਨਮਹਿ ਜਨਮੁ ਗਵਾਵਣਿਆ॥[23]

ਇਮਤਿਹਾਨਾਂ ਦੇ ਦਿਨਾਂ ਵਿੱਚ ਜਿਹੜਾ ਬੱਚਾ ਸੁੱਤਾ ਹੀ ਰਹਿੰਦਾ ਹੈ ਉਹ ਕੱਚਾ ਹੀ ਰਹੇਗਾ। ਤਰੱਕੀ ਕਰਨ ਵਾਲੇ ਮਨੁੱਖ ਪ੍ਰਤੀ ਪੰਜਾਬੀ ਦਾ ਮੁਹਾਵਰਾ ਬੜਾ ਵਧੀਆ ਹੈ ਤੇ ਲੋਕ ਸਹਿਜ ਸੁਭਾ ਹੀ ਕਹਿ ਦੇਂਦੇ ਹਨ ਕਿ ਰਾਤਾਂ ਜਾਗੀਆਂ ਨੇ। ਸੁ ਰਾਤਰੀ ਦੀ ਸਵੇਰ ਵਰਗੀ ਤਾਜ਼ਗ਼ੀ ਦੇ ਗੁਣ ਨੂੰ ਮਤ ਰੂਪੀ ਧਰਤੀ ਵਿੱਚ ਲੈ ਕੇ ਆਉਣਾ ਹੈ। ਮਨੁੱਖੀ ਸੁੱਖ ਲਈ ਰਾਤਾਂ ਰੁਤਾਂ ਦਿਨ ਆਦਕ ਬਣੇ ਹਨ ਜੋ ਕੁਦਰਤੀ ਨਿਯਮਾਵਲੀ ਵਿੱਚ ਸਦਾ ਹੀ ਚਲਦੇ ਰਹਿੰਦੇ ਹਨ ਤੇ ਏਸੇ ਹੀ ਕੁਦਰਤੀ ਨਿਯਮਾਵਲੀ ਦੇ ਗੁਣਾਂ ਨੂੰ ਸਮਝ ਕੇ ਵਿਵਹਾਰਕ ਜੀਵਨ ਵਲ ਨੂੰ ਵੱਧਣਾ ਹੈ। ਕੁਦਰਤ ਦੀਆਂ ਛੇ ਰੁੱਤਾਂ ਵਿਚੋਂ ਬਸੰਤ ਰੁੱਤ ਦੀ ਪ੍ਰਧਾਨਤਾ ਆਉਂਦੀ ਹੈ। ਸੁ ਬਸੰਤ ਰੁੱਤ ਦੇ ਖੇੜੇ ਨੂੰ ਆਪਣੀ ਮਤ ਵਿੱਚ ਲੈ ਕੇ ਆਉਣਾ ਹੈ।

ਤੀਸਰਾ ਸ਼ਬਦ ਥਿੱਤ ਆਉਂਦਾ ਹੈ। ਮੱਸਿਆ ਵਾਲੀ ਰਾਤ ਤੋਂ ਅਗਲ਼ੇ ਦਿਨ ਨੂੰ ਏਕਮ ਕਹਿੰਦੇ ਹਨ। ਏਸੇ ਤਰ੍ਹਾਂ ਹੀ ਪੁੰਨਿਆਂ ਵਾਲੀ ਰਾਤ ਤੋਂ ਵੀ ਅਗਲ਼ੇ ਦਿਨ ਨੂੰ ਏਕਮ ਕਿਹਾ ਜਾਂਦਾ ਹੈ। ਇਸ ਪ੍ਰਕਿਰਿਆ ਨੂੰ ਥਿੱਤ ਕਿਹਾ ਜਾਂਦਾ ਹੈ। ਮੱਸਿਆ ਵਾਲੀ ਰਾਤ ਤੋਂ ਰਾਤ ਦਾ ਚਾਨਣਾ ਸ਼ੁਰੂ ਹੁੰਦਾ ਹੈ ਜੋ ਪੂਰਨਮਾ ਤੀਕ ਪੂਰਾ ਹੋ ਜਾਂਦਾ ਹੈ। ਫਿਰ ਅੰਧੇਰਾ ਸ਼ੁਰੂ ਹੁੰਦਾ ਹੈ ਜੋ ਮੱਸਿਆ ਦੇ ਰੂਪ ਵਿੱਚ ਬਦਲ ਜਾਂਦਾ ਹੈ। ਕੁਦਰਤ ਦੀ ਨਿਯਮਾਵਲੀ ਵਿੱਚ ਸਾਡੇ ਲਈ ਕਿੰਨਾ ਵਧੀਆ ਉਪਦੇਸ਼ ਹੈ ਕਿ ਧਰਮ ਦੀ ਪਹਿਛਾਣ ਕਰਨ ਨਾਲ ਚਾਨਣਾ ਆਉਣਾ ਸ਼ੁਰੂ ਹੁੰਦਾ ਹੈ ਤੇ ਧਰਮ ਵਲੋਂ ਕਿਨਾਰਾ ਕੀਤਿਆਂ ਅੰਧੇਰਾ ਪਸਰਨਾ ਸ਼ੁਰੂ ਹੁੰਦਾ ਹੈ। ਥਿੱਤ ਦਾ ਅਰਥ ਹੋਇਆ ਚਾਨਣ ਵਲ ਨੂੰ ਵਧਣਾ ਜਾਂ ਹਨ੍ਹੇਰੇ ਵਲ ਨੂੰ ਖਿਸਕਣਾ। ਵਾਰ ਸ਼ਬਦ ਦੇ ਲੱਗਭੱਗ ਇਕੱਤੀ ਕੁ ਅਰਥ ਆਉਂਦੇ ਹਨ। ਕੁਦਰਤ ਦੇ ਇਸ ਬੱਝਵੇਂ ਨਿਯਮ ਵਿੱਚ ਦਿਨ ਰਾਤ ਰੱਬੀ ਤਰਤੀਬ ਨਾਲ ਆਈ ਜਾ ਰਹੇ ਹਨ ਏਸੇ ਤਰ੍ਹਾਂ ਹੀ ਆਪਣੀ ਮਤ ਵਿੱਚ ਇੱਕ ਤਰਤੀਬ ਨੂੰ ਲਿਆਉਣ ਦਾ ਯਤਨ ਕੀਤਾ ਜਾਏ ਜੋ 'ਰਾਤੀ ਰੁਤੀ ਥਿਤੀ ਵਾਰ' ਦੇ ਬਝਵੇ ਰੂਪ ਦਾ ਪ੍ਰਗਟਾਅ ਹੋਵੇ।

ਧਰਤੀ ਦੇ ਤਲ਼ `ਤੇ ਹਵਾ, ਪਾਣੀ, ਅਗਨੀ ਤੇ ਧਰਤੀ ਦੇ ਹੇਠਲੇ ਹਿੱਸੇ ਦਾ ਵਰਣਨ ਵੀ ਕੁਦਰਤੀ ਦਾਤਾਂ ਦੇ ਰੂਪ ਵਿੱਚ ਆਇਆ ਹੈ। ਜਿੱਥੇ ਇਹ ਕੁਦਰਤੀ ਦਾਤਾਂ ਸਾਡਾ ਜੀਵਨ ਚਲਾਉਂਦੀਆਂ ਹਨ ਓੱਥੇ ਇਹਨਾਂ ਦੇ ਅੰਦਰਲੇ ਸਾਂਝੇ ਗੁਣਾਂ ਨੂੰ ਆਤਮਕ ਤਲ਼ ਲਈ ਵੀ ਲੈ ਕੇ ਆਉਣਾ ਹੈ ਤਾਂ ਜੋ ਸਾਡੀ ਚੰਗੀ ਮਤ ਘੜੀ ਜਾਏ— 'ਪਵਣ ਪਾਣੀ ਅਗਨੀ ਪਾਤਾਲ' ਮਤ ਰੂਪੀ ਧਰਤੀ ਤੇ ਪਵਣ ਦਾ ਸਾਂਝੀਵਾਲਤਾ ਦਾ ਗੁਣ, ਪਾਣੀ ਵਰਗੀ ਨਿਰਮਲਤਾ, ਰਵਾਨਗੀ, ਅਗਨੀ ਵਰਗਾ ਉਦਮ ਤੇ ਪਾਤਾਲ ਵਰਗੀ ਡੂੰਘੀ ਜੜ੍ਹ ਦੇ ਗੁਣਾਂ ਦੀ ਵਰਤੋਂ ਕਰਕੇ ਅਸੀਂ ਆਪਣੇ ਫ਼ਰਜ਼ ਦੀ ਪਹਿਛਾਣ ਕਰ ਸਕਦੇ ਹਾਂ। ਇਹਨਾਂ ਸਾਰਿਆਂ ਗੁਣਾਂ ਦੀ ਟਕਸਾਲ ਵਿੱਚ ਧਰਤੀ ਰੂਪੀ ਮਤ ਧਰੀ ਪਈ ਹੈ। ਇਹਨਾਂ ਗੁਣਾਂ ਦੇ ਧਾਰਨੀ ਹੋ ਕੇ ਆਪਣੀ ਮਤ ਵਿੱਚ ਧਰਮ ਖੰਡ ਬਣਾਉਣਾ ਹੈ ਭਾਵ ਇਹਨਾਂ ਗੁਣਾਂ ਕਰਕੇ ਹੀ ਧਰਮ-ਖੰਡ ਦਾ ਨਿਵਾਸ ਹੈ— 'ਤਿਸੁ ਵਿਚਿ, ਧਰਤੀ ਥਾਪਿ ਰਖੀ ਧਰਮਸਾਲ' ਜਦੋਂ ਆਪਣੀ ਜ਼ਿੰਮੇਵਾਰੀ ਨੂੰ ਸਮਝਣ ਲੱਗ ਪਵਾਂਗੇ ਤਾਂ ਅਸੀਂ ਹਕੀਕਤ ਤੌਰ `ਤੇ ਮਤ ਕਰਕੇ ਧਰਮ ਖੰਡ ਦੇ ਵਾਸੀ ਹੋਵਾਂਗੇ।

ਜਿਸ ਤਰ੍ਹਾਂ ਧਰਤੀ `ਤੇ ਕਈ ਪਰਕਾਰ ਦੇ ਜੀਵ ਜੰਤੂ ਰਹਿੰਦੇ ਹਨ ਏਸੇ ਤਰ੍ਹਾਂ ਹੀ ਸਾਡੀ ਮਤ ਵਿੱਚ ਵੀ ਕਈ ਪਰਕਾਰ ਦੇ ਖ਼ਿਆਲਾਂ ਰੂਪੀ ਲੋਕ ਵੱਸੇ ਹੋਏ ਹਨ ਜੋ ਆਪੋ ਆਪਣੀ ਮਰਯਾਦਾ ਵਿੱਚ ਰਹਿ ਰਹੇ ਹਨ— 'ਜੀਅ ਜੁਗਤਿ ਕੇ ਰੰਗ॥ ਤਿਨ ਕੇ ਨਾਮ, ਅਨੇਕ ਅਨੰਤ'॥ ਸੇਵਾ ਰੂਪੀ ਜੀਵ ਦੀ ਆਪਣੀ ਜੁਗਤੀ ਤੇ ਆਪਣਾ ਰੰਗ ਹੈ। ਮਿੱਠਾ ਬੋਲਣ ਜੀਵ ਦਾ ਆਪਣਾ ਰੰਗ ਹੈ। ਸੁ ਅੰਦਰਲੇ ਸ਼ੁਭ ਖ਼ਿਆਲ ਸਾਡੇ ਸੁਭਾਅ ਰਾਂਹੀਂ ਪ੍ਰਗਟ ਹੁੰਦੇ ਹਨ। ਸਾਡੀ ਮਤ ਰੂਪੀ ਧਰਤੀ `ਤੇ ਸੋਹਣੇ ਖ਼ਿਆਲਾਂ ਦਾ ਆਪਣਾ ਸੰਸਾਰ ਹੈ। ਜੇ ਕਿਸੇ ਬੱਚੇ ਨੇ ਡਾਕਟਰੀ ਕੀਤੀ ਹੈ ਤਾਂ ਅਸੀਂ ਉਸ ਨੂੰ ਡਾਕਟਰ ਦੇ ਨਾਂ ਨਾਲ ਸੰਬੋਧਨ ਕਰਦੇ ਹਾਂ। ਜਿਸ ਤਰ੍ਹਾਂ ਧਰਤੀ ਵਿੱਚ ਜੋ ਬੀਜਦੇ ਹਾਂ ਉਹੋ ਕੁੱਝ ਹੀ ਉੱਗਦਾ ਹੈ ਏਸੇ ਤਰ੍ਹਾਂ ਹੀ ਜਿਸ ਗੁਣ ਦੀ ਅਸੀਂ ਪ੍ਰਾਪਤੀ ਕਰਦੇ ਹਾਂ ਓਸੇ ਦੀ ਹੀ ਪਹਿਛਾਣ ਬਣ ਜਾਂਦੀ ਹੈ। ਕਿਸੇ ਚੀਜ਼ ਦੀ ਪਹਿਛਾਣ ਕਰਨ ਲਈ ਉਸ ਦਾ ਰੰਗ ਦੇਖਿਆ ਜਾਂਦਾ ਹੈ। ਜਦੋਂ ਸੰਤੋਖ ਜਾਂ ਨਿਰਵੈਰਤਾ ਦੀ ਜੁਗਤੀ ਸਾਡੀ ਮਤ ਵਿਚੋਂ ਪ੍ਰਗਟ ਹੋਏਗੀ ਤਾਂ ਧਰਮ ਖੰਡ ਦੇ ਵਾਸੀ ਹੋਣ ਦੀ ਪੁਸ਼ਟੀ ਹੁੰਦੀ ਹੈ।

ਧਰਤੀ ਦੇ ਤਲ਼ `ਤੇ ਪਰੇ ਪੰਚਾਇਤ ਜਾਂ ਕੋਟ-ਕਚਹਿਰੀ ਸਾਡੇ ਕਰਮ ਦੇਖ ਕੇ ਫੈਸਲੇ ਕਰਦੀ ਹੈ। ਸਾਡੀ ਮਤ ਵਿੱਚ ਜਦੋਂ ਰੱਬੀ ਗੁਣਾਂ ਦੀ ਭਰਪੂਰਤਾ ਹੁੰਦੀ ਹੈ ਤਾਂ ਸੱਚ ਦੇ ਅਧਾਰਤ ਹੀ ਫੈਸਲੇ ਕਰਦੀ ਹੈ– ਕਰਮੀ 'ਕਰਮੀ ਹੋਇ ਵੀਚਾਰੁ॥ ਸਚਾ ਆਪਿ, ਸਚਾ ਦਰਬਾਰੁ'॥ ਪਰਮਾਤਮਾ ਸਰਬ ਵਿਆਪਕ ਹੈ। ਸਾਡੀ ਮਤ ਵਿੱਚ ਵੀ ਉਹ ਹੀ ਬੈਠਾ ਹੈ। ਜਦੋਂ ਧਰਮ ਖੰਡ ਦੀ ਸਮਝ ਪੈਂਦੀ ਹੈ ਤਾਂ ਅੰਦਰਲੀ ਸੱਚੀ ਸੋਚ ਦਾ ਸੱਚਾ ਦਰਬਾਰ ਸ਼ੁਭ ਮਤ ਵਿਚੋਂ ਪ੍ਰਗਟ ਹੁੰਦਾ ਹੈ। ਜਿਸ ਨੂੰ ਸਚਿਆਰ ਦੇ ਰੂਪ ਵਿੱਚ ਪ੍ਰਮਾਣਤਾ ਹਾਸਲ ਹੁੰਦੀ ਹੈ ਤੇ ਇਸ ਨੂੰ ਪੰਚ ਪਰਵਾਣ ਕਿਹਾ ਹੈ— 'ਤਿਥੈ, ਸੋਹਨਿ ਪੰਚ ਪਰਵਾਣੁ' ਜਿਸ ਮਤ ਨੇ ਆਪਣੇ ਫ਼ਰਜ਼ ਦੀ ਪਹਿਛਾਣ ਕੀਤੀ ਉਹ ਹੀ ਮਤ ਸ਼ੋਭਨੀਕ ਹੈ।

ਕੀਤੇ ਹੋਏ ਸ਼ੁਭ ਗੁਣ ਸਾਡੇ ਸੁਭਾਅ ਵਿਚੋਂ ਪ੍ਰਗਟ ਹੁੰਦੇ ਹਨ ਜਿਸ ਨੂੰ— 'ਨਦਰੀ ਕਰਮਿ ਪਵੈ ਨੀਸਾਣੁ' ਕਿਹਾ ਗਿਆ ਹੈ। ਜਿਸ ਤਰ੍ਹਾਂ ਕੋਈ ਮਨੁੱਖ ਲਕੜੀ ਦਾ ਕੰਮ ਸਿੱਖ ਕੇ ਉਸ ਕਿੱਤੇ ਨੂੰ ਅਪਨਾ ਕੇ ਲੋਕਾਂ ਵਿੱਚ ਕੰਮ ਕਰਦਾ ਹੈ ਤਾਂ ਉਸ ਦਾ ਕੰਮ ਉਸ ਦੀ ਕਲਾ ਵਿਚੋਂ ਪ੍ਰਗਟ ਹੁੰਦਾ ਹੈ। ਲੋਕ ਕਹਿੰਦੇ ਨੇ ਇਹ ਬਹੁਤ ਵਧੀਆ ਕਾਰੀਗਰ ਹੈ। ਜੇ ਕਾਰੀਗਰ ਸਿੱਖਣ ਦੀ ਬਜਾਏ ਤਾਸ਼ ਖੇਡ ਕੇ ਸਮਾਂ ਬਰਬਾਦ ਕਰ ਆਏ ਤਾਂ ਉਸ ਦਾ ਕੀਤਾ ਹੋਇਆ ਕੰਮ ਕੱਚਾ ਹੋਏਗਾ। ਏਸੇ ਤਰ੍ਹਾਂ ਆਤਮਕ ਤਲ਼ ਤੇ ਜੇ ਅਸੀਂ ਸ਼ੁਭ ਗੁਣਾਂ ਦੀ ਵਰਤੋਂ ਨਹੀਂ ਕਰਦੇ ਜਾਂ ਆਪਣੇ ਫ਼ਰਜ਼ ਦੀ ਪਹਿਛਾਣ ਨਹੀਂ ਕਰਦੇ ਤਾਂ ਰੱਬ ਦੀ ਦਰਗਾਹ ਭਾਵ ਆਤਮਕ ਤਲ਼ ਤੇ ਹੀ ਪਤਾ ਲੱਗ ਜਾਂਦਾ ਹੈ ਕਿ ਅਜੇ ਇਹ ਸਚਿਆਰ ਦੀ ਮੰਜ਼ਿਲ ਤੋਂ ਬਹੁਤ ਦੂਰ ਹੈ ਤੇ ਧਰਮ-ਖੰਡ ਦੇ ਮੁਸਾਫਰ ਨਹੀਂ ਬਣੇ।

ਸਾਡਿਆਂ ਪਿੰਡਾਂ ਵਿੱਚ ਮਿੱਟੀ ਦੇ ਭਾਂਡੇ ਵਿਕਣ ਲਈ ਆਉਂਦੇ ਹੁੰਦੇ ਸੀ। ਮਾਤਾਵਾਂ ਉਹਨਾਂ ਭਾਂਡਿਆਂ ਨੂੰ ਆਪਣੀ ਉਂਗਲ਼ ਦੀ ਟਕੋਰ ਮਾਰ ਕੇ ਦੇਖ ਲੈਂਦੀਆਂ ਸੀ ਕਿ ਇਹ ਭਾਂਡਾ ਕੱਚਾ ਜਾਂ ਪੱਕਾ। ਏਸੇ ਤਰ੍ਹਾਂ ਹੀ ਕੋਈ ਆਦਮੀ ਕਪੜੇ ਸਿਉਣ ਦੀ ਜਾਚ ਸਿਖਣ ਲਈ ਜਾਂਦਾ ਹੈ। ਪਰ ਕਈ ਸਾਲ ਲੰਘਣ ਦੇ ਬਾਵਜੂਦ ਵੀ ਉਹਦੀ ਸਮਝ ਵਿੱਚ ਕਪੜਾ ਸਿਉਣ ਦਾ ਵਲ਼ ਨਹੀਂ ਆਇਆ ਤਾਂ ਉਹਦੇ ਸਿਉਤੇ ਹੋਏ ਕਪੜੇ ਕੱਚੇ ਕਾਰੀਗਰ ਦੇ ਹੀ ਹੋਣਗੇ— 'ਕਚ ਪਕਾਈ, ਓਥੈ ਪਾਈ' ਹੁਣ ਧਰਮ ਖੰਡ ਵਿੱਚ ਆਪਣੇ ਫ਼ਰਜ਼ ਨੂੰ ਸਮਝ ਕੇ

ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਨਾ ਸੀ ਤਾਂ ਕੇ ਆਉਣ ਵਾਲੇ ਜੀਵਨ ਵਿੱਚ ਧਰਮ ਖੰਡ ਦੀ ਪ੍ਰਭੂ ਸਤਾ ਸਾਡੇ ਜੀਵਨ ਵਿਚੋਂ ਪ੍ਰਗਟ ਹੁੰਦੀ— 'ਨਾਨਕ ਗਇਆ ਜਾਪੈ ਜਾਇ'।

**ਧਰਮ-ਖੰਡ ਦਾ ਵਿਵਹਾਰਕ ਪੱਖ–**

ਜਿਸ ਤਰ੍ਹਾਂ ਸਾਡੇ ਜੀਵਨ ਲਈ ਕੁਦਰਤੀ ਸੁੱਖ ਸਹੂਲਤਾਂ ਹਨ। ਅਸੀਂ ਇਹਨਾਂ ਸੁੱਖ ਸਹੂਲਤਾਂ ਦੀ ਵਰਤੋਂ ਕਰਦਿਆਂ ਆਪਣੇ ਜੀਵਨ ਤੇ ਆਪਣੇ ਆਲੇ ਦੁਆਲੇ ਸਾਫ਼–ਸੁਥਰਾ ਵਾਤਾਵਰਨ ਦੇਣਾ ਸੀ। ਗੁਰਬਾਣੀ ਦੇ ਭਾਵ ਅਰਥਾਂ ਨੂੰ ਆਪਣੇ ਮਨ `ਤੇ ਲਾਗੂ ਨਾ ਕਰ ਕੇ ਆਪਣੇ ਜੀਵਨ ਨਾਲੋਂ ਵੱਖਰਾ ਧਰਮ-ਖੰਡ ਸਥਾਪਤ ਕਰ ਲਿਆ ਹੈ। ਗੁਰੂ ਨਾਨਕ ਸਾਹਿਬ ਜੀ ਜੋਗੀਆਂ, ਸਿੱਧਾਂ, ਪੰਡਤਾਂ, ਮੁਲਾਂ, ਰਾਜਨੀਤਕ ਆਗੂਆਂ ਤੇ ਸਮਾਜਕ ਚਿੰਤਕਾਂ ਪਾਸ ਜਾ ਕੇ ਉਹਨਾਂ ਨੂੰ ਉਹਨਾਂ ਦੇ ਫ਼ਰਜ਼ ਦੀ ਪਹਿਛਾਣ ਕਰਾਈ। ਧਰਮ ਦਾ ਅਰਥ ਹੈ ਧਾਰਨ ਕੀਤਾ ਹੋਇਆ। ਜੋ ਸੁਭਾਅ ਅਸੀਂ ਬਣਾ ਚੁੱਕੇ ਹਾਂ ਉਹ ਸਾਡਾ ਧਰਮ ਹੈ।

ਜਦੋਂ ਸਾਡੇ ਮਤ ਵਿੱਚ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਹੁੰਦਾ ਹੈ ਤਾਂ ਓੱਥੇ ਧਰਮ ਖੰਡ ਦੀ ਅਵਸਥਾ ਦਾ ਜਨਮ ਹੁੰਦਾ ਹੈ। ਇਸ ਅਵਸਥਾ ਨੂੰ ਇਕੱਲੇ ਆਪਣੇ ਮਨ ਤੀਕ ਸੀਮਤ ਨਹੀਂ ਰੱਖਣਾ ਸਗੋਂ ਵਿਵਹਾਰਕ ਵੀ ਬਣਾਉਣਾ ਹੈ। ਮੰਨ ਲਓ ਕੋਈ ਅਧਿਆਪਕ ਸਕੂਲ ਵਿੱਚ ਆਪਣੀ ਨੌਕਰੀ `ਤੇ ਲੱਗਿਆ ਹੋਇਆ ਹੈ ਜੇ ਉਹ ਵਿਦਿਆਰਥੀਆਂ ਨੂੰ ਮਨ ਕਰਕੇ ਪੜ੍ਹਾ ਰਿਹਾ ਹੈ ਤਾਂ ਧਰਮ ਖੰਡ ਨੂੰ ਵਿਵਹਾਰਕ ਬਣਾ ਰਿਹਾ ਹੈ। ਰਾਤ ਦੀ ਕੀਤੀ ਹੋਈ ਮਿਹਨਤ, ਬਸੰਤ ਰੁੱਤ ਦੀ ਖਿੜੀ ਹੋਈ ਮਹਿਕ, ਹਨੇਰੇ ਤੋਂ ਚਾਨਣ ਵਲ ਨੂੰ ਵਧਣ ਵਾਲੀ ਥਿੱਤ ਤੇ ਵਾਰਾਂ ਵਾਲੀ ਤਰਤੀਬ ਸਾਨੂੰ ਵਿਵਹਾਰਕ ਬਣਾਉਂਦੀ ਹੈ। ਪਵਨ ਦੀ ਸਾਂਝੀਵਾਲਤਾ, ਪਾਣੀ ਦੀ ਨਿਰਮਤਾ ਗਤੀ ਸ਼ੀਲਤਾ, ਅਗਨੀ ਦਾ ਉਦਮ ਤੇ ਪਤਾਲ ਵਰਗੀ ਡੂੰਘੀ ਜੜ੍ਹ ਸਾਨੂੰ ਆਪਣੇ ਫ਼ਰਜ਼ ਦੀ ਪਹਿਚਾਣ ਕਰਾ ਕੇ ਸੰਸਾਰ ਵਿੱਚ ਰਬੀ ਗੁਣਾਂ ਵਾਲਾ ਸਚਿਆਰ ਮਨੁੱਖ ਬਣਾਉਂਦੀ ਹੈ। ਇਹ ਇੱਕ ਅਜੇਹਾ ਕਰਮ ਹੈ ਜਿਸ ਨਾਲ ਸਾਡੀ ਪਹਿਚਾਣ ਬਣਦੀ ਹੈ। ਆਪਣੇ ਫ਼ਰਜ਼ ਦੀ ਪਹਿਚਾਣ ਸਾਨੂੰ ਉਸ ਅਵਸਥਾ ਵਿੱਚ ਲੈ ਕੇ ਜਾਂਦੀ ਹੈ ਜਿੱਥੋਂ ਸਾਡੇ ਸਚਿਆਰ ਇਖ਼ਲਾਕ ਦੀ ਤਸਵੀਰ ਸਭ ਦੇ ਸਾਹਮਣੇ ਪ੍ਰਗਟ ਹੁੰਦੀ ਹੈ।

ਧਰਮ ਦੀ ਪਹਿਚਾਣ ਅਸੀਂ ਬਾਹਰਲੇ ਤਲ਼ ਤੀਕ ਸੀਮਤ ਕਰ ਦਿੱਤੀ ਹੈ। ਅਸਾਂ ਵੀ ਇਹ ਹੀ ਸਮਝ ਲਿਆ ਹੈ ਕਿ ਆਦਮੀ ਬਾਹਰੋਂ ਧਰਮੀ ਦਿਸ ਰਿਹਾ ਹੈ ਇਹ ਜ਼ਰੂਰ ਧਰਮੀ ਹੋਏਗਾ। ਅਸਲ ਧਰਮ ਖੰਡ ਦਾ ਵਾਸੀ ਉਹ ਹੈ ਜੋ 'ਜਿਨੁ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ' ਦਾ ਧਾਰਨੀ ਹੈ। ਧਰਮ ਖੰਡ ਵਿੱਚ ਵਿਚਰਨ ਵਾਲੇ ਦੇ ਜੀਵਨ ਵਿਚੋਂ ਚੰਗੇ ਸਲੀਕੇ ਵਾਲੇ ਸਮਾਜ ਦਾ ਜਨਮ ਹੁੰਦਾ ਹੈ।

ਗੁਰਬਾਣੀ ਅਨੁਸਾਰ ਕੁਝ ਰੀਤਾਂ ਰਸਮਾਂ ਜਾਂ ਕਰਮ ਕਾਂਡਾਂ ਨੂੰ ਨਿਭਾਅ ਲੈਣ ਵਾਲਾ ਧਰਮੀ ਨਹੀਂ ਮੰਨਿਆ ਜਾ ਸਕਦਾ ਹੈ। ਜੇਕਰ ਗੁਰਬਾਣੀ ਦੇ ਸਾਰੇ ਸਬਦ ਇਕੱਠੇ ਕੀਤੇ ਜਾਣ ਤਾਂ ਅਸੀਂ ਧਰਮ ਦੀ ਹੇਠ ਲਿਖੀ ਪ੍ਰੀਭਾਸ਼ਾ ਕਹਿ ਸਕਦੇ ਹਾਂ।

ਸਿੱਖ ਧਰਮ ਅਨੁਸਾਰ ਮਨੁੱਖਾ ਜੀਵਨ ਦੀ ਜਾਂਚ, ਪਵਿੱਤਰ ਆਚਰਨ, ਅਕਾਲ ਪੁਰਖੁ ਦੇ ਹੁਕਮੁ ਨੂੰ ਗੁਰੁ ਗ੍ਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਦੁਆਰਾ ਪਛਾਨਣਾ, ਅਕਾਲ ਪੁਰਖੁ ਦੇ ਹੁਕਮੁ ਤੇ ਉਸ ਦੀ ਰਜ਼ਾ ਅਨੁਸਾਰ ਚਲਣਾ ਅਤੇ ਉਸ ਅਨੰਤ ਸ਼ਕਤੀ ਦੇ ਮਾਲਕ ਅਕਾਲ ਪੁਰਖੁ ਨਾਲ ਅਭੇਦ ਹੋਣ ਨੂੰ ਧਰਮ ਕਹਿੰਦੇ ਹਨ।

ਸੰਸਾਰ ਵਿੱਚ ਤੇਰਾ-ਮੇਰਾ, ਆਪਣਾ-ਬਿਗਾਨਾ ਆਦਿ ਦੀ ਉਲਝਣ ਸ਼ੁਰੂ ਤੋਂ ਹੀ ਚਲੀ ਆ ਰਹੀ ਹੈ। ਇਸ ਤਾਣੇ ਬਾਣੇ ਵਿੱਚ ਉਲਝ ਕੇ ਮਨੁੱਖੀ ਸਮਾਜ ਕਈ ਊਣਤਾਈਆਂ, ਵਿਕਾਰਾਂ, ਕਮਜ਼ੋਰੀਆਂ ਦਾ ਸ਼ਿਕਾਰ ਹੋ ਰਿਹਾ ਹੈ। ਵੰਡੀਆਂ, ਵਿਤਕਰੇ ਸੁਚੱਜੇ ਸਮਾਜ ਦੀ ਬਣਤਰ ਵਿੱਚ ਸਭ ਤੋਂ ਵੱਡੀ ਰੁਕਾਵਟ ਬਣ ਕੇ ਸਮਾਜ ਨੂੰ ਘੁਣ ਵਾਂਗ ਅੰਦਰੋਂ ਖੋਖਲਾ ਕਰੀ ਜਾ ਰਹੇ ਹਨ। ਦਸ ਗੁਰੂ ਸਾਹਿਬਾਨ ਨੇ ਮਨੁੱਖੀ ਸਮਾਜ ਨੂੰ ਇਸ ਖੋਖਲੇਪਨ ਤੋਂ ਨਿਜਾਤ ਦਿਵਾਉਣ ਲਈ ਮਨੁੱਖਤਾ ਦੇ ਸਾਹਮਣੇ ਇੱਕ ਨਵਾਂ ਤੇ ਨਿਵੇਕਲਾ ਸਿਧਾਂਤ ਪੇਸ਼ ਕੀਤਾ। ਗੁਰੂ ਸਾਹਿਬ ਵਲੋਂ ਦਰਸਾਏ ਸਿਧਾਂਤ ਦੀ ਵਡਿਆਈ, ਵਿਲੱਖਣਤਾ ਹੀ ਇਹੀ ਹੈ ਕਿ ਰੱਬ ਕਿਤੇ ਸਤਵੇਂ ਅਸਮਾਨ ਤੇ ਨਹੀਂ ਬੈਠਾ ਸਗੋਂ ਆਪਣੀ ਸਾਜੀ ਸ੍ਰਿਸ਼ਟੀ ਦੇ ਕਣ-ਕਣ ਵਿੱਚ ਬਿਨਾਂ ਕਿਸੇ ਵਿਤਕਰੇ ਤੋਂ ਸਮਾਇਆ ਹੋਇਆ ਹੈ। ਇਸ ਪ੍ਰਥਾਇ ਗੁਰੂ ਵਾਕ ਹਨ:-

ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧੁ ਮਹਿ ਘੀਆ॥

ਊਚ ਨੀਚ ਮਹਿ ਜੋਤ ਸਮਾਣੀ ਘਟਿ ਘਟਿ ਮਾਧਉ ਜੀਆ॥[24]

ਜਦੋਂ ਸਾਨੂੰ ਪ੍ਰਮੇਸ਼ਰ ਸਾਰਿਆਂ ਵਿੱਚ ਇੱਕ ਸਮਾਨ ਵੱਸਦਾ ਪ੍ਰਤੀਤ ਹੋਵੇਗਾ ਤਾਂ ਹਿੰਦੂ, ਮੁਸਲਮਾਨ, ਸਿੱਖ, ਇਸਾਈ, ਜੈਨੀ, ਬੋਧੀ, ਪਾਰਸੀ ਆਦਿ ਦੇ ਸਭ ਮਜ਼ਹਬੀ ਝਗੜੇ ਖਤਮ ਹੋ ਜਾਣਗੇ, ਕੋਈ ਵਿਤਕਰਾ ਨਹੀ ਰਹੇਗਾ, ਇਹ ਗੁਰੂ ਸਿਧਾਂਤ ਪੱਕੇ ਤੌਰ ਤੇ ਸਾਡੀ ਸਮਝ ਵਿੱਚ ਆ ਜਾਵੇਗਾ।

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥

ਏਕ ਨੂਰ ਤੇ ਸਭ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥[25]

ਐਸੇ ਗੁਰੂ ਹੁਕਮਾਂ ਦੇ ਹੁੰਦਿਆਂ ਹੋਇਆਂ ਅਸੀਂ ਕਿਸੇ ਹੋਰ ਨੂੰ ਬੁਰਾ ਭਲਾ ਕਿਵੇਂ ਆਖ ਸਕਦੇ ਹਾਂ?

ਬੁਰਾ ਭਲਾ ਕਹੁ ਕਿਸਨੋ ਕਹੀਐ ਸਗਲੇ ਜੀਅ ਤੁਮਾਰੇ॥[26]

ਜਦੋ ਇਸ ਤਰਾਂ ਗੁਰਮਤਿ ਭਰਪੂਰ ਦ੍ਰਿਸ਼ਟੀ ਨਾਲ ਸੰਸਾਰ ਨੂੰ ਵੇਖਣ ਦੀ ਜਾਚ ਆ ਜਾਵੇਗੀ ਫਿਰ ਸਾਡੇ ਮਨਾਂ ਵਿੱਚ ਪਈਆਂ ਹੋਈਆਂ ਵਿਤਕਰੇ ਦੀਆਂ ਵਿਥਾਂ ਪੂਰਨ ਤੌਰ ਤੇ ਖਤਮ ਹੋ ਜਾਣਗੀਆਂ। ਫਿਰ ਕੋਈ ਮਨੁੱਖ ਸਰਬ ਸਾਂਝੇ ਰੱਬ ਨੂੰ ਕਿਸ ਨਾਮ ਨਾਲ ਚੇਤੇ ਕਰ ਰਿਹਾ ਹੈ, ਕਿਵੇਂ ਯਾਦ ਕਰ ਰਿਹਾ ਹੈ, ਬਾਰੇ ਸਭ ਭੁਲੇਖੇ ਖਤਮ ਹੋ ਜਾਣਗੇ।

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥

ਕੋਈ ਸੇਵੇ ਗੁਸਈਆ ਕੋਈ ਅਲਾਹਿ॥

ਕਾਰਣ ਕਰਣ ਕਰੀਮ॥ ਕਿਰਪਾ ਧਾਰ ਰਹੀਮ॥[27]

ਪ੍ਰਮੇਸ਼ਰ ਸਾਰੀ ਸ਼੍ਰਿਸ਼ਟੀ ਦਾ ਕਰਤਾ ਹੈ, ਸ਼੍ਰਿਸ਼ਟੀ ਦਾ ਮੁੱਢ ਹੈ, ਸ਼੍ਰਿਸ਼ਟੀ ਦੇ ਕਣ ਕਣ ਵਿੱਚ ਇੱਕ ਰਸ ਸਮਾਇਆ ਹੋਇਆ ਹੈ। ਕਿਉਂਕਿ ਅਸੀਂ ਬਾਹਰੀ ਵਿਖਾਵਾ ਤਾਂ ਧਰਮੀ ਹੋਣ ਦਾ ਕਰਦੇ ਹਾਂ ਪਰ ਮਨੁੱਖ ਨੂੰ ਮਨੁੱਖ ਨਾਲ ਜੋੜ ਕੇ ਵੇਖਣ ਵਾਲੀ ਧਰਮ ਦੀ ਮੂਲ ਭਾਵਨਾ ਤੋ ਕੋਹਾਂ ਦੂਰ ਚਲੇ ਜਾਂਦੇ ਹਾਂ। ਧਰਮ ਦੇ ਮੂਲ ਸਿਧਾਂਤ ਬਾਰੇ ਗੁਰਬਾਣੀ ਸਾਡੀ ਅਗਵਾਈ ਕਰਦੀ ਹੈ।

ਇਸ ਤੋਂ ਅੱਗੇ ਵੇਖਣ ਦਾ ਯਤਨ ਕਰੀਏ "ਏਕੁ ਪਿਤਾ ਏਕਸ ਕੇ ਹਮ ਬਾਰਿਕ" ਦਾ ਰੱਬੀ ਸਿਧਾਂਤ ਸਾਡੀ ਸਮਝ ਵਿੱਚ ਵੀ ਆ ਜਾਂਦਾ ਹੈ। ਇਸ ਰੱਬੀ ਸਿਧਾਂਤ ਨੂੰ ਅਮਲੀ ਜੀਵਨ ਵਿੱਚ ਸਮਝਣ ਵਾਲੀਆਂ ਰੂਹਾਂ ਭਾਈ ਘਨਈਆ ਜੀ ਅਤੇ ਭਗਤ ਪੂਰਨ ਸਿੰਘ ਆਦਿ ਦੀਆਂ ਪ੍ਰਤੱਖ ਇਤਿਹਾਸਕ ਉਦਾਹਰਣਾਂ ਸਾਡੇ ਸਾਹਮਣੇ ਹਨ। ਜੋ ਧਰਮ ਦੇ ਅਸਲ ਅਰਥਾਂ ਨੂੰ ਅਮਲ ਰੂਪ ਵਿੱਚ ਸਾਡੇ ਸਾਹਮਣੇ ਰੂਪਮਾਨ ਕਰਦੇ ਦਿਸਦੇ ਹਨ। "ਏਕੁ ਪਿਤਾ ਏਕਸ ਕੇ ਹਮ ਬਾਰਿਕ" ਦੇ ਸਿਧਾਂਤ ਨੂੰ ਸਮਝਣ ਲਈ ਸਾਨੂੰ "ਜੀਅਹੁ ਮੈਲੇ ਬਾਹਰਹੁ ਨਿਰਮਲ" ਦੀ ਥਾਂ ਤੇ "ਜੀਅਹੁ ਨਿਰਮਲ ਬਾਹਰਹੁ ਨਿਰਮਲ" ਵਾਲੀ ਜੀਵਨ ਅਵਸਥਾ ਦਾ ਪਾਲਣ ਕਰਨਾ ਜਰੂਰੀ ਹੈ, ਜਿਸ ਦਿਨ ਅਸੀਂ ਇਸ ਪਾਸੇ ਸਹੀ ਅਰਥਾਂ ਵਿੱਚ ਚਲ ਪਏ, ਅਸੀਂ ਅੰਦਰੋਂ ਬਾਹਰੋਂ ਇੱਕ ਹੋ ਗਏ, ਬਾਹਰੀ ਵਿਖਾਵੇ ਲਈ ਫਾਲਤੂ ਖਰਚ ਨਾ ਕਰਕੇ 'ਗਰੀਬ ਦਾ ਮੂੰਹ ਗੁਰੂ ਕੀ ਗੋਲਕ` ਦੇ ਪਾਂਧੀ ਬਣਾਂਗੇ ਤਾਂ ਮਨੁੱਖਾਂ ਦੇ ਵੱਖ ਵੱਖ ਪਹਿਰਾਵੇ, ਰੰਗ-ਨਸਲ, ਜਾਤ-ਪਾਤ, ਮਜ਼ਹਬ ਦੇ ਅਧਾਰ ਤੇ ਸਾਡੇ ਮਨਾਂ ਵਿੱਚ ਪੈਦਾ ਹੋਏ ਵਿਤਕਰੇ ਖਤਮ ਹੋ ਜਾਣਗੇ, ਫਿਰ ਸਹੀ ਅਰਥਾਂ ਵਿੱਚ "ਬੇਗਮਪੁਰਾ ਸਹਰ ਕੋ ਨਾਉ"[28] ਵਾਲੇ ਸੁਚੱਜੇ ਸਮਾਜ ਦੀ ਸਿਰਜਨਾ ਹੋ ਜਾਵੇਗੀ। "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਦੀ ਰੋਸ਼ਨੀ ਵਿੱਚ ਚਲਦਿਆਂ ਸਾਡੇ ਹਿਰਦੇ ਵਿਚੋਂ ਫਿਰ ਪਰਮੇਸ਼ਰ ਦੇ ਚਰਨਾਂ ਵਿੱਚ ਕੀਤੀ ਜਾਣ ਵਾਲੀ ਅਰਦਾਸ ਕੇਵਲ ਨਿਜ ਲਈ ਨਹੀ ਸਗੋਂ ਸਮੁੱਚੇ ਸੰਸਾਰ ਦੇ ਭਲੇ ਲਈ ਨਿਕਲੇਗੀ।

ਗਿਆਨੀ ਜਸਵੰਤ ਸਿੰਘ ਪ੍ਰਵਾਨਾ ਦੀ ਪੁਸਤਕ ਧਰਮ ਕਲਾ ਅਨੁਸਾਰ ਕਿ ਇਕ ਧਨਵਾਨ ਵੀ ਇਹੋ ਚਾਹੁੰਦਾ ਹੈ ਕਿ ਲੋਕ ਮੇਰੀ ਮੰਨਣ. ਮੇਰੇ ਮਗਰ ਤੁਰਨ। ਇਕ ਪਹਿਲਵਾਨ ਵੀ ਇਹੋ ਚਾਹੁੰਦਾ ਹੈ ਕਿ ਲੋਕ ਮੇਰੀ ਮੰਨਣ ਮੇਰੇ ਮਗਰ ਤੁਰਨ ਇਕ ਮਹਾਨ ਯੋਧਾ ਵੀ ਇਹੋ ਚਾਹੁੰਦਾ ਹੈ ਕਿ ਲੋਕ ਮੇਰੀ ਮੰਨਣ, ਮੇਰੀ ਤਲਵਾਰ ਤੋਂ ਡਰਦੇ ਮੇਰੇ ਮਗਰ ਤੁਰਨ। ਸਾਇਦ ਸਾਧੂ ਵੀ ਇਹੀ ਚਾਹੁੰਦਾ ਹੋਵੇ ਕਿ ਲੋਕ ਮੇਰੀ ਮੰਨਣ ਮੇਰੇ ਮਗਰ ਤੁਰਨ, ਫੇਰ ਸਾਧੂ ਵਿਚ ਅਤੇ ਦੁਨੀਆਦਾਰ ਵਿਚ ਕੀ ਫ਼ਰਕ ਰਹਿ ਗਿਆ। ਸਾਰਿਆਂ ਦਾ ਨਿਸ਼ਾਨਾ ਇਕ ਹੈ ਕਿ ਜਗਤ ਨੂੰ ਵਸ ਵਿਚ ਕਿਵੇਂ ਕਰਨਾ ਹੈ, ਸ਼ਕਤੀ ਪਾ ਕੇ ਨਿਸ਼ਾਨਾ ਕੀ ਹੈ? ਜਗਤ ਜਿੱਤਾਂ। ਪਰ ਗੁਰਮਤਿ ਅਨੁਸਾਰ ਇਹ ਨਿਸ਼ਾਨਾ ਹੀ ਗਲਤ ਹੈ। ਜਗਤ ਵੀ ਮਿਥਿਆ ਹੈ ਇਸ ਨੇ ਸਦਾ ਨਹੀ ਰਹਿਣਾ

ਜਿੱਤਣ ਵਾਲਾ ਵੀ ਅੰਤ ਦੋਵੇ ਹੱਥ ਝਾੜ ਕੇ ਚਲਾ ਜਾਵੇਗਾ। ਧਰਮ ਦਾ ਨਿਸ਼ਾਨਾ ਸਿਰਫ਼ ਜਗਤ ਦੀ ਖੇਡ ਹੀ ਰਹਿ ਜਾਏ ਤਾ ਕਿੰਨਾ ਮੰਦਭਾਗਾ ਹੈ ਉਹ ਧਰਮੀ, ਜਿਹੜਾ ਧਰਮ ਕੋਡੀਆਂ ਦੇ ਭਾਅ ਗਵਾ ਕੇ ਤੁਰ ਗਿਆ।

ਇਕੱਲੀ ਕਲਾ ਦਾ ਨਿਸ਼ਾਨਾ ਤਾਂ ਜਗਤ ਨੂੰ ਪ੍ਰਭਾਵਤ ਕਰਨਾ ਹੀ ਹੈ ਪਰ ਧਰਮ ਕਲਾ ਦਾ ਨਿਸ਼ਾਨਾ ਹੈ ਕਿ ਹੇ ਮਨੁੱਖ ਤੂੰ ਤਾਂ ਅਣਹੋਣੀਆ ਗੱਲਾਂ ਕਰ ਕੇ ਰੱਬ ਬਣਨਾ ਚਾਹੁੰਦਾ ਹੈ, ਤੂੰ ਧਰਮ ਕਲਾ ਦੇ ਆਸਰੇ ਸਿਰਫ ਇਨਸਾਨ ਹੀ ਬਣ ਜਾਵੇ ਤਾਂ ਤੂੰ ਬਹੁਤ ਕੁੱਝ ਪ੍ਰਾਪਤ ਕਰ ਲਿਆ ਸਮਝ"।[29]

ਇਸ ਤਰ੍ਹਾਂ ਕਰਤਾਰ ਦੀ ਰਚਨਾ ਵੱਲ ਧਿਆਨ ਮਾਰਦਿਆਂ ਹੀ ਰਾਤਾ, ਰੁੱਤਾਂ, ਥਿੱਤਾਂ, ਵਾਰ, ਪਉਣ, ਪਾਣੀ, ਅਗਨੀ, ਪਾਤਾਲ, ਸੂਰਜ, ਚੰਦ, ਤਾਰੇ, ਗ੍ਰਹਿ, ਨਛੱਤਰ, ਖੰਡ, ਮੰਡਲ, ਬ੍ਰਹਿਮੰਡ ਯਾਨੀ ਅਨੰਤ ਸ੍ਰਿਸ਼ਟੀ ਨਜਰੀਂ ਪੈਂਦੀ ਹੈ। ਜਿਵੇ ਰੁੱਖ ਦਾ ਸੁਭਾ ਪਰਉਪਕਾਰੀ ਹੈ, ਆਪ ਧੁੱਪਾਂ, ਮੀਂਹ, ਹਨੇਰੀਆਂ ਦਾ ਦੁਖ ਸਹਾਰਦਾ ਹੋਇਆ ਸ਼ਰਣ ਆਏ ਨੂੰ ਫਲ, ਫੁੱਲ ਅਤੇ ਸੰਘਣੀ ਛਾਂ ਰਾਹੀਂ ਬਿਨਾ ਕਿਸੇ ਭੇਦਭਾਵ ਤੋਂ ਸੁਖ ਦਿੰਦਾ ਹੈ। ਇੰਨਾ ਕੁਝ ਲੈਣ ਤੋਂ ਬਾਦ ਵੀ ਜੇ ਕੋਈ ਮਨੁੱਖ ਰੁੱਖ ਨੂੰ ਕੱਟਦਾ ਵੱਢਦਾ ਹੈ ਤਾਂ ਰੁੱਖ ਗੁੱਸਾ ਨਹੀਂ ਕਰਦਾ ਸਗੋਂ ਉਸਦੇ ਕੰਮ ਆਉਂਦਾ ਹੈ ਅਤੇ ਉਸਦੇ ਕਈ ਸਾਰੇ ਕਾਰਜ ਸੰਵਾਰਦਾ ਹੈ। ਆਪਣੇ ਪਰਉਪਕਾਰੀ ਧਰਮ ਨੂੰ ਬਿਨਾ ਭੇਦਭਾਵ ਤੋਂ ਨਿਭਾਉਂਦਾ ਹੈ। ਜੋ ਮਨੁੱਖੀ ਮਨ ਅੰਦਰ ਵਿਸਮਾਦ ਪੈਦਾ ਕਰਦੀ ਹੈ। ਜਦੋਂ ਗਹੁ ਨਾਲ ਇਸ ਰਚਨਾ ਨੂੰ ਤਕਦੇ ਹਾਂ ਤਾਂ ਇੱਥੋਂ ਦੀ ਹਰ ਸ਼ੈ ਕੁਦਰਤ ਦੇ ਅਟੱਲ ਨੇਮਾਂ ਵਿਚ ਕੰਮ ਕਰ ਰਹੀ ਹੈ ਅਤੇ ਲਗਾਤਾਰ ਆਪਣੇ ਫਰਜਾਂ ਭਾਵ ਆਪਣੇ ਧਰਮ ਨੂੰ ਨਿਭਾ ਰਹੀ ਹੈ।

ਇਸ ਤਰ੍ਹਾਂ ਉਪਰ ਦਿੱਤੀਆ ਧਰਮ ਦੀ ਵਿਆਖਿਆਵਾਂ ਤੇ ਪਰਿਭਾਸ਼ਾਵਾਂ ਅਨੁਸਾਰ ਧਰਮ ਦੇ ਅਰਥ ਹਨ- ਮਨੁੱਖ ਦੀ ਰੱਬ ਪ੍ਰਤਿ ਵਫ਼ਾਦਾਰੀ ਤੇ ਉਸ ਉੱਚਤਮ ਰੱਬੀ ਹੋਂਦ ਦਾ ਅਨੁਭਵ ਤੇ ਉਸ ਵਿਚ ਪੂਰਾ ਵਿਸ਼ਵਾਸ ਜਾਂ ਇਸ ਨੂੰ ਇੰਜ ਕਹਿ ਲਓ ਕਿ ਮਨੁੱਖਤਾ, ਕੁਦਰਤ ਤੇ ਸਾਡੀ ਨਿੱਜੀ ਕਿਸਮਤ ਦੇ ਕਰਤਾ ਤੇ ਉਸ ਕਿਸਮਤ ਨੂੰ ਕਾਬੂ ਵਿਚ ਰੱਖਣ ਵਾਲੀਆਂ ਸ਼ਕਤੀਆਂ ਜਿਨ੍ਹਾਂ ਦਾ ਗਿਆਨ ਸਾਡੇ ਦਿਲ ਵਿਚ ਡੂੰਘਾ ਸਤਿਕਾਰ, ਪਿਆਰ, ਸ਼ਰਧਾ, ਸ਼ੁਕਰਾਨਾ, ਹੁਕਮ ਮੰਨਣ ਤੇ ਸੇਵਾ ਕਰਨ ਦੀ ਭਾਵਨਾ ਉਪਜਦਾ ਹੈ, ਸਾਡੇ ਅੰਦਰ ਧਰਮ ਦਾ ਅਨੁਭਵ ਤੇ ਸੂਝ ਪੈਦਾ ਕਰਦਾ ਹੈ। ਧਰਮ ਦੇ ਇਨ੍ਹਾਂ ਅਰਥਾਂ ਜਾਂ ਤਾਰੀਫ਼ ਦਾ ਕੇਂਦਰੀ

ਵਿਚਾਰ ਤਾਂ ਪਰਮਾਤਮਾ, ਅਕਾਲ-ਪੁਰਖ ਤੇ ਉਸ ਦੀ ਖੁਦਾਈ, ਈਸ਼ਵਰੀ ਸ਼ਕਤੀ ਦੀ ਹੋਂਦ ਨੂੰ ਮੰਨਣਾ ਹੈ। ਧਰਮ ਦੇ ਇਹ ਅਰਥ ਜਾਂ ਧਰਮ ਸ਼ਬਦ ਦੀ ਇਹ ਤਾਰੀਫ਼ ਈਸ਼ਵਰਵਾਚਕ ਹੈ। ਉਹ ਸਾਰੀ ਸ੍ਰਿਸ਼ਟੀ ਦਾ ਕਰਤਾ, ਸਿਰਜਣਹਾਰ, ਚਲਾਉਣ ਵਾਲਾ ਤੇ ਇਸ ਦੇ ਵਿਚ ਵਸਦੇ ਸਾਰੇ ਜੀਵ ਜੰਤੂਆਂ ਦਾ ਮਾਲਕ ਹੈ। ਸੋ ਉਸ ਪਰਮਾਤਮਾ ਦੀ ਭਗਤੀ, ਅਰਾਧਨਾ ਤੇ ਸੇਵਾ ਮਨੁੱਖ ਜਾਤੀ ਦਾ ਸਭ ਤੋਂ ਵੱਡਾ ਫ਼ਰਜ਼ ਹੈ, ਇਹ ਸਾਰੇ ਫ਼ਰਜ਼ ਹੀ ਮਿਲ ਕੇ ਧਰਮ ਬਣ ਜਾਦੇ ਹਨ। ਇਸ ਤਰ੍ਹਾਂ ਅਸੀ ਇਹ ਸਮਝ ਸਕਦੇ ਹਾਂ ਧਰਮ ਦੇ ਦੋਹਾਂ ਸਰੂਪਾਂ ਸਿਧਾਂਤਕ ਅਤੇ ਵਿਹਾਰਕ ਨੂੰ ਸਮਤੋਲ ਵਿਚ ਸੰਜੋਣਾ ਹੀ ਗੁਰਮਤਿ ਦਾ ਪ੍ਰਯੋਜਨ ਹੈ ਅਤੇ ਇਸ ਨੇ ਕਿਵੇਂ ਸਫਲਤਾ ਪ੍ਰਾਪਤ ਕੀਤੀ ਹੈ ਜਾਂ ਹੋਰ ਯੋਜਨਾਵਾਂ ਬਣ ਸਕਦੀਆਂ ਹਨ। ਇਸ ਵਿਚਾਰ ਤੇ ਆਧਾਰ ਤੇ ਅਸੀਂ ਸਮਝ ਸਕਦੇ ਹਾਂ ਧਰਮ ਲੌਕਿਕ ਹੈ ਪਰਾਲੌਕਿਕ ਨਹੀਂ। ਧਰਮ ਜ਼ਿੰਦਗੀ ਜਿਉਣ ਦੇ ਲਈ ਚੰਗੇ ਨਿਯਮ ਸਿਖਾਉਦਾ ਹੈ। ਇਨ੍ਹਾਂ ਨੈਤਿਕ ਨਿਯਮਾਂ ਦੇ ਅਨੁਸਾਰ ਅਸੀਂ ਧਰਮ ਤੋਂ ਇਹ ਭਾਵ ਲੈ ਸਕਦੇ ਹਾਂ ਕਿ ਧਰਮ ਮਹਿਜ ਕਰਮ ਕਾਂਡ ਜਾ ਅੰਧ ਵਿਸ਼ਵਾਸ ਨਹੀਂ ਬਲਕਿ ਧਰਮ ਇਕ ਫ਼ਰਜ਼ ਹੈ। ਆਪਣੇ ਸਵੈ ਪ੍ਰਤੀ, ਆਪਣੇ ਦੇਸ਼ ਪ੍ਰਤੀ, ਸੰਸਾਰ ਪ੍ਰਤੀ ਤੇ ਸਮੁੱਚੀ ਕੁਦਰਤ ਪ੍ਰਤੀ।

**ਭਾਗ-ਅ**

ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਸੀ ਕਿ ਧਰਮ ਇਕ ਜੀਵਨ ਜਾਂਚ ਹੈ, ਮਰਿਯਾਦਾ ਹੈ, ਜੋ ਜਨ-ਸਮੂਹ ਨੂੰ ਨਿਯਮਤ ਕਰਕੇ ਕਿਸੇ ਇਲਾਹੀ ਨਾਦ ਨਾਲ ਇਕਸੁਰ ਕਰ ਦਿੰਦੀ ਹੈ ਤੇ ਜਦੋਂ ਹੀ ਮਨੁੱਖ ਇਸ ਇਲਾਹੀ ਨਾਦ ਨਾਲ ਇਕਸੁਰ ਹੋ ਜਾਂਦਾ ਹੈ, ਉਸ ਵੇਲੇ ਹੀ ਉਹ ਮੈਂ ਤੇ ਮੇਰੀ ਤੋਂ ਮੁਕਤ ਹੋ ਤੂੰ ਵਿਚ ਪ੍ਰਵੇਸ਼ ਕਰਦਾ ਹੈ। ਇਹ 'ਤੂੰ' ਦਾ ਮਾਰਗ ਹੀ ਅਧਿਆਤਮਕਤਾ ਹੈ। ਜਿੱਥੇ 'ਵੈਰੀ ਮੀਤ ਸਮਾਨਿ' ਦਾ ਮਾਰਗ ਸਥਾਪਤ ਹੁੰਦਾ ਹੈ। ਨਿੱਜ ਦਾ ਪੂਰਨ ਖਾਤਮਾ ਹੋ ਮੈਂ ਤੋਂ ਆਪਾ ਹੋ ਜਾਂਦਾ ਹੈ। ਜਿਸ ਦੇ ਦੀਦਾਰੇ ਭਾਈ ਘਨੱਈਆ ਦੇ ਪ੍ਰਸੰਗ ਰਾਹੀਂ ਵੀ ਕੀਤੇ ਜਾ ਸਕਦੇ ਹਨ। ਹੁਣ ਅਸੀਂ ਵੇਖਣ ਦਾ ਯਤਨ ਕਰਾਂਗੇ ਕਿ

ਅਧਿਆਤਮਕਤਾ ਕੀ ਹੈ ਤੇ ਫਿਰ ਇਸ ਦੇ ਨਾਲ ਹੀ ਭਾਈ ਵੀਰ ਸਿੰਘ ਦੀ ਰਚਨਾ ਵਿਚੋਂ ਅਧਿਆਤਮਕਤਾ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਕਰਾਂਗੇ।

**ਅਧਿਆਤਮਵਾਦ**

ਅਧਿਆਤਮਵਾਦ ਅੰਗਰੇਜ਼ੀ ਦੇ ਸ਼ਬਦ Spiritualism ਦਾ ਸਮਾਨਾਰਥਕ ਸ਼ਬਦ ਹੈ। ਅਧਿਆਤਮਵਾਦ ਜਾਂ Spiritualism ਸ਼ਬਦ Spirit ਆਤਮਾ, ਜੀਵ-ਆਤਮਾ ਜਾਂ ਰੂਹ ਨੂੰ ਸੰਬੋਧਿਤ ਹੈ। ਵਿਭਿੰਨ ਕੋਸ਼ਾਂ ਵਿਚ ਅਧਿਆਤਮ ਦੇ ਸ਼ਾਬਦਿਕ ਅਰਥ ਆਤਮਾ, ਜੀਵ-ਆਤਮਾ, ਰੂਹ, ਜੀ, ਅੰਦਰ, ਖਿਆਲ ਭਾਵ, ਅਸਲ ਭਾਵ, ਤੱਤ, ਆਤਮ ਗਿਆਨ, ਬ੍ਰਹਮ ਗਿਆਨ, ਆਤਮ, ਪਰਮਾਰਥਕ, ਧਰਮ ਗਿਆਨ, ਰੂਹਾਨੀ ਆਦਿ ਦਰਸਾਏ ਗਏ ਹਨ। ਭਾਈ ਕਾਨ੍ਹ ਸਿੰਘ ਨਾਭਾ ਦੇ ਗੁਰੁਸ਼ਬਦ ਰਤਨਾਕਰ ਮਹਾਨਕੋਸ਼ ਵਿਚ ਅਧਿਆਤਮ ਦੇ ਅਰਥ ਆਤਮਾ, ਮਨ ਅਤੇ ਸੁਭਾਉ, ਦੇਹ, ਸਰੀਰ, ਆਤਮਵਿਦਿਯਾ ਮਨ ਨਾਲ ਸਬੰਧ ਰੱਖਣ ਵਾਲਾ ਦਰਜ ਹਨ।[30] ਤੇਜਾ ਸਿੰਘ ਦੀ ਅੰਗਰੇਜ਼ੀ ਪੰਜਾਬੀ ਡਿਕਸ਼ਨਰੀ ਵਿਚ ਆਤਮਕ, ਪਰਮਾਰਥਕ ਸ਼ਬਦ ਵਰਤਿਆ ਗਿਆ ਹੈ।[31] ਰਾਮ ਮੂਰਤੀ ਦੇ ਮਾਨਕ ਹਿੰਦੀ ਅੰਗਰੇਜ਼ੀ ਕੋਸ਼ ਵਿਚ ਅਧਿਆਤਮ ਸ਼ਬਦ ਲਈ Metaphysics ਸ਼ਬਦ ਦੀ ਵਰਤੋਂ ਕੀਤੀ ਗਈ ਹੈ।[32] ਹਿੰਦੀ ਪੰਜਾਬੀ ਕੋਸ਼ ਵਿਚ ਆਤਮਾ ਪਰਮਾਤਮਾ ਸਬੰਧੀ ਦਰਸ਼ਨ, ਤੱਤ ਗਿਆਨ, ਅਧਦੈਵਿਕ, ਰਹੱਸਮਈ ਆਦਿ ਸ਼ਬਦਾਂ ਦਾ ਵਰਨਣ ਕੀਤਾ ਗਿਆ ਹੈ।[33] ਹਿੰਦੀ ਪੰਜਾਬੀ ਅੰਗਰੇਜ਼ੀ ਤ੍ਰਿਭਾਸ਼ਾ ਕੋਸ਼ਮਾਲਾ ਵਿਚ ਅਧਿਆਤਮਕ ਲਈ ਰੂਹਾਨੀ ਗਿਆਨ ਸ਼ਬਦ ਵਰਤਿਆ ਗਿਆ ਹੈ।[34] ਪੀ.ਐਨ. ਅਗਰਵਾਲ ਦੀ ਨਾਕੰਡੀ ਕਨਸਾਈਜ਼ ਡਿਕਸ਼ਨਰੀ ਵਿਚ ਅਭੌਤਿਕ, ਪਾਰਲੌਕਿਕ, ਪਵਿੱਤਰ ਸ਼ਬਦ ਵਰਤੇ ਗਏ ਹਨ।[35] ਵਾਮਨ ਸ਼ਿਵਰਾਮ ਨੇ ਅੰਗਰੇਜ਼ੀ ਸੰਸਕਿਤ ਡਿਕਸ਼ਨਰੀ ਵਿਚ ਨਿਰਾਕਾਰ ਸ਼ਬਦ ਪ੍ਰਯੋਗ ਕੀਤਾ ਹੈ।[36] ਇਸ ਤੋਂ ਇਲਾਵਾ ਪੰਜਾਬੀ ਕੋਸ਼ ਵਿਚ ਅਧਿਆਤਮ ਸ਼ਬਦ ਲਈ ਰੱਬ, ਪਰਮੇਸ਼ਵਰ ਵਰਤੇ ਗਏ ਹਨ।[37] ਸ. ਬਲਵੰਤ ਅਤੇ ਜਸਬੀਰ ਅਟਵਾਲ ਦੀ ਅੰਗਰੇਜ਼ੀ ਪੰਜਾਬੀ ਗੁਰਮੁਖੀ ਡਿਕਸ਼ਨਰੀ ਵਿਚ ਰੂਹਾਨੀ ਅਤੇ ਆਤਮਿਕ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ।[38] ਬਲਬੀਰ ਸਿੰਘ ਸੰਧੂ ਦੀ ਅੰਗਰੇਜ਼ੀ ਪੰਜਾਬੀ ਡਿਕਸ਼ਨਰੀ ਵਿਚ ਪਵਿੱਤਰ, ਪਾਕ, ਪਾਵਨ, ਦੈਵੀ ਰੱਬ,

ਧਾਰਮਿਕ, ਨਿਰਾਕਾਰ, ਅਮੂਰਤ, ਚਿੰਨ੍ਹਮਈ, ਪਰਾਸਰੀਰਕ ਆਦਿ ਸ਼ਬਦ ਦਰਜ ਕੀਤੇ ਗਏ ਹਨ।[39] ਅਰਵਿੰਦ ਕੁਮਾਰ ਦੀ ਪੈਂਗੁਇਨ ਅੰਗਰੇਜ਼ੀ ਹਿੰਦੀ ਪੰਜਾਬੀ ਕੋਸ਼ ਵਿਚ ਅਧਿਆਤਮ ਸ਼ਬਦ ਲਈ ਆਤਮਾ, ਧਰਮ ਗਿਆਨ, ਬ੍ਰਹਮ ਆਤਮਿਕ ਸ਼ਬਦ ਦਰਜ ਹਨ।[40] ਆਰਥਰ-ਏ-ਮੈਕਡੋਨਲ ਦੀ ਸੰਸਕ੍ਰਿਤ ਅੰਗਰੇਜ਼ੀ ਡਿਕਸ਼ਨਰੀ ਵਿਚ ਵੀ ਅਧਿਆਤਮ ਨੂੰ ਵੱਖਰੇ ਅਰਥਾਂ ਵਿਚ ਲਿਆ ਗਿਆ ਹੈ ਕਿ ਆਤਮ ਨਾਲ ਸਬੰਧਿਤ ਸਰਵਵਿਆਪੀ ਆਤਮਾ ਹੈ।[41] ਇਸੇ ਤਰ੍ਹਾਂ ਸਰ ਮੋਨੀਅਰ ਵਿਲੀਅਮਜ਼ ਦੀ ਸੰਸਕ੍ਰਿਤ ਅੰਗਰੇਜ਼ੀ ਡਿਕਸ਼ਨਰੀ ਵਿਚ ਇਸ ਨੂੰ ਸਰਵਉਚ ਆਤਮਾ ਅਤੇ ਪਵਿੱਤਰ ਆਤਮਾ ਦੇ ਤੌਰ ਤੇ ਵਿਚਾਰਿਆ ਗਿਆ ਹੈ।[42] ਹਿੰਦੂ ਮਿਥਿਹਾਸ ਕੋਸ਼ ਅਨੁਸਾਰ, ਉਹ ਪਰਮ ਆਤਮਾ ਜੋ ਬ੍ਰਹਿਮੰਡ ਵਿਚ ਰਮ ਰਹੀ ਹੈ।[43] ਅਧਿਆਤਮਵਾਦ ਦੇ ਸ਼ਾਬਦਿਕ ਅਰਥਾਂ ਸਬੰਧੀ ਹਿੰਦੀ ਪੰਜਾਬੀ ਕੋਸ਼ ਵਿਚ ਆਤਮਾ ਪਰਮਾਤਮਾ ਸਬੰਧੀ ਦਰਸ਼ਨ, ਤੱਤ-ਗਿਆਨ, ਬ੍ਰਹਮ-ਗਿਆਨ ਦੀ ਵਰਤੋਂ ਕੀਤੀ ਗਈ ਹੈ।[44] ਬਲਬੀਰ ਸਿੰਘ ਸੰਧੂ ਦੀ ਅੰਗਰੇਜ਼ੀ ਪੰਜਾਬੀ ਡਿਕਸ਼ਨਰੀ ਵਿਚ ਰੂਹਾਨੀਅਤ ਸ਼ਬਦ ਵਰਤਿਆ ਗਿਆ ਹੈ।[45] ਬ੍ਰਹਿਤ ਪਰਿਭਾਸ਼ਿਕ ਸ਼ਬਦ ਸੰਗਰਾਮ ਵਿਚ ਅਧਿਆਤਮਵਾਦ ਲਈ idealism[46] ਅਤੇ ਮੋਨੀਅਰ ਵਿਲੀਅਮਜ਼ ਦੀ ਡਿਕਸ਼ਨਰੀ ਵਿਚ ਗਿਆਨ ਮਾਰਗ, ਗਿਆਨ ਅਭਿਆਸ, ਨਿਵਰਿਤੀ ਮਾਰਗ[47] ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਤੋਂ ਇਲਾਵਾ ਤੇਜਾ ਸਿੰਘ ਦੀ ਇੰਗਲਿਸ਼ ਪੰਜਾਬੀ ਡਿਕਸ਼ਨਰੀ ਵਿਚ ਆਤਮਵਾਦ[48], ਔਕਸਫੋਰਡ ਇੰਗਲਿਸ਼ ਡਿਕਸ਼ਨਰੀ ਵਿਚ ਦਰਸ਼ਨ ਅਤੇ ਧਰਮ ਦੀ ਉਤਮ ਅਭਿਧਾਰਣਾ[49] ਦੇ ਤੌਰ ਤੇ ਦਰਜ ਕੀਤਾ ਗਿਆ ਹੈ।

ਵਿਭਿੰਨ ਕੋਸ਼ਾਂ ਦੇ ਅਧਿਐਨ ਤੋਂ ਸ਼ਾਬਦਿਕ ਅਰਥਾਂ ਦੇ ਨਾਲ-ਨਾਲ ਲਾਖਣਿਕ ਅਰਥਾਂ ਵਜੋਂ ਅਧਿਆਤਮ ਦੇ ਅਰਥ ਆਤਮਾ ਦੀ ਪਵਿੱਤਰਤਾ ਅਤੇ ਰੂਹਾਨੀਅਤ ਸਰੋਕਾਰ ਵਜੋਂ ਪ੍ਰਤੀਬਿੰਬਤ ਹੁੰਦੇ ਹਨ ਜੋ ਕਿ ਪਰਮ ਆਤਮਾ ਨਾਲ ਅੰਤਰ ਆਤਮਾ ਦੇ ਸਬੰਧ ਨੂੰ ਉਜਾਗਰ ਕਰਦੇ ਹੋਏ ਨਿਰਾਕਾਰਤਾ ਤੇ ਸਰਵਉਚਤਾ ਨੂੰ ਸੰਬੋਧਿਤ ਹੁੰਦੇ ਹਨ। ਜੋ ਅਧਿਆਤਮਵਾਦੀ ਵਿਚਾਰਧਾਰਾ ਦੇ ਤੌਰ ਤੇ ਬ੍ਰਹਮ ਗਿਆਨ ਤੇ ਨਿਵਰਿਤੀਮਾਰਗ ਵੱਲ ਅਭਿਆਸਯੋਗਤਾ ਤੇ ਆਧਾਰਿਤ ਹੈ ਜਿਸ ਨੂੰ ਦਰਸ਼ਨ ਅਤੇ ਧਰਮ ਦੇ ਮੂਲ ਧਾਰਕ ਦੇ ਤੌਰ ਤੇ ਲਿਆ ਜਾਂਦਾ ਹੈ।

**ਸੰਕਲਪਮੂਲਕ ਅਰਥ**

ਅਧਿਆਤਮਵਾਦ ਸ਼ਬਦ ਅਧਿ+ਆਤਮ+ਵਾਦ ਦੇ ਮੇਲ ਤੋਂ ਬਣਿਆ ਸਮਾਸੀ ਸ਼ਬਦ ਹੈ। ਅਧਿ ਅਗੇਤਰ ਸ਼ਬਦ ਵਜੋਂ ਇਸ ਦਾ ਅਧਾਰ ਹੈ, ਆਤਮ ਸ਼ਬਦ ਇਸ ਦੀ ਅਰਥ ਮੂਲਕਤਾ ਨਿਸ਼ਚਿਤ ਕਰਦਾ ਹੈ ਅਤੇ ਵਾਦ ਇਸ ਦਾ ਪ੍ਰਚਲਨ ਹੈ।

ਮੂਲ ਰੂਪ ਵਿਚ ਆਤਮਾ ਦੀ ਉਤਪਤੀ ਉਸ ਦੇ ਆਦਿ ਪਰਮਾਤਮਾ ਤੋਂ ਹੈ ਤੇ ਇਸੇ ਵਿਚਾਰ ਨੂੰ ਪ੍ਰਚਲਿਤ ਰੂਪ ਵਿਚ ਅਧਿਆਤਮਵਾਦ ਵਜੋਂ ਲਿਆ ਜਾਂਦਾ ਹੈ। ਜਿਵੇਂ ਅਧਿ ਨੂੰ ਸੰਕਲਪ ਵਜੋਂ ਉੱਚਾ, ਪ੍ਰਧਾਨ ਤੇ ਸ਼ਿਰੋਮਣੀ ਬਿਆਨ ਕੀਤਾ ਗਿਆ ਹੈ।[50] ਆਤਮ ਸ਼ਬਦ ਨੂੰ ਰੂਹ, ਪ੍ਰਾਣ ਅਤੇ ਬ੍ਰਹਮ ਵਜੋਂ ਵਿਚਾਰਿਆ ਗਿਆ ਹੈ।[51] ਇਸ ਨੂੰ ਸਿਧਾਂਤਕ ਤੌਰ ਤੇ ਸਰੀਰ ਦੀ ਪਾਰਗਾਮੀ ਪ੍ਰਕਿਰਤੀ ਤੋਂ ਸਮਝਿਆ ਜਾਂਦਾ ਹੈ। ਜਿਵੇਂ ਕਿ Encyclopaedia of America ਵਿਚ ਦਰਜ ਹੈ:

> The Spirit is also the basis of the self's transcendence of nature. Once again, the relation is two edged. The self through the spirit rises above nature and its environment, frequently the self compels the spirit both to meet the requirement and to serve the egoistic ends of the self. The self easily falls into the error of assuming such transcendence to be absolute and history abounds in instances of human societies and persons who to their own final destruction, attributed to themselves the immortality and independence of disembodied spirits. The spirit though standing over against nature, is the basis of the self's realization of its continuing involvement in nature.[52]

ਇਸ ਤਰ੍ਹਾਂ ਆਤਮਾ ਸਵੈ-ਚੇਤਨ ਵਜੋਂ ਪਰਿਭਾਸ਼ਿਤ ਕੀਤੀ ਜਾਂਦੀ ਹੈ ਜੋ ਮਨੁੱਖੀ ਸ਼ਖ਼ਸੀਅਤ ਦੇ ਵਿਭਿੰਨ ਪੱਖਾਂ ਵਿਚੋਂ ਝਲਕਦੀ ਹੈ ਜੋ ਕਿ ਕਾਲ ਦੀ ਨਿਰੰਤਰਤਾ ਵਿਚ ਆਪਣੇ ਭੂਤ ਕਾਲ ਉਤੇ ਗੌਰਵਾਂਤਿਤ ਤੇ ਭਵਿੱਖ ਲਈ ਅਨੁਗਾਮੀ ਹੁੰਦੀ ਹੈ। ਅਜਿਹੀ ਅਵਸਥਾ ਵਿਚ ਮਨੁੱਖ ਸਵੈ-ਕੇਂਦਰਿਤ ਹੋ ਕੇ ਹੀ ਬਾਹਰਮੁਖੀ ਸੰਸਾਰ ਵਿਚ ਵਿਚਰਦਾ ਹੈ। ਮਨੁੱਖੀ ਵਿਚਾਰ ਸੰਸਕ੍ਰਿਤੀ ਵਿਚ ਅਜਿਹਾ ਸਵੈ-ਚੇਤਨ ਤੇ ਆਤਮ-ਬੋਧ ਜੋ ਮਨੁੱਖ ਦੇ ਪਰਆਤਮ ਗਿਆਨ ਲਈ ਮਹੱਤਵਪੂਰਨ ਹੋਵੇ ਤੇ ਉਸਦੀ ਰੂਹ ਨੂੰ ਸਕੂਨ ਤੇ ਸ਼ਾਂਤੀ ਦੇਵੇ, ਸ੍ਰਿਸ਼ਟੀ

ਪ੍ਰਤਿ ਉਸ ਦੀ ਸੂਝ ਵਿਚ ਵਾਧਾ ਕਰੇ, ਉਹ ਦਾਰਸ਼ਨਿਕ ਰੂਪ ਵਿਚ ਅਧਿਆਤਮ ਦੇ ਸੰਕਲਪ ਵਜੋਂ ਗ੍ਰਹਿਣ ਕੀਤਾ ਜਾਂਦਾ ਹੈ।

'ਵਾਦ' ਆਪਣੇ ਪ੍ਰਚਲਿਤ ਅਰਥ ਵਿਚ ਰੂੜੀ, ਸੀਮਾ ਦਾ ਸੂਚਕ ਹੈ। ਅਸਲ ਵਿਚ ਜਦੋਂ ਕੋਈ ਵਿਚਾਰ ਬੌਧਿਕ ਪੁਸ਼ਟੀ ਪਾ ਕੇ ਸਿਧਾਂਤਕ ਤੌਰ ਤੇ ਪ੍ਰਵਾਨਿਤ ਹੋ ਜਾਂਦਾ ਹੈ ਤੇ ਵਿਚਾਰਧਾਰਕ ਪ੍ਰਵਿਰਤੀ ਦੇ ਤੌਰ ਤੇ ਰੂੜ੍ਹ ਹੋ ਜਾਂਦਾ ਹੈ ਤਾਂ ਵਾਦ ਦਾ ਰੂਪ ਧਾਰਨ ਕਰ ਲੈਂਦਾ ਹੈ। ਸਵੈ-ਚੇਤਨਾ ਤੇ ਬ੍ਰਹਿਮੰਡੀ ਚੇਤਨਾ ਦੇ ਰੂਪ ਵਿਚ ਜੀਵਨ ਨੂੰ ਸਮਝਣ ਲਈ ਜਿਹੜੀ ਵਿਚਾਰਧਾਰਾ ਸਾਹਮਣੇ ਆਈ, ਉਹ ਅਧਿਆਤਮਵਾਦ ਵਜੋਂ ਪਹਿਚਾਣੀ ਗਈ। ਇਹ ਰੂੜ੍ਹ ਵਿਚਾਰਧਾਰਾ ਦੇ ਤੌਰ ਤੇ ਚਿੰਤਨ ਪ੍ਰਣਾਲੀਆਂ ਵਿਚ ਉਪਲੱਬਧ ਹੈ।

ਪੰਜਾਬੀ ਵਿਸ਼ਵਕੋਸ਼ ਵਿਚ ਅਧਿਆਤਮਵਾਦ ਨੂੰ ਚੇਤਨ ਤੱਤ ਦੇ ਪ੍ਰਚਲਨ ਵਜੋਂ ਹੀ ਵਰਣਿਤ ਕੀਤਾ ਗਿਆ ਹੈ। ਪੰਜਾਬੀ ਵਿਸ਼ਵਕੋਸ਼ ਅਨੁਸਾਰ ਅਧਿਆਤਮਵਾਦ ਉਸ ਵਿਚਾਰਧਾਰਾ ਦਾ ਨਾਂ ਹੈ, ਜਿਸ ਵਿਚ ਆਤਮਾ ਨੂੰ ਹੀ ਸਭ ਚੀਜ਼ਾਂ ਦਾ ਮੂਲ ਮੰਨਿਆ ਜਾਂਦਾ ਹੈ। ਉਪਨਿਸ਼ਦਾਂ ਅਤੇ ਮਹਾਂਭਾਰਤ ਵਿਚ ਅਧਿਆਤਮ ਸ਼ਬਦ ਦੀ ਵਰਤੋਂ ਸਰੀਰ ਦੇ ਅਰਥਾਂ ਵਿਚ ਕੀਤੀ ਗਈ ਹੈ, ਪਰ ਮਗਰੋਂ ਇਹ ਸ਼ਬਦ ਚੇਤਨਾ-ਆਤਮ-ਤੱਤ ਦੇ ਅਰਥਾਂ ਵਿਚ ਪ੍ਰਚਲਿਤ ਹੋ ਗਿਆ।[53]

ਪੰਜਾਬੀ ਸਾਹਿਤ ਕੋਸ਼ ਵਿਚ ਵੀ ਅਧਿਆਤਮਵਾਦ ਨੂੰ ਪਰਮ-ਸੱਤਾ ਨਾਲ ਸਬੰਧਿਤ ਕਰਕੇ ਵਰਣਿਤ ਕੀਤਾ ਗਿਆ ਹੈ। ਪੰਜਾਬੀ ਸਾਹਿਤ ਕੋਸ਼ ਅਨੁਸਾਰ ਅਧਿਆਤਮਵਾਦ ਦਰਸ਼ਨ ਤੇ ਧਰਮ ਦਾ ਉਹ ਸਿਧਾਂਤ, ਜਿਸ ਵਿਚ ਮੰਨਿਆ ਹੈ ਕਿ ਮਨੁੱਖੀ ਆਤਮਾ ਤੋਂ ਉਪਰ (ਅਧਿ) ਹੋਰ ਪਰਮ-ਆਤਮਾ (ਪਰਮਾਤਮਾ) ਵੀ ਹੈ ਜੋ ਅਗੋਚਰ ਹਸਤੀ ਹੈ, ਪਰ ਮਾਨਵ ਆਤਮਾ ਦੁਆਰਾ ਉਸ ਪਰਮ-ਆਤਮਾ ਨੂੰ ਮਿਲਿਆ ਜਾ ਸਕਦਾ ਹੈ। ਸੋ ਅਧਿਆਤਮਵਾਦ ਵਿਚ ਪਰਮਾਤਮਾ ਤੇ ਆਤਮਾ ਦੇ ਸਰੂਪਾਂ ਦਾ ਦਾਰਸ਼ਨਿਕ ਨਿਰਣਾ ਵੀ ਅਤੇ ਇਨ੍ਹਾਂ ਦੋਹਾਂ ਦੇ ਸੰਯੋਗ ਦੇ ਸਾਧਨ ਵੀ ਆ ਜਾਂਦੇ ਹਨ। ਕਦੇ ਅਧਿਆਤਮਵਾਦ ਨੂੰ ਕੇਵਲ ਦਰਸ਼ਨ ਦੇ ਅਰਥਾਂ ਵਿਚ ਹੀ ਲਿਆ ਜਾਂਦਾ ਹੈ, ਜਿੱਥੇ ਭਾਵ ਪਰਮ ਸੱਤਾ ਦੀ ਵਿਆਖਿਆ ਹੀ ਹੁੰਦੀ ਹੈ, ਕਦੇ ਅਧਿਆਤਮਵਾਦ ਈਸ਼ਵਰਵਾਦ ਦਾ ਰੂਪ ਵੀ ਲੈ ਲੈਂਦਾ ਹੈ। ਪੂਰਬੀ ਈਸ਼ਵਰਵਾਦ ਵਿਚ ਰਹੱਸਵਾਦੀ ਅੰਸ਼

ਪ੍ਰਬਲ ਹੈ, ਪਰ ਪੱਛਮੀ ਈਸ਼ਵਰਵਾਦ ਤਰਕ-ਅਧਾਰਿਤ ਵੀ ਹੈ, ਜਿਸ ਵਿਚ ਉਸ ਹਸਤੀ ਦੀ ਹੋਂਦ ਬਾਰੇ ਪ੍ਰਮਾਣ ਪੇਸ਼ ਕਰਨ ਦਾ ਯਤਨ ਹੈ।[54] ਅਸਲ ਵਿਚ ਚਿੰਤਨ ਪਰੰਪਰਾ ਵਿਚ ਅਧਿਆਤਮਵਾਦ ਨੂੰ ਪਦਾਰਥਵਾਦ ਤੋਂ ਵੱਖ ਕਰਕੇ ਵਾਚਿਆ ਜਾਂਦਾ ਹੈ। ਜਿਸ ਤਰ੍ਹਾਂ ਇਨਸਾਈਕਲੋਪੀਡੀਆ ਅਮੈਰੀਕਾਨਾ ਵਿਚ ਦਰਜ ਹੈ ਕਿ, Spiritualism refers to a type of philosophy of the nature of man opposed to materialism.[55]

ਇਸ ਪ੍ਰਕਾਰ ਨਿਊ ਸਟੈਂਡਰਡ ਇਨਸਾਈਕਲੋਪੀਡੀਆ ਵਿਚ ਵੀ ਇਸ ਨੂੰ ਪਦਾਰਥਵਾਦ ਤੋਂ ਉਲਟ ਸੰਕਲਪ ਦੇ ਤੌਰ ਤੇ ਪੇਸ਼ ਕੀਤਾ ਗਿਆ ਹੈ, ਜਿਵੇਂ Spiritualism in its religious or philosophical sense, assets the existence of a spiritual or non material world.[56]

ਇਸ ਤਰ੍ਹਾਂ ਅਧਿਆਤਮਵਾਦ ਮਨੁੱਖੀ ਅੰਤਰ-ਮਨ ਤੇ ਬੋਧ ਨਾਲ ਸਬੰਧਿਤ ਸੰਕਲਪ ਹੈ ਜੋ ਆਪਣੇ ਆਪ ਨੂੰ ਪਦਾਰਥਕ ਸ਼ੈਆਂ ਤੋਂ ਪਰੇ ਪਾਰਗਾਮਿਤਾ ਵਿਚ ਵਿਚਰਨ ਦਾ ਅਨੁਭਵ ਹੈ। ਇਸ ਤਰ੍ਹਾਂ ਨਾਲ ਇਹ ਪਰਾਭੌਤਿਕਤਾ ਨਾਲ ਸਬੰਧਿਤ ਸੰਕਲਪ ਹੈ ਜਿਹਾ ਕਿ ਲਾਂਗਮੈਨ ਵਰਡਵਾਇਸਜ਼ ਡਿਕਸ਼ਨਰੀ ਵਿਚ ਦਰਜ ਹੈ, Spiritualism relating to your thoughts and feelings, rather then to your body and the things you own and relating to religion.[57]

ਇੰਝ ਅੰਤਰ ਬੋਧ ਅਧਿਆਤਵਾਦ ਦਾ ਕੇਂਦਰ ਬਿੰਦੂ ਹੈ ਜੋ ਮਨੁੱਖੀ ਮਨੋਭਾਵਾਂ ਰਾਹੀਂ ਪਰੋਖ ਤੇ ਪਰਮ ਸੱਤਾ ਦਾ ਅਨੁਭਵ ਕਰਦਾ ਹੈ। ਇਹੀ ਅਸੀਮ ਵੈਰਾਗ ਭਾਵਨਾ ਜੋ ਪਦਾਰਥਕ ਸ਼ੈਆਂ ਤੋਂ ਬੇਮੁੱਖ ਹੋ ਕੇ ਪਰਮ-ਆਤਮਾ (ਪਰਮਾਤਮਾ) ਨਾਲ ਸਬੰਧ ਜੋੜਦੀ ਹੈ। ਅਧਿਆਤਮਵਾਦ ਅੰਤਰ ਬੋਧ ਦੁਆਰਾ ਪਰੋਖ ਸ਼ਕਤੀ ਦੀ ਉਪਲਬਧੀ ਹੈ। ਜਿਵੇਂ ਕਿ ਡਿਕਸ਼ਨਰੀ ਆਫ ਰਿਲੀਜਨ ਐਂਡ ਏਥਿਕਸ ਵਿਚ ਦਰਜ ਹੈ: Spiritualism frequently employed to describe the character of man who has entered the kingdom of God. Such a man has the Holy spirit as the vital determining principal of life.[58]

ਦਰਸ਼ਨ ਸ਼ਾਸਤਰ ਵਿਚ ਇਸ ਅਨੁਭਵ ਨੂੰ ਮਸਤੀ, ਬੇਪਰਵਾਹੀ, ਵੇਗ, ਭਾਣਾ, ਰਜ਼ਾ, ਸੁੰਨ ਸਮਾਧੀ ਤੇ ਅਭੇਦਤਾ ਦੇ ਸੰਕਲਪ ਵਜੋਂ ਬਿਆਨ ਕੀਤਾ ਜਾਂਦਾ ਹੈ ਤੇ ਅਚਰਜ ਰਹੱਸਾਤਮਕ ਅਨੁਭੂਤੀ ਦੇ ਤੌਰ ਤੇ ਸਮਝਿਆ ਜਾਂਦਾ ਹੈ। ਵਜੀਰ ਸਿੰਘ ਅਧਿਆਤਮਵਾਦ ਦੀ ਇਸ ਅਨੁਭੂਤੀ ਨੂੰ ਚਾਰ ਦਸ਼ਾਵਾਂ ਦੇ ਤੌਰ ਤੇ ਬਿਆਨ ਕਰਦੇ ਹਨ:

1. ਅਕੱਥਤਾ (Ineffability)[59]: ਮਨੁੱਖੀ ਭਾਵਾਂ ਦੀ ਦਸ਼ਾ ਜੋ ਬੌਧਿਕ ਦਸ਼ਾ ਨੂੰ ਪਾਰ ਕਰਕੇ ਵਿਗਸਦੀ ਹੈ। ਇਹ ਵਿਅਕਤੀਗਤ ਤੌਰ ਤੇ ਵਿਸ਼ੇਸ਼ ਅਨੁਭਵ ਹੈ ਜਿਸ ਨੂੰ ਸਿਰਫ ਮਹਿਸੂਸ ਕੀਤਾ ਜਾ ਸਕਦਾ ਹੈ, ਬਿਆਨ ਨਹੀਂ।

2. ਗਿਆਨਭਾਵੀ ਗੁਣ (Noetic Quality)[60]: ਇਹ ਪਰਮ ਸੱਚਾਈ ਦੇ ਅਨੁਭਵ ਦੀ ਦਸ਼ਾ ਹੈ, ਜਿੱਥੇ ਆਤਮਾ ਨੂੰ ਪਰਮਾਤਮਾ ਦੀ ਸਰਵਉੱਚਤਾ ਦਾ ਗਿਆਨ ਹਾਸਿਲ ਹੋ ਜਾਂਦਾ ਹੈ ਤੇ ਇਹ ਉਸਦੀ ਪ੍ਰਤਿਭਾ ਅੱਗੇ ਸਿਰ ਨਿਵਾਉਂਦਾ ਹੈ।

3. ਛਿਨਭੰਗਰਤਾ (Transience)[61]: ਇਹ ਅਜਿਹੀ ਮਨੋ ਦਸ਼ਾ ਹੈ ਜੋ ਪਰਮ ਸੱਚਾਈ ਦੇ ਅਨੁਭਵ ਦੀ ਅਲਪ-ਕਾਲੀਨਤਾ ਵੱਲ ਸੰਕੇਤ ਕਰਦੀ ਹੈ। ਜਿੱਥੇ ਮਨੁੱਖ ਇਕ ਦਮ ਵਿਸ਼ੇਸ਼ ਆਨੰਦਿਤ ਚੇਤਨਾ ਵਿਚ ਵਿਚਰਦਾ ਹੈ ਤੇ ਫਿਰ ਇਕ ਦਮ ਸਧਾਰਨ ਚੇਤਨਾ ਵਿਚੋਂ ਪਰਤ ਆਉਂਦਾ ਹੈ।

4. ਅਕਰਮਕਤਾ (Passivity)[62]: ਇਹ ਅਜਿਹੀ ਦਸ਼ਾ ਹੈ ਜਿੱਥੇ ਪਰਮ ਸੱਚਾਈ ਦਾ ਅਨੁਭਵ ਹੋਣ ਤੇ ਪਰਤ ਜਾਣ ਦੀ ਸਥਿਤੀ ਵਾਪਰਦੀ ਹੈ ਪਰ ਇਸ ਵਿਚੋਂ ਗੁਜਰਨ ਵਾਲਾ ਵਿਅਕਤੀ ਕਿਸੇ ਉਚੇਰੀ ਸ਼ਕਤੀ ਨੂੰ ਹਾਵੀ ਪਾ ਕੇ ਨਿਰਇੱਛਤ ਤੇ ਕਰਮਹੀਣ ਦਸ਼ਾ ਵਿਚ ਦਾਖਲ ਹੋ ਜਾਂਦਾ ਹੈ ਜਿਸ ਨੂੰ ਸਮਾਧੀ ਜਾਂ ਆਸਨ ਵਿਚ ਗ੍ਰਸਤ ਹੋਣਾ ਵੀ ਕਿਹਾ ਜਾਂਦਾ ਹੈ। ਸੰਕਲਪ ਵਜੋਂ ਇਹ ਮਨੋਦਸ਼ਾ ਪਰਿਵਰਤਨ ਹੀ ਅਧਿਆਤਮਕ ਰਹੱਸਾਂ ਦੀ ਵਿਸ਼ੇਸ਼ਤਾ ਹੈ ਜੋ ਕਿ ਬਾਹਰਮੁਖੀ ਤੌਰ ਤੇ ਪ੍ਰਤੱਖ ਗੁਣ ਵਜੋਂ ਦ੍ਰਿਸ਼ਟੀਗੋਚਰ ਹੋ ਜਾਂਦਾ ਹੈ।

**ਵਿਚਾਰਧਾਰਕ ਸਰੂਪ ਅਤੇ ਇਤਿਹਾਸਕ ਪਰਿਪੇਖ**

ਜਗਤ ਪ੍ਰਾਣੀ ਲਈ ਆਤਮਕ ਉਨਤੀ ਦੀ ਚੇਸ਼ਟਾ ਇਕ ਲਗਨ ਹੈ। ਚੰਚਲ ਮਨ ਤੋਂ ਆਤਮਕ ਸਿਧੀ ਤੱਕ ਦਾ ਸਫਰ ਉਸ ਦੇ ਜੀਵਨ ਦਾ ਉਦੇਸ਼ ਹੈ ਜਿਸ ਦੀ ਵਿਧੀ ਅੰਤਰਮੁਖਤਾ ਹੈ ਜੋ ਕਿ ਮਨੁੱਖ ਦੀ ਆਤਮ ਸਾਂਝ ਤੇ ਪਰਮਾਤਮਾ ਤੇ ਬ੍ਰਹਿਮੰਡ ਨਾਲ ਅਖੰਡ ਏਕਤਾ ਤੇ ਕੇਂਦਰਿਤ ਹੈ। ਮਨੁੱਖ ਦੀ ਮਨੋ ਅਨੁਸ਼ਾਸਨ ਦੀ ਆਵੱਸ਼ਕਤਾ ਹੈ, ਆਪਣੀ ਪ੍ਰਕਿਰਤੀ ਤੇ ਬ੍ਰਹਿਮੰਡੀ ਚੇਤਨਾ ਵਿਚ ਸੰਤੁਲਿਤ ਮਨੋ ਅਵਸਥਾ ਬਣਾਉਣ ਵਾਸਤੇ ਅਧਿਆਤਮਵਾਦ ਦੀ ਅਭਿਧਾਰਨਾ ਸਾਹਮਣੇ ਆਈ ਜਿਸ ਨੂੰ ਕਿ ਧਰਮ ਚਿੰਤਨ ਨੇ ਸਾਧਨਾ ਅਨੁਸ਼ਾਸਨ ਦੇ ਸਰੂਪ ਵਿਚ ਢਾਲਿਆ। ਜਿਸ ਅਨੁਸਾਰ ਪਰਮਾਤਮਾ ਨੂੰ ਸਤਿ-ਚਿਤ-ਆਨੰਦ ਮੰਨਿਆ ਹੈ, ਜੋ ਨਿਰਗੁਣ-ਸਰਗੁਣ ਰੂਪ ਧਾਰਨ ਕਰਕੇ ਰਚਨਾ ਸਥਾਪਤੀ ਤੇ ਵਿਨਾਸ਼ ਦੇ ਕਰਤੱਵ ਕਰਦਾ ਹੈ। ਆਤਮਾ ਉਸ ਪਰਮ ਸੱਤਾ ਦੀ ਅੰਸ਼ ਹੈ ਅਤੇ ਅਬਿਨਾਸ਼ੀ ਹੈ। ਧਰਮ ਦੇ ਇਸ ਲਕਸ਼ ਬਾਰੇ ਸਾਰੇ ਮਾਰਗੀ ਦਰਸ਼ਨ ਸਹਿਮਤ ਹਨ ਕਿ ਆਤਮ-ਸੋਝੀ ਦੁਆਰਾ ਪਰਮਾਤਮਾ ਨੂੰ ਮਿਲਣਾ ਹੈ, ਪਰ ਹਰ ਧਰਮ ਜਾਂ ਮਾਰਗ ਵਿਚ ਐਸੀ ਪ੍ਰਾਪਤੀ ਲਈ ਸਾਧਨਾ ਬਾਰੇ ਕੁਝ ਭਿੰਨਤਾ ਹੈ। ਹਰ ਮਾਰਗ ਦੀ ਸਾਧਨਾ ਦੀ ਤਹਿ ਵਿਚ ਤਿੰਨ ਗੱਲਾਂ ਮਿਲੀਆਂ ਹਨ: ਭਗਤੀ, ਗਿਆਨ ਤੇ ਕਰਮ। ਆਤਮਾ ਦੀ ਲਖਤਾ ਅਤੇ ਸ਼ੁੱਧੀ ਭਗਤੀ, ਗਿਆਨ ਤੇ ਨਿਸ਼ਕਾਮ ਕਰਨ ਨਾਲ ਹੀ ਹੋਣੀ ਹੈ। ਕਿਸੇ ਸਾਧਨਾ-ਮਾਰਗ ਵਿਚ ਭਗਤੀ ਤੇ ਵੱਧ ਬਲ ਹੈ, ਕਿਸੇ ਵਿਚ ਗਿਆਨ ਤੇ ਵੱਧ ਬਲ ਹੈ।[63] ਵਾਸਤਵਿਕ ਰੂਪ ਵਿਚ ਗਿਆਨ ਰਾਹੀਂ ਹੀ ਜੀਵ ਤੇ ਜੜ੍ਹ ਨੂੰ ਵੱਖ ਕਰਕੇ ਵੇਖਿਆ ਜਾ ਸਕਦਾ ਹੈ, ਜਿਸ ਰਾਹੀਂ ਅਧਿਆਤਮਵਾਦ ਦਾ ਸਰੂਪ ਸਿਰਜਿਆ ਜਾ ਸਕਦਾ ਹੈ। ਇਸ ਵਿਚ ਗਿਆਤਾ, ਗਿਆਨ ਤੇ ਗੇਯ (ਗਿਆਨ ਦਾ ਵਿਸ਼ਾ) ਨਖ-ਸ਼ਿਖ ਬਣਦੇ ਹਨ। ਤਿੰਨੇ ਹੀ ਅੰਤਰ-ਸਬੰਧਿਤ ਹਨ। ਇਨ੍ਹਾਂ ਵਿਚੋਂ ਕਿਸੇ ਦੀ ਵੀ ਅਣਹੋਂਦ ਹੋਵੇ ਤਾਂ ਗਿਆਨ ਪ੍ਰਾਪਤੀ ਸੰਭਵ ਨਹੀਂ। ਇਨ੍ਹਾਂ ਤਿੰਨਾਂ ਵਿਚੋਂ ਗਿਆਤਾ ਜਾਂ ਸਾਧਕ ਦਾ ਸਥਾਨ ਸਭ ਤੋਂ ਮਹੱਤਵਪੂਰਨ ਹੈ। 'ਚੇਤਨ ਆਤਮਾ ਸਾਰੇ ਗਿਆਨ ਦਾ ਮੂਲ ਆਧਾਰ ਹੈ, ਪਰ ਇਸ ਆਤਮਾ ਦਾ ਜੜ੍ਹ ਵਿਸ਼ੇ ਨਾਲ ਕਿਵੇਂ ਸੰਭਵ ਹੈ? ਅਧਿਆਤਮਵਾਦ ਵਿਚ ਇਸ ਸਵਾਲ ਦਾ ਜਵਾਬ ਦੇਣ ਲਈ ਵਿਸ਼ੇ ਤੇ ਗਿਆਤਾ ਨੂੰ ਇਕੋ ਮੰਨਿਆ ਗਿਆ ਹੈ। ਗਿਆਨ ਰਾਹੀਂ ਮੂਰਤੀਮਾਨ

ਹੋਇਆ ਵਿਸ਼ਾ ਹਮੇਸ਼ਾ ਬੌਧਿਕ ਹੁੰਦਾ ਹੈ, ਪਦਾਰਥ ਆਪਣੇ ਭੌਤਿਕ ਰੂਪ ਵਿਚ ਗਿਆਨ ਦੇ ਵਿਸ਼ੇ ਨਹੀਂ ਹੁੰਦੇ। ਇਕੋ ਆਤਮਾ ਗਿਆਤਾ ਤੇ ਗੇਯ (ਜਾਣਨਯੋਗ) ਦੋਹਾਂ ਰੂਪਾਂ ਵਿਚ ਵਟ ਕੇ ਗਿਆਨ ਦੀ ਉਤਪਤੀ ਕਰਦੀ ਹੈ।'[64] ਪਰ ਇਸ ਵਿਚ ਧਿਆਨ ਇਕਾਗਰਤਾ ਤੇ ਪਦਾਰਥਕ ਸੰਸਾਰ ਤੋਂ ਨਿਰਲੇਪਤਾ ਵੀ ਮਹੱਤਵਪੂਰਨ ਸਥਿਤੀ ਹੈ। ਪਦਾਰਥਕ ਸ਼ੈਆਂ ਤੇ ਮਨੋਵਿਕਾਰਾਂ ਵਿਚ ਲਿਪਤ ਆਤਮਾ ਗਿਆਨ ਦੇ ਰਸਤੇ ਤੇ ਅੱਗੇ ਨਹੀਂ ਵਧ ਸਕਦੀ। ਇਸ ਲਈ ਧਰਮ ਮਾਰਗ ਅਪਣਾਉਣਾ ਵੀ ਅਧਿਆਤਮਵਾਦੀ ਰਸਤੇ ਦਾ ਪੜਾਅ ਮੰਨ ਲਿਆ ਜਾਂਦਾ ਹੈ ਜੋ ਆਤਮਾ ਦੀ ਸੁਚੇਤਨਾ ਨੂੰ ਬਣਾਈ ਰੱਖਣ ਲਈ ਸਹਾਈ ਹੁੰਦਾ ਹੈ। ਪੰਜਾਬ ਕੋਸ਼ ਅਨੁਸਾਰ 'ਚੇਤਨ ਤੇ ਵਿਕਾਰ ਰਹਿਤ ਆਤਮਾ ਨੂੰ ਸਮੁੱਚੀ ਸਿਰਜਣਾ ਦਾ ਆਧਾਰ ਸਵੀਕਾਰ ਕਰਨਾ ਅਧਿਆਤਮਵਾਦ ਹੈ।'[65] ਕਿਉਂਕਿ ਧਰਮਭਾਵੀ ਨੈਤਿਕਤਾ ਹੀ ਮਨੁੱਖ ਦੇ ਸਨਮੁੱਖ ਪਰਮ ਆਤਮਾ ਦਾ ਆਦਰਸ਼ ਘੜ੍ਹਦੀ ਹੈ, ਜਿਸ ਤੋਂ ਅਧਿਆਤਮਕ ਯਤਨਾਂ ਦੀ ਸ਼ੁਰੂਆਤ ਹੁੰਦੀ ਹੈ। ਇਸ ਲਈ ਨੈਤਿਕ ਪਰੰਪਰਾ ਵਿਚ ਅਧਿਆਤਮਵਾਦ ਸਰੂਪ ਨੂੰ ਧਰਮ ਵਜੋਂ ਸਵੀਕਾਰਿਆ ਗਿਆ ਹੈ। ਪ੍ਰੋ. ਦੀਵਾਨ ਸਿੰਘ ਆਲੋਚਨਾਤਮਕ ਦ੍ਰਿਸ਼ਟੀ ਤੋਂ ਵਾਚਦੇ ਹੋਏ ਲਿਖਦੇ ਹਨ, 'ਅਧਿਆਤਮਵਾਦ, ਕੋਈ ਠੀਕ ਅਰਥਾਂ ਵਿਚ ਫਿਲਾਸਫੀ ਨਹੀਂ, ਕਿਉਂਕਿ ਇਸ ਦਾ ਸਬੰਧ ਬੁੱਧੀ ਨਾਲ ਨਹੀਂ, ਸਗੋਂ ਮਨੁੱਖੀ ਹਿਰਦੇ ਨਾਲ ਹੈ। ਹਾਂ, ਧਰਮ ਤੇ ਰਹੱਸਵਾਦ ਦੋਹਾਂ ਨਾਲ ਇਸ ਦਾ ਨੇੜੇ ਦਾ ਸਬੰਧ ਜ਼ਰੂਰ ਹੈ, ਕਿਉਂਕਿ ਇਹ ਦੋਵੇਂ ਬੁੱਧੀ ਦੀ ਥਾਂ ਮਨੋਭਾਵ ਤੇ ਉਹ ਵੀ ਉਸ ਦੇ ਕਿਸੇ ਉਚੇ ਵਿਕਸਿਤ ਰੂਪ, ਸਹਿਜ ਗਿਆਨ-ਮਈ ਅਨੁਭਵ ਨਾਲ ਸਬੰਧਿਤ ਹਨ।'[66] ਦਾਰਸ਼ਨਿਕ ਪਰਿਪੇਖ ਵਿਚ ਇਸ ਨੂੰ ਆਤਮ-ਵਿਕਾਸ ਦੇ ਮਾਰਗ ਵਜੋਂ ਵੀ ਵਿਚਾਰਿਆ ਜਾ ਸਕਦਾ ਹੈ ਕਿ ਆਤਮਾ ਤਾਂ ਮਨੁੱਖੀ ਸਿਰਜਣਾ ਨਾਲ ਹੀ ਮੌਜੂਦ ਹੈ ਪਰ ਆਤਮਾ ਨੂੰ ਵੇਖਣਾ, ਸੁਣਨਾ, ਸੋਚਣਾ, ਵਿਚਾਰਨਾ ਤੇ ਇਸ ਆਤਮ ਗਿਆਨ ਰਾਹੀਂ ਮੁਕਤੀ ਤੇ ਨਿਵਰਿਤੀ ਤੱਕ ਪਹੁੰਚਣਾ ਆਤਮ ਗਿਆਨ ਰਾਹੀਂ ਆਤਮ ਵਿਕਾਸ ਦਾ ਮਾਰਗ ਹੈ। 'ਅਧਿਆਤਮਵਾਦ ਇਕ ਯਤਨ ਹੈ, ਮਨੁੱਖੀ ਆਤਮਾ ਵੱਲੋਂ, ਆਪਣੇ ਮੂਲ, ਆਪਣੇ ਸੋਮੇ, ਪਰਮਾਤਮਾ ਨੂੰ ਸਮਝਣ ਦਾ, ਉਸ ਨੂੰ ਪਿਆਰਨ ਦਾ, ਉਸ ਨਾਲ ਅਭੇਦ ਹੋਣ ਦਾ, ਸੀਮਤ ਤੋਂ ਅਸੀਮਤ ਹੋਣ ਦਾ, ਛਿੰਨ ਭੰਗਰ ਤੋਂ ਅਬਿਨਾਸ਼ੀ ਹੋਣ ਦਾ।'[67]

ਮਨੁੱਖਤਾ ਦੇ ਲੰਮੇਰੇ ਵਿਕਾਸ ਤੇ ਧਾਰਮਿਕ ਚਿੰਤਨ ਦੇ ਇਤਿਹਾਸ ਵਿਚ ਅਧਿਆਤਮਵਾਦ ਨੂੰ ਇਕ ਦਾਰਸ਼ਨਿਕ ਦ੍ਰਿਸ਼ਟੀਕੋਣ ਵਜੋਂ ਸਥਾਪਿਤ ਕੀਤਾ ਗਿਆ ਹੈ ਜਾਂ ਆਪਣੀ ਸੰਬਾਦਕ ਗਤੀ ਨਾਲ ਧਾਰਮਿਕ ਵਿਵੇਕ ਸਿਰਜਦਾ ਗਿਆ ਇਹ ਮਨੁੱਖ ਚੇਤਨਾ ਤੇ ਚਿੰਤਨ ਦੇ ਵਿਕਾਸ ਦੀ ਆਧਾਰਸ਼ਿਲਾ ਬਣਿਆ। ਪੂਰਬੀ ਤੇ ਪੱਛਮੀ ਦਰਸ਼ਨ ਵਿਚ ਇਸ ਬਾਰੇ ਭਰਪੂਰ ਵਿਆਖਿਆ ਮਿਲਦੀ ਹੈ। ਵਿਚਾਰਧਾਰਕ ਪੱਖ ਤੋਂ ਇਸ ਦੀ ਵਿਆਖਿਆ ਵਿਚ ਕੁਝ ਸਮਾਨਤਾਵਾਂ ਹਨ ਤੇ ਕਿਤੇ ਇਹ ਧਰਮ ਚਿੰਤਨ ਦੇ ਭਾਗ ਵਜੋਂ ਹੀ ਵਿਚਾਰਿਆ ਗਿਆ।

**ਭਾਰਤੀ ਦਰਸ਼ਨ ਵਿਚ ਅਧਿਆਤਮਵਾਦ**

ਆਦਿ ਕਾਲ ਤੋਂ ਹੀ ਮਨੁੱਖੀ ਚੇਤਨਾ ਜਗਿਆਸਾਵਤ ਆਪਣੀ ਹੋਂਦ ਦੇ ਪ੍ਰਤਿ ਖੋਜਵਾਨ ਸੀ, ਇਸ ਲਈ ਉਸ ਨੇ ਦਾਰਸ਼ਨਿਕ ਕਿਆਸਕਾਰੀ ਤੇ ਆਪਣੇ ਅਨੁਭਵ ਦੇ ਸਿੱਟੇ ਵਜੋਂ ਜੋ ਧਾਰਨਾਵਾਂ ਪਰਮ-ਸੱਤਾ ਤੇ ਆਤਮਿਕ ਵਿਕਾਸ ਤੇ ਜੀਵਨ ਬਾਰੇ ਸਿਰਜੀਆਂ, ਉਹ ਦਰਸ਼ਨ ਸ਼ਾਸਤਰ ਦੇ ਸੰਦਰਭ ਵਿਚ ਅਧਿਆਤਮਵਾਦ ਵਜੋਂ ਪ੍ਰਸਤੁਤ ਹੋਈਆਂ। ਆਰੰਭ ਵਿਚ ਵੈਦਿਕ ਗ੍ਰੰਥਾਂ ਵਿਚ ਇਸ ਦਰਸ਼ਨ ਨੂੰ ਸੰਜੋ ਕੇ ਰੱਖਿਆ। ਵੈਦਿਕ ਯੁੱਗ ਦੇ ਚਾਰੇ ਵੇਦ ਰਿਗਵੇਦ, ਸਾਮਵੇਦ, ਅਥਰਵੇਦ ਤੇ ਯਜੁਰਵੇਦ, ਮਨੁੱਖ ਲਈ ਮੰਗਲ ਲਈ ਕਾਮਨਾ ਕਰਦੇ ਹੋਏ ਉਸ ਦਾ ਪਰਮਾਤਮਾ ਨਾਲ ਸਬੰਧ ਦ੍ਰਿੜ ਸੰਕਲਪ ਦੇ ਤੌਰ ਤੇ ਜੋੜਦੇ ਹਨ। ਵੈਦਿਕ ਸੰਸਕ੍ਰਿਤੀ ਵਿਚ ਜਿੱਥੇ ਇਸ ਸਬੰਧੀ ਧਿਆਨ-ਮਨਨ ਪ੍ਰਕਿਰਿਆ ਦੀ ਵਿਧੀ ਦਰਸਾਈ ਗਈ ਹੈ, ਨਾਲ ਹੀ ਮਨੁੱਖੀ ਪ੍ਰਵਿਰਤੀ ਕਿਸ ਤਰ੍ਹਾਂ ਨਿਰੰਤਰ ਪਰਮਾਤਮ ਗੁਣਾਂ ਦੀ ਸੋਚ ਦੀ ਧਾਰਨੀ ਬਣੇ, ਇਸ ਦਾ ਵੀ ਪ੍ਰਾਵਧਾਨ ਹੈ। ਸ਼ਰੂਤੀ ਤੇ ਸਮ੍ਰਿਤੀ ਦੇ ਰੂਪ ਵਿਚ ਪਰਮਾਤਮ ਦੀਆਂ ਗਿਆਨ ਤਰੰਗਾਂ ਸਿੱਧੇ ਤੌਰ ਤੇ ਮਨੁੱਖ ਲਈ ਮਾਰਗ ਦਰਸ਼ਨ ਹਨ। ਪਰੰਤੂ ਇਹ ਵੀ ਇਕ ਅਨੋਖੀ ਸਚਾਈ ਹੈ ਕਿ ਵੈਦਿਕ ਕਾਲ ਵਿਚ ਮਨੁੱਖ ਮੁਕਤੀ ਦੇ ਸੰਕਲਪ ਲਈ ਵਧੇਰੇ ਚਿੰਤਤ ਨਹੀਂ ਸੀ। ਉਨ੍ਹਾਂ ਦੀਆਂ ਪ੍ਰਾਰਥਨਾ ਦੀਆਂ ਰਿਚਾਵਾਂ ਅਜਿਹੀਆਂ ਹਨ, ਜਿਨ੍ਹਾਂ ਨਾਲ ਨਿਤਾਣੇ ਤੋਂ ਨਿਤਾਣੇ ਆਦਮੀਆਂ ਵਿਚ ਵੀ ਉਮੰਗ ਦੀ ਲਹਿਰ ਜਾਗ ਸਕਦੀ ਹੈ। ਉਨ੍ਹਾਂ ਨੂੰ ਸਚਾਈ ਦਾ ਗਿਆਨ ਪ੍ਰਾਪਤ ਹੋ ਚੁੱਕਾ ਸੀ ਅਤੇ ਉਹ ਮੰਨਦੇ ਸਨ ਕਿ ਸਾਰੀ ਸ੍ਰਿਸ਼ਟੀ ਕਿਸੇ

ਇਕ ਹੀ ਗੈਬੀ ਜਾਂ ਅਦ੍ਰਿਸ਼ਟ ਸ਼ਕਤੀ ਦੁਆਰਾ ਸੰਚਾਲਿਤ ਅਤੇ ਸਥਿਰ ਹੈ ਤੇ ਉਸ ਸ਼ਕਤੀ ਦੀ ਅਰਾਧਨਾ ਕਰਕੇ ਮਨੁੱਖ ਜੋ ਚਾਹੇ ਪ੍ਰਾਪਤ ਕਰ ਸਕਦਾ ਹੈ। ਵੈਦਿਕ ਪ੍ਰਾਰਥਨਾਵਾਂ ਵੀ ਸਬਲ, ਸਵਸਥ ਅਤੇ ਪ੍ਰਫੁਲਿਤ ਜੀਵਨ ਨੂੰ ਉਤਸ਼ਾਹ ਦੇਣ ਵਾਲੇ ਮੰਤਰ ਹੀ ਸਨ:

- ਅਸੀਂ ਸੌ ਸਾਲ ਤੱਕ ਜੀਏ।
  ਅਸੀਂ ਸੌ ਸਾਲ ਤੱਕ ਆਪਣੇ ਗਿਆਨ ਨੂੰ ਵਧਾਉਂਦੇ ਰਹੀਏ।
  ਅਸੀਂ ਸੌ ਸਾਲ ਤੱਕ ਪੁਸ਼ਟੀ ਅਤੇ ਦ੍ਰਿੜਤਾ ਨੂੰ ਪ੍ਰਾਪਤ ਕਰੀਏ।
  ਅਸੀਂ ਸੌ ਸਾਲ ਤੱਕ ਅਨੰਦਮਈ ਜੀਵਨ ਬਤੀਤ ਕਰੀਏ।

- ਭਗਵਾਨ! ਜੀਵਨ ਯਾਤਰਾ ਵਿਚ ਸਾਨੂੰ ਬਹੁਤ ਉਚਤਾ ਬਖਸ਼ੋ।
  ਅਸੀਂ ਸਦਾ ਪ੍ਰਸੰਨ ਚਿੱਤ ਰਹੀਏ ਅਤੇ ਚੜ੍ਹਦੇ ਸੂਰਜ ਨੂੰ ਵੇਖੀਏ।[68]

ਆਤਮਾ ਦੀ ਉੱਚੀ ਯਤਨਸ਼ੀਲਤਾ ਹੀ ਉਸ ਪਰਮਾਤਮਾ ਬੋਧ ਦਾ ਆਭਾਸ ਕਰਵਾਉਂਦੀ ਹੈ। ਆਤਮਾ ਦੀ ਸ਼ੁੱਭ ਗੁਣਾਂ ਰਾਹੀਂ ਸ਼ੁੱਧੀ ਹੀ ਉਸ ਨੂੰ ਇਸ ਰਾਹ ਤੇ ਤੋਰਦੀ ਹੈ:

According to Vadanta, the nature of the highest good is thus the revelation of the pure self as absolute bliss, intelligence and being where all forms of duality have eternally ceased. The individual who seeks final liberation consists have notion of the ego or the 'I' as associated with pure intelligence. It is this individual that seeks its release from the notion of egohood and all its associated sorrows and sufferings. With the cessation of egohood, pure intelligence, identical with pure bliss, remains for ever undisturbed in its own nature.[69]

ਵੇਦਾਂਤ ਵਿਚ ਆਤਮ ਗਿਆਨ ਨੂੰ ਮਨੁੱਖ ਦੀ ਸਭ ਤੋਂ ਵੱਡੀ ਪ੍ਰਾਪਤੀ ਮੰਨਿਆ ਗਿਆ ਹੈ। ਵੇਦਕਾਲੀਨ ਮਨੁੱਖ ਦਾ ਵਿਸ਼ਵਾਸ ਸੀ ਕਿ ਸਭ ਤੋਂ ਪਹਿਲਾਂ ਕੇਵਲ ਪਰਮਾਤਮਾ ਹੀ ਸਨ ਜਿਸ ਦੀ ਪੂਜਾ ਨਾਲ ਸ਼ੁਭ ਗੁਣ ਪ੍ਰਾਪਤ ਹੁੰਦੇ ਹਨ ਤੇ ਮਾਨਵ ਕਲਿਆਣ ਹੁੰਦਾ ਹੈ।

ਉਪਨਿਸ਼ਦਾਂ ਨੂੰ ਭਾਰਤੀ ਅਧਿਆਤਮ ਦਾ ਮੂਲ ਸ੍ਰੋਤ ਮੰਨਿਆ ਜਾਂਦਾ ਹੈ। ਉਪਨਿਸ਼ਦਾਂ ਵਿਚ ਆਤਮਾ ਪਰਮਾਤਮਾ ਬਾਰੇ ਕਈ ਮੱਤ ਮਿਲਦੇ ਹਨ ਕਿ ਆਤਮਾ ਅਤੇ ਪਰਮਾਤਮਾ ਅਭੇਦ ਹਨ, ਪਰਮਾਤਮਾ ਸਰਵ-ਸ਼ਕਤੀਮਾਨ ਅਤੇ ਆਤਮਾ ਸੀਮਿਤ ਹੈ, ਪਰਮਾਤਮਾ ਅਨੰਤ ਸਰੂਪ ਅਤੇ ਆਤਮਾ ਦੁਖ ਨਾਲ ਪੀੜਤ ਹੈ। ਪਰ ਗਿਆਨ ਜਾਂ ਅੰਤਰ ਪ੍ਰੇਰਨਾ ਨੂੰ ਇਨ੍ਹਾਂ ਵਿਚ ਵੀ ਉਤਮ ਅਭਿਧਾਰਣਾ ਮੰਨਿਆ ਗਿਆ ਹੈ ਜੋ ਅਧਿਆਤਮਵਾਦ ਦੀ ਪਹਿਲੀ ਅਵੱਸ਼ਕਤਾ ਹੈ।

ਭਾਰਤ ਵਿਚ ਉਪਨਿਸ਼ਦ ਰਚਣ ਵਾਲੇ ਮੁਨੀਆਂ ਦਾ ਮਾਰਗ ਮੁੱਖ ਰੂਪ ਵਿਚ ਸਹਿਜ ਗਿਆਨ ਦਾ ਮਾਰਗ ਸੀ, ਇਸ ਲਈ ਸਭਿਅਤਾ ਦੇ ਬਾਹਰੀ ਉਪਕਰਣ ਵਧਾਉਣ ਦੀ ਥਾਂ ਭਾਰਤ ਵਿਚ ਇਸ ਗੱਲ ਤੇ ਜ਼ੋਰ ਦਿੱਤਾ ਜਾਂਦਾ ਰਿਹਾ ਕਿ ਆਪਣੀ ਆਤਮਾ ਨੂੰ ਸ਼ੁੱਧ ਕਰੋ, ਆਪਣੀ ਦ੍ਰਿਸ਼ਟੀ ਨੂੰ ਬਾਹਰੋਂ ਹਟਾ ਕੇ ਅੰਤਰਮੁਖੀ ਬਣਾਓ ਅਤੇ ਇਕਾਂਤ ਤੇ ਸਮਾਧੀ ਦਾ ਅਭਿਆਸ ਕਰੋ, ਕਿਉਂਕਿ ਸਹਿਜ ਗਿਆਨ ਦੇ ਇਹ ਮਾਰਗ ਹਨ।[70] ਅੰਤਰ ਦੀ ਵੇਦਨਾ ਜਦੋਂ ਪ੍ਰੇਰਨਾ ਬਣ ਜਾਂਦੀ ਹੈ ਤਾਂ ਉਹ ਪਰਮਾਤਮਾ ਵੱਲ ਕੇਂਦਰਿਤ ਹੋ ਜਾਂਦੀ ਹੈ ਤੇ ਉਸ ਨਾਲ ਉੱਚਤਮ ਸੱਚ ਤੇ ਸ੍ਰੇਸ਼ਟ ਕਲਾ ਦਾ ਨਿਰਮਾਣ ਸੰਭਵ ਹੈ। ਉਪਨਿਸ਼ਦਾਂ ਨੇ ਆਤਮ-ਵਿਦਿਆ ਤੇ ਸਵੈ-ਚੇਤਨਾ ਤੇ ਜ਼ੋਰ ਦਿੱਤਾ ਜਿਵੇਂ ਕਿ Self restraint, tranquillity, truthfulness are described as ethical virtues, which can purify one's mind and prepare it for self-realization.[71] ਇਸ ਤਰ੍ਹਾਂ ਉਪਨਿਸ਼ਦਾਂ ਨੇ ਆਤਮਾ ਪਰਮਾਤਮਾ ਦੇ ਗੁੱਝੇ ਭੇਦਾਂ ਨੂੰ ਲੋਕਾਈ ਸਾਹਮਣੇ ਖੋਲ੍ਹ ਕੇ ਰੱਖ ਦਿੱਤਾ ਤੇ ਮੁਕਤੀ ਦੇ ਸੰਕਲਪ ਨੂੰ ਜੀਵਨ ਉਦੇਸ਼ ਦੇ ਤੌਰ ਤੇ ਪੇਸ਼ ਕੀਤਾ।

ਭਾਰਤੀ ਦਰਸ਼ਨ ਵਿਚ ਸ਼ਾਮਲ ਛੇ ਦਰਸ਼ਨ ਸਾਂਖ, ਯੋਗ, ਨਿਆਂਇ, ਵੈਸ਼ੈਸ਼ਿਕ, ਪੂਰਵ-ਮੀਮਾਂਸਾ ਤੇ ਉਤਰ-ਮੀਮਾਂਸਾ ਅਧਿਆਤਮ ਦੇ ਛੇ ਨਿਰਮਲ ਚਸ਼ਮੇ ਸਮਝੇ ਜਾ ਸਕਦੇ ਹਨ, ਜਿਨ੍ਹਾਂ ਦੀ ਨਿਰਮਲਤਾ ਦੀ ਛੋਹ ਲਈ ਕੋਈ ਵੀ ਆਤਮਾ ਪਵਿੱਤਰਤਾ ਦੇ ਰਸਤੇ ਤੇ ਵਧ ਸਕਦੀ ਹੈ। ਸਾਂਖ ਦਰਸ਼ਨ ਈਸ਼ਵਰ ਦੀ ਖੋਜ ਤੇ ਹੀ ਕੇਂਦਰਿਤ ਹੈ, ਯੋਗ ਦਰਸ਼ਨ ਵਿਚ ਮਨੁੱਖ ਦੇ ਉੱਚਤਮ ਵਿਕਾਸ ਲਈ ਸਾਧਨਾ ਉਪਰ ਜ਼ੋਰ ਦਿੱਤਾ ਗਿਆ। ਨਿਆਂਇ ਅਤੇ ਵੈਸ਼ੈਸ਼ਿਕ ਦਰਸ਼ਨਾਂ ਵਿਚ ਜੜ੍ਹ (ਪ੍ਰਕਿਰਤੀ) ਅਤੇ ਚੇਤਨ (ਜੀਵ) ਦੋਵਾਂ ਦੀ ਹੋਂਦ ਨੂੰ ਇਕਸਾਰ ਮੰਨਿਆ ਗਿਆ ਹੈ ਪਰੰਤੂ ਪੂਰਵ-ਮੀਮਾਂਸਾ ਦਰਸ਼ਨ ਵਿਚ ਸਪੱਸ਼ਟ ਰੂਪ ਵਿਚ ਈਸ਼ਵਰ ਨੂੰ

ਸ੍ਰਿਸ਼ਟੀਕਰਤਾ ਦੱਸ ਕੇ ਮਨੁੱਖ ਨੂੰ ਉਸ ਰਾਹ ਤੇ ਤੋਰਿਆ ਗਿਆ ਹੈ। ਉੱਤਰ-ਮੀਮਾਂਸਾ ਦਰਸ਼ਨ ਵਿਚ ਆਤਮਾ ਅਤੇ ਪਰਮਾਤਮਾ ਦਾ ਏਕੀਕਰਣ ਦਰਸਾਇਆ ਗਿਆ ਹੈ ਕਿ ਬ੍ਰਹਮਾ ਨੇ ਕਿਤੇ ਬਾਹਰ ਬੈਠ ਕੇ ਸ੍ਰਿਸ਼ਟੀ ਨਹੀਂ ਰਚੀ ਉਹ ਤਾਂ ਕਣ-ਕਣ ਵਿਚ ਸਰਵਵਿਆਪੀ ਹੈ ਤੇ ਹਰ ਕੋਈ ਬ੍ਰਹਮਮਈ ਹੋ ਸਕਦਾ ਹੈ। ਇਸ ਤਰ੍ਹਾਂ ਇਹ ਛੇ ਚਸ਼ਮੇ ਵਹਿੰਦੇ ਹੋਏ ਅਧਿਆਤਮਕਤਾ ਦੇ ਵਿਸ਼ਾਲ ਸਮੁੰਦਰ ਵਿਚ ਸਮਾ ਜਾਂਦੇ ਹਨ।

**ਹਿੰਦੂ ਧਰਮ ਵਿਚ ਅਧਿਆਤਮਵਾਦ**

ਹਿੰਦੂ ਧਰਮ ਵਿਚ ਆਤਮ ਸ਼ੁੱਧੀ ਦਾ ਮਾਰਗ ਆਤਮ ਤਿਆਗ ਵੱਲ ਪਰਵਰਤਿਤ ਹੋ ਗਿਆ ਅਤੇ ਯੋਗ ਤੇ ਅਹੂਤੀ ਦੇ ਮਾਧਿਅਮ ਨਾਲ ਅਧਿਆਤਮਕ ਸ਼ਕਤੀਆਂ ਦੀ ਅਭਿਵਿਅਕਤੀ ਦਾ ਪ੍ਰਚਲਨ ਸ਼ੁਰੂ ਹੋਇਆ। ਹਿੰਦੂ ਧਰਮ ਦੋ ਕਿਸਮ ਦੇ ਗ੍ਰੰਥਾਂ ਤੇ ਅਧਾਰਿਤ ਰਿਹਾ ਹੈ। ਇਕ ਨੂੰ ਨਿਗਮ ਤੇ ਦੂਜੇ ਨੂੰ ਆਗਮ ਕਿਹਾ ਗਿਆ। ਆਗਮਾਂ ਦੀ ਉਤਪਤੀ ਬ੍ਰਹਮਾ, ਵਿਸ਼ਨੂੰ, ਸ਼ਿਵ ਤੋਂ ਮੰਨੀ ਜਾਂਦੀ ਹੈ। ਜਿਨ੍ਹਾਂ ਅਨੁਸਾਰ ਬਹੁ-ਵਿਚਾਰ, ਵਾਦ ਸਹਿਤ ਅਧਿਆਤਮਵਾਦੀ ਦ੍ਰਿਸ਼ਟੀਕੋਣ ਸਾਹਮਣੇ ਆਇਆ, ਜਿਸ ਵਿਚ ਅਨੇਕ ਈਸ਼ਵਰਵਾਦ, ਏਕ ਈਸ਼ਵਰਵਾਦ ਤੇ ਅਦਵੈਤਵਾਦ ਪ੍ਰਮੁੱਖ ਹਨ, ਪਰ ਵਿਅਕਤੀਗਤ ਤੌਰ ਤੇ ਆਤਮਿਕ ਯਤਨ ਭਾਵੇਂ ਉਹ ਦੈਵੀ ਪੂਜਾ ਤੇ ਕਰਮਕਾਂਡਾਂ ਦੇ ਰੂਪ ਵਿਚ ਹੀ ਸਨ। ਇਸ ਲਈ ਹਿੰਦੂ ਧਰਮ ਵਿਚ ਤਰਕ ਤੇ ਮੁਕਤੀ ਦੋਵੇਂ ਸਿਧਾਂਤਕ ਅਧਾਰ ਹਨ। ਹਿੰਦੂ ਧਰਮ ਪਰਮ ਸਚਾਈ ਦੀ ਅਨੁਭੂਤੀ ਦੇ ਅਨੁਭਵ ਤੇ ਹੀ ਕੇਂਦਰਿਤ ਹੈ ਪਰ ਇਸ ਲਈ ਮਾਧਿਅਮਾਂ ਨੂੰ ਪ੍ਰਯੋਗ ਕੀਤਾ ਜਾਂਦਾ ਰਿਹਾ ਹੈ ਪਰੰਤੂ ਮਨੁੱਖ ਦੀ ਆਪਣੀ ਅਨੁਭਵਸ਼ੀਲਤਾ ਵੀ ਇਸ ਦਾ ਹਿੱਸਾ ਹੈ। ਡਾ. ਮਹਾਂਦੇਵਨ ਹਿੰਦੂ ਅਧਿਆਤਮ ਨੂੰ ਵਰਣਿਤ ਕਰਦੇ ਲਿਖਦੇ ਹਨ:

Reality is trans-empirical, it can not be known through sense experience in the way in which emperical objects are known. It is known through intuitive experience (anubhuti): it is the experience at the highest level, for it transcends both the rational and the sensory aspects of human experience with which we are normally acquainted ... the knowledge which are derives from it is only mediate (paroksa). The truth conveyed by it is borne out by others' experience, the experience of the seers. Unless

this becomes immediate (aparoksa) to the seeker after truth, he has not reached the goal, His wisdom is self-certifying and self-revealed.[72]

ਹਿੰਦੂ ਧਰਮ ਦੇ ਸੰਦਰਭ ਵਿਚ ਗੀਤਾ ਨੂੰ ਵੀ ਆਗਮ ਗ੍ਰੰਥ ਮੰਨਿਆ ਜਾਂਦਾ ਹੈ। ਗੀਤਾ ਵਿਚ ਅਧਿਆਤਮ ਨੂੰ ਏਕਾਂਤਿਕਤਾ ਵਜੋਂ ਲਿਆ ਗਿਆ ਹੈ। ਗੀਤਾ ਅਨੁਸਾਰ ਪ੍ਰੇਮ-ਪੂਰਵਕ ਈਸ਼ਵਰ ਦੀ ਪੂਜਾ ਕਰਨ ਨਾਲ ਮੋਖ ਦੀ ਪ੍ਰਾਪਤੀ ਹੁੰਦੀ ਹੈ।

**ਜੈਨ ਧਰਮ ਵਿਚ ਅਧਿਆਤਮਵਾਦ:**

ਜੈਨ ਧਰਮ ਵੈਦਿਕ ਧਰਮ ਜਿੰਨਾ ਹੀ ਪ੍ਰਾਚੀਨ ਹੈ। ਜੈਨ ਸ੍ਰਿਸ਼ਟੀ ਨੂੰ ਅਨਾਦਿ ਮੰਨਦੇ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਸ੍ਰਿਸ਼ਟੀ ਦੀ ਰਚਨਾ ਕਿਸੇ ਪਰਮਾਤਮਾ ਨੇ ਨਹੀਂ ਬਣਾਈ, ਉਹ ਇਕ ਆਦਰਸ਼ ਹੈ ਜਿਸ ਨੂੰ ਅਸੀਂ ਸਾਧਨਾ ਦੁਆਰਾ ਪ੍ਰਾਪਤ ਕਰ ਸਕਦੇ ਹਾਂ। ਜੈਨ ਦਰਸ਼ਨ 'ਆਸਰਵ' ਦੇ ਸਿਧਾਂਤ ਵਿਚ ਵਿਸ਼ਵਾਸ ਰੱਖਦਾ ਹੈ ਜਿਸ ਦਾ ਅਰਥ ਇਹ ਹੈ ਕਿ ਕਰਮ ਦੇ ਸੰਸਕਾਰ ਛਿਣ-ਛਿਣ ਪ੍ਰਵਾਹਿਤ ਹੋ ਰਹੇ ਹਨ, ਜਿਨ੍ਹਾਂ ਦਾ ਪ੍ਰਭਾਵ ਜੀਵ ਉਤੇ ਹਰ ਛਿਣ ਪੈ ਰਿਹਾ ਹੈ। ਇਸ ਪ੍ਰਭਾਵ ਤੋਂ ਬਚਣ ਦਾ ਢੰਗ ਇਹ ਹੈ ਕਿ ਮਨੁੱਖ ਚਿਤ-ਵ੍ਰਿਤੀਆਂ ਦਾ ਵਿਰੋਧ ਕਰੇ, ਮਨ ਨੂੰ ਕਾਬੂ ਵਿਚ ਲਿਆਵੇ, ਯੋਗ ਦੀ ਸਮਾਧੀ ਵਿਚ ਆਵੇ ਅਤੇ ਤਪੱਸਿਆ ਵਿਚ ਲੀਨ ਰਹੇ।[73] ਜੈਨ ਧਰਮ ਵਿਚ ਅਧਿਆਤਮਕ ਸੰਕਲਪਾਂ ਨੂੰ ਸੂਤਰਾਂ ਦੇ ਰੂਪ ਵਿਚ ਪੇਸ਼ ਕੀਤਾ ਗਿਆ ਭਾਵੇਂ ਉਹ ਆਤਮਾ ਦੀ ਉੱਚਤਾ ਤੇ ਹੀ ਕੇਂਦਰਿਤ ਸਨ ਨਾ ਕਿ ਕਿਸੇ ਤਰ੍ਹਾਂ ਦੀ ਪਰਮ ਸੱਤਾ ਤੇ। ਡਾ. ਪ੍ਰਦੁਮਨ ਸ਼ਾਹ ਸਿੰਘ ਅਨੁਸਾਰ:

In Jainism, the soul always ramains the central point of all discussions. The all omniscient have preached that every soul has the capacity of endless knowledge, endless vision and endless conduct. The spiritual height can be attained by awakening the capacity of the soul. This is not a short time but a long time process, to attain such higher position of soul. One who aspires of the soul always the bondage and treads on the way to liberation. One who aspires for attaining supreme at least he should have the knowledge of Upapata so that he can prepare himself for a better next birth.[74]

ਪਰੰਤੂ ਭਗਵਾਨ ਮਹਾਂਵੀਰ ਨੇ ਆਪਣੇ ਪ੍ਰਵਚਨਾਂ ਵਿਚ ਆਲੋਕਿਕਤਾ ਤੇ ਅਧਿਆਤਮਕ ਸੱਤਾ ਤੋਂ ਇਨਕਾਰ ਨਹੀਂ ਕੀਤਾ, ਉਨ੍ਹਾਂ ਅਨੁਸਾਰ ਬ੍ਰਹਿਮੰਡ ਤੋਂ ਪਾਰ ਅਲੋਕ ਹੈ, ਜਿੱਥੇ ਅਹਿੰਸਾ ਅਤੇ ਦੈਵੀਤਵ ਦਾ ਪ੍ਰਚਲਨ ਹੈ ਜਿਸ ਦੇ ਨਿਯਮਾਂ ਦੀ ਪਾਲਣਾ ਪ੍ਰਕ੍ਰਿਤਿਕ ਰੂਪ ਵਿਚ ਹੁੰਦੀ ਹੈ। ਇਸ ਤਰ੍ਹਾਂ ਜੈਨ ਅਧਿਆਤਮ ਪ੍ਰਕ੍ਰਿਤਕ ਆਵੇਸ਼ ਤੱਕ ਸੀਮਿਤ ਹੈ, ਪਾਰਲੌਕਿਕਤਾ ਤੱਕ ਵਿਕਸਿਤ ਨਹੀਂ ਹੋਇਆ।

**ਬੁੱਧ ਧਰਮ ਵਿਚ ਅਧਿਆਤਮਵਾਦ**

ਮਹਾਤਮਾ ਬੁੱਧ ਨੇ ਈਸ਼ਵਰ ਨੂੰ ਪਾਰਗਾਮੀ ਸੱਤਾ ਵਜੋਂ ਨਹੀਂ ਖੋਜਿਆ, ਉਨ੍ਹਾਂ ਅਨੁਸਾਰ ਮਨੁੱਖ ਦਾ ਆਚਰਣ ਹੀ ਉਸ ਦੀ ਪਵਿੱਤਰਤਾ ਹੈ, ਉਸ ਵਿਚ ਹੀ ਸਾਰੇ ਸੰਸਾਰ ਦੀ ਸਤਿ, ਸ਼ਿਵ ਤੇ ਸੁੰਦਰ ਹੈ। ਉਹ ਪਰਮਾਤਮਾ ਬਾਰੇ ਚੁੱਪ ਸਨ ਪਰ ਉਨ੍ਹਾਂ ਦੀ ਆਪਣੀ ਅਧਿਆਤਮ ਖੋਜ ਇਸ ਚੁੱਪ ਸਮਾਧੀ ਤੋਂ ਉਪਜ ਕੇ ਸੰਸਾਰਿਕ ਯਾਤਰਾ ਵਜੋਂ ਪੂਰਨਤਾ ਪ੍ਰਾਪਤ ਕਰਦੀ ਹੈ। Right mindfulness (samma-sati) has been seen as the most important in Buddhist practices and considered necessary and sufficient for achieving concentration.[75] ਇਸ ਲਈ ਆਤਮਕ ਗਿਆਨ ਅਤੇ ਗਿਆਤਾ ਤੋਂ ਬੁੱਧ ਵੀ ਇਨਕਾਰੀ ਨਹੀਂ ਸਨ। ਜਿਸ ਤਰ੍ਹਾਂ ਕਿ ਬੁੱਧ ਦੇ ਅਨੁਯਾਈਆਂ ਲਈ ਮਹਾਤਮਾ ਬੁੱਧ ਨੇ ਪ੍ਰਵਚਨ ਕੀਤੇ ਕਿ ਚਾਰ ਪ੍ਰਕਾਰ ਦੇ ਅਭਿਆਸ ਮਨੋ ਸ਼ਾਂਤੀ ਲਈ ਆਵੱਸ਼ਕ ਹਨ, ਸਰੀਰ (ਕਾਇਆ ਉਪਾਸਨਾ), ਭਾਵਨਾ (ਵੇਦਨਾ ਉਪਾਸਨਾ), ਮਨ (ਚਿਤ ਉਪਾਸਨਾ), ਮਨੋਵਿਰਤੀਆਂ (ਦਮਨ ਉਪਾਸਨਾ)।[76]

ਇਸ ਤਰ੍ਹਾਂ ਬੋਧੀ ਅਧਿਆਤਮ ਮਨੋ ਸ਼ਾਂਤੀ ਨੂੰ ਸੰਪੂਰਨ ਮਨਨਪ੍ਰਕ੍ਰਿਆ ਵਜੋਂ ਦੇਖਦਾ ਹੈ: The first absorption or meditation has been known as the state of rapture and joy produced by aloofness from the pleasures of the senses and unskilled state of mind; the second absorption, the state of rapture and joy produced by concentration; the third absorption, the state of wonderful rapture without joy; and the fourth absorption, the state of neither anqulish nor joy entirely by equanimity and mind fullness. [77] ਇਸ ਤਰ੍ਹਾਂ ਧਿਆਨ ਇਕਾਗਰਤਾ ਨੂੰ ਉਨ੍ਹਾਂ ਨੇ ਮਨਨਕਰਤਾ ਦਾ ਆਵੱਸ਼ਕ ਆਚਾਰ ਦਰਸਾ ਕੇ ਮਨੋਸ਼ਾਂਤੀ ਪ੍ਰਾਪਤੀ ਦਾ

ਮਾਰਗ ਪੇਸ਼ ਕੀਤਾ ਜੇ ਉਹ ਈਸ਼ਵਰ ਦੀ ਭਾਲ ਵਿਚ ਵੀ ਤੁਰਦੇ ਤਾਂ ਸ਼ਾਇਦ ਇਹੀ ਅਧਿਆਤਮਕ ਰਸਤਾ ਸਹੀ ਰੁਸ਼ਨਾਈ ਦਿੰਦਾ।

**ਈਸਾਈ ਧਰਮ ਵਿਚ ਅਧਿਆਤਮਵਾਦ:**

ਈਸਾਈ ਅਧਿਆਤਮਵਾਦੀ ਵਿਚਾਰਧਾਰਾ ਦਾ ਉਦਗਮ ਸੋਲ੍ਹਵੀਂ ਤੇ ਸਤਾਰ੍ਹਵੀਂ ਸਦੀ ਵਿਚ ਵਧੇਰੇ ਵਿਸ਼ਲੇਸ਼ਣੀ ਵਿਸ਼ੇ ਵਜੋਂ ਉਜਾਗਰ ਹੋਇਆ। ਈਸਾਈਧਰਮ ਵਿਚ ਪਰਮਾਤਮਾ ਨਾਲ ਇਕਮਿਕਤਾ ਨੂੰ ਆਵੱਸ਼ਕ ਤੌਰ ਤੇ ਵਰਣਿਤ ਕੀਤਾ ਗਿਆ। ਇਸ ਤੋਂ ਇਲਾਵਾ ਕਿਸੇ ਹੋਰ ਸ਼ੈਅ ਨੂੰ ਦੁਜੈਲੇ ਸਥਾਨ ਤੇ ਲਿਆ ਗਿਆ। Charistainity never stated a doctrine, never implied in ritual nad not man could become God.[78] ਪਰੰਤੂ ਈਸਾਈ, ਆਤਮ-ਪ੍ਰਾਪਤੀ ਤੇ ਪਰਮਾਤਮਾ ਅੱਗੇ ਆਤਮ-ਸਮਰਪਣ ਨੂੰ ਤਰਜੀਹ ਦਿੰਦੇ ਸਨ। ਇਹ ਲੋਕ ਭਾਰਤੀ ਸਾਧਕਾਂ ਦੀ ਤਰ੍ਹਾਂ ਮੂਰਤੀ ਪੂਜਕ ਤਾਂ ਨਹੀਂ ਸਨ ਪਰ ਕਿਤੇ ਕਿਤੇ ਉਹ ਈਸ਼ਵਰ ਕ੍ਰਿਪਾ ਪਾਉਣ ਲਈ ਅਰਾਧਨਾ ਪੱਧਤੀ ਨੂੰ ਅਪਣਾਉਂਦੇ ਸਨ। ਕਿਹਾ ਜਾਂਦਾ ਹੈ ਕਿ ਈਸਾ ਨੇ ਵੀ ਸਿੱਧੀ ਪ੍ਰਾਪਤ ਕਰਨ ਲਈ ਚਾਲੀ ਦਿਨ ਦਾ ਵਰਤ ਰੱਖਿਆ ਸੀ।

ਬਾਈਬਲ ਦੇ ਅਧਿਆਤਮਕ ਸਾਰ ਵਿਚ ਪਰਮਾਤਮਾ ਦੀ ਛਵੀ ਨੂੰ ਮਨੁੱਖ ਦੀ ਦਿਲਚਸਪੀ ਅਨੁਸਾਰ ਘੜਿਆ ਕਿ ਮਨੁੱਖ ਪਰਮਾਤਮਾ ਨਾਲ ਕਿਸੇ ਵੀ ਤਰ੍ਹਾਂ ਦਾ ਰਿਸ਼ਤਾ ਬਣਾ ਕੇ ਰੱਖੇ, ਉਹ ਸਫਲ ਹੋ ਸਕਦਾ ਹੈ ਤੇ ਨਾਲ ਹੀ ਰੱਬ ਤੋਂ ਡਰ ਕੇ ਰਹਿਣ ਦਾ ਉਪਦੇਸ਼ ਵੀ ਦਿੱਤਾ।

**ਇਸਲਾਮ ਧਰਮ ਵਿਚ ਅਧਿਆਤਮਵਾਦ**

ਇਸਲਾਮੀ ਅਧਿਆਤਮਵਾਦ ਵਿਚ ਈਸ਼ਵਰ ਦੀ ਸਰਵ-ਉਚ ਸੱਤਾ ਨੂੰ ਦ੍ਰਿੜ ਰੂਪ ਵਿਚ ਸਵੀਕਾਰਿਆ ਗਿਆ ਹੈ। ਇਸਲਾਮ ਨੇ ਈਸ਼ਵਰ ਦੀ ਸਾਧਨਾ ਕਰਨ ਵਾਲੇ ਨੂੰ ਪੂਰਨ ਮਨੁੱਖ ਆਖਿਆ ਹੈ। ਪੂਰਨ ਮਾਨਵ ਦੀ ਅਵਸਥਾ ਵਿਚ ਪੁੱਜਣ ਲਈ ਮਾਨਵ ਨੂੰ ਪਰਮਾਤਮਾ ਦੇ ਮਾਰਗ ਦੀ ਯਾਤਰਾ ਕਰਨੀ ਪੈਂਦੀ ਹੈ। ਯਾਤਰਾਗਤ ਮਾਨਵ ਨੂੰ ਸਾਲਿਕ (ਯਾਤਰੀ) ਕਿਹਾ ਜਾਂਦਾ ਹੈ। ਇਹ ਸੂਫੀ ਸਾਧਕ ਯਾਤਰੀ ਸੱਤ ਪੜਾਵਾਂ ਨੂੰ ਪਾਰ ਕਰਦਾ ਹੋਇਆ ਈਸ਼ਵਰ ਨਾਲ ਅਭੇਦਤਾ ਪ੍ਰਾਪਤ ਕਰਦਾ ਹੈ। ਸਾਲਿਕ (ਯਾਤਰੀ) ਤੋਂ

ਪਹਿਲਾਂ ਉਹ ਮੋਮਿਨ ਦੀ ਅਵਸਥਾ ਵਿਚ ਵਿਚਰਦਾ ਹੈ, ਜਿਥੇ ਉਹ ਕਿਸੇ ਮੁਰਸ਼ਿਦ (ਗੁਰੂ) ਦਾ ਮੁਰੀਦ (ਸ਼ਿਸ਼) ਬਣ ਜਾਂਦਾ ਹੈ ਅਤੇ ਫਿਰ ਨਿਸ਼ਠਾਵਾਨ ਹੋ ਕੇ ਈਸ਼ਵਰ-ਮਾਰਗ ਉਪਰ ਯਾਤਰਾ ਆਰੰਭ ਕਰਦਾ ਹੈ। ਇਸ ਅਵਸਥਾ ਵਿਚ ਹੀ ਉਹ ਸਾਲਿਕ (ਯਾਤਰੀ) ਹੋ ਨਿਬੜਦਾ ਹੈ ਅਤੇ ਛੇਤੀ ਹੀ ਆਬਿਕ (ਅਰਾਧਕ) ਹੋ ਕੇ ਮਾਰਗ ਉਪਰ ਅਗਾਂਹ ਵਧਦਾ ਹੈ। ਇਥੋਂ ਹੀ ਉਸਦੀ ਵਾਸਤਵਿਕ ਯਾਤਰਾ ਆਰੰਭ ਹੁੰਦੀ ਹੈ ਅਤੇ ਉਹ ਸ਼ਰੀਅਤ ਹੋ ਤਰੀਕਤ ਦੇ ਖੇਤਰ ਵਿਚ ਆ ਜਾਂਦਾ ਹੈ। ਇਸ ਸਥਿਤੀ ਵਿਚ ਸਾਧਕ ਯਾਤਰੀ ਪਸ਼ਚਾਤਾਪ, ਸੰਜਮ, ਤਿਆਗ, ਧੀਰਜ, ਈਸ਼ਵਰ ਵਿਚ ਵਿਸ਼ਵਾਸ, ਅਲਪ ਆਹਾਰ ਤੇ ਘੱਟ ਬੋਲਣ ਜਿਹੇ ਗੁਣਾਂ ਨੂੰ ਧਾਰਨ ਕਰਦਾ ਹੈ। ਇਸ ਤੋਂ ਉਸ ਦੇ ਅੰਦਰ ਇਸ਼ਕ (ਪ੍ਰੇਮ) ਘਰ ਕਰ ਜਾਂਦਾ ਹੈ ਅਤੇ ਉਸਨੂੰ ਇਕਾਂਤ ਵਾਸ ਚੰਗਾ ਲੱਗਣ ਲੱਗ ਪੈਂਦਾ ਹੈ। ਇਸ ਹਾਲਤ ਵਿਚ ਉਸ ਨੂੰ ਜਾਹਿਦ ਕਹਿੰਦੇ ਹਨ। ਇਕਾਂਤ ਚਿੰਤਨ ਨਾਲ ਉਸ ਅੰਦਰ ਈਸ਼ਵਰੀ ਗਿਆਨ ਦਾ ਉਦੈ ਹੁੰਦਾ ਹੈ। ਇਸ ਅਵਸਥਾ ਨੂੰ ਹੀ ਸੂਫੀ ਲੋਕ 'ਮਾਰਫਤ' ਕਹਿੰਦੇ ਹਨ। ਹੁਣ ਸਾਧਕ 'ਆਰਿਫ਼' ਬਣ ਜਾਂਦਾ ਹੈ ਅਤੇ ਲੀਨਤਾ ਤੇ ਮਹਾਨਤਾ ਨੂੰ ਪ੍ਰਾਪਤ ਕਰਦਾ ਹੋਇਆ 'ਹਕੀਕਤ' ਦੇ ਪਿੜ ਵਿਚ ਅੱਪੜ ਜਾਂਦਾ ਹੈ। ਇਸ ਅਵਸਥਾ ਵਿਚ ਉਸ ਨੂੰ ਵਸਲ (ਈਸ਼ਵਰ ਨਾਲ ਅਭੇਦ) ਦੀ ਸਥਿਤੀ ਵਿਚ ਫਨਾ ਦੀ ਪ੍ਰਾਪਤੀ ਹੋ ਜਾਂਦੀ ਹੈ ਕਿਉਂਕਿ ਇਥੇ ਆਤਮ-ਭਾਵ ਅਥਵਾ ਅਹੰਮ ਭਾਵ ਸਮਾਪਤ ਹੋ ਕੇ ਈਸ਼ਵਰ ਨਾਲ ਅਭੇਦ ਹੋ ਜਾਂਦਾ ਹੈ ਅਤੇ ਧਿਆਤਾ ਧਿਆਨ ਧੇਅ ਦੀ ਇਕਰੂਪਤਾ ਤੋਂ ਵੀ ਉਪਰ ਸਾਖਿਆਤਕਾਰ ਦਾ ਆਨੰਦ ਪ੍ਰਾਪਤ ਹੁੰਦਾ ਹੈ।[79] ਇਸੇ ਦੀ ਸ਼ਾਖਾ ਸੂਫੀਅਤ ਵਿਚ ਪਰਮਾਤਮਾ ਤੋਂ ਵਿਛੜੇ ਹੋਏ ਵਿਅਕਤੀ ਲਈ ਬਕਾ ਅਤੇ ਸਵੈ-ਚੇਤਨ ਵਿਅਕਤੀ ਨੂੰ ਫਨਾ ਕਿਹਾ ਗਿਆ ਹੈ। ਸੂਫੀਆਂ ਨੇ ਇਨ੍ਹਾਂ ਦੋਹਾਂ ਸਥਿਤੀਆਂ ਤੋਂ ਉਪਰ ਦੀ ਸਥਿਤੀ ਨੂੰ ਵਜਦ ਭਾਵ ਮਸਤੀ ਦੀ, ਸਦ-ਅਨੰਦ ਦੀ ਅਵਸਥਾ ਕਿਹਾ, ਜੋ ਅਧਿਆਤਮਵਾਦੀ ਤੇ ਈਸ਼ਵਰੀ ਭਾਵ ਰੂਪ ਵਿਚ ਸਮਝੀ ਜਾ ਸਕਦੀ ਹੈ।

**ਸਿੱਖ ਧਰਮ ਵਿਚ ਅਧਿਆਤਮਵਾਦ**

ਸਿੱਖ ਧਰਮ ਦੇ ਅਧਿਆਤਮਕ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਸਿੱਖ ਅਧਿਆਤਮ ਅਨੁਸਾਰ ਦੈਵੀ ਹਸਤੀ ਦਾ ਸਰੂਪ ਬ੍ਰਹਮ ਹੈ, ਇਕ ਅਕਾਲ ਪੁਰਖ ਹੈ ਤੇ ਉਸਦਾ 'ਕਰਤਾ'

ਸਰੂਪ ਇਸ ਦੀ ਉੱਚਤਮ ਹਕੀਕਤ ਉਹ ਭਰਤਾ ਹੈ, ਸਰਬੱਗ ਗਿਆਤਾ ਹੈ, ਅੰਤਰਯਾਮੀ ਹੈ, ਮਿਹਰਵਾਨ ਰੱਬ ਹੈ, ਜੋ ਅਤਿਅੰਤ ਕ੍ਰਿਪਾ ਨਾਲ ਲੋਕਾਈ ਦੇ ਸਨੇਹ ਦਾ ਪਾਤਰ ਹੈ, ਸਦ ਬਖਸੰਦ ਹੈ, ਮਿੱਤਰ-ਸਖਾ ਤਾਰਨਹਾਰ ਹੈ। "ਸਿੱਖ ਚਿੰਤਨ ਦੇ ਵਿਚ ਅਨੇਕਮੁਖੀ ਜਗਤ ਨੂੰ ਏਕਤਾ ਦੇ ਸੰਯੋਗ ਵਿਚ ਪਰੋਣ ਵਾਲਾ ਤੱਤ, ਜਗਤ ਵਿਚ ਵਿਆਪਕ ਆਤਮਾ ਹੈ। ਸਦੀਵੀ ਆਤਮਾ ਪੁਲਾੜ ਕਾਲ ਦੀ ਕਿਸੇ ਸੀਮਾ ਜਾਂ ਹੱਦਬੰਦੀ ਵਿਚ ਨਹੀਂ, ਇਸ ਸੁਤੰਤਰ ਆਤਮ-ਤੱਤ ਨੂੰ ਕਿਸੇ ਸੀਮਿਤ ਅਕਾਰ ਦੀ ਆਵੱਸ਼ਕਤਾ ਨਹੀਂ। ਗੁਰੂ ਸਾਹਿਬਾਨ ਨੇ ਬ੍ਰਹਮ ਨੂੰ ਅਜੂਨੀ ਤੇ ਅਥਾਹ, ਨਿਰਅੰਜਨ ਤੇ ਅਲੇਪ ਚਿਤਵਿਆ ਹੈ। ਇਹ ਉਸਦਾ ਅਗੋਚਰ ਪੱਖ ਹੈ।"[80] ਇਸ ਵਾਹਿਗੁਰੂ ਤੋਂ ਵਿਛੜੀ ਹੋਈ ਆਤਮਾ ਨੂੰ ਆਪਣੇ ਅਨੰਤ ਸ੍ਰੋਤ ਤੱਕ ਪਹੁੰਚਣ ਦੀ ਤਾਂਘ ਹੈ। ਇਸ ਲਈ ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਆਤਮਾ ਦੇ ਮਾਨਸਿਕ ਵਿਕਾਸ ਲਈ ਪੰਜ ਅਧਿਆਤਮਕ ਪੜਾਵਾਂ ਨੂੰ ਦ੍ਰਿੜ ਕਰਵਾਇਆ। "ਇਨ੍ਹਾਂ ਪੰਜ ਪੜਾਵਾਂ ਨੂੰ ਜਪੁਜੀ ਵਿਚ ਪੰਜ ਖੰਡਾਂ ਦਾ ਨਾਂ ਦਿੱਤਾ ਗਿਆ ਹੈ। ਇਹ ਪੰਜ ਖੰਡ ਜਾਂ ਪੰਜ ਪੜਾਅ ਆਤਮਿਕ ਉਨਤੀ ਦੇ ਪੰਜ ਦਰਜੇ ਹਨ। ਇਨ੍ਹਾਂ ਨੂੰ ਮੰਜ਼ਿਲ ਵੀ ਕਿਹਾ ਹੈ। ਇਨ੍ਹਾਂ ਪੰਜਾਂ ਖੰਡਾਂ ਵਿਚ ਪਹਿਲੀ ਭੂਮਿਕਾ ਸਰੀਰ ਜਾਂ ਮਤ ਦੀ ਹੈ, ਦੂਜੀ ਮਨ ਦੀ, ਤੀਜੀ ਬੁੱਧੀ ਦੀ, ਚੌਥੀ ਸੂਰਤ ਦੀ ਅਤੇ ਪੰਜਵੀਂ ਆਤਮਾ ਦੀ।"[81] ਜਿਨ੍ਹਾਂ ਨੂੰ ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ, ਸਚ ਖੰਡ ਬਿਆਨ ਕੀਤਾ ਗਿਆ ਹੈ। ਆਤਮਾ ਜਦੋਂ ਸੰਸਾਰਿਕ ਸ੍ਰਿਸ਼ਟੀ ਦੇ ਸੁਆਦਾਂ ਤੋਂ ਪਰੇ ਦੈਵੀ ਹੋ ਜਾਂਦੀ ਹੈ ਤੇ ਪਰਮਾਤਮਾ ਦੀ ਤਾਂਘ ਰੱਖਦੀ ਹੈ, ਉਹ ਆਤਮਿਕ ਪੈਂਡੇ ਦੇ ਪਹਿਲੇ ਪੜਾਅ ਤੇ ਪਹੁੰਚ ਜਾਂਦੀ ਹੈ, ਇਹ ਧਰਮ ਖੰਡ ਹੈ। ਧਰਮ ਖੰਡ ਵਿਚ ਜੋ ਸੋਝੀ ਸਾਧਕ ਦੀ ਸੁਰਤੀ ਨੂੰ ਗਿਆਨ ਮੰਡਲ ਵਿਚ ਪ੍ਰਵੇਸ਼ ਕਰਵਾਉਂਦੀ ਹੈ, ਜਿਥੇ ਪਹੁੰਚ ਕੇ ਉਸ ਨੂੰ ਕੁਦਰਤ ਤੇ ਕਾਦਰ ਦੇ ਵਿਸ਼ਾਲ ਪਸਾਰੇ ਦਾ ਗਿਆਨ ਹੁੰਦਾ ਹੈ, ਉਹ ਗਿਆਨ ਖੰਡ ਹੈ।

> ਗਿਆਨ ਖੰਡ ਮਹਿ ਗਿਆਨ ਪਰਚੰਡ
>
> ਤਿਥੈ ਨਾਦ ਬਿਨੋਦ ਕੋਡ ਅਨੰਦ॥[82]

ਸਰਮ ਖੰਡ ਵਿਚ ਆਤਮਾ ਸੂਖਮ ਵਿਕਾਸ ਰਾਹੀਂ ਹਉਮੈ ਨੂੰ ਮਾਰਨ ਦੀ ਕਠਿਨ ਘਾਲ ਕਰਕੇ ਮਨ ਨੂੰ ਕਾਬੂ ਕਰਦੀ ਹੈ ਤੇ ਬੁੱਧੀ ਨੂੰ ਉੱਜਲ। ਇਸ ਉਦਮ ਤੇ ਤਪੱਸਿਆ ਨਾਲ ਸਾਧਕ ਉੱਚ ਆਚਰਨ ਯੁਕਤ ਤੇ ਦੇਵਤਿਆਂ ਵਾਲੀ ਅਕਲ ਦਾ ਗ੍ਰਹਿਤਾ ਹੋ ਜਾਂਦਾ ਹੈ। ਕਰਮ ਖੰਡ ਵਿਚ ਮਨੁੱਖ ਦੀ ਅਜਿਹੀ ਮਨੋਅਵਸਥਾ ਦਾ ਜ਼ਿਕਰ ਹੈ ਜਿਥੇ ਉਹ ਆਪਾ ਤਿਆਗ ਕੇ ਪ੍ਰਭੂ ਬਖਸ਼ਿਸ਼ ਦਾ ਭਾਗੀ ਬਣ ਜਾਂਦਾ ਹੈ। ਉਸਦੀ ਮਤ ਯੋਧਿਆਂ ਸੂਰਮਿਆਂ ਤੋਂ ਵੀ ਬਲਵਾਨ ਹੋ ਜਾਂਦੀ ਹੈ। ਸਿੱਖ ਅਧਿਆਤਮ ਵਿਚ ਇਹ ਆਤਮਿਕ ਯੋਧੇ ਦਾ ਆਤਮ ਸਰੂਪ ਆਪਣੇ ਆਪ ਵਿਚ ਵਿਲੱਖਣ ਹੈ। ਸੱਚ ਖੰਡ ਦੀ ਅਧਿਆਤਮਕ ਅਵਸਥਾ ਸਭ ਤੋਂ ਉਚੀ ਆਤਮਕ ਅਵਸਥਾ, ਜਿਸ ਵਿਚ ਪਰਮਾਤਮਾ ਆਪ ਵਿਦਮਾਨ ਹੈ ਤੇ ਆਤਮਾ ਵਿਸਮਾਦ ਭਾਵ, ਪਰਮ-ਆਨੰਦ ਵਿਚ ਵਿਗਸਦੀ ਹੈ। ਰੱਬ ਦੀ ਰਜ਼ਾ ਹੀ ਉਸ ਦੀ ਰਜ਼ਾ ਹੋ ਜਾਂਦੀ ਹੈ। ਮਨੁੱਖ ਨੂੰ ਸਵੈ-ਆਨੰਦ ਸਰੂਪ ਆਤਮਾ ਸਹਿਤ ਇਥੇ ਹੀ ਚਿਤਰਿਆ ਗਿਆ ਹੈ। ਨਾਨਕ ਬਾਣੀ ਵਿਚ ਆਤਮਾ ਦੇ ਸਰੂਪ ਨੂੰ ਪਛਾਣਨ ਉਤੇ ਜ਼ੋਰ ਹੈ। ਰਾਗ ਆਸਾ ਦੀਆਂ ਅਸ਼ਟਪਦੀਆਂ ਵਿਚ ਕਿਹਾ ਹੈ ਕਿ ਜਿਸ ਜੀਵ ਨੇ ਆਤਮਾ ਦੇ ਸਰੂਪ ਨੂੰ ਪਛਾਣ ਲਿਆ ਹੈ, ਉਹ ਪਰਮਾਤਮਾ ਰੂਪ ਹੈ ਕਿਉਂਕਿ ਪਰਮਾਤਮਾ ਰੂਪੀ ਅਮ੍ਰਿਤ ਦੇ ਬ੍ਰਿਛ ਨਾਲ ਜੋ ਫਲ ਲੱਗਦੇ ਹਨ, ਉਹ ਵੀ ਅੰਮ੍ਰਿਤ ਰੂਪ ਹੋ ਜਾਂਦੇ ਹਨ। ਜੋ ਅੰਮ੍ਰਿਤ ਰੂਪੀ ਫਲ ਚਖਦਾ ਹੈ, ਉਹ ਸਤਿ ਸਰੂਪ ਪਰਮਾਤਮਾ ਵਿਚ ਹੀ ਸਮਾ ਜਾਂਦਾ ਹੈ।[83]

ਇਸ ਤਰ੍ਹਾਂ ਸਿੱਖ ਅਧਿਆਤਮ ਆਤਮਾ ਨੂੰ ਜੋਤਿ ਸਰੂਪ ਦੱਸ ਕੇ ਇਸ ਦੀ ਬੰਦ-ਖਲਾਸੀ ਵੀ ਜੋਤਿ ਸਰੂਪ ਦੀ ਮੂਲ ਪਛਾਣ ਪਰਮਾਤਮਾ ਤੋਂ ਹੀ ਦ੍ਰਿੜ ਕਰਵਾਉਂਦਾ ਹੈ।

**ਭਾਈ ਵੀਰ ਸਿੰਘ ਦਾ ਅਧਿਆਤਮਵਾਦ**

ਭਾਈ ਵੀਰ ਸਿੰਘ ਜੀ ਇਕ ਅਜਿਹੀ ਅਧਿਆਤਮਕ ਰੂਹ ਸੀ ਜੋ ਆਪਣੇ ਸਮਕਾਲ 'ਚ ਭੂਤ ਨੂੰ ਨਾਲ ਲੈ ਕੇ ਚਲਦੀ ਰਹੀ। ਉਨ੍ਹਾਂ ਦੀ ਅਧਿਆਤਮਕਤਾ ਭਾਰਤੀ ਧਰਮ ਦੇ ਅਨੁਸਾਰੀ ਸੀ। ਉਨ੍ਹਾਂ ਦੀ ਕਾਵਿ-ਅਨੁਭੂਤੀ ਪ੍ਰਬਲ ਧਾਰਮਿਕ ਸੰਸਕਾਰਾਂ ਵਿਚੋਂ ਪੈਦਾ ਹੋਈ। ਉਨ੍ਹਾਂ ਨੇ ਗੁਰਮਤਿ ਸਾਹਿਤ ਦੀਆਂ ਲੀਹਾਂ ਤੋਂ ਸੱਚੇ ਸਾਹਿਤ ਦੀ ਸਿਰਜਨਾ ਕੀਤੀ। 'ਭਾਈ ਵੀਰ ਸਿੰਘ ਨੇ ਸ੍ਰਿਸ਼ਟੀ ਦੇ ਰਚੈਤਾ ਪਰਮਾਤਮਾ ਨੂੰ ਕੁਦਰਤ ਵਿਚ

ਇਕਮਿਕ ਹੋਇਆ ਵੇਖਿਆ ਤੇ ਇਸ ਦੇ ਰਹੱਸਾਂ ਨੂੰ ਅਨੁਭਵ ਕੀਤਾ। ਸਾਰਾ ਬ੍ਰਹਿਮੰਡ ਉਸਨੂੰ ਇਕ ਵਿਸ਼ਾਲ ਕਲਾਕ੍ਰਿਤ ਜਾਪੀ, ਕਿਸੇ ਕਲਾਕਾਰ, ਅਦ੍ਰਿਸ਼ਟ ਸ਼ਕਤੀ ਦਾ ਕਲਾ ਭਵਨ ਲੱਗਿਆ। ਆਤਮਾ ਦੇ ਘੇਰੇ ਤੋਂ ਪਰੇ ਦਿਵਯ ਲੋਕ ਦੇ ਰਹਿਣ ਵਾਲੇ ਪਰਮ ਆਤਮਾ ਨੂੰ ਆਪਣੀ ਕੁਦਰਤ ਵਿਚ ਸਾਕਾਰ ਹੋਇਆ ਵੇਖਿਆ। ਉਸਨੇ ਆਪਣੇ ਪ੍ਰੀਤਮ ਦੀ ਆਲੌਕਿਕ ਰਚਨਾ ਨੂੰ ਦੇਖ ਕੇ ਇਸ ਬਾਰੇ ਹੈਰਤ ਅਤੇ ਵਿਸਮਾਦ ਪ੍ਰਗਟ ਕੀਤਾ। ਉਸ ਦੀ ਆਰਤੀ ਉਤਾਰਨ ਲਈ ਬਿਹਬਲ ਹੋ ਉਠਿਆ।'[84] ਉਹ ਪਰਮਾਤਮਾ ਦੇ ਅਧਿਆਤਮਕ ਪੰਥ ਤੋਂ ਇੰਞ ਨਿਹਾਲ ਹੁੰਦੇ ਹਨ:

ਵਾਹ ਵਾਹ ਚੋਜ ਤਿਰੇ ਮੇਰੇ ਸਾਈਆਂ
ਤੇਰੇ ਗੀਤਾਂ ਦੀਆਂ ਤੈਨੂੰ ਵਧਾਈਆਂ।[85]

ਉਸ ਪਰਮਾਤਮਾ ਨੂੰ ਮਿਲਣ ਦੀ ਇੱਛਾ ਨੇ ਤੀਬਰ ਰੂਪ ਧਾਰਨ ਕਰ ਲਿਆ। ਕਵੀ ਰੂਪ ਵਿਚ ਜਾਗਦਿਆਂ, ਸੌਂਦਿਆਂ, ਉਠਦਿਆਂ, ਬੈਠਦਿਆਂ ਭਾਈ ਵੀਰ ਸਿੰਘ ਜਿਵੇਂ ਅਨੰਤ ਜੋਤੀ ਦੇ ਦਰਸ਼ਨ ਕਰਨ ਲੱਗੇ, ਸੁਪਨੇ ਨਿਹਾਰਨ ਲੱਗੇ:

ਅੰਮੀ, ਨੀ! ਕਲਵਲ ਹੋ ਉਠੀਆਂ,
ਮੈਂ ਡਿੱਠਾ ਇਕ ਸੁਪਨਾ ਸੀ,
ਮੇਰੀ ਮੈਂ ਵਿਚ ਹੋਰ ਕੋਈ ਨੀ
ਦਿਸਨਾ ਸੀ ਪਰ ਛੁਪਨਾ ਸੀ।[86]

ਭਾਈ ਵੀਰ ਸਿੰਘ ਦੀ ਅਰਜ਼ੋਈ ਪਰਮਾਤਮਾ ਪ੍ਰਤੀ ਇਤਨੀ ਹੀ ਸੀ ਕਿ ਉਹ ਉਸ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਈ ਰੱਖੇ, ਕਦੇ ਅੱਖਾਂ ਤੋਂ ਉਹਲੇ ਨਾ ਕਰੇ, ਮਿਲਣ ਦੀ ਤਾਂਘ ਕਦੇ ਮਿਟੇ ਨਾ ਸਗੋਂ ਹੋਰ ਵੀ ਵਧੇ।

ਸ਼ਾਲਾ! ਮਿਟੇ ਨ ਤਾਂਘ ਅਸਾਡੀ
ਤੁਸੀਂ ਕਰੋਂ ਮਨ ਭਾਇਆ।[87]

ਪਰਮਾਤਮਾ ਦੇ ਅਹਿਸਾਸ ਤੋਂ ਬਿਨਾਂ ਇਹ ਜੀਵਨ ਵਿਅਰਥ ਹੈ, ਉਸ ਦੇ ਨਾਮ ਜਪਣ ਤੋਂ ਸੱਖਣਾ ਇਹ ਸਰੀਰ ਅੰਧਕਾਰ ਦੀ ਭਟਕਣ ਹੈ। ਉਸ ਦੇ ਧਿਆਨ ਵਿਚ ਹੀ ਇਹ ਮਨ ਇਕੱਲ ਅਤੇ ਸੁੰਨਸਾਨ ਨੂੰ

ਸੁੰਨ ਸਮਾਧੀ ਵਿਚ ਪਰਵਰਤਿਤ ਕਰ ਸਕਦਾ ਹੈ। ਰੱਬੀ ਭਾਣਾ ਮੰਨਣਾ ਤੇ ਉਸ ਦੀ ਰਜ਼ਾ ਵਿਚ ਰਹਿਣਾ ਹੀ ਜੀਵਨ ਹੈ। ਕਵੀ ਕਥਨ ਹੈ:

ਨਾਮ ਸੱਜਣ ਦਾ ਜੀਭ ਜੜ੍ਹ ਗਇਆ,
ਜਾ ਸੱਜਣ ਉਠ ਟੁਰਿਆ।
ਮੱਲ ਲਏ ਦੋ ਨੈਣ ਧਿਯਾਨ ਨੇ,
ਸਬਕ ਰਜ਼ਾ ਦਾ ਫੁਰਿਆ।
ਬਿਰਹੋਂ ਦੇ ਹੱਥ ਸੌਂਪ ਅਸਾਨੂੰ
ਜੇ ਸੱਜਣ ਤੂੰ ਰਾਜੀ,
ਯਾਦ ਤੁਸਾਡੀ ਛੁਟੇ ਨਾ ਸਾਥੋਂ
ਪਯਾਰ ਰਹੇ ਨੂੰ ਪੁੜਿਆ।[88]

ਭਾਈ ਵੀਰ ਸਿੰਘ ਦੇ ਰਚਨਾ ਸੰਸਾਰ ਅਨੁਸਾਰ ਪਰਮਾਤਮਾ ਬੁੱਧੀ ਨਾਲ ਜਾਂ ਤਰਕ ਤੇ ਦਲੀਲ ਨਾਲ ਪ੍ਰਾਪਤ ਕਰਨ ਦੀ ਸ਼ੈਅ ਨਹੀਂ, ਸਗੋਂ ਹਿਰਦੇ ਨਾਲ ਅਨੁਭਵ ਕਰਨ ਦੀ ਸ਼ੈਅ ਹੈ। ਆਤਮ ਗਿਆਨ ਦੀਆਂ ਗੱਲਾਂ ਜੀਵਨ ਨੂੰ ਨੀਰਸ ਕਰਨ ਵਾਲੀਆਂ ਕਲੋਲ-ਕਲਪਿਤ ਗੱਲਾਂ ਨਹੀਂ ਹਨ, ਇਸ ਵਿਚ ਮਨ ਨੂੰ ਸ਼ਾਂਤੀ, ਦਿਲ ਨੂੰ ਸੰਤੋਖ, ਆਤਮਾ ਨੂੰ ਰਸ ਮਿਲਦਾ ਹੈ। ਆਤਮ ਗਿਆਨੀ ਸਗੋਂ ਰੱਬ ਦੇ ਨੇੜੇ ਤੇ ਪਾਰਗਾਮੀ ਵਿਚ ਵਿਚਰਦਾ ਹੈ। 'ਉਨ੍ਹਾਂ ਦਾ ਦ੍ਰਿਸ਼ਟੀਕੋਣ ਅਧਿਆਤਮਕ ਹੈ ਜਿਸ ਦਾ ਆਧਾਰ ਭਾਈ ਵੀਰ ਸਿੰਘ ਆਸਤਿਕਤਾ ਅਤੇ ਪਰਮ ਪਰਵਾਨ ਸ਼ਕਤੀ ਵਿਚ ਉਨ੍ਹਾਂ ਦਾ ਨਿਸ਼ਚਯ ਹੈ। ਇਹੋ ਕਾਰਨ ਹੈ ਕਿ ਵੀਰ ਸਿੰਘ ਦਾ ਰਹੱਸਵਾਦ ਸ਼ੂਨਯ ਨਹੀਂ ਹੈ। ਸਗੋਂ ਇਹ ਜੀਵਨ ਦੇ ਅਨੰਤ ਪ੍ਰਵਾਹ ਵਿਚੋਂ ਉਠੀ ਇਕ ਲਹਿਰ ਹੈ ਜੋ ਜੀਵਨ ਵਾਂਗ ਹੀ ਵੇਗਮਈ ਤੇ ਕਰਮਸ਼ੀਲ ਹੈ। ਵੀਰ ਸਿੰਘ ਦੀ ਕਵਿਤਾ ਵਿਚ ਉਪਲਬਧ ਰਹੱਸਵਾਦੀ ਚਿੰਤਨ ਅਤੇ ਪ੍ਰਤੀਤੀ ਬੁੱਧੀ, ਭਾਵ, ਕਰਮ ਅਤੇ ਗਿਆਨ ਦੇ ਧਾਰਨੀ ਹਨ।'[89]

ਭਾਈ ਵੀਰ ਸਿੰਘ ਸਿੱਖ ਅਧਿਆਤਮ ਮਾਰਗ ਦੇ ਅਨੁਯਾਈ ਸਨ ਅਤੇ ਉਨ੍ਹਾਂ ਸਿੱਖ ਅਧਿਆਤਮਕ ਪਰਿਪੇਖ ਵਿਚ ਹੀ ਆਪਣੀ ਰਚਨਾ ਨੂੰ ਰੱਖਿਆ। ਭਾਈ ਸਾਹਿਬ ਅਨੁਸਾਰ ਰੱਬ ਨੂੰ ਪ੍ਰਾਪਤ ਕਰਨ ਦਾ ਸਭ ਤੋਂ ਉਤਮ ਗੁਰਮੁਖੀ ਢੰਗ ਇਹ ਹੈ ਕਿ ਪਹਿਲਾਂ ਬੰਦਾ ਆਪਣਾ ਆਪ ਪਛਾਣੇ।

ਜਿੰਨੇ ਪਛਾਤਾ ਆਪ, ਆਪਣਾ ਆਪ ਹੈ।

ਆਪ ਪਛਾਣਨ ਨਾਲ ਪਾਇਆ ਮੇਲ ਹੈ।[90]

ਭਾਈ ਸਾਹਿਬ ਦੀਆਂ ਰਚਨਾਵਾਂ ਵਿਚ ਜਪੁਜੀ ਦੇ ਪੰਜ ਖੰਡਾਂ ਦੇ ਹਵਾਲੇ ਵੀ ਉਪਲਬਧ ਹਨ। ਉਹ ਮੌਤ ਨੂੰ ਜੀਵਨ ਦਾ ਖਾਤਮਾ ਹੀ ਨਹੀਂ ਮੰਨਦੇ ਸਗੋਂ ਸੱਚਖੰਡ ਦਾ ਦਰਵਾਜਾ ਜਾਂ ਦਸਮ ਦੁਆਰ ਮੰਨਦੇ ਹੋਏ ਲਿਖਦੇ ਹਨ:

ਮੌਤ ਅਰੇ ਇਕ ਦਵਾਰ ਸੱਚੇ ਖੰਡ ਦਾ
ਸਰਪ ਕੁੰਜ ਦੇ ਵਾਂਗ, ਸਿੱਖ ਤਿਆਗ ਦੇ
ਦੇਹੀ ਨੂੰ ਇਹ ਜਾਣ, ਹੈ ਛਿੰਨ ਭੰਗਰੀ।[91]

ਭਾਈ ਵੀਰ ਸਿੰਘ ਦਾ ਬ੍ਰਹਮ ਵੀ ਗੁਰਮਤਿ ਅਨੁਸਾਰੀ ਨਿਰਗੁਣ ਨਿਰਾਕਾਰ ਹੈ, ਅਰੂਪ ਤ੍ਰੈਗੁਣਾਤੀਤੀ ਹੈ, ਰੂਪ, ਰੇਖ, ਰੰਗ ਤੋਂ ਵਿਹੀਨ ਹੈ, ਚੇਤੰਨ ਤੇ ਆਤਮ ਸਰੂਪ ਹੈ; ਸਵੈ ਪ੍ਰਕਾਸ਼ਿਤ, ਪ੍ਰਕਾਸ਼-ਰੂਪ ਅਤੇ ਪ੍ਰਕਾਸ਼ ਸ੍ਰੋਤ ਹੈ, ਸਤਯਮ, ਸ਼ਿਵਮ ਅਤੇ ਸੁੰਦਰਮ ਦੀ ਤ੍ਰੈ-ਮੂਰਤੀ ਹੈ; ਸੱਚਿਦਾਨੰਦ-ਸਰੂਪ ਹੈ, ਅਸਤੀ, ਭਾਂਤੀ, ਪ੍ਰੇਅ ਆਦਿ ਸਰੂਪ ਲੱਛਣਾ ਯੁਕਤ ਹੈ। ਸਮਸਤ ਸੌਂਦਰਯ ਪ੍ਰਕਾਸ਼ ਉਸੇ ਦਾ ਹੀ ਪ੍ਰਤਿਰੂਪ ਅਤੇ ਪ੍ਰਤਿਫਲ ਹੈ।[92]

ਉਹਨਾਂ ਦੇ ਸ਼ਬਦਾਂ ਵਿਚ:

ਹੇ ਅਰੂਪ!
ਤੁਸੀਂ ਰੂਪਮਾਨ ਹੋ
ਕਦੇ ਤਾਂ ਲਾਡ ਲਡਾਓ।[93]
ਰੂਪ ਨਾ ਰੇਖ ਨਾ ਰੰਗ ਹੈ ਉਸ ਰੱਬ ਦਾ
ਤ੍ਰੈਗੁਣ ਤੇ ਓ ਭਿੰਨ ਸੱਚੋ ਸੱਚ ਹੈ।[94]

ਭਾਈ ਵੀਰ ਸਿੰਘ ਅਨੁਸਾਰ ਦ੍ਰਿਸ਼ਟਮਾਨ ਜਗਤ ਦੇ ਜੀਵ ਉਸ ਨੂੰ ਬਹੁ-ਰੂਪਾਂ ਵਿਚ ਦਿਖਦੇ ਹਨ। ਕੋਈ (ਹਿੰਦੂ) ਉਸ ਨੂੰ ਪੱਥਰ ਵਿਚ ਵੇਖਦਾ ਹੈ, ਕੋਈ (ਮੁਸਲਮਾਨ) ਆਕਾਸ਼ਾਂ ਵਿਚ ਉਸ ਦਾ ਵਾਸਾ ਮੰਨਦੇ ਹਨ, ਕੋਈ (ਰਸੀਆ) ਉਸ ਨੂੰ ਕੁਦਰਤ ਵਿਚੋਂ ਲੱਭ ਲੈਂਦਾ ਹੈ, ਕੋਈ (ਗਿੱਬਰ ਅਗਨੀ ਪੂਜ) ਉਸ ਨੂੰ ਅੱਗ

ਵਿਚੋਂ ਲੱਭਦਾ ਹੈ, ਕੋਈ (ਸ਼ਿਸ਼) ਆਪਣੇ ਗੁਰੂ ਵਿਚ ਬ੍ਰਹਮ ਦਰਸ਼ਨ ਕਰਕੇ ਤ੍ਰਿਪਤ ਹੋ ਜਾਂਦਾ ਹੈ, ਅਤੇ ਕੋਈ (ਪ੍ਰੇਮੀ) ਆਪਣੀ ਪ੍ਰੇਮਿਕਾ ਵਿਚੋਂ ਉਸਦੇ ਝਲਕਾਰੇ ਪ੍ਰਾਪਤ ਕਰਦਾ ਹੈ:

ਹਰ ਹਰ ਵਿਚ ਪਰਕਾਸ਼ ਉਹ ਕਹਿੰਦਾ ਹੋ ਰਿਹਾ
ਤੇਰਾ ਕਹਿਣ ਨਿਵਾਸ ਹੈ ਹਰ ਇਕ ਰੰਗ ਤੇ।[95]

ਭਾਈ ਸਾਹਿਬ ਸਿੱਖ ਅਧਿਆਤਮਕ ਪਰਿਵੇਸ਼ ਵਿਚ ਇਸ ਵਿਚਾਰ ਦੇ ਧਾਰਨੀ ਹਨ ਕਿ ਜਗਤ ਦਾ ਕਰਤਾ ਆਦਿ ਜੁਗਾਦਿ ਸੱਚ ਹੈ, ਤ੍ਰੈਕਾਲਾ ਵਿਚ ਸਤ ਅਤੇ ਸਥਿਰ ਰਹਿੰਦਾ ਹੈ। ਉਸਦੀ ਰਚਿਤ ਸਮਸਤ ਸ੍ਰਿਸ਼ਟੀ ਵੀ ਸਤਿ ਹੈ: ਜੀਵ ਸ੍ਰਿਸ਼ਟੀ ਵੀ ਤੇ ਪ੍ਰਕ੍ਰਿਤੀ ਸ੍ਰਿਸ਼ਟੀ ਵੀ।

ਮੈਨੂੰ ਆਖੇ ਝੂਠ ਦੁਨੀਆਂ ਝੂਠ ਹੈ
ਰਚੀ ਬਣੀ ਹੈ ਨਾਹਿ ਮੂਲੋਂ ਮਿਥਿਆ।[96]

ਭਾਈ ਸਾਹਿਬ ਦੀ ਰਚਨਾ ਨੂੰ ਵਾਚੀਏ ਤਾਂ ਸਪਸ਼ਟ ਹੁੰਦਾ ਹੈ ਕਿ ਜੀਵ ਆਤਮਾ ਬ੍ਰਹਮ ਦੀ ਅੰਸ਼ ਹੈ। ਬ੍ਰਹਮ ਸਤਿ ਹੈ, ਇਸ ਲਈ ਜੀਵ ਵੀ ਸਤਿ ਹੈ। ਬ੍ਰਹਮ ਚੇਤਨ ਹੈ, ਇਸ ਲਈ ਅੰਸ਼ ਰੂਪ ਜੀਵ ਵੀ ਚੇਤੰਨ ਹੈ। ਜੀਵ ਦੇਹ ਸਰੂਪ ਨਹੀਂ ਹੈ, ਸਗੋਂ ਆਤਮ ਸਰੂਪ ਅਤੇ ਰੂਹ ਰੂਪ ਹੈ। ਜੀਵ ਆਤਮਾ ਪ੍ਰਭੂ ਦੀ ਆਗਿਆ ਪਾ ਕੇ ਹੀ ਸਰੀਰ ਧਾਰਨ ਕਰਦਾ ਹੈ, ਜੀਵ ਰੂਪ ਵਿਚ ਆਕੇ ਸਾਂਈਂ ਨਾਲ ਪਿਆਰ ਹੀ ਇਸਦੇ ਜੀਵਨ ਦਾ ਇਕ ਮਾਤਰ ਉਦੇਸ਼ ਹੁੰਦਾ ਹੈ। ਸਿੱਖ ਅਧਿਆਤਮਵਾਦ ਵਿਚ ਗੁਰੂ ਕਵੀਆਂ ਨੂੰ ਜੀਵਨ-ਮੁਕਤੀ ਹੀ ਬਹੁਤ ਪ੍ਰਿਅ ਹੈ। ਨਾਮ ਨੂੰ ਆਪਣੇ ਮਨ ਵਿਚ ਵਸਾ ਕੇ, ਹਊਮੈ ਨੂੰ ਮਾਰ ਕੇ ਜੋ ਮਰ-ਜੀਵਿਆ ਹੈ ਉਹੀ ਮੁਕਤ ਹੈ। ਭਾਈ ਸਾਹਿਬ ਦੀ ਰਚਨਾ ਵਿਚ ਵੀ ਨਿਰਵਾਣ ਅਥਵਾ ਮੁਕਤੀ ਜੀਵ ਦੀ ਬ੍ਰਹਮ ਵਿਚ ਲਿਵਲੀਨਤਾ ਹੈ, ਅਥਵਾ ਬ੍ਰਹਮ ਪ੍ਰਾਪਤੀ ਹੀ ਹੈ। ਜੀਵ ਆਤਮਾ ਤੇ ਪਰਮਾਤਮਾ ਦੀ ਅਭੇਦ ਅਵਸਥਾ ਹੀ ਵਾਸਤਵਿਕ ਮੁਕਤੀ ਹੈ।

ਭਾਈ ਸਾਹਿਬ ਦੀ ਨਾ ਕੇਵਲ ਕਾਵਿ ਰਚਨਾ ਦੀ ਕੇਂਦਰੀ ਸੁਰ ਅਧਿਆਤਮਕਵਾਦੀ ਹੈ ਬਲਕਿ ਉਨ੍ਹਾਂ ਦੇ ਨਾਵਲਾਂ ਨੂੰ ਵੇਖੀਏ ਤਾਂ ਉਨ੍ਹਾਂ ਦੇ ਪਾਤਰ ਧਾਰਮਿਕ ਨਿਸ਼ਠਾ ਵਿਚ ਪਰਿਪੱਕ ਹਨ। ਉਹ ਇਕ ਪਰਮਾਤਮਾ ਵਿਚ ਪੂਰਨ ਵਿਸ਼ਵਾਸ ਰੱਖਦੇ ਹਨ ਤੇ ਆਤਮਿਕ ਤੌਰ ਤੇ ਉਚਤਾ ਦੇ ਧਾਰਨੀ ਉਨ੍ਹਾਂ ਦੀ ਸਵੇ-

ਚੇਤਨਾ ਪ੍ਰਬਲ ਹੈ ਤੇ ਪਰਮ ਸ਼ਕਤੀ ਨਾਲ ਇਕਸੁਰ ਹੈ। ਸਿੱਧੇ ਤੌਰ ਤੇ ਉਹ ਗੁਰਬਾਣੀ ਦੀ ਵਾਰਤਾਲਾਪ ਰਾਹੀਂ ਪ੍ਰੋੜਤਾ ਕਰ ਰਹੇ ਹਨ। ਇੰਝ ਉਨ੍ਹਾਂ ਨੇ ਆਪਣੀਆਂ ਰਚਨਾਵਾਂ ਰਾਹੀਂ ਸਿੱਖ ਅਧਿਆਤਮਕ ਰਹੱਸਾਂ ਨੂੰ ਖੋਲ੍ਹ-ਖੋਲ੍ਹ ਰੱਖ ਦਿੱਤਾ। ਡਾ. ਸਤਿੰਦਰ ਸਿੰਘ ਲਿਖਦੇ ਹਨ, 'ਗੁਰਬਾਣੀ ਉਹਨਾਂ ਦਾ ਪ੍ਰੇਰਨਾ ਸੋਮਾ ਹੈ, ਨਾਮ ਦੀ ਸ਼ਕਤੀ ਉਹਨਾਂ ਦੇ ਜੀਵਨ ਦੀ ਅਸਾਧਾਰਨ ਸ਼ਕਤੀ ਹੈ। ਉਹਨਾਂ ਦੇ ਨਾਇਕ ਸਰਬ ਗੁਣ ਸੰਪੰਨ, ਸੁੰਦਰ, ਸੁਸ਼ੀਲ ਤੇ ਸੂਰਬੀਰ ਹਨ। ... ਭਾਈ ਸਾਹਿਬ ਦੇ ਨਾਵਲਾਂ ਦੇ ਨਾਇਕ, ਨਾਇਕਾ ਆਪਣੀ ਕਿਸੇ ਕਮਜ਼ੋਰੀ ਕਾਰਨ ਹੀ ਮੁਸੀਬਤਾਂ ਵਿਚ ਫਸਦੇ ਹਨ ਤੇ ਫਿਰ ਆਪਣੀ ਸ਼ਕਤੀ ਨਾਲ ਮੁਸੀਬਤਾਂ ਵਿਚੋਂ ਨਿਕਲਦੇ ਹਨ। ਕਈ ਵਾਰ ਉਹ ਧੋਖੇ ਵਿਚ ਵੀ ਫਸ ਜਾਂਦੇ ਹਨ। ਸੁੰਦਰੀ ਅਤੇ ਸਤਵੰਤ ਕੌਰ ਜਿਨ੍ਹਾਂ ਜ਼ਖਮੀ ਵਿਅਕਤੀਆਂ ਨੂੰ ਬਚਾਉਂਦੀਆਂ ਹਨ, ਉਹ ਮਗਰੋਂ ਉਨ੍ਹਾਂ ਨੂੰ ਕੈਦੀ ਬਣਾ ਲੈਂਦੇ ਹਨ। ... ਉਹ ਕਸ਼ਟ ਸਹਿ ਕੇ ਵੀ ਪਰਉਪਕਾਰ ਦਾ ਕੰਮ ਨਹੀਂ ਛੱਡਦੇ। ਹਰ ਮੌਕੇ ਉਤੇ ਕੁਰਬਾਨੀ ਤੇ ਤਿਆਗ ਲਈ ਤਤਪਰ ਰਹਿੰਦੇ ਹਨ ਤੇ ਨਿਸ਼ਕਾਮ ਸੇਵਾ ਦੇ ਪੁਤਲੇ ਜਾਪਦੇ ਹਨ।' [97] ਉਨ੍ਹਾਂ ਦੀ ਸੂਰਮਿਆਂ ਵਾਲੀ ਆਤਮ ਸ਼ਕਤੀ ਜਪੁਜੀ ਦੇ ਕਰਮ ਖੰਡ ਦੀ ਅਵਸਥਾ ਨਾਲ ਮੇਲ ਖਾਂਦੀ ਲੱਗਦੀ ਹੈ, ਜੋ ਮਨੁੱਖ ਨੂੰ ਜੀਵਨ ਸਾਹਸ ਜੁਟਾਉਣ ਲਈ ਆਤਮ ਬੋਧ ਤੇ ਆਤਮ ਪ੍ਰੇਰਨਾ ਦਾ ਮਾਰਗ ਦਰਸਾਉਂਦੀ ਹੈ। ਭਾਈ ਵੀਰ ਸਿੰਘ ਦਾ ਅਧਿਆਤਮਵਾਦ ਰਹੱਸਮਈ ਅਨੁਭੂਤੀ ਤੱਕ ਹੀ ਸੀਮਿਤ ਨਹੀਂ ਵਾਸਤਵ ਵਿਚ ਉਹ ਆਪਣੇ ਪਰਮ ਲਕਸ਼ ਵੱਲ ਵੀ ਅਗਰਸਰ ਹੈ।

**ਹਵਾਲੇ ਅਤੇ ਟਿੱਪਣੀਆਂ:**


1 ਪੂਨੀ, ਬਲਬੀਰ ਸਿੰਘ, *ਲੋਕਧਾਰਾ,* ਵਾਰਿਸ਼ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ 1993, ਪੰਨਾ-119.

2 ਵਣਜਾਰਾ ਬੇਦੀ, *ਲੋਕ-ਧਰਮ*, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2007, ਪੰਨਾ-10-11.

3 ਜੋਸ਼ੀ, ਜੀਤ ਸਿੰਘ, *ਲੋਕ ਧਰਮ*, ਸੱਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਪੰਨਾ 290.

4 ਤਾਰਨ ਸਿੰਘ (ਅਨੁ), *ਧਰਮ ਦੀ ਉਤਪਤੀ ਅਤੇ ਵਿਕਾਸ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989, ਪੰਨਾ 9.

5 -ਉਹੀ-.

6 ਐਲ. ਐਮ. ਜੋਸ਼ੀ, ਜੋਧ ਸਿੰਘ (ਸੰਪਾ), *ਵਿਸ਼੍ਵ ਧਰਮ ਸੰਗ੍ਰਹਿ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000, ਪੰਨਾ 5.

7 ਨਾਭਾ, ਕਾਨ੍ਹ ਸਿੰਘ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1981, ਪੰਨਾ 662.

8 ਦਰਿਆ, ਡਾ., *ਪੰਜਾਬ ਲੋਕ-ਧਰਮ: ਇੱਕ ਅਧਿਐਨ*, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2004, ਪੰਨਾ 9.

9 ਸਰਬਜਿੰਦਰ ਸਿੰਘ (ਡਾ.), *ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ*, ਭਾਗ ਪਹਿਲਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007, ਪੰਨਾ 66, 67.

10 -ਉਹੀ-, ਪੰਨਾ 33.

11 ਨਰੈਣ ਸਿੰਘ, *ਸਿੱਖ ਧਰਮ ਦੀ ਬੁਨਿਆਦ*, ਭਗਤ ਪੂਰਨ ਸਿੰਘ, ਅੰਮ੍ਰਿਤਸਰ, 1991, ਪੰਨਾ 47.

12 ਤਾਰਨ ਸਿੰਘ (ਅਨੁ), *ਧਰਮ ਦੀ ਉਤਪਤੀ ਅਤੇ ਵਿਕਾਸ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989, ਪੰਨਾ 10.

13 ਸਰਬਜਿੰਦਰ ਸਿੰਘ (ਡਾ.), *ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ*, ਭਾਗ ਚੌਥਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007, ਪੰਨਾ 55.

14 ਰਤਨ ਸਿੰਘ ਜੱਗੀ, ਡਾ., *ਗੁਰੂ ਗ੍ਰੰਥ ਵਿਸ਼ਵ ਕੋਸ਼*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 128.

15 -ਉਹੀ-, ਪੰਨਾ 129.

16 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 266.

17 ਤੇਜਾ ਸਿੰਘ, ਐਮ.ਏ.,(ਪ੍ਰਿੰਸੀ.), *ਸਿੱਖ ਧਰਮ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2015, ਪੰਨਾ 87.

18 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 730.

19 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 7.

20 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 310.

21 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 450.

22 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 31.

23 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 115.

24 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 617.

25 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1350.

26 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 383.

27 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 885.

28 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 345.

29 ਜਸਵੰਤ ਸਿੰਘ ਪ੍ਰਵਾਨਾ ( ਗਿ.), *ਧਰਮ ਕਲਾ*, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, 2003, ਪੰਨਾ 10, 11.

30. ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਜਿਲਦ ਪਹਿਲੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ 126.

31. Teja Singh, *English Punjabi Dictionary,* Lahore Book Shop, Ludhiana, 4th Edition, 1980, p. 603.

32. ਰਾਮ ਮੂਰਤੀ ਸਿੰਘ, *ਮਾਨਕ ਹਿੰਦੀ ਅੰਗਰੇਜ਼ੀ ਕੋਸ਼*, ਪ੍ਰਭਾਤ ਪ੍ਰਕਾਸ਼ਨ, ਦਿੱਲੀ,1974, ਪੰਨਾ 18.

33. ਡਾ. ਜੋਧ ਸਿੰਘ (ਸੰਪਾ.), *ਹਿੰਦੀ-ਪੰਜਾਬੀ ਕੋਸ਼*, ਨੈਸ਼ਨਲ ਬੁੱਥ ਸ਼ਾਪ, ਪਲਈਅਰ ਗਾਰਡਨ ਮਾਰਕਿਟ, ਚਾਂਦਨੀ ਚੌਕ, ਦਿੱਲੀ, 1994, ਪੰਨਾ 16.

34. ਤ੍ਰਿਭਾਸ਼ਾ ਕੋਸ਼ਮਾਲਾ 7, *ਹਿੰਦੀ ਪੰਜਾਬੀ ਅੰਗਰੇਜ਼ੀ ਤ੍ਰਿਭਾਸ਼ਾ ਕੋਸ਼*, ਜਿਲਦ-1, ਕੇਂਦਰੀ ਹਿੰਦੀ ਨਿਰਦੇਸ਼ ਮਾਧਿਅਮਿਕ ਸਿੱਖਿਆ ਅਤੇ ਉੱਤਮ ਸਿੱਖਿਆ ਵਿਭਾਗ, ਮਾਨਵ ਸੰਸਾਧਨ ਵਿਕਾਸ ਮੰਤਰਾਲਯ, ਭਾਰਤ ਸਰਕਾਰ, 2004, ਪੰਨਾ 63.

35. P.N. Aggarwal, *Nacanda Concise Dictionary*, Aadiesh Book Depot, Delhi, P. 940.

36. Vaman Shivaram APTE, *The Student's English Sanskrit Dictionary*, Motilal Banarsidass, Delhi, 1969, P. 440.

37. *ਪੰਜਾਬੀ ਕੋਸ਼*, ਜਿਲਦ ਪਹਿਲੀ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1955, ਪੰਨਾ 57.

38. S. Balwant Singh, Jasbir Singh Atwal, *English Punjabi (Roman Script) Gurmukhi Dictionary*, Ajanta Book International, Delhi, 1999, P. 241.

39. Balbir Singh Sandhu, *PSUTB English Punjabi Dictionary*, Punjab State University Text Book Board, Chandigarh, 1982, P. 1104.

40. Arvind Kumar, Kusum Kumar, *The Penguin English-Hindi Dictionary*, Penguin Book, India, 2007, P. 42.

41. Arthur A Macdonell, *Sanskrit English Dictionary*, Award Publication House, New Delhi, 1979. P. 39.

42. Sir Monier Williams, *Sanskrit-English Dictionary Etymologically and Philosophically arranged with special reference to Eognate Indo-European Languages*, Motilal Banarsidass, Delhi, 1899, P. 139.

43. *ਹਿੰਦੂ ਮਿਥਿਹਾਸ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1963, ਪੰਨਾ 40.

44. ਡਾ. ਜੋਧ ਸਿੰਘ (ਸੰਪਾ.), *ਹਿੰਦੀ-ਪੰਜਾਬੀ ਕੋਸ਼*, ਪੰਨਾ 16.

45. Avtar Singh (Chief Editor), *English Punjabi Dictionary*, Punjab State University Text Book Board, Chandigarh, 1982. P. 1104.

46. *ਬਹੁਤ ਪਰਿਭਾਸ਼ਿਕ ਸ਼ਬਦ ਸੰਗ੍ਰਹਿ (ਹਿੰਦੀ ਅੰਗਰੇਜ਼ੀ)* ਮਾਨਵੀ ਅਤੇ ਸਮਾਜਿਕ ਵਿਗਿਆਨ, ਵਿਗਿਆਨਕ ਅਤੇ ਤਕਨੀਕੀ ਸ਼ਬਦਾਵਲੀ ਆਯੋਗ, ਸਿੱਖਿਆ ਅਤੇ ਸੰਸਕ੍ਰਿਤੀ ਮੰਤਰਾਲਯ, ਭਾਰਤ ਸਰਕਾਰ, 1982, ਪੰਨਾ 27.

47. Monier Williams, *A Dictionary English and Sanskrit*, Motilal Banarsidass, Delhi, 4th edition, 1976, P. 765.

48. Teja Singh, *English-Punjabi Dictionary*, Lahore Book Shop, Ludhiana, 4th Edition, 1980, P. 603.

49. J.A. Simpson and E.S.C. Weiner, *The Oxford English Dictionary* (Second Edition), Vol. XVI., Clarendon Press, Oxford, 1989, P. 259.

50. ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਜਿਲਦ ਪਹਿਲੀ, ਪੰਨਾ 126.

51. *English Sanskrit Dictionary*, Anundoram Board, Publication Board Assam, Guahati, 1971, P/ 667.

52. Encyclopedia of Americana, Internation Edition, Vol. 25, Americana Corporation, Manufactured in U.S.A., 1972, P. 420.

53. ਕਪੂਰ ਸਿੰਘ ਘੁੰਮਣ (ਮੁੱਖ ਸੰਪਾ.), *ਪੰਜਾਬੀ ਵਿਸ਼ਵ ਕੋਸ਼* (ਜਿਲਦ ਪਹਿਲੀ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1983, ਪੰਨਾ 375.

54. ਸੁਰਿੰਦਰ ਸਿੰਘ ਕੋਹਲੀ (ਮੁੱਖ ਸੰਪਾ.), *ਪੰਜਾਬੀ ਸਾਹਿਤ ਕੋਸ਼* (ਭਾਗ ਪਹਿਲਾ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972, ਪੰਨਾ 113-115.

55. *Encyclopedia of Americana*, Internation Edition, Vol. 25, P. 421.

56. *New Standard Encyclopedia*, Vol. 12, Standard Educational Corporation, Chicago, P. 735.

57. Longman *Wordwise Dictionary*, IInd Edition, Person Education Limited, 2008. P. 644.

58. James Hastings (Editor), *Encyclopedia of Religion and Ethics*, Vol. XI, Charles Scriber's, New York, P. 808.

59. ਵਜੀਰ ਸਿੰਘ, *ਧਰਮ ਦਾ ਦਾਰਸ਼ਨਿਕ ਪੱਖ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999, ਪੰਨਾ 124.

60. ਉਹੀ.

61. ਉਹੀ, ਪੰਨਾ 125.

62. ਉਹੀ.

63. ਸੁਰਿੰਦਰ ਸਿੰਘ ਕੋਹਲੀ (ਮੁੱਖ ਸੰਪਾ.), *ਪੰਜਾਬੀ ਸਾਹਿਤ ਕੋਸ਼* (ਭਾਗ ਪਹਿਲਾ), ਪੰਨਾ 114.

64. ਕਪੂਰ ਸਿੰਘ ਘੁੰਮਣ (ਮੁੱਖ ਸੰਪਾ.), *ਪੰਜਾਬੀ ਵਿਸ਼ਵ ਕੋਸ਼* (ਜਿਲਦ ਪਹਿਲੀ), ਪੰਨਾ 376.

65. ਰਛਪਾਲ ਸਿੰਘ ਗਿੱਲ (ਮੁੱਖ ਸੰਪਾ.), *ਪੰਜਾਬ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 2004, ਪੰਨਾ 93.

66. ਪ੍ਰੋ. ਦੀਵਾਨ ਸਿੰਘ, *ਆਧੁਨਿਕ ਪੰਜਾਬੀ ਸਾਹਿਤ ਆਲੋਚਨਾ*, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2006, ਪੰਨਾ 17.

67. ਉਹੀ.

68. ਰਾਮਧਾਰੀ ਸਿੰਘ ਦਿਨਕਰ, *ਸਭਿਆਚਾਰ ਦੇ ਚਾਰ ਅਧਿਆਇ*, (ਧਨਵੰਤ ਕੌਰ, ਇੰਦਰਜੀਤ ਕੌਰ, ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992, ਪੰਨਾ 56.

69. Surama Dasgupta, *Development of Moral Philosophy in India*, Munshiram Manoharlal Publishers Pvt. Ltd., 1994, P. 120.

70. ਰਾਮਧਾਰੀ ਸਿੰਘ ਦਿਨਕਰ, *ਸਭਿਆਚਾਰ ਦੇ ਚਾਰ ਅਧਿਆਇ*, ਪੰਨਾ 131.

71. Surama Dasgupta, *Development of Moral Philosophy* in India, P. 12.

72. K.R. Sundararajan, T.M.P. Mahadevan, S.S. Rghavachar, K.L. Seshagiri Rao, V.A. Devasena Pathi, *Hinduism*, Punjabi University, Patiala, 1969, P. 19-20.

73. ਰਾਮਧਾਰੀ ਸਿੰਘ ਦਿਨਕਰ, *ਸਭਿਆਚਾਰ ਦੇ ਚਾਰ ਅਧਿਆਇ*, ਪੰਨਾ 155.

74. Dr. Praydyumna Shah Singh, *Jainism Views and Issues*, Gracious Books, Patiala, 2014, P. 19.

75. Nyanatiloka (ed.), *Buddhist Dictionary: Mannual of Buddhist Terms and Doctrines*, P. 165.

76. Narada (Tr.), *The Dhammapada*, 4th Edition Taipei: The Corporate Body of the Budha Educational Foundation, 1993, P. 215-216.

77. Dr. Hua, Thi Thu Suong, *A Comparative Study of the Concept of Samadhi as Depicted in The Vimuttimagga and The Visuddhimagga*, Pearl Book Pvt. Ltd. Patiala, 2013, P. 19.

78. Santosh Thomas, *Studies in Religious Mysticism- Charistianity and Buddhism*, Mittal Publication, New Delhi, 2005, P. 43.

79. ਡਾ. ਮਨਮੋਹਨ ਸਿੰਘ, *ਭਾਰਤੀ ਧਰਮ ਅਤੇ ਨੈਤਿਕਤਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ 1988, ਪੰਨਾ 131.

80. ਡਾ. ਵਜੀਰ ਸਿੰਘ, *ਸਿੱਖ ਦਰਸ਼ਨਧਾਰਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012, ਪੰਨਾ 5.

81. ਪ੍ਰੋ. ਹਰੀ ਸਿੰਘ ਭਾਰਤੀ, *ਗੁਰੂ ਨਾਨਕ ਦਾ ਅਧਿਆਤਮ ਮਾਰਗ*, ਸੰਦੀਪ ਪਬਲੀਸ਼ਰਜ਼, ਚੰਡੀਗੜ੍ਹ, 1989, ਪੰਨਾ 33.

82. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 5.

83. ਜਸਵਿੰਦਰ ਕੌਰ ਢਿੱਲੋਂ, *ਗੁਰੂ ਨਾਨਕ ਦੀ ਕੀਮਤ ਮੀਮਾਂਸਾ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1982, ਪੰਨਾ 148.

84. ਡਾ. ਧਰਮਪਾਲ ਸਿੰਗਲ, *ਸਾਹਿਤ ਸੰਚਯ*, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, 1970, ਪੰਨਾ 62.

85. ਭਾਈ ਸਾਹਿਬ ਭਾਈ ਵੀਰ ਸਿੰਘ, *ਮੇਰੇ ਸਾਈਆਂ ਜੀਓ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਨੌਵੀਂ ਅਡੀਸ਼ਨ, 2010, ਪੰਨਾ 5.

86. ਭਾਈ ਸਾਹਿਬ ਭਾਈ ਵੀਰ ਸਿੰਘ, *ਲਹਿਰਾਂ ਦੇ ਹਾਰ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2004, ਪੰਨਾ 35.

87. ਉਹੀ.

88. ਉਹੀ, ਪੰਨਾ 31.

89. ਮੇਵਾ ਸਿੰਘ ਤੁੰਗ, *ਭਾਈ ਵੀਰ ਸਿੰਘ ਦੀ ਕਾਵਿ ਸ੍ਰਿਸ਼ਟੀ*, ਮਦਾਨ ਪਬਲਿਸ਼ਰਜ਼, ਪਟਿਆਲਾ, 1972, ਪੰਨਾ 60.

90. ਭਾਈ ਸਾਹਿਬ ਭਾਈ ਵੀਰ ਸਿੰਘ, *ਮੇਰੇ ਸਾਈਆਂ ਜੀਓ,* ਪੰਨਾ 15.

91. ਭਾਈ ਸਾਹਿਬ ਭਾਈ ਵੀਰ ਸਿੰਘ, *ਰਾਣਾ ਸੂਰਤ ਸਿੰਘ,* ਪੰਨਾ 120.

92. ਡਾ. ਮਨਮੋਹਨ ਸਿੰਘ, *ਭਾਈ ਵੀਰ ਸਿੰਘ ਕਾਵਿ ਦਾ ਦਾਰਸ਼ਨਿਕ ਵਿਸ਼ਲੇਸ਼ਣ*, ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ, 1975, ਪੰਨਾ 1.

93. ਭਾਈ ਸਾਹਿਬ ਭਾਈ ਵੀਰ ਸਿੰਘ, *ਮੇਰੇ ਸਾਈਆਂ ਜੀਓ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2010, ਪੰਨਾ 78.

94. ਭਾਈ ਸਾਹਿਬ ਭਾਈ ਵੀਰ ਸਿੰਘ, *ਰਾਣਾ ਸੂਰਤ ਸਿੰਘ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 1998, ਪੰਨਾ 125.

95. ਭਾਈ ਸਾਹਿਬ ਭਾਈ ਵੀਰ ਸਿੰਘ, *ਮਟਕ ਹੁਲਾਰੇ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2007, ਪੰਨਾ 92.

96. ਭਾਈ ਸਾਹਿਬ ਭਾਈ ਵੀਰ ਸਿੰਘ, *ਰਾਣਾ ਸੂਰਤ ਸਿੰਘ*, ਪੰਨਾ 138-139.

97. ਡਾ. ਸਤਿੰਦਰ ਸਿੰਘ, *ਭਾਈ ਵੀਰ ਸਿੰਘ ਜੀਵਨ ਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996, ਪੰਨਾ 40.

# ਅਧਿਆਇ ਤੀਜਾ

# ਭਾਈ ਵੀਰ ਸਿੰਘ ਦੀ ਗੁਰਬਾਣੀ ਵਿਆਖਿਆਕਾਰੀ

ਕਿਸੇ ਵੀ ਧਰਮ ਦੀ ਵਿਆਖਿਆਕਾਰੀ ਬਾਰੇ ਗੱਲ ਕਰਨਾ ਸਹਿਜ ਪ੍ਰਕਿਰਿਆ ਨਹੀਂ ਹੁੰਦੀ। ਇਸ ਲਈ ਸੁਭਾਵਿਕ ਹੈ ਕਿ ਭਾਈ ਵੀਰ ਸਿੰਘ ਦੀ ਗੁਰਬਾਣੀ ਵਿਆਖਿਆਕਾਰੀ ਬਾਰੇ ਗੱਲ ਕਰਨਾ ਔਖਾ ਮਾਰਗ ਹੈ। ਹਥਲੇ ਖੋਜ ਨਿਬੰਧ ਦਾ ਤੀਜਾ ਅਧਿਆਇ ਭਾਈ ਵੀਰ ਸਿੰਘ ਦੀ ਵਿਆਖਿਆਕਾਰੀ ਨੂੰ ਸੰਬੋਧਤ ਹੈ।

ਧੁਰ ਕੀ ਬਾਣੀ/ਰੱਬੀ ਬਾਣੀ/ਦੈਵੀ ਰਚਨਾ ਨੂੰ ਸਮਝਣ ਤੇ ਸਮਝਾਉਣ ਲਈ ਜਿਸ ਢੰਗ ਤਰੀਕੇ ਦੀ ਵਰਤੋਂ ਕੀਤੀ ਜਾਂਦੀ ਹੈ ਉਸ ਨੂੰ ਵਿਆਖਿਆਕਾਰੀ ਦਾ ਨਾਂ ਦਿਤਾ ਗਿਆ ਹੈ। ਵਿਆਖਿਆਕਾਰੀ ਰਾਹੀਂ ਹੀ ਦੈਵੀ ਬੋਲਾਂ, ਭਾਵ ਬਚਨਾਂ ਨੂੰ ਖੁਲ੍ਹ ਕੇ ਪੇਸ਼ ਕੀਤਾ ਜਾ ਸਕਦਾ ਹੈ ਕਿਉਂਕਿ ਗੁਰਬਾਣੀ ਵਿਚਲੇ ਚਿੰਨ੍ਹਾਂ, ਪ੍ਰਤੀਕਾਂ ਨੂੰ ਸਮਝਣ ਲਈ ਵਿਆਖਿਆ ਦੀ ਲੋੜ ਪੈਂਦੀ ਹੈ ਅਤੇ ਧਰਮ ਗ੍ਰੰਥਾਂ ਵਿਚ ਵਰਤੀ ਗਈ ਭਾਸ਼ਾ ਦੇ ਅਰਥ ਸਮਾਂ ਬਦਲਣ ਦੇ ਨਾਲ ਹੀ ਬਦਲ ਜਾਂਦੇ ਹਨ ਅਤੇ ਇਨ੍ਹਾਂ ਦੇ ਸਹੀ ਅਰਥ ਸਮਝਣ ਤੇ ਸਮਝਾਉਣ ਲਈ ਵਿਆਖਿਆਕਾਰ ਨੂੰ ਡੂੰਘਾ ਅਧਿਐਨ ਕਰਨਾ ਪੈਂਦਾ ਹੈ। ਇਕ ਵਿਆਖਿਆਕਾਰ ਨੂੰ ਧੁਰ ਕੀ ਬਾਣੀ ਦੇ ਗੁਹਜ ਭਾਵਾਂ ਨੂੰ ਸਮਝਣ ਹਿਤ ਜਿਸ ਵਿਧਾ ਨੂੰ ਅਪਣਾਇਆ ਜਾਂਦਾ ਹੈ ਉਸ ਨੂੰ ਵਿਆਖਿਆ ਸ਼ਾਸਤਰ ਦਾ ਨਾਮ ਦਿਤਾ ਜਾਂਦਾ ਹੈ।

ਗੁਰਬਾਣੀ ਵਿਆਖਿਆ ਬਾਰੇ ਜਾਣਕਾਰੀ ਤੋਂ ਪਹਿਲਾਂ ਵਿਆਖਿਆ ਸ਼ਾਸਤਰ ਬਾਰੇ ਜਾਣ ਲੈਣਾ ਜਰੂਰੀ ਹੈ। ਵਿਆਖਿਆ ਸ਼ਾਸਤਰ (Hermeneutics) ਯੂਨਾਨੀ ਭਾਸ਼ਾ ਦੇ ਸ਼ਬਦ 'Hermeneuein' ਤੋਂ ਬਣਿਆ ਹੈ। ਜਿਸ ਦਾ ਅਰਥ ਹੈ ਵਿਆਖਿਆ ਕਰਨਾ (to interpret)।[1] ਇਸੇ ਮੂਲ ਧਾਤੂ ਤੋਂ Hermeneuia ਸ਼ਬਦ ਬਣਿਆ ਜਿਸ ਦਾ ਅਰਥ ਹੈ 'ਵਿਆਖਿਆ' (interpretation)। ਵੈਬਸਟਰਜ਼ ਡਿਕਸ਼ਨਰੀ ਅਨੁਸਾਰ Hermeneutics ਵਿਚ ਵਿਆਖਿਆ ਅਤੇ ਵਿਸ਼ਲੇਸ਼ਣ ਵਿਧੀਆਤਮਕ (Methodology Principle) ਸਿਧਾਂਤ ਸ਼ਾਮਿਲ ਹੁੰਦੇ ਹਨ।[2] ਇਸ ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਬਾਈਬਲ ਦੀ ਵਿਆਖਿਆ ਨਾਲ ਜੋੜ ਕੇ ਕੀਤੀ ਗਈ ਸੀ। ਇਸ ਲਈ ਇਸ ਨੂੰ ਖਾਸ ਤੌਰ 'ਤੇ ਬਾਈਬਲ

ਸੰਬੰਧੀ ਵਿਆਖਿਆ ਦੇ ਸਿਧਾਂਤ ਵਜੋਂ ਹੀ ਲਿਆ ਜਾਂਦਾ ਹੈ।[3] ਅਸਲ ਵਿਚ ਵਿਆਖਿਆ-ਸ਼ਾਸਤਰ ਇਕ ਸਵੈ-ਅਨੁਸ਼ਾਸਨ ਵਿਧੀ ਹੈ ਜੋ ਕਿ ਧਾਰਮਿਕ ਪਾਠ ਨੂੰ ਸਮਝਣ-ਸਮਝਾਉਣ ਲਈ ਨਿਯਮ ਨਿਰਧਾਰਤ ਕਰਦੀ ਹੈ। ਵਿਆਖਿਆ-ਸ਼ਾਸਤਰ ਵਿਆਖਿਆਕਾਰੀ ਨਹੀਂ ਸਗੋਂ ਵਿਆਖਿਆ ਕਰਨੀ ਕਿਵੇਂ ਹੈ ਅਤੇ ਕਿਹੜੇ ਵਿਗਿਆਨਕ ਮਾਪ-ਦੰਡ ਅਪਣਾਉਂਣੇ ਹਨ? ਉਹਨਾਂ ਬਾਰੇ ਸੋਧ ਦਿੰਦਾ ਹੈ।[4] ਇਸ ਤਰ੍ਹਾਂ Hermeneutics ਦਾ ਮਨੋਰਥ ਰਹੱਸਵਾਦੀ ਗ੍ਰੰਥਾਂ ਦੇ ਸੱਚ ਦੀ ਸਮਝ ਪ੍ਰਾਪਤ ਕਰਕੇ ਉਸਦੀ ਸੁਖੈਨ ਵਿਆਖਿਆ ਨੂੰ ਸ਼ਰਧਾਲੂਆਂ ਜਾਂ ਜਗਿਆਸੂਆਂ ਤੱਕ ਪਹੁੰਚਾਉਣਾ ਹੈ। ਸੋਖੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਵਿਆਖਿਆ ਅਸਲ ਵਿਚ ਅਰਥ ਵਿਸਤਾਰ ਹੈ ਅਤੇ ਇਸ ਵਿਸਤਾਰਿਤ ਵਿਆਖਿਆ ਰਾਹੀਂ ਬਾਣੀ ਵਿਚ ਵਰਤੇ ਸੁਹਜਮਈ ਵਿਸਮਾਦੀ ਅਰਥਾਂ ਨੂੰ ਸਪੱਸ਼ਟ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਕਿਸੇ ਧਾਰਮਿਕ ਗ੍ਰੰਥ ਜੋ ਮੂਲ ਰੂਪ ਵਿਚ ਰੱਬੀ ਆਵੇਸ਼ ਹੁੰਦਾ ਹੈ ਦੇ ਹੂ-ਬ-ਹੂ (literel) ਅਤੇ ਸੁਹਜ ਭਾਵਾਂ ਨੂੰ ਪਾਠਕ ਤੱਕ ਸਰਲ ਸੌਖੀ ਅਤੇ ਸਪੱਸ਼ਟ ਭਾਸ਼ਾ ਵਿਚ ਸਮਝਾਉਣ ਅਤੇ ਪੇਸ਼ ਕਰਨ ਦਾ ਸਾਰਥਿਕ ਯਤਨ ਹੀ ਵਿਆਖਿਆ ਹੁੰਦਾ ਹੈ। ਵਿਆਖਿਆ ਦੀ ਸਹਾਇਤਾ ਨਾਲ ਹੀ ਅਜਿਹੇ ਪਾਠ ਦਾ ਬਹੁਪੱਖੀ ਸੰਦੇਸ਼ (ਜਿਵੇ ਕਿ ਭਾਸ਼ਾਈ, ਸਮਾਜਿਕ, ਰਾਜਨੀਤਿਕ, ਅਧਿਆਤਮਿਕ, ਸੱਭਿਆਚਾਰਕ ਅਤੇ ਦਾਰਸ਼ਨਿਕ) ਸਾਧਾਰਨ ਪਾਠਕ ਦੇ ਨਾਲ-ਨਾਲ ਵਿਸ਼ੇਸ਼ ਰੂਪ ਵਿਚ ਗੰਭੀਰ ਪਾਠਕ ਨੂੰ ਵੀ ਪੂਰੀ ਤਰ੍ਹਾਂ ਸੰਚਾਰਿਤ ਹੋ ਜਾਂਦਾ ਹੈ।[5] ਗੁਰਬਾਣੀ ਵਿਆਖਿਆਕਾਰੀ ਦੇ ਇਤਿਹਾਸ ਵਿਚ ਇਨ੍ਹਾਂ ਪੈਗੰਬਰੀ ਬੋਲਾਂ ਜਾਂ ਰਚਨਾ ਨੂੰ ਸਮਝਣ ਲਈ ਉਨ੍ਹਾਂ ਦੇ ਅਰਥਾਂ ਤੱਕ ਪਹੁੰਚਣ ਦਾ ਯਤਨ ਸਾਡੇ ਸਾਹਮਣੇ ਕਈ ਰੂਪਾਂ ਵਿਚ ਹੋਇਆ ਹੈ। ਜਿਵੇਂ 1 ਟੀਕਾ, 2 ਨਿਰੁਕਤ, 3 ਪਰਮਾਰਥ, 4 ਕੋਸ਼ਕਾਰੀ, 5 ਕਥਾਕਾਰੀ, 6 ਉਲਥਾਕਾਰੀ ਆਦਿ।

ਵਿਆਖਿਆ ਅਤੇ ਬਾਣੀ ਇੱਕ ਦੂਜੇ ਨਾਲ ਜੁੜੀਆਂ ਹੋਈਆਂ ਹਨ। ਵਿਆਖਿਆ ਵੀ ਧਰਮ ਗ੍ਰੰਥਾਂ ਜਿੰਨੀ ਹੀ ਪੁਰਾਣੀ ਪ੍ਰਵਾਨ ਕੀਤੀ ਜਾਂਦੀ ਹੈ ਪਰ ਆਰੰਭ ਵਿਚ ਇਸਦਾ ਰੂਪ ਮੌਖਿਕ ਰਿਹਾ। ਮੌਖਿਕ-

ਪਰੰਪਰਾ ਕਿਸ ਵੇਲੇ ਹੋਂਦ ਵਿਚ ਆਈ? ਇਸ ਬਾਰੇ ਨਿਸ਼ਚਿਤ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ ਪਰ ਇਸ ਨਾਲ ਇਹ ਸੱਚ ਸਾਮਹਣੇ ਆ ਜਾਦਾਂ ਹੈ ਕਿ ਮੌਖਿਕ ਪਰੰਪਰਾ ਹੀ ਵਿਆਖਿਆ ਦਾ ਮੁੱਢਲਾ ਸਰੂਪ ਰਹੀ ਹੋਵੇਗੀ। ਅਕਾਦਮਿਕਤਾ ਨਾਲ ਜੁੜੇ ਹਰ ਖੇਤਰ ਵਿਚ ਆਮ ਕਰਕੇ ਅਤੇ ਖ਼ਾਸ ਕਰਕੇ ਧਾਰਮਿਕ ਰਚਨਾਵਾਂ ਦੇ ਖੇਤਰ ਵਿੱਚ ਖ਼ਾਸ ਕਰਕੇ ਵਿਆਖਿਆ ਦਾ ਸਥਾਨ ਬਹੁਤ ਹੀ ਮੱਹਤਵਪੂਰਨ ਰਿਹਾ ਹੈ। ਇਸੇ ਕਰਕੇ ਇਕ ਪਾਸੇ ਇਹ ਸ਼ਾਸਤਰ ਹੈ ਅਤੇ ਦੂਜੇ ਪਾਸੇ ਅਕਾਦਮਿਕ ਅੰਤਰਦ੍ਰਿਸ਼ਟੀ (Methodology) ਵੀ।[6] ਗੁਰਬਾਣੀ ਦੀ ਵਿਆਖਿਆਕਾਰੀ ਗੁਰਬਾਣੀ ਦੇ ਉਤਰਨ ਨਾਲ ਹੀ ਸ਼ੁਰੂ ਹੋਈ ਕਿਉਂਕਿ ਸਭ ਤੋਂ ਪਹਿਲਾਂ ਗੁਰੂ ਸਾਹਿਬਾਨ ਨੇ ਗੁਰਬਾਣੀ ਦੀ ਗੁਰਬਾਣੀ ਰਾਹੀਂ ਵਿਆਖਿਆ ਕੀਤੀ ਜਿਸਨੂੰ ਸਹਿਜ ਪ੍ਰਣਾਲੀ ਦਾ ਨਾਂ ਦਿਤਾ ਗਿਆ। ਡਾ. ਤਾਰਨ ਸਿੰਘ ਲਿਖਦੇ ਹਨ ਗੁਰਬਾਣੀ ਵਿਆਖਿਆ ਦੀ 'ਸਹਿਜ-ਪ੍ਰਣਾਲੀ' ਦੀ ਹੋਂਦ ਦੀ ਪੁਸ਼ਟੀ ਇਸ ਮਨੌਤ ਤੋਂ ਹੀ ਸਿਧ ਹੈ ਕਿ 'ਮੂਲ ਮੰਤਰ ਦੀ ਵਿਆਖਿਆ ਜਪੁਜੀ ਹੈ ਤੇ ਜਪੁਜੀ ਦੀ ਵਿਆਖਿਆ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਹੈ'।[7] ਇਸੇ ਤਰ੍ਹਾਂ ਹੋਰ ਵੀ ਕਾਫੀ ਸਾਰੀਆਂ ਪ੍ਰਣਾਲੀਆਂ ਹੋਂਦ ਵਿਚ ਆਈਆਂ ਜਿਵੇਂ ਭਾਈ ਪ੍ਰਣਾਲੀ, ਪਰਮਾਰਥ ਪ੍ਰਣਾਲੀ, ਉਦਾਸੀ ਪ੍ਰਣਾਲੀ, ਨਿਰਮਲਾ ਪ੍ਰਣਾਲੀ, ਸੰਪ੍ਰਦਾਇ ਪ੍ਰਣਾਲੀ ਅਤੇ ਸਿੰਘ ਸਭਾ ਪ੍ਰਣਾਲੀ। ਸਭ ਤੋਂ ਪਹਿਲਾਂ ਗੁਰਬਾਣੀ ਦਾ ਵਿਆਖਿਆਕਾਰ ਹੋਣ ਦਾ ਮਾਣ ਭਾਈ ਗੁਰਦਾਸ ਜੀ ਨੂੰ ਮਿਲਿਆ। ਉਨ੍ਹਾਂ ਦੀ ਬਾਣੀ ਨੂੰ 'ਗੁਰਬਾਣੀ ਦੀ ਕੁੰਜੀ' ਕਹਿ ਕੇ ਸਤਿਕਾਰਿਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਸਿੱਖ ਧਰਮ ਵਿਚ ਭਾਈ ਗੁਰਦਾਸ ਜੀ ਦੀ ਰਚਨਾ ਹੀ ਗੁਰੂ ਸਾਹਿਬਾਨ ਦੇ ਸ਼ੰਦੇਸ ਦੀ ਸਭ ਤੋਂ ਪਹਿਲੀ ਵਿਆਖਿਆ ਪ੍ਰਵਾਨ ਕੀਤੀ ਗਈ ਹੈ। ਭਾਈ ਗੁਰਦਾਸ ਦੀ ਰਚਨਾ ਨੂੰ ਗੁਰਬਾਣੀ ਦਾ ਟੀਕਾ ਜਾਂ ਵਿਆਖਿਆ ਪ੍ਰਵਾਨ ਕਰਨ ਦੀ ਰਵਾਇਤ ਉਨ੍ਹਾਂ ਦੀ ਰਚਨਾ ਜਿੰਨੀ ਹੀ ਪੁਰਾਤਨ ਹੈ ਅਤੇ ਵਰਤਮਾਨ ਸਮੇਂ ਤੱਕ ਉਵੇਂ ਹੀ ਪ੍ਰਵਾਨ ਕੀਤੀ ਜਾਂਦੀ ਹੈ।[8] ਅਸੀਂ ਭਾਈ ਗੁਰਦਾਸ ਤੋਂ ਬਾਅਦ ਸਿੱਖੀ ਦੇ ਦੂਜੇ ਵਿਆਖਿਆਕਾਰ ਭਾਈ ਮਨੀ ਸਿੰਘ ਜੀ ਨੂੰ ਮੰਨ ਸਕਦੇ ਹਾਂ। ਸਿੱਖ ਧਰਮ ਦੀ ਵਿਆਖਿਆ ਦੇ ਖੇਤਰ ਵਿਚ ਭਾਈ ਗੁਰਦਾਸ ਜੀ ਤੋਂ ਬਾਅਦ ਭਾਈ ਮਨੀ ਸਿੰਘ ਦਾ ਨਾਂ ਹੀ ਸਭ ਤੋਂ ਮਹਾਨ ਹੈ। ਉਨ੍ਹਾਂ ਦੇ ਨਾਮ ਨਾਲ

ਪ੍ਰਚਲਿਤ ਚਾਰ ਪੁਸਤਕਾਂ ਅਰਥਾਤ 'ਗੁਰਬਿਲਾਸ ਪਾਤਸ਼ਾਹੀ6', 'ਸਿੱਖਾਂ ਦੀ ਭਗਤਮਾਲਾ', 'ਜਨਮਸਾਖੀ ਭਾਈ ਮਨੀ ਸਿੰਘ' ਤੇ 'ਗੁਰ ਬਿਲਾਸ ਪਾਤਸ਼ਾਹੀ ਦਸਵੀਂ' ਵਿਚੋਂ ਪਹਿਲੀਆਂ ਤਿੰਨ ਪੁਸਤਕਾਂ ਸਪਸ਼ਟ ਰੂਪ ਵਿਚ ਭਾਈ ਗੁਰਦਾਸ ਜੀ ਦੀ ਸੂਤਰਿਕ ਵਿਆਖਿਆ ਦਾ ਵਿਸਤਾਰ ਰੂਪ ਵਿਚ (ਭਾਸ਼) ਵਰਨਣ ਹੀ ਹਨ।[9] ਪਰਮਾਰਥ ਪ੍ਰਣਾਲੀ ਵਿਚ ਸੋਢੀ ਮਿਹਰਬਾਨ, ਸੋਢੀ ਹਰਿ ਜੀ ਅਤੇ ਸੋਢੀ ਚਤੁਰਭੁਜ ਜੀ ਦਾ ਨਾਂ ਵਰਣਨਯੋਗ ਹੈ। ਪਰਮਾਰਥ ਪ੍ਰਣਾਲੀ ਉਪਰੰਤ ਵਿਆਖਿਆ ਦਾ ਕਾਰਜ ਉਦਾਸੀ, ਨਿਰਮਲੇ, ਸੇਵਾਪੰਥੀ ਤੋਂ ਹੁੰਦਾ ਹੋਇਆ ਵੀਹਵੀਂ ਸਦੀ ਦੀ ਸਿੰਘ ਸਭਾ ਲਹਿਰ ਤੱਕ ਪਹੁੰਚਿਆ। ਸਿੰਘ ਸਭਾ ਲਹਿਰ ਨੇ ਸਿੱਖ ਧਰਮ ਨੂੰ ਇਕ ਨਹੀਂ ਅਨੇਕਾਂ ਸਿਰਕੱਢ ਵਿਦਵਾਨ ਦਿੱਤੇ ਜਿਨ੍ਹਾਂ ਨੇ ਪੰਜਾਬੀ ਮਾਂ ਬੋਲੀ, ਪੰਜਾਬੀ ਸੱਭਿਆਚਾਰ ਨੂੰ ਸੰਭਾਲਣ ਦਾ ਯਤਨ ਕੀਤਾ ਉਥੇ ਨਾਲ-ਨਾਲ ਗੁਰਬਾਣੀ ਵਿਆਖਿਆਕਾਰੀ ਨੂੰ ਗੁਰਮਤਿ ਦੀ ਰੌਸ਼ਨੀ ਵਿਚ ਸਨਾਤਨੀ ਪਿਛੋਕੜ ਦਾ ਤਿਆਗ ਕਰਦਿਆਂ ਇਸ ਨੂੰ ਨਵੇਂ ਸਾਂਚੇ ਵਿਚ ਢਾਲਕੇ ਪੱਛਮੀ ਟੋਨ ਤੇ ਅਧਾਰਿਤ ਅਤੇ ਸਾਹਿਤਕ ਪੱਖੋਂ ਵੇਖਣ ਦਾ ਯਤਨ ਕੀਤਾ ਗਿਆ। ਇਸੇ ਲਹਿਰ ਦੀ ਉਪਜ ਭਾਈ ਵੀਰ ਸਿੰਘ ਜੀ ਵੀ ਹਨ ਜਿਨ੍ਹਾਂ ਨੇ ਆਪਣੀ ਤਾ ਜਿੰਦਗੀ ਸਿੰਘ ਸਭਾ ਲਹਿਰ ਅਤੇ ਸਿੱਖ ਕੌਮ ਨੂੰ ਸਮਰਪਿਤ ਕਰ ਦਿਤੀ। ਸ੍ਰੀ ਗੁਰੂ ਗ੍ਰੰਥ ਕੋਸ਼ ਦੀ ਭੂਮਿਕਾ ਵਿਚ ਪ੍ਰੋ. ਪੂਰਨ ਸਿੰਘ ਜੀ ਦੁਆਰਾ ਲਿਖੇ ਸ਼ਬਦ ਉਨ੍ਹਾਂ ਦੀ ਆਦਰਸ਼ ਲੇਖਣੀ ਦਾ ਗਿਆਨ ਕਰਾਉਂਦੇ ਹਨ : "ਅੰਤਮ ਸੂਚਨਾ ਇਹ ਹੈ ਕਿ ਇਸ ਲੇਖਣੀ ਨੇ ਚਾਹੇ-ਕਾਵਯ ਗ੍ਰੰਥ ਲਿਖੇ, ਚਾਹੇ ਪੁਰਾਤਨ ਖਾਲਸੇ ਦੇ ਜੀਵਨ ਚਰਿਤ੍ਰ ਲਿਖੇ, ਚਾਹੇ ਗੁਰੂ ਸਾਹਿਬਾਨ ਦੇ ਜੀਵਨ, ਗੁਰੂ ਕਲਗੀਧਰ, ਅਥਵਾ ਗੁਰੂ ਬਾਬੇ ਦੇ ਚਮਤਕਾਰ ਲਿਖੇ, ਚਾਹੇ ਹੁਣ ਇਹ ਕੋਸ਼ ਰਚਿਆ, ਸੁਨੇਹਾ ਇਕੋ ਹੈ.........ਆਪ ਦਾ ਕੇਂਦਰੀ ਸੁਨੇਹਾ ਓਹੋ ਹੈ ਜੋ ਆਪ ਦੇ ਰਚੇ ਸਾਰੇ ਗ੍ਰੰਥਾਂ ਵਿਚ ਦੀਪਮਾਨ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਹਿਤਯਕ ਮਹਾਨਤਾ ਜੋ ਸਦਾ ਸੁੱਚੀ, ਸਰਬ ਕਲਾ ਸਪੰਨ, ਪੂਰਣਤਾ ਨਾਲ ਭਰੀ ਪਈ ਹੈ, ਦੇਖਣ ਤੇ ਅਨੁਭਵ ਕਰਨ ਦਾ ਫਲ ਵੀ ਸਿਖ ਸੁਰਤਿ ਤੇ ਇਹ ਹੋਵੇ ਕਿ 'ਸਭ ਤੇ ਵਡਾ ਸਤਿਗੁਰੁ ਨਾਨਕ ਜਿਨਿ ਕਲ ਰਾਖੀ ਮੇਰੀ'। ਤੇ ਇਕ ਖਿਚ ਇਕ ਪਯਾਰ ਉਨ੍ਹਾਂ ਦੇ ਚਰਨਾ ਨਾਲ ਪਵੇ ਤੇ ਦਿਲ ਧਵਕੇ, ਨੈਣ ਸਜਲ ਹੋਣ,

ਹੋਠ ਕੰਬਣ ਤੇ ਨਾਮ ਸਿਮਰਨ ਦਾ ਉਚਾ ਜੀਵਨ ਸਿਖਾਂ ਵਿਚ ਮੁੜ ਆਵੇ ਤੇ ਉਹ ਸਤਿਗੁਰੂ ਜੀ ਦੇ ਆਦਰਸ਼ ਦੀਆਂ ਜੋਤਾਂ ਵਾਂਗ ਉਚਾਈਆਂ ਹੋਣ......।"[10] ਭਾਈ ਵੀਰ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਦੇਸ਼ ਨੂੰ ਗ੍ਰਹਿਣ ਕੀਤਾ, ਉਸ ਦੇ ਅਧਿਆਤਮਕ ਪ੍ਰਭਾਉ ਨੂੰ ਆਪਣੇ ਅੰਦਰ ਜਜ਼ਬ ਕੀਤਾ, ਉਸ ਜਜ਼ਬਾਤੀ ਰੰਗ ਨੂੰ ਆਪਣੀ ਰੂਹਾਨੀਅਤ ਵਿਚ ਢਾਲ ਕੇ ਇਕ ਮਿਕ ਕੀਤਾ। ਇਸ ਕਰਕੇ ਉਹਨਾਂ ਦੀ ਕਵਿਤਾ ਵਿਚੋਂ ਵੀ ਗੁਰਬਾਣੀ ਆਸ਼ੇ ਦੀ ਵਿਆਖਿਆ ਹੋ ਰਹੀ ਹੈ।[11] ਵਿਆਖਿਆਕਾਰੀ ਦੇ ਖੇਤਰ ਵਿਚ ਪੰਜ ਗ੍ਰੰਥੀ ਸਟੀਕ ਅਤੇ ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ (ਸੋਰਠ ਰਾਗ ਤੱਕ) ਹੀ ਕੀਤੀ। ਜਿਸ ਨੂੰ ਬਾਅਦ ਵਿਚ ਆਪ ਜੀ ਦੇ ਛੋਟੇ ਭਰਾ ਡਾ. ਬਲਵੀਰ ਸਿੰਘ ਜੀ ਨੇ ਛਪਾਇਆ।

**ਗੁਰਬਾਣੀ ਵਿਆਖਿਆਕਾਰੀ**

ਗੁਰਬਾਣੀ ਵਿਆਖਿਆਕਾਰੀ ਦੇ ਖੇਤਰ ਵਿਚ ਭਾਈ ਵੀਰ ਸਿੰਘ ਜੀ ਦਾ ਅੰਤਿਮ ਕਾਰਜ ਸੰਥਯਾ[12] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ, ਜੋ ਸੋਰਠ ਰਾਗ ਤੱਕ ਹੀ ਕਰ ਸਕੇ ਇਸ ਕਾਰਜ ਦੌਰਾਨ ਅਕਾਲ ਪੁਰਖ ਵਲੋਂ ਸੱਦਾ ਆਉਣ ਕਾਰਨ ਅਕਾਲ ਚਲਾਣਾ ਕਰ ਗਏ। ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਕੋਸ਼, ਜਿਸ ਦੀ ਰਚਨਾ ਆਪ ਜੀ ਦੇ ਨਾਨਾ ਗਿਆਨੀ ਹਜ਼ਾਰਾ ਸਿੰਘ ਜੀ ਨੇ ਕੀਤੀ ਸੀ, ਜਿਸ ਨੂੰ ਪਹਿਲੀ ਵਾਰ ਖ਼ਾਲਸਾ ਟ੍ਰੈਕਟ ਸੁਸਾਇਟੀ ਨੇ 1898 ਈਸਵੀ ਵਿਚ ਛਾਪਿਆ ਸੀ, ਨੂੰ ਦੁਬਾਰਾ ਆਪ ਜੀ ਨੇ 1920 ਈਸਵੀ ਵਿਚ ਆਰੰਭ ਕਰਕੇ 1927 ਈਸਵੀ ਤਕ ਇਸ ਕੋਸ਼ ਨੂੰ ਨਵੇਂ ਸੰਚੇ ਵਿਚ ਢਾਲ ਕੇ ਸਿਰੇ ਚਾੜ੍ਹਿਆ। (ਇਸ ਕੋਸ਼ ਦੀ ਪਹਿਲੀ ਐਡੀਸ਼ਨ ਜੋ ਗਿਆਨੀ ਹਜਾਰਾ ਸਿੰਘ ਜੀ ਨੇ ਤਿਆਰ ਕੀਤੀ ਸੀ ਦੇ 480 ਪੰਨੇ ਸਨ ਪਰ ਬਾਅਦ ਵਿਚ ਭਾਈ ਵੀਰ ਸਿੰਘ ਜੀ ਨੇ ਵਾਧੇ ਕਰਕੇ ਇਸ ਦਾ ਆਕਾਰ ਵਧਾ ਦਿਤਾ। ਜਿਸ ਕਾਰਣ ਇਹ ਕੋਸ਼ 1420 ਪੰਨਿਆਂ ਦੇ ਆਕਾਰ ਦਾ ਹੋ ਗਿਆ)।[13] ਕੋਸ਼ ਦੇ ਪਦਾਂ ਦੇ ਅਰਥ ਕਰਦਿਆਂ ਭਾਈ ਵੀਰ ਜੀ ਦਿਆਨਤਦਾਰੀ ਵਰਤਦਿਆਂ ਗੁਰਬਾਣੀ ਅਨੁਸਾਰ ਹੀ ਅਰਥ ਵਿਸਤਾਰ ਕਰਦੇ ਹਨ।[14] ਗੁਰਬਾਣੀ ਵਿਆਖਿਆਕਾਰੀ ਦੇ ਖੇਤਰ ਵਿਚ ਪਹਿਲਾ ਕੋਸ਼ ਹੋਣ ਕਾਰਣ ਇਸ ਕੋਸ਼ ਦੀ ਸਿੱਖ ਧਰਮ ਵਿਚ ਮਹਾਨਤਾ ਉਲੇਖਨੀਯ ਹੈ। ਭਾਈ

ਵੀਰ ਸਿੰਘ ਜੀ ਰਹੱਸਵਾਦੀ ਕਵੀ ਵੀ ਸਨ ਅਤੇ ਵਿਆਖਿਆਕਾਰ ਵੀ। ਉਨ੍ਹਾਂ ਦੀ ਵਿਆਖਿਆਕਾਰੀ ਵਿਚੋਂ ਗੁਰਮਤਿ ਦੀ ਰੌਸ਼ਨੀ, ਗੁਰਮਤਿ ਦੇ ਸਿਧਾਂਤਾਂ ਦਾ ਝਲਕਾਰਾ ਸਹਿਜੇ ਹੀ ਪ੍ਰਤੀਤ ਹੁੰਦਾ ਹੈ। ਉਨ੍ਹਾਂ ਦੀ ਵਿਆਖਿਆ ਕੇਵਲ ਬੁੱਧੀ ਤਲ ਦਾ ਪ੍ਰਗਟਾਵਾ ਹੀ ਨਹੀ ਬਲਕਿ ਉਸ ਅਗੰਮੀ ਖੇਡ ਦੇ ਅਨੁਭਵੀ ਗਿਆਨ ਨੂੰ ਮਹਿਸੂਸ ਕਰਦਿਆਂ ਆਪਣੀ ਕਲਾਤਮਕ ਕਲਮ ਰਾਹੀਂ ਵਿਆਖਿਆਕਾਰੀ ਨੂੰ ਜਨ ਸਾਧਾਰਨ ਦੀ ਚੇਤਨਾ ਦਾ ਹਿਸਾ ਵੀ ਬਣਾਇਆ। ਡਾ. ਤਾਰਨ ਸਿੰਘ ਅਨੁਸਾਰ-ਸਿੱਖ ਪੰਥ ਵਿਚ ਅਨੁਭਵ ਵਾਲੇ ਸੰਤ ਮਹਾਤਮਾ ਬਹੁਤ ਹੋਏ ਹਨ ਪਰ ਉਨ੍ਹਾਂ ਟੀਕੇ ਸਿਧਾਂਤ ਆਦਿ ਨਹੀਂ ਲਿਖੇ। ਬਹੁਤੇ ਵਿਦਵਾਨ ਜਿਨ੍ਹਾਂ ਟੀਕੇ ਲਿਖੇ ਹਨ ਵਿਦਵਾਨ ਸਨ, ਅਨੁਭਵੀ ਨਹੀਂ ਸਨ, ਉਹ ਉਸ ਸਾਧਨਾ ਵਿਚੋਂ ਆਪ ਨਹੀਂ ਲੰਘੇ ਜਿਸ ਵੱਲ ਉਪਰ ਗੁਰਬਾਣੀ ਦੇ ਸੰਕੇਤ ਦਿਤੇ ਹਨ। ਭਾਈ ਵੀਰ ਸਿੰਘ ਵਿਦਵਾਨ ਵੀ ਸਨ ਅਤੇ ਅਭਿਆਸੀ ਵੀ। ਇਸ ਲਈ ਕਿਸੇ ਹਦ ਤੀਕ ਉਨ੍ਹਾਂ ਨੂੰ ਸ਼ਬਦ ਦੀ ਗਮਤਾ ਪ੍ਰਾਪਤ ਸੀ। ਰਹੱਸਵਾਦੀ ਕਵੀ ਅਤੇ ਸਾਹਿਤਕਾਰ ਹੋਣ ਕਰਕੇ ਵੀ ਉਨ੍ਹਾਂ ਦਾ ਅਨੁਭਵ ਉਚੇਰਾ ਸੀ।[15] ਵਿਆਖਿਆਕਾਰੀ ਦੀ ਅਧਿਐਨ ਵਿਧੀ ਨੂੰ ਭਾਈ ਵੀਰ ਸਿੰਘ ਜੀ 'ਸੰਥਯਾ' ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਭੂਮਿਕਾ ਵਿਚ ਸਪਸ਼ਟ ਕਰਦੇ ਹਨ ਕਿ ਇਸ ਟੀਕੇ ਵਿਚ ਅਸੀਂ ਕਿਸੇ ਇਕ ਪੱਖ ਦੀ ਨਿਜੀ ਖਿਚੋਤਾਣ ਨਹੀਂ ਕੀਤੀ, ਜੋ ਬਾਣੀ ਦੇ ਅੱਖਰ ਦਿਆਨਤਦਾਰੀ ਨਾਲ ਰਸਤਾ ਦਿੰਦੇ ਹਨ, ਤੇ ਜੋ ਨਿਜ ਮਨ ਨੂੰ ਗੁਰੂ ਆਸ਼ਾ ਨਿਸ਼ਚੈ ਹੋਇਆ ਉਹ ਲਿਖਿਆ ਹੈ ਤੇ ਮੁਸ਼ਕਲਾਂ ਵੇਲੇ ਅਰਦਾਸ ਕਰਕੇ ਰਹਿਨੁਮਾਈ ਦੀ ਯਾਚਨਾ ਕੀਤੀ ਹੈ।[16] ਭਾਈ ਸਾਹਿਬ ਜੀ ਨੇ ਗੁਰਬਾਣੀ ਵਿਆਖਿਆਕਾਰੀ ਦੀ ਸ਼ੁਰੂਆਤ 1893 ਈਸਵੀ ਵਿਚ ਖ਼ਾਲਸਾ ਟ੍ਰੈਕਟ ਸੁਸਾਇਟੀ ਰਾਹੀਂ ਕੀਤੀ ਜਿਸ ਵਿਚ ਗੁਰਬਾਣੀ ਵਿਆਖਿਆ ਨੂੰ ਟ੍ਰੈਕਟ ਰੂਪ ਵਿਚ ਸੰਗਤਾਂ ਤੱਕ ਪਹੁੰਚਾਇਆ ਗਿਆ। ਖ਼ਾਲਸਾ ਟ੍ਰੈਕਟ ਸੁਸਾਇਟੀ ਵਲੋਂ ਨਿਮਨ-ਲਿਖਤ ਟੀਕੇ ਪ੍ਰਕਾਸ਼ਿਤ ਕੀਤੇ ਗਏ: ਫੁਨਹੇ ਮ : 5 ਸਟੀਕ, ਜੈਤਸਰੀ ਦੀ ਵਾਰ ਸਟੀਕ, ਗਾਥਾ ਸਟੀਕ, ਭਗਤ ਕਬੀਰ ਬਾਣੀ ਸਟੀਕ, ਬਾਣੀ ਸ਼ੇਖ ਫਰੀਦ ਸਟੀਕ, ਵਾਰ ਮਾਰੂ ਡਖਣੇ ਸਟੀਕ (1907) ਆਦਿ। ਅਤੇ ਇਸ ਤੋਂ ਉਪਰੰਤ ਗੁਰਬਾਣੀ ਵਿਆਖਿਆਕਾਰੀ ਨੂੰ ਘਰ-ਘਰ ਪਹੁੰਚਾਣ ਲਈ

ਹਫ਼ਤਾਵਾਰੀ ਖ਼ਾਲਸਾ ਸਮਾਚਾਰ ਜਾਰੀ ਕੀਤਾ। ਭਾਈ ਵੀਰ ਸਿੰਘ ਜੀ ਖ਼ਾਲਸਾ ਸਮਾਚਾਰ ਵਿਚ ਪ੍ਰਕਾਸ਼ਿਤ ਗੁਰਬਾਣੀ ਦੀ ਵਿਆਖਿਆ ਬਾਰੇ, ਖ਼ਾਲਸਾ ਸਮਾਚਾਰ ਦੇ ਅੰਕ ਵਿਚ ਹੀ ਗੁਰਬਾਣੀ ਦੇ ਸਤਿਕਾਰ ਵਜੋਂ ਜੋ ਸ਼ਬਦ ਲਿਖਦੇ ਹਨ ਉਹ ਉਸ ਨੂੰ ਵੇਖਕੇ ਉਨ੍ਹਾਂ ਦੀ ਗੁਰਬਾਣੀ ਬਾਰੇ ਸ਼ਰਧਾ ਅਤੇ ਪਿਆਰ ਦਾ ਝਲਕਾਰਾ ਵੀ ਪ੍ਰਤੀਤ ਹੁੰਦਾ ਹੈ।

"ਬਾਣੀਆਂ ਦੇ ਟੀਕੇ ਜੋ ਖਾਲਸਾ ਸਮਾਚਾਰ ਵਿਚ ਨਿਕਲ ਚੁਕੇ ਹਨ, ਅਰ ਨਿਕਲ ਰਹੇ ਹਨ। ਇਨ੍ਹਾਂ ਦਾ ਇਹ ਭਾਵ ਨਹੀਂ ਕਿ ਸਮਾਚਾਰ ਟੀਕਾ ਕਰਕੇ ਆਪ ਦੇ ਦ੍ਰਿਸ਼ਟੀਗੋਚਰ ਕਰ ਛਡੇ, ਤੇ ਆਪ ਪੜ੍ਹਕੇ ਕੇਵਲ ਇਹ ਕਹਿ ਕੇ 'ਜੋ ਟੀਕਾ ਚੰਗਾ ਕੀਤਾ ਹੈ' ਪਰਚਾ ਸੁਟ ਪਾਵੋ। ਨਹੀਂ ਪਯਾਰੇ ਪਾਠਕ ਜੀ! ਇਹ ਸਤ ਉਪਦੇਸ਼ ਹਨ। ਜੋ ਗੁਰੂ ਬਾਣੀ ਦੇ ਟੀਕੇ ਦ੍ਵਾਰੇ ਸੌਖੇ ਢੰਗ ਨਾਲ ਪ੍ਰਗਟ ਕਰੀਦੇ ਹਨ। ਇਨ੍ਹਾਂ ਨੂੰ ਸਦੀਵ ਧਾਰਨ ਪਰ ਤਤਪਰ ਹੋਣਾ ਚਾਹੀਦਾ ਹੈ। ਅਗਲੇ ਪਰਚੇ ਵਿਚ ਅਸੀਂ ਹੋਰ ਬਾਣੀ ਦਾ ਟੀਕਾ ਅਰੰਭਾਂਗੇ।"[17] ਸਿੰਘ ਸਭਾਈ ਪ੍ਰਣਾਲੀ ਵਿਚ ਸ਼ਬਦ ਦੇ ਪਦ-ਅਰਥ ਅਤੇ ਭਾਵ-ਅਰਥ ਦੇਣ ਦੀ ਪਰਿਪਾਟੀ ਪੂਰਨ ਤੌਰ 'ਤੇ ਵਿਕਸਿਤ ਹੋ ਚੁੱਕੀ ਸੀ। ਪਰ ਇਥੇ ਇਹ ਪਰਿਪਾਟੀ ਉਸ ਸਮੇਂ ਹੋਰ ਅਗਾਂਹ ਚਲੀ ਜਾਂਦੀ ਹੈ, ਜਦੋਂ ਸ਼ਬਦ ਦਾ ਅੰਤ੍ਰੀਵ ਅਰਥ ਅਤੇ ਉਪਦੇਸ਼ ਦੇ ਕੇ ਜਿਗਿਆਸੂ ਨੂੰ ਸ਼ਬਦ ਦੀ ਅਧਿਆਤਮਕ ਸਿਧੀ ਤਕ ਪਹੁੰਚਾਉਣ ਦਾ ਯਤਨ ਕੀਤਾ ਗਿਆ ਹੈ। ਭਾਈ ਵੀਰ ਸਿੰਘ ਦੀ ਸ਼ਬਦ ਨੂੰ ਵਿਆਖਿਆਉਣ ਦੀ ਇਹ ਵਿਧੀ ਸਮੁਚੀ ਸਿੰਘ ਸਭਾਈ ਪ੍ਰਣਾਲੀ ਨਾਲੋਂ ਨਵੇਕਲੀ ਕਹੀ ਜਾ ਸਕਦੀ ਹੈ। ਖ਼ਾਲਸਾ ਸਮਾਚਾਰ ਦੇ ਵਖ-ਵਖ ਅੰਕਾਂ ਵਿਚ ਲੜੀਵਾਰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼' ਸਿਰਲੇਖ ਹੇਠ ਮੂਲ ਸ਼ਬਦਾਂ ਦੀ ਵਿਆਖਿਆ ਪਦ-ਅਰਥ, ਤੁਕ-ਅਰਥ, ਭਾਵ-ਅਰਥ, ਅੰਤ੍ਰੀਵ-ਅਰਥ ਅਤੇ ਉਪਦੇਸ਼ ਆਦਿ ਉਪ-ਸਿਰਲੇਖਾਂ ਦੁਆਰਾ ਹੀ ਕੀਤੀ ਮਿਲਦੀ ਹੈ। ਖ਼ਾਲਸਾ ਸਮਾਚਾਰ, 26 ਮਾਰਚ 1902, ਪੰਨਾ-3 ; ਵੰਨਗੀ ਵਜੋਂ ਮਾਰੂ ਵਾਰ ਮ : 5 ਵਿਚਲੇ ਇਕ ਸਲੋਕ ਦੀ ਵਿਆਖਿਆ ਵਿਚੋਂ ਉਪਰੋਕਤ ਸਾਰੇ ਪੱਖਾਂ ਦੇ ਦਰਸ਼ਨ ਹੁੰਦੇ ਹਨ

ਮੂਲ ਪਾਠ - ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ।

ਨੈਣ ਮਹਿੰਜੇ ਤਰਸਦੇ ਕਦਿ ਪਸਿ ਦੀਦਾਰ॥1॥

(ਪਦਾਰਥ)- (ਚਉ= ਕਹੁ। ਮੈਡਿਆ= ਮੇਰਿਆ। ਡੇਈ= ਦੇਵਾਂ। ਸਿਸੁ= ਸਿਰ। ਮਹਿੰਜੇ=ਮੇਰੇ।ਪਸੀ=ਦੇਖਾਂ)

(ਤੁਕਾਰਥ)- ਹੇ ਮੇਰਿਆ ਸੱਜਣਾ ! ਤੂੰ ਕਹੁ (ਤਾਂ ਮੈਂ) ਸਿਰ (ਬੀ) ਲਾਹ ਕੇ ਦੇਵਾਂ, ਮੇਰੇ ਨੈਣ ਤਰਸਦੇ ਹਨ ਕਿ ਕਦ ਤੇਰਾ ਦਰਸਨ ਦੇਖਾਂ।

(ਭਾਵਾਰਥ)- ਸ੍ਰੀ ਗੁਰੂ ਅਰਜਨ ਦੇਵ ਜੀ ਅਪਨੇ ਪਯਾਰੇ ਅਕਾਲ ਪੁਰਖ ਦੇ ਪ੍ਰੇਮ ਵਿਚ ਮਗਨ ਇਹ ਬਿਨਯ ਕਰਦੇ ਹਨ, ਕਿ ਹੇ ਮੇਰੇ ਸਜਣ ਇਹ ਸਿਰ ਬੀ ਤੇਰੇ ਚਰਨਾਂ ਵਿਚ ਹਾਜ਼ਰ ਹੈ..............,ਇਕ ਵੇਰੀ ਤੂੰ ਆਪਨੇ ਮੁਖਾਰਬਿੰਦ ਥੀਂ ਉਚਾਰਨ ਕਰ ਸਹੀ।

(ਅੰਤਰੀਵ-ਅਰਥ) ਅਕਾਲ ਪੁਰਖ ਨਿਰਾਕਾਰ ਹੈ, ਉਸਦੇ ਦਰਸ਼ਨ ਤੋਂ ਭਾਵ ਉਸਦੀ ਪ੍ਰਾਪਤੀ ਹੈ, ਨੈਣ ਤਰਸਣ ਤੋਂ ਅਪਨੇ ਵੈਰਾਗ ਮੂਰਤ ਪ੍ਰੇਮ ਦਾ ਮਤਲਬ ਹੈ, ਸਿਰ ਉਤਾਰਨ ਦਾ ਭਾਵ ਹਉਮੈ ਦੂਰ ਕਰਨੇ ਦਾ ਹੈ, ਤੂੰ ਕਹੁ ਤੋਂ ਤਾਤ ਪਰਜ ਹੈ ਕਿ ਮੇਰੇ ਅੰਤ੍ਰੀਵ ਆਤਮਾ ਵਿਚ ਇਹ ਨਿਸਚੇ ਬਿਠਾ ਦੇਹ ਕਿ ਸਥੂਲ ਸੂਖਮ ਹਉਮੈ ਦਾ ਤਿਆਗ ਕਰਨੇ ਤੇ ਹੀ ਤੇਰੀ ਪ੍ਰਾਪਤੀ ਹੈ।........ਹੇ ਪਯਾਰੇ ਹੁਣ ਅਡੋਲ ਨਿਸਚਾ ਬਖਸ਼ ਤਾਂ ਜੋ ਅਪਨਾ ਆਪ ਮਰਹੀ ਜਾਵੇ। ਤਾਕੇ ਤੇਰਾ ਅੰਤਰ ਰਹਤ ਮੇਲ ਪ੍ਰਾਪਤ ਹੋਵੇ।

(ਉਪਦੇਸ਼) ਸਾਧਨਾ ਦੀ ਸਿਧੀ ਪਰ ਪਹੁੰਚਣ ਵਾਲੇ ਜਗਯਾਸੂ ਨੂੰ ਉਪਦੇਸ਼ ਹੈ ਕਿ ਦੋਖੀ ਹਉਮੈ ਦਾ ਮੋਹ ਜਾਂ ਜੀਉਂਦੇ ਮਰਨ ਦਾ ਭੈ ਤੈਨੂੰ ਪੂਰਨਗਤੀ ਤੋਂ ਡੇਗ ਦੇਵੇ, ਇਸ ਲਈ ਤਕੜਾ ਹੋ ਕਿਉਂਕਿ ਅਪਨਾ ਆਪ ਮਾਰੇ ਬਿਨ ਪਤੀ ਦੀ ਪ੍ਰਾਪਤੀ ਨਹੀਂ ਹੋ ਸਕਦੀ। ਤੇ ਅਪਣੇ ਆਪ ਦਾ ਮਾਰਨਾ ਹੀ ਕਠਿਨ ਹੈ 'ਜੀਵਤ ਮਰੈ ਮਰੈ ਫੁਨ ਜੀਵੈ'।

ਖ਼ਾਲਸਾ ਸਮਾਚਾਰ ਵਿਚ ਵਖ-ਵਖ ਸਮੇ ਛਪੇ ਟੀਕਿਆਂ ਦਾ ਵੇਰਵਾ 1925 ਈ. ਤਕ ਦੇ ਅੰਕਾਂ ਵਿਚ ਬਾਣੀਆਂ ਦਾ ਲੜੀਵਾਰ ਪ੍ਰਕਾਸ਼ਿਤ ਹੋਇਆ ਸਟੀਕ ਹੇਠ ਅਨੁਸਾਰ ਹੈ : ਸਲੋਕ ਸਹਸਕ੍ਰਿਤੀ ਮ.1 (11 ਦਸੰਬਰ 1899 ਤੋਂ 7 ਅਗਸਤ 1901 ਦੇ ਅੰਕਾਂ ਤਕ), ਗਾਥਾ ਮ.1 (14 ਅਗਸਤ 1901 ਤੋਂ 12 ਮਾਰਚ 1902 ਦੇ ਅੰਕਾਂ ਤਕ), ਮਾਰੂ ਡਖਣੇ (26 ਮਾਰਚ 1902 ਤੋਂ 27 ਅਪ੍ਰੈਲ 1904 ਦੇ ਅੰਕਾਂ ਤਕ), ਲਾਵਾਂ (ਸੂਹੀ ਮ.4) 11 ਮਈ 1904 ਦੇ ਅੰਕ ਤੋਂ 15 ਜੂਨ 1904 ਤਕ, ਫੁਨਹੇ ਮ.1 (29 ਜੂਨ 1904 ਤੋਂ 4 ਜਨਵਰੀ 1905 ਦੇ ਅੰਕਾਂ ਤੱਕ), ਮਾਝ ਕੀ ਵਾਰ ਮ.1 (1 ਫਰਵਰੀ 1905 ਤੋਂ 15 ਮਈ 1907 ਦੇ ਅੰਕਾਂ ਤਕ), ਬਿਲਾਵਲ ਕੀ ਵਾਰ ਮ. 3 (22 ਮਈ 1907 ਪੰਨਾ 4 ਤੋਂ 11 ਮਾਰਚ 1908 ਦੇ ਅੰਕਾਂ ਤਕ), ਰਾਗ ਬੈਰਾੜੀ (6 ਮਈ 1908 ਤੋਂ 1 ਜੁਲਾਈ 1908 ਪੰਨਾ 4 ਦੇ ਅੰਕ ਤਕ), ਬਾਰਾਮਾਹਾਂ ਮਾਝ ਮ. 5 (8 ਜੁਲਾਈ 1908 ਤੋਂ 18 ਦਸੰਬਰ 1908 ਦੇ ਅੰਕਾਂ ਤਕ), ਬਾਰਾਮਾਂਹ ਤੁਖਾਰੀ ਮ. 1 (2 ਦਸੰਬਰ 1908 ਤੋਂ 6 ਮਈ 1909 ਦੇ ਅੰਕਾਂ ਤਕ),. ਆਸਾ ਦੀ ਵਾਰ (24 ਜੂਨ 1909 ਤੋਂ 12 ਅਕਤੂਬਰ 1911 ਦੇ ਅੰਕਾਂ ਤਕ), ਰਾਮਕਲੀ ਅਨੰਦ (16 ਨਵੰਬਰ 1911 ਤੋਂ 19 ਦਸੰਬਰ 1912 ਦੇ ਅੰਕਾਂ ਤਕ ),. ਦਖਣੀ ਓਅੰਕਾਰ (2 ਜਨਵਰੀ 1912 ਤੋਂ 21 ਸਤੰਬਰ 1916 ਦੇ ਅੰਕਾਂ ਤੱਕ) ਜਿਸ ਦੀ ਵਿਆਖਿਆ 'ਸ੍ਰੀ ਗੁਰੂ ਨਾਨਕ ਦੇਵ ਤੇ ਗੋਪਾਲ ਪਾਂਡੇ ਦੀ ਗੋਸਟ' ਦੇ ਸਿਰਲੇਖ ਹੇਠ ਸੰਵਾਦ ਵਿਧੀ ਰਾਹੀਂ ਕੀਤੀ ਗਈ। ਕੁਝ ਸਮਾਂ ਇਹ ਕਾਲਮ ਛਪਣੋ ਬੰਦ ਰਿਹਾ, ਸਿਧ ਗੋਸਟਿ (12 ਜੂਨ 1919 ਤੋਂ 2 ਅਗਸਤ 1923 ਦੇ ਅੰਕਾਂ ਤੱਕ), ਸਵਯੇ ਸ੍ਰੀ ਮੁਖ ਵਾਕਯ ਮਹਲਾ 5 (16 ਅਗਸਤ 1923 ਤੋਂ 19 ਜੂਨ 1924 ਦੇ ਅੰਕਾਂ ਤਕ), ਸਵਯੇ ਮਹਲੇ ਪਹਿਲੇ ਕੇ (26 ਜੂਨ 1924 ਤੋਂ 4 ਸਤੰਬਰ 1924 ਦੇ ਅੰਕਾਂ ਤੱਕ), ਸਵਯੇ ਮਹਲੇ ਦੂਜੇ ਕੇ (11 ਸਤੰਬਰ 1924 ਤੋਂ 11 ਦਸੰਬਰ 1923 ਦੇ ਅੰਕਾਂ ਤਕ), ਸਵਯੇ ਮਹਲੇ ਤੀਜੇ ਕੇ (18 ਦਸੰਬਰ 1925 ਤੋਂ 25 ਜੂਨ 1925 ਦੇ ਅੰਕਾਂ ਤਕ)।

ਭਾਈ ਸਾਹਿਬ ਦੁਆਰਾ ਕੀਤੀ ਗੁਰਬਾਣੀ ਵਿਆਖਿਆਕਾਰੀ ਦੇ ਅਧਿਐਨ ਤੋਂ ਬਾਅਦ ਇਹ ਗੱਲ ਭਲੀ ਭਾਂਤ ਸਪੱਸ਼ਟ ਹੋ ਜਾਂਦੀ ਹੈ ਕਿ ਭਾਈ ਸਾਹਿਬ ਨੂੰ ਜਿਥੇ ਗੁਰਬਾਣੀ ਵਿਚਲੇ ਰਹੱਸ ਦਾ ਅਨੁਭਵ ਸੀ

ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਇਤਿਹਾਸ ਦੀ ਤਰਜਮਾਨੀ ਕਰਦੇ ਗ੍ਰੰਥ ਸ੍ਰੀ ਦਸਮ ਗ੍ਰੰਥ ਸਾਹਿਬ, ਵਾਰਾਂ ਭਾਈ ਗੁਰਦਾਸ ਜੀ, ਗੁਰ ਬਿਲਾਸ, ਸੂਰਜ ਪ੍ਰਕਾਸ਼, ਬੰਸਾਵਲੀਨਾਮਾ, ਪੰਥ ਪ੍ਰਕਾਸ਼ ਆਦਿ ਗ੍ਰੰਥਾਂ ਦਾ ਸਾਹਿਤਕ ਅਧਿਐਨ ਅਤੇ ਗੁਰਬਾਣੀ ਦੀ ਕਸੌਟੀ ਉਤੇ ਉਨ੍ਹਾਂ ਵਿਚਲੇ ਪ੍ਰਸੰਗ ਨੂੰ ਪਰਖਣ ਵਾਲੀ ਤੀਖਣ ਬੁੱਧੀ ਦੇ ਮਾਲਕ ਵੀ ਸਨ। ਗੁਰਬਾਣੀ ਦੀ ਵਿਆਖਿਆ ਕਰਦਿਆਂ ਉਨ੍ਹਾਂ ਨੇ ਗੁਰਬਾਣੀ ਦੇ ਕਾਵਿ ਨਿਯਮਾਂ[18] ਨੂੰ ਵੀ ਨਾਲ-ਨਾਲ ਸਮਝਾਉਣ ਦਾ ਯਤਨ ਕੀਤਾ ਉਥੇ ਗੁਰਬਾਣੀ ਦੀ ਦਾਰਸ਼ਨਿਕ[19] ਵਿਚਾਰ ਨੂੰ ਵੀ ਉਨ੍ਹਾਂ ਪੇਸ਼ ਕੀਤਾ। ਇਸ ਤੋਂ ਇਲਾਵਾ ਕਿਸੇ ਪੱਖ ਨੂੰ ਸਪੱਸ਼ਟ ਕਰਨ ਹਿਤ ਵੇਦਾਂ ਅਤੇ ਪੁਰਾਣਾਂ ਵਿਚੋਂ ਵੀ ਟੂਕਾਂ ਖੰਡਣ ਅਤੇ ਮੰਡਣ ਕਰਨ ਲਈ ਵਰਤਦੇ ਹਨ। ਭਾਈ ਸਾਹਿਬ ਗੁਰਬਾਣੀ ਦੀ ਵਿਆਖਿਆ ਕਰਦਿਆਂ ਬੇਸ਼ਕ ਵੇਦਿਕ ਸਾਹਿਤ ਵਿਚੋਂ ਟੂਕਾਂ ਦੇਂਦੇ ਹਨ ਪਰ ਉਸ ਨੂੰ ਗੁਰਬਾਣੀ ਉਪਰ ਹਾਵੀ ਨਹੀਂ ਹੋਣ ਦਿੰਦੇ ਬਲਕਿ ਗੁਰਬਾਣੀ ਨੂੰ ਹੀ ਸ੍ਰੇਸ਼ਟ ਸਿੱਧ ਕਰਦੇ ਹੋਏ ਠੇਠ ਪੰਜਾਬੀ ਭਾਸ਼ਾ ਦੀ ਵਰਤੋਂ ਕਰਦੇ ਹਨ ਜੋ ਕਿ ਪਹਿਲੇ ਵਿਆਖਿਆਕਾਰ ਨਹੀਂ ਕਰਦੇ ਸਨ। ਉਨ੍ਹਾਂ ਦੁਆਰਾ ਗੁਰਬਾਣੀ ਵਿਆਖਿਆ ਕਰਦਿਆਂ ਜੋ ਨਿਯਮ ਵਰਤੇ ਹਨ ਉਨ੍ਹਾਂ ਵਿਚੋਂ ਪ੍ਰਮੁੱਖ ਰੂਪ ਵਿਚ ਚਾਰ ਹੀ ਪੱਖ ਹਨ ਸਭ ਤੋਂ ਪਹਿਲਾਂ ਪ੍ਰਾਕਥਨ ਪਿਛਲੇ ਸ਼ਬਦ ਨੂੰ ਜੋੜਨ ਵਾਸਤੇ ਉਪਰੰਤ ਮੂਲ ਪਾਠ ਅਤੇ ਅਰਥ ਕਰਦੇ ਹਨ। ਅਰਥਾਂ ਤੋਂ ਉਪਰੰਤ ਵਿਆਖਿਆ ਪੇਸ਼ ਕਰਦੇ ਹਨ ਤੇ ਅਖੀਰ ਵਿਚ ਨਿਰੁਕਤ ਦਿੰਦੇ ਹਨ। ਇਸ ਤੋਂ ਇਲਾਵਾ ਕੁਝ ਹੋਰ ਵੀ ਰੂਪ/ਸਿਧਾਂਤ/ਲੱਛਣ ਦ੍ਰਿਸਟੀਗੋਚਰ ਹੁੰਦੇ ਹਨ। ਸਮੁੱਚੇ ਰੂਪ ਵਿਚ ਉਨ੍ਹਾਂ ਦੀ ਵਿਆਖਿਆਕਾਰੀ ਦੇ ਜੋ ਵੀ ਰੂਪ ਹਨ ਉਹ ਨਿਮਨ ਪ੍ਰਕਾਰ ਹੈ-

1 ਪ੍ਰਾਕਥਨ

2 ਮੂਲ ਤੇ ਅਰਥ/ਅੰਤਰੀਵ ਅਰਥ/ਭਾਵ ਅਰਥ

3 ਵਿਆਖਿਆ

4 ਨਿਰੁਕਤ

5 ਤੁਲਨਾਤਮਕ ਵਿਆਖਿਆ

6 ਗੁਰਮਤਿ ਸਿਧਾਂਤ

7 ਸਾਧਨ ਪੱਖ

8 ਪੰਜਾਬੀ ਭਾਸ਼ਾ ਦੀ ਵਰਤੋਂ

9 ਵੇਦ ਅਤੇ ਹੋਰ ਧਾਰਮਿਕ ਗ੍ਰੰਥਾਂ ਵਿਚੋਂ ਹਵਾਲੇ

**1 ਪ੍ਰਾਕਥਨ-**

ਭਾਈ ਵੀਰ ਸਿੰਘ ਜੀ ਨੇ ਆਪਣੇ ਨਾਨਾ ਜੀ ਗਿਆਨੀ ਹਜਾਰਾ ਸਿੰਘ ਜੀ ਪਾਸੋਂ ਗੁਰਬਾਣੀ ਅਤੇ ਗੁਰਮਤਿ ਦੀ ਵਿਦਿਆ ਹਾਸਿਲ ਕੀਤੀ ਸੀ ਜੋ ਕਿ ਸੰਪ੍ਰਦਾਇ ਵਿਦਵਾਨ ਸਨ ਇਸ ਲਈ ਭਾਈ ਵੀਰ ਸਿੰਘ ਜੀ ਦੀ ਮੁਢਲੇ ਦੌਰ ਦੀ ਵਿਆਖਿਆਕਾਰੀ ਵਿਚ ਇਸ ਦਾ ਅਸਰ ਸਪੱਸ਼ਟ ਰੂਪ ਵਿਚ ਵੇਖਣ ਨੂੰ ਮਿਲਦਾ ਹੈ। ਪਰ ਸੰਥਯਾ ਵਰਗੇ ਵਡੇ ਕਾਰਜ ਨੂੰ ਕਰਦਿਆਂ ਉਨ੍ਹਾਂ ਨੇ ਗੁਰਬਾਣੀ ਵਿਆਖਿਆਕਾਰੀ ਦੀ ਨਵੀ ਵਿਧਾ ਤਿਆਰ ਕਰ ਦਿੱਤੀ ਜਿਸ ਨੂੰ ਸਿੰਘ ਸਭਾ ਦੀ ਵਿਆਆਕਾਰੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਉਹ ਗੁਰਬਾਣੀ ਦੀ ਵਿਆਖਿਆ ਕਰਦਿਆਂ ਇਕ ਤੁਕ ਜਾਂ ਇਕ ਸ਼ਬਦ ਨੂੰ ਹੀ ਨਹੀਂ ਬਲਕਿ ਪਿਛਲੇ ਪ੍ਰਸੰਗ ਨੂੰ ਵੀ ਨਾਲ ਜੋੜ ਕੇ ਵੇਖਦੇ ਹਨ ਕਿ ਪਿਛਲੇ ਸ਼ਬਦ ਵਿਚ ਕਿਹੜੇ-ਕਿਹੜੇ ਪੱਖ ਉਜਾਗਰ ਹੋਏ ਹਨ[20] ਅਤੇ ਇਸ ਸ਼ਬਦ ਵਿਚ ਕਿਸ ਪੱਖ ਨੂੰ ਵਿਚਾਰਿਆ ਜਾਣਾ ਹੈ।[21] ਇਨ੍ਹਾਂ ਤੋਂ ਪਹਿਲਾਂ ਅਤੇ ਬਾਅਦ ਵਿਚ ਪ੍ਰਾਕਥਨ ਦੀ ਜਗ੍ਹਾ ਉਥਾਨਕਾ ਸ਼ਬਦ ਨੂੰ ਵਰਤਿਆ ਜਾਂਦਾ ਸੀ ਅਤੇ ਵਰਤਿਆ ਵੀ ਜਾ ਰਿਹਾ ਹੈ। ਕਿਉਂਕਿ ਉਥਾਨਕਾ ਦਾ ਸਬੰਧ ਕੇਵਲ ਉਸ ਸ਼ਬਦ ਨਾਲ ਹੈ ਜਿਸ ਦੀ ਵਿਚਾਰ ਕਰਨੀ ਹੈ ਪਰ ਪ੍ਰਾਕਥਨ ਦਾ ਘੇਰਾ ਉਥਾਨਕਾ ਤੋਂ ਵਧੇਰਾ ਜਾਪਦਾ ਹੈ ਕਿਉਂਕਿ ਇਸ ਵਿਚ ਜਿਥੇ ਸ਼ਬਦ ਦੇ ਪ੍ਰਸੰਗ ਨੂੰ ਪਿਛਲੇ ਸ਼ਬਦ ਨਾਲ ਜੋੜ ਕੇ ਸਬੰਧਤ ਗੁਰੂ ਸਾਹਿਬਾਨ/ਭਗਤ ਸਾਹਿਬਾਨ ਦੀ ਬਾਣੀ ਦੀ ਨਿਰੰਤਰਤਾ ਵਾਲਾ ਪੱਖ ਉਜਾਗਰ ਕੀਤਾ ਹੈ ਕਿ ਜਿਸ ਰਾਗ ਵਿਚ ਜਿਸ ਗੁਰੂ ਸਾਹਿਬਾਨ/ਭਗਤ ਸਾਹਿਬਾਨ ਦੀ ਬਾਣੀ ਹੈ ਦੀ ਨਿਰੰਤਰਤਾ ਹੈ। ਕੋਈ

ਇਕ ਤੁਕ ਜਾਂ ਸ਼ਬਦ ਹੀ ਸੰਪੂਰਣ ਵਿਆਖਿਆ ਨਹੀ ਹੈ। ਉਥੇ ਭਾਈ ਵੀਰ ਸਿੰਘ ਜੀ ਨੇ ਸਬੰਧਤ ਸ਼ਬਦ ਬਾਰੇ ਵੀ ਪ੍ਰਾਕਥਨ ਵਿਚ ਦਸਣ ਦਾ ਯਤਨ ਕੀਤਾ ਹੈ।

2 **ਮੂਲ ਅਤੇ ਅਰਥ/ਅੰਤਰੀਵ ਅਰਥ/ਭਾਵ ਅਰਥ-**

ਪ੍ਰਾਕਥਨ ਤੋਂ ਬਾਅਦ ਭਾਈ ਸਾਹਿਬ ਜੀ ਗੁਰਬਾਣੀ ਦਾ ਮੂਲ ਪਾਠ ਅਤੇ ਅਰਥ ਦਿੰਦੇ ਹਨ। ਇਹ ਮੂਲ ਪਾਠ ਅਤੇ ਅਰਥ ਦੇਣ ਦੀ ਪ੍ਰਕਿਰਿਆ ਪੋਥੀ ਦੇ ਹਰ-ਇਕ ਪੰਨੇ ਉਪਰ ਸਾਮਾਨ ਹੈ। ਉਹ ਇਕ ਪੰਨੇ ਦੇ ਸੱਜੇ ਪਾਸੇ ਮੂਲ ਪਾਠ ਅਤੇ ਉਸਦੇ ਨਾਲ ਹੀ ਖੱਬੇ ਪਾਸੇ ਅਰਥ ਕਰਦੇ ਹਨ। ਹਾਲਾਂਕਿ ਇਹ ਪ੍ਰਕਿਰਿਆ ਪ੍ਰਿ. ਤੇਜਾ ਸਿੰਘ ਜੀ ਦੇ ਸ਼ਬਦਾਰਥ ਨਾਲ ਰਲਦੀ ਮਿਲਦੀ ਪ੍ਰਤੀਤ ਹੁੰਦੀ ਹੈ ਪਰ ਹੈ ਨਹੀ, ਕਿਉਂਕਿ ਉਹ ਕਠਿਨ ਸ਼ਬਦਾਂ ਦੇ ਅਰਥ ਖੱਬੇ ਪੰਨੇ ਉਤੇ ਦਿੰਦੇ ਹਨ ਪਰ ਭਾਈ ਵੀਰ ਸਿੰਘ ਜੀ ਇਕੋ ਪੰਨੇ ਉਤੇ ਉਕਤ ਕਾਰਜ ਕਰਦੇ ਹਨ। ਮੂਲ ਪਾਠ ਨੂੰ ਮੋਟੇ ਅੱਖਰਾਂ ਵਿਚ ਦਿੰਦੇ ਹਨ। ਅਰਥ ਕਰਦਿਆਂ ਹੋਰਨਾਂ ਪੱਖਾਂ ਤੋਂ ਇਲਾਵਾ ਉਹ ਪ੍ਰਸ਼ਨ ਉਤਰ ਵਾਲੀ ਵਿਧੀ ਨੂੰ ਵੀ ਅਪਣਾਉਂਦੇ ਹਨ। ਪਹਿਲਾਂ ਗੁਰਬਾਣੀ ਵਿਚੋਂ ਹੀ ਪ੍ਰਸ਼ਨ ਕਰਦੇ ਹਨ ਅਤੇ ਫਿਰ ਗੁਰਬਾਣੀ ਵਿਚੋਂ ਹੀ ਉਤਰ ਦਿੰਦੇ ਹਨ।[22] ਗੁਰਬਾਣੀ ਰੱਬੀ ਬੋਲ ਹਨ ਇਸ ਲਈ ਇਸ ਵਿਚਲੇ ਭੇਦ ਨੂੰ ਸਮਝਣਾ ਮਨੁੱਖੀ ਮਾਨਸਿਕਤਾ ਦੇ ਵੱਸ ਦੀ ਗੱਲ ਨਹੀਂ ਕਿਉਕਿ ਇਸ ਰਹੱਸ ਭਰਪੂਰ ਖਜਾਨੇ ਨੂੰ ਖੋਲ੍ਹ ਕੇ ਪੇਸ਼ ਕਰਨਾ ਵਿਆਖਿਆਕਾਰ ਦੀ ਪਹਿਲਕਦਮੀ ਹੁੰਦੀ ਹੈ। ਜੇਕਰ ਵਿਆਖਿਆਕਾਰ ਉਸ ਨੂੰ ਅੱਖੋਂ ਪਰੋਖੇ ਕਰ ਦੇਵੇ ਤਾਂ ਇਹ ਵਿਆਖਿਆ ਅਤੇ ਸਬੰਧਿਤ ਧਰਮ ਗ੍ਰੰਥ ਨਾਲ ਨਿਆ ਨਹੀਂ ਹੋਵੇਗਾ। ਧਰਮ ਗ੍ਰੰਥ ਵਿਚਲੇ ਸ਼ਬਦਾਂ ਦੇ ਸਮੇ, ਸੰਸਕ੍ਰਿਤੀ, ਅਤੇ ਸਭਿਆਚਾਰ ਦੇ ਪੱਖੋਂ ਅਨੇਕਾਂ ਅਰਥ ਹੋ ਸਕਦੇ ਹਨ ਪਰ ਕੁਝ-ਕੁ ਐਸੇ ਅਰਥ ਵੀ ਹੁੰਦੇ ਹਨ ਜੋ ਕਿਸੇ ਵੀ ਸਭਿਅਤਾ ਵਿਚ ਮੌਜੂਦ ਨਹੀਂ ਹੁੰਦੇ ਇਨ੍ਹਾਂ ਅਰਥਾਂ ਨੂੰ ਅੰਤਰੀਵ ਅਰਥ ਆਖਿਆ ਜਾਂਦਾ ਹੈ। ਗੁਰਬਾਣੀ ਵਿਚ ਅੰਤਰੀਵ ਅਰਥ ਤੋਂ ਭਾਵ ਉਹ ਅਰਥ ਹਨ ਜਿਨ੍ਹਾਂ ਸ਼ਬਦਾਂ ਦੇ ਇਕ ਨਹੀਂ ਬਲਕਿ ਇਕ ਤੋਂ ਵਧ ਅਰਥ ਵੀ ਹਨ ਦੂਸਰੇ ਸ਼ਬਦਾਂ ਵਿਚ ਇਨ੍ਹਾਂ ਅਰਥਾਂ ਨੂੰ ਅਧਿਆਤਮੀ ਜਾਂ ਰਹੱਸਮਈ ਆਖਿਆ ਜਾਂਦਾ ਹੈ। ਵੈਸੇ ਤਾਂ ਗੁਰਬਾਣੀ ਦਾ ਹਰ-ਇਕ ਸ਼ਬਦ ਹੀ

ਰਹੱਸ ਦੀ ਵਿਆਖਿਆ ਕਰ ਰਿਹਾ ਹੈ ਪਰ ਕੁਝ ਸ਼ਬਦ ਐਸੇ ਹਨ ਜਿਨ੍ਹਾਂ ਦੀ ਵਿਆਖਿਆ ਨੂੰ ਵਿਸਤਾਰ ਸਹਿਤ ਸਮਝਾਉਣ ਹਿਤ ਸ਼ਬਦਾਂ ਦੇ ਪਦ-ਅਰਥ ਦੇ ਨਾਲ-ਨਾਲ ਭਾਵ-ਅਰਥ, ਅਤੇ ਅੰਤਰੀਵ ਅਰਥ ਨੂੰ ਪੇਸ਼ ਕੀਤਾ ਜਾਂਦਾ ਹੈ। ਭਾਈ ਵੀਰ ਸਿੰਘ ਜੀ ਵੀ ਅੰਤਰੀਵ ਅਰਥ ਕਰਦੇ ਹਨ।[23] ਇਸ ਦੇ ਨਾਲ-ਨਾਲ ਭਾਈ ਸਾਹਿਬ ਜੀ ਭਾਵ ਅਰਥ ਵੀ ਪੇਸ਼ ਕਰਦੇ ਹਨ। ਭਾਵ ਅਰਥ ਤੋਂ ਭਾਵ ਸਮੁੱਚੇ ਅਰਥ ਦਾ ਨਿਚੋੜ। ਸਮੁੱਚੇ ਸ਼ਬਦ ਦੇ ਅਰਥਾਂ ਦੀ ਵਿਆਖਿਆ ਨੂੰ ਸਰਲ ਰੂਪ ਵਿਚ ਪੇਸ਼ ਕਰਨਾ। ਇਸ ਕਾਰਜ ਨੂੰ ਭਾਈ ਸਾਹਿਬ ਜੀ ਸੁਚੱਜੇ ਢੰਗ ਨਾਲ ਪੇਸ਼ ਕਰਦੇ ਹਨ।[24] ਇਸ ਤੋਂ ਇਲਾਵਾ ਹੋਰ ਵੀ ਅਨੇਕਾਂ ਥਾਂਵਾਂ ਉਪਰ ਇਸ ਬਿਧੀ ਨੂੰ ਵਰਤਦੇ ਹਨ।

3 **ਵਿਆਖਿਆ-**

ਮੂਲ ਪਾਠ ਦੇਣ ਤੋਂ ਬਾਅਦ ਗੁਰਬਾਣੀ ਦੇ ਸ਼ਬਦਾਂ ਦੀ ਵਿਆਖਿਆ ਗੁਰਬਾਣੀ ਦੇ ਅੰਕ ਪ੍ਰਬੰਧਨ ਅਨੁਸਾਰ ਕਰਦੇ ਹਨ। ਗੁਰਬਾਣੀ ਅੰਕ ਪ੍ਰਬੰਧਨ ਗੁਰਬਾਣੀ ਦਾ ਸਵੈ ਅਨੁਸ਼ਾਸਨ ਹੈ ਉਸੇ ਹੀ ਪੈਟਰਨ ਅਨੁਸਾਰ ਭਾਈ ਵੀਰ ਸਿੰਘ ਜੀ ਵੀ ਸ਼ਬਦ ਵਿਚਲੇ ਅੰਕਾਂ (ਪਦਿਆਂ) ਅਨੁਸਾਰ ਵਿਆਖਿਆ ਕਰਦੇ ਹਨ। ਕਿਤੇ ਇਕਲੀ ਤੁਕ ਤੇ ਕਿਤੇ ਇਕੱਲੇ-ਇਕੱਲੇ ਪਦੇ ਦੀ ਵਿਆਖਿਆ ਵੀ ਕਰਦੇ ਹਨ। ਪਰ ਕਿਤੇ ਕਿਤੇ ਜੋ ਸ਼ਬਦ ਆਸਾਨ ਹੁੰਦਾ ਹੈ, ਦੀ ਵਿਆਖਿਆ ਨਹੀ ਦਿੰਦੇ ਉਸ ਲਈ ਕੇਵਲ ਇਕੋ ਸ਼ਬਦ 'ਸੁਗਮ' ਹੈ ਲਿਖਕੇ ਅਗੇ ਚਲਦੇ ਹਨ।[25] ਪਰ ਇਹ ਵੀ ਨਿਸ਼ਚਤ ਨਹੀ ਹੈ ਕਿ ਹਰ ਜਗ੍ਹਾਂ ਉਪਰ ਹੀ ਸੁਗਮ ਲਿਖਿਆ ਜਾਵੇ ਬਹੁਤੇ ਥਾਂਈ ਮੂਲ ਪਾਠ ਤੋਂ ਸ਼ਬਦ ਅਰਥ ਕਰਕੇ ਹੀ ਅਗਲੇ ਸ਼ਬਦ ਦੀ ਵਿਆਖਿਆ ਕਰਣੀ ਆਰੰਭ ਕਰ ਦਿੰਦੇ ਹਨ ਉਸ ਦਾ ਕਾਰਣ ਵੀ ਇਹੋ ਹੈ ਕਿ ਇਸ ਸ਼ਬਦ ਦੀ ਵਿਆਖਿਆ ਆਸਾਨ ਹੈ ਅਤੇ ਨਿਰੁਕਤ ਦੀ ਵੀ ਬਹੁਤੀ ਜਰੂਰਤ ਮਹਿਸੂਸ ਨਹੀ ਹੁੰਦੀ। ਭਾਈ ਸਾਹਿਬ ਜੀ ਦੀ ਇਸ ਸ਼ੈਲੀ ਨੂੰ ਵੇਖਕੇ ਇਸ ਪ੍ਰਕਾਰ ਪ੍ਰਤੀਤ ਹੁੰਦਾ ਹੈ ਕਿ ਉਹ ਗੁਰਬਾਣੀ ਵਿਆਖਿਆਕਾਰੀ ਦਾ ਕਾਰਜ ਕਰਦਿਆਂ ਇਨ੍ਹਾਂ ਲਿਖਤੀ ਬੰਧਨਾਂ ਤੋਂ ਮੁਕਤ ਰਹੇ ਅਤੇ ਵਿਆਖਿਆ ਬੜੀ ਆਸਾਨ ਅਤੇ ਠੇਠ ਪੰਜਾਬੀ ਬੋਲੀ ਵਿਚ ਕਰਦੇ ਹਨ। ਮੂਲ ਪਾਠ ਨਾਲ

ਦਿਤੇ ਸ਼ਬਦ ਦੇ ਅਰਥ ਨੂੰ ਹੋਰ ਵਿਸਤਾਰਤ ਰੂਪ ਪ੍ਰਦਾਨ ਕਰਦੇ ਹੋਏ ਭਾਵਾਰਥ ਵੀ ਕਰਦੇ ਹੋਏ ਪ੍ਰਤੀਤ ਹੁੰਦੇ ਹਨ। ਵਿਆਖਿਆ ਕਰਦਿਆਂ ਭਾਈ ਸਾਹਿਬ ਜੀ ਕਈ ਵਾਰ ਕਿਸੇ ਸ਼ਬਦ ਦੀ ਵਿਆਖਿਆ ਨੂੰ ਸਪੱਸ਼ਟ ਕਰਦੇ ਹੋਏ ਕਰੋਸ ਰੈਫਰੈਂਸ ਦੀ ਵਰਤੋਂ ਕਰਦੇ ਹੋਏ ਦੂਸਰੇ ਸ਼ਬਦ ਨਾਲ ਜੋੜਦੇ ਹਨ ਤਾਂ ਕਿ ਇਕ ਤਾਂ ਵਾਰ-ਵਾਰ ਵਿਸਤਾਰ ਕਰਨ ਦੀ ਲੋੜ ਨਹੀ ਤੇ ਦੂਜਾ ਇਸ ਵਿਚ ਉਨ੍ਹਾਂ ਦੀ ਵਿਦਵਤਾ ਨੂੰ ਵੀ ਵੇਖਿਆ ਜਾ ਸਕਦਾ ਹੈ ਕਿ ਕਿਸ ਤਰ੍ਹਾਂ ਉਹ ਇਕ ਸ਼ਬਦ ਦੇ ਪ੍ਰਕਰਨ ਨੂੰ ਦੂਸਰੇ ਸ਼ਬਦ ਵਿਚ ਵਿਸਥਾਰ ਲਈ ਕਹਿ ਰਹੇ ਹਨ।[26]

4 **ਨਿਰੁਕਤ-**

ਵਿਆਖਿਆ ਤੋਂ ਬਾਅਦ ਪਾਠ ਵਿਚ ਆਏ ਕਠਿਨ ਪਦਾਂ ਦਾ ਨਿਰੁਕਤ ਵੀ ਭਾਈ ਸਾਹਿਬ ਨਾਲ-ਨਾਲ ਪੇਸ਼ ਕਰਦੇ ਹਨ ਪਰ ਜੋ ਸ਼ਬਦ ਆਸਾਨ ਹੋਣ ਉਨ੍ਹਾਂ ਸ਼ਬਦਾਂ ਦਾ ਨਿਰੁਕਤ ਉਹ ਨਹੀਂ ਦਿੰਦੇ ਉਸ ਲਈ ਉਹ ਕੇਵਲ ਸ਼ਬਦ 'ਸੁਗਮ' ਹੀ ਲਿਖਦੇ ਹਨ। ਸ਼ਬਦਾਂ ਦਾ ਨਿਰੁਕਤ ਪੇਸ਼ ਕਰਨ ਦਾ ਅੰਦਾਜ ਬਾ-ਕਮਾਲ ਹੈ। ਉਹ ਸ਼ਬਦਾਂ ਦੀ ਤਹਿ ਤੱਕ ਜਾਣ ਦਾ ਯਤਨ ਕਰਦੇ ਹਨ ਇਸ ਲਈ ਉਹ ਉਸ ਸਬੰਧਤ ਸ਼ਬਦ ਦਾ ਰੂਟ ਲਭਦੇ ਹਨ ਕਿ ਸ਼ਬਦ ਕਿਸ ਭਾਸ਼ਾ ਵਿਚੋਂ ਆਇਆ ਹੈ। ਉਸ ਉਪਰੰਤ ਉਸਦਾ ਪੰਜਾਬੀ ਭਾਸ਼ਾ ਵਿਚ ਵਰਤੋਂ ਦਾ ਢੰਗ ਕੀ ਹੈ ਨੂੰ ਧਿਆਨ ਵਿਚ ਰੱਖਕੇ ਨਿਰੁਕਤ ਤਿਆਰ ਕਰਦੇ ਹਨ।

5 **ਤੁਲਨਾਤਮਕ ਵਿਆਖਿਆ-**

ਗੁਰਬਾਣੀ ਦੀ ਤੁਲਨਾਤਮਕ ਵਿਆਖਿਆ ਵੇਦਾਂ ਅਤੇ ਹੋਰ ਧਾਰਮਿਕ ਗ੍ਰੰਥਾਂ ਨਾਲ ਕਰਦਿਆਂ ਹੋਇਆਂ ਭਾਈ ਵੀਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਰਬਉੱਚ ਦਰਜਾ ਦਿੰਦਿਆਂ ਇਸ ਪਾਵਨ ਗ੍ਰੰਥ ਦੀ ਰੂਹਾਨੀਅਤ ਦੇ ਸੰਦੇਸ਼ ਨੂੰ ਜਨ ਸਾਧਾਰਨ ਦੀ ਬੁੱਧੀ ਮੰਡਲ ਤੱਕ ਪਹੁੰਚਾਉਣ ਦਾ ਯਤਨ ਕੀਤਾ। ਉਸ ਦਾ ਕਾਰਣ ਇਹ ਵੀ ਸੀ ਕਿ ਸਨਾਤਨੀ ਮੱਤ ਦੇ ਕਈ ਵਿਦਵਾਨ ਗੁਰੂ ਗ੍ਰੰਥ ਸਾਹਿਬ ਨੂੰ ਪੰਜਵਾਂ ਵੇਦ ਹੀ ਸਿਧ ਕਰ ਰਹੇ ਸਨ। ਗੁਰਬਾਣੀ ਦੀ ਇਕ ਤੁਕ 'ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ।

ਹਸੰਦਿਆਂ ਖੇਲੰਦਿਆਂ ਪੈਨੰਦਿਆਂ ਖਾਵੰਦਿਆਂ ਵਿਚੇ ਹੋਵੈ ਮੁਕਤਿ।' ਤੁਕ ਵਿਚਲੇ ਸਿਧਾਂਤ 'ਮੁਕਤੀ' ਨੂੰ ਇਕ ਸੰਪਾਦਕੀ ਲੇਖ ਵਿਚ ਬਾਕੀ ਮਤਾਂ ਨਾਲੋਂ ਵਖਰਾ ਦਰਸਾਉਂਦੇ ਹੋਏ ਇਸ ਦੇ ਨਿਰਾਲੇਪਨ ਅਤੇ ਪੂਰਨ ਮੁਕੰਮਲਤਾ ਨੂੰ ਸਿਧ ਕੀਤਾ ਗਿਆ। 'ਮੁਕਤੀ' ਪ੍ਰਾਪਤੀ ਦੇ ਸਾਧਨਾਂ ਬਾਰੇ ਭਾਰਤੀ ਧਰਮਾਂ ਵਿਚੋਂ ਤੁਲਨਾਤਮਿਕ ਅਧਿਐਨ ਦੀ ਪੇਸ਼ਕਾਰੀ ਦੀ ਇਕ ਵੰਨਗੀ ਖ਼ਾਲਸਾ ਸਮਾਚਾਰ ਵਿਚ ਇਸ ਤਰਾਂ ਪੇਸ਼ ਕੀਤਾ ਗਿਆ ਹੈ। "ਹਿੰਦੁਸਤਾਨ ਵਿਚ ਜੋ ਮੁਦਤਾਂ ਤੋਂ ਗਯਾਨ ਦੇ ਅਡ-2 ਮਤ ਤੇ ਭਗਤੀ ਦੇ ਫਿਰਕੇ ਟੁਰ ਰਹੇ ਸਨ, ਕਰੀਬਨ ਸਾਰੇ ਮੁਕਤੀ ਲਈ ਸੰਸਾਰ ਤਿਆਗ ਨੂੰ ਮੁਖ ਰਖਦੇ ਸੀ। ਉਨ੍ਹਾਂ ਦੇ ਖਿਆਲ ਵਿਚ ਸੰਨਯਾਸ ਬਿਨਾਂ ਮੁਕਤੀ ਦਾ ਸਾਧਨ ਪੂਰਨ ਨਹੀਂ ਹੋ ਸਕਦਾ। ਕੀਹ ਜੋਗੀ ਜੋ ਏਕਾਗ੍ਰਤਾ ਦਾ ਅਭਿਆਸ ਕਰਦਾ ਹੈ, ਕੀਹ ਸੰਨਯਾਸੀ ਜੋ ਸਰਬ ਅਨਾਤਮ ਦਾ ਤਯਾਗ ਕਰਦਾ ਹੈ, ਕੀ ਭਗਤ ਜੋ ਅਨੀਸ੍ਰਰ ਨਾਲ ਮੋਹ ਤੋੜ ਕੇ ਪਰਮਾਤਮਾਂ ਨਾਲ ਨੇਹੁੰ ਲਾਂਦਾ ਹੈ, ਕੀਹ ਓਹ ਜਨ ਜੋ ਕਰਮਾਂ ਨੂੰ ਸੁਧ ਕਰਦੇ, ਕੀਹ ਓਹ ਜੋ ਪਵਿਤ੍ਰ ਹੋਵੇ, ਕੀਹ ਓਹ ਜੋ ਪ੍ਰਕ੍ਰਤੀ ਤੇ ਪੁਰਖ ਤੋਂ ਅਗੇ ਨਹੀਂ ਟੁਰਦੇ, ਅਪਨੇ ਸਾਧਨਾਂ ਅਕ੍ਰੈ, ਪਵਿਤ੍ਰਤਾ ਤੇ ਪ੍ਰਕ੍ਰਤੀ ਦੇ ਅਸਰ ਤੋਂ ਛੁਟਣ ਲਈ ਏਕਾਂਤ, ਤਯਾਗ ਤੇ ਬਨਬਾਸ ਦਸ਼ਾ ਨੂੰ ਸਾਧਨ ਸਿਰੇ ਚਾੜਨ ਲਈ ਜ਼ਰੂਰੀ ਖਿਆਲ ਕਰਦੇ ਸਨ।.........ਸ੍ਰੀ ਗੁਰੂ ਜੀ ਦਾ ਧਰਮ, ਜਿਸ ਤਰਾਂ ਅਪਨੇ ਭਗਤੀ ਦੇ ਅਨਭਵ ਵਿਚ ਸਭ ਤੋਂ ਉਚਾ ਹੈ, ਉਸੀ ਤਰਾਂ ਮੁਕਤੀ ਦੇ ਸਾਧਨਾਂ ਵਿਚ ਨਿਰਾਲਾ ਹੈ।........."[27] ਇਸੇ ਤਰ੍ਹਾਂ 'ਅਵਤਾਰਵਾਦ' ਹਿੰਦੂ ਦਰਸ਼ਨ ਦਾ ਸਰਵ-ਉੱਚ ਅਤੇ ਅਟੁੱਟ ਅੰਗ ਹੈ। ਜਿਸ ਦਾ ਵਿਸ਼ੇਸ਼ ਲੱਛਣ ਹੈ ਕਿ ਪਰਮਾਤਮਾ ਮਨੁੱਖੀ ਜੂਨ ਵਿਚ ਪੈ ਕੇ ਕਿਸੇ ਵਕਤ ਧਰਮ ਗਿਲਾਨੀ ਦੇ ਦੁਖ ਜਾਂ ਸਮੇਂ ਦੀ ਖ਼ਾਸ ਔਕੜ ਨੂੰ ਦੂਰ ਕਰਨ ਹਿਤ ਆਉਂਦਾ ਹੈ। ਪਰਮੇਸ਼ਰ ਜਿਸ ਵਿਅਕਤੀ ਦਾ ਰੂਪ ਧਾਰਨ ਕਰਦਾ ਹੈ, ਉਹ ਮਨੁੱਖ ਪਰਮਾਤਮਾ ਦਾ ਅਵਤਾਰ ਅਖਵਾਉਂਦਾ ਹੈ। ਖ਼ਾਲਸਾ ਸਮਾਚਾਰ ਨੇ 'ਅਵਤਾਰ' ਦੇ ਅਖਰੀ ਅਰਥ ਕੀਤੇ ਕਿ ਜੋ ਵਾਹਿਗੁਰੂ ਦਾ ਪਿਆਰਾ ਸਚਖੰਡ ਤੋਂ ਮਾਤ ਲੋਕ ਵਿਚ ਅਵਤਰੇ। ਭਾਈ ਵੀਰ ਸਿੰਘ ਹਿੰਦੂ ਅਵਤਾਰਾਂ ਦੀ ਤੁਲਨਾ ਵਿਚ ਗੁਰ-ਜੋਤਿ ਦਾ ਵਾਧਾ ਦਰਸਾਉਂਦੇ ਹਨ ਕਿ ਗੁਰੂ-ਜੋਤ ਦਾ ਮੰਤਵ ਸੰਸਾਰ ਦਾ ਹਨੇਰ੍ਹਾ ਦੂਰ ਕਰਨਾ ਸੀ। ਕੇਵਲ ਉਸ ਸਮੇਂ

ਦੀ ਖ਼ਾਸ ਮੁਸ਼ਕਲ ਦੂਰ ਕਰਨਾ ਹੀ ਪ੍ਰਯੋਜਨ ਨਹੀਂ ਸੀ, ਸਗੋਂ ਮਾਨਵਤਾ ਨੂੰ ਸਦਾ ਲਈ ਗਿਆਨ ਦੇ ਗਹਿਰੇ ਭੇਤ ਦਸਣੇ ਸਨ। 'ਗੁਰੂ' ਪਦ ਉਹਨਾਂ ਦੇ ਇਸ ਲੱਛਣ ਦਾ ਲਖਾਇਕ ਹੈ। ਸਿੱਖ ਧਰਮ ਸਿਧਾਂਤਾਂ ਵਿਚ ਭਾਵੇਂ 'ਅਵਤਾਰਵਾਦ' ਦੀ ਕੋਈ ਥਾਂ ਨਹੀਂ ਪਰ 'ਗੁਰੂ ਨਾਨਕ ਦੇਵ ਗੋਬਿੰਦ ਰੂਪ' ਦੇ ਵਾਕ ਅਨੁਸਾਰ 'ਗੁਰੂ' ਪਦ 'ਸ਼ਿਰੋਮਣੀ ਅਵਤਾਰ' ਹੈ, ਕਿਉਂਕਿ ਇਹਨਾਂ ਨੂੰ ਗੁਰੂ ਦੀ ਲੋੜ ਨਹੀਂ ਪਈ ਅਤੇ ਅਕਾਲ ਪੁਰਖ ਨੇ ਆਪ ਗੁਰੂ ਹੋ ਕੇ ਅਨੁਭਵ ਦੁਆਰਾ ਇਹਨਾਂ ਨੂੰ ਸੁਸਿਖਿਅਤ ਕਰਕੇ ਭੇਜਿਆ। 'ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ' ; ਗੁਰੂ ਸਾਹਿਬ ਦਾ ਵੇਈਂ ਵਿਚ ਪ੍ਰਵੇਸ਼, ਸੋ ਦਰ ਤੇ ਆਰਤੀ ਦਾ ਉਚਾਰ ਸਭ ਵਾਹਿਗੁਰੂ ਦਾ ਗੁਰੂ ਹੋਣ ਵਿਚ ਹੀ ਹੈ। ਇਸ ਕਰਕੇ ਉਹਨਾਂ ਅਕਾਲ ਪੁਰਖ ਦਾ ਨਾਮ ਵਾਹਿਗੁਰੂ ਰਖਿਆ।[28]

6 **ਸਾਧਨ ਪੱਖ-**

ਭਾਈ ਵੀਰ ਸਿੰਘ ਜੀ ਗੁਰਬਾਣੀ ਵਿਆਖਿਆ ਕਰਦਿਆਂ ਜਿਥੇ ਲੋੜ ਮਹਿਸੂਸ ਹੁੰਦੀ ਹੋਵੇ ਉਥੇ ਸ਼ਬਦ ਵਿਚੋਂ ਉਸ ਸ਼ਬਦ ਨਾਲ ਸਬੰਧਿਤ ਗੁਰੂ ਜੀ ਦੇ ਆਸ਼ਯ ਅਨੁਸਾਰ ਸਾਧਨਾ ਪੱਖ ਵੀ ਦਸਦੇ ਹਨ ਕਿ ਗੁਰੂ ਜੀ ਦਾ ਉਪਦੇਸ਼ ਜਿੰਦਗੀ ਵਿਚ ਢਾਲ ਕੇ ਸੱਚ ਦੇ ਪਾਂਧੀ ਕਿਵੇਂ ਬਣਨਾ ਹੈ। ਵੰਨਗੀ ਵਜੋਂ ਸਾਧਨ ਪੱਖ ਵਿਚ ੧ਓ ਸਾਧਕਾਂ ਨੂੰ ਸਥੂਲਤਾ ਵਿਚੋਂ ਸੂਖਮਤਾ ਵਿਚ ਲੈ ਜਾਂਦਾ ਹੈ। ਅੱਖਾਂ ਲਾਲ ਦੇਖਣੇ ਯਾਂ ਮੂੰਹ ਥੀਂ ਉਚਾਰਣੇ, ਯਾਂ ਕੰਨਾਂ ਥੀਂ ਸੁਨਣੇ ਵਿਚ ਇਹ ਅਸਥੂਲ ਹੈ। ਮਨ ਦੁਆਰਾ ਸਮਝਣੇ ਯਾ ਸਿਮਰਣੇ ਪਰ ਮਿਸ਼੍ਰਿਤ ਹੈ: ਕੁਝ ਸੂਖਮ ਅਰ ਕੁਝ ਸਥੂਲ। ਬੁੱਧੀ ਦੁਆਰਾ ਇਸ ਪਰ ਟਿਕਣੇ ਤੇ, ਇਹ ਸੂਖਮ ਹੁੰਦਾ ਹੁੰਦਾ ਸੂਖਮਤਾ ਦੇ ਨੇੜੇ ਹੋ ਗਿਆ। ਚਿਤ ਨਾਲ ਅਭੇਦ ਹੋਣ ਵੇਲੇ ਇਹ ਇਕਦਮ ਸੂਖਮ ਹੋ ਕੇ ਚਿਤ ਨੂੰ ਨਾਲ ਲੈਕੇ ਉਸ ਨਿਰਾਕਾਰ ਵਲ ਲੈ ਗਿਆ। ਅਰ ਫਿਰ ਮੇਹਰ ਨਾਲ ਜਗਿਆਸੂ ਮਨ ਬੁਧਿ ਚਿਤ ਆਦਿ ਤੋਂ ਅਗੇ ਪੂਰਨ ਅਵਸਥਾ ਨੂੰ ਪਹੁੰਚ ਗਿਆ ਜਿਥੇ ਉਸ ਨਿਰਾਕਾਰ ਪਾਰਬ੍ਰਹਮ ਪੂਰਨ ਦੇ ਸਰੂਪ ਦੀ ਪ੍ਰਾਪਤੀ ਪਾ ਕੇ ਇਕ ਰਸ 'ਮੈਂ ਮੇਰੀ' ਦੀ ਕੈਦ ਤੋਂ ਸੁਤੰਤਰ, ਪੂਰਨ ਯਥਾਰਥਤਾ ਵਿਚ ਤਦ-ਰੂਪਤਾ ਹੋ ਗਈ। ਇਸ ਪ੍ਰਕਾਰ ੧ਓ ਸੂਖਮ ਅਰ ਸਥੂਲ ਰੂਪ ਹੈ। ਆਪਹਿ ਸੂਖਮ ਆਪਹਿ ਅਸਥੂਲਾ॥ ਲਖੀ ਨ ਜਾਈ ਨਾਨਕ ਲੀਲਾ॥[29] ਅਤੇ

ਨਾਮ ਦੀ ਮਹਾਨਤਾ ਦਸਦਿਆਂ ਕਹਿੰਦੇ ਹਨ ਕਿ ਸੰਸਾਰ ਵਿਚ ਪਦਾਰਥਾਂ, ਥਾਵਾਂ, ਵਸਤਾਂ, ਜੀਵ-ਜੰਤੂਆਂ, ਆਦਿ ਦੇ ਵੀ ਨਾਮ ਹਨ ਪਰ ਉਹ ਸਾਰੇ ਨਾਸ਼ਵਾਨ ਹਨ। ਪਰਮੇਸ਼ਰ ਅਬਦਲ ਹੈ, ਅਵਿਨਾਸ਼ੀ ਹੈ, ਅਰਥਾਤ ਸਦਾ ਸਤਿ ਹੈ, ਇਸ ਕਰਕੇ ਉਸਦਾ ਨਾਮ ਵੀ 'ਸਤਿ' ਹੈ। ਇਸ ਕਰਕੇ ਹੀ ਉਹ 'ਸਤਿਨਾਮ' ਹੈ। ਇਸ ਪ੍ਰਕਾਰ ਨਾਮ ਨਿਰਾ ਸੰਗਯਾ ਮਾਤਰ ਨਹੀ, ਨਾਮ ਜਪ ਹੈ, ਨਾਮ ਸਿਮਰਨ ਹੈ[30] ਅਤੇ ਜਿਸ ਤਰ੍ਹਾਂ ਪਰਮਾਤਮਾ ਸੁਤੰਤਰ ਹੈ ਉਸੇ ਪ੍ਰਕਾਰ ਨਾਮ ਵੀ ਸਤ ਸਰੂਪ ਦੀ ਹਸਤੀ ਹੈ। "ਕਹੁ ਕਬੀਰ ਇਹੁ ਰਾਮ ਕੀ ਅੰਸੁ॥[31] ਅਤੇ "ਨਾਵੈ ਅੰਦਰ ਹਉ ਵਸਾ ਨਾਉ ਵਸੈ ਮਨਿ ਆਇ॥[32] ਅਤੇ "ਨਾਮ ਨਿਰੰਜਨ ਅਲਖ ਹੈ ਕਿਉ ਲਖਿਆ ਜਾਈ॥[33] ਆਦਿ ਸ਼ਬਦਾਂ ਨੂੰ ਲੈ ਕੇ ਨਾਮ ਨੂੰ ਇਕ ਅਲੌਕਿਕ ਵਸਤੂ ਦਸਦਿਆਂ ਹੋਇਆਂ ਪਰਮਾਤਮਾ ਦੀ ਕਲਾਤਮਕ ਵਸਤੂ ਵੀ ਦਸਿਆ ਹੈ। ਇਸੇ ਪ੍ਰਕਾਰ ਹੋਰ ਵੀ ਕਈ ਥਾਂਈਂ ਸਾਧਨ ਪੱਖ ਨੂੰ ਵਿਚਾਰਿਆ ਗਿਆ ਹੈ।

7 **ਪੰਜਾਬੀ ਭਾਸ਼ਾ ਦੀ ਵਰਤੋਂ-**

ਭਾਈ ਵੀਰ ਸਿੰਘ ਜੀ ਦੇ ਇਸ ਟੀਕੇ ਨੂੰ ਤਿਆਰ ਕਰਨ ਤੋਂ ਪਹਿਲਾਂ ਵੀ ਕਈ ਟੀਕੇ ਹੋਂਦ ਵਿਚ ਆ ਚੁੱਕੇ ਸਨ ਪਰ ਸਮੱਸਿਆ ਇਹ ਸੀ ਕਿ ਉਹ ਬਹੁਤੇ ਟੀਕੇ ਪੰਜਾਬੀ ਬੋਲੀ ਤੋਂ ਸਖਣੇ ਹੀ ਸਨ। ਉਨ੍ਹਾਂ ਦੀ ਭਾਸ਼ਾ ਸਨਾਤਨੀ ਮੱਤ ਵਾਲੀ ਹੀ ਸੀ ਇਸ ਲਈ ਭਾਈ ਸਾਹਿਬ ਜੀ ਨੇ ਸਿੰਘ ਸਭਾ ਲਹਿਰ ਦਾ ਪ੍ਰਯੋਯਨ ਪੰਜਾਬੀ ਮਾਂ ਬੋਲੀ ਨੂੰ ਹੀ ਲਿਖਤਾਂ ਦਾ ਆਧਾਰ ਬਣਾ ਕੇ ਲੁਕਾਈ ਵਿਚ ਵੀ ਇਸ ਬੋਲੀ ਦਾ ਸੁਨੇਹਾ ਦਿਤਾ ਜਾਵੇ ਨੂੰ ਪੂਰ ਚਾੜਦਿਆਂ ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਠੇਠ ਪੰਜਾਬੀ ਭਾਸ਼ਾ ਵਿਚ ਕੀਤਾ।

8 **ਵੇਦ ਅਤੇ ਹੋਰ ਧਾਰਮਿਕ ਗ੍ਰੰਥਾਂ ਵਿਚੋਂ ਹਵਾਲੇ-**

ਗੁਰਬਾਣੀ ਦਾ ਘੇਰਾ ਬਹੁਤ ਵਿਸ਼ਾਲ ਹੈ। ਇਸ ਲਈ ਇਸ ਵਿਸ਼ਾਲ ਘੇਰੇ ਨੂੰ ਸਮਝਣ ਵਾਸਤੇ ਭਾਈ ਵੀਰ ਸਿੰਘ ਜੀ ਨੇ ਸਿੱਖ ਧਰਮ ਨਾਲ ਸਬੰਧਤ ਧਾਰਮਿਕ ਗ੍ਰੰਥਾਂ ਤੋਂ ਇਲਾਵਾ ਹੋਰਨਾਂ ਮੱਤਾਂ ਦੇ ਗ੍ਰੰਥਾਂ ਦਾ ਵੀ

ਗੂੜ ਅਧਿਐਨ ਕੀਤਾ ਹੋਇਆ ਸੀ ਜੋ ਉਨ੍ਹਾਂ ਦੀ ਵਿਆਖਿਆਕਾਰੀ ਵਿਚੋਂ ਵੇਖਣ ਨੂੰ ਮਿਲਦਾ ਹੈ। ਗੁਰਬਾਣੀ ਦੀ ਕਿਸੇ ਤੁਕ ਦੇ ਅਰਥ ਨੂੰ ਸਪੱਸ਼ਟ ਕਰਨ ਲਈ ਭਾਈ ਸਾਹਿਬ ਹੋਰਨਾਂ ਗ੍ਰੰਥਾਂ[34] ਵਿਚੋਂ ਹਵਾਲੇ ਦੇ ਕੇ ਉਸ ਸਬੰਧਤ ਤੁਕ ਦੇ ਅਰਥ ਕਰਦੇ ਹਨ। ਉਦ੍ਹਾਰਨ ਵਜੋਂ ਵੇਖਿਆ ਜਾ ਸਕਦਾ ਹੈ-ਪੁਰਖੁ ਸ਼ਬਦ ਦੇ ਅਰਥ ਕਰਦਿਆਂ ਇਸ ਸ਼ਬਦ ਦੀ ਵਿਉਤਪਤੀ ਬਾਰੇ ਦਸਦਿਆਂ ਕਿ ਇਹ ਸ਼ਬਦ ਸੰਸਕ੍ਰਿਤ ਦੇ ਪੁਰੁਖ ਤੋਂ ਬਣਿਆ ਹੈ ਜਿਸਦਾ ਅਰਥ ਹੈ- ਜੋ ਪੁਰ ਵਿਚ ਯਾ ਪੁਰ ਪੁਰ ਵਿਚ ਸੈਰ ਕਰ ਰਿਹਾ ਹੈ ਭਾਵ ਵਿਆਪਕ ਹੈ। ਜੇ ਪੁਰ ਦਾ ਭਾਵ ਸਰੀਰ ਲਈਏ ਤਾਂ ਸਰੀਰ ਵਿਚ ਨਿਵਾਸ ਕਰਨੇ ਵਾਲਾ ਅਰਥਾਤ ਜੀਵਾਤਮਾ। ਇਸ ਤੋਂ ਪੁਰਖੁ ਦਾ ਅਰਥ 'ਮਾਨੁਖ' ਬੀ ਬਨ ਗਿਆ। ਪੁਰੀ ਪੁਰੀ ਵਿਚ ਜੋ ਨਿਵਾਸ ਕਰਦਾ ਹੈ ਯਾਂ ਜਗਤ ਰੂਪੀ ਪੁਰ ਵਿਚ ਜੋ ਨਿਵਾਸੀ ਹੈ ਵਿਆਪਕ ਹੈ ਤਾਂ ਇਸ਼ਵਰ ਅਰਥ ਹੋ ਗਿਆ। ਅਕਸਰ ਦੋਹਾਂ ਅਰਥਾਂ ਵਿਚ ਇਹ ਪਦ ਵਰਤੀਂਦਾ ਆਇਆ ਹੈ। ਈਸ਼ਵਰ ਅਰਥ ਲਈ ਜੇ ਖੋਜ ਕਰੀਏ ਤਾਂ ਰਿਗਵੇਦ ਦੇ ਪੁਰਖ ਸੂਕਤ ਵਿਚ ਜੋ ਲਿਖਿਆ ਹੈ ਉਸ ਦਾ ਭਾਵ ਇਹ ਹੈ- ਪੁਰਖੁ-ਈਸ਼ਵਰ, ਜਿਸ ਤੋਂ ਦ੍ਰਿਸ਼ ਅਦ੍ਰਿਸ਼ ਜਗਤ ਦੀ ਰਚਨਾ ਹੋਈ।

ਉਪਨਿਸ਼ਦਾਂ ਵਿਚ ਬੀ ਇਹ ਪਦ ਈਸ਼ਵਰ ਦੇ ਅਰਥਾਂ ਵਿਚ ਆਇਆ ਹੈ-

ਦਿਵਯੋਹਯ ਮੂਰਤਹ:ਪੁਰਖੁ: ਸਬਾਹਯਭਯੰਤਰੋ ਹਯਜ:

ਅਪ੍ਰਮਾਣੋ ਹਯਮਨਾ: ਸੁਭ੍ਰੋਹਯ ਕਜ਼ਰਾ ਤਪਰਤ: ਪਰ: (ਮੁੰਡਕ ਉਪਨਿਸ਼ਦ 1-3-2)

ਸਾਂਖ ਦਰਸ਼ਨ ਬੀ ਇਹ ਪਦ ਕੁਛ ਜੀਵਾਤਮਾ ਯਾਂ ਰੂਹ ਦੇ ਅਰਥਾਂ ਵਿਚ ਆਇਆ ਹੈ। ਪੁਰਖ ਅਨੇਕ ਮੰਨੇ ਹਨ। ਯੋਗ ਨੇ ਇਸ ਵਾਙੂੰ ਪੁਰਖ ਤਾਂ ਅਨੇਕ ਮੰਨੇ ਹਨ ਪਰ ਇਕ ਪੁਰਖ ਵਿਸ਼ੇਸ਼ ਮੰਨਿਆ ਹੈ ਇਸ ਨੂੰ ਈਸ਼ਵਰ ਆਖਿਆ ਹੈ।[35] ਇਥੇ ਇਹ ਗਲ ਵੀ ਧਿਆਨ ਵਿਚ ਰਖਣ ਵਾਲੀ ਹੈ ਭਾਈ ਵੀਰ ਸਿੰਘ ਜੀ ਨੇ ਇਨ੍ਹਾਂ ਧਾਰਮਿਕ ਗ੍ਰੰਥਾਂ ਨੂੰ ਹਵਾਲੇ ਵਜੋਂ ਹੀ ਵਰਤਿਆ ਹੈ ਕਿਉਂਕਿ ਗੁਰਬਾਣੀ ਵਿਚਲੇ ਗੂੜ ਰਹੱਸ ਨੂੰ ਸਮਝਣ ਲਈ ਵੇਦਾਂਤ ਇਕ ਸਾਧਨ/ਪਉੜੀ ਹੈ। ਆਪ ਜੀ ਇਨ੍ਹਾਂ ਗ੍ਰੰਥਾਂ ਵਿਚੋਂ ਟੂਕਾਂ ਵੀ ਦਿੰਦੇ ਹਨ ਪਰ ਸਰਵ ਸ੍ਰੇਸ਼ਟ ਗੁਰੂ ਗ੍ਰੰਥ ਸਾਹਿਬ ਨੂੰ ਹੀ ਕਰਦੇ ਹਨ।[36]

9 **ਸਾਹਿਤਕ ਪੱਖ-**

ਰਹੱਸਮਈ ਕਵੀ, ਵਿਆਖਿਆਕਾਰ ਹੋਣ ਦੇ ਨਾਲ-ਨਾਲ ਭਾਈ ਵੀਰ ਸਿੰਘ ਜੀ ਉਘੇ ਸਾਹਿਤਕਾਰ ਵੀ ਹੋਏ ਹਨ। ਗੁਰਬਾਣੀ ਦੇ ਕਈ ਸ਼ਬਦਾਂ ਲਈ ਉਹ ਸਾਹਿਤਕ ਪੱਖ ਨੂੰ ਵੀ ਪੇਸ਼ ਕਰਦੇ ਹਨ।

**ਗੁਰਮਤਿ ਵਿਆਖਿਆ**

ਗੁਰਮਤਿ ਸਿਧਾਂਤ- ਗੁਰਬਾਣੀ ਵਿਆਖਿਆ ਕਰਦਿਆਂ ਭਾਈ ਵੀਰ ਸਿੰਘ ਜੀ ਕੇਵਲ ਅੱਖਰੀ ਅਰਥ ਕਰਕੇ ਅੱਗੇ ਨਹੀ ਤੁਰਦੇ ਬਲਕਿ ਉਸ ਸ਼ਬਦ ਵਿਚ ਆਏ ਸਿੱਖ ਧਰਮ ਨਾਲ ਸਬੰਧਤ ਸਿਧਾਂਤ ਨੂੰ ਗੁਰਮਤਿ ਦੀ ਰੌਸ਼ਨੀ ਵਿਚ ਵਿਸਤਾਰ ਵਿਚ ਖੋਲ੍ਹ ਕੇ ਪੇਸ਼ ਕਰਦੇ ਹਨ। ਸਿੰਘ ਸਭਾ ਲਹਿਰ ਤੋਂ ਪਹਿਲਾਂ ਇਹ ਪਰਪਾਟੀ ਨਾ-ਮਾਤਰ ਹੀ ਸੀ ਪਰ ਸਿੰਘ ਸਭਾ ਲਹਿਰ ਦੇ ਵਿਦਵਾਨ ਸੱਜਣਾਂ ਨੇ ਇਹ ਲੋੜ ਮਹਿਸੂਸ ਕੀਤੀ ਕਿ ਸਿੱਖ ਧਰਮ ਦੇ ਮੁਢਲੇ ਸਿਧਾਂਤ ਨਾਮ, ਹੁਕਮ, ਅਕਾਲ-ਪੁਰਖ, ਗੁਰੂ, ਨਦਰਿ, ਧਰਮ ਤੇ ਸਦਾਚਾਰ, ਹਉਮੈ, ਅਤੇ ਜਗਤ ਆਦਿ ਗੁਰਮਤਿ ਸਿਧਾਂਤਾਂ ਨੂੰ ਗੁਰਬਾਣੀ ਦੀ ਲੋਅ ਵਿਚ ਪੇਸ਼ ਕੀਤਾ ਹੈ। ਭਾਈ ਵੀਰ ਸਿੰਘ ਜੀ ਨੇ ਗੁਰਮਤਿ ਨਾਲ ਸਬੰਧਤ ਜਿਨ੍ਹਾਂ ਪੱਖਾਂ ਨੂੰ ਉਜਾਗਰ ਕੀਤਾ ਹੈ ਉਹ ਇਸ ਪ੍ਰਕਾਰ ਹਨ-

1. ਨਾਮ
2. ਅਕਾਲ-ਪੁਰਖ
3. ਗੁਰੂ
4. ਗੁਰਬਾਣੀ
5. ਨਦਰਿ
6. ਹੁਕਮ
7. ਧਰਮ ਤੇ ਸਦਾਚਾਰ

**ਨਾਮ-**

ਨਾਮ ਸਿਮਰਨ ਅਭਿਆਸ ਸਿੱਖ ਧਰਮ ਦਾ ਇਕ ਅਟੁੱਟ ਹਿੱਸਾ ਹੈ। ਕਿਉਂਕਿ ਗੁਰਬਾਣੀ ਵਿਚ ਬਚਨ ਹਨ ਕਿ ਨਾਮ ਤੋਂ ਬਿਨਾ ਸਭ ਕੁਝ ਝੂਠ ਦਾ ਪਸਾਰਾ ਹੈ।[37] ਅਤੇ ਨਾਮ ਕਰਕੇ ਹੀ ਸਾਰੇ ਜੀਵ-ਜੰਤੂ, ਖੰਡ-ਬ੍ਰਹਮੰਡ, ਸਾਰੇ ਲੋਕ ਅਤੇ ਪਾਤਾਲ ਹਨ।[38] ਨਾਮ ਸਰਬਵਿਆਪੀ ਹੈ। ਪਰ ਇਹ ਜਾਨਣਾ ਵੀ ਜਰੂਰੀ ਹੋ ਜਾਂਦਾ ਹੈ ਕਿ ਉਹ ਨਾਮ ਹੈ ਕੀ ਜਿਸ ਦਾ ਵਜੂਦ ਇੱਡਾ ਵੱਡਾ ਤੇ ਵਿਸ਼ਾਲ ਹੈ। ਭਾਈ ਵੀਰ ਸਿੰਘ ਜੀ ਕਹਿੰਦੇ ਹਨ ਕਿ ਸੰਸਾਰ ਵਿਚ ਪਦਾਰਥਾਂ, ਥਾਵਾਂ, ਵਸਤਾਂ, ਜੀਵ, ਜੰਤੂਆਂ ਆਦਿ ਦੇ ਵੀ ਨਾਮ ਹਨ ਪਰ ਉਹ ਸਾਰੇ ਨਾਸ਼ਵਾਨ ਹਨ। ਪਰਮੇਸਰ ਅਬਦਲ ਹੈ, ਅਵਿਨਾਸ਼ੀ ਹੈ, ਅਰਥਾਤ ਸਦਾ 'ਸਤਿ' ਹੈ, ਇਸ ਕਰਕੇ ਉਸਦਾ ਨਾਮ ਵੀ 'ਸਤਿ' ਹੈ। ਇਸ ਕਰਕੇ ਹੀ ਉਹ 'ਸਤਿਨਾਮ' ਹੈ। ਇਸ ਪ੍ਰਕਾਰ ਨਾਮ ਨਿਰਾ ਸੰਗਯਾ ਮਾਤਰ ਨਹੀ, ਨਾਮ ਜਪ ਹੈ, ਨਾਮ ਸਿਮਰਨ ਹੈ।[39] ਭਾਈ ਵੀਰ ਸਿੰਘ ਜੀ ਨੇ ਨਾਮ ਦੇ ਪੰਜ ਪੜਾਅ ਮੰਨੇ ਹਨ: ਰਸਨਾ ਨਾਲ ਜਪ, ਹਿਰਦੇ ਨਾਲ ਸਿਮਰਨ, ਨਾਮ ਦੀ ਰਸ ਰੂਪਤਾ, ਨਾਮ ਦੀ ਸਰਬ ਵਿਆਪਕਤਾ ਤੇ ਨਾਮ ਦੁਆਰਾ ਤਦਰੂਪਤਾ।[40] ਨਾਮ ਜਪਣ ਵਾਲੇ ਨੂੰ ਨਾਮੀ ਵੀ ਕਿਹਾ ਜਾਂਦਾ ਹੈ। ਨਾਮੀ ਦੁਆਰਾ ਅਕਾਲ ਪੁਰਖ ਵਾਹਿਗੁਰੂ ਦਾ ਨਾਮ ਜਪਦਿਆਂ ਇਕ ਦਿਨ ਉਸ ਵਿਚ ਅਭੇਦ ਹੋ ਜਾਣਾ ਹੈ ਜਿਸ ਨੂੰ ਭਗਤ ਕਬੀਰ ਜੀ ਨੇ '

ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥

ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥204॥ ਅੰਗ 1375

ਕਹਿ ਕੇ ਉਸ ਦਾ ਹੀ ਰੂਪ ਹੋ ਜਾਣ ਨੂੰ ਕਿਹਾ ਹੈ। ਭਾਈ ਵੀਰ ਸਿੰਘ ਜੀ ਵੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਨਾਮ ਸਿਮਰਨ ਅਕਾਲ ਪੁਰਖ ਵਿਚ ਅਭੇਦ ਕਰਦਾ ਹੈ ਪਰ ਇਸ ਨੂੰ ਧਿਆਨ ਦੀ ਬਿਧ ਵੀ ਮੰਨਦੇ ਹਨ ਕਿ ਧਿਆਨ ਤੋਂ ਬਿਨਾ ਤਾਂ ਫਲ ਦੀ ਪ੍ਰਾਪਤੀ ਨਹੀ ਹੋ ਸਕਦੀ।[41]

**ਅਕਾਲ ਪੁਰਖ-**

ਅਕਾਲ ਪੁਰਖ ਸ਼ਬਦ ਗੁਰਮਤਿ ਅਧਿਆਤਮਕ ਤੇ ਵਿਚਾਰਧਾਰਕ ਅਧਿਐਨ ਵਿਚ ਵਰਤਿਆ ਜਾਣ ਵਾਲਾ ਆਮ ਸ਼ਬਦ ਹੈ। ਇਸ ਨੂੰ ਵਿਸ਼ੇਸ਼ ਸਿੱਖ ਸ਼ਬਦਾਵਲੀ ਦਾ ਸਿਧਾਂਤਕ ਸ਼ਬਦ ਵੀ ਕਹਿ ਸਕਦੇ ਹਾਂ। ਹੋਰ ਧਾਰਮਿਕ ਸੰਪ੍ਰਦਾਵਾਂ ਬ੍ਰਹਮ, ਪਰਮਾਤਮਾ, ਪ੍ਰਭੂ ਆਦਿ ਸ਼ਬਦ ਪਰਮਸੱਤਾ ਲਈ ਵਰਤਦੀਆਂ ਰਹੀਆਂ ਹਨ ਉਸੇ ਤਰ੍ਹਾਂ ਹੀ ਅਕਾਲ ਪੁਰਖ ਸ਼ਬਦ ਵੀ ਪਰਮਸੱਤਾ ਦਾ ਹੀ ਲਖਾਇਕ ਹੈ।[42] ਭਾਈ ਵੀਰ ਸਿੰਘ ਜੀ ਜਪੁਜੀ ਵਿਚ ਮੂਲਮੰਤਰ ਦੀ ਵਿਆਖਿਆ ਕਰਦਿਆਂ ਇਸ ਸ਼ਬਦ ਨੂੰ ਹੋਂਦ ਵਿਚ ਲਿਆਉਂਦੇ ਹਨ ਜਿਸ ਪ੍ਰਕਾਰ ਸਿੰਘ ਸਭਾ ਲਹਿਰ ਦੇ ਹੀ ਇਕ ਹੋਰ ਵਿਦਵਾਨ ਪ੍ਰਿ. ਤੇਜਾ ਸਿੰਘ ਜੀ ਪਰਮਸੱਤਾ ਦੇ ਸਰੂਪ ਲਈ ਵਾਹਿਗੁਰੂ ਸ਼ਬਦ ਵਰਤਦੇ ਹਨ।[43] ਅਕਾਲ ਅਤੇ ਪੁਰਖ ਦੋਵੇਂ ਸ਼ਬਦ ਮੂਲਮੰਤਰ ਵਿਚੋਂ ਹੀ ਲਏ ਗਏ ਹਨ। ਇਸ ਤਰ੍ਹਾਂ ਇਹ ਸ਼ਬਦ ਅਕਾਲ ਪੁਰਖ ਗੁਰਮਤਿ ਦੇ ਮੂਲ ਆਸ਼ੇ ਤੇ ਵਿਚਾਰਧਾਰਕ ਦ੍ਰਿਸ਼ਟੀਕੋਣ ਤੋਂ ਪਰਮਸੱਤਾ ਨੂੰ ਪ੍ਰਗਟਾਉਂਦਾ ਹੈ।[44] ਭਾਈ ਵੀਰ ਸਿੰਘ ਜੀ ਤੋਂ ਪਹਿਲਾਂ ਅਕਾਲ ਪੁਰਖ ਦੀ ਹਸਤੀ ਨੂੰ ਪਹਿਲੇ ਟੀਕਾਕਾਰਾਂ ਨੇ ਵੈਦਿਕ ਟੋਨ ਦੇ ਸਹਾਰੇ ਹੀ ਵੇਖਣ ਦਾ ਯਤਨ ਕੀਤਾ ਪਰ ਭਾਈ ਵੀਰ ਸਿੰਘ ਜੀ ਨੇ ਵੈਦਿਕ ਪ੍ਰੰਪਰਾ ਅਤੇ ਬ੍ਰਿਜ ਭਾਸ਼ਾ ਤੋਂ ਵੱਖਰਾ ਸ਼ਬਦ ਪੰਜਾਬੀ ਭਾਸ਼ਾ ਨੂੰ ਦਿੱਤਾ ਉਸ ਨੂੰ ਅਕਾਲ ਪੁਰਖ ਦੀ ਸੰਗਿਆ ਦਿੱਤੀ ਗਈ। ਭਾਈ ਸਾਹਿਬ ਜੀ ਨੇ ਮੂਲਮੰਤਰ ਦੀ ਵਿਆਖਿਆ ਕਰਦਿਆਂ '੧ਓ' ਦੇ ਓਅੰਕਾਰ ਤੇ ਉਚਾਰਣ ਪੱਖ ਵੱਲ ਵੀ ਉਚੇਚਾ ਧਿਆਨ ਦੇਂਦਿਆਂ ਇਸ ਦੇ ਸੁੱਧ ਉਚਾਰਣ ਓਅੰਕਾਰ ਪੜ੍ਹਣਾ ਹੈ ਨਾ ਕਿ ਓਮ ਜਾਂ ਓਂ। ਉਪਰੋਕਤ ਦੋਨੋ ਉਚਾਰਣ ਸੰਸਕ੍ਰਿਤ ਭਾਸ਼ਾ ਦੀ ਵਿਆਕਰਣ ਦੇ ਆਧਾਰ ਤੇ ਹੈ ਅਤੇ ਓਅੰਕਾਰ ਸ਼ਬਦ ਪੰਜਾਬੀ ਭਾਸ਼ਾ ਅਨੁਸਾਰ ਹੈ।

**ਗੁਰੂ-**

ਗੁਰੂ ਕਿਸ ਨੂੰ ਕਿਹਾ ਜਾਂਦਾ ਹੈ ਜੋ ਅਗਿਆਨਤਾ ਰੂਪੀ ਹਨੇਰੇ ਦੀ ਥਾਂ ਚਾਨਣ ਮੁਨਾਰਾ ਬਣ ਜਾਵੇ ਅਤੇ ਪਰਮਾਤਮਾ ਦੇ ਰਾਹ ਤੋਂ ਭਟਕਦੀ ਰੂਹ ਨੂੰ ਅਕਾਲ ਪੁਰਖ ਦੇ ਚਰਨਾਂ ਨਾਲ ਜੋੜ ਦੇਵੇ ਉਸ ਨੂੰ ਗੁਰੂ

ਕਿਹਾ ਜਾਂਦਾ ਹੈ। ਗੁਰਮਤਿ ਵਿਚ ਗੁਰੂ ਦਾ ਦਰਜਾ ਬਹੁਤ ਉੱਚਾ ਹੈ ਕਿਉਕਿ ਗੁਰੂ ਹੀ ਅਕਾਲ ਪੁਰਖ ਨਾਲ ਮੇਲ ਕਰਾਉਣ ਵਿਚ ਸਹਾਇਕ ਹੁੰਦਾ ਹੈ। ਗੁਰਬਾਣੀ ਵਿਚ ਬਚਨ ਹਨ

ਗੁਰੂ ਗੁਰੂ ਗੁਰੁ ਕਰਿ ਮਨ ਮੋਰ ॥
ਗੁਰੂ ਬਿਨਾ ਮੈ ਨਾਹੀ ਹੋਰ ॥
ਗੁਰ ਕੀ ਟੇਕ ਰਹਹੁ ਦਿਨੁ ਰਾਤਿ ॥
ਜਾ ਕੀ ਕੋਇ ਨ ਮੇਟੈ ਦਾਤਿ ॥੧॥ ਅੰਗ 864

ਭਾਈ ਵੀਰ ਸਿੰਘ ਜੀ ਨੇ ਵੀ ਗੁਰੂ ਪਦ ਦੇ ਅਰਥ ਬਹੁਤ ਹੀ ਖ਼ੂਬ ਕੀਤੇ ਹਨ ਉਹ ਲਿਖਦੇ ਹਨ ਸਿਖਿਆ ਦਾਤਾ, ਗੁਰ ਮੰਤਰ ਦਾਤਾ, ਦੀਖਯਤ ਕਰਨ ਵਾਲਾ।[45] ਭਾਈ ਸਾਹਿਬ ਇਸ ਦਾ ਅਰਥ ਗੁਰੂ ਦਾ ਪ੍ਰਸਾਦ[46] ਅਤੇ ਗੁਰੂ ਜੀ ਦੀ ਕਿਰਪਾ ਨਾਲ[47] ਵੀ ਕਰਦੇ ਹਨ। ਸਨਾਤਨੀ ਮੱਤ ਵਿਚ ਗੁਰੂ ਦੇਵੀ ਦੇਵਤਿਆਂ ਲਈ ਵੀ ਵਰਤਿਆ ਗਿਆ ਪਰ ਭਾਈ ਸਾਹਿਬ ਜੀ  ਦਸ ਗੁਰੂ ਸਾਹਿਬ ਡਾ. ਤਾਰਨ ਸਿੰਘ ਭਾਈ ਵੀਰ ਸਿੰਘ ਜੀ ਸ਼ਬਦਾਂ ਦੀ ਪ੍ਰੋੜਤਾ ਕਰਦੇ ਹੋਏ ਲਿਖਦੇ ਹਨ ਕਿ ਗੁਰੂ ਨਾਨਕ ਦਾ ਗੁਰੂ ਤੇ ਕੇਵਲ  ਪਾਰਬ੍ਰਹਮ ਹੀ ਹੈ। ਕੋਈ ਮਨੁੱਖ ਜਾਂ ਦੇਵੀ ਦੇਵਤਾ ਉਸ ਦਾ ਗੁਰੂ ਨਹੀਂ ਹੈ। ਸੰਤ, ਗੁਰਸਿੱਖ ਵੀ ਪਾਰਬ੍ਰਹਮ ਨੂੰ ਹੀ ਆਪਣਾ ਗੁਰੂ ਮੰਨਦੇ ਹਨ। ਗੁਰਸਿੱਖਾਂ ਦਾ ਗੁਰੂ ਧਿਆਨ ਹੈ। ਧਿਆਨ ਅਕਾਲ ਪੁਰਖ ਵਿਚ ਟਿਕ ਜਾਣਾ ਹੈ।[48] ਗੁਰੂ ਪਦ ਦੀ ਵਿਸ਼ੇਸ਼ ਵਿਆਖਿਆ ਕਰਦਿਆਂ ਭਾਈ ਵੀਰ ਸਿੰਘ ਜੀ ਨੇ ਲਿਖਿਆ- "ਸੋ ਗੁਰਸਿੱਖੀ ਵਿਚ ਇਹ ਪਦ ਦਸੋਂ ਗੁਰੂ ਸਾਹਿਬਾਨ ਵਾਸਤੇ ਮਖ਼ਸੂਸ ਹੈ। ਦਸੋਂ ਗੁਰੂ ਸਾਹਿਬ ‘ਇਨਸਾਨ ਗੁਰੂ' ਨਹੀ' ਪਰ 'ਦੇਵ ਗੁਰੂ' ਮੰਨੇ ਗਏ ਹਨ, ਜੈਸਾ ਕਿ ਫ਼ੁਰਮਾਨ ਹੈ-

ਗੁਰੂ ਨਾਨਕ ਦੇਵ ਗੋਵਿੰਦ ਰੂਪ॥ (ਬਸੰਤ ਮ.5, ਅਸਟ 1)
ਗੁਰੂ ਨਾਨਕੁ ਨਾਨਕੁ ਹਰਿ ਸੋਇ॥ (ਗੋਂਡ ਮ. 5)

ਗੁਰੂ ਪਦ ਦਾ ਅਰਥ, ਜਦ ਉਹ ਉਪਰੋਕਤ ਗੁਰੁ ਸਾਹਿਬਾਨ ਤੇ ਵਰਤਿਆ ਜਾਂਦਾ ਹੈ, ਤਾਂ ਉਸਤਾਦ ਮਾਤਰ ਯਾ ਦੀਖਯਾਦਾਤਾ  ਮਾਤਰ ਨਹੀਂ, ਪਰ ਵਾਹਿਗੁਰੂ ਦੀ 'ਗੁਰੂ ਜਯੋਤੀ' ਤੋਂ ਹੈ। ਇਹ ਜਯੋਤੀ

ਹੀ ਸਾਰੇ ਗੁਰੂ ਸਾਹਿਬਾਂ ਵਿਚ ਕੰਮ ਕਰਦੀ ਹੈ, ਇਸ ਜਯੋਤੀ ਵਾਲੇ 'ਦੇਵ ਗੁਰੂ ਹਨ। ਦਸਾਂ ਗੁਰੂ ਸਾਹਿਬਾਂ ਦੇ ਸਰੀਰਕ ਤਿਯਾਗ ਮਗਰੋਂ ਗੁਰਿਆਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਖੀ ਗਈ ਤੇ ਪੰਥ ਉਨ੍ਹਾਂ ਦੀ ਤਾਬਿਆ ਗੁਰੂ ਕੀਤਾ ਗਿਆ, ਸੋ ਪੰਜ ਪਿਆਰੇ ਗੁਰੂ ਗ੍ਰੰਥ ਦੀ ਤਾਬਿਆ ਹੋ ਕੇ ਦੀਖਯਾ ਦੇਣ ਦਾ ਕਾਰਜ ਕਰਦੇ ਹਨ। ਦੀਖਯਤ ਪੁਰਖ ਦੇ ਨਾਮ ਅਭਯਾਸ ਵਿਚ ਮੁਸ਼ਕਲਾਂ ਦੇ ਹੱਲ ਤੇ ਸਾਹਿਤਾ ਦਾ ਕਾਰਜ ਗੁਰਮੁਖ ਕਰਦੇ ਹਨ। ਗੁਰਮੁਖ ਨੂੰ ਗੁਰ ਬਾਣੀ ਵਿਚ 'ਸੰਤ, ਜਨ, ਹਰਿਜਨ, ਸਾਧੂ' ਕਈ ਨਾਵਾਂ ਨਾਲ ਵਰਣਨ ਕੀਤਾ ਹੈ। ਗੁਰੂ ਸਾਹਿਬਾਂ ਦੇ ਆਪਣੇ ਸਮੇ ਭੀ ਦੂਰ ਦੂਰ ਥਾਂਈਂ ਗੁਰਮੁਖ ਹੀ ਦੀਖਯਾ ਦੇਣ ਦਾ ਕੰਮ ਕਰਦੇ ਸਨ, ਪਰ ਉਹ ਆਪ ਗੁਰੂ ਸਾਹਿਬਾਂ ਤੁਲ 'ਦੇਵ ਗੁਰੂ' ਹੋਣ ਦਾ ਦਾਅਵਾ ਨਹੀਂ ਸਨ ਕਰਦੇ। ਸਭ ਸਿੱਖਾਂ ਨੂੰ ਲਿਆ ਕੇ ਗੁਰੂ ਕੀ ਚਰਨੀਂ ਲਾਉਂਦੇ ਸਨ। ਹੁਣ ਭੀ 'ਗੁਰਮੁਖ ਦਾ ਮੇਲ' ਅਰਦਾਸੇ ਵਿਚ ਰੋਜ ਮੰਗੀਦਾ ਹੈ ਯਥਾ:

'ਗੁਰਮੁਖ ਦਾ ਮੇਲ, ਸਾਧ ਦਾ ਸੰਗ, ਸੋਈ ਪਿਆਰੇ ਮੇਲੀਂ,
ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ।'

ਗੁਰਬਾਣੀ ਵਿਚ 'ਗੁਰਮੁਖਾਂ' 'ਗੁਰਸਿਖਾਂ' ਨੂੰ ਨਾਮ ਪ੍ਰਚਾਰ ਦਾ ਅਧਿਕਾਰ ਦਿਤਾ ਹੈ। ਯਥਾ:

ਗੁਰਮੁਖਿ ਘਾਲੇ ਗੁਰਮੁਖਿ ਖਟੇ ਗੁਰਮੁਖਿ ਨਾਮੁ ਜਪਾਏ।
ਸਦਾ ਅਲਿਪਤੁ ਸਾਚੇ ਰੰਗਿ ਰਾਤਾ ਗੁਰ ਕੈ ਸਹਜਿ ਸੁਭਾਏ॥ (ਸੂਹੀ ਮ.3, ਅਸਟ 1)

ਸੋ ਕਿਸੇ ਗੁਰਮੁਖ ਨੂੰ, ਚਾਹੋ ਕਿਤਨਾ ਪਾਰਗਾਮੀ ਹੋਵੇ, ਦਸਾਂ ਗੁਰੂ ਸਾਹਿਬਾਂ ਦੇ ਤੁਲ ਮੰਨਣਾਂ, ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਤੋਂ ਇਨਕਾਰ ਕਰਨਾ, ਗੁਰਮਤਿ ਨਹੀਂ, ਪਰ ਗੁਰਮੁਖ, ਗੁਰਸਿਖ, ਸੰਤ ਆਦਿ ਨਾਮ-ਪ੍ਰੇਮੀ ਦੇ ਸਤਿਸੰਗ ਤੇ ਸਾਹਿਤਾ ਤੋਂ ਵਾਂਝੇ ਜਾਣਾ ਭੀ ਗੁਰਮਤਿ ਅਨੁਕੂਲ ਨਹੀਂ।"[49]

**ਹੁਕਮ-**

ਭਾਈ ਸਾਹਿਬ ਨੇ 'ਹੁਕਮ' ਦਾ ਸਿਧਾਂਤ ਗੁਰਬਾਣੀ ਦਾ ਕੇਂਦਰੀ ਸਿਧਾਂਤ ਸਹੀ ਕੀਤਾ ਹੈ ਅਤੇ ਇਸ ਦਾ ਭਾਵ ਨਿਯਮ, ਕਾਨੂੰਨ ਲਿਆ ਹੈ ਜੋ ਅਕਾਲ ਪੁਰਖ ਦੀ ਮਰਜੀ ਅਨੁਸਾਰ ਹੋਂਦ ਵਿਚ ਆਇਆ ਹੈ।[50] ਹੁਕਮ ਸ਼ਬਦ ਅਕਾਲ ਪੁਰਖ ਦਾ ਹੀ ਲਖਾਇਕ ਹੈ। ਹੁਕਮ ਹੁਕਮੀ ਦੀ 'ਨਿਜ ਅਨੰਤ ਚੇਤਨਾ' ਹੋਣ ਕਰਕੇ

ਉਸ ਵਿਚ ਅਭੇਦ ਹੈ ਤੇ ਉਸੇ ਵਾਂਗ ਬੇਅੰਤ ਤੇ ਅਕੱਥ ਹੈ। ਇਹ ਸਤਯ ਸਰੂਪ ਹੈ। ਹੁਕਮ ਨਿਰਾਕਾਰ ਹੈ। ਇਸ ਪ੍ਰਕਾਰ ਹੁਕਮ ਅਕਾਲ ਪੁਰਖ ਦਾ ਹੀ ਰੂਪ ਹੈ।[51] ਹੁਕਮ ਨੇ ਸਾਰੀ ਰਚਨਾ ਕੀਤੀ ਹੈ, ਹੁਕਮ ਆਪ ਨਿਰਾਕਾਰ ਹੈ[52] ਪਰ ਉਸ ਦੀ ਰਚਨਾ ਨਿਰਾਕਾਰ ਵੀ ਹੈ ਤੇ ਸਾਕਾਰ ਵੀ ਹੈ। ਹੁਕਮ ਰਜ਼ਾ ਜੀਉਣ ਲਈ ਹਉਮੈ ਤੋਂ ਛੁਟਕਾਰਾ ਪਾਉਣਾ ਜਰੂਰੀ ਹੈ। ਨਿਜਤਵ ਤੇ ਨਿਜ- ਹਿਤਾਂ ਦਾ ਤਿਆਗ ਆਵਸ਼ਕ ਹੈ। ਪਰ ਹੁਕਮ ਦਾ ਭਾਵ ਇਹ ਨਹੀ ਹੈ ਕਿ ਮਨੁੱਖ ਨੇ ਬੁੱਧੀ ਨੂੰ ਨਹੀ ਵਰਤਣਾ ਜਾਂ ਆਪ ਨਿਰਣੇ ਨਹੀ ਕਰਣੇ ਅਤੇ ਕੋਈ ਜੁੰਮੇਵਾਰੀ ਨਹੀ ਲੈਣੀ। ਮਨੁੱਖ ਆਪਣੇ ਕਰਮਾ ਲਈ ਜੁੰਮੇਵਾਰ ਹੈ। ਉਹ ਕਰਮ ਕਰਣ ਲਈ ਕਿਸੇ ਸੀਮਾ ਤੀਕ ਸੁਤੰਤਰ ਵੀ ਹੈ।[53] ਭਾਈ ਵੀਰ ਸਿੰਘ ਜੀ ਜੀਵ ਦੇ ਕਰਮਾਂ ਬਾਰੇ ਪ੍ਰੋੜਤਾ ਕਰਦੇ ਹਨ-"ਜੀਵ ਦੇ ਆਪਣੇ ਕਰਮਾਂ ਵਿਚ ਨਿਰਾ ਹੁਕਮ ਹੀ ਚਲ ਰਿਹਾ ਮੰਨਿਆ ਜਾਏ ਤਾਂ ਜੀਵ ਦੀ ਇਖਲਾਕੀ ਜ਼ਿੰਮੇਵਾਰੀ ਕੋਈ ਨਹੀਂ ਰਹਿੰਦੀ। ਪਰ ਹਰ ਜੀਵ ਦੇ ਅੰਦਰ ਇਖ਼ਲਾਕੀ ਨੁਕਤਾ ਮੌਜੂਦ ਹੈ ਜੋ ਦਲੀਲ ਹੈ ਇਨਸਾਨ ਦੀ ਇਖ਼ਲਾਕੀ ਜ਼ਿੰਮੇਵਾਰੀ ਦੀ। ਫਿਰ ਜੀਵ ਵਿਚ ਬੁੱਧੀ ਹੈ, ਚੋਣ ਦੀ ਸੁਤੰਤਰਤਾ ਹੈ। ਚੋਣ ਦੀ ਸੁਤੰਤਰਤਾ ਬੀ ਜ਼ਿੰਮੇਵਾਰੀ ਦੀ ਦਲੀਲ ਹੈ।[54]

**ਨਦਰਿ-**

ਸਿੱਖ ਧਰਮ ਵਿਚ ਨਦਰਿ ਦੇ ਸੰਕਲਪ ਨੂੰ ਉਸ ਅਕਾਲ ਪੁਰਖ ਦੀ ਮਿਹਰ ਦੇ ਰੂਪ ਵਿਚ ਵੇਖਿਆ ਜਾਂਦਾ ਹੈ। ਜੇਕਰ ਉਸ ਦੀ ਕਿਰਪਾ ਹੁੰਦੀ ਹੈ ਤਾਂ ਵਡੇ ਤੋਂ ਵੀ ਵਡਾ ਕਾਰਜ ਆਸਾਨੀ ਨਾਲ ਹੋ ਜਾਂਦਾ ਹੈ। ਨਦਰ ਨਾਲ ਹੀ ਅਕਾਲ ਪੁਰਖ ਨੂੰ ਪਾਇਆ ਜਾ ਸਕਦਾ ਹੈ। ਪਰ ਜੇਕਰ ਉਸ ਅਕਾਲ ਪੁਰਖ ਦੀ ਨਦਰਿ ਦੇ ਪਾਤਰ ਨਾ ਬਣ ਸਕੇ ਤਾਂ ਵਡੇ-ਵਡੇ ਰਾਜੇ ਸੁਲਤਾਨ ਵੀ ਖੇਹ ਹੋ ਜਾਂਦੇ ਹਨ।[55] ਗੁਰਮਤਿ ਅਨੁਸਾਰ 'ਮੋਖ ਦੁਆਰ' ਕੇਵਲ 'ਨਦਰਿ' ਨਾਲ ਹੀ ਪ੍ਰਾਪਤ ਹੋ ਸਕਦਾ ਹੈ।[56] ਕਰਮਾ ਨਾਲ ਤਾਂ ਚੰਗੀ ਜਾਂ ਮੰਦੀ ਦੇਹੀ ਪ੍ਰਾਪਤ ਹੁੰਦੀ ਹੈ। ਗੁਰਮਤਿ ਵਿਚ ਨਦਰਿ ਬਖ਼ਸ਼ਿਸ਼ ਅਵੱਸ਼ ਹੁੰਦੀ ਹੈ, ਇਸ ਲਈ ਨਰਾਸ ਹੋਣਾ ਠੀਕ ਨਹੀ ਹੈ। ਗੁਰਮਤਿ ਵਿਚ ਪ੍ਰਭੂ ਦਾ ਬਿਰਦ(ਬਿਰਦ ਸੁਆਮੀ ਸੰਦਾ) ਹੀ ਬਖ਼ਸ਼ਿਸ਼ ਮੰਨਿਆ ਹੈ।[57]

**ਗੁਰਬਾਣੀ-**

ਗੁਰਬਾਣੀ ਧੁਰ ਕੀ ਬਾਣੀ ਹੈ। ਇਹ ਰੱਬੀ ਆਵੇਸ਼ ਹੈ ਜੋ ਗੁਰੂ ਦੁਆਰਾ ਜਨ ਸਾਧਾਰਨ ਤੱਕ ਪਹੁੰਚੀ ਹੈ। ਗੁਰਬਾਣੀ ਮਨੁੱਖ ਨੂੰ ਭੇਖ, ਭਰਮ, ਭੈ ਤੋਂ ਮੁਕਤ ਕਰਦੀ ਹੈ। ਗੁਰਬਾਣੀ ਦਾ ਅਥਾਹ ਖਜਾਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਸਿੱਖ ਧਰਮ ਪਾਸ ਮੌਜੂਦ ਹੈ। ਗੁਰਬਾਣੀ ਮਨੁੱਖੀ ਮਨ ਨੂੰ ਪਾਪ ਅਤੇ ਵਿਕਾਰਾਂ ਵਿਚੋਂ ਕਢ ਕੇ ਅਕਾਲ ਪੁਰਖ ਵਿਚ ਅਭੇਦ ਕਰ ਦਿੰਦੀ ਹੈ। ਭਾਈ ਵੀਰ ਸਿੰਘ ਜੀ ਗੁਰਬਾਣੀ ਦੀ ਮਹਾਨਤਾ ਇਸ ਪ੍ਰਕਾਰ ਦਸਦੇ ਹਨ-ਬਾਣੀ ਪਰਮੇਸ਼ਰ, ਗੁਰੂ, ਸੰਤ, ਸਤਿਸੰਗ ਤੇ ਨਾਮ ਦੀ ਮਹਿਮਾ ਦਸਦੀ ਹੈ, ਪ੍ਰੇਮ ਵਧਾਉਂਦੀ ਹੈ। ਬਾਣੀ ਪੜਣੇ ਵਾਲੇ ਵਿਚ ਦੈਵੀ ਗੁਣ ਪ੍ਰਵੇਸ਼ ਕਰਾਉਂਦੀ ਹੈ। ਅਰ ਉਸ ਨੂੰ ਪਰਮੇਸ਼ਰ ਦੀ ਨਜਰ ਵਿਚ ਪ੍ਰਵਾਨ ਅਰ ਯੋਗ ਕਰਦੀ ਹੈ। ਬਾਣੀ ਦੇ ਭਜਨੀਕ ਸਿੰਘ ਅਰ ਪੁਰਾਤਨ ਮਹਾਤਮਾ ਤੋਂ ਪਤਾ ਲਗਦਾ ਹੈ ਕਿ ਬਾਣੀ ਦਾ ਅਭਯਾਸ ਵਿਚਾਰ ਸੰਯੁਕਤ ਦ੍ਰਿੜ ਹੋਣੇ ਤੇ ਨਾਮ ਦ੍ਰਿੜ ਕਰੀਦਾ ਹੈ। ਬਾਣੀ ਬਿਨ ਹਿਰਦਾ ਸਫ਼ਾ ਨਹੀ ਹੁੰਦਾ, ਨਾਮ ਮੈਲੇ ਹਿਰਦੇ ਵਿਚ ਟਿਕ ਨਹੀ ਸਕਦਾ, ਇਸ ਲਈ ਪਹਿਲਾਂ ਬਾਣੀ ਦਾ ਅਭਯਾਸ ਹੋਵੇ। ਜਦ ਇਸ ਅਭਯਾਸ ਮਗਰੋਂ ਹਿਰਦੇ ਵਿਚ ਨਾਮ ਆ ਟਿਕੇ ਤਦ ਬਾਣੀ ਉਸ ਵਿਚ ਪ੍ਰੇਮ ਅਧਿਕ ਕਰਦੀ ਹੈ। ਇਸ ਕਰਕੇ ਦੁਹਾਂ ਦਾ ਆਪਸ ਵਿਚ ਸੰਜੋਗ ਹੈ, ਇਕ ਬੜੇ ਸਿੰਘ ਮਹਾਤਮਾ ਦਾ ਖ਼ਤ ਪੜਣੇ ਵਿਚ ਆਇਆ ਹੈ। ਉਸ ਵਿਚ ਉਹ ਇਕ ਪ੍ਰੇਮੀ ਨੂੰ ਇਸ ਪ੍ਰਕਾਰ ਦੀ ਤਾਗੀਦ ਕਰਦੇ ਸਨ ਕਿ "ਦੇਖੀ ਕਿਤੇ ਕਦਾਚਿਤ ਬਾਣੀ ਵਿਸਾਰੇਂ। ਬਾਣੀ ਗੋਦ ਮਾਤਾ ਦੀ ਹੈ। ਨਾਮ ਤੋਂ ਜਰਾਸ਼ੋਕ ਘਟੇ ਝਟ ਬਾਣੀ ਸਹਾਰਾ ਦੇਵੇਗੀ, ਜੋ ਬਾਣੀ ਛੱਡ ਬੈਠੇ ਤਦ ਉਲਟ ਚੱਕ੍ਰ ਵੇਲੇ ਕਿਸ ਨੂੰ ਹੱਥ ਪਾਉਗੇ। ਬਾਣੀ ਦੀ ਗੋਦ ਵਿਚ ਨਾਮ ਨੂੰ ਖਿਡਾਓ। ਜਦ ਕਦੀ ਫਰੌਟੀ ਲੱਗੂ, ਜੋ ਜਗਿਆਸੂ ਨੂੰ ਅਨੇਕਾਂ ਵੇਰਾਂ ਲਗਦੀਆਂ ਹਨ, ਤਦ ਬਾਣੀ ਬਚਾ ਲਏਗੀ, ਨਹੀਂ ਤਾਂ ਉਸ ਵੇਲੇ ਕੋਈ ਠਾਹਰ ਨਹੀਂ।[58]

**ਧਰਮ ਤੇ ਸਦਾਚਾਰ-**

ਧਰਮ ਕਿਸ ਨੂੰ ਆਖਦੇ ਹਨ, ਧਰਮ ਕੀ ਹੈ, ਧਰਮ ਦੀ ਵਿਆਖਿਆ ਕੀ ਹੈ ਬਾਰੇ ਭਾਈ ਵੀਰ ਸਿੰਘ ਜੀ ਨੇ ਗੁਰਮਤਿ ਅਨੁਸਾਰ ਧਰਮ ਦਾ ਆਧਾਰ ਇਹ ਸਿਧਾਂਤ[59] ਮੰਨੇ ਹਨ

1. ਪੂਜਾ ਯੋਗ ਕੇਵਲ ਅਕਾਲ ਪੁਰਖ ਹੈ
2. ਉਸ(ਅਕਾਲ ਪੁਰਖ) ਵਿਚ ਪ੍ਰਤੀਤੀ ਰਖਣੀ ਹੈ
3. ਉਸ (ਅਕਾਲ ਪੁਰਖ) ਨੂੰ ਜਪਣਾ ਹੈ
4. ਉਸ ਵਿਚ ਧਿਆਨ ਲਗਾਣਾ ਹੈ
5. ਧਿਆਨੀ-ਸਮਾਧੀ ਹੀ ਪਰਮ ਪਦ ਤੀਕ ਲੈ ਜਾਂਦੀ ਹੈ
6. ਪਾਪਾਂ ਤੋਂ ਬਚਣਾ ਹੈ
7. ਕਿਰਤ ਕਰਨੀ ਹੈ, ਮੰਗ ਕੇ ਨਹੀਂ ਉਦਰ ਪੂਰਤੀ ਕਰਨੀ
8. ਸਾਰੇ ਜੀਵਾਂ ਨੂੰ ਬਿਨਾਂ ਕਿਸੇ ਵਿਤਕਰੇ ਦੇ ਭਰਾਤਰੀ ਭਾਵ ਦੇਣਾ ਹੈ
9. ਕਰਮ ਜਾਲ ਤੋਂ ਛੁਟਕਾਰੇ ਦੇ ਸਾਧਨ ਗਯਾਨ ਧਯਾਨ ਤੇ ਪ੍ਰਭੂ-ਉਪਾਸਨਾ ਹਨ
10. ਅਕਾਲ ਪੁਰਖ ਦੀ ਨਦਰਿ ਤੇ ਤਕਵਾ ਰਖਣਾ ਹੈ

ਉਹ ਮੰਨਦੇ ਹਨ ਕਿ ਇਨ੍ਹਾਂ ਸਿਧਾਂਤਾਂ ਤੋਂ ਬਗੈਰ ਧਰਮ ਨੂੰ ਸਮਝਣਾ ਆਸਾਨ ਨਹੀਂ ਹੈ। ਧਰਮ ਦੀ ਪਰਿਭਾਸ਼ਾ ਕਰਦਿਆਂ ਉਹ ਲਿਖਦੇ ਹਨ ਕਿਸੇ ਵਸਤੂ ਜਾਂ ਵਿਅਕਤੀ ਦੀ ਉਹ ਬ੍ਰਿਤੀ ਜੋ ਉਸ ਵਿਚ ਸਦਾ ਰਹੇ ਤੇ ਉਸ ਤੋਂ ਵੱਖ ਨਾ ਹੋਵੇ। ਕਰਤਾਰ ਦੇ ਬੱਧੇ ਕਾਨੂੰਨ ਯਾ ਨੇਮ ਨੂੰ ਵੀ ਉਨ੍ਹਾਂ ਧਰਮ ਮੰਨਿਆ ਹੈ।[60]

**ਕਵਿਤਾ ਰੂਪ ਵਿਚ ਗੁਰਬਾਣੀ ਵਿਆਖਿਆ-**

ਭਾਈ ਵੀਰ ਸਿੰਘ ਜੀ ਨੇ ਅਨੇਕਾਂ ਕਵਿਤਾਵਾਂ ਦੀਆਂ ਪੁਸਤਕਾਂ ਲਿਖੀਆਂ ਜਿਨ੍ਹਾਂ ਨੂੰ ਪੜ੍ਹਕੇ ਗੁਰਬਾਣੀ ਅਤੇ ਗੁਰ ਇਤਿਹਾਸ ਨਾਲ ਪਿਆਰ ਵਧਦਾ ਹੈ ਕਿਉਂਕਿ ਇਨ੍ਹਾਂ ਦੀਆਂ ਕਵਿਤਾਵਾਂ ਵਿਚ ਰੁਖਾਪਨ ਕਿਤੇ ਵੀ ਮਹਿਸੂਸ ਨਹੀਂ ਹੁੰਦਾ ਸਗੋਂ ਇਕ ਜਗਿਆਸੂ ਦੇ ਮਨ ਦੇ ਵਲਵਲਿਆਂ ਦੇ ਹੀ ਉੱਤਰ ਦਿਤੇ ਮਹਿਸੂਸ ਕੀਤੇ ਜਾ ਸਕਦੇ ਹਨ। ਉਨ੍ਹਾਂ ਦੀ ਕਵਿਤਾਵਾਂ ਦੀਆਂ ਰਚਨਾਵਾਂ ਵਿਚੋਂ ਲਹਿਰਾਂ ਦੇ ਹਾਰ, ਮਟਕ ਹੁਲਾਰੇ,

ਬਿਜਲੀਆਂ ਦੇ ਹਾਰ, ਪ੍ਰੀਤ ਵੀਣਾ ਅਤੇ ਕੰਬਦੀ ਕਲਾਈ ਆਦਿ ਪ੍ਰਮੁੱਖ ਹਨ। ਭਾਈ ਸਾਹਿਬ ਜੀ ਨੇ ਕਵਿਤਾਵਾਂ ਵਿਚ ਵੀ ਗੁਰੂ ਆਸ਼ਯ ਨੂੰ ਹੀ ਪ੍ਰਮੁਖਤਾ ਬਖ਼ਸ਼ੀ ਉਨ੍ਹਾਂ ਦੀ ਕਵਿਤਾ ਵਿਚੋਂ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਾਂਗ ਗੁਰਬਾਣੀ ਦੀ ਵਿਆਖਿਆ ਹੀ ਹੋ ਰਹੀ ਹੈ। ਉਦਹਾਰਣ ਵਜੋਂ ਵੇਖਿਆ ਜਾ ਸਕਦਾ ਹੈ-

ਗੁਰਬਾਣੀ ਹੈ: ਨਾਨਕ ਸਚੇ ਨਾਮ ਬਿਨੁ ਕਿਸੈ ਨਾ ਲਥੀ ਭੁਖ॥

ਰੂਪੀ ਭੂਖ ਨ ਉਤਰੈ ਜਾਂ ਦੇਖਾਂ ਤਾਂ ਭੁਖ॥ (ਮ.1 ਪੰਨਾ 1287)

ਭਾਈ ਵੀਰ ਸਿੰਘ ਜੀ ਦੀ ਕਵਿਤਾ ਹੈ :

ਅਰੂਪ ਦੇ ਦੀਦਾਰ ਦੀ ਤੜਫਨਾ ਤੋਂ ਬਣੀਆਂ ਅਖੀਆਂ,
ਪਰ ਰੂਪ ਦੇ ਕਰ ਸਾਹਮਣੇ ਰਖ ਬਾਹਰ ਦਾ ਦੇ ਰਖੀਆਂ
ਦੇਖਣ ਨਜ਼ਾਰੇ ਸੋਹਿਣੇ ਰੀਝਣ ਤੇ ਰਚ ਰਚ ਜਾਣ, ਪਰ
ਮਿਟਦੀ ਨ ਤਾਂਘ ਅਰੂਪ ਦੀ, ਪਲ ਰੂਪ ਤੇ, ਫਿਰ ਭੁਖੀਆਂ (ਲਹਿਰਾਂ ਦੇ ਹਾਰ)

ਗੁਰਬਾਣੀ ਹੈ :

ਸੁਪਨੈ ਊਭੀ ਭਈ ਗਹਿਓ ਕੀ ਨ ਅੰਚਲਾ॥
ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ ਬੰਚਲਾ॥ (ਫੁਨਹੇ ਮ. 5 ਪੰਨਾ 1362)

ਭਾਈ ਵੀਰ ਸਿੰਘ ਜੀ ਦੀ ਕਵਿਤਾ ਹੈ:

ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ, ਅਸਾਂ ਧਾ ਗਲਵਕੜੀ ਪਾਈ,
ਨਿਰਾ ਨੂਰ ਤੁਸੀਂ ਹਥ ਨਾ ਆਏ, ਸਾਡੀ ਕੰਬਦੀ ਰਹੀ ਕਲਾਈ।

ਗੁਰਬਾਣੀ ਹੈ :

ਝਾਲਾਘੇ ਉਠਿ ਨਾਮ ਜਪਿ ਨਿਸਿ ਬਾਸੁਰ ਆਰਾਧਿ॥
ਕਾਰਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ॥ (ਗਉੜੀ ਬਾਵਨ ਅਖਰੀ)

ਭਾਈ ਵੀਰ ਸਿੰਘ ਜੀ ਦੀ ਕਵਿਤਾ ਹੈ

ਬੜੇ ਤੜਕੇ ਆਵਾਜ਼ ਆਈ :- ਪਿਆਲਾ ਯਾਦ ਦਾ ਫੜ ਲੈ,

ਸੁਰਾਹੀ ਨਾਲ ਲਾ ਕੇ ਹੁਣ ਪਿਆਲੇ ਪਿਰਮ ਰਸ ਭਰ ਲੈ,

ਤੇ ਲਾ ਬੁਲ੍ਹਾਂ ਨੂੰ ਪਿਆਲਾ ਹੁਣ ਸੁਆਦਾਂ ਨਾਲ ਘੁਟ ਭਰ ਭਰ,

ਸਰੂਰ ਆ ਜਾਏ ਆਪੇ ਨੂੰ ਤੂੰ ਆਪੇ ਨਵਾਂ ਕਰ ਲੈ। (ਅਣਛਪੀ ਕਵਿਤਾ)

ਗੁਰਬਾਣੀ ਹੈ :

ਜਾਨਣਹਾਰ ਨ ਛਾਨਾ ਰੇ॥

ਕਹੁ ਨਾਨਕ ਗੁਰਿ ਅਮਿਉ ਪੀਆਇਆ

ਰਸਕਿ ਰਸਕਿ ਬਿਗਸਾਨਾ ਰੇ॥4॥

ਭਾਈ ਵੀਰ ਸਿੰਘ ਜੀ ਦੀ ਕਵਿਤਾ ਹੈ:

ਮਿਰੀ ਭਿੰਨੀਂ ਏ ਖ਼ੁਸ਼ਬੋਇ ਕਿਵੇਂ ਨਾਂ ਛਿਪਦੀ॥

ਮਿਰੀ ਛਿਪੇ ਰਹਿਣ ਦੀ ਚਾਹਿ, ਤਿ ਛਿਪ ਟੁਰ ਜਾਣ ਦੀ।

ਹਾਂ ! ਪੂਰੀ ਹੁੰਦੀ ਨਾਹਿ, ਮੈਂ ਤਰਲੇ ਲੈ ਰਿਹਾ।

**ਵਿਆਖਿਆ ਵੰਨਗੀ-**

{ਗਉੜੀ ਮਹਲਾ ੫ ਚਉਪਦਾ ੧੯੧}

**ਪ੍ਰਾਕਥਨ-** ਹਰਿ ਦਰਸਨ ਕੀ ਤੀਬਰ ਅਭਿਲਾਖ।

**ਮੂਲ ਪਾਠ**

ਗਉੜੀ ਮਹਲਾ ੫॥

ਹਰਿ ਪੇਖਨ ਕਉ ਸਿਮਰਤ ਮਨੁ ਮੇਰਾ॥

ਆਸ ਪਿਆਸੀ ਚਿਤਵਉ ਦਿਨੁ ਰੈਨੀ ਹੈ ਕੋਈ ਸੰਤ ਮਿਲਹਵੈ ਨੇਰਾ॥੧॥ਰਹਾਉ॥

ਸੇਵਾ ਕਰਉ ਦਾਸ ਦਾਸਨ ਕੀ ਅਨਿਕ ਭਾਂਤਿ ਤਿਸੁ ਕਰਉ ਨਿਹੋਰਾ॥

ਤੁਲਾ ਧਾਰਿ ਤੋਲੇ ਸੁਖ ਸਗਲੇ ਬਿਨੁ ਹਰਿ ਦਰਸ ਸਭੋ ਹੀ ਥੋਰਾ॥੧॥

ਸੰਤ ਪ੍ਰਸਾਦਿ ਗਾਏ ਗੁਨ ਸਾਗਰ ਜਨਮ ਜਨਮ ਕੋ ਜਾਤ ਬਹੋਰਾ॥

ਆਨਦ ਸੂਖ ਭੇਟਤ ਹਰਿ ਨਾਨਕ ਜਨਮੁ ਕ੍ਰਿਤਾਰਥੁ ਸਫਲੁ ਸਵੇਰਾ॥੨॥੪॥੧੨੧॥

**ਅਰਥ**

ਵਾਹਿਗੁਰੂ ਦੇ ਦਰਸਨ ਕਰਨੇ ਲਈ ਮੇਰਾ ਮਨ (ਉਸ ਨੂੰ) ਸਿਮਰਦਾ ਰਹਿੰਦਾ ਹੈ। (ਕਿਵੇਂ ਦਰਸਨ ਹੋਵੇ ਇਸ ਭਾਵ ਦੀ) ਪਿਆਸੀ ਹੋ ਕੇ (ਤੇ ਮਿਲ ਪਵੇਗਾ ਇਸ ਭਾਵ ਦੀ) ਆਸਾਵੰਤ ਹੋ ਕੇ ਦਿਨੇ ਰਾਤ ਚਿਤਵਤੀ ਰਹਿੰਦੀ ਹਾਂ ਕਿ ਕੋਈ ਐਸਾ ਸੰਤ ਹੈ! ਜੋ ਨੇੜਿਓਂ ਹੀ ਮਿਲਾ ਦੇਵੇ॥੧॥ ਰਹਾਉ॥ (ਜੇ ਕੋਈ ਐਸਾ ਸੰਤ ਮਿਲ ਪਵੇ ਤਾਂ ਮੈਂ ਉਸਦੇ) ਦਾਸਾਂ ਦੇ ਦਾਸਾਂ ਦੀ ਸੇਵਾ ਕਰਾਂ ਤੇ ਉਸ ਅਗੇ ਭਾਂਤ ਭਾਂਤ ਦੀਆਂ ਬੇਨਤੀਆਂ ਕਰਾਂ। (ਪ੍ਰਸ਼ਨ: ਐਤਨੀ ਤਾਂਘ ਦਰਸ਼ਨ ਵਾਸਤੇ ਕਿਉਂ?ਉੱਤਰ) ਤੱਕੜੀ ਤੇ ਧਰਕੇ (ਤੋਲਣ ਵਾਂਙੂ ਮੈਂ) ਸਾਰੇ ਸੁਖ ਤੋਲ ਲਏ ਹਨ, ਹਰੀ ਦਰਸ਼ਨ ਤੋਂ ਬਿਨਾ ਸਭੋ ਕੁਝ ਥੋੜਾ ਹੈ (ਭਾਵ ਹਉਲਾ ਹੈ)॥੧॥ (ਕਿਉਂਕਿ ਜਦ ਸਾਨੂੰ ਸੰਤ ਮਿਲ ਪਿਆ ਤਾਂ ਉਸ) ਸੰਤ ਦੀ ਕ੍ਰਿਪਾ ਕਰਕੇ ਗੁਣ ਸਾਗਰ ਦੇ ਗੁਣ ਗਾਏ (ਜਿਸ ਨੇ) ਜਨਮ ਜਨਮ ਦੇ (ਰੁੜ੍ਹੇ) ਜਾਂਦੇ ਨੂੰ ਮੋੜ ਲਿਆ। (ਅਰਥਾਤ ਮੁੜ ਵਾਹਿਗੁਰੂ ਦੀ ਸ਼ਰਣ ਵਿਚ ਲਾ ਦਿਤਾ ਤੇ ਵਾਹਿਗੁਰੂ ਇਉਂ ਜਦ ਮਿਲ ਪਿਆ ਤਾਂ) ਵਾਹਿਗੁਰੂ ਨੂੰ ਮਿਲਦਿਆਂ ਹੀ. ਹੇ ਨਾਨਕ! ਆਨੰਦ ਤੇ ਸੁਖ ਹੋ ਗਏ. ਜਨਮ ਦਾ ਪ੍ਰਯੋਜਨ ਪੂਰਨ ਹੋ ਗਿਆ (ਇਉਂ ਜੋ) ਸੁਹਣਾ ਵੇਲਾ (ਮਿਲਿਆ ਸੀ ਮਾਨੁਖਾ ਦੇਹੀ ਵਿਚ ਸੋ) ਸਫਲ ਹੋ ਗਿਆ॥੨॥੪॥੧੨੧॥

**ਵਿਆਖਿਆ-**

ਦਰਸ਼ਨ ਦੀ ਤੀਬਰ ਅਭਿਲਾਖ ਜਗਿਆਸੂ ਰੂਪ ਇਸਤ੍ਰੀ ਦੀ ਦਿਖਾਈ ਹੈ। ਦਰਸ਼ਨ ਦੀ ਤਾਂਘ ਨੂੰ ਪਿਆਰ ਕਿਹਾ ਹੈ. ਪਰ ਵਿਚ ਨਿਸਚਾ ਹੈ ਕਿ ਉਹ ਮਿਲ ਪੈਂਦਾ ਹੁੰਦਾ ਹੈ. ਮੈਨੂੰ ਬੀ ਮਿਲੇਗਾ. ਇਸ ਵਾਸਤੇ ਆਸ ਕਿਹਾ ਹੈ।

ਤੋਲਣ ਤੋਂ ਭਾਵ ਹੈ ਬੁੱਧੀ ਦੀ ਤਕੜੀ ਤੇ ਵਿਚਾਰ ਅਰ ਤਜਰਬੇ ਦੇ ਵੱਟੇ ਪਾ ਕੇ ਸਮਝਇਆ ਸਮਝ ਪਈ ਕਿ ਹੋਰ ਸੁਖ ਤਦ ਤਕ ਰਹਿੰਦੇ ਹਨ ਜਦ ਤਕ ਇੰਦ੍ਰੇ ਭੋਗ ਨਾਲ ਸੰਬੰਧ ਰਖਦੇ ਹਨ.ਮਗਰੋਂ ਕੁਝ ਰਸ

ਨਹੀਂ  ਰਹਿੰਦਾ। ਪਰ ਹਰੀ ਦਰਸ਼ਨ ਦਾ ਸੁਖ ਸਦੈਵੀ ਸੁਖ ਹੋ ਜਾਂਦਾ ਹੈ। ਇਸ ਕਰਕੇ ਹਰੀ ਦਰਸ਼ਨ ਦਾ ਸੁਖ ਗਉਰਾ ਹੈ ਤੇ ਹੋਰ ਸਭ ਸੁਖ ਹਉਰਾ ਹੈ।

**ਨਿਰੁਕਤ-**

ਪੇਖਨ ਕਉ- ਦੇਖਣ ਨੂੰ। ਨੇਰਾ- ਨੇੜਿਓਂ ਹੀ।

ਨਿਹੋਰਾ- (ਸੰਸ. ਮਨੋਹਾਰਿਨ= ਮਨ ਨੂੰ ਹਰ ਲੈਣ ਵਾਲਾ। ਸੁੰਦਰ। ਹਿੰਦੀ. ਨਿਹੋਰਾ= ਮਨ ਪ੍ਰਸੰਨ ਕਰਨੇ ਵਾਲਾ ਵਾਕ। ਪ੍ਰਾਰਥਨਾ. ਬੇਨਤੀ. ਅਨੁਗ੍ਰਹ। ਅਹਸਾਨ) ਬੇਨਤੀ। ਪ੍ਰਾਰਥਨਾ ਜੋ ਜਿਸ ਅਗੇ ਕੀਤੀ ਜਾਏ ਉਸ ਨੂੰ ਚੰਗੀ ਲਗੇ।

ਤੁਲਾ- ਤੱਕੜੀ ਉਤੇ। ਭਾਵ ਬੁਧੀ ਰੂਪੀ ਤੱਕੜੀ ਉਤੇ। ਧਾਰਿ- ਧਰਕੇ. ਰੱਖਕੇ।

ਥੋਰਾ- ਥੋੜਾ। ਘੱਟ- ਹਉਲਾ। ਬਹੋਰਾ- ਮੋੜ ਲਿਆ. ਬਚਾ ਲਿਆ।

ਕ੍ਰਿਤਾਰਥ- ਉਹ. ਜਿਸ ਦਾ ਪ੍ਰਯੋਜਨ ਪੂਰਨ ਹੋ ਗਿਆ ਹੋਵੇ। ਸਫਲ। ਮੁਕਤੀ ਬੀ ਅਰਥ ਹੁੰਦਾ ਹੈ।

ਸਵੇਰਾ- ਸ+ਵੇਲਾ=ਸ਼ੁਭ ਵੇਲਾ. ਚੰਗਾ ਮੌਕਿਆ। ਭਾਵ ਉਹ ਸਮਾਂ ਜੋ ਮਨੁਖ ਦੇਹ ਧਾਰ ਕੇ ਹੱਥ ਆਇਆ ਹੈ।

## ਹਵਾਲੇ ਅਤੇ ਟਿੱਪਣੀਆਂ

1 The trem hermeneutics is derived from the Greek verb hermeneuein ("to interpret")'- Lindsay jones, Editor in Chief, *Encyclopaedia of Religion*, Vol.6, Macmillan, U.S.A., p. 3930

2 *Webster's Dictionary of English Language*, p. 665

3 ਡਾ. ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪਤ੍ਰਿਕਾ*, ਜੂਨ 2012, ਪੰਨਾ 99.

4 ਡਾ. ਗੁਲਜਾਰ ਸਿੰਘ ਕੰਗ, *ਗੁਰਬਾਣੀ ਵਿਆਖਿਆ-ਵਿਖਿਆਨ*, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2016, ਪੰਨਾ 55.

5 ਡਾ. ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪਤ੍ਰਿਕਾ*, ਜੂਨ 2012, ਪੰਨਾ 100.

6 ਡਾ. ਸਰਬਜਿੰਦਰ ਸਿੰਘ, *ਵਿਆਖਿਆ: ਸ਼ਾਸਤਰ ਜਾਂ ਅੰਤਰਦ੍ਰਿਸ਼ਟੀ* (ਅਪ੍ਰਕਾਸ਼ਿਤ ਖੋਜ ਪੇਪਰ), ਪੰਨਾ 3.

7 ਡਾ. ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ 23.

8 ਡਾ. ਦਰਸ਼ਨ ਸਿੰਘ, *ਭਾਈ ਗੁਰਦਾਸ: ਸਿਖੀ ਦੇ ਪਹਿਲੇ ਵਿਆਖਿਆਕਾਰ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986, ਪੰਨਾ 94.

9 ਉਹੀ, ਪੰਨਾ 97-98.

10 ਪ੍ਰੋ. ਪੂਰਨ ਸਿੰਘ, ਭੂਮਿਕਾ, *ਸ੍ਰੀ ਗੁਰੂ ਗ੍ਰੰਥ ਕੋਸ਼*, (ਮੁਖ ਸੰਪਾ. ਡਾ. ਹਰਭਜਨ ਸਿੰਘ), ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ, 2008.

11 ਡਾ. ਬਲਬੀਰ ਸਿੰਘ, *ਭਾਈ ਵੀਰ ਸਿੰਘ ਅਤੇ ਉਹਨਾਂ ਦਾ ਸੰਦੇਸ਼*, *Bhai Veer Singh Birth-centenary volume,* (Edi. Ganda Singh ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ-113,114.

12 ਭਾਈ ਵੀਰ ਸਿੰਘ, *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੋਥੀ ਪਹਿਲੀ, ਭੂਮਿਕਾ (ੳ-ਅ), ਭਾਈ ਵੀਰ ਸਿੰਘ ਸਾਹਿਤ ਸਦਨ, ਨਵੀ ਦਿੱਲੀ, 2007 ; ਜਦ ਕਿਸੇ, ਇਸ ਦਾ ਨਾਮ 'ਸੰਥਯਾ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਿਉਂ ਹੈ? ਇਸ ਦਾ ਨਾਮ ਕੋਈ ਵਡੇਰਾ ਹੋਣਾ ਚਾਹੀਦਾ ਸੀ! ਇਸ ਵਿਚ ਜੋ ਮੂਲ ਹੈ ਉਹ

ਤਾਂ ਵਡੇ ਤੋਂ ਵਡੀ ਵਸਤੂ ਹੈ, 'ਇਹ ਧੁਰ ਕੀ ਬਾਣੀ ਹੈ, ਜੋ ਧੁਰੋਂ ਆਈ ਹੈ, ਜੋ ਗੁਰੂ ਹੈ, ਅੰਮ੍ਰਿਤ ਭਰਪੂਰ ਹੈ। ਅਗਮ ਅਗਾਧ ਦੀ ਬਾਣੀ ਹੋਣ ਕਰਕੇ ਆਪ ਅਗਾਧ ਹੈ, ਪਰ ਇਸ ਦੇ ਅਰਥ ਤੇ ਭਾਵ ਆਦਿਕ, ਜੋ ਇਸ ਵਿਚ ਲਿਖੇ ਗਏ ਹਨ, ਉਹ ਇਕ ਅਲਪਗ ਜੀਵ ਦਾ ਪ੍ਰਯਤਨ ਹੈ, ਇਸ ਨੂੰ ਸਮਝਣ ਦਾ ; ਤੇ ਜਿਥੋਂ ਤਕ ਇਸੇ ਬਾਣੀ ਦੀ ਸਹਾਇਤਾ ਨਾਲ ਇਸ ਦੀ ਵਧ ਤੋਂ ਵਧ ਸਮਝ ਆ ਸਕੇ, ਉਹ ਇਸ ਦੇ ਚਰਨਾਂ ਵਿਚ ਬੈਠ ਕੇ ਇਸ ਤੋਂ ਪ੍ਰਾਪਤ ਕੀਤੀ ਜਾਵੇ। ਇਸ ਕਰਕੇ ਇਹ ਸੰਥਯਾ ਹੈ, ਜੋ ਬਾਣੀ ਸ਼ਰਣ ਲਿਆਂ ਵਿਦਿਆਰਥੀ ਵਾਂਙੂ ਮਿਲੀ ਹੈ।

13 ਪ੍ਰੋ. ਪੂਰਨ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼, (ਮੁਖ ਸੰਪਾ. ਡਾ. ਹਰਭਜਨ ਸਿੰਘ), ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ, 2008, ਪੰਨਾ ਭੂਮਿਕਾ.

14 ਪ੍ਰੋ. ਪੂਰਨ ਸਿੰਘ, ਭੂਮਿਕਾ, *ਸ੍ਰੀ ਗੁਰੂ ਗ੍ਰੰਥ ਕੋਸ਼*, (ਮੁਖ ਸੰਪਾ. ਡਾ. ਹਰਭਜਨ ਸਿੰਘ), ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ, 2008, ਪੰਨਾ- "ਸ੍ਰੀ ਗੁਰੂ ਜੀ ਨੇ ਆਪ 'ਵਾਹ' ਪਦ ਦੇ ਅਰਥ ਐਉਂ ਦਸੇ ਹਨ :- ਪਾਰਬ੍ਰਹਮ ਯਥਾ-ਯਥਾ 'ਵਾਹੁ ਵਾਹੁ ਅਗਮ ਅਥਾਹ ਹੈ' 'ਵਾਹ' ਅਰਥ ਵਿਆਪਕ ਪਰਮੇਸੁਰ ਦਾ ਬੀ ਲਿਖਿਆਂ ਹੈ :-ਯਥਾ 'ਵਾਹੁ ਵਾਹੁ ਤਿਸਨੋ ਆਖੀਐ ਜਿ ਸਭ ਮਹਿ ਰਹਿਆਂ ਸਮਾਇ'। ਗੁਰੂ ਜੀ ਨੇ ਵਾਹ ਦਾ ਅਰਥ ਸਿਫਤਿ ਸਲਾਹ ਵੀ ਕੀਤਾ ਹੈ:- ''ਵਾਹੁ ਵਾਹੁ ਸਿਫਤਿ ਸਲਾਹ ਹੈ'। ਫੇਰ-ਵਾਹੁ ਪਰਮੇਸੁਰ ਦਾ ਨਾਮ ਤੇ ਜਪਣੇ ਯੋਗ ਨਾਮ ਬੀ ਦਸਿਆ: -ਯਥਾ- 'ਵਾਹੁ ਵਾਹੁ ਅੰਮ੍ਰਿਤ ਨਾਮ ਹੈ' ਤਥਾ-'ਵਾਹੁ ਵਾਹੁ ਬਾਣੀ ਸਚ ਹੈ' ਆਦਿ।"

15 ਡਾ. ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਨਾ-296.

16 ਭਾਈ ਵੀਰ ਸਿੰਘ, *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੋਥੀ ਪਹਿਲੀ, ਅੰਮ੍ਰਿਤਸਰ, 2007, ਪੰਨਾ ਭੂਮਿਕਾ (ਅ).

17 ਖ਼ਾਲਸਾ ਸਮਾਚਾਰ, 27 ਅਪ੍ਰੈਲ 1904, ਪੰਨਾ 5.

18 ਭਾਈ ਵੀਰ ਸਿੰਘ, *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੋਥੀ ਪਹਿਲੀ, ਅਮ੍ਰਿਤਸਰ, 2007, ਪੰਨਾ 139; ਪਉੜੀ 24 ਵਿਚ 'ਵਡਾ ਸਾਹਿਬ ਊਚਾ ਥਾਉ' ਕਿਹਾ ਸੀ ਫੇਰ ਪਉੜੀ 25 ਵਿਚ ਉਸ ਵਡੇ ਸਾਹਿਬ ਦੀ ਦਾਤਾਰਗੀ 'ਬਹੁਤ ਕਰਮ ਲਿਖਿਆ ਨਾ ਜਾਇ' ਆਖਕੇ ਦਾਤ ਲੈਣ ਹਾਰਿਆਂ ਦੀ ਬਹੁਲਤਾ ਦਰਸਾਈ ਸੀ ਤੇ 'ਵਡਾ ਸਾਹਿਬ' ਦਾ ਕੁਛ ਵਰਣਨ ਕੀਤਾ ਸੀ। ਫਿਰ ਸਭ ਤੋਂ ਵਡੀ ਦਾਤ ਸਿਫਤ ਸਲਾਹ ਦੱਸੀ ਸੀ, ਜਿਸ ਨਾਲ (ਪਉੜੀ 26) ਲੈਣਹਾਰ 'ਗੁਣ ਕਹਿ ਗੁਣੀ ਸਮਝਾਇਆ' ਦੇ

ਵਾਕ ਅਨੁਸਾਰ ਗੁਣੀ ਵਿਚ ਸਮਾ ਕੇ ਗੁਣੀ ਵਾਂਙੂ ਅਮੁੱਲ ਪਤਵੀ ਤੇ ਪੁੱਜ ਜਾਂਦਾ ਹੈ। ਓਥੇ ਸਿਫਤ ਸਲਾਹ ਕੀਤਾ ਗਿਆ, ਸਿਫਤ ਸਲਾਹ ਕਰਨੇ ਵਾਲਾ, ਉਸਦਾ ਦੇਣ ਲੈਣ, ਸਿਫਤ ਸਲਾਹ ਦਾ ਵਾਪਾਰ ਆਦਿ-ਸਾਰਾ ਕੁਝ ਅਮੁੱਲ ਪਦ ਦਾ ਵਾਪਾਰ ਦਸਿਆ ਸੀ। ਹੁਣ ਸੁਤੇ ਹੀ ਜੀ ਕਰਦਾ ਹੈ ਕਿ ਉਸ ਅਮੁੱਲ ਹੀ ਅਮੁੱਲ ਦਾਤੇ ਤੇ ਉਸਦੀ 'ਅਮੁੱਲ ਦਾਤ' ਦੇ 'ਲੈਣਹਾਰ' ਦਾ ਅਮੁੱਲ ਤੇ ਅਪੜਾਉ ਦਾ ਕੁਝ ਵਰਣਨ ਹੋ ਸਕੇ । ਪਰ ਆਪ ਨੇ ਇਸੇ ਪਉੜੀ ਵਿਚ ਦਸਿਆ ਹੈ ਕਿ ਓਹ ਕਥਨ ਤੋਂ ਪਰੇ ਹੈ। ਇਹ ਇਸ ਲਈ ਹੈ ਕਿ ਮਿਤ ਵਾਲਾ ਅਮਿਤ ਨੂੰ ਆਪਣੇ ਗਯਾਨ ਦਾ ਵਿਖਯ ਸੰਪੂਰਣ ਤੌਰ ਤੇ ਬਦਾ ਨਹੀ ਸਕਦਾ, ਇਸੇ ਕਰਕੇ ਵਰਣਨ ਨਹੀ ਕਰ ਸਕੀਦਾ। ਪਰ ਨਾਲ ਹੀ ਇਹ ਬੀ ਦਸਿਆ ਹੈ ਕਿ ਭਗਤ ਜਨ ਆਖਦੇ ਹਨ, ਪਰ ਓਹ ਅੰਤ ਲੈਣ ਲਈ ਨਹੀਂ ਆਖਦੇ ਓਹ ਤਾਂ ਆਖਦੇ ਆਖਦੇ ਉਸ ਵਿਚ ਸਮਾ ਜਾਂਦੇ ਹਨ। ਉਨ੍ਹਾਂ ਦਾ ਆਖਣਾ ਸਿਫਤ ਸਲਾਹ ਹੈ। ਸੋ ਸਿਫਤ ਸਲਾਹ ਦੀ ਭਾਵਨਾ ਨਾਲ ਆਖਣਾ, ਉਸ ਵਿਚ ਲਿਵ ਲਾਉਣ ਦਾ (ਸਮਾਈ ਦਾ) ਵਸੀਲਾ ਹੈ ਤੇ ਉਸ ਦੇ ਪਰਮ ਸੁਖ ਨੂੰ ਅਨੁਭਵਕਰਨ ਦਾ ਮਾਰਗ ਹੈ।

19 ਭਾਈ ਵੀਰ ਸਿੰਘ, *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੋਥੀ ਪਹਿਲੀ, ਪੰਨਾ 140; ਇਸ ਵਿਚ ਇਹ ਹੈ ਕਿ '.......ਸਦਾ ਸਚੁ ਸਾਹਿਬੁ ਸਾਚਾ......ਹੈ ਭੀ ਹੋਸੀ ਜਾਇ ਨ ਜਾਸੀ' ਕਹਿਕੇ ਉਸ ਦੇ ਨਿਰਗੁਣ ਸਰੂਪ ਨੂੰ ਵਰਣਨ ਕਰਦੇ ਹਨ, ਘਰ ਤੇ ਦਰ ਦੇ ਬਾਹਰ ਸਾਰੇ ਬ੍ਰਹਮੰਡ ਦੇ ਅਜੀਵ, ਜੀਵ ਧਾਰੀ ਤੇ ਰੂਹਾਨੀ ਰੂਪਾਂ ਵਾਲੇ ਕੀਰਤਨ ਕਰ ਰਹੇ ਦੱਸਕੇ ਉਸ ਦਾ ਆਪੋ ਆਪਣੀ ਸਾਜੀ 'ਸਰਗੁਣ ਅਵਸਥਾ ਦਾ ਜਲਵਾ ਦਿਖਾਉਂਦੇ ਹਨ ਤੇ 'ਸੋਈ ਸੋਈ.......ਰਚਨਾ ਜਿਨਿ ਰਚਾਈ' ਕਹਿਕੇ ਦੱਸ ਦਿੰਦੇ ਹਨ ਕਿ ਉਹੋ ਨਿਰਗੁਣ ਹੈ ਉਹੋ ਸਰਗੁਣ ਹੈ ਤਾਂਕਿ ਦੋ ਭਿੰਨ ਵਜੂਦ ਨਾ ਸਮਝੇ ਜਾਣ।

20 ਪਿਛਲੇ ਸ਼ਬਦਾਂ ਵਿਚ ਉਪਦੇਸ ਤੇ ਉਪਦੇਸ ਦਾਤਾ ਦਾ ਜਿਕਰ ਹੁੰਦਾ ਰਿਹਾ ਹੈ; ਹੁਣ ਆਪਣੇ ਬਣੇ ਪੂਜਯ-ਪੀਰ ਤੇ ਸਿਧ ਦੇ ਟਾਕਰੇ ਤੇ ਸਤਿਗੁਰ ਥਾਪੇ ਨਾਮ-ਰਸੀਏ ਨਾਮ ਦਾਤਾ ਦਾ ਫਰਕ ਦਰਸਾਉਦੇ ਹਨ।

21 ਜਿਸ ਦੀ ਸਤਿ ਲੈ ਕੇ ਨਾਮ ਦੀ ਕਮਾਈ ਕਰਨੀ ਹੈ, ਉਸ ਦੇ ਲਛਣ ਬੰਨ੍ਹ ਕੇ ਗੁਰੂ ਜੀ ਹੁਣ ਅਗਲੇ ਸ਼ਬਦ ਵਿਚ ਨਾਮ ਗ੍ਰਹਣ ਕਰਨ ਵਾਲੇ ਜਗਿਆਸੂ ਨੂੰ ਉਪਦੇਸ਼ ਦਿੰਦੇ ਹਨ ਕਿ ਗੁਣਵੰਤ ਕੀਕੂੰ ਬਣੀਦਾ ਹੈ।

22 ਭਾਈ ਵੀਰ ਸਿੰਘ, *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੋਥੀ ਪਹਿਲੀ, ਪੰਨਾ 615-16; ਨਾਮਾ ਛੀਬਾ ਕਬੀਰੁ ਜੁਲਾਹਾ ਪੂਰੇ ਗੁਰ ਤੇ ਗਤਿ ਪਾਈ॥ ਵਾਲੇ ਸ਼ਬਦ ਵਿਚ ਪ੍ਰਸ਼ਨ ਕਰਦੇ ਹਨ-ਕੀ ਐਸੇ ਪਾਰਗਿਰਾਮੀ ਲੋਕ ਸੱਚ ਮੁੱਚ ਹੋਏ ਬੀ ਹਨ? ਉੱਤਰ: ਨਾਮਾ (ਸੀ) ਛੀਂਬਾ (ਤੇ) ਕਬੀਰ (ਸੀ) ਜੁਲਾਹਾ, ਇਨ੍ਹਾਂ ਨੇ ਪੂਰੇ ਗੁਰੂ ਤੋਂ (ਨਾਮ ਲੈ ਕੇ) ਮੁਕਤੀ ਪ੍ਰਾਪਤ ਕੀਤੀ। ਉਹ ਬੰਹਮ ਦੇ ਜਾਣਨਹਾਰ (ਬ੍ਰਹਮ-ਗਿਆਨੀ) ਹੋ ਗਏ, (ਓਹ ਸਰਬ ਵਿਚ ਵਿਆਪਕ) ਬ੍ਰਹਮ ਨੂੰ ਪਛਾਣਦੇ ਸਨ।(ਇਉਂ ਉਹਨਾਂ ਨੇ) ਹਉਮੈ ਦੀ ਜਾਤਿ ਹੀ ਦੂਰ ਕਰ ਲਈ ਸੀ। ਅਤੇ ਇਸੇ ਸ਼ਬਦ ਦੇ ਅਗੇ ਚਲਕੇ 'ਖਟੁ ਦਰਸਨ ਜੋਗੀ ਸੰਨਿਆਸੀ ਬਿਨੁ ਗੁਰ ਭਰਮਿ ਭੁਲਾਏ॥ ਵਿਚ ਛੇ ਦਰਸ਼ਨਾਂ ਦੀ ਮੁਕਤੀ ਦੀ ਗੱਲ ਕਰਦਿਆਂ ਪ੍ਰਸ਼ਨ ਕਰਦੇ ਹਨ: ਛੇ ਦਰਸ਼ਨਾ ਵਾਲੇ ਕਿਆ ਮੁਕਤ ਨਹੀ ਹੁੰਦੇ? ਉੱਤਰ: ਗੁਰੂ ਤੋਂ ਬਿਨਾ (ਜੋ ਲੋਕ) ਖੱਟ ਦਰਸ਼ਨਾਂ (ਵਿਚੋਂ ਚਾਹੇ ਕਿਸ ਵਿਚ ਹਨ, ਚਾਹੋ) ਜੋਗੀ ਹਨ (ਚਾਹੋ) ਸੰਨਿਆਸੀ, (ਸਭ) ਭਰਮ ਵਿਚ ਭੁੱਲੇ ਰਹਿੰਦੇ ਹਨ। (ਓਹ ਬੀ ਜੇ) ਸਤਿਗੁਰੂ ਦੀ ਸੇਵਾ ਕਰਕੇ ਹਰਿ ਜੀਉ ਨੂੰ ਮਨ ਵਿਚ ਵਸਾ ਲੈਣਗੇ ਤਾਂ ਗਤਿ ਮਿਤਿ ਪਾ ਲੈਣਗੇ। (ਸੋ ਤੁਸੀਂ ਭਾਈ ਜਨੋ! ਪਕਾ ਜਾਣੋ ਕਿ ਜਿਸ ਦਾ) ਚਿਤ (ਗੁਰੂ ਕੀ) ਸਚੀ ਬਾਣੀ ਨਾਲ ਲਗ ਜਾਏਗਾ (ਉਸਦਾ) ਆਵਣ ਜਾਣ ਮਿਟ ਜਾਏਗਾ॥

23 ਭਾਈ ਵੀਰ ਸਿੰਘ, *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੋਥੀ ਪਹਿਲੀ, ਪੰਨਾ 156.

24 ਭਾਈ ਵੀਰ ਸਿੰਘ, *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੋਥੀ ਚੌਥੀ, ਅੰਮ੍ਰਿਤਸਰ, 2007, ਪੰਨਾ 1669; 'ਸੁਖਮਨੀ' ਬਾਣੀ ਵਿਚ ਚਾਰ ਪਦਾਰਥ ਜੇਕੋ ਮਾਗੈ॥ ਸਾਧ ਜਨਾ ਕੀ ਸੇਵਾ ਲਾਗੈ॥ ਸ਼ਬਦ ਦਾ ਭਾਵ ਅਰਥ ਕਰਦਿਆਂ ਭਾਈ ਸਾਹਿਬ ਜੀ ਲਿਖਦੇ ਹਨ-ਜੇ ਕੋਈ ਸੋਭਾ, ਦੁਖ ਦੂਰਤਾ, ਚਾਰ ਪਦਾਰਥ, ਮੌਤ ਦਾ ਭੈਅ,ਇਨ੍ਹਾਂ ਲਈ ਨਾ, ਪਰ ਕੇਵਲ ਵਾਹਿਗੁਰੂ ਦਾ ਪ੍ਰੇਮੀ ਹੋ ਕੇ ਸਿਮਰਨ ਕਰੇ, ਉਸ ਤੋਂ ਨਾਨਕ ਸਦਕੇ ਹੈ। ਅਰਥਾਤ ਇਹ ਕਿ ਨਿਸ਼ਕਾਮ ਸਿਮਰਨ ਬਹੁਤ ਉੱਚੀ ਵਸਤੂ ਹੈ, ਕਿਉਂਕਿ ਉਸ ਨਾਲ ਸਦਗਤੀ ਪ੍ਰਾਪਤ ਹੁੰਦੀ ਹੈ ਜੋ ਸਭ ਤੋਂ ਉਤਮ ਪ੍ਰਾਪਤੀ ਹੈ। ਅਗਲੇ ਅੰਕ ਵਿਚ ਨਿਸ਼ਕਾਮ ਸਿਮਰਨ ਵਾਲਿਆਂ ਨੂੰ ਜੋ ਫਲ ਲਗਦੇ ਹਨ ਓਹ ਦਸੇ ਹਨ।

25 ਭਾਈ ਵੀਰ ਸਿੰਘ, *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੋਥੀ ਤੀਜੀ, ਅੰਮ੍ਰਿਤਸਰ, 2007, ਪੰਨਾ 927

26 ਭਾਈ ਵੀਰ ਸਿੰਘ, *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੋਥੀ ਤੀਜੀ, ਪੰਨਾ 1070.

27 ਖ਼ਾਲਸਾ ਸਮਾਚਾਰ, 20 ਜਨਵਰੀ 1910, ਪੰਨਾ 3.

28 ਖ਼ਾਲਸਾ ਸਮਾਚਾਰ, 23 ਦਸੰਬਰ 1908, ਪੰਨਾ 3.

29 ਭਾਈ ਵੀਰ ਸਿੰਘ, *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੋਥੀ ਪਹਿਲੀ, ਪੰਨਾ 10.

30 ਉਹੀ, ਪੰਨਾ 14.

31 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 871.

32 ਉਹੀ, ਪੰਨਾ 55.

33 ਉਹੀ, ਪੰਨਾ 1242.

34 ਉਹੀ, ਪੰਨਾ 9.

35 ਭਾਈ ਵੀਰ ਸਿੰਘ, *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੋਥੀ ਪਹਿਲੀ, ਪੰਨਾ 19.

36 ਖ਼ਾਲਸਾ ਸਮਾਚਾਰ, 12 ਅਪ੍ਰੈਲ 1905, ਪੰਨਾ 7-8 ; ਵੇਦਾਂਤ ਅਨੁਸਾਰ ਸਿਰਫ਼ ਗਿਆਨ ਹੋਣ 'ਤੇ ਹੀ ਆਤਮਾ ਤੇ ਪਰਮਾਤਮਾ ਵਿਚਲੀ ਦੂਰੀ ਹਟ ਕੇ ਮਨੁਖ 'ਮੈਂ ਪਰਮਾਤਮਾ ਹਾਂ' ਦੇ ਚਕਰ ਵਿਚ ਪੈ ਕੇ 'ਹਉਮੈ' ਨੂੰ ਪ੍ਰਾਪਤ ਹੋ ਜਾਂਦਾ ਹੈ। ਜਦ ਕਿ ਗੁਰਮਤਿ ਦਾ ਇਹ ਸਿਧਾਂਤ ਹੈ ਕਿ ਜਨਮਾਂਤਰ ਦੀ ਮੈਲ ਤਦ ਹੀ ਉਤਰਦੀ ਹੈ, ਜਦ ਪਰਮਾਤਮਾ ਦੀ ਗਿਆਨਮਈ ਭਗਤੀ ਕੀਤੀ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤੀ ਕਰਨ ਦੀ ਵਿਧੀ ਦਾ ਹੀ ਵੇਦਾਂਤ ਨਾਲੋ ਵਡਾ ਫ਼ਰਕ ਹੈ, ਜੋ ਵੇਦਾਂਤ ਫ਼ਿਲਾਸਫ਼ੀ ਨਹੀਂ ਦਸਦੀ। ਇਸ ਵਿਚਾਰ ਨੂੰ ਪ੍ਰਮਾਣਾਂ ਰਾਹੀਂ ਸਮਝਾਉਣ ਦਾ ਯਤਨ ਕੀਤਾ ਗਿਆ ਹੈ ਕਿ ਸਮੁੰਦਰ ਦੇ ਜਲ ਅਤੇ ਬੂੰਦ ਦੀ ਪ੍ਰਕਿਰਤੀ ਇਕ ਹੀ ਹੈ, ਪਰ ਇਹ ਗਿਆਨ ਹੋਣ ਨਾਲ ਬੂੰਦ ਸਮੁੰਦਰ ਵਿਚ ਨਹੀਂ ਮਿਲ ਜਾਂਦੀ। ਵੇਦਾਂਤ ਇਥੇ ਖੜੋਤਾ ਹੈ ਕਿ ਪਰਮਾਤਮਾ ਅਤੇ ਮਨੁਖੀ ਆਤਮਾ ਦੀ ਪ੍ਰਕਿਰਤੀ ਇਕ ਹੈ ਅਤੇ ਇਹ ਗਿਆਨ ਹੋਣ ਉਪਰੰਤ ਮਨੁਖ 'ਅਹੰ ਬ੍ਰਹਮੰ' ਦੇ ਸਿਧਾਂਤ ਅਨੁਸਾਰ ਅਦਵੈਤ ਪਦ ਨੂੰ ਪ੍ਰਾਪਤ ਹੋ ਜਾਂਦਾ ਹੈ। ਪਰ ਗੁਰਮਤਿ ਅਨੁਸਾਰ ਅਜਿਹਾ ਗਿਆਨ ਹੋਣ ਤੇ ਵੀ ਸਾਡੀ ਅਲਪਗਤਾ ਅਤੇ ਪਰਮਾਤਮਾ ਦੀ ਸਰਬਗਤਾ ਦਾ ਵਡਾ ਅੰਤਰ ਰਹਿ ਜਾਂਦਾ ਹੈ।

37 ਨਾਮ ਬਿਨਾ ਸਭਿ ਕੂੜੁ ਗਾਲੀ ਹੋਛੀਆ॥੧॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 761)

38 ਨਾਮ ਕੇ ਧਾਰੇ ਸਗਲੇ ਜੰਤ॥

ਨਾਮ ਕੇ ਧਾਰੇ ਖੰਡ ਬ੍ਰਹਮੰਡ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 284)

39 ਭਾਈ ਵੀਰ ਸਿੰਘ, *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੋਥੀ ਪਹਿਲੀ, ਪੰਨਾ 13.

40 ਉਹੀ, ਪੰਨਾ 156-58.

41 ਉਹੀ, ਪੰਨਾ 35.

42 ਡਾ. ਰਵਿੰਦਰ ਸਿੰਘ ਸੰਧੂ, *ਆਧੁਨਿਕ ਕਾਲ ਦੀ ਗੁਰਬਾਣੀ ਵਿਆਖਿਆ*, ਲੋਕਗੀਤ ਪ੍ਰਕਾਸ਼ਨ, 2012 ਪੰਨਾ 52.

43 ਪ੍ਰਿ. ਤੇਜਾ ਸਿੰਘ, *ਆਸਾ ਦੀ ਵਾਰ ਟੀਕਾ*, ਪੰਨਾ 19, 21.

44 ਡਾ. ਰਵਿੰਦਰ ਸਿੰਘ ਸੰਧੂ, *ਆਧੁਨਿਕ ਕਾਲ ਦੀ ਗੁਰਬਾਣੀ ਵਿਆਖਿਆ*, ਪੰਨਾ 52.

45 ਭਾਈ ਵੀਰ ਸਿੰਘ, *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੋਥੀ ਪਹਿਲੀ, ਪੰਨਾ 31.

46 ਉਹੀ, ਪੰਨਾ 31.

47 ਉਹੀ, ਪੰਨਾ 32.

48 ਡਾ. ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਨਾ 308.

49 ਭਾਈ ਵੀਰ ਸਿੰਘ, *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਪਹਿਲੀ*, ਪੰਨਾ 33.

50 ਡਾ. ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਨਾ 318.

51 ਭਾਈ ਵੀਰ ਸਿੰਘ, *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 42.

52 ਭਾਈ ਵੀਰ ਸਿੰਘ, *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੋਥੀ ਪਹਿਲੀ, ਪੰਨਾ 31.

53 ਡਾ. ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਨਾ 318-19.

54 ਭਾਈ ਵੀਰ ਸਿੰਘ, *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੋਥੀ ਪਹਿਲੀ, ਪੰਨਾ 50.

55 ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ॥
ਦਰਿ ਮੰਗਨਿ ਭਿਖ ਨ ਪਾਇਦਾ॥੧੬॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 472)

56 ਨਿਰੇ ਕਰਮਾ ਦਾ ਭਰੋਸਾ ਛਡੀਏ, ਸ਼ੁਭ ਕਰਮ ਕਰੀਏ, ਪਰ ਭਰੋਸਾ ਉਨ੍ਹਾਂ ਪੁਰ ਨਾ ਕਰੀਏ, ਤੇ ਮਾਣ ਤਾਣ ਤਿਆਗ ਕੇ ਸ਼ਰਨ ਪੈ ਜਾਈਏ, ਨਦਰ ਪਰ ਭਰੋਸਾ ਕਰੀਏ ਤੇ ਨਾਮ ਤੇ ਸਿਫਤ ਸਲਾਹ ਨਾਲ ਕਰਤਾ ਪੁਰਖ ਨੂੰ ਪਿਆਰ ਕਰੀਏ। ਪਿਆਰ ਨਾਲ ਨਦਰ ਹੋ ਜਾਂਣੀ ਸੌਖੀ ਗੱਲ ਹੈ, ਸੋ ਉਪਰ ਲਿਖੇ ਤੋਹਫੇ ਨਾਮ ਤੇ ਬਾਣੀ ਉਸ ਦੇ ਅਗੇ ਧਰ ਦੇਈਏ ਤੇ ਪਕੜ ਨੂੰ ਛੱਡ ਕੇ ਨਿਰਮਾਣ ਹੋ ਜਾਈਏ, ਇਕੁਰ ਉਸ ਦੀ ਮਿਹਰ ਹੁੰਦੀ ਹੈ। (ਸੰਥਯਾ ਪੋਥੀ, ਪੰਨਾ 58)

57 ਉਸ ਦੀ ਬਖ਼ਸ਼ਿਸ਼ ਬਹੁਤੀ ਹੈ, ਉਹ ਵਡਾ ਦਾਤਾ ਹੈ, ਸੋ ਵਡੇ ਦਾਤੇ ਤੋਂ ਜੋ ਬਹੁਤ ਬਖ਼ਸ਼ਿਸ਼ ਦਾ ਮਾਲਕ ਹੈ, ਨਿਰਾਸ ਨਹੀ ਹੋਈਦਾ। ਉਸ ਦਾ ਤਾਂ ਬਿਰਦ ਹੀ ਬਖ਼ਸ਼ਿਸ਼ ਹੈ। ਨਿਰਾਸ ਉਸ ਤੋਂ ਹੋਈਦਾ

ਹੈ ਜੋ ਨਿਸਪ੍ਰੇਹ ਨਹੀ, ਭਾਵ ਜਿਸ ਨੂੰ ਜੀਵਾਂ ਤੋਂ ਕੁਝ ਲੈਣ ਦੀ ਲਾਲਸਾ ਨਹੀ, ਉਸ ਦਾਤੇ ਤੇ ਵਡੇ ਦਾਤੇ ਤੋਂ ਕਿਉਂ ਨਿਰਾਸਤਾ? (ਸੰਥਯਾ ਪੋਥੀ, ਪੰਨਾ 119)

58 ਭਾਈ ਵੀਰ ਸਿੰਘ, *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੋਥੀ ਪਹਿਲੀ, ਪੰਨਾ 57-58.

59 ਉਹੀ, ਪੰਨਾ 142-53.

60 ਉਹੀ, ਪੰਨਾ 83.

# ਅਧਿਆਇ ਚੌਥਾ

# ਭਾਈ ਵੀਰ ਸਿੰਘ ਰਚਨਾਵਲੀ ਤੇ ਅਧਿਆਤਮਵਾਦ: ਨਾਵਲ ਦੇ ਪਰਿਪੇਖ ਵਿਚ

20ਵੀਂ ਸਦੀ ਦੇ ਆਰੰਭ ਵਿਚ ਪੰਜਾਬੀ ਬੋਲੀ ਅਤੇ ਪੰਜਾਬੀ ਭਾਸ਼ਾ ਨੂੰ ਸੁਰਜੀਤ ਕਰਨ ਦਾ ਅਤੇ ਸਿੱਖੀ ਪ੍ਰਚਾਰ ਦਾ ਜੋ ਕਾਰਜ ਭਾਈ ਵੀਰ ਸਿੰਘ ਨੇ ਕੀਤਾ, ਉਹ ਆਪਣੇ ਆਪ ਵਿਚ ਇਕ ਮਿਸਾਲ ਹੈ। ਜੇਕਰ ਉਨ੍ਹਾਂ ਦੀਆਂ ਰਚਨਾਵਾਂ ਖਾਸਕਰ ਨਾਵਲਾਂ ਦੀ ਗੱਲ ਕਰੀਏ ਤਾਂ ਉਨ੍ਹਾਂ ਨੇ ਨਾਵਲਾਂ ਨੂੰ ਜਿੱਥੇ ਇਤਿਹਾਸਕ ਰੰਗਤ ਦਿੱਤੀ, ਉਥੇ 20ਵੀਂ ਸਦੀ ਦੇ ਸਿੰਘਾਂ ਦੇ ਉੱਚੇ ਕਿਰਦਾਰ ਨੂੰ ਪੇਸ਼ ਕਰਨ ਦਾ ਬੜਾ ਸੋਹਣਾ ਯਤਨ ਕੀਤਾ ਹੈ। ਭਾਈ ਵੀਰ ਸਿੰਘ ਦਾ ਇਨ੍ਹਾਂ ਨਾਵਲਾਂ ਨੂੰ ਲਿਖਣ ਦਾ ਇਕੋ ਇਕ ਮੰਤਵ ਸੀ, ਸਿੱਖੀ ਪ੍ਰਚਾਰ। ਤਾਂ ਕਿ ਸਿੱਖ ਧਰਮ ਦੀ ਨੌਜਵਾਨ ਪੀੜ੍ਹੀ ਸਿੱਖ ਧਰਮ ਦੇ ਅਮੀਰ ਵਿਰਸੇ ਨੂੰ ਕਿਤੇ ਭੁੱਲ ਹੀ ਨਾ ਜਾਵੇ। ਉਨ੍ਹਾਂ ਦੁਆਰਾ ਰਚਿਤ ਨਾਵਲਾਂ ਵਿਚ ਪਾਤਰਾਂ ਦੁਆਰਾ ਐਸੇ ਰੌਚਕ ਕਰਤੱਵ ਪੇਸ਼ ਕੀਤੇ ਗਏ ਹਨ ਜਿਸ ਨੂੰ ਪੜ੍ਹ ਕੇ ਜਿਗਿਆਸੂ ਇਤਿਹਾਸ ਦੇ ਪਿਛੋਕੜ ਵੱਲ ਚਲਾ ਜਾਂਦਾ ਹੈ ਤੇ ਉਥੋਂ ਆਪਣੇ ਅਸਲੀ ਰੂਪ ਨੂੰ ਪਛਾਣਦਾ ਹੈ। ਭਾਈ ਵੀਰ ਸਿੰਘ ਦੇ ਇਹ ਨਾਵਲ ਜਿੱਥੇ ਅਧਿਆਤਮਕਤਾ ਦਾ ਸਿਖਰ ਹਨ, ਉਥੇ ਹੀ ਇਤਿਹਾਸਕ ਦ੍ਰਿਸ਼ਟੀ ਤੋਂ ਵੀ ਕੋਈ ਘੱਟ ਮਹੱਤਵਪੂਰਨ ਨਹੀਂ ਹਨ, ਕਿਉਂਕਿ ਇਹ ਨਾਵਲ ਪੰਜਾਬ ਅੰਦਰ 18ਵੀਂ ਸਦੀ ਦੇ ਮੁਗਲਾਂ ਦੇ ਹਮਲੇ ਦੌਰਾਨ ਹੋਈਆਂ ਘਟਨਾਵਾਂ ਉਪਰ ਆਧਾਰਿਤ ਹਨ। ਜੇਕਰ ਸਮੇਂ ਦੀ ਲੜੀ ਅੰਦਰ ਇਨ੍ਹਾਂ ਨੂੰ ਪਰੋ ਕੇ ਵੇਖਣ ਦਾ ਯਤਨ ਕਰੀਏ ਤਾਂ ਇਹ ਨਾਵਲ ਇਕ ਲੜੀਵਾਰ ਇਤਿਹਾਸ ਹੀ ਪ੍ਰਤੀਤ ਹੁੰਦੇ ਹਨ। ‘ਸੁੰਦਰੀ’ ਨਾਵਲ ਵਿਚ ਪੰਜਾਬ ਦੇ ਗਵਰਨਰ ਜ਼ਕਰੀਆ ਖਾਂ (1726-45) ਤੋਂ ਪਿੱਛੋਂ ਉਸਦੇ ਪੁੱਤਰ ਯਹੀਆ ਖਾਂ (1745-48) ਦੇ ਸਮੇਂ ਦੇ ਹਾਲ ਵਰਨਣ ਕੀਤਾ ਹੈ। ਅੰਤ ਵਿਚ ਮੀਰ ਮੰਨੂ (1748-53) ਦੇ ਸਮੇਂ ਦਾ ਵਰਨਣ ਬਹਾਦਰ ਕੌੜਾ ਮੱਲ ਦੀ ਮੌਤ ਦਾ ਜ਼ਿਕਰ ਵੀ ‘ਸੁੰਦਰੀ’ ਵਿਚ ਕੀਤਾ ਮਿਲਦਾ ਹੈ। 'ਬਿਜੈ ਸਿੰਘ’ ਨਾਵਲ ਮੀਰ ਮੰਨੂ ਦੇ ਰਾਜ ਤੋਂ ਲੈ ਕੇ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਦਾ ਪ੍ਰਸੰਗ ਪੇਸ਼ ਕਰਦਾ ਹੈ। 'ਸਤਵੰਤ ਕੌਰ’ ਨਾਵਲ ਤੈਮੂਰ ਸ਼ਾਹ ਅਤੇ ਜ਼ਮਾਨ ਖਾਂ (1756-57) ਤੋਂ ਆਰੰਭ ਹੋ ਕੇ ਅਬਦਾਲੀ ਦੇ ਪੰਜਵੇਂ ਹਮਲੇ ਤੱਕ ਦਾ ਇਤਿਹਾਸਕ ਪ੍ਰਸੰਗ ਹੈ। ਡਾ. ਕਿਰਪਾਲ ਸਿੰਘ ਲਿਖਦੇ ਹਨ,

'ਭਾਈ ਵੀਰ ਸਿੰਘ ਜੀ ਰੋਮਾਂਟਿਕ ਇਤਿਹਾਸਕਾਰ ਸਨ। ਉਨ੍ਹਾਂ ਨੇ ਸੁੰਦਰੀ, ਬਿਜੈ ਸਿੰਘ ਅਤੇ ਸਤਵੰਤ ਕੌਰ ਵਿਚ ਇਤਿਹਾਸਕ ਘਟਨਾਵਾਂ ਨੂੰ ਜਿਊਂਦਾ ਕਰਕੇ ਵਿਖਾਇਆ ਹੈ। ਇਹ ਤਿੰਨ ਪੁਸਤਕਾਂ ਕਿਸੇ ਇਕ ਘਟਨਾ ਤੇ ਅਧਾਰਿਤ ਨਹੀਂ ਸਗੋਂ ਇਨ੍ਹਾਂ ਵਿਚ ਯਤਨ ਕੀਤਾ ਗਿਆ ਹੈ ਕਿ ਸਮੁੱਚੇ ਸਮੇਂ ਦੇ ਸਿੱਖ ਇਤਿਹਾਸ ਨੂੰ ਉਲੀਕਿਆ ਜਾਵੇ। ਇਤਿਹਾਸਕ ਨਾਵਲ ਦਾ ਇੱਕ ਮੁੱਢਲਾ ਗੁਣ ਇਹ ਹੁੰਦਾ ਹੈ ਕਿ ਉਹ ਕਿਸੇ ਇਕ ਇਤਿਹਾਸਕ ਵਿਸ਼ੇਸ਼ ਘਟਨਾ ਦੇ ਆਲੇ ਦੁਆਲੇ ਘੁੰਮਦਾ ਹੈ। ਇਸ ਪੱਖ ਤੋਂ ਇਨ੍ਹਾਂ ਨੂੰ ਇਤਿਹਾਸਕ ਨਾਵਲ ਨਹੀਂ ਕਿਹਾ ਜਾ ਸਕਦਾ। ਸ਼ਾਇਦ ਇਸੇ ਕਰਕੇ ਇਨ੍ਹਾਂ ਸਤਰਾਂ ਦੇ ਲਿਖਾਰੀ ਨੂੰ ਇਕ ਵਾਰ ਭਾਈ ਵੀਰ ਸਿੰਘ ਨੇ ਦੱਸਿਆ, ਮੈਂ ਸੁੰਦਰੀ, ਬਿਜੈ ਸਿੰਘ ਅਤੇ ਸਤਵੰਤ ਕੌਰ ਨਾਵਲ ਨਹੀਂ ਲਿਖੇ ਸਗੋਂ ਇਤਿਹਾਸ ਲਿਖਿਆ ਹੈ। ਮੇਰਾ ਇਤਿਹਾਸ ਲਿਖਣ ਦਾ ਆਪਣਾ ਢੰਗ ਹੈ।'[1]

ਅਸਲ ਵਿਚ ਵਧੀਆ ਲਿਖਾਰੀ ਵੀ ਉਹੀ ਹੋ ਸਕਦਾ ਹੈ ਜਿਸ ਦੀ ਰਚਨਾ ਦਾ ਮੁਲਾਂਕਣ ਕਰਨ ਲੱਗਿਆਂ ਇਕ ਨਹੀਂ ਬਲਕਿ ਅਨੇਕਾਂ ਹੀ ਵਿਸ਼ੇ ਉਭਰ ਕੇ ਸਾਹਮਣੇ ਆ ਜਾਣ। ਇਤਿਹਾਸਕਾਰ ਨੂੰ ਉਸ ਵਿਚ ਇਤਿਹਾਸਕ ਘਟਨਾਵਾਂ ਦਾ ਝਰੋਖਾ ਪ੍ਰਤੀਤ ਹੋਵੇ, ਭਾਸ਼ਾ ਵਿਗਿਆਨੀ ਨੂੰ ਭਾਸ਼ਾ ਦੇ ਨਵੇਂ ਅੰਸ਼ ਅਤੇ ਨਵੀਂ ਵਿਧਾ ਪ੍ਰਾਪਤ ਹੋ ਜਾਵੇ, ਧਾਰਮਿਕ ਮਨੁੱਖ ਜਾਂ ਫਿਲਾਸਫਰ ਨੂੰ ਉਸ ਵਿਚ ਅਧਿਆਤਮਕਤਾ ਵੀ ਨਜ਼ਰ ਆ ਜਾਵੇ ਅਤੇ ਇਸ ਤੋਂ ਇਲਾਵਾ ਹੋਰ ਵੀ ਅਨੇਕਾਂ ਪੱਖ ਜੋ ਪ੍ਰਤੱਖ ਅਤੇ ਅਪ੍ਰਤੱਖ ਰੂਪ ਵਿਚ ਰੂਪਮਾਨ ਹੋਏ ਹਨ, ਨੂੰ ਵੀ ਸਾਹਮਣੇ ਲਿਆਇਆ ਜਾਂਦਾ ਹੈ ਜੋ ਕਿ ਲਿਖਾਰੀ ਨੇ ਸੋਚ ਕੇ ਨਹੀਂ ਲਿਖਿਆ ਪਰ ਉਸ ਦੀ ਅਵਚੇਤਨ ਬੁੱਧੀ ਵਿਚੋਂ ਉਹ ਸਹਿਜੇ ਹੀ ਪ੍ਰਕਾਸ਼ ਹੋ ਗਿਆ ਹੋਵੇ। ਇਸ ਤਰ੍ਹਾਂ ਦੇ ਅਨੇਕਾਂ ਵਿਸ਼ਿਆਂ ਨੂੰ ਇਕ ਲਿਖਾਰੀ ਲਿਖਤ ਵਿਚੋਂ ਵੇਖਿਆ ਜਾ ਸਕਦਾ ਹੈ। ਭਾਈ ਵੀਰ ਸਿੰਘ ਵੀ ਐਸੇ ਮਹਾਨ ਲਿਖਾਰੀ ਜਾਂ ਸਿਰਜਕ ਸਨ ਜਿਨ੍ਹਾਂ ਦੀ ਲਿਖਤ ਨੂੰ ਪੜ੍ਹ ਕੇ ਹਰ ਇਕ ਵਿਦਵਾਨ ਅਤੇ ਧਰਮ ਪ੍ਰੇਮੀ ਉਸ ਨੂੰ ਆਪਣੇ ਨਾਲ ਹੀ ਜੋੜ ਕੇ ਵੇਖਣ ਦਾ ਯਤਨ ਕਰਦਾ ਹੈ। ਭਾਈ ਵੀਰ ਸਿੰਘ ਦੇ ਇਹ ਨਾਵਲ ਬੇਸ਼ੱਕ ਇਤਿਹਾਸਕ ਪਿੱਠ ਭੂਮੀ ਵਿਚੋਂ ਹੀ ਉਪਜੇ ਹਨ, ਪਰ ਇਨ੍ਹਾਂ ਵਿਚ ਅਧਿਆਤਮਕਤਾ, ਰਹੱਸ, ਸਿੱਖੀ ਪ੍ਰੇਮ, ਸਿਧਾਂਤ ਆਦਿ ਅਨੇਕਾਂ ਪੱਖਾਂ ਨੂੰ ਉਜਾਗਰ ਕੀਤਾ ਗਿਆ ਹੈ।

## 1. ਸੁੰਦਰੀ (1898):

ਭਾਈ ਵੀਰ ਸਿੰਘ ਨੇ 'ਸੁੰਦਰੀ' ਨਾਵਲ ਰਚ ਕੇ ਪੰਜਾਬੀ ਸਾਹਿਤ ਵਿਚ 'ਨਾਵਲ' ਵਿਧਾ ਦੀ ਨੀਂਹ ਰੱਖੀ। ਅਸਲ ਵਿਚ ਉਹ ਇਸ ਜ਼ਰੀਏ ਸਿੱਖਾਂ ਦੀ ਗਿਰਾਵਟ ਦੇ ਦਿਨਾਂ ਵਿਚ ਉਨ੍ਹਾਂ ਦੇ ਮਨਾਂ ਵਿਚ ਸਿੱਖ ਅਧਿਆਤਮ ਦੀ ਜੋਤ ਜਗਾਉਣਾ ਚਾਹੁੰਦੇ ਸਨ। ਉਸ ਸਮੇਂ ਪੰਜਾਬ ਤੇ ਅੰਗਰੇਜ਼ਾ ਦਾ ਰਾਜ ਸੀ ਅਤੇ ਈਸਾਈ ਮਿਸ਼ਨਰੀ ਅੰਗਰੇਜ਼ੀ ਸਾਹਿਤ ਨੂੰ ਪ੍ਰਫੁੱਲਿਤ ਕਰਨ ਲਈ ਪੰਜਾਬੀ ਅਨੁਵਾਦ ਕਰਕੇ ਪੰਜਾਬੀਆਂ ਦੇ ਹੱਥੀਂ ਫੜਾ ਰਹੇ ਸਨ ਤਾਂ ਕਿ ਉਹ ਸਾਹਿਤ ਦੇ ਮਾਧਿਅਮ ਰਾਹੀਂ ਆਪਣੇ ਧਰਮ ਅਤੇ ਸਭਿਆਚਾਰ ਦੀ ਸਥਾਪਤੀ ਪੂਰਨ ਰੂਪ ਵਿਚ ਕਾਇਮ ਕਰ ਸਕਣ। ਭਾਈ ਵੀਰ ਸਿੰਘ ਦਾ ਮਨੋਰਥ ਉਸ ਸਮੇਂ ਸੂਝਵਾਨਤਾ ਨਾਲ ਪੰਜਾਬੀ ਸਭਿਆਚਾਰ ਅਤੇ ਸਿੱਖ ਧਰਮ ਨੂੰ ਬਚਾਉਣਾ ਸੀ। 'ਸੁੰਦਰੀ' ਨਾਵਲ ਦੇ ਕਰਤਾ ਭਾਈ ਵੀਰ ਸਿੰਘ ਨੇ ਨਾਵਲ ਦੀ ਅੰਤਿਕਾ ਜੋ 1933 ਵਿਚ ਮਾਨ ਸਿੰਘ ਐਡੋਵਕੇਟ ਨੇ ਲਿਖੀ ਸੀ, ਵਿਚ ਇਸ ਨਾਵਲ ਨੂੰ ਰਚਣ ਦਾ ਕਾਰਨ ਦੱਸਿਆ- 'ਸੁੰਦਰੀ ਦੇ ਸਮਾਚਾਰ ਅਰ ਖਾਲਸੇ ਦੇ ਹੋਰ ਹਾਲਤ ਜੋ ਇਸ ਪੁਸਤਕ ਵਿਚ ਲਿਖੇ ਹਨ, ਅਸਾਂ ਪੰਥ ਪ੍ਰਕਾਸ਼, ਖਾਲਸਾ ਤਵਾਰੀਖ ਤੇ ਹੋਰ ਕਈ ਇਤਿਹਾਸਾਂ ਅਰ ਬ੍ਰਿਧ ਤੀਵੀਆਂ, ਪੁਰਖਾਂ ਤੋਂ ਸੁਣ ਕੇ ਕੱਠੇ ਕਰਕੇ ਇਕ ਸ਼੍ਰੇਣੀ ਵਿਚ ਗੁੰਦ ਕੇ ਅਰ ਟੁੱਟੇ ਸਿਲਸਲਿਆਂ ਨੂੰ ਮਿਲਾ ਕੇ ਲਿਖੇ ਹਨ। ਇਸ ਪੁਸਤਕ ਦੇ ਲਿਖਣ ਤੋਂ ਸਾਡਾ ਤਾਤਪਰਜ ਇਹ ਹੈ ਕਿ ਪੁਰਾਣੇ ਸਮਾਚਾਰ ਪੜ੍ਹ ਸੁਣ ਕੇ ਸਿੱਖ ਲੋਕ ਆਪਣੇ ਧਰਮ ਵਿਚ ਪੱਕੇ ਹੋਣ, ਪਰਮੇਸ਼ਵਰ ਦੀ ਭਗਤੀ ਤੇ ਜਗਤ ਦੇ ਵਿਹਾਰ ਦੋਹਾਂ ਨੂੰ ਨਿਭਾਹੁਣ, ਕੁਰੀਤੀਆਂ ਦਾ ਤਿਆਗ ਹੋਵੇ, ਧਰਮ ਦਾ ਵਾਧਾ ਹੋਵੇ ਅਰ ਸਿੱਖਾਂ ਨੂੰ ਆਪਣੇ ਉਤਮ ਅਸੂਲ ਪਿਆਰੇ ਲੱਗਣ, ਆਪਣੇ ਵਿਚ ਜਥੇਬੰਦ ਹੋ ਕੇ ਸਿੰਘ ਦੂਜੀਆਂ ਕੌਮਾਂ ਨੂੰ ਇਕ-ਰਸ ਜਾਣ ਕੇ ਕਿਸੇ ਨਾਲ ਅਤਿ ਵੈਰ ਤੇ ਕਿਸੇ ਨਾਲ ਅਤਿ ਮੋਹ ਨਾ ਕਰਨ, ਸਗੋਂ 'ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ' ਵਾਲੀ ਗੁਰ ਸਿੱਖਿਆ ਪੁਰ ਟੁਰ ਕੇ ਅਟੱਲ ਰਹਿਣ।'[2]

ਸੋ ਸੁੰਦਰੀ ਨਾਵਲ ਉਸ ਸਮੇਂ ਲਿਖਿਆ ਗਿਆ ਜਦੋਂ ਕਿ ਪੰਥ ਆਪਣੀ ਅਵੇਸਲੀ ਨੀਂਦ ਤੋਂ ਜਗਾਇਆ ਜਾ ਰਿਹਾ ਸੀ ਤੇ ਇਸ ਜਾਗ ਰਹੇ ਸ਼ੇਰ ਵਿਚ ਇਸ ਪੁਰਾਤਨ ਬਾਹੂਬਲ ਪ੍ਰਾਕਰਮ, ਧਰਮ

ਪਵਿੱਤਰਤਾ ਤੇ ਉਚੇ ਆਦਰਸ਼ ਨੂੰ ਸੁਰਜੀਤ ਕਰਨ ਦੀ ਲੋੜ ਸੀ ਤਾਂ ਕਿ ਖਾਲਸਾ, ਜੋ ਇਕ ਆਦਰਸ਼ਕ ਇਨਸਾਨ ਸਤਿਗੁਰੂ ਨੇ ਬਣਾਇਆ ਸੀ, ਆਪਣੀ ਅਟੱਲਤਾ ਵਿਚ ਕਾਇਮ ਰਹੇ ਤੇ ਇਸ ਦੀ ਸੇਵਾ ਨਾਲ ਜਗਤ ਸੁਖੀ ਹੋਵੇ।[3]

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਦੇ ਨਾਲ ਨਾਲ ਪੰਜਾਬ ਵਿਚੋਂ ਸਿੱਖਾਂ ਦੇ ਰਾਜ ਦੇ ਖਾਤਮੇ ਨੇ ਸਿੱਖ ਪੰਥ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਓਧਰ ਦੂਜੇ ਪਾਸੇ ਈਸਾਈ ਮਿਸ਼ਨਰੀਆਂ ਨੂੰ ਆਪਣਾ ਪ੍ਰਚਾਰ ਕਰਨਾ ਹੋਰ ਵੀ ਅਸਾਨ ਹੋ ਗਿਆ ਸੀ ਕਿਉਂਕਿ ਪੰਜਾਬ ਉਪਰ ਪੂਰਨ ਤੌਰ 'ਤੇ ਗੋਰਿਆਂ ਦਾ ਕਬਜ਼ਾ ਹੋ ਚੁੱਕਾ ਸੀ। ਫਲਸਰੂਪ ਸਿੱਖ ਧਰਮ ਉਤੇ ਨੀਤੀਗਤ ਹਮਲੇ ਹੋਣੇ ਆਰੰਭ ਹੋ ਗਏ। ਗੁਰਦੁਆਰਿਆਂ ਵਿਚ ਗੁਰਪੁਰਬ ਮਨਾਉਣੇ ਬੰਦ ਹੀ ਹੋ ਗਏ ਸਨ ਅਤੇ ਨੌਜਵਾਨ ਸਿੱਖ ਪੀੜ੍ਹੀ ਆਪਣੇ ਇਤਿਹਾਸ ਨੂੰ ਭੁੱਲ ਕੇ ਪਤਿਤਪੁਣੇ ਵੱਲ ਜਾ ਰਹੀ ਸੀ। ਇਸੇ ਪ੍ਰਤੀਕਰਮ ਵਜੋਂ ਹੀ 19ਵੀਂ ਸਦੀ ਦੇ ਅਖੀਰ ਵਿਚ ਸਿੰਘ ਸਭਾ ਲਹਿਰ ਦਾ ਆਗਾਜ਼ ਹੋਇਆ, ਜਿਸ ਦਾ ਮੁੱਖ ਮੰਤਵ ਸੀ ਸਿੱਖ ਧਰਮ ਵਿਚ ਵਧ ਰਹੀ ਪਤਿਤਪੁਣੇ ਦੀ ਭਰਮਾਰ ਨੂੰ ਰੋਕਿਆ ਜਾਵੇ ਅਤੇ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਵਿਚ ਗੁਰਸਿੱਖੀ ਦਾ ਪ੍ਰਚਾਰ ਕਰ ਆਪਣੀ ਲਿਪੀ ਅਤੇ ਭਾਸ਼ਾ ਦਾ ਵਿਕਾਸ ਅਤੇ ਨੌਜਵਾਨ ਵਰਗ ਨੂੰ ਸਿੱਖ ਧਰਮ ਦੇ ਉਚੇ ਆਦਰਸ਼ਾਂ ਤੋਂ ਜਾਣੂ ਕਰਾਇਆ ਜਾਵੇ। ਭਾਈ ਵੀਰ ਸਿੰਘ ਨੇ ਉਸ ਸਮੇਂ ਸਿੱਖ ਧਰਮ ਵਿਚ ਆ ਰਹੀ ਗਿਰਾਵਟ ਨੂੰ ਦੂਰ ਕਰਨ ਲਈ 'ਸੁੰਦਰੀ ਨਾਵਲ ਰਚਿਆ। ਇਸ ਦਾ ਮਨੋਰਥ ਵੀ ਉਕਤ ਵਿਚਾਰਾਂ ਦੀ ਹੀ ਪ੍ਰੋੜਤਾ ਵਿਚ ਵੇਖਿਆ ਜਾ ਸਕਦਾ ਹੈ। ਮਾਨ ਸਿੰਘ ਐਡਵੋਕੇਟ 'ਸੁੰਦਰੀ' ਪੁਸਤਕ ਦੀ ਅੰਤਿਕਾ ਵਿਚ ਲਿਖਦਾ ਹੈ- 'ਮਾਲੂਮ ਹੁੰਦਾ ਹੈ ਕਿ ਸੁੰਦਰੀ ਲਿਖਣ ਦਾ ਪ੍ਰਯੋਜਨ ਕੋਈ ਸਾਹਿਤਯਕ ਨੁਕਤੇ ਤੋਂ ਦਿਲਚਸਪੀ ਲਈ ਇਕ ਨਾਵਲ ਲਿਖਣ ਦਾ ਨਹੀਂ ਸੀ ਜੋ ਪਾਠਕਾਂ ਨੂੰ ਘੜੀ ਦੋ ਘੜੀ ਦੇ ਬਹਿਲਾਵੇ ਦਾ ਕੰਮ ਦੇਵੇ ਤੇ ਨਾ ਛਾਣ ਪੁਣ ਕੇ ਨਿਰਾ ਇਤਿਹਾਸ ਲਿਖਣ ਦਾ ਸੀ। ਇਤਿਹਾਸਕ ਨੁਕਤੇ ਤੋਂ ਇਤਿਹਾਸ ਦਾ ਖਾਕਾ (ਆਊਟ ਲਾਈਨ) ਜਿਹਾ ਖਿੱਚ ਕੇ ਜੋ ਉਸ ਵੇਲੇ ਦੀਆਂ ਆਸਾਨੀ ਨਾਲ ਦਸਤਸਾਬ ਚੀਜ਼ਾਂ ਤੋਂ ਲਿਆ ਜਾਵੇ ਤੇ ਸੀਨੇ-ਬਸੀਨੇ ਆਈਆਂ ਰਵਾਯਤਾਂ ਤੇ ਉਪਰਲੇ ਗੀਤ ਵਾਲੀ ਕਥਾ ਮਿਲਕੇ ਇਕ ਸ਼ੈ ਬਣੇ, ਜਿਸ ਨਾਲ ਜਿਸ ਸਮੇਂ ਸਿੱਖਾਂ ਨੇ ਦਿਲ ਹਿਲਾ ਦੇਣ ਵਾਲੀਆਂ

ਕੁਰਬਾਨੀਆਂ ਕੀਤੀਆਂ ਹਨ ਓਹ ਸਮੇਂ ਅੱਖਾਂ ਅੱਗੇ ਆ ਜਾਣ, ਉਦੋਂ ਦੇ ਹਾਕਮਾਂ ਦੇ ਜ਼ੁਲਮ, ਪਰਜਾ ਦੀ ਦੁਖੀ ਦਸ਼ਾ, ਸਿੱਖਾਂ ਦੇ ਕਾਰਨਾਮੇ ਤੇ ਸਿੱਖਾਂ ਦੀਆਂ ਆਪਾਵਾਰ ਕੁਰਬਾਨੀਆਂ ਦਿਸ ਪੈਣ ਤੇ ਉਦੋਂ ਦੇ ਸਿੱਖ ਕੈਰੈਕਟਰ ਤੇ ਖਾਲਸੇ ਦੇ ਪੰਥਕ ਜੀਵਨ ਦਾ ਫੋਟੋ ਸਾਹਮਣੇ ਖਿੱਚਿਆ ਜਾਵੇ ਤੇ ਇਸ ਅਸਰ ਨਾਲ ਸਿੱਖ ਮਰਦ ਇਸਤ੍ਰੀਆਂ ਵਿਚ ਕੌਮ ਦੇ ਜੀਵਨ ਦੀ ਮੱਧਮ ਪੈ ਗਈ ਰੌਂ ਮੁੜ ਰੁਮਕ ਉਠੇ।'[4]

'ਸੁੰਦਰੀ' ਨਾਵਲ ਲਿਖਣਾ ਉਨ੍ਹਾਂ ਦਾ ਅਜਿਹਾ ਦੂਰਅੰਦੇਸ਼ੀ ਪੈਂਤੜਾ ਹੀ ਸੀ ਜਿਸ ਰਾਹੀਂ ਉਨ੍ਹਾਂ ਈਸਾਈ ਮਿਸ਼ਨਰੀਆਂ ਦੁਆਰਾ ਈਸਾਈ ਮਤ ਦਾ ਮਾਡਲ ਪੇਸ਼ ਕਰਦਾ ਨਾਵਲ 'ਪਿਲਗਰਿਮਜ਼ ਪ੍ਰੋਗਰੈਸ' ਦੇ ਪ੍ਰਤੀ ਉੱਤਰ ਵਜੋਂ ਪੇਸ਼ ਕੀਤਾ। 'ਸੁੰਦਰੀ' ਨਾਵਲ ਦੇ ਵਿਸ਼ੇ ਅਤੇ ਕਥਾ ਮਾਡਲ ਨੂੰ ਨੀਝ ਨਾਲ ਵੇਖੀਏ ਤਾਂ ਜਿਵੇਂ 'ਪਿਲਗਰਿਮਜ਼ ਪ੍ਰੋਗਰੈਸ' ਵਿਚ ਈਸਾਈ ਅਧਿਆਤਮ ਮਾਡਲ ਨੂੰ ਪੇਸ਼ ਕੀਤਾ ਹੈ ਇਵੇਂ ਹੀ ਭਾਈ ਸਾਹਿਬ ਨੇ 'ਸੁੰਦਰੀ' ਨਾਵਲ ਵਿਚ ਸਿੱਖ ਅਧਿਆਤਮ ਨੂੰ ਪੇਸ਼ ਕੀਤਾ ਹੈ। ਪਿਲਗਰਿਮਜ਼ ਪ੍ਰੋਗਰੈਸ ਵਿਚ ਇਕ ਸਧਾਰਨ ਵਿਅਕਤੀ ਦੁਨਿਆਵੀ ਮੁਸ਼ਕਲਾਂ ਵਿਚੋਂ ਨਿਕਲ ਕੇ ਅਧਿਆਤਮਕ ਮੰਜ਼ਲਾਂ ਪਾਰ ਕਰਦਾ ਹੈ, ਇਸ ਦਾ ਦਿਲਚਸਪ ਵਰਣਨ ਹੈ। ਯਸੂਹੀ ਮੁਸਾਫਰ ਦੇ ਰਾਹੀਂ ਨਾਵਲਕਾਰ ਜੀਵਨ ਦੇ ਚੰਗੇ ਮਾੜੇ ਤਜ਼ਰਬਿਆਂ ਨੂੰ ਪ੍ਰਸਤੁਤ ਕਰਕੇ ਉਸ ਵਿਚੋਂ ਅਧਿਆਤਮਕ ਮਾਰਗ ਦਰਸਾ ਰਿਹਾ ਹੈ। 'ਸੁੰਦਰੀ' ਦਾ ਘਟਨਾਕ੍ਰਮ ਵੀ ਭਾਈ ਵੀਰ ਸਿੰਘ ਨੇ ਇਸੇ ਤਰ੍ਹਾਂ ਹੀ ਸਿਰਜਿਆ। 'ਸੁੰਦਰੀ' ਨਾਵਲ ਵਿਚ ਮੁੱਖ ਪਾਤਰ ਨੂੰ ਸੰਸਾਰਿਕ ਔਕੜਾਂ ਦੇ ਪਰਿਵੇਸ਼ ਵਿਚ ਦਿਖਾ ਕੇ ਸਿੱਖ ਅਧਿਆਤਮ ਮਾਰਗ ਦੀ ਸੋਝੀ ਦਾ ਵਿਸ਼ਲੇਸ਼ਣ ਕਰਦਿਆਂ ਨੇਕੀ ਤੇ ਬਦੀ ਨੂੰ ਪ੍ਰਤਿਮਾਨਤ ਕੀਤਾ ਗਿਆ ਹੈ। ਜਿਵੇਂ ਯਸੂਹੀ ਮੁਸਾਫਰ ਸਭ ਔਕੜਾਂ ਤੋਂ ਉਪਰ ਉਠ ਕੇ ਸਿਦਕ ਨਾਲ ਪਰਮਾਤਮ ਮਾਰਗ ਵੱਲ ਵਧਦਾ ਸਫਲ ਹੋ ਜਾਂਦਾ ਹੈ, ਇਸੇ ਤਰ੍ਹਾਂ ਸੁੰਦਰੀ ਵੀ ਸਿਰੜ ਧਰਮੀ ਆਸ਼ਿਆਂ ਨਾਲ ਅਧਿਆਤਮਵਾਨ ਦਿਖਾਈ ਗਈ ਹੈ, ਉਸ ਨੂੰ ਧੁਰ ਕੇਂਦਰਿਤ ਸ਼ਖਸੀਅਤ ਵਜੋਂ ਚਿਤਰਿਆ ਗਿਆ ਹੈ। ਸਦਾਚਾਰਕ ਯਤਨਸ਼ੀਲਤਾ ਨਾਲ ਅਧਿਆਤਮਕ ਕਦਰਾਂ ਕੀਮਤਾਂ ਸਥਾਪਿਤ ਹੁੰਦੀਆਂ ਹਨ। ਸ਼ੁਭ ਸੰਕਲਪ ਉਪਜਦੇ ਹਨ। ਨਾਵਲ ਵਿਚ ਸੁੰਦਰੀ ਦੀ ਚਰਿੱਤਰ ਉਸਾਰੀ ਇਕ ਦਰਜੇਵਾਰ ਕੀਮਤ ਗ੍ਰਹਿਣ ਸਿਲਸਿਲੇ ਵਜੋਂ ਕਰਵਾਈ ਗਈ। ਸੁੰਦਰੀ ਇਕ ਸ਼ੁਭ ਸੰਕਲਪ ਨੂੰ ਸਿਰੜ ਤੇ ਨਿਸ਼ਚੇ ਨਾਲ

ਪ੍ਰਯੋਗ ਕਰਕੇ ਸਦਗੁਣੀ ਹੋ ਜਾਂਦੀ ਹੈ। ਨਾਵਲ ਦੇ ਪਹਿਲੇ ਹੀ ਕਾਂਡ ਵਿਚ ਉਹ ਸਿਰੜ ਨਾਲ ਮੁਸ਼ਕਲ ਦਾ ਸਾਹਮਣਾ ਕਰਦੀ ਹੈ, ਨਾਲ ਹੀ ਆਪਣੇ ਭਰਾ ਨੂੰ ਵੀ ਹੌਂਸਲਾ ਦਿੰਦੀ ਹੈ।

ਮੁਗਲ ਦਾ ਪਾਣੀ ਮੈਂ ਨਾ ਪੀਆਂ ਵੀਰਾ ਮਰਾਂਗੀ ਅੱਗ ਜਲਾ।[5]

ਇਥੇ ਹੀ ਨਾਵਲ ਵਿਚ ਉਸ ਦੇ ਚਰਿੱਤਰ ਦਾ ਨੈਤਿਕ ਪ੍ਰਗਟਾਵਾ ਵਿਖਾਇਆ ਗਿਆ ਹੈ। ਉਹ ਆਪਣੇ ਨਿਸ਼ਚੇ ਬਾਰੇ ਭਰਾ ਨੂੰ ਕਹਿੰਦੀ ਹੈ: "ਧਰਮ ਲਈ ਮਰਨਾ ਬੁਰਾ ਨਹੀਂ ... ਮੈਂ ਮਰਨ ਤੋਂ ਰਤਾ ਨਹੀਂ ਡਰਦੀ, ਗੁਰੂ ਤੇਗ ਬਹਾਦਰ ਜੀ ਮੇਰੇ ਅੰਗ ਸੰਗ ਹਨ, ਜਾਹ ਮੇਰੇ ਪਿੱਛੇ ਬਹੁਤਿਆਂ ਦੀ ਜਾਨ ਬਚਣ ਦੇ।"[6] ਉਸਦੀ ਇਹ ਜੀਵਨ-ਮਰਨ ਤੋਂ ਨਾ ਡਰਨ ਦੀ ਅਵਸਥਾ ਉਸ ਨੂੰ ਆਤਮਿਕ ਵਿਕਾਸ ਵੱਲ ਲੈ ਜਾਂਦੀ ਹੈ। ਉਹ ਵਿਚਾਰਵਾਨ ਬਣ ਜਾਂਦੀ ਹੈ ਤੇ ਸਿੱਖ ਧਰਮ ਅਪਣਾ ਲੈਂਦੀ ਹੈ। 'ਨਾਮ ਜਪਣਾ' ਸੁੰਦਰੀ ਦੀ ਪ੍ਰਮੁੱਖ ਜੀਵਨਕਾਰ ਬਣ ਜਾਂਦੀ ਹੈ। ਉਹ ਨਾਵਲ ਦੇ ਸ਼ੁਰੂਆਤੀ ਵੇਰਵਿਆਂ ਵਿਚ ਮੁਗਲ ਕੈਦ ਵਿਚ ਚਿਖਾ ਤੇ ਬੈਠੀ ਵੀ ਜਪੁਜੀ ਦੀਆਂ ਪਉੜੀਆਂ ਦਾ ਪਾਠ ਕਰਦੀ ਹੈ। ਨਿਤ ਕ੍ਰਿਆ ਵਿਚ ਪਾਠ ਕਰਨਾ ਉਸ ਦੀ ਤਰਜ਼ੀਹ ਹੈ। ਨਾਵਲ ਵਿਚ ਜਿੱਥੇ ਕਿਤੇ ਵੀ ਉਸ ਤੇ ਬਿਪਤਾ ਪੈਂਦੀ ਹੈ, ਉਹ ਬਾਣੀ ਪੜ੍ਹਦੀ, ਗੁਰੂਆਂ ਦੀ ਉਸਤਤਿ ਕਰਦੀ ਅਤੇ ਅਰਦਾਸ ਦੇ ਸਹਾਰੇ ਹਰ ਬਿਪਤਾ ਤੋਂ ਪਾਰ ਹੁੰਦੀ ਹੈ। ਇਸ ਨਾਲ ਉਸ ਵਿਚ ਅਜਿਹੀ ਸੰਕਲਪ ਸ਼ਕਤੀ ਤੇ ਮਾਨਸਿਕ ਸਮਸਰਤਾ ਆ ਜਾਂਦੀ ਹੈ ਕਿ ਉਹ ਮਾਨਵਤਾ ਦੀ ਸੇਵਾ ਨੂੰ ਆਪਣਾ ਵਿਵਹਾਰ ਬਣਾ ਲੈਂਦੀ ਹੈ। ਇਥੋਂ ਤੱਕ ਕਿ ਆਪਣੇ ਵੈਰੀ ਮੁਗਲ ਸਿਪਾਹੀ ਨੂੰ ਵੀ ਇਨਸਾਨ ਦੀ ਔਲਾਦ ਸਮਝ ਦੇ ਨਿਝੱਕ ਹੋ ਕੇ ਮੱਦਦ ਕਰਦੀ ਹੈ। H.H.I.I. Watter ਅਜਿਹੇ ਧਾਰਮਿਕ ਅਭਿਆਸ ਨੂੰ ਅਧਿਆਤਮਕਤਾ ਦੀ ਅਵਸਥਾ ਮੰਨਦੇ ਹੋਏ ਲਿਖਦੇ ਹਨ: "Because the natural virtues are permanent effects produced by human actions which are good as will be explained; when acquired, they became important principles which essentially influence the moral character of all deliberate action put by the possessor ... distinguish between virtue, and the acts which produce it; the virtue itself is a habit which is acquired by repeated acts they directly regard the proper or specific object of that virtue."[7]

ਲੜੀਵਾਰ ਨਾਵਲੀ ਵੇਰਵਿਆਂ ਵਿਚ ਸੁੰਦਰੀ ਪਾਤਰ ਨੂੰ ਭਾਈ ਵੀਰ ਸਿੰਘ ਨੇ ਜਿਵੇਂ ਸਿੱਖ ਧਰਮ ਵਿਚ ਦਾਖਲਾ ਦਵਾਇਆ ਅਤੇ ਧਰਮ ਅਭਿਆਸ ਕਰਦੇ ਵਿਖਾਇਆ, ਜਿਵੇਂ ਉਹ ਗਿਆਨਵਾਨ ਹੁੰਦੀ ਗਈ, ਉਸ ਦੇ ਸੁੱਚੇ ਕਰਮ ਉਸਦੀ ਸ਼ਖ਼ਸੀ ਅਜ਼ਾਦੀ ਦਾ ਸਬੱਬ ਬਣੇ, ਉਹ ਸੁੰਦਰ ਨਮੂਨੇ ਦੇ ਸਮਾਜ ਨੂੰ ਸਾਰਥਕ ਕਰਨ ਵਿਚ ਦ੍ਰਿੜ ਹੋਈ ਤੇ ਅਖੀਰ ਸਚਖੰਡ ਜਾਣ ਦੀ ਅਭਿਲਾਸ਼ੀ ਦਿਖਾਈ ਗਈ। ਇਹ ਇਸ ਤਰ੍ਹਾਂ ਲੱਗਦਾ ਹੈ ਕਿ 'ਸੁੰਦਰੀ' ਨਾਵਲ ਸਿੱਖ ਅਧਿਆਤਮ ਦੀ ਪੰਜ ਖੰਡ ਫਿਲਾਸਫੀ ਨੂੰ ਸਾਰਥਕ ਕਰਦੀ ਹੋਈ ਕਥਾ ਰਚਨਾ ਹੈ। ਕਥਾਨਕੀ ਵੇਰਵਿਆਂ ਵਿਚ ਉਸ ਨੂੰ ਨਿਰਲੇਪ, ਨਿਰਦੋਖ, ਸੰਜਮੀ, ਧੀਰਜਵਾਨ ਬ੍ਰਹਮਗਿਆਨੀ ਦੇ ਤੌਰ ਤੇ ਵਿਚਰਦਿਆਂ ਪੇਸ਼ ਕੀਤਾ ਗਿਆ, ਜਿਥੇ ਉਹ ਦੁੱਖ ਸੁੱਖ ਦੀ ਅਵਸਥਾ ਤੋਂ ਉਪਰ ਉਠ ਕੇ ਉੱਚ ਅਧਿਆਤਮ ਦੀ ਪਰਮ ਆਨਦਿਤ ਅਵਸਥਾ ਵਿਚ ਜਾਪਦੀ ਹੈ। ਉਸ ਨੂੰ ਭਾਈ ਸਾਹਿਬ ਨੇ ਨਾਵਲ ਵਿਚ ਮੁਰਗਾਬੀਆਂ ਵਿਚੋਂ 'ਹੰਸ' ਬਿਆਨ ਕੀਤਾ। ਸਿੱਟੇ ਵਜੋਂ 'ਸੁੰਦਰੀ' ਨਾਵਲ ਸਿੱਧੇ ਤੌਰ ਤੇ ਅਧਿਆਤਮ ਸੋਝੀ ਤੇ ਨੈਤਿਕ ਸੰਵੇਦਨਾ ਨਾਲ ਸਰੋਕਾਰ ਰੱਖਦਾ ਹੈ।

**2. ਬਿਜੈ ਸਿੰਘ (1899)**

'ਬਿਜੈ ਸਿੰਘ' ਭਾਈ ਵੀਰ ਸਿੰਘ ਦਾ ਦੂਸਰਾ ਅਜਿਹਾ ਨਾਵਲ ਹੈ ਜੋ ਸਿੱਖ ਇਤਿਹਾਸ ਨੂੰ ਪਿਛੋਕੜ ਵਿਚ ਰੱਖ ਕੇ ਪੰਥਕ ਸੁਨੇਹਾ ਸਿਰਜਦਾ ਹੈ ਤੇ ਸਿੱਖ ਅਧਿਆਤਮਕ ਫਿਲਾਸਫੀ ਨੂੰ ਕੇਂਦਰ ਵਿਚ ਰੱਖ ਕੇ ਲਿਖਿਆ ਗਿਆ ਹੈ। ਜਿਵੇਂ ਸਿੱਖ ਧਰਮ ਵਿਚ ਕੁਰਬਾਨੀ ਤੇ ਸਿਰੜ ਦੀਆਂ ਭਾਵਨਾਵਾਂ ਨੂੰ ਉੱਚਤਮ ਅਧਿਆਤਮਕ ਸਿਖਰ ਮੰਨਿਆ ਗਿਆ ਹੈ।

ਭਾਈ ਵੀਰ ਸਿੰਘ 'ਸੁੰਦਰੀ' ਨਾਵਲ ਵਾਂਗ ਇਸ ਨਾਵਲ ਵਿਚ ਵੀ ਸਿੱਖ ਧਰਮ ਦੇ ਉਚੇ ਆਦਰਸ਼ ਅਤੇ ਕਿਰਦਾਰ ਨੂੰ ਪੇਸ਼ ਕਰਨ ਦਾ ਯਤਨ ਕਰ ਰਹੇ ਹਨ। ਭਾਈ ਸਾਹਿਬ ਨੇ ਜੋ ਵੀ ਲਿਖਿਆ, ਉਹ ਕੇਵਲ ਆਪਣੇ ਨਿੱਜ ਨੂੰ ਵਿਦਿਅਕ ਅਦਾਰੇ ਵਿਚ ਵੱਡੇ ਦਰਸਾਉਣ ਹਿੱਤ ਨਹੀਂ ਅਤੇ ਨਾ ਹੀ ਕਿਸੇ ਸੁਆਰਥ ਵੱਸ ਇਹ ਅਮੋਲਕ ਰਚਨਾਵਾਂ ਲਿਖੀਆਂ, ਬਲਕਿ ਉਨ੍ਹਾਂ ਅੰਦਰ ਸਿੱਖੀ ਦਾ ਪਿਆਰ ਅਤੇ ਇਸ ਪ੍ਰਤੀ ਤੜਪ ਹੀ ਉਨ੍ਹਾਂ ਨੂੰ ਭਾਵਨਾ ਦੇ ਵੇਗ ਵਿਚ ਲੈ ਤੁਰਦੀ ਤੇ ਉਹ ਇਕ ਤੋਂ ਬਾਅਦ ਇਕ ਕੀਮਤੀ ਹੀਰਿਆਂ ਵਾਂਗ

ਬੇਸ਼ਕੀਮਤੀ ਕਿਤਾਬਾਂ ਸਿੱਖ ਧਰਮ ਦੀ ਝੋਲੀ ਵਿਚ ਪਾਉਂਦੇ ਗਏ। ਆਮ ਲੇਖਕਾਂ ਵਾਂਗ ਕੋਰਾਪਨ ਵੀ ਕਿਤੇ ਨਜ਼ਰ ਨਹੀਂ ਆਉਂਦਾ। ਉਹ ਗੁਰੂ ਪ੍ਰੇਮ ਵਿਚ ਹਰ ਹਾਲ ਬੜੇ ਪਿਆਰ ਅਤੇ ਭਾਵਪੂਰਕ ਤਰੀਕੇ ਨਾਲ ਕਰਦੇ ਹਨ ਕਿ ਪੜ੍ਹਨ ਵਾਲੇ ਜਿਗਿਆਸੂ ਲਈ ਉਹ ਪਲ ਹਮੇਸ਼ਾ ਹਮੇਸ਼ਾ ਲਈ ਚੇਤਿਆਂ ਦਾ ਹਿੱਸਾ ਬਣ ਜਾਂਦਾ ਹੈ ਤੇ ਉਹ ਸੰਸਾਰ ਦੇ ਝਮੇਲਿਆਂ ਤੋਂ ਉਪਰ ਉਠ ਅਧਿਆਤਮ ਮੰਡਲ ਦੀਆਂ ਉਡਾਰੀਆਂ ਭਰਨੀਆਂ ਸ਼ੁਰੂ ਕਰ ਦਿੰਦਾ ਹੈ। ਬਿਜੈ ਸਿੰਘ ਨਾਵਲ ਲਿਖਣ ਦਾ ਪ੍ਰਯੋਜਨ ਵੀ ਭਾਈ ਵੀਰ ਸਿੰਘ ਜੀ ਦਾ ਇਹੋ ਹੀ ਹੈ ਕਿ ਉਸ ਸਮੇਂ ਵਿਚ ਸਿੱਖ ਧਰਮ ਵਿਚ ਆ ਰਹੀ ਗਿਰਾਵਟ ਨੂੰ ਕਿਸ ਤਰ੍ਹਾਂ ਦੂਰ ਕੀਤਾ ਜਾਵੇ ਅਤੇ ਈਸਾਈਅਤ ਦੇ ਪ੍ਰਚਾਰ ਤੋਂ ਪੰਜਾਬੀ ਨੌਜਵਾਨਾਂ ਨੂੰ ਕਿਸ ਤਰ੍ਹਾਂ ਆਪਣੇ ਧਰਮ ਨਾਲ ਜੋੜ ਕੇ ਰੱਖਿਆ ਜਾਵੇ। ਉਹ ਇਸ ਨਾਵਲ ਦੀ ਭੂਮਿਕਾ ਵਿਚ ਲਿਖਦੇ ਹਨ: ਪੰਜਾਬ ਦਾ ਇਤਿਹਾਸ ਕਿਸੇ ਕਿਸੇ ਨੇ ਲਿਖਿਆ ਹੈ, ਪਰ ਸਿੱਖਾਂ ਬਾਬਤ ਸਾਰੇ ਹਾਲਾਤ ਅਜੇ ਸਹੀ ਕਰਕੇ ਨਹੀਂ ਲਿਖੇ ਗਏ, ਇਸੇ ਕਰਕੇ ਇਨ੍ਹਾਂ ਦੇ ਹਾਲਾਤ ਅਜੇ ਘੱਟ ਰੋਸ਼ਨੀ ਵਿਚ ਆਏ ਹਨ। ਜੋ ਆਏ ਹਨ, ਥੋੜ੍ਹੇ ਹਨ, ਬਹੁਤ ਕੁਝ ਬਾਕੀ ਰਹਿ ਗਿਆ ਹੈ ਅਤੇ ਬਹੁਤ ਕੁਝ ਨਾ-ਠੀਕ ਪ੍ਰਗਟ ਹੋਇਆ ਹੈ, ਉਸ ਦੀ ਪੜਤਾਲ ਬਹੁਤ ਵੱਡਾ ਕੰਮ ਹੈ। ਇਸ ਪੋਥੀ ਵਿਚ ਲਿਖੇ ਇਕ ਸਮੇਂ ਦੇ ਕੁਝ ਹਾਲਾਤ ਸਿੱਟੇ ਚੁਗਣ ਵਾਂਙੂੰ ਕੱਠੇ ਕੀਤੇ ਗਏ ਹਨ। ਕੌਮ ਦੀ ਹਾਲਾਤ ਗਿਰਾਵਟ ਵਿਚ ਹੈ ਤੇ ਇਹ ਇਕ ਤਰਲਾ ਹੈ ਕਿ ਕਿਤੇ ਪੁਰਾਤਨ ਹਾਲਾਤ ਵਾਚ ਕੇ ਕੌਮ ਵਿਚ ਉਤਸ਼ਾਹ ਭਰੇ, ਇਸ ਵਿਚ ਜੀਵਨ ਦਾ ਰੌਂ ਰੁਮਕ ਪਵੇ।

ਭਾਈ ਵੀਰ ਸਿੰਘ ਦੇ ਨਾਵਲ ਵਿਚਲਾ ਪ੍ਰਮੁੱਖ ਪਾਤਰ ਬਿਜੈ ਸਿੰਘ ਅਤੇ ਉਸਦਾ ਸਮੁੱਚਾ ਪਰਿਵਾਰ ਔਕੜਾਂ, ਦੁਖੜੇ, ਕਸ਼ਟ ਝੱਲਦਾ ਹੋਇਆ ਸਿੱਖੀ ਨੂੰ ਸਮਰਪਿਤ ਹੈ। ਉਨ੍ਹਾਂ ਦਾ ਸਿਦਕ ਸਚਮੁੱਚ 18ਵੀਂ ਸਦੀ ਦੇ ਸਿੱਖਾਂ ਦੀ ਯਾਦ ਨੂੰ ਤਾਜ਼ਾ ਕਰਾ ਦਿੰਦਾ ਹੈ ਕਿ ਕਿਸ ਤਰ੍ਹਾਂ ਉਨ੍ਹਾਂ ਜੰਗਲਾਂ ਵਿਚ ਭੁੱਖੇ ਰਹਿ ਕੇ ਸਿੱਖੀ ਨੂੰ ਕਾਇਮ ਰੱਖਿਆ ਅਤੇ ਡੋਲੇ ਨਹੀਂ। ਉਨ੍ਹਾਂ ਦੀ ਸਿੱਖੀ ਭਾਵਨਾ ਨੂੰ ਸੁਰਜੀਤ ਕਰਦਾ ਇਹ ਨਾਵਲ ਭਾਈ ਵੀਰ ਸਿੰਘ ਦੁਆਰਾ ਜਜ਼ਬਿਆਂ ਨਾਲ ਭਰਪੂਰ ਹੈ ਤੇ ਅਧਿਆਤਮਕ ਮੰਡਲ ਦੀ ਉਸਾਰੀ ਕਰਦਾ ਹੈ। ਭਾਈ ਵੀਰ ਸਿੰਘ ਦਾ ਨਾਵਲੀ ਪਾਤਰ ਇਨ੍ਹਾਂ ਜਜ਼ਬਿਆਂ ਦੇ ਆਵੇਗ ਨੂੰ ਸਾਰਥਕ ਕਰਦਾ ਨਜ਼ਰ ਆਉਂਦਾ ਹੈ। ‘ਸੁੰਦਰੀ’ ਨਾਵਲ ਵਿਚ ਉਨ੍ਹਾਂ ਨਾਰੀ ਨਾਇਕਤਵ ਰਾਹੀਂ ਮਨੁੱਖੀ ਸਿਰੜ ਦੀ ਹਾਮੀ ਭਰੀ ਹੈ ਤਾਂ ‘ਬਿਜੈ ਸਿੰਘ’ ਨਾਵਲ

ਦਾ ਪ੍ਰਯੋਜਨ ਵੀ ਕਸ਼ਟਮਈ ਜੀਵਨ ਦਾ ਉਧਾਰ ਤੇ ਜੂਝਦੇ ਰਹਿਣ ਦੀ ਸਮਰੱਥਾ ਦਾ ਵਿਸਥਾਰ ਹੈ। ਸਤਿੰਦਰ ਸਿੰਘ ਲਿਖਦੇ ਹਨ, 'ਇਹ ਨਾਵਲ ਸੁੰਦਰੀ ਦਾ ਭਾਗ ਹੀ ਜਾਪਦਾ ਹੈ, ਕਿਉਂਕਿ ਇਸ ਦਾ ਨਾਇਕ ਬਿਜੈ ਸਿੰਘ ਵੀ ਸੁੰਦਰੀ ਵਾਂਗ ਹੀ ਕੁਝ ਆਦਰਸ਼ਾਂ ਲਈ ਮੁਗਲਾਂ ਨਾਲ ਟਾਕਰਾ ਲੈਂਦਾ ਹੈ ਅਤੇ ਸੁੰਦਰੀ ਵਾਂਗ ਹੀ ਕਸ਼ਟ ਸਹਿੰਦਾ ਹੋਇਆ, ਬਹਾਦਰੀ ਦੇ ਕਾਰਨਾਮੇ ਕਰਦਾ ਸ਼ਹੀਦੀ ਪ੍ਰਾਪਤ ਕਰਦਾ ਹੈ।'[8] ਡਾ. ਕਿਰਪਾਲ ਸਿੰਘ ਲਿਖਦੇ ਹਨ ਕਿ ਇਤਿਹਾਸ ਦੀ ਧਰਤੀ ਉਤੇ ਆਦਰਸ਼ ਚਿਤ੍ਰਨ ਦੀ ਦੂਜੀ ਮਿਸਾਲ ਬਿਜੈ ਸਿੰਘ ਸੀ। ਇੱਕ ਹਿੰਦੂ ਪਰਿਵਾਰ ਦਾ ਨੌਜਵਾਨ ਸਿੱਖ ਬਣ ਜਾਂਦਾ ਹੈ ਤੇ ਆਪਣੀ ਇਸਤ੍ਰੀ ਸਮੇਤ ਆਪਣੇ ਸਾਰੇ ਪਰਿਵਾਰ ਨੂੰ ਮੁਗਲਾਂ ਤੋਂ ਬਚਾਉਣ ਲਈ ਘਰ ਤਿਆਗ ਦਿੰਦਾ ਹੈ। ਸਿੰਘਾਂ ਦੇ ਜਥੇ ਨਾਲ ਮਿਲ ਕੇ ਮੁਗਲਾਂ ਦੀ ਗਸ਼ਤੀ ਫੌਜ ਦਾ ਟਾਕਰਾ ਕਰਦਾ ਹੈ। ਕਦੀ ਭੇਸ ਬਦਲ ਕੇ ਮੁਗਲਾਂ ਦੇ ਭੇਤ ਲੈਂਦਾ ਹੈ ਤੇ ਮੁਸੀਬਤਾਂ ਝਾਗਦਾ ਹੈ। ਅਖੀਰ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਦਾ ਟਾਕਰਾ ਕਰਦਾ ਹੋਇਆ ਸ਼ਹੀਦ ਹੋ ਜਾਂਦਾ ਹੈ।[9]

ਪਰੰਤੂ ਭਾਈ ਵੀਰ ਸਿੰਘ ਨੇ ਇਸ ਨਾਵਲੀ ਵੇਰਵੇ ਰਾਹੀਂ ਲਿਵਲੀਨ ਸਾਧਕਾਂ ਦੀ ਮਨੋਦਸ਼ਾ, ਪ੍ਰਤਾਪ ਤੇ ਉਜਮਨੀ ਕਲਕਾਰਿਆਂ ਦਾ ਜੋ ਵਰਨਣ ਕੀਤਾ ਹੈ, ਨਿਸ਼ਚੇ ਹੀ ਉਹ ਆਲੌਕਿਕ ਅਨੰਦ ਦੀ ਅਵਸਥਾ ਦਾ ਵਿਸ਼ਲੇਸ਼ਣ ਹੈ। ਨਾਵਲ ਦਾ ਨਾਇਕ, ਉਸਦੀ ਸੁਪਤਨੀ ਅਤੇ ਪੁੱਤਰ ਨੂੰ ਭਾਈ ਸਾਹਿਬ ਨੇ ਵਿਲੱਖਣ ਆਤਮੀਅਤਾ ਵਾਲੇ ਬਣਾ ਕੇ ਪੇਸ਼ ਕੀਤਾ। ਉਨ੍ਹਾਂ ਦੀ ਆਤਮ ਲੀਨਤਾ ਤੇ ਮਨਨ ਸ਼ਕਤੀ ਉਨ੍ਹਾਂ ਦੇ ਚਿਹਰੇ ਤੇ ਸੁਸ਼ੋਭਿਤ ਤੇ ਆਲੇ ਦੁਆਲੇ ਨੂੰ ਪ੍ਰਭਾਵਿਤ ਕਰਦੀ ਹੈ। ਉਹ ਭਾਵੇਂ ਧਰਮ ਲਈ ਜੂਝਦੇ, ਬਨਾਂ ਵਿਚ ਮਿਹਨਤ ਕਰਦੇ ਇਨਸਾਨ ਹਨ ਪਰ ਭਾਈ ਵੀਰ ਸਿੰਘ ਨੇ ਉਨ੍ਹਾਂ ਵਿਚੋਂ ਆਪਣੀ ਵਿਆਖਿਆ ਦ੍ਰਿਸ਼ਟੀ ਰਾਹੀਂ ਰੱਬੀ ਨੂਰ ਦੇ ਦਰਸ਼ਨ ਕਰਵਾਏ ਹਨ। ਉਹ ਬਿਜੈ ਸਿੰਘ ਦੀ ਪਤਨੀ ਸ਼ੀਲ ਕੌਰ ਬਾਰੇ ਲਿਖਦੇ ਹਨ: 'ਉਸ ਕੁੱਲੀ ਦੇ ਅੱਗੇ ਵਾੜ ਦੇ ਅੰਦਰ ਇਕ ਜਵਾਨ ਸੁੰਦਰ ਇਸਤਰੀ ਬੈਠੀ ਹੈ, ਜਿਸ ਦੀ ਸੁੰਦਰਤਾ ਨੂੰ ਦੇਖ ਕੇ ਸੁੰਦਰਤਾ ਬੀ ਦੰਗ ਰਹਿ ਜਾਏ। ਇਸਦੇ ਸੁੰਦਰ ਚਿਹਰੇ ਨੂੰ ਧਰਮ, ਸਹਿਨਸ਼ੀਲਤਾ, ਪਤਿਬ੍ਰਤਾ ਭਾਵ ਤੇ ਭਜਨ ਨੇ ਐਸੀ ਰੰਗਤ ਦਿੱਤੀ ਹੈ ਕਿ .... ਪਾਪ ਜਿਸ ਦੇ ਨੇੜੇ ਨਹੀਂ ਕਦੇ ਆਇਆ। ... ਕਬੂਤਰ ਵਰਗਾ

ਭੋਲਾਪਨ ਉਸ ਦੇ ਮਨਮੋਹਨ ਚਿਹਰੇ ਨੂੰ ਐਸਾ ਪ੍ਰਭਾਵ ਦੇ ਰਿਹਾ ਹੈ ਕਿ ਕਵੀਆਂ ਦੀ ਕਲਮ ਇਸ ਨੂੰ ਵਰਨਣ ਕਰਨ ਤੇ ਚਿਤ੍ਰਕਾਰ ਦੀ ਕਲਮ ਇਸ ਨੂੰ ਅੰਕਿਤ ਕਰਨ ਵੇਲੇ ਡੂੰਘੀਆਂ ਸੋਚਾਂ ਵਿਚ ਪੈ ਜਾਂਦੀਆਂ। ਹਾਂ, ਕੋਈ ਈਸ਼ਵਰ ਭਗਤ ਦੀ ਉਸ ਧਰਮਾਵਤਾਰ ਇਸਤਰੀ ਦੀ ਦੈਵੀ ਸੁੰਦਰਤਾ ਨੂੰ ਸਮਝ ਸਕਦਾ ਹੈ ਕਿ ਆਤਮਾ ਦੀ ਨਿਰਮਲਤਾਈ ਇਨਸਾਨ ਦੇ ਚਿਹਰੇ ਵਿਚ ਕੋਈ ਅਸਚਰਜ ਦੀ ਤਰ੍ਹਾਂ ਸਤੋਗੁਣੀ ਰੌਣਕ ਭਰ ਦਿਆ ਕਰਦੀ ਹੈ।'[10]

ਨਾਵਲ ਦੇ ਗਿਆਰਵੇਂ ਕਾਂਡ ਵਿਚ ਭਾਈ ਵੀਰ ਸਿੰਘ ਇਸ ਤਰ੍ਹਾਂ ਦੀ ਅਧਿਆਤਮਕ ਨੂਰਮਈ ਅਵਸਥਾ ਨੂੰ ਧਾਰਨ ਕਰਨਾ ਅਤਿ ਕਠਿਨ ਬਿਆਨਦੇ ਹਨ ਕਿ ਸਤਿਅਮ, ਸ਼ਿਵਮ, ਸੁੰਦਰਮ ਵਰਗੇ ਗੁਣਾਂ ਨੂੰ ਇਸ ਦੁਨਿਆਵੀ ਜੰਜਾਲ ਵਿਚ ਕਾਇਮ ਰੱਖਣਾ ਬੜਾ ਹੀ ਮੁਸ਼ਕਲ ਕਾਰਜ ਹੈ। ਪਰਮਾਤਮਾ ਤੇ ਪੂਰਨ ਆਸਥਾ ਤੇ ਉਸ ਦੀ ਪ੍ਰਕਾਸ਼ਮਾਨਤਾ ਦਾ ਅਨੁਭਵ ਇਸ ਨੂੰ ਸੰਭਵ ਬਣਾ ਸਕਦਾ ਹੈ। ਭਾਈ ਸਾਹਿਬ ਗੁਰਬਾਣੀ ਦੇ ਹਵਾਲਿਆਂ ਸਹਿਤ ਲਿਖਦੇ ਹਨ ਕਿ 'ਸਤ ਧਰਮ ਕਾਇਮ ਰੱਖਣ ਵਾਲਿਆਂ ਨੂੰ ਦੁਨੀਆਂ ਦੁਖ ਦੇਂਦੀ ਹੈ .... ਇਨ੍ਹਾਂ ਲੋਕਾਂ ਦੇ ਹਿਰਦੇ ਵਿਚ ਸਾਰੇ ਕਾਰਣਾਂ ਦਾ ਕਾਰਣ ਪਰਮਾਤਮਾ ਐਉ ਪ੍ਰਕਾਸ਼ਤ ਹੁੰਦਾ ਹੈ ਜਿੱਕਰ ਦਿਨ ਨੂੰ ਸੂਰਜ। ਜਿੱਕੁਰ ਚਾਨਣ ਵਿੱਚ ਜੀਵ ਨਹੀਂ ਘਾਬਰਦੇ, ਤਿਵੇਂ ਧਰਮੀ ਜੀਵ ਪਰਮਾਤਮਾ ਦੇ ਮਿਲਾਪ ਹੋਏ ਤੇ ਉਸ ਦੇ ਪਿਆਰ ਤੇ ਚਾਨਣੇ ਵਿਚ ਨਹੀਂ ਡੋਲਦੇ।'[11]

ਕੁਦਰਤ ਦੀ ਗੋਦ ਵਿਚ ਵਿਗਸਦੇ ਇਨ੍ਹਾਂ ਪ੍ਰਾਣੀਆਂ ਨੂੰ ਭਾਈ ਸਾਹਿਬ ਨੇ ਕੁਦਰਤ ਦੇ ਬਹੁਤ ਨੇੜੇ ਜੀਉਂਦਿਆਂ ਵਿਖਾਇਆ ਤੇ ਆਪਣੀ ਵਾਰਤਕ ਸ਼ੈਲੀ ਰਾਹੀਂ ਜਿੱਥੇ ਕੁਦਰਤ ਦਾ ਸੁਹਾਵਣਾ ਚਿਤਰਣ ਵਿਖਾਇਆ, ਇਵੇਂ ਹੀ ਪੂਰੀ ਦੀ ਪੂਰੀ ਧਿਆਨ ਪ੍ਰਕਿਰਿਆ ਨੂੰ ਮਨੁੱਖੀ ਚੇਤਨਾ ਦੀ ਵਿਲੱਖਣ ਕੁਦਰਤ ਬਣਾ ਕੇ ਕਾਦਰ ਨਾਲ ਇਕਸੁਰ ਦਿਖਾਇਆ, ਜਿਸ ਦੇ ਪ੍ਰਭਾਵ ਸਦਕਾ ਕੋਈ ਵੀ ਦੁਨਿਆਵੀ ਤਾਕਤ ਇਸ ਤੇ ਕੋਈ ਅਸਰ ਨਹੀਂ ਪਾ ਸਕਦੀ। ਨਿਸ਼ਚਿਤ ਰੂਪ ਵਿਚ ਇਸ ਧਿਆਨ ਪ੍ਰਕਿਰਿਆ ਨੂੰ ਉਨ੍ਹਾਂ ਸਿੱਖ ਅਧਿਆਤਮੀ ਟੇਕ ਅਨੁਸਾਰ ਸਿਰਜਿਆ ਕਿ ਨਾਵਲ ਦੇ ਨਾਇਕ ਦੀ ਸੁਪਤਨੀ ਸ਼ੀਲ ਕੌਰ ਪਾਤਰ ਅਤਿ ਦੇ ਕਸ਼ਟਾਂ ਵਿਚ ਆਪਣੀ ਇਕਾਗਰਤਾ ਨੂੰ ਬਣਾਈ ਰੱਖਦੀ ਹੈ ਤੇ ਰੱਬੀ ਸ਼ਕਤੀ ਨਾਲ ਇਕਸੁਰਤਾ ਉਸਦੀ ਖਲਾਸੀ ਬਣ

ਜਾਂਦੀ ਹੈ। ਨਾਵਲ ਦੇ ਬਾਰ੍ਹਵੇਂ ਕਾਂਡ ਦੇ ਸ਼ੁਰੂ ਵਿਚ ਭਾਈ ਵੀਰ ਸਿੰਘ ਨੇ ਸ਼ੀਲ ਕੌਰ ਦੀ ਮਨੋ-ਅਵਸਥਾ ਤੇ ਭਗਤ-ਵੱਛਲਤਾ ਨੂੰ ਇੰਝ ਦਰਜ ਕੀਤਾ ਹੈ, 'ਏਕਾਗਰ ਚਿਤ ਪ੍ਰਾਣੀ ਸ਼ਕਤੀ ਵਾਲਾ ਹੋ ਜਾਂਦਾ ਹੈ ਤੇ ਉਸ ਦੀ ਜੁੜੀ ਹੋਈ ਧਿਆਨ ਸ਼ਕਤੀ ਬੜੇ ਕਰਤੱਬ ਕਰ ਲੈਂਦੀ ਹੈ। ਸੋ ਸ਼ੀਲ ਕੌਰ ਦੇ ਵਾਹਿਗੁਰੂ ਵਿਚ ਲਿਵਲੀਨ ਧਿਆਨ ਪਰ ਮਹਾਰਾਜ ਦੀ ਕ੍ਰਿਪਾ ਨੇ ਉਸ ਦੀ ਰਖਯਾ ਕੀਤੀ। ਉਹ ਤਾਂ ਮਰਨਾ ਮੰਨ ਕੇ ਬੈਠੀ ਹੀ ਸੀ ਅਰ ਕਿਸੇ ਸਹਾਇਤਾ ਦੀ ਆਸ ਵਿਚ ਨਹੀਂ ਸੀ, ਸਾਂਈਂ ਵਿਚ ਜੁੜੀ ਸੀ ਕਿ ਮਰਨ ਲੱਗਿਆਂ ਜੁੜੀ ਹੀ ਮਰ ਜਾਵਾਂ, ਜੋ ਮਾਲਕ ਤੋਂ ਅੰਤਰ ਆਤਮੇ ਵਿਥ ਨਾ ਪਵੇ, ਪਰ ਉਸ ਭਗਤਾਂ ਦੇ ਪਿਆਰੇ ਨੇ ਮੀਂਹ, ਹਨੇਰੀ, ਗੜੇ, ਬਿਜਲੀ, ਭੁਚਾਲ ਸਾਰੀਆਂ ਡਰਾਉਣੀਆਂ ਤਾਕਤਾਂ ਛੇੜ ਦਿੱਤੀਆਂ।'[12]

ਇਹ ਸਾਰੀ ਵਾਰਤਾ ਮਨੁੱਖੀ ਧਿਆਨ ਕੇਂਦਰਿਤ ਆਪੇ ਦੀ ਹੈ ਜੋ ਭਿਆਨਕ ਤੋਂ ਭਿਆਨਕ ਹਾਲਤਾਂ ਨੂੰ ਰੱਬੀ ਨੇੜਤਾ ਨਾਲ ਨਜਿੱਠ ਲੈਂਦਾ ਹੈ। ਇਸ ਵਿਚ ਭਾਈ ਸਾਹਿਬ ਨੇ ਕੁਦਰਤ ਨੂੰ ਅਧਿਆਤਮਕ ਸ਼ਕਤੀਆਂ ਦਾ ਪ੍ਰਤੀਮਾਨ ਬਣਾ ਕੇ ਪੇਸ਼ ਕੀਤਾ। ਇਹ ਅਧਿਆਤਮ ਸ਼ਕਤੀ ਮਨੁੱਖੀ ਆਪੇ ਦੀ ਦ੍ਰਿੜ ਸ਼ਕਤੀ ਕਿਵੇਂ ਬਣਦੀ ਹੈ, ਇਸ ਨੂੰ ਭਾਈ ਸਾਹਿਬ ਨੇ ਨਾਵਲ ਦੇ ਅੰਤਲੇ ਭਾਗ ਵਿਚ ਬਿਜੈ ਸਿੰਘ ਨਾਵਲੀ ਨਾਇਕ ਦੀ ਸ਼ਹੀਦੀ ਰਾਹੀਂ ਦਰਸਾਉਣ ਦਾ ਯਤਨ ਕੀਤਾ ਕਿ ਮਨੋਸ਼ਕਤੀ ਸਰੀਰਕ ਕਸ਼ਟਾਂ ਤੋਂ ਕਿਤੇ ਬਲਵਾਨ ਹੁੰਦੀ ਹੈ। ਇਸੇ ਨੂੰ ਸਿੱਖ ਫਿਲਾਸਫੀ ਵਿਚ ਸ਼ਹੀਦੀ ਦੇ ਜਜ਼ਬੇ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ:

ਜਉ ਤਉ ਪ੍ਰੇਮ ਖੇਲਣ ਕਾ ਚਾਉ
ਸਿਰ ਧਰਿ ਤਲੀ ਗਲੀ ਮੇਰੀ ਆਉ।
ਇਤ ਮਾਰਗ ਪੈਰ ਧਰੀਜੈ
ਸਿਰ ਦੀਜੈ ਕਾਣਿ ਨ ਕੀਜੈ।[13]

ਬਿਜੈ ਸਿੰਘ ਮੁਗਲਾਂ ਨਾਲ ਯੁੱਧ ਵਿਚ ਧਰਮ ਰੱਖਿਆ ਕਰਦਾ ਜੂਝਦਾ, ਫੱਟ ਖਾਂਦਾ ਮੌਤ ਦੇ ਮੂੰਹ ਵਿਚ ਸ਼ੇਰਾਂ ਵਾਂਗ ਕਦਮ ਧਰਦਾ ਹੈ ਪਰੰਤੂ ਉਸ ਦੀ ਅੰਤਰ ਆਤਮਾ ਪ੍ਰਭੂ ਪਿਆਰ ਵਿਚ ਭਿੱਜੀ 'ਜਪੁਜੀ' ਦੀਆਂ ਪਉੜੀਆਂ ਵਿਚ ਲੀਨ ਹੈ। ਅਸਲ ਵਿਚ ਇਹ 'ਵਾਹਿਗੁਰੂ ਜੀ ਦਾ ਖਾਲਸਾ ਤੇ ਵਾਹਿਗੁਰੂ ਜੀ ਦੀ

ਫਤਹਿ' ਦੇ ਸੰਕਲਪ ਦੀ ਸਾਰਥਕਤਾ ਹੈ, ਜਿੱਥੇ ਆਤਮਾ ਉੱਚ ਅਵਸਥਾ ਵਿਚ ਵਿਚਰਦੀ ਪ੍ਰਭੂ ਲੀਨ ਹੋ ਜਾਵੇ ਤੇ ਸਰੀਰ ਦੇ ਜੀਊਣ ਮਰਨ ਦੇ ਕੋਈ ਭੇਦ ਬਾਕੀ ਨ ਰਹੇ। ਇੰਞ ਭਾਈ ਵੀਰ ਸਿੰਘ ਨੇ ਇਸ ਨਾਵਲ ਵਿਚ ਜੀਵਨ ਦਰਸ਼ਨ ਤੇ ਮੌਤ ਦੇ ਰਹੱਸਾਂ ਦੇ ਵਿਵਿਧ ਖੁਲਾਸੇ ਕੀਤਾ।

**3. ਸਤਵੰਤ ਕੌਰ (ਪਹਿਲਾ ਭਾਗ 1900, ਦੂਸਰਾ ਭਾਗ 1927)**

ਮਾਨਵੀ ਜਿਗਿਆਸਾ ਦੇ ਹਰੇਕ ਪ੍ਰਸ਼ਨ ਦਾ ਉਤਰ ਸਿੱਖ ਅਧਿਆਤਮਕ ਗਿਆਨ ਦਾ ਵਿਸ਼ਾ ਹੈ ਕਿ ਸੁੱਖ ਦੁੱਖ ਕਿਉਂ ਆਉਂਦੇ ਹਨ, ਜੀਵਨ ਮੌਤ ਦਾ ਚੱਕਰ ਕੀ ਹੈ, ਸੰਸਾਰਕ ਪਰਦਾ ਕੀ ਹੈ ਤੇ ਕਿਹੜੀ ਟੇਕ ਜੀਵਨ ਮੁਕਤੀ ਦੇ ਰਾਹ ਤੋਰਦੀ ਹੈ, ਆਨੰਦ ਮਨ ਦਾ ਸਬੱਬ ਬਣਦੀ ਹੈ। ਭਾਈ ਵੀਰ ਸਿੰਘ ਦੀ ਸਿੱਖ ਅਧਿਆਤਮ ਬਾਰੇ ਸੂਝ ਬੜੀ ਹੀ ਗੂੜ੍ਹੀ ਸੀ। ਭਾਈ ਸਾਹਿਬ ਦਾ ਇਹ ਤੀਸਰਾ ਨਾਵਲ 'ਸਤਵੰਤ ਕੌਰ' ਮਨੁੱਖੀ ਮਨ ਦੀ ਹਰੇਕ ਗੁੰਝਲ ਖੋਲ੍ਹਦਾ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਇਹ ਨਾਵਲ ਮਨੋਵਿਗਿਆਨਕ ਪਹੁੰਚ ਰਾਹੀਂ ਸਿੱਖ ਦਰਸ਼ਨ ਨੂੰ ਬਿਆਨ ਕਰ ਰਿਹਾ ਹੈ। ਨਾਵਲੀ ਨਾਇਕਾ ਸਤਵੰਤ ਕੌਰ ਅਤਿ ਦੀਆਂ ਭੀੜਾਂ ਵਿਚ ਵਿਚਰਦੀ ਹੋਈ ਜਿਸ ਤਰ੍ਹਾਂ ਦੇ ਆਤਮਿਕ ਆਨੰਦ ਵਿਚ ਵਿਚਰਦੀ ਹੈ, ਪਾਠਕ ਨੂੰ ਭੁਲੇਖਾ ਪੈਂਦਾ ਹੈ ਕਿ ਇਹ ਕੋਈ ਆਦਰਸ਼ਕ ਸਿੱਖ ਸਿਰਜਣ ਦਾ ਪ੍ਰਯੋਜਨ ਹੈ। ਨਾਵਲਕਾਰ ਦਾ ਕਲਾ ਕੌਸ਼ਲ ਤੇ ਗਲਪੀ ਰੂਪਕਤਾ ਨੇ ਇਹ ਭਰਮ ਜਾਣ ਬੁੱਝ ਕੇ ਰਚਿਆ। ਨਾਵਲੀ ਗੁੰਝਲ ਦੇ ਤਾਣੇ-ਬਾਣੇ ਵਿਚ ਉਲਝੇ ਕਥਾ ਵਸਤੂ ਨੂੰ ਪਾਠਕ ਅੱਗੇ ਰੌਚਕ ਬਣਾ ਕੇ ਪੇਸ਼ ਕੀਤਾ ਅਤੇ ਸਤਵੰਤ ਕੌਰ ਦੇ ਮਾਤਾ-ਪਿਤਾ ਦੀ ਵਾਰਤਾਲਾਪ ਵਿਚੋਂ ਵਿਸ਼ੇ ਦੇ ਉਦੇਸ਼ ਨੂੰ ਸਾਰਥਕ ਕੀਤਾ। ਨਾਵਲ ਦੇ ਅੰਤ ਤੱਕ ਸਤਵੰਤ ਕੌਰ ਪਾਤਰ ਦੀ ਘਰ ਵਾਪਸੀ ਨਾਲ ਪਾਠਕ ਦਾ ਜਿਗਿਆਸੂ ਮਨ ਅਧਿਆਤਮਕ ਯਾਤਰਾ ਕਰ ਨਿੱਜ ਘਰ ਵਿਚ ਟਿਕ ਜਾਂਦਾ ਜਾਪਦਾ ਹੈ ਅਤੇ ਆਤਮਿਕ ਆਨੰਦ ਦੇ ਟਿਮਕਾਰੇ ਉਸ ਦੀ ਚੇਤਨਾ ਦਾ ਹਿੱਸਾ ਬਣ ਜਾਂਦੇ ਹਨ। ਇਸ ਨਾਵਲ ਦੀ ਸਫਲਤਾ ਇਸੇ ਗੱਲ ਵਿਚ ਹੈ ਕਿ ਜਿਵੇਂ ਡੋਲਦਾ ਮਨ ਕਿਸੇ ਵੇਦ ਮੰਤਰ ਨੂੰ ਪੜ੍ਹ ਕੇ ਸ਼ਾਂਤ-ਚਿੱਤ ਹੋ ਜਾਂਦਾ ਹੈ ਉਵੇਂ ਹੀ ਨਾਵਲ 'ਸਤਵੰਤ ਕੌਰ' ਨੂੰ ਮਾਨਸਿਕ-ਸ਼ਾਂਤੀ ਦੇ ਮਹਾਤਮ ਵਜੋਂ ਪੜ੍ਹਿਆ ਜਾ ਸਕਦਾ ਹੈ। ਨਾਵਲ ਪੜ੍ਹਦਿਆਂ ਲੱਗਦਾ ਹੈ ਕਿ ਭਾਈ ਵੀਰ ਸਿੰਘ ਨੇ ਨਾਵਲ ਵਰਗੀ ਵਿਧਾ ਨੂੰ ਗੁਰਬਾਣੀ

ਵਿਆਖਿਆ ਦਾ ਸਾਧਨ ਕਿੰਨੀ ਦਿਲਚਸਪੀ ਨਾਲ ਬਣਾਇਆ ਹੈ। ਕਿਸੇ ਵੀ ਆਮ ਬੁੱਧੀ ਵਾਲੇ ਇਨਸਾਨ ਲਈ ਡੂੰਘਾ ਦਰਸ਼ਨ ਅਧਿਐਨ ਕਰ ਸਕਣਾ ਅਸਾਨ ਨਹੀਂ ਪਰ ਉਹ ਇਸ ਨਾਵਲ ਰਾਹੀਂ ਸਿੱਖ ਅਧਿਆਤਮ ਮਾਰਗ ਨੂੰ ਜਾਣ ਸਕਦਾ ਹੈ, ਇਸ ਦੀ ਪੂਰੀ ਪ੍ਰਕਿਰਿਆ ਨਾਵਲੀ ਵੇਰਵੇ ਵਿਚੋਂ ਪਹਿਚਾਣੀ ਜਾ ਸਕਦੀ ਹੈ। ਇਸ ਨਾਵਲ ਦੀ ਆਰੰਭਤਾ ਜੀਵ ਦੀ ਬੇਵੱਸੀ ਤੇ ਪ੍ਰਭੂ ਪਰਮਾਤਮਾ ਅੱਗੇ ਅਰਜੋਈ ਤੋਂ ਹੁੰਦੀ ਹੈ। ਜਦੋਂ ਮਨੁੱਖ ਦੇ ਸਾਰੇ ਹੀਲੇ-ਵਸੀਲੇ ਮੁੱਕ ਜਾਂਦੇ ਹਨ, ਸਰੀਰ ਵੀ ਕਮਜ਼ੋਰ ਹੋ ਜਾਂਦਾ ਹੈ ਤਾਂ ਉਸ ਦੀ ਇਕ ਟੇਕ ਅਕਾਲ ਪੁਰਖ ਉਪਰ ਹੁੰਦੀ ਹੈ ਤੇ ਉਹ ਬੇਬਾਕੀ, ਇੰਤਹਾ, ਬੇਸਬਰੀ, ਬਿਰਹੋਂ ਦੀ ਪੀੜਾ, ਦੁੱਖਾਂ ਦੇ ਜੰਗਲ ਆਦਿ ਵਿਯੋਗਮਈ ਹਾਲਾਤ ਵਿਚ ਵੀ ਇਕ ਪ੍ਰਭੂ ਅੱਗੇ ਹੀ ਟੇਕ ਲਾ ਕੇ ਰੱਖਣੀ ਇਹ ਇਕ ਸਿੱਖ ਦਾ ਗੁਰੂ ਪ੍ਰਤੀ ਪਿਆਰ ਹੈ। ਇਸ ਨਾਵਲ ਦੀ ਪ੍ਰਮੁੱਖ ਨਾਇਕਾ ਸਤਵੰਤ ਕੌਰ ਵੀ ਇਸੇ ਪ੍ਰਕਾਰ ਅਕਾਲ ਪੁਰਖ ਅੱਗੇ ਅਰਜੋਈ ਕਰ ਰਹੀ ਪ੍ਰਤੀਤ ਹੁੰਦੀ ਹੈ। ਉਹ ਕਹਿੰਦੀ ਹੈ- ਹੇ ਅਕਾਲ ਪੁਰਖ! ਮੈਂ ਕੀ ਕਰਾਂ? ਐਡਾਂ ਕਸ਼ਟਾਂ ਦੇ ਮੂੰਹ ਕਿਉਂ ਆ ਗਈ? ਤੂੰ ਬਸ਼ੰਦ ਹੈ, ਬਖ਼ਸ਼! ਬਖ਼ਸ਼!! ਮੈਂ ਕੀ ਕਰਾਂ, ਹਾਇ! ਮੈਂ ਕੀ ਕਰਾਂ, ਕੀ ਕਰਾਂ, ਕੀ ਕਰਾਂ? ਸ੍ਰੀ ਵਾਹਿਗੁਰੂ! ਇਹ ਕੀ ਉਬਾਲ ਉਠਿਆ? ਮੇਰੀ ਸਮਝ ਬੀ ਹੁਣ ਕੰਮ ਨਹੀਂ ਕਰਦੀ! ਮੈਂ ਗਈ, ਕਰਤਾਰ! ਮੈਂ ਗਈ, ਉਫ਼ ... ਹਾਇ ਕਲਗੀਆਂ ਵਾਲਿਆ! ... ਕ੍ਰਿਪਾ ...।[14]

ਨਾਵਲ ਵਿਚ ਨਾਇਕ ਦੀ ਜ਼ਿੰਦਗੀ ਕਸ਼ਟਾਂ ਭਰੀ ਹੈ, ਪਰ ਬਾਵਜੂਦ ਇਸ ਦੇ ਉਹ ਘਬਰਾਉਂਦੀ ਨਹੀਂ ਬਲਕਿ ਔਖੇ ਵੇਲੇ ਵਾਹਿਗੁਰੂ ਅੱਗੇ ਅਰਦਾਸ ਕਰਦੀ ਹੈ। ਇਸ ਨਾਵਲ ਵਿਚ ਸਤਵੰਤ ਕੌਰ ਦੀ ਸ਼ਖ਼ਸੀਅਤ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਜਿਵੇਂ ਕਿ ਸਤਵੰਤ ਕੌਰ ਦੀ ਮਾਲਕਣ ਫਾਤਮਾ, ਜਿਸ ਨੂੰ ਉਹ ਸੁਆਣੀ ਸੰਬੋਧਨ ਕਰਦੀ ਸੀ, ਭਾਵੇਂ ਉਸ ਨੇ ਸਤਵੰਤ ਕੌਰ ਨੂੰ ਆਪਣੇ ਘਰ ਵਿਚ ਛੁਪਾ ਕੇ ਸ਼ਰਨ ਦਿੱਤੀ ਹੋਈ ਸੀ, ਫਿਰ ਵੀ ਉਹ ਇਸ ਗੁਰਮੁਖ ਸ਼ਖ਼ਸੀਅਤ ਤੋਂ ਅਤਿ ਦੀ ਪ੍ਰਭਾਵਿਤ ਸੀ, ਉਹ ਇਕ ਜਿਗਿਆਸੂ ਦੀ ਤਰ੍ਹਾਂ ਸਤਵੰਤ ਕੌਰ ਅੱਗੇ ਮਨ ਦੇ ਸੰਸੇ ਰੱਖਦੀ ਹੈ ਕਿ ਇਹ ਤੇਰੀ ਇਕੱਲਤਾ ਵਿਚ ਖੁਸ਼ ਰਹਿਣੀ ਦਾ ਭੇਦ ਕੀ ਹੈ ਤਾਂ ਉੱਤਰ ਵਜੋਂ ਸਤਵੰਤ ਕੌਰ ਆਪਣੀ ਗੁਰੂ ਟੇਕ ਦਾ ਰਹੱਸ ਖੋਲ੍ਹਦੀ ਹੈ ਕਿ ਮੈਂ ਆਪਣੀ ਇਕੱਲਤਾ ਨੂੰ ਆਪਣੇ ਧਾਰਮਿਕ ਨੇਮ ਅਨੁਸਾਰ ਮਨਨ-ਧਿਆਨ ਵਿਚ ਵਟਾ

ਲਿਆ ਹੈ। ਮੇਰੀ ਲਿਵਲੀਨਤਾ ਮੇਰੀ ਪ੍ਰਸੰਨਤਾ ਦਾ ਕਾਰਨ ਹੈ। ਇਸ ਨੂੰ ਉਹ ਪੜ੍ਹਾਅਵਾਰ ਸਮਝਾਉਂਦੀ ਹੈ ਕਿ ਬਾਣੀ ਅਭਿਆਸ ਇਸ ਦੀ ਪਹਿਲੀ ਪੈੜ ਹੈ। ਉਹ ਵਾਰਤਾਲਾਪ ਕਰਦੀ ਕਹਿੰਦੀ ਹੈ, 'ਸਾਡੇ ਧਰਮ ਦਾ ਨੇਮ ਹੈ ਕਿ ਬਾਣੀ ਗੁਰੂ ਹੈ .... ਬਾਣੀ ਪੜ੍ਹਦਿਆਂ ਦਿਲ ਬੜਾ ਪ੍ਰਸੰਨ ਹੋ ਜਾਂਦਾ ਹੈ ਅਰ ਕੋਈ ਚਿੰਤਾ ਦੁਖ ਦਿਲ ਵਿਚ ਨਹੀਂ ਰਹਿੰਦਾ। ਇਕੱਲ, ਦੁਕੱਲ ਕੁਝ ਮਲੂਮ ਨਹੀਂ ਹੁੰਦੀ, ਇਸ ਤੋਂ ਮੈਂ ਸਮਝਦੀ ਹਾਂ ਕਿ ਗੁਰ ਮੇਰੇ ਨਾਲ ਹੈ, ਕਿਉਂਕਿ ਗੁਰੂ ਤੇ ਪਰਮੇਸ਼ਰ ਦਾ ਰੂਪ ਹੈ ਆਨੰਦ, ਖ਼ੁਸ਼ੀ। ... ਸਾਡੇ ਗੁਰੂ ਸਾਡੇ ਸਹਾਈ ਹਨ ਸਭ ਥਾਏਂ। ਹਾਂ, ਉਸ ਵੇਲੇ ਘਾਬਰਦੀ ਹਾਂ ਕਿ ਜਦ ਬਾਣੀ ਛੁੱਟ ਜਾਵੇ, ਜਾਂ ਮੈਂ ਦਿਲ ਲਾ ਕੇ ਪਾਠ ਨਾ ਕਰਾਂ ਤਾਂ। ਪਰ ਪ੍ਰਾਰਥਨਾ ਕਰਦਿਆਂ ਤੇ ਮਨ ਲਾ ਕੇ ਪਾਠ ਕਰਦਿਆਂ ਦਿਲ ਲੱਗ ਜਾਂਦਾ ਹੈ ਅਰ ਦਿਲ ਲੱਗਦੇ ਹੀ ਆਨੰਦ ਆ ਜਾਂਦਾ ਹੈ।'[15] ਪਰੰਤੂ ਉਹ ਇਸ ਆਨੰਦ ਨੂੰ ਦੁਰਲੱਭ ਦੱਸਦੀ ਹੈ ਤੇ ਪਦਾਰਥਾਂ ਤੋਂ ਪਰੇ ਬਿਆਨ ਕਰਦੀ ਹੈ ਕਿ ਇਹ ਇਕ ਜੀਵਨ ਉਪਾਉ ਦੀ ਤਰ੍ਹਾਂ ਹੈ ਕਿ ਮਨੁੱਖ ਨੂੰ ਸਭ ਤੋਂ ਵੱਧ ਮੋਹ ਤੋਂ ਡਰ ਲੱਗਦਾ ਹੈ, ਜੇ ਗੁਰਬਾਣੀ ਅਨੁਸਾਰ 'ਜੀਵਨ ਮੁਕਤੀ' ਦੇ ਸੰਕਲਪ ਨੂੰ ਅਪਣਾ ਲਈਏ ਤਾਂ ਸੰਸਾਰਕ ਦੁਖ ਤਾਂ ਨੇੜੇ ਵੀ ਨਹੀਂ ਲੱਗਦੇ ਸਗੋਂ ਮੌਤ ਦਾ ਭੈਅ ਵੀ ਨਹੀਂ ਵਿਆਪਦਾ, ਉਹ ਗੁਰਬਾਣੀ ਦੇ ਹਵਾਲੇ ਸਹਿਤ ਬਿਆਨ ਕਰਦੀ ਹੈ ਕਿ, "ਸਾਡੇ ਧਰਮ ਵਿਚ ਇਹ ਉਪਦੇਸ਼ 'ਜੀਵਤ ਮਰੈ ਮਰੈ ਫੁਨਿ ਜੀਵੈ' ਹੈ।"[16] ਨਾਲ ਹੀ ਉਹ ਫਾਤਮਾ ਨੂੰ ਖੋਲ੍ਹ ਕੇ ਇਸ ਉਪਾਉ ਦੀ ਰਮਜ਼ ਦਿੰਦੀ ਹੈ ਕਿ 'ਤੂੰ ਵਿਚਾਰ ਤੋਂ ਕੰਮ ਲੈ ਅਰ ਸਾਰੇ ਪਦਾਰਥਾਂ ਨੂੰ ਗਿਆ ਹੋਇਆ ਸਮਝ ਅਰ ਦੇਖ ਕਿ ਕੋਈ ਪਦਾਰਥ ਸਦਾ ਰਹਿਣ ਵਾਲਾ ਨਹੀਂ ਹੈ। ਕੋਈ ਸੁੱਖ ਸਦਾ ਟਿਕਣ ਵਾਲਾ ਨਹੀਂ, ਕੋਈ ਖੁਸ਼ੀ ਬਿਨਾਂ ਆਸਰੇ ਨਹੀਂ ਅਰਥਾਤ ਨਿਰੇ ਆਪਣੇ ਅਧਾਰ ਤੇ ਨਹੀਂ। ਜੋ ਖੁਸ਼ੀ ਦੂਸਰਿਆਂ ਦੇ ਆਸਰੇ ਪ੍ਰਾਪਤ ਹੁੰਦੀ ਹੈ, ਉਹ ਇਕ ਰਸ ਰਹਿਣ ਵਾਲੀ ਨਹੀਂ ਹੋ ਸਕਦੀ ਕਿਉਂਕਿ ਉਹ ਜਿਨ੍ਹਾਂ ਪਦਾਰਥਾਂ ਤੇ ਜੀਵਾਂ ਦੇ ਆਸਰੇ ਸੇਤੀ ਹੈ ਉਹ ਸਾਰੇ ਅਟੱਲ ਨਹੀਂ, ਮਰਨਾਉਂ ਜਾਂ ਨਾਸਵੰਤ ਹਨ। ਤਾਂ ਤੇ ਐਸੀ ਖੁਸ਼ੀ ਰੇਤ ਦਾ ਕੋਟ ਹੈ, ਅੰਤ ਕਿਰੇਗੀ। ਸੋ ਅਸੀਂ ਹੁਣ ਹੀ ਪਦਾਰਥਾਂ ਨੂੰ ਜਿਹੋ ਜਿਹੇ ਕਿ ਇਹ ਹਨ ਉਹੋ ਜੇਹੇ ਸਮਝ ਕੇ ਇਨ੍ਹਾਂ ਵੱਲੋਂ ਮਨ ਦਾ ਮੂੰਹ ਮੋੜੀਏ। ਨੱਸ ਨਾ ਜਾਈਏ, ਵਿਚੇ ਰਹੀਏ, ਵਰਤੀਏ ਪਰ ਉਪਰਿਆਂ ਜਾਣ ਕੇ ਸ਼ਹਿਦ ਦੀ ਮੱਖੀ ਵਾਂਗ ਫੁੱਲਾਂ ਦੀ ਮਿਠਾਸ ਲਈਏ ... ਫੁੱਲਾਂ ਵਿਚ ਫਸ ਨਾ ਜਾਈਏ ... ਐਉਂ ਅਸੀਂ ਇਨ੍ਹਾਂ ਦੇ

ਵਿਛੁੜਨ ਦੇ ਦੁੱਖ ਤੋਂ ਛੁੱਟ ਜਾਵਾਂਗੇ, ਸਾਡੇ ਜੀਉਣ ਦੇ ਦਿਨ ਚੰਗੇ ਲੰਘਣਗੇ ਅਰ ਅੰਤ ਵੇਲੇ ਪੀੜਾ ਨਹੀਂ ਹੋਵੇਗੀ।'[17]

ਨਾਵਲ ਵਿਚ ਭਾਈ ਸਾਹਿਬ ਨੇ ਸਤਵੰਤ ਕੌਰ ਦੀ ਗੁਰਮੁਖ ਛਵੀ ਦਾ ਪ੍ਰਭਾਵ ਫਾਤਮਾ ਦੇ ਪ੍ਰਤੱਖ ਰੂਪ ਵਿਚ ਦਰਸਾਇਆ। ਅਸਲ ਵਿਚ ਭਾਈ ਸਾਹਿਬ ਨਾਵਲੀ ਜੁਗਤ ਰਾਹੀਂ ਜੀਵਨ ਰਹੱਸਾਂ ਦੀ ਕੁੰਜੀ ਘੁਮਾ ਰਹੇ ਸਨ ਕਿ ਕੋਈ ਆਤਮਿਕ ਦਰਵਾਜ਼ਾ ਖੁੱਲ੍ਹੇ। ਉਹ ਲਿਖਦੇ ਹਨ, 'ਫਾਤਮਾ ... ਹੁਣ ਤਿੰਨ ਪਦਾਰਥਾਂ ਦੀ ਮਾਲਕ ਹੋ ਗਈ, ਇਕ ਤਾਂ ਬਾਣੀ ਦੇ ਮੂਲ ਮੰਤ੍ਰ ਦੀ ਗਯਾਤਾ ਆ ਗਈ, ਦੂਜੇ ਮੰਤ੍ਰ ਅਰਥਾਤ ਨਾਮ ਦੀ ਘਾਲ ਮਿਲ ਗਈ, ਤੀਜੇ ਰਹਿਤ ਸਿੱਖੀ ਦੀ ਮਲੂਮ ਹੋ ਗਈ। ਫਾਤਮਾ ਪਰਮਾਰਥ ਦੇ ਰਾਹੇ ਪੈ ਗਈ ਤੇ ਸਾਂਈਂ ਵਿਚ ਯਾਦ ਨੂੰ ਲਗਾਈ ਰੱਖਣ ਵਾਲਾ ਨਾਮ ਦਾ ਅਭਯਾਸ ਫਾਤਮਾ ਨੂੰ ਪ੍ਰਾਪਤ ਹੋ ਗਿਆ। ਹਾਂ, ਅੰਤਰ ਆਤਮੇ ਜਗਤ ਦੇ ਮੂਲ ਨਾਲ ਲੱਗੇ ਰਹਿਣ ਵਾਲਾ ਰੁਖ ਉਸ ਨੂੰ ਮਿਲ ਗਿਆ।' [18]

ਇਹ ਜੁਗਤ ਭਾਈ ਸਾਹਿਬ ਨੇ ਉਪਦੇਸ਼ਾਤਮਕ ਸ਼ੈਲੀ ਵਿਚ 'ਪ੍ਰਸ਼ਨੋਤ੍ਰ ਭਾਈ ਨੰਦ ਲਾਲ ਜੀ' ਦੇ ਹਵਾਲੇ ਨਾਲ ਦਰਜ ਕੀਤੀ। ਗੁਰਬਾਣੀ ਵਿਆਖਿਆਕਾਰ ਹੋਣ ਕਰਕੇ ਭਾਈ ਵੀਰ ਸਿੰਘ ਜੀ ਜਾਣੂ ਸਨ ਕਿ ਸਚਖੰਡ ਅਸਮਾਨਾਂ ਵਿਚ ਨਹੀਂ ਹੁੰਦਾ, ਇਹ ਭਗਤ ਦੇ ਆਪਣੇ ਅੰਦਰ ਬਣਨਾ ਹੁੰਦਾ ਹੈ। ਇਹ ਮਨ ਦੀ ਇਕ ਅਧਿਆਤਮਕ ਹਾਲਤ ਹੈ, ਇਕ ਅਧਿਆਤਮਕ ਪੱਧਰ ਹੈ ਜੋ ਹਰ ਕਿਸੇ ਨੂੰ ਗੁਰੂ ਦੇ ਦੱਸੇ ਰਾਹ ਤੇ ਤੁਰ ਕੇ ਪ੍ਰਾਪਤ ਹੋ ਸਕਦੀ ਹੈ। ਭਾਈ ਵੀਰ ਸਿੰਘ ਜੀ ਦੇ ਨਾਵਲੀ ਪਾਤਰ ਇਸੇ ਰਸਤੇ ਦੇ ਪੂਰਨਿਆਂ ਨੂੰ ਪੱਕਾ ਕਰ ਰਹੇ ਹਨ। ਸਤਵੰਤ ਕੌਰ ਨੇ ਫਾਤਮਾ ਦੀ ਜਗਿਆਸਾ ਨੂੰ ਸ਼ਾਂਤ ਕੀਤਾ ਤਾਂ ਸਤਵੰਤ ਕੌਰ ਦੀ ਮਾਤਾ ਬਸੰਤ ਕੌਰ ਦੇ ਦੁਨਿਆਵੀ ਸੰਸੇ ਨਾਵਲ ਵਿਚ ਉਘੜਦੇ ਹਨ, ਜਿਸ ਨੂੰ ਉਸਦੇ ਪਿਤਾ ਹਿੰਮਤ ਸਿੰਘ ਬੜੇ ਹੀ ਪ੍ਰੋੜ ਤਰੀਕੇ ਨਾਲ ਸੁਲਝਾਉਂਦੇ ਹਨ ਤੇ ਆਪਣੀ ਧਰਮ ਪਤਨੀ ਨੂੰ ਗੁਰਮੁਖ ਗਾਡੀ ਰਾਹ ਦੀ ਮਹੱਤਤਾ ਦਰਸਾਉਂਦੇ ਹਨ। ਇਥੇ ਹੀ ਭਾਈ ਸਾਹਿਬ ਨੇ ਗੁਰੂ ਦੀ ਮਿਹਰ ਨੂੰ ਬਿਆਨ ਲਈ ਸਾਰਾ ਤਾਣ ਲਾਇਆ ਹੈ। ਅਸਲ ਵਿਚ ਨਾਵਲੀ ਵੇਰਵਿਆਂ ਦੀ ਲੜੀ ਵਿਚ ਕਥਾ ਵਸਤੂ ਦਾ ਨਿਚੋੜ ਇਥੇ ਹੀ ਰਚਿਆ ਹੈ। ਧੀ ਦੇ ਵਿਛੋੜੇ ਵਿਚ ਗ੍ਰਸੀ ਬਸੰਤ ਕੌਰ ਜਦੋਂ ਆਪਣੇ ਪਤੀ ਹਿੰਮਤ ਸਿੰਘ ਨੂੰ ਡਾਹਢੇ ਦੁਨਿਆਵੀ ਦੁੱਖਾਂ ਵਿਚ ਫਸੇ

ਰਹਿਣ ਦਾ ਕਾਰਨ ਪੁੱਛਦੀ ਹੈ ਤਾਂ ਹਿੰਮਤ ਸਿੰਘ ਗੁਰੂ ਪ੍ਰੇਮ ਦੇ ਇਲਾਹੀ ਭੇਤ ਨੂੰ ਕਥਨ ਕਰਦਾ ਹੈ, 'ਸਾਨੂੰ ਇਲਾਹੀ ਭੇਤ ਉਸ ਪਿਆਰੇ ਵਾਹਿਗੁਰੂ ਨੂੰ ਪ੍ਰੇਮ ਕਰਨ ਦਾ ਸਿਖਾਇਆ, ਜੋ ਸਾਨੂੰ ਉਸ 'ਪਿਆਰ ਸੋਮੇ' ਨਾਲ ਪਿਆਰ ਪੈ ਜਾਵੇ, ਉਸਨੂੰ ਅਸੀਂ ਪਿਆਰ ਕਰਦੇ ਕਰਦੇ ਓਪਰਾ ਜਾਣਨੋਂ ਹਟ ਜਾਈਏ ਤੇ ਹੁਣ, ਜੋ ਸਾਡੇ ਤੇ ਉਹਦੇ ਵਿਚ ਵਿੱਥ ਹੈ, ਦੂਰ ਹੋ ਜਾਵੇ ਤੇ ਉਸਨੂੰ ਅਸੀਂ ਮੇਰਾ ਯਾ ਆਪਣਾ ਸਮਝਣ ਲੱਗ ਪਈਏ। ਜਦੋਂ ਸਾਡੀ 'ਮੇਰੀ' ਦੀ ਤਣਾਵ ਉਸ ਪਿਆਰੇ ਨਾਲ ਲੱਗ ਗਈ ਤਦ ਉਹਨਾਂ ਪਦਾਰਥਾਂ ਦੀ 'ਮੇਰੀ' ਤੋਂ ਜੋ 'ਨਹੀਂ ਰਹਿਣੇ' ਉੱਚੇ ਹੋ ਕੇ ਵਾਹਿਗੁਰੂ ਮੇਰਾ ਹੈ, ਇਸ ਉਚੀ ਮੇਰੀ ਵਿਚ ਪਹੁੰਚ ਪਾਵਾਂਗੇ। ਵਾਹਿਗੁਰੂ ਨੂੰ 'ਮੇਰਾ ਮੇਰਾ' ਕਹਿੰਦਿਆਂ ਜਦ ਉਸ ਪਿਆਰੇ ਦਾ ਪ੍ਰੇਮ ਸਾਡੇ ਤੇ ਆ ਕੇ ਨਿੱਝਰ ਧਾਰ ਵਸੇਗਾ, ਤਦੋਂ ਸਾਡੀ ਸ਼ੁੱਧ ਮੈਂ ਉਤੇ ਜੋ ਹਉਂ ਦਾ ਪਰਦਾ ਹੈ, ਹਟ ਜਾਵੇਗਾ ਅਰ ਸ਼ੁੱਧ ਹੋ ਗਈ 'ਮੈਂ' ਉਸ ਪ੍ਰੇਮ ਪੁੰਜ ਦੇ ਨਾਲ ਜੁੜ ਜਾਵੇਗੀ। ਐਉਂ ਉਹ ਬਲਵਾਨ ਹੋ ਜਾਵੇਗੀ ਅਤੇ ਉਸਦੇ ਮੇਲ ਦੇ ਰਸ ਵਿਚ ਸੁੱਖ ਮਾਣੇਗੀ। ਸੁਖੀ ਹੋ ਕੇ ਜੁੜ ਜਾਵੇਗੀ ਅਰ ਫੇਰ ਵਿਛੋੜਾ ਨਹੀਂ ਹੋਵੇਗਾ।'[19]

ਇਸ ਸਚਖੰਡ ਦੀ ਪੌੜੀ ਨੂੰ ਹਿੰਮਤ ਸਿੰਘ ਪਾਤਰ ਸਤਿਸੰਗ ਵਜੋਂ ਬਿਆਨ ਕਰਦਾ ਹੈ, ਨਾਲ ਹੀ ਫਿਰ ਕਿੰਝ ਇਕ ਆਮ ਇਨਸਾਨ 'ਪਰਮੇਸ਼ਰ ਦਾ ਬਿਰਦ' ਬਣ ਜਾਂਦਾ ਹੈ ਤੇ ਦੁੱਖ ਦਾਰੂ ਹੋ ਨਿਬੜਦਾ ਹੈ, ਇਸ ਪਰਮ ਅਵਸਥਾ ਦਾ ਬਿਆਨ ਵੀ ਨਾਵਲ ਵਿਚ ਦਰਜ ਹੈ ਕਿ 'ਚਾਹੇ ਕਿਤਨਾ ਕੋਈ ਨਿਰਬਲ ਹੈ, ਕਿਤਨਾ ਭੁੱਲਦਾ ਤੇ ਡਿੱਗਦਾ ਹੈ, ਵਾਹਿਗੁਰ ਉਸਦਾ ਆਪ ਰਾਖਾ ਹੁੰਦਾ ਹੈ। ਇਹ ਕੁਦਰਤ ਦਾ ਨੇਮ ਹੈ ਕਿ ਪਰਮੇਸ਼ਰ ਨੂੰ ਯਾਦ ਰੱਖਣ ਵਾਲੇ ਪਿਆਰੇ ਜਦ ਬਿਪਤਾ ਵਿਚ ਪੈਂਦੇ ਹਨ ਤਦ ਉਹਨਾਂ ਦੀ ਸੁਰਤ ਨੂੰ ਵਾਹਿਗੁਰੂ ਆਪ ਬਲ ਦੇ ਕੇ ਖਿੱਚਦਾ ਹੈ, ਅਰ ਸੁਰਤ ਵਿਚ ਬਿਪਤਾ ਦਾ ਟਾਕਰਾ ਕਰਨੇ ਦਾ ਮਾਦਾ ਵਧੀਕ ਪੈਦਾ ਹੋ ਜਾਂਦਾ ਹੈ। ਉਨ੍ਹਾਂ ਦੀ ਸੁਰਤ ਟਾਕਰਿਆਂ ਵਿਚ ਆ ਕੇ ਕੱਸੀ ਜਾਂਦੀ ਹੈ ਤੇ ਉੱਚੀ ਹੋ ਕੇ ਹੋਰ ਚੜ੍ਹਦੀ ਹੈ। ਮਰਨ ਚਾਹੇ ਜੀਉਣ ਕਾਂਪ ਨਹੀਂ ਖਾਂਦੇ। ਫਿਰ ਸਾਡੇ ਪੰਥ ਦਾ ਬਿਰਦ ਬੜਾ ਪਿਆਰ ਵਾਲਾ ਹੈ। ... ਇਹ ਜੋ ਗੁਰਮੁਖਾਂ ਤੇ ਪ੍ਰੇਮੀਆਂ ਵੱਲੋਂ ਨਿੱਤ ਸੱਚੇ ਦਿਲੋਂ ਪ੍ਰਾਰਥਨਾ ਹੁੰਦੀ ਹੈ, ਇਹ ਉਨ੍ਹਾਂ ਦੀ ਆਤਮਾ ਨੂੰ ਬਲ ਦਿੰਦੀ ਹੈ, ਵਾਹਿਗੁਰੂ ਦੀ ਵਯਾਪਕ ਸਤਯਾ ਨੂੰ ਸਹਾਇਤਾ ਲਈ ਖਿੱਚਦੀ ਹੈ।'[20] ਸੁਰਤ ਦੇ ਟਿਕਾਉ ਲਈ ਵੀ

ਉਪਰਾਲਾ ਹੈ ਕਿ 'ਸ੍ਰੀ ਗੁਰੂ ਜੀ ਨੇ ਸੁਰਤ ਦੇ ਲਗਾਉ ਚੜ੍ਹਾਉ ਪਰ ਸੁਖਮਨੀ ਸਾਹਿਬ ਵਿਚ ਸਾਫ ਦੱਸਿਆ ਹੈ ਕਿ ਇਹ ਹੇਠਾਂ ਉਤਾਂਹ ਹੁੰਦੀ ਰਹਿੰਦੀ ਹੈ। ਇਸ ਗੱਲ ਤੋਂ ਨਿਰਾਸ਼ ਨਹੀਂ ਹੋਣਾ ਚਾਹੀਦਾ, ਦਾਰੂ ਇਸ ਦਾ ਸਿਮਰਨ ਵਿਚ ਰਹਿਣਾ ਤੇ ਸਤਿਸੰਗ ਕਰਨਾ ਹੈ।'[21]

ਭਾਈ ਸਾਹਿਬ ਨੇ ਇਸ ਨਾਵਲ ਵਿਚ ਜਿੱਥੇ ਪਾਤਰਾਂ ਦੇ ਮੂੰਹੋਂ ਗੁਰਮਤਿ ਅਧਿਆਤਮਕ ਮਾਰਗ ਤੇ ਅੱਪੜਨ ਲਈ ਪ੍ਰਵਚਨ ਕਰਵਾਏ, ਉਥੇ ਪਾਤਰਾਂ ਦੇ ਮੂੰਹੋਂ ਗੁਰਸਿੱਖੀ ਦੀ ਸਿਫਤ ਵੀ ਕਰਵਾਈ। ਆਪਣੇ ਪਤੀ ਹਿੰਮਤ ਸਿੰਘ ਦੇ ਸ਼ਾਂਤ ਬਚਨ ਸੁਣ ਕੇ ਬਸੰਤ ਕੌਰ ਨੇ ਸਿੱਖੀ ਦੀ ਮਹਿਮਾ ਕੀਤੀ, 'ਸੱਚ ਹੈ, ਗੁਰਸਿੱਖੀ ਧੰਨ ਹੈ, ਸਾਡਾ ਪੰਥਕ ਪ੍ਰੇਮ ਧੰਨ ਹੈ ਕਿ ਸਾਰੇ ਇਕ ਦੂਜੇ ਦੀ ਪੀੜ ਨੂੰ ਆਪਣੀ ਪੀੜਾ ਜਾਣਦੇ ਹਨ। ਧੰਨ ਸਿੱਖੀ, ਧੰਨ ਸਿੱਖੀ ਪ੍ਰੇਮ, ਪਰ ਪਤੀ ਜੀ ਆਪ ਦਾ ਬੀ ਧੰਨ ਜਨਮ ਹੈ। ਦੇਖੋ, ਆਪਦੇ ਇਸ ਸਾਰੇ ਉੱਤਮ ਉਪਦੇਸ਼ ਵਿਚ ਐਸਾ ਜੀਅ ਲੱਗਾ ਕਿ ਇਸ ਵੇਲੇ ਮੇਰਾ ਮੋਹ ਤੇ ਭਰਮ ਦੂਰ ਹੋ ਗਿਆ ਹੈ। ਐਸੀ ਕਿਰਪਾ ਕਰੋ ਜੋ ਮਨ ਸਦਾ ਸਦਾ ਆਨੰਦ ਦੀ ਵਾਰਤਾ ਕਰਦਾ ਐਸਾ ਰਹੇ।'[22]

ਇਸ ਤਰ੍ਹਾਂ ਇਹ ਨਾਵਲ ਭਾਈ ਸਾਹਿਬ ਦੀ ਰੂਹਾਨੀ ਹਸਤੀ ਵਜੋਂ ਪਹਿਚਾਣ ਕਰਵਾਉਂਦਾ ਹੈ ਕਿਉਂਕਿ ਸਾਹਿਤਕਾਰ ਦੀ ਵਿਚਾਰਧਾਰਾ ਰਚਨਾ ਦੀ ਰੂਹ ਹੁੰਦੀ ਹੈ। ਜੋ ਪਾਤਰ ਬੋਲਦੇ ਬਿਆਨ ਕਰਦੇ ਹਨ, ਅਸਲ ਵਿਚ ਉਹ ਨਾਵਲਕਾਰ ਦੇ ਹੀ ਬੋਲ ਹਨ। ਇਸ ਨਾਵਲ ਵਿਚ ਜਿਸ ਤਰ੍ਹਾਂ ਦੇ ਜੀਵਨ ਦਰਸ਼ਨ ਦੀ ਵਿਆਖਿਆ ਮਿਲਦੀ ਹੈ ਉਹ ਸੱਚਮੁੱਚ ਕੋਈ ਪ੍ਰੋੜ ਵਿਆਖਿਆਕਾਰ ਹੀ ਕਰ ਸਕਦਾ ਹੈ ਤੇ ਨਿਰਸੰਦੇਹ ਭਾਈ ਵੀਰ ਸਿੰਘ ਜੀ ਇਸ ਦੇ ਸਮਰੱਥ ਸਨ।

## 4. ਬਾਬਾ ਨੌਧ ਸਿੰਘ (1921)

ਭਾਈ ਵੀਰ ਸਿੰਘ ਗੁਰਸਿੱਖੀ ਨੂੰ ਪਰਣਾਏ ਹੋਏ ਸਨ। ਉਨ੍ਹਾਂ ਦੀ ਵਿਚਾਰਸ਼ੈਲੀ ਗੁਰਬਾਣੀ ਵਾਲੀ ਸੀ। ਇਸੇ ਲਈ ਉਨ੍ਹਾਂ ਸਾਹਿਤ ਮਾਧਿਅਮ ਰਾਹੀਂ ਭਾਵਨਾ ਯੁਕਤ ਵਿਆਖਿਆ ਕੀਤੀ। ਭਾਈ ਸਾਹਿਬ ਦੇ ਚੌਥੇ ਨਾਵਲ 'ਬਾਬਾ ਨੌਧ ਸਿੰਘ' ਵਿਚ ਇਸ ਤਰ੍ਹਾਂ ਦੀ ਵਿਆਖਿਆ ਸ਼ੈਲੀ ਦਾ ਹੀ ਪ੍ਰਯੋਗ ਕੀਤਾ ਗਿਆ ਹੈ ਪਰ ਪਹਿਲੇ ਤਿੰਨ ਨਾਵਲਾਂ ਵਿਚ ਭਾਈ ਸਾਹਿਬ ਨੇ ਸਿੱਖ ਇਤਿਹਾਸ ਨੂੰ ਪਿਛੋਕੜ ਵਿਚ ਰੱਖਦਿਆਂ ਸਿੱਖ

ਅਧਿਆਤਮ ਮਾਰਗ ਦਾ ਵਿਵੇਚਨ ਕੀਤਾ ਪਰੰਤੂ 'ਬਾਬਾ ਨੌਧ ਸਿੰਘ' ਨਾਵਲ ਵਿਚ ਉਨ੍ਹਾਂ ਬੜਾ ਹੀ ਕਮਾਲ ਖੜ੍ਹਾ ਕੀਤਾ। ਉਨ੍ਹਾਂ ਆਧੁਨਿਕ ਪਰਿਪੇਖ ਵਿਚ ਸਿੱਖ ਅਧਿਆਤਮਕ ਅਭਿਆਸ ਨੂੰ ਤੁਲਨਾਤਮਕ ਅਧਿਐਨ ਦੁਆਰਾ ਪੇਸ਼ ਕੀਤਾ, ਜਿਸ ਵਿਚ ਇਕ ਦੁਖੀ ਵਿਧਵਾ ਪਾਤਰ ਨੂੰ ਸਾਰੇ ਧਰਮਾਂ ਦੇ ਦਰਵਾਜ਼ੇ ਖੜਕਾਉਣ ਤੋਂ ਬਾਅਦ ਜਦੋਂ ਸਿੱਖਾਂ ਦੀ ਸੰਗਤ ਹਾਸਲ ਹੁੰਦੀ ਹੈ ਤੇ ਗੁਰਬਾਣੀ ਦੀ ਟੇਕ ਮਿਲਦੀ ਹੈ ਤਾਂ ਉਸ ਦੀ ਹਸਤੀ 'ਸੁਭਾਗ ਜੀ' ਵਿਚ ਪਰਿਵਰਤਿਤ ਹੋ ਜਾਂਦੀ ਹੈ।

ਭਾਈ ਸਾਹਿਬ ਨੇ ਕਥਾ ਵਸਤੂ ਨੂੰ ਇੰਞ ਬੁਣਿਆ ਕਿ ਜਿਵੇਂ ਸਾਰੇ ਧਰਮਾਂ ਦੀਆਂ ਗੁੰਝਲਾਂ ਇਸ ਵਿਚ ਉਲਝੀਆਂ ਪਈਆਂ ਹਨ ਤੇ ਬੜੀ ਹੀ ਕੁਸ਼ਲਤਾ ਨਾਲ ਬਾਬਾ ਨੌਧ ਸਿੰਘ ਪਾਤਰ ਸਿੱਖ ਅਧਿਆਤਮਕਤਾ ਅਤੇ ਗੁਰਬਾਣੀ ਹਵਾਲਿਆਂ ਰਾਹੀਂ ਇਨ੍ਹਾਂ ਨੂੰ ਸੁਲਝਾਉਂਦਾ ਹੈ। ਨਾਵਲ ਦੇ ਪਹਿਲੇ ਦਸ ਪੰਨਿਆਂ ਤੋਂ ਹੀ ਇਹ ਵਿਸ਼ਲੇਸ਼ਣ ਸਪੱਸ਼ਟ ਹੋ ਜਾਂਦਾ ਹੈ। ਭਾਈ ਸਾਹਿਬ ਪਹਿਲੇ ਬੰਦ ਵਿਚ ਹੀ ਜੀਵਨ ਦਰਸ਼ਨ ਦੇ ਸਾਰ ਸਹਿਤ ਦ੍ਰਿਸ਼ ਪੇਸ਼ ਕਰਦਿਆਂ ਨਾਵਲ ਦਾ ਆਧਾਰ ਸਿਰਜਦੇ ਹਨ, 'ਸਾਂਈ ਦੇ ਰੰਗ ਬੇਅੰਤ ਤੇ ਕੁਦਰਤਾਂ ਅਨੰਤ ਹਨ, ਸੰਸਾਰ ਦੀ ਬਾਜ਼ੀ ਐਸੀ ਖਿਲਰਵੀਂ ਹੈ ਕਿ ਉਸਦਾ ਅੰਤ ਪਾਉਣਾ ਸੌਖਾ ਨਹੀਂ। ਕਿਤੇ ਰੰਗ ਕਿਤੇ ਤਮਾਸ਼ੇ, ਕਿਤੇ ਖੁਸ਼ੀਆਂ ਕਿਤੇ ਹਾਸੇ, ਕਿਤੇ ਰੋਣੇ ਕਿਤੇ ਵੈਣ। ਇਕ ਪਾਸੇ ਸ਼ਾਦੀਆਨੇ ਵੱਜ ਰਹੇ ਹਨ ਤਾਂ ਦੂਜੇ ਪਾਸੇ ਮਾਤਮ ਹੋ ਰਿਹਾ ਹੈ। ਇਕ ਸੁੰਦਰ ਜੋੜਾਂ ਹੱਥਾਂ ਦਾ ਗਿੱਧੇ ਵਿਚ ਰੁੱਝਾ ਹੋਇਆ ਹੈ ਤਾਂ ਦੂਜੇ ਪਾਸੇ ਉਹੋ ਜਿਹਾ ਜੋੜਾ ਛਾਤੀ ਪਿੱਟ ਰਿਹਾ ਹੈ। ਇਕ ਪਾਸੇ ਜੀਭ ਖੁਸ਼ੀ ਦੀਆਂ ਘੋੜੀਆਂ ਗਾਉ ਰਹੀ ਹੈ ਤਾਂ ਦੂਜੇ ਪਾਸੇ ਵੈਣ ਪਾ ਪਾ ਵਿਲਕ ਰਹੀ ਹੈ। ਇਕ ਸੁਖੀ ਹਿਰਦਾ ਠਰਿਆ ਹੋਇਆ ਹੈ ਤੇ ਇਕ ਗਿੱਲੇ ਗੋਹੇ ਵਾਂਗ ਧੁਖ ਰਿਹਾ ਹੈ। 'ਮੁਲਕ ਮਾਹੀ ਦਾ ਵੱਸੇ, ਕੋਈ ਰੋਵੇ ਤੇ ਕੋਈ ਹੱਸੇ।' ਆਉਣ ਨਾਲ ਜਾਣਾ, ਜੰਮਣ ਨਾਲ ਮਰਨਾ, ਸੁੱਖ ਨਾਲ ਦੁੱਖ, ਠੰਢ ਨਾਲ ਤਾ, ਮਿਲਾਪ ਨਾਲ ਵਿਛੋੜਾ, ਇਕ ਦੂਜੇ ਦੇ ਵਿਰੋਧੀ ਮੁੱਢੋਂ ਚਲੇ ਆਏ ਹਨ। ਇਹੋ ਹੀ ਦਵੰਦ ਸੰਸਾਰ ਦਾ ਰੂਪ ਹਨ ਤੇ ਸੰਸਾਰ ਇਨ੍ਹਾਂ ਵਿਚ ਹੀ ਵਰਤ ਰਿਹਾ ਹੈ। ਐਸੇ ਜਗਤ ਵਿਚ ਇਸ ਦੇ ਸੁੱਖਾਂ ਨਾਲ ਪਰਚਣਾ ਤੇ ਦੁੱਖਾਂ ਤੋਂ ਘਾਬਰਨਾ ਏਹ ਬੇਖਬਰੀ ਹੈ। ਸਿਰਜਣਹਾਰ ਆਪਣੀ ਇੱਛਾ ਅਨੁਸਾਰ 'ਜੋ ਕਿਛੁ ਕਰਣਾ ਸੁ ਕਰਿ ਰਹਿਆ' ਹੈ। ਮਨ ਦੇ ਸੰਸੇ ਛੱਡ ਕੇ ਉਸ ਬੇਅੰਤ ਦੀ ਬੇਅੰਤ ਲੀਲ੍ਹਾ ਦਾ ਦੀਦਾਰਾ ਕਰਨਾ ਤੇ ਉਸ ਦੇ ਪਿਆਰ ਤੇ ਯਾਦ ਵਿਚ ਰਹਿਣਾ ਅਸਲ ਸੁੱਖ ਹੈ।'[23]

ਨਾਵਲ ਦੀ ਪਾਤਰ ਇਕ ਬ੍ਰਾਹਮਣ ਵਿਧਵਾ ਔਰਤ ਜੋ ਜੁਆਨ ਪਤੀ ਦੀ ਮੌਤ ਤੋਂ ਬਾਅਦ ਬੈਰਾਗਣ ਹੋ ਕੇ ਪਰਲੋਕ ਸੁਖ ਦੀ ਲਾਲਸਾ ਵਿਚ ਬਿਹਬਲ ਸੀ ਕਿ ਕਿਤੇ ਮੈਨੂੰ ਕੋਈ ਇਸ ਦਾ ਭੇਦ ਲਹੇ ਤੇ ਪਤੀ ਨਾਲ ਦੁਬਾਰਾ ਮੁਲਾਕਾਤ ਹੋਵੇ, ਪਰ ਕੋਈ ਧਰਮ ਕਰਮ ਨਾ ਸੁੱਝਾ, ਨਾ ਕਿਸੇ ਨੇ ਸੁਝਾਇਆ। ਰਸਤਾ ਤਲਾਸ਼ ਕਰਦੀ ਕਿਸੇ ਦੀ ਪੁੱਛ ਨਾਲ ਠੱਗ ਮ੍ਰਾਂਦੀ ਕੋਲ ਪਹੁੰਚੀ ਜੋ ਉਸ ਨੂੰ ਤੰਤਰ ਵਿੱਦਿਆ ਰਾਹੀਂ ਭਰਮਾਉਣਾ ਚਾਹੁੰਦਾ ਸੀ ਤੇ ਜਿਸਨੇ ਉਸ ਤੋਂ ਗਹਿਣੇ ਗੱਟੇ ਲਏ ਤੇ ਪਹਾੜਾਂ, ਚਟਾਨਾਂ ਤੇ ਸਵਰਗਾਂ ਦੇ ਭੁਲੇਖੇ ਪਾ ਕੇ ਛੱਡ ਦਿੱਤਾ। ਉਥੇ ਉਸ ਨੂੰ ਇਕ ਆਦਮੀ ਸਮਝਾਉਂਦਾ ਹੈ ਕਿ ਏਥੇ ਕੋਈ ਸਵਰਗ ਦਾ ਰਸਤਾ ਨਹੀਂ ਹੈ। ਔਰਤ ਨੇ ਡੁੱਬਦੀ ਨੇ ਤਿਨਕੇ ਦਾ ਸਹਾਰਾ ਸਮਝ ਉਸ ਦੀ ਟੇਕ ਲਈ। ਉਸ ਆਦਮੀ ਨੇ ਉਸਨੂੰ ਸ਼ਹਿਰ ਲਿਜਾ ਕੇ ਈਸਾਈ ਧਰਮ ਪ੍ਰਵੇਸ਼ ਕਰਵਾਇਆ ਤੇ ਉਸ ਦਾ ਨਾਂ ਮਿਸ ਡੁਮੇਲੀ ਰੱਖਿਆ ਗਿਆ ਤੇ ਇਕ ਚਰਚ ਦੀ ਨੱਨ ਕੋਲ ਉਸ ਨੂੰ ਧਰਮ ਵਿਦਯਾ ਪੜ੍ਹਨ ਲਈ ਲਾ ਦਿੱਤਾ। ਹੌਲੀ-ਹੌਲੀ ਉਸ ਨੂੰ ਉਨ੍ਹਾਂ ਦੀ ਜਾਤ ਅਨੁਸਾਰ ਦੂਜੇ ਵਿਆਹ ਲਈ ਤਿਆਰ ਕਰਨਾ ਸ਼ੁਰੂ ਕਰ ਦਿੱਤਾ। ਔਰਤ ਡਾਹਢੀ ਪਰੇਸ਼ਾਨ ਹੋ ਗਈ ਕਿ ਧਨ ਦੇ ਠੱਗ ਤੋਂ ਬਚ ਕੇ ਆਤਮਾ ਦੇ ਠੱਗਾਂ ਕੋਲ ਪਹੁੰਚ ਗਈ ਹਾਂ। ਹੁਣ ਕੀ ਬਣੇ, ਘਰ ਵਾਪਸ ਜਾਣਾ ਭੀ ਕਠਿਨ ਹੈ। ਫਿਰ ਉਸਨੇ ਆਪਣੀ ਪਰੇਸ਼ਾਨੀ ਆਪਣੀ ਇਥੋਂ ਦੀ ਇਕ ਆਯਾ ਨੂੰ ਦੱਸੀ ਜੋ ਇਕ ਮੁਸਲਮਾਨ ਔਰਤ ਸੀ। ਉਸਨੇ ਇਸਦੀ ਫਰਿਆਦ ਤੇ ਇਸਨੂੰ ਇਥੋਂ ਕੱਢ ਕੇ ਲਾਹੌਰ ਭੇਜ ਦਿੱਤਾ। ਉਥੇ ਵੀ ਧਰਮ ਪਰਿਵਰਤਨ ਤੋਂ ਬਿਨਾਂ ਕੋਈ ਚਾਰਾ ਨਹੀਂ ਡਿੱਠਾ। ਵੱਡੀ ਮਸਜਿਦ ਵਿਚ ਮਿਸ ਡੁਮੇਲੀ ਦਾ ਹੁਣ ਤੀਜਾ ਜਨਮ ਕਰਵਾਇਆ ਗਿਆ ਤੇ ਨਾਂ ਗੁਲਾਮ ਫਾਤਮਾ ਰੱਖ ਦਿੱਤਾ ਗਿਆ ਤੇ ਮੌਲਵੀ ਜੀ ਇਸ ਨੂੰ ਦੀਨ ਦੀ ਸਿੱਖਿਆ ਦੇਣ ਲਈ ਰਾਜ਼ੀ ਹੋ ਗਏ। ਬੇਆਸਰੀ ਤੇ ਠੋਕਰਾਂ ਖਾਂਦੀ ਨੇ ਆਇਤਾਂ ਪੜ੍ਹਨੀਆਂ ਸਿੱਖੀਆਂ ਕਿ ਕਿਤੇ ਕੋਈ ਇਲਾਹੀ ਭੇਤ ਉਸਦੇ ਹੱਥ ਲੱਗ ਜਾਵੇ ਤੇ ਉਹ ਮਰੇ ਪਤੀ ਦੇ ਘਰ ਅੱਪੜ ਸਕੇ। ਪਰ ਇਥੇ ਵੀ ਦੂਜੇ ਵਿਆਹ ਦੀ ਤਜ਼ਵੀਜ ਹੀ ਉਸਦੇ ਅੱਗੇ ਆਈ। ਭਾਈ ਸਾਹਿਬ ਉਸ ਦੀ ਹਾਲਤ ਦਾ ਵੇਰਵਾ ਕਰਦੇ ਹਨ ਕਿ ਉਹ ਮੌਤ ਦਾ ਭੇਦ ਲੱਭਦੀ ਲੱਭਦੀ ਕਿੰਝ ਮੌਤ ਦੇ ਰਸਤੇ ਤੇ ਤੁਰ ਪਈ। ਉਹ ਨਾਵਲ ਵਿਚ ਲਿਖਦੇ ਹਨ, 'ਇਸ ਤੀਜੇ ਜਨਮ ਵਿਚ ਆ ਕੇ ਭੀ ਪਤੀ ਦਰਸ ਦੀ ਅਭਿਲਾਖਣ ਗੁਲਾਮ ਫਾਤਮਾ ਨੂੰ ਪਤੀ ਮਿਲਾਪ

ਪ੍ਰਾਪਤ ਨਹੀਂ ਹੋਇਆ ਸਗੋਂ ਐਸਾ ਜੀਅ ਖੱਟਾ ਹੋਇਆ ਕਿ ਜੀਉਣਾ ਇਕ ਭਾਰ ਮਲੂਮ ਹੋਣ ਲੱਗ ਪਿਆ। ਲੱਗੀ ਕਰਨੇ ਵਾਲੇ ਉਪਦੇਸ਼ਕ ਨੂੰ ਕੋਸਣ ਕਿ ਨਿੱਜ ਉਹ ਮੈਨੂੰ ਉਥੋਂ ਉਠਾਉਂਦਾ ਤੇ ਨਿੱਜ ਇਹ ਦੁੱਖ ਦੇਖਦੀ। ਪਾਣੀ ਵਿੱਚ ਡਿੱਗਕੇ ਮਰ ਜਾਂਦੀ, ਕਜ਼ੀਆ ਮੁੱਕ ਜਾਂਦਾ। ਅੰਦਰੇ ਅੰਦਰ ਕੁੜ੍ਹੇ, ਪਰ ਸੋਚ ਕੋਈ ਕੰਮ ਨਾ ਕਰੇ। ਇਸ ਝੰਜਟ ਵਿਚ ਉਹ ਪਹਿਲਾਂ ਆਇਤਾਂ ਦਾ ਘੋਟਾ ਤੇ ਹੋਰ ਸਾਧਨ, ਪਾਠ ਤੇ ਦਰੂਦ ਆਦਿ ਵੀ ਛੁੱਟ ਗਏ। ਘਬਰਾ ਨੇ ਵਧਣਾ ਤੇ ਬਹੁਤ ਦੁੱਖ ਦੇਣਾ ਸ਼ੁਰੂ ਕਰ ਦਿੱਤਾ।'[24]

ਅਗਲੇਰੇ ਬਿਰਤਾਂਤਕ ਵੇਰਵੇ ਵਿਚ ਸਬੱਬੀ ਉਸਨੂੰ ਉਸ ਦੇ ਪੇਕੇ ਘਰ ਦੀ ਸਹੇਲੀ ਗੰਗਾਬਾਈ ਮਿਲਦੀ ਹੈ ਜੋ ਉਸ ਨੂੰ ਗੁਰੁਦਆਰੇ ਲੈ ਕੇ ਜਾਂਦੀ ਹੈ। ਗੁਰਸਿੱਖਾਂ ਨਾਲ ਮੇਲ-ਮਿਲਾਪ ਕਰਵਾਉਂਦੀ ਹੈ। ਕਲਯੁੱਗ ਦੇ ਸੱਚੇ ਗੁਰੂ ਨਾਨਕ ਦੀ ਬਾਤ ਪਾਉਂਦੀ ਹੈ ਤੇ ਦਿੱਲੀ ਜਾਣ ਦਾ ਧਰਵਾਸ ਦਿੰਦੀ ਹੈ ਪਰ ਪਿਛਲੀਆਂ ਕੌੜੀਆਂ ਯਾਦਾਂ ਨਾਲ ਹੀ ਮੌਲਵੀ ਦਾ ਡਰ ਉਸ ਨੂੰ ਘੇਰਾ ਪਾ ਰਿਹਾ ਸੀ। ਚਾਰ ਚੁਫੇਰੇ ਨਿਰਾਸ਼ਾ ਦੇ ਆਲਮ ਵਿਚ ਉਹ ਉਥੋਂ ਨਿਕਲ ਗਈ ਤੇ ਦਰਿਆ ਰਾਵੀ ਵਿਚ ਮਰਨ ਲਈ ਛਾਲ ਮਾਰ ਦਿੱਤੀ। ਇਸ ਜ਼ਿੰਦਗੀ ਤੋਂ ਹਾਰੀ ਹੋਈ ਤ੍ਰੀਮਤ ਨੂੰ ਗੁਰਮੁਖ ਸ਼ਖ਼ਸੀਅਤ ਨੌਧ ਸਿੰਘ ਪਾਣੀ ਵਿਚੋਂ ਡੁੱਬਦੀ ਨੂੰ ਬਚਾਉਂਦੇ ਹਨ ਜਾਂ ਇੰਝ ਕਹਿ ਲਈਏ ਕਿ ਸੰਸਾਰ ਭਵ ਸਾਗਰ ਤੋਂ ਬਚਾਉ ਕਰਦੇ ਹਨ। ਇਹ ਪਾਤਰ ਉਸ ਨੂੰ ਗੁਰਬਾਣੀ ਦਾ ਉਪਦੇਸ਼ ਦਿੰਦਾ ਹੈ ਕਿ 'ਦੋਸ਼ ਨੇ ਦੇਹ ਹਿੰਦੂ, ਮੁਸਲਮਾਨ, ਸਿੱਖ ਈਸਾਈ ਨੂੰ, ਦੋਸ਼ ਦੇਹ ਆਪ ਨੂੰ, ਆਪਣੇ ਕਰਮ ਨੂੰ, ਦੁਕ੍ਰਿਤ ਸੁਕ੍ਰਿਤ ਥਾਰੋ ਕਰਮੁ ਰੀ।'[25] ਉਸ ਦੀ ਸਾਰੀ ਵਾਰਤਾ ਸੁਣ ਕੇ ਉਸ ਨੂੰ ਧਰਮ ਦੇ ਰਸਤੇ ਦੀ ਪਹਿਲੀ ਪਉੜੀ ਦਾ ਗਿਆਨ ਕਰਵਾਉਂਦੇ ਹਨ ਤੇ ਉਸ ਅੰਦਰ ਸਾਹਸ ਭਰਦੇ ਹਨ ਜੋ ਕਿ ਚੰਮ ਤੇ ਦੰਮ ਦੇ ਵਿਉਪਾਰੀਆਂ ਨੇ ਉਸ ਅੰਦਰ ਨਾ ਭਰਿਆ। ਪਾਤਰ ਵਾਰਤਾਲਾਪ ਵਿਚ ਦਰਜ ਹੈ, 'ਧਰਮ ਉਹੀ ਹੈ ਜੋ ਸੱਚ ਹੈ। ਸੱਚ ਸਭ ਤੋਂ ਉੱਚਾ ਹੈ ਤੁਹਾਡੇ ਅੰਦਰ ਇਕ ਸੱਚ ਹੈ, ਪਰ ਉਸ ਸੱਚ ਦਾ ਨਸ਼ਾ ਨਹੀਂ, ਟੇਕ ਨਹੀਂ, ਨਹੀਂ ਤਾਂ ਕਿਉਂ ਕੋਈ ਤੁਹਾਡਾ ਲਾਗੂ ਹੈ। ਕੌਣ ਹੈ ਜੋ ਪਵਿਤ੍ਰ ਹਿਰਦੇ ਵਾਲੀ ਇਸਤ੍ਰੀ ਵੱਲ ਤੱਕ ਸਕਦਾ ਹੈ ... ਜਿਸਦੇ ਅੰਦਰ ਧਰਮ ਹੈ, ਪਵਿਤ੍ਰਤਾ ਹੈ, ਸੱਚ ਹੈ, ਰੱਬ ਹੈ, ਉਹ ਕਦੇ ਇਕੱਲਾ ਹੈ ਹੀ ਨਹੀਂ। ਉਸਦੇ ਨਾਲ ਸ੍ਰਿਸ਼ਟੀ ਦਾ ਮਾਲਕ ਰੱਬ ਹੈ। ਰੱਬ ਵਾਲਾ ਸਬਲ ਹੁੰਦਾ ਹੈ।'[26]

ਭਾਈ ਸਾਹਿਬ ਉਪਦੇਸ਼ਾਤਮਕ ਸ਼ੈਲੀ ਵਿਚ ਇਸ ਆਦਰਸ਼ ਪਾਤਰ ਤੇ ਨਾਵਲ ਦੇ ਨਾਇਕ ਤੋਂ ਸਿੱਖ ਅਧਿਆਤਮ ਦਾ ਪੂਰਾ ਉਪਦੇਸ਼ ਕਰਵਾਉਦੇ ਹਨ ਕਿ ਇਸ ਅਧਿਆਤਮ ਰਸਤੇ ਤੇ ਟੁਰਨ ਵਾਲੇ ਲਈ ਪਰਮਾਤਮ ਟੇਕ ਹੀ ਸੱਚਾ ਆਸਰਾ ਹੈ। ਅੰਤਰੀਵੀ ਸੱਚ ਦਾ ਬਖਿਆਨ ਇਹ ਪਾਤਰ ਉਸ ਅਭਾਗਣ ਨੂੰ ਇੰਞ ਕਰਵਾਉਂਦਾ ਹੈ, 'ਉਸ ਮਾਲਿਕ ਨੂੰ ਜੋ ਪਿਤਾ ਹੈ, ਸਿਰਜਨਹਾਰ ਹੈ, ਜੋ ਪਾਲਣਹਾਰ, ਰੱਖਣਹਾਰ ਤੇ ਅੰਗ ਸੰਗ ਹੈ, ਅੰਗ ਸੰਗ ਜਾਣ। ਉਹ ਅੰਦਰ ਬੈਠਾ ਹੈ।'[27]

ਇਸ ਤਰ੍ਹਾਂ ਇਸ ਪਾਤਰ ਦੀ ਟਿਕਵੀਂ ਸੁਰ ਤੇ ਮੇਹਰ ਸਦਕਾ ਇਹ ਅਭਾਗਣ ਰੂਪ ਪਾਤਰ ਆਤਮ ਗਿਆਨ ਗ੍ਰਹਿਣ ਕਰਨ ਲੱਗੀ ਤੇ ਨਾਮ ਦੀ ਕੁੰਜੀ ਉਸ ਨੂੰ ਗਿਆਤ ਹੋਣ ਲੱਗੀ। ਇਥੇ ਭਾਈ ਸਾਹਿਬ ਨੇ ਹਵਾਲੇ ਲਈ ਨਾਵਲ ਵਿਚ ਬਹੁਤ ਸਾਰੀਆਂ ਗੁਰਬਾਣੀ ਤੁਕਾਂ ਦਰਜ਼ ਕੀਤੀਆਂ, ਜਿਵੇਂ:

- ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ, ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥[28]
- ਉਠਤ ਬੈਠਤ ਸੋਵਤ ਨਾਮ॥[29]
- ਜਿਨ ਕੈ ਹਰਿ ਨਾਮ ਵਸਿਆ ਸਦ ਹਿਰਦੈ ਹਿਰ ਨਾਮੋ ਤਿਨ ਕੰਉ ਰਖਣਹਾਰਾ॥[30]

ਇਸ ਤਰ੍ਹਾਂ ਉਸ ਦੇ ਅੰਦਰ ਜਿਵੇਂ ਗੁਰਬਾਣੀ ਦੀ ਮਿਠਾਸ ਨੇ ਕੁਝ ਚਾਨਣ ਭਰਿਆ ਤਾਂ ਫਿਰ ਉਹ ਉਸ ਸਖ਼ਸ਼ ਨੂੰ ਸਵਾਲ ਕਰਦੀ ਹੈ ਕਿ 'ਵਾਹ ਵਾਹ ਧੰਨ ਰੱਬ ਹੈ, ਹੇ ਸ਼ੁਭ ਮਤ ਦੇਣ ਵਾਲੇ, ਪਰਉਪਕਾਰੀ ਜੀਉ; ਮੈਨੂੰ ਇਹ ਦੱਸੋ ਜੋ ਤੁਸੀਂ ਹਿੰਦੂ ਹੋ, ਮੁਸਲਮਾਨ ਹੋ, ਈਸਾਈ ਹੋ ਜਾਂ ਆਰੀਆ?'[31] ਇਥੇ ਫਿਰ ਪਾਤਰ ਨੌਧ ਸਿੰਘ ਆਪਣੀ ਪਹਿਚਾਣ ਸਿੱਖ ਵਜੋਂ ਕਰਵਾਉਂਦਾ ਉੱਤਰ ਵਜੋਂ ਕਥਨ ਕਰਦਾ ਹੈ, 'ਮੈਂ ਸਿੱਖ ਹਾਂ। ਮੈਂ ਹਰਦਮ ਸਿੱਖਣ ਦਾ ਯਤਨ ਕਰ ਰਿਹਾ ਹਾਂ ਕਿ ਕਿਵੇਂ ਮੇਰੇ ਮਨ ਤੇ ਉਹ ਮਾਲਕ ਬੈਠਾ ਰਹੇ। ਮੈਂ ਉਸ ਨੂੰ ਯਾਦ ਰੱਖਦਾ ਹਾਂ। ਤਰਲਾ ਇਹ ਹੈ ਕਿ ਮੈਂ ਕਿਵੇਂ ਮਨ ਦੇ ਮੰਡਲ ਵਿਚ ਉਸ ਤੋਂ ਨਾ ਵਿਛੜਾਂ। ਇਸ ਨੂੰ ਕਹੀਦਾ ਹੈ 'ਨਾਮ'। ਇਹ ਹੈ ਪ੍ਰਭੂ ਨਾਲ ਮੇਲ। ਧਰਮ, ਮਤ, ਮਜ਼ਹਬ ਉਹ ਹੈ ਜੋ ਪ੍ਰਭੂ ਨਾਲ ਮਿਲਾਵੇ, ਜੋ ਮਾਯਾ ਨਾਲ ਮਿਲਾਵੇ, ਉਹ ਅਧਰਮ, ਅਮੱਤ, ਅਮਜ਼ਹਬ ਹੈ। ਸੋ ਜੇ ਸੁੱਖ ਦੀ ਲੋੜ ਹੈ ਤਾਂ ਰਾਹ ਇਹ ਹੈ।'[32] ਬਾਬਾ ਨੌਧ ਸਿੰਘ ਨੇ ਇੰਞ ਉਸ ਨੂੰ ਆਤਮ ਗਿਆਨ ਕਰਵਾਉਂਦਿਆਂ ਨਿਤਨੇਮ ਦੀ ਪੋਥੀ ਫੜਾਈ ਤੇ ਉਸ

ਅਭਾਗਣ ਜਮਨਾ ਨੂੰ ਸੁਭਾਗ ਜੀ ਦੀ ਪਹਿਚਾਣ ਬਖਸ਼ੀ ਤੇ ਉਸ ਅਬਲਾ ਤ੍ਰੀਮਤ ਨੂੰ ਰੱਬ ਦਾ ਬੰਦਾ ਸੰਬੋਧਨ ਕੀਤਾ। 'ਹੇ ਵਾਹਿਗੁਰੂ ਦੀ ਪਵਿਤ੍ਰਤਾ ਵਿਚ ਜੀ ਉੱਠੇ ਰੱਬ ਦੇ ਬੰਦੇ! ਹੇ ਰੱਬ ਦੇ ਧਯਾਨ ਵਿਚ ਸਿਮਰਨ ਵਿਚ ਤੇ ਪਿਆਰ ਵਿਚ ਲੱਗ ਗਏ ਬੰਦੇ! ਤੂੰ ਰੱਬ ਵਿੱਚ ਹੈ, ਤੂੰ ਰੱਬ ਵਿਚ ਜਾਹ, ਤੂੰ ਰੱਬ ਵਿਚ ਰਹੁ।'[33]

ਇੰਞ ਸਿੱਖ ਅਧਿਆਤਮਕਤ ਖੋਜ ਵਿਚ ਇਸਤਰੀ ਮਰਦ ਦਾ ਭੇਦ ਮਿਟ ਜਾਂਦਾ ਹੈ ਤੇ ਟਿਕਾਣਾ ਰੱਬ ਘਰ ਹੁੰਦਾ ਹੈ। ਸੁਭਾਗ ਜੀ ਨੂੰ ਇਤਨਾ ਰਸ ਆ ਗਿਆ ਕਿ ਉਹ ਮਨਨਕਰਤਾ ਵਾਂਗ ਸੁੰਨ ਸਮਾਧੀ ਵਿਚ ਪਹੁੰਚ ਜਾਂਦੀ ਹੈ। ਇਥੇ ਭਾਈ ਵੀਰ ਸਿੰਘ ਨੇ ਇਸ ਪਾਤਰ ਦੀ ਮਨਨ ਕਿਰਿਆ ਨੂੰ ਸੁੰਨ ਸਮਾਧੀ ਰਾਹੀਂ ਘਟਨਾਕ੍ਰਮ ਵਜੋਂ ਰਚਿਆ, ਭਾਵੇਂ ਇਹ ਕੋਈ ਅਜਿਹਾ ਅਨੁਭਵ ਹੈ ਜਿਸ ਵਿਚ ਨਿਰਾ ਨੂਰ ਹੱਥ ਨਹੀਂ ਆਉਂਦਾ ਪਰ ਇਸ ਗਦ ਟੁਕੜੀ ਵਿਚ ਭਾਈ ਜੀ ਨੇ ਸੱਚਮੁੱਚ ਇਕ ਦਿੱਬਤਾ ਦੀ ਝਲਕ ਦਿਖਾਈ।

'ਸੁਭਾਗ ਜੀ ਦੇ ਕਿਸੇ ਅੰਦਰੋਂ ਚੜ੍ਹ ਰਹੇ ਨਸ਼ੇ ਜਿਹੇ ਵਿਚ ਨੈਣ ਬੰਦ ਹੋ ਜਾਂਦੇ ਸਨ ਤੇ ਜ਼ੋਰ ਲਾਉਣ ਤੇ ਬੀ ਮਿਟ ਮਿਟ ਜਾਂਦੇ ਸਨ। 'ਵਾਹਿਗੁਰੂ, ਵਾਹਿਗੁਰੂ' ਦੀ ਗੂੰਜਾਰ ਸੁਭਾਗ ਦੇ ਅੰਦਰ ਭਰ ਰਹੀ ਸੀ। ਕੋਈ ਰਸ ਛਾ ਰਿਹਾ ਸੀ; ਜਿਸ ਵਿਚ ਉਹ ਫੇਰ ਮਗਨ ਹੋ ਗਈ, ਕਿਤਨਾ ਸਮਾਂ ਲੰਘ ਗਿਆ, ਲੰਘਦੇ ਦਾ ਪਤਾ ਨਹੀਂ ਲੱਗਾ, ਹੁਣ ਸੁਭਾਗ ਦੀ ਅੱਖ ਖੁੱਲ੍ਹੀ ... ਸੁਭਾਗ ਨੇ ਤੱਕਿਆ, ਬਾਲ ਸਮਝੀ, ਸ਼ੁਕਰ ਕੀਤਾ, ਦਿਲ ਨੂੰ ਆਖਣ ਲੱਗੀ ਠੀਕ; ਮੈਂ ਵਾਹਿਗੁਰੂ ਵਿਚ ਹਾਂ, ਮੈਂ ਵਾਹਿਗੁਰੂ ਵਿਚ ਵਿਚਰਨਾ ਹੈ; ਮੈਂ, ਵਾਹਿਗੁਰੂ! ਹੇ ਵਾਹਿਗੁਰੂ!! ਤੇਰੀ ਰਹਾਂ, ਤੇਰੀ ਹੋ ਰਹਾਂ, ਤੂੰ ਮੇਰਾ ਹੋਵੇਂ, ਫੇਰ ਸਾਰਾ ਸੰਸਾਰ ਮੇਰਾ ਘਰ ਹੈ, ਮੈਂ ਤੇਰੀ ਧਰਮਸਾਲ ਦੀ ਵਸਨੀਕ ਹੋਵਾਂ।'[34] ਇਸ ਪੂਰੀ ਮਨਨ ਪ੍ਰਕ੍ਰਿਆ ਰਾਹੀਂ ਉਨ੍ਹਾਂ ਅਧਿਆਤਮਵਾਦ ਦਾ ਸਾਰਾ ਪਾਸਾਰਾ ਕੇਂਦਰਿਤ ਕਰ ਲਿਆ, ਜਿਸ ਵਿਚ ਸੁੰਨ ਸਮਾਧੀ ਹੈ, ਅਕਰਮਕਤਾ ਹੈ, ਛਿੰਨ ਭੰਗਰਤਾ ਹੈ, ਅਕਥ ਅਨੁਭਵ ਹੈ। ਪਰੰਤੂ ਭਾਈ ਸਾਹਿਬ ਤਾਂ ਸਿੱਖ ਅਧਿਆਤਮ ਦੀ ਵਿਲੱਖਣਤਾ ਪੇਸ਼ ਕਰਨਾ ਚਾਹੁੰਦੇ ਸਨ ਜੋ ਸਦ ਆਨੰਤ ਤੇ ਸਚਖੰਡੀ ਅਵਸਥਾ ਹੈ। ਉਹ ਇਸ ਤਰ੍ਹਾਂ ਦੇ ਨਮੂਨੇ ਦੇ ਆਦਮੀ ਦੇ ਨਕਸ਼ ਕੁਝ ਇੰਞ ਪ੍ਰਸਤੁਤ ਕਰ ਰਹੇ ਹਨ, ਜੋ ਦੁੱਖਾਂ ਦੇ ਕਾਰਨਾਂ ਦਾ ਗਿਆਤਾ ਹੈ ਤੇ ਭਲਿਆਈ ਦਾ ਕਾਰਨ ਹੈ, 'ਸਭਨਾਂ ਦਾ ਕਾਰਨ' ਆਦਮੀ ਦੇ ਉਸ ਨਮੂਨੇ ਦੀ ਕਮੀ ਹੈ ਯਾ ਇਉਂ ਕਹੋ ਕਿ 'ਉਸ ਨਮੂਨੇ ਦੇ ਆਦਮੀ ਦੀ ਕਮੀ ਹੈ ਕਿ

ਜਿਸ ਦੇ ਅੰਦਰ ਇਕ ਨਿੱਕੀ ਜੇਹੀ ਚੰਗਿਆੜੀ ਜੀਉਂਦੀ ਹੋਵੇ। ਇਹ ਆਦਮੀ ਪਦਾਰਥ, ਇੱਜ਼ਤ, ਵਿਦਯਾ ਆਦਿ ਦੀ ਹੋਂਦ ਅਣਹੋਂਦ ਯਾ ਬਹੁਲਤਾ ਦੇ ਅਸਰਾਂ ਨਾਲ ਪੈਦਾ ਨਹੀਂ ਹੁੰਦਾ। ਨਹੀਂ ਇਹ ਆਦਮੀ ਹਰ ਹਾਲ ਹਰ ਰੰਗ ਵਿਚ ਉਸੇ ਅੰਦਰਲੀ ਚੰਗਿਆੜੀ ਦੀ ਨਿੱਘ ਨਾਲ ਮਘਦਾ ਰਹਿੰਦਾ ਹੈ, ਉਸਨੂੰ ਨੇਕੀ ਸਿੱਖਣ ਦੀ ਲੋੜ ਨਹੀਂ, ਆਪੂੰ ਉਸ ਤੋਂ ਭਲਯਾਈ ਹੁੰਦੀ ਹੈ, ਉਸਨੂੰ ਸੋਚ ਵਿਚਾਰਾਂ ਨਾਲ, ਲੇਖੇ ਹਿਸਾਬਾਂ ਕਿਤਾਬਾਂ ਨਾਲ ਆਪਣੇ ਜੀਵਨ ਲਈ ਸੁੱਖ ਲਈ ਕੋਈ ਗੋਰਖ ਧੰਦਾ ਬਣਾਉਣ ਦੀ ਲੋੜ ਨਹੀਂ। ਉਹ ਖੁਸ਼ ਰਹਿੰਦਾ ਹੈ, ਖਿੜਿਆ ਰਹਿੰਦਾ ਹੈ, ਉਸਦੇ ਅੰਦਰਲੇ ਦਾ ਰੁੱਖ ਜਾਂ ਅੰਦਰਲੇ ਦਾ ਰੰਗ ਕੁਝ ਪ੍ਰਕਾਸ਼ ਜਿਹੇ ਵਿਚ ਕਿਸੇ ਉੱਚੀ ਲਿਵ ਵਿਚ ਵੱਸਦਾ ਹੈ।[35]

ਭਾਈ ਸਾਹਿਬ ਨੇ ਬਾਬਾ ਨੌਧ ਸਿੰਘ ਨੂੰ ਇਸੇ ਤਰ੍ਹਾਂ ਦੇ ਨਮੂਨੇ ਦਾ ਗੁਰਮੁਖ ਬਣਾ ਕੇ ਪ੍ਰਸਤੁਤ ਕੀਤਾ। ਇਸ ਗੁਰਮੁਖ ਨੇ ਆਪਣੇ ਪ੍ਰਭਾਵ ਸਦਕਾ ਅਨੇਕਾਂ ਲੋਕਾਂ ਦੀ ਰਹਿਨੁਮਾਈ ਕੀਤੀ। ਨਾਵਲ ਦੇ ਅਗਲੇਰੇ ਵੇਰਵੇ ਵਿਚ ਭਾਈ ਸਾਹਿਬ ਇਕ ਆਧੁਨਿਕ ਆਦਰਸ਼ ਪਿੰਡ ਦਾ ਬਿਆਨ ਕਰਦੇ ਹਨ। ਜਿਸ ਨੂੰ ਨੁਹਾਰ ਬਾਬਾ ਨੌਧ ਸਿੰਘ ਦਿੰਦੇ ਹਨ, ਜਿੱਥੇ ਇਕ ਵਿਧਵਾ ਇਸਤਰੀ ਨੂੰ ਸੁਚੱਜਾ ਜੀਵਨ ਜੀਉਣ ਦਾ ਪੂਰਨ ਅਧਿਕਾਰ ਹੈ। ਜਿਸ ਵਿਚ ਪੱਧਰੀਆਂ ਪੱਕੀਆਂ ਸੜਕਾਂ ਹਨ ਤੇ ਕੋਈ ਸਮੱਸਿਆ ਗੰਭੀਰ ਨਹੀਂ ਹੈ, ਕੋਈ ਭੰਬਲਭੂਸੇ ਨਹੀਂ ਹਨ। ਪੂਰੇ ਸੰਸਾਰ ਨਕਸ਼ੇ ਵਿਚ ਗੁਰੂ ਸਾਹਿਬਾਨ ਦੇ ਦੱਸੇ ਬੇਗਮਪੁਰੇ ਨੂੰ ਜਾਂਦੀ ਸੜਕ ਦਾ ਪਤਾ ਭਾਈ ਸਾਹਿਬ ਇੰਞ ਦੱਸਦੇ ਹਨ, 'ਸੰਸਾਰ ਇਕ ਬਨ ਹੈ, ਭੀਹਾਵਾਲਾ, ਇਸ ਵਿਚ ਥਾਂ-ਥਾਂ ਕਾਮ, ਕ੍ਰੋਧ, ਲੋਭ, ਮੋਹ ਆਦਿਕ ਘਾਤਕ ਪਸ਼ੂ ਵੱਸਦੇ ਹਨ। ਇਸ ਬਨ ਵਿਚ ਸਭ ਲੋਕ ਭੁੱਲੀ ਪਏ ਹੋਏ ਹਨ। ਰਾਹੇ ਕੁਰਾਹੇ, ਵੇਲੇ ਕੁਵੇਲੇ ਲੋਕੀਂ ਇਨ੍ਹਾਂ ਅਤੇ ਹੋਰ ਕਈ ਇਕ ਘਾਤਕ ਪਸ਼ੂਆਂ ਦੇ ਢਹੇ ਚੜ੍ਹ ਕੇ ਦੁੱਖ ਪਾਉਂਦੇ ਹਨ ਤੇ ਭੁੱਲੀ ਪਏ ਭੰਬਲਭੂਸੇ ਖਾਂਦੇ ਹਨ। ਜੇ ਕੋਈ ਬਨ ਦੇ ਏਸ ਹਿੱਸੇ ਵਿਚੋਂ ਲੰਘ ਜਾਵੇ ਤੇ ਪਸ਼ੂਆਂ ਤੋਂ ਬਚ ਰਹੇ ਤਾਂ ਉਹ ਇਕ ਘੁਸਮੁਸੇ ਜੰਗਲ ਵਿਚ ਜਾਂਦਾ ਹੈ, ਜਿੱਥੇ ਸੋਚਾਂ, ਫਿਕਰਾਂ, ਸੰਸਿਆਂ ਦੇ ਭੁਲੇਵੇਂ ਹਨ, ਜਿਨ੍ਹਾਂ ਵਿਚ ਆਦਮੀ ਗੁਆਚ ਜਾਂਦਾ ਹੈ। ਸਾਡੇ ਸਤਿਗੁਰੂ ਨੇ ਇਕ ਪੱਕਾ ਸ਼ਾਹ ਰਾਹ ਬਨਾਯਾ ਹੈ, ਜੋ ਇੰਨਾ ਖੁੱਲ੍ਹਾ ਤੇ ਵੱਡਾ ਹੈ ਕਿ ਭਾਈ ਗੁਰਦਾਸ ਜੀ ਉਸ ਨੂੰ ਗਾਡੀ ਰਾਹ ਆਖਦੇ ਹਨ। ਮਨੁੱਖ, ਪਸ਼ੂ ਤੇ ਗੱਡੇ ਸਭ ਉਸ ਸੜਕ

ਪਰ ਚਲ ਸਕਦੇ ਹਨ। ਸੜਕ ਸਿੱਧੀ ਟੁਰੀ ਜਾਂਦੀ ਹੈ ਤੇ ਧੁਰਾਂ ਤੱਕ ਜਾਂਦੀ ਹੈ। ਇਸ ਸੜਕੇ ਚੜ੍ਹਿਆ ਕਦੇ ਗੁਆਚਦਾ ਨਹੀਂ, ਭੁੱਲੀ ਨਹੀਂ ਪੈਂਦਾ, ਘਾਤਕ ਪਸ਼ੂਆਂ ਤੇ ਚੋਰਾਂ ਡਾਕੂਆਂ ਤੋਂ ਬਚਿਆ ਰਹਿੰਦਾ ਹੈ, ਕਦੇ ਸੰਸੇ ਦੇ ਬਨ ਵਿਚ ਕਿ ਸ਼ਾਸਤ੍ਰਾਂ ਦੇ ਬਨ ਵਿਚ ਕਿਤੇ ਭੀ ਨਹੀਂ ਗੁਆਚਦਾ। ਉਹ ਸੜਕ 'ਨਾਮ' ਦੀ ਹੈ।'[36]

ਉਪਰੋਕਤ ਤੋਂ ਸਪੱਸ਼ਟ ਹੈ ਕਿ ਭਾਈ ਵੀਰ ਸਿੰਘ ਦੇ ਨਾਵਲ ਪੜ੍ਹਦਿਆਂ ਪਤਾ ਲੱਗਦਾ ਹੈ ਕਿ ਕਿੰਨੀ ਖੂਬਸੂਰਤੀ ਨਾਲ ਸਿੱਖ ਅਧਿਆਤਮ ਮਾਰਗ ਦੀ ਪੇਸ਼ਕਾਰੀ ਨਾਲ ਭਾਈ ਸਾਹਿਬ ਜੀਵਨ ਵਿਚ ਕੰਮ ਆਉਣ ਵਾਲੇ ਸਰਲ ਸਾਧਨ ਬਿਆਨ ਕਰਦੇ ਹਨ। ਆਲੋਚਨਾਤਮਕ ਪੱਖੋਂ ਭਾਈ ਵੀਰ ਸਿੰਘ ਦੇ ਨਾਵਲਾਂ ਨੂੰ ਵਾਚਦਿਆਂ ਇਕ ਬੜੇ ਹੀ ਅਚੰਭੇ ਵਾਲੀ ਗੱਲ ਸਾਹਮਣੇ ਆਉਂਦੀ ਹੈ ਕਿ ਪੱਛਮ ਵਿਚ ਜਿਸ ਸਾਹਿਤ ਵਿਧਾ 'ਨਾਵਲ' ਨੂੰ ਦੋ ਪਲ ਦੇ ਮਨੋਰੰਜਨ ਤੇ ਘਟੀਆ ਰੋਮਾਂਸ ਭਰਪੂਰ ਵੇਰਵਿਆਂ ਲਈ ਹੀ ਰਚਿਆ ਤੇ ਪੜ੍ਹਿਆ ਜਾਂਦਾ ਸੀ, ਆਧੁਨਿਕ ਸਮੇਂ ਵਿਚ ਭਾਈ ਵੀਰ ਸਿੰਘ ਨੇ ਭਾਰਤੀ ਪਰਿਪੇਖ ਵਿਚ ਇਸੇ ਨਾਵਲ ਵਿਧਾ ਨੂੰ ਉੱਤਮ ਸਾਹਿਤ ਦੀ ਸ਼੍ਰੇਣੀ ਵਿਚ ਦਰਜ ਕੀਤਾ।

**ਹਵਾਲੇ ਤੇ ਟਿੱਪਣੀਆਂ:**


1. ਡਾ. ਕਿਰਪਾਲ ਸਿੰਘ (ਸੰਪਾ.), *ਭਾਈ ਵੀਰ ਸਿੰਘ ਦੀ ਇਤਿਹਾਸਕ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1974, ਪੰਨਾ ਪ੍ਰਵੇਸ਼ਿਕਾ.
2. ਭਾਈ ਵੀਰ ਸਿੰਘ, *ਸੁੰਦਰੀ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2000, ਪੰਨਾ ਅੰਤਿਕਾ 121-122.
3. ਉਹੀ, ਪੰਨਾ 125.
4. ਉਹੀ, ਪੰਨਾ 124-125.
5. ਉਹੀ, ਪੰਨਾ 6.
6. ਉਹੀ.
7. H. Hill Watter, *Ethics or Moral Philosophy,* Anmol Publications Pvt. Ltd., New Delhi, 1999, P. 84-85.
8. ਸਤਿੰਦਰ ਸਿੰਘ, *ਭਾਈ ਵੀਰ ਸਿੰਘ: ਜੀਵਨ ਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982, ਪੰਨਾ 22.
9. ਡਾ. ਕਿਰਪਾਲ ਸਿੰਘ, *ਭਾਈ ਵੀਰ ਸਿੰਘ ਦੀ ਇਤਿਹਾਸਕ ਰਚਨਾ*, ਪੰਨਾ ਪ੍ਰਵੇਸ਼ਿਕਾ.
10. ਭਾਈ ਵੀਰ ਸਿੰਘ, *ਬਿਜੈ ਸਿੰਘ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2000, ਪੰਨਾ 42-43.
11. ਉਹੀ, ਪੰਨਾ 72.
12. ਉਹੀ, ਪੰਨਾ 79.
13. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1412.
14. ਭਾਈ ਵੀਰ ਸਿੰਘ, *ਸਤਵੰਤ ਕੌਰ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 1999, ਪੰਨਾ 1.
15. ਉਹੀ, ਪੰਨਾ 28.
16. ਉਹੀ, ਪੰਨਾ 65.
17. ਉਹੀ, ਪੰਨਾ 66-67.
18. ਉਹੀ, ਪੰਨਾ 76-77.

19. ਉਹੀ, ਪੰਨਾ 98.

20. ਉਹੀ, ਪੰਨਾ 124.

21. ਉਹੀ, ਪੰਨਾ 125.

22. ਉਹੀ.

23. ਭਾਈ ਵੀਰ ਸਿੰਘ, *ਸੁਭਾਗ ਜੀ ਦਾ ਸੁਧਾਰ ਹੱਥੀਂ ਬਾਬਾ ਨੌਧ ਸਿੰਘ* (ਦੋਵੇਂ ਭਾਗ), ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2010, ਪੰਨਾ 1.

24. ਉਹੀ, ਪੰਨਾ 9.

25. ਉਹੀ, ਪੰਨਾ 13.

26. ਉਹੀ, ਪੰਨਾ 15.

27. ਉਹੀ, ਪੰਨਾ 16.

28. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 103.

29. ਉਹੀ, ਪੰਨਾ 286.

30. ਉਹੀ, ਪੰਨਾ 592.

31. ਉਹੀ, ਪੰਨਾ 18.

32. ਉਹੀ.

33. ਉਹੀ, ਪੰਨਾ 19.

34. ਉਹੀ.

35. ਉਹੀ, ਪੰਨਾ 20.

36. ਉਹੀ, ਪੰਨਾ 22.

# ਅਧਿਆਇ ਪੰਜਵਾਂ

# ਭਾਈ ਵੀਰ ਸਿੰਘ ਦੀ ਅਧਿਆਤਮਕ ਕਾਵਿ-ਚੇਤਨਾ

ਖੋਜ ਪ੍ਰਬੰਧ ਦੇ ਪਹਿਲੇ ਅਧਿਆਏ ਵਿਚ ਭਾਈ ਵੀਰ ਸਿੰਘ ਉਨ੍ਹਾਂ ਦੇ ਜੀਵਨ ਤੇ ਰਚਨਾ ਸੰਸਾਰ ਦੀ ਵਿਸਤਾਰਪੂਰਵਕ ਪੜਚੋਲ ਕੀਤੀ ਜਾ ਚੁੱਕੀ ਹੈ। ਇਹ ਵੀ ਸਥਾਪਿਤ ਹੋ ਚੁੱਕਾ ਹੈ ਕਿ ਆਪ ਪੰਜਾਬੀ ਸਾਹਿਤ ਦੇ ਖੇਤਰ ਵਿਚ ਇੱਕ ਯੁੱਗ ਪੁਰਸ਼ ਸਨ ਜਿਸ ਨਾਲ ਪੰਜਾਬੀ ਸਾਹਿਤ ਦਾ ਆਧੁਨਿਕ ਸਰੂਪ ਪ੍ਰਾਰੰਭ ਹੁੰਦਾ ਹੈ। ਇਸ ਲਿਹਾਜ ਨਾਲ ਆਪ ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਹੀ ਨਹੀਂ, ਸਗੋਂ ਆਪ ਜੀ ਦੀ ਕਾਵਿ-ਚੇਤਨਾ ਅਧਿਆਤਮਕ ਪਰਿਪੇਖ ਵਿਚ ਗੁਰਮਤਿ ਦੇ ਸਰੋਕਾਰਾਂ ਦੀ ਪੁਨਰ-ਸੁਰਜੀਤੀ ਕਰਦੀ ਹੋਈ ਨਜ਼ਰ ਆਉਂਦੀ ਹੈ। ਇਹ ਵੀ ਸਪੱਸ਼ਟ ਹੀ ਹੈ ਕਿ ਆਪ ਦੇ ਪੁਰਖੇ ਪੀੜ੍ਹੀਆਂ ਤੋਂ ਗੁਰੂ-ਘਰ ਨਾਲ ਜੁੜੇ ਹੋਏ ਹੋਣ ਕਰਕੇ ਆਤਮਿਕ ਚੇਤਨਾ ਨੂੰ ਵਿਰਾਸਤੀ ਰੂਪ ਵਿਚ ਆਪਣੇ ਹਿਰਦੇ ਵਿਚ ਸਾਂਭੀ ਆ ਰਹੇ ਸਨ। ਜਿਵੇਂ ਬਿਆਨ ਕੀਤਾ ਜਾ ਚੁੱਕਾ ਹੈ ਕਿ ਆਪ ਦੇ ਦਾਦਾ ਬਾਬਾ ਕਾਹਨ ਸਿੰਘ ਉੱਚ-ਕੋਟੀ ਦੇ ਗੁਰਮਤਿ ਗਿਆਤਾ ਤੇ ਉਦਾਸੀ ਸਾਧੂ ਸਨ ਤੇ ਪਿਤਾ ਡਾਕਟਰ ਚਰਨ ਸਿੰਘ ਪੰਜਾਬੀ ਅਤੇ ਬ੍ਰਜ ਭਾਸ਼ਾ ਦੇ ਕਵੀ ਤੇ ਸਿੰਘ ਸਭਾ ਲਹਿਰ ਦੇ ਸਰਗਰਮ ਸੰਚਾਲਕ। ਨਾਨਾ ਗਿਆਨੀ ਹਜਾਰਾ ਸਿੰਘ ਪ੍ਰਬੁੱਧ ਵਿਦਵਾਨ ਤੇ ਸੰਪ੍ਰਦਾਈ ਗਿਆਨੀ। ਇਵੇਂ ਆਪ ਦੀ ਪਰਵਰਿਸ਼ ਅਜਿਹੇ ਧਾਰਮਿਕ ਮਾਹੌਲ ਵਿਚ ਹੋਈ ਜਿਸ ਵਿਚੋਂ ਆਪ ਦੀ ਜਗਿਆਸਾ ਸਤਿ ਨੂੰ ਮਾਨਣ ਤੇ ਜਾਨਣ ਦੇ ਕਰਤਾਰੀ ਕਰਮ ਵਜੋਂ ਸਦੈਵੀ ਰੂਪ ਵਿਚ ਬਲਵਾਨ ਹੁੰਦੀ ਗਈ। ਆਪ ਦੇ ਵਿਅਕਤਿੱਤਵ ਵਿਚ ਸਹਿਜ ਰੂਪ ਵਿਚ ਪੈਦਾ ਹੋਇਆ ਭਾਵੁਕਤਾ ਤੇ ਬੌਧਿਕਤਾ ਦਾ ਸੁਮੇਲ ਆਪ ਨੂੰ ਅਜਿਹੇ ਅਨੁਭਵ ਨਾਲ ਜੋੜਦਾ ਗਿਆ ਜਿਸ ਨਾਲ ਅਧਿਆਤਮਕਤਾ ਨਾਲ ਲਰਜ਼ਦੀ ਅਜਿਹੀ ਤਲ-ਭੂਮੀ ਤਿਆਰ ਹੋ ਗਈ ਜਿਸ ਦੀ ਜ਼ਰਖੇਜ਼ੀ ਵਿਚ ਰੂਹਾਨੀ-ਖੇੜੇ ਦੇ ਬੀਜ ਸਹਿਜ ਰੂਪ ਵਿਚ ਜੰਮਦੇ ਤੇ ਨਿੰਮਦੇ ਹਨ। ਆਪ ਦੇ ਠਹਿਰੇ ਇਕਾਗਰ ਮਨ ਵਿਚੋਂ ਜੋ ਕਾਵਿ-ਕੋਮਲਾਂ ਆਪ ਮੁਹਾਰੇ ਫੁੱਟ ਨਿਕਲੀਆਂ ਉਨ੍ਹਾਂ ਨੂੰ ਗੁਰਬਾਣੀ ਦੀ ਚੇਤਨਾ ਦਾ ਪਾਣੀ ਨਿਰੰਤਰ ਸਿੰਜਦਾ ਰਿਹਾ। ਇਸ ਨਾਲ ਕ੍ਰਿਸ਼ਮਾ ਇਹ ਵਾਪਰਿਆ ਕਿ ਆਪ ਦੀਆਂ ਕਾਵਿ-ਰਚਨਾਵਾਂ ਗੁਰਮਤਿ ਦੀ ਵਿਆਖਿਆ ਹੋ ਨਿਬੜੀਆਂ ਤੇ ਉਨ੍ਹਾਂ ਵਿਚੋਂ ਹੀ ਅਧਿਆਤਕ ਪ੍ਰਸੰਗ ਦਾ ਸਰੂਪ

ਸਾਡੇ ਸਾਹਮਣੇ ਸਪੱਸ਼ਟ ਹੋ ਜਾਂਦਾ ਹੈ। ਭਾਈ ਸਾਹਿਬ ਆਧੁਨਿਕ ਪੰਜਾਬੀ ਕਾਵਿ ਦੇ ਉਹ ਸ਼ਾਹ-ਸਵਾਰ ਹਨ ਜਿਨ੍ਹਾਂ ਦੀ ਕਾਵਿ-ਚੇਤਨਾ ਬੁੱਧੀ-ਮੰਡਲੇ ਦੀਆਂ ਹੱਦ-ਬੰਦੀਆਂ ਨੂੰ ਤੋੜਦੀ ਆਤਮਿਕ ਵਲਵਲਿਆਂ ਦੇ ਦੇਸ਼ ਦੀਆਂ ਤਾਰੀਆਂ ਲਾਉਂਦੀ ਹੈ। ਇਸੇ ਕਰਕੇ 1956 ਵਿਚ ਜਦੋਂ ਆਪ ਜੀ ਨੂੰ 'ਪਦਮ-ਭੂਸ਼ਨ' ਦੀ ਉਪਾਧੀ ਪ੍ਰਦਾਨ ਕੀਤੀ ਗਈ ਤਾਂ ਤਤਕਾਲੀ ਰਾਸ਼ਟਰਪਤੀ ਡਾ. ਰਾਧਾ ਕ੍ਰਿਸ਼ਨਨ ਨੇ ਕਿਹਾ ਸੀ- "ਆਤਮਾ ਦੀ ਸਰੀਰ ਉੱਤੇ ਵਿਜੈ-ਪ੍ਰਾਪਤੀ ਭਾਈ ਵੀਰ ਸਿੰਘ ਦੀ ਕਾਵਿ-ਰਚਨਾ ਦਾ ਮੁਖ ਸਾਰ ਹੈ।"

ਗੁਰਬਾਣੀ ਤੋਂ ਰੂਹਾਨੀ ਖੁਰਾਕ ਪ੍ਰਾਪਤ ਕਰਕੇ ਬਲਵਾਨ ਹੋਈ ਆਪ ਦੀ ਸੁਰਤਿ ਇਸ ਰਹੱਸ ਨਾਲ ਸਰਸ਼ਾਰ ਸੀ ਕਿ-"ਸਿੱਖੀ ਹੈ ਬਲਵਾਨ ਕਰਨਾ ਸੁਰਤਿ ਨੂੰ।" ਇਸ ਬਲਵਾਨ ਸੁਰਤਿ ਕਰਕੇ ਆਪ ਜਨਮ ਤੋਂ ਅੰਤ ਸਮੇਂ ਤਕ ਸੂਰਤ ਤੇ ਸੀਰਤ ਵਜੋਂ ਇਕ ਗੁਰਸਿੱਖ ਦੇ ਰੋਲ-ਮਾਡਲ ਵਜੋਂ ਵਿਚਰੇ। ਇਸੇ ਮਿਸ਼ਨਰੀ ਭਾਵਨਾ ਅਧੀਨ ਸਾਹਿਤ ਸਿਰਜਨਾ ਨੂੰ ਵੀ ਆਪ ਨੇ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਦੇ ਮਾਧਿਅਮ ਵਜੋਂ ਅਪਨਾਇਆ। ਆਪ ਦੀ ਸ਼ਾਇਰਾਨਾ ਸੂਝ ਕਾਇਨਾਤ ਦੇ ਪਾਸਾਰੇ ਦੀ ਹਰ ਸ਼ੈਅ ਵਿਚੋਂ ਰੂਹਾਨੀ ਤੱਤਾਂ ਨੂੰ ਨਿਹਾਰਦੀ ਹੋਈ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਕਰ ਜਾਂਦੀ ਹੈ। ਸਹਿਜ ਰੂਪ ਵਿਚ ਉਜਾਗਰ ਹੋਈ ਪ੍ਰਤੀਕਮਈ ਸ਼ਾਇਰੀ (Elegoric Poetry) ਆਪ ਨੂੰ ਸਿੱਖੀ ਦੀ 'ਭਾਈ ਵਿਰਾਸਤ' ਨਾਲ ਜੋੜ ਦਿੰਦੀ ਹੈ। ਗੁਰਬਾਣੀ ਦਾ ਸੰਚਾਰ ਪ੍ਰਥਮ ਤੇ ਸ਼ੁਧ ਰੂਪ ਵਿਚ ਗੁਰੂ ਸਾਹਿਬਾਨ ਤੇ ਭਗਤਾਂ ਰਾਹੀਂ ਹੁੰਦਾ ਹੈ। ਇਸ ਬਾਣੀ ਨੂੰ ਕਾਵਿ-ਰੂਪ ਵਿਚ ਵਿਆਖਿਆ ਦੇਣ ਦੀ ਭੂਮਿਕਾ ਵਿਦਵਾਨ ਗੁਰਸਿੱਖਾਂ ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਨੇ ਨਿਭਾਈ ਜੋ ਅਗੋਂ ਭਾਈ ਮਨੀ ਸਿੰਘ ਰਾਹੀਂ ਭਾਈ ਵੀਰ ਸਿੰਘ ਜੀ ਤਕ ਪਹੁੰਚਦੀ ਹੈ। ਇਵੇਂ ਭਾਈ ਸਾਹਿਬ ਜੀ ਦੀ ਕਾਵਿ ਚੇਤਨਾ ਦੇ ਅਧਿਆਤਮਕ ਪਰਿਪੇਖ ਨੂੰ ਸਿੱਖੀ ਦੀ ਉਸ ਅਮੀਰ ਵਿਰਾਸਤ ਨਾਲ ਜੋੜ ਕੇ ਵੇਖਣਾ ਬਣਦਾ ਜੋ ਗੁਰਬਾਣੀ ਦੀ ਵਿਆਖਿਆ ਆਪਣੀਆਂ ਕਾਵਿ-ਰਚਨਾਵਾਂ ਰਾਹੀਂ ਕਰਦੀ ਆ ਰਹੀ ਹੈ। ਭਾਈ ਸਾਹਿਬ ਦੀ ਸਮੁੱਚੀ ਰਚਨਾ ਦਾ ਵਿਸਥਾਰਪੂਰਵਕ ਵਰਣਨ ਅਸੀਂ ਪਹਿਲਾਂ ਵੀ ਕਰ ਚੁੱਕੇ ਹਾਂ, ਪਰ ਇਸ ਅਧਿਆਇ ਵਿਚ ਅਸੀਂ ਉਨ੍ਹਾਂ ਦੀ ਕਾਵਿ ਰਚਨਾ ਵਿਚਲੇ ਸੁਹਜ ਨੂੰ ਵੀ ਉਜਾਗਰ ਕਰਨ ਦਾ ਯਤਨ ਕਰਨਾ ਹੈ ਤਾਂ ਜੋ ਉਨ੍ਹਾਂ ਦੀ ਅਧਿਆਤਕ ਉਡਾਨ ਦਾ ਅਸਲ ਰੂਪ ਸਾਹਮਣੇ ਆ ਸਕੇ।

ਇਸ ਲਈ ਕਾਲ-ਕ੍ਰਮ ਅਨੁਸਾਰ ਭਾਈ ਵੀਰ ਸਿੰਘ ਜੀ ਦੀਆਂ ਕਾਵਿ-ਰਚਨਾਵਾਂ ਦਾ ਵਰਣਨ ਕਰਨਾ ਜਰੂਰੀ ਹੋ ਜਾਂਦਾ ਹੈ -

(i) ਨਿਨਾਣ ਭਰਜਾਈ ਦੀ ਸਿਖਯਾਦਾਇਕ ਵਾਰਤਾਲਾਪ- (1905 ਈ.)

(ii) ਰਾਣਾ ਸੂਰਤ ਸਿੰਘ (ਮਹਾਂਕਾਵਿ)- (1905 ਈ.)

(iii) ਲਹਿਰਾਂ ਦੇ ਹਾਰ- (1907 ਈ.)

(iv) ਭਰਥਰੀ ਹਰੀ ਜੀਵਨ ਤੇ ਨੀਤੀ ਸ਼ੱਤਕ- (1916 ਈ.)

(v) ਮਟਕ ਹੁਲਾਰੇ- (1922 ਈ.)

(vi) ਬਿਜਲੀਆਂ ਦੇ ਹਾਰ- (1922 ਈ.)

(vii) ਪ੍ਰੀਤ ਵੀਣਾ- (1929 ਈ.)

(viii) ਕੰਬਦੀ ਕਲਾਈ- (1933 ਈ.)

(ix) ਲਹਿਰ ਹੁਲਾਰੇ- (1947 ਈ.)

(x) ਬਾਰਾਂਮਾਹ ਕੰਤ ਮਹੇਲੀ- (1952 ਈ.)

(xi) ਮੇਰੇ ਸਾਈਆਂ ਜੀਓ (ਭਾਰਤੀ ਸਾਹਿਤ ਅਕਾਦਮੀ ਪੁਰਸਕਾਰ)- (1953 ਈ.)

**ਕਾਵਿ-ਮੁਹਾਂਦਰਾ**

ਇਸ ਤੋਂ ਪਹਿਲਾਂ ਕਿ ਭਾਈ ਸਾਹਿਬ ਜੀ ਦੀ ਕਵਿਤਾ ਵਿਚਲੇ ਅਧਿਆਤਮਕ ਸਰੋਕਾਰਾਂ ਦੀ ਗੱਲ ਕਰੀਏ, ਸਾਨੂੰ ਆਪ ਦੀਆਂ ਕਾਵਿ-ਰਚਨਾਵਾਂ ਦਾ ਇਕ ਜਾਇਜ਼ਾ ਲੈਂਦੇ ਹੋਏ ਇਹਨਾਂ ਦੇ ਕਾਵਿ-ਮੁਹਾਂਦਰੇ ਤੋਂ ਜਾਣੂ ਹੋਣਾ ਜ਼ਰੂਰੀ ਹੈ ਜੋ ਇਸ ਪ੍ਰਕਾਰ ਹੈ-

**i. ਨਿਨਾਣ ਭਰਜਾਈ ਦੀ ਸਿਖਯਾਦਾਇਕ ਵਾਰਤਾਲਾਪ:-**

ਇਸ ਦਾ ਪੂਰਾ ਨਾਮ 'ਘਰ ਸੁਧਾਰ ਸੰਬੰਧੀ ਨਿਨਾਣ ਭਰਜਾਈ ਦਾ ਸਿਖਯਾਦਾਇਕ ਵਾਰਤਾਲਾਪ' ਹੈ ਜੋ ਪਹਿਲੀ ਵਾਰ ਟ੍ਰੈਕਟ ਰੂਪ ਵਿਚ 1899 ਈ. ਵਿਚ ਛਪਿਆ। ਪੁਸਤਕ ਰੂਪ ਵਿਚ 1905 ਈ: ਵਿਚ

ਪ੍ਰਕਾਸ਼ਤ ਹੋਈ। 62 ਪੰਨਿਆਂ ਦੀ ਬੈਂਤ ਛੰਦ ਵਿਚ ਰਚੀ ਇਹ ਲੰਮੀ ਕਵਿਤਾ ਘਰੋਗੀ ਜੀਵਨ ਦੇ ਝਗੜਿਆਂ ਨੂੰ ਸੁਲਝਾਉਣ ਦੀ ਰਾਹ ਦਸੇਰਾ ਹੈ।

**ii. ਰਾਣਾ ਸੂਰਤ ਸਿੰਘ:-**

ਇਹ ਮਹਾਂਕਾਵਿ ਸਭ ਤੋਂ ਪਹਿਲਾਂ ਟ੍ਰੈਕਟਾਂ ਵਿਚ 1905 ਈ: ਵਿਚ ਪ੍ਰਕਾਸ਼ਤ ਹੁੰਦਾ ਰਿਹਾ ਤੇ ਪਹਿਲੀ ਵੇਰ ਪੁਸਤਕ ਰੂਪ ਵਿਚ 1913 ਈ. ਵਿਚ ਪ੍ਰਕਾਸ਼ਤ ਹੋਇਆ। ਇਸ ਦੀ ਉਥਾਨਕਾ ਕਵੀ ਨੇ ਇਸ ਚਉਬੋਲੇ ਨਾਲ ਸ਼ੁਰੂ ਕੀਤੀ ਹੈ-

ਮੂਸਨ ਮਸਕਰ ਪ੍ਰੇਮ ਕੀ ਰਹੀ ਜੁ ਅੰਬਰ ਛਾਇ॥
ਬੀਧੇ ਬਾਂਧੇ ਕਮਲ ਮਹਿ ਭਵਰ ਰਹੇ ਲਪਟਾਇ॥[1]

ਇਸ ਦਾ ਮੂਲ ਵਿਸ਼ਾ ਅਧਿਆਤਮਕ ਪ੍ਰੇਮ ਦੀ ਸਫਲਤਾ ਹੈ। ਕਵੀ ਇਸ ਦੀ ਭੂਮਿਕਾ ਵਿਚ ਲਿਖਦਾ ਹੈ- "ਇਸ ਦਿੱਸਦੇ ਵੱਸਦੇ ਸੰਸਾਰ ਵਿਚ ਪ੍ਰੇਮ ਇਕ ਅਜਿਹੀ ਝਰਨਾਟ ਹੈ, ਜੋ ਕਿਸੇ ਅਣਦਿੱਸਦੇ ਨਕਸ਼ੇ ਦੀਆਂ ਖੋਹਾਂ ਪਾਉਂਦੀ ਹੈ। ਇਹ ਕੋਈ ਅਜਿਹੀ ਖਿੱਚ ਹੈ ਜੋ ਸਾਰੇ ਦਿੱਸਦੇ ਉਪਰ ਕਿਸੇ ਐਸੀ ਅਲੌਕਿਕਤਾ ਵਲ ਲੈ ਜਾਂਦੀ ਹੈ ਜਿਸ ਦਾ ਕਿ ਇਹ ਅਕਸ ਜਾਪਦਾ ਹੈ, ਇਹ ਕੋਈ ਐਸੀ ਰਸਾਇਨ, ਕੋਈ ਐਸਾ ਕਾਯਾਂ ਪਲਟ ਬਿਜਲੀ-ਸ਼ਕਤੀ ਹੈ ਕਿ ਰੂਪ ਤੋਂ ਅਰੂਪ ਤੇ ਅਰੂਪ ਤੋਂ ਰੂਪ ਨਕਸ਼ੇ ਪਲਟਣੇ ਇਸ ਦੇ ਸੁਭਾਵਕ ਚਮਤਕਾਰੇ ਹਨ। ਅਸਲ ਵਿਚ ਸਾਰੇ ਪਸਾਰੇ ਦੀ ਇਹ ਕੁੰਜੀ ਹੈ ਜੋ ਦਿੱਸਦੇ ਦੇ ਮਗਰ ਬੈਠੀ ਵਯਾਪਕ ਤੇ ਸਤਯਸਰੂਪ ਹਸਤੀ ਦਾ ਪਤਾ ਦੇਂਦੀ ਤੇ ਉਸ ਤੱਕ ਲੈ ਜਾਂਦੀ ਹੈ।"[2]

ਇਸ ਮਹਾਂਕਾਵਿ ਦੇ ਕੁੱਲ 35 ਕਾਂਡ (ਸਮਾਧ, ਬੁੱਤ, ਮਾਂਦ੍ਰੀ, ਪਲੰਘ, ਉਡਾਰੀ, ਦਰਸ਼ਨ, ਉਤਰਾਈ, ਮਗਨਤਾ, ਬਾਗ, ਪਾਤੀ, ਪਰੀ ਮਹਿਲ ਚੜ੍ਹਾਈ, ਮਹਿਲ ਪਰਵੇਸ਼, ਪਰੀ ਮਹਿਲ ਪਹਿਲੀ ਰਾਤ, ਪਰੀ ਮਹਿਲ ਉੱਚੜ ਪੈਂਡੇ, ਪਰੀ ਮਹਿਲ ਗੁਝੇ ਭੇਦ, ਮਾਤਾ ਵਿਰਲਾਪ, ਮਾਤਾ ਵਿਰਲਾਪ-ਮਿਲਾਪ, ਦਰਬਾਰ, ਪਤੀ ਦੇ ਪਤ੍ਰ, ਟੋਟ, ਕੀਰਤਨ, ਝਿਲਮਿਲੇ ਚੱਕਰ, ਸਤਿਸੰਗ ਦਰ, ਸਤਿਸੰਗ ਅੰਦਰ, ਸਤਿਸੰਗ-ਭਾਤਿ ਦਰਸ਼ਨ, ਸਤਿਸੰਗ ਪ੍ਰਕਾਸ਼, ਸਤਿਸੰਗ ਅਰਦਾਸ, ਸਤਿਸੰਗ ਜੁਗਤ, ਸਤਿਸੰਗ ਸਾਧਨ,

ਸਤਿਸੰਗ ਗੁਰਮੁਖ ਪਦ, ਸਤਿਸੰਗ ਸਰਬਤ ਦਾ ਭਲਾ, ਸਤਿਸੰਗ ਕਰਨੀ, ਸ਼ੁਕਰ) ਹਨ ਜੋ ਸਿਰਖੰਡੀ ਛੰਦ ਵਿਚ ਰਚੇ ਹਨ।

ਇਸ ਮਹਾਂਕਾਵਿ ਦਾ ਕੇਂਦਰੀ ਨੁਕਤਾ ਸੁਨਿਸ਼ਚਿਤ ਵਿਅਕਤੀ ਦੀ ਅਟੁੱਟ ਮਾਨਸਿਕ ਵੇਦਨਾ ਅਤੇ ਅਨੰਤ ਦੀ ਭਾਲ ਹੈ। ਇਸ ਦਾ ਆਧਾਰ ਭਾਈ ਸਾਹਿਬ ਦਾ ਗੰਭੀਰ ਜੀਵਨ ਦਰਸ਼ਨ ਹੈ ਜਿਸ ਵਿਚ ਸਿੱਖ ਅਧਿਆਤਮਕਤਾ ਦੇ ਤੱਥ ਵਿਸ਼ੇਸ਼ ਰੂਪ ਵਿਚ ਸਮਾਏ ਹੋਏ ਹਨ। ਇਸ ਵਿਚ ਮੁੱਖ ਗੱਲ ਇਹੋ ਹੈ ਕਿ ਆਤਮਾ ਬਲਵਾਨ ਉਦੋਂ ਹੀ ਹੁੰਦੀ ਹੈ ਜਦੋਂ ਇਹ ਸੰਸਾਰੀ ਕਾਰ-ਵਿਹਾਰ ਕਰਦਿਆਂ ਪਰਮਾਤਮਾ ਨਾਲ ਸਦੀਵੀ ਲਿਵ ਵਿਚ ਜੁੜੀ ਰਹਿੰਦੀ ਹੈ।

ਇਸ ਮਹਾਂਕਾਵਿ ਦੀ ਕਹਾਣੀ ਇਹ ਹੈ ਕਿ ਰਾਣੀ ਰਾਜ ਕੌਰ ਆਪਣੇ ਪਤੀ ਰਾਣਾ ਸੂਰਤ ਸਿੰਘ ਨਾਲ ਅਤਿ ਪਿਆਰ ਕਰਦੀ ਹੈ। ਰਾਣਾ ਗਿਆਨਵਾਨ ਤੇ ਪਰਮੇਸ਼ਰ ਦੀ ਯਾਦ ਵਾਲਾ ਬੰਦਾ ਹੈ। ਉਸ ਦੇ ਮਨ ਵਿਚ ਪਤਨੀ ਲਈ ਪਿਆਰ ਹੈ ਤੇ ਇਸ ਪਿਆਰ ਦੇ ਸਦਕੇ ਉਹ ਰਾਣੀ ਨੂੰ ਪਰਮੇਸ਼ਰ ਦੇ ਸਥਿਰ ਪ੍ਰੇਮ ਵਿਚ ਪ੍ਰੋਣਾ ਚਾਹੁੰਦਾ ਹੈ। ਰਾਣੀ ਦਾ ਅੰਦਰ ਪਤੀ ਦੇ ਪਿਆਰ ਨਾਲ ਨੱਕੋ-ਨੱਕ ਭਰਿਆ ਹੈ ਤੇ ਉਸ ਵਿਚ ਕਿਸੇ ਹੋਰ ਰੰਗ ਦੀ ਕੋਈ ਥਾਂ ਨਹੀਂ। ਰੱਬ ਦੀ ਕਰਨੀ ਰਾਣਾ ਸੂਰਤ ਸਿੰਘ ਨੂੰ ਆਪਣੇ ਰਾਜ ਦੇ ਨਿਰਬਾਹ ਵਿਚ ਧਰਮ ਯੁੱਧ ਵਿਚ ਜਾਣਾ ਪੈਂਦਾ ਹੈ, ਜਿਥੇ ਉਹ ਸ਼ਹੀਦ ਹੋ ਜਾਂਦਾ ਹੈ। ਰਾਣੀ ਨੂੰ ਜਦ ਸ਼ਹਾਦਤ ਦੀ ਖਬਰ ਮਿਲਦੀ ਹੈ ਤਾਂ ਉਹ ਇਹ ਸਦਮਾ ਸਹਾਰ ਨਹੀਂ ਸਕਦੀ ਤੇ ਕਿੰਨੇ ਦਿਨ ਬੇਹੋਸ਼ ਪਈ ਰਹਿੰਦੀ ਹੈ। ਹੋਸ਼ ਆਉਣ ਤੇ ਬਿਰਹੋਂ ਕੁਠੀ ਵੈਰਾਗ ਵਿਚ ਉਹ ਰਾਜੇ ਦੀ ਵਿਭੂਤੀ ਮੰਗਵਾ ਕੇ ਇਕ ਪਹਾੜੀ ਉਪਰ ਉਸ ਦੀ ਸਮਾਧ ਬਣਵਾਉਂਦੀ ਹੈ ਜਿਸ ਉਪਰ ਸੰਗ-ਮਰਮਰ ਦਾ ਰਾਣਾ ਸੂਰਤ ਸਿੰਘ ਦਾ ਘੋੜ ਚੜ੍ਹਿਆ ਬੁੱਤ ਸਥਾਪਤ ਕਰਦੀ ਹੈ। ਵੈਰਾਗ ਵਿਚ ਆਈ ਰਾਣੇ ਦੇ ਗਲ ਹਾਰ ਪਾਉਣ ਦੀ ਕੋਸ਼ਿਸ਼ ਕਰਦੀ ਹੈ ਪਰ ਬੁੱਤ ਉੱਚਾ ਹੈ ਤੇ ਰਾਣਾ ਸਿਰ ਨਹੀਂ ਨਿਵਾਉਂਦਾ ਤੇ ਹਾਰ ਪਾਉਣ ਵਿਚ ਕਾਮਯਾਬ ਨਹੀਂ ਹੁੰਦੀ। ਇਹ ਵੈਰਾਗ ਉਸ ਅੰਦਰ ਮਿਲਾਪ ਦੀ ਤੜਪ ਨੂੰ ਏਨਾ ਤੀਬਰ ਕਰ ਦਿੰਦਾ ਹੈ ਕਿ ਅੰਤ ਉਹ ਸਤਿਸੰਗ ਵਿਚ ਜਾ ਕੇ ਪਤੀ ਯਾਦ ਨੂੰ ਨਾਮ-ਸਿਮਰਨ ਨਾਲ ਜੋੜ ਲੈਂਦੀ ਹੈ ਜਿਸ ਨਾਲ ਉਹ ਆਤਮਕ ਰੂਪ ਵਿਚ ਨਵ-ਜੀਵਨ ਨੂੰ

ਪ੍ਰਾਪਤ ਕਰਦੀ ਹੈ। ਉਸ ਦਾ ਸਿਮਰਨ ਉਸ ਨੂੰ ਪੰਜਾਂ-ਖੰਡਾਂ ਵਿਚੋਂ ਪਾਰ ਕਰਦਾ ਅੰਤ ਪ੍ਰਭੂ ਸ਼ੁਕਰ ਵਿਚ ਤਬਦੀਲ ਹੋ ਕੇ ਗੁਰਮੁਖ ਪਦਵੀ ਹਾਸਲ ਕਰਵਾਉਂਦਾ ਹੈ। ਇਵੇਂ ਰਾਣੀ ਰਾਜ ਕੌਰ ਦਾ ਪਤੀ ਪਿਆਰ ਪ੍ਰਭੂ ਪਿਆਰ ਬਣ ਕੇ ਆਪੇ ਨੂੰ ਵਾਹਿਗੁਰੂ ਵਿਚ ਵਿਲੀਨ ਕਰ ਲੈਂਦਾ ਹੈ। ਸਾਰੀ ਰਚਨਾ ਵਿਚ ਗੁਰਮਤਿ ਦੇ ਫ਼ਲਸਫ਼ੇ ਦੀ ਵਿਆਖਿਆ ਹੋਈ ਹੈ। ਨਾਮ ਕੀ ਹੈ, ਗੁਰਮੁਖ ਕੌਣ ਹੈ, ਸਿਮਰਨ ਦਾ ਵਿਧੀ ਵਿਧਾਨ ਕੀ ਹੈ, ਪਰਮ ਸਤਿ ਦੀ ਅਭੇਦਤਾ ਕਿਵੇਂ ਹੋਣੀ ਹੈ ਆਦਿ ਗੰਭੀਰ ਸੰਕਲਪਾਂ ਨੂੰ ਗੁਰਬਾਣੀ ਦੀ ਰੌਸ਼ਨੀ ਵਿਚ ਅਧਿਆਤਮਕ ਪਰਿਪੇਖ ਵਿਚ ਖੋਲ੍ਹਿਆ ਗਿਆ ਹੈ। ਨਾਮ ਦੀ ਵਿਆਖਿਆ ਜਿਸ ਸਹਿਜ ਤੇ ਸੁਖੈਨਤਾ ਨਾਲ ਹੋਈ ਹੈ, ਉਸ ਦਾ ਇਕ ਉਦਾਹਰਣ ਇਥੇ ਦਿੰਦੇ ਹਾਂ-

ਜਦ ਪ੍ਰੀਤਮ ਹੈ ਪਾਸ ਦਿਲ ਇਹ ਚਾਹੁੰਦਾ,  
ਅਖੋਂ ਉਹਲੇ ਹੋਇ ਜਾਣੇ ਨਾ ਰਤੀ,  
ਜਦ ਉਹਲੇ ਹੋ ਜਾਇ ਦਿਲ ਫਿਰ ਉਸ ਨੂੰ,  
ਰਖਦਾ ਹਰਦਮ ਯਾਦ ਸਕੇ ਭੁਲਾਇ ਨਾ,  
ਤਾਂ ਤੇ ਹੈ ਇਹ 'ਯਾਦ' ਰੂਪ ਇਕ ਪ੍ਰੇਮ ਦਾ,  
ਜਦੋਂ ਕਿ ਪ੍ਰੀਤਮ ਦੂਰ ਜਾਂ ਹੈ ਉਹਲੜੇ  
'ਸਾਈਂ' ਰੱਬ ਕ੍ਰਿਪਾਲ ਉਹਲੇ ਹੋ ਰਿਹਾ,  
ਅਸੀਂ ਉਸ ਨੂੰ ਦੇਖ ਨਾ ਹਾਂ ਸਕਦੇ।  
ਪਰ ਜੇ ਉਸ ਨੂੰ 'ਯਾਦ' ਸਦਾ ਰਹਾਈਏ,  
ਉਸ ਵਲ ਦਿਲ ਦੀ ਲੋਇ ਸਾਰੀ ਲਾਇਕੇ  
ਚਾ ਨਿਸ਼ਚੇ ਦੇ ਨਾਲ ਹਰਦਮ ਰਖੀਏ,  
ਦਿਲ ਵਿਚ ਹੋਵੇ ਭਾਵ:- ਹੇ ਉਹ ਪ੍ਰੀਤਮ,  
ਹੀ ਜੋ 'ਯਾਦ' ਹੋਊ ਪ੍ਰੇਮ ਜੀ।

ਏਸ ਯਾਦ ਨੂੰ 'ਨਾਮ' ਸਤਿਗੁਰ ਆਖਿਆ।

ਨਾਮ ਜਪਨ ਤੋਂ ਲਾਗ ਤੀਕ ਪ੍ਰਾਪਤੀ,

ਸਾਰੇ ਨੂੰ ਹੀ ਨਾਮ ਰਾਣੀ! ਆਖੀਏ।[3]

ਨਾਮ ਜਪੁ ਕਿਵੇਂ ਬਣਦਾ ਹੈ, ਫਿਰ ਸਿਮਰਨ ਕਿਵੇਂ ਬਣਦਾ ਹੈ, ਨਾਮ ਜੀਵ ਦੇ ਅੰਤਹਕਰਣ ਵਿਚ ਨਿਵਾਸ ਕਿਵੇਂ ਕਰ ਜਾਂਦਾ ਹੈ, ਇਹਨਾਂ ਸਾਰੇ ਪ੍ਰਸ਼ਨਾਂ ਨੂੰ ਬੜੇ ਸਹਿਜ ਨਾਲ ਰੂਪਮਾਨ ਕੀਤਾ ਹੈ। ਇਵੇਂ ਇਹ ਰਚਨਾ ਇਕ ਜਗਿਆਸੂ ਦੇ ਅਧਿਆਤਮਕ ਵਿਕਾਸ ਤੇ ਸਤਿ ਸਰੂਪ ਵਿਚ ਮਿਲਾਪ ਹੋਣ ਉਪਰੰਤ ਗੁਰਮੁਖ ਦੀ ਪਦਵੀ ਪ੍ਰਾਪਤ ਕਰਨ ਦੇ ਰੂਹਾਨੀ ਸਫ਼ਰ ਨੂੰ ਬਿਆਨ ਕਰਦੀ ਹੈ।

**iii ਲਹਿਰਾਂ ਦੇ ਹਾਰ:-**

ਇਹ ਕਾਵਿ-ਸੰਗ੍ਰਹਿ ਪਹਿਲੀ ਵੇਰ ਸੰਪੂਰਨ ਰੂਪ ਵਿਚ ਮਾਰਚ 1928 ਵਿਚ ਪ੍ਰਕਾਸ਼ਤ ਹੋਇਆ। ਇਹ ਦੋ ਸਮੂਹਾਂ ਤ੍ਰੇਲ-ਤੁਪਕੇ (1921 ਈ.) ਦੀਆਂ ਤੁਰਯਾਈਆਂ, ਦਿਲ ਤਰੰਗ (1922 ਈ.) ਤੇ ਪੰਜ ਲੰਮੇਰੀਆਂ ਕਵਿਤਾਵਾਂ 'ਜੀਵਨ ਕੀ ਹੈ', 'ਬੁਲਬੁਲ ਤੇ ਰਾਹੀ', 'ਪੁਸ਼ਪਾਵਤੀ ਚੰਦ੍ਰਾਵਤ', 'ਬਿਸਮਿਲ ਮੋਰ' ਤੇ 'ਫੁਡਿਆ ਤੋਤਾ' (ਜੋ ਪਹਿਲਾਂ ਇੱਕਲੀਆਂ- ਇੱਕਲੀਆਂ ਛਪੀਆਂ ਸਨ) ਅਤੇ ਇਕ ਗੀਤ 'ਗੁਦਾਵਰੀ ਗੀਤ' ਦਾ ਸੰਗ੍ਰਹਿ ਹੈ।

ਇਸ ਸੰਗ੍ਰਹਿ ਦੀਆਂ ਕਵਿਤਾਵਾਂ ਦਾ ਮੁੱਖ ਵਿਸ਼ਾ ਦਿੱਸਦੇ ਬ੍ਰਹਿਮੰਡ ਜਾਂ ਪਸਾਰੇ ਦੇ ਪਿਛੇ ਲੁਕੀ ਹੋਈ ਅਰੂਪ ਸ਼ਕਤੀ ਹੈ, ਜਿਸ ਦਾ ਇਹ ਰੂਪਮਾਨ ਸੰਸਾਰ ਚਮਤਕਾਰ ਹੈ। 'ਤ੍ਰੇਲ ਤੁਪਕੇ' ਤੁਰਯਾਈ ਦੀ ਸੂਰਤ ਵਿਚ ਵਿਕੋਲਿੱਤਰੇ ਖਿਆਲ ਹਨ ਜੋ ਸੁਤੇ ਸਿੱਧ ਕਾਵਿ-ਜਾਮਾ ਪਹਿਨਦੇ ਗਏ ਹਨ। ਫ਼ਾਰਸੀ ਦੀ ਰੁਬਾਈ ਢਾਲ ਵਰਗੀ ਛੰਦ ਵਾਲੀ ਚਾਰ ਸਤਰਾਂ ਦੀ ਕਵਿਤਾ ਦਾ ਨਾਮ ਭਾਈ ਸਾਹਿਬ ਨੇ ਤੁਰਯਾਈ ਰੱਖਿਆ ਹੈ। ਇਹ ਸਾਰੀਆਂ ਤੁਰਯਾਈਆਂ 'ਤ੍ਰੇਲ ਦੇ ਸੂਰਜ ਸਮਰਪਤ ਵਜੂਦ' ਵਾਂਙੂ 'ਸਭਿ ਮਹਿ ਜੋਤਿ ਜੋਤਿ ਹੈ ਸੋਇ' ਦੀ ਦਰਸ਼ਨ ਤਾਂਘ ਨੂੰ ਸਮਰਪਤ ਹਨ।

'ਜੀਵਨ ਕੀ ਹੈ' ਇਕ ਲੰਮੇਰੀ ਕਵਿਤਾ ਹੈ ਜਿਸ ਵਿਚ ਇਕ ਜਗਿਆਸੂ ਔਰਤ ਅੰਤਰ-ਆਤਮੇਂ ਵਿਚੋਂ ਉਭਰੇ ਇਹ ਪ੍ਰਸ਼ਨ ਕਿ ਜੀਵਨ ਕੀ ਹੈ' ਨੂੰ ਸਮਝਣ ਲਈ ਚਾਰ-ਚੁਫੇਰੇ ਟੱਕਰਾਂ ਮਾਰਦੀ ਅੰਤ ਆਪਣੇ ਬਾਵਰੇਪਨ ਵਿਚ ਇਕ ਛੰਭ ਦੇ ਕਿਨਾਰੇ ਆ ਜਾਂਦੀ ਹੈ। ਛੰਭ ਤੋਂ ਆਪਣੇ ਪ੍ਰਸ਼ਨ ਦਾ ਉੱਤਰ ਪੁੱਛਦੀ ਹੈ। ਛੰਭ ਤੋਂ 'ਫਿਰ ਆਵੀਂ, ਦੀ ਆਵਾਜ਼ ਸੁਣਾਈ ਦਿੰਦੀ ਹੈ। ਕੁਝ ਦਿਨਾਂ ਮਗਰੋਂ ਉਹ ਫੇਰ ਆਉਂਦੀ ਹੈ, ਛੰਭ ਵਿਚ ਕੰਵਲਾਂ ਦੇ ਪੱਤੇ ਆ ਜਾਂਦੇ ਹਨ। ਇਹ ਵੇਖ ਕੁਝ ਗੱਲਾਂ ਕਰਦੀ ਹੈ ਪਰ 'ਫਿਰ ਆਵੀਂ' ਦੀ ਆਵਾਜ਼ ਸੁਣਾਈ ਦਿੰਦੀ ਹੈ। ਫੇਰ ਆਉਂਦੀ ਹੈ ਕੰਵਲਾਂ ਦੀਆਂ ਗੰਦਲਾਂ ਸਿਰ ਸੁੱਟੀ ਕੁੰਮੀਆਂ ਨਾਲ ਭਰੀਆਂ ਪਈਆਂ ਹਨ। ਫਿਰ ਜਦ ਆਉਂਦੀ ਹੈ ਤਾਂ ਸਿੱਧੀਆਂ ਖੜੀਆਂ ਕੁੰਮੀਆਂ (ਕਲੀਆਂ) ਵੇਖਦੀ ਹੈ। ਇਵੇਂ ਗੱਲਾਂ ਕਰ ਟੁਰ ਜਾਂਦੀ ਹੈ। ਅੰਤ ਇਕ ਦਿਨ ਸਾਰਾ ਸਰੋਵਰ ਕੰਵਲ ਫੁੱਲਾਂ ਨਾਲ ਖਿੜ ਜਾਂਦਾ ਹੈ। ਉਹ ਖੇੜੇ ਦਾ ਹੁਸਨ-ਨਜ਼ਾਰਾ, ਅਝੱਲ ਸੁੰਦਰਤਾ ਦੀ ਛਬੀ ਵੇਖ ਐਸਾ ਖਿੜਦੀ ਹੈ ਕਿ ਉਸ ਦਾ ਜੀਵਨ ਅਸਲੇ ਦੇ ਰੰਗ ਵਿਚ ਖਿੜ ਜਾਂਦਾ ਹੈ। ਉਸ ਨੂੰ ਸਮਝ ਆ ਜਾਂਦੀ ਹੈ 'ਜੀਵਨ ਇਹ ਹੈ' ਹੁਣ ਉਹ ਛੰਭ ਪਾਸੋਂ ਕੋਈ ਪ੍ਰਸ਼ਨ ਨਹੀਂ ਪੁੱਛਦੀ ਕਿਉਂਕਿ ਉਹ ਸਮਝ ਜਾਂਦੀ ਹੈ ਕਿ 'ਜੀਵਨ ਖੇੜਾ ਹੈ'। ਅਧਿਆਤਮਕ ਪਰਿਪੇਖ ਵਿਚ ਹਰ ਜੀਵ ਦੇ ਅੰਦਰ ਊਧਾ ਕੰਵਲ ਪਿਆ ਹੈ। ਨਾਮ-ਸਿਮਰਨ ਦੇ ਅਮ੍ਰਿਤ ਨਾਲ ਇਸ ਨੇ ਖਿੜ ਕੇ ਸਿੱਧਾ ਹੋਣਾ ਹੁੰਦਾ ਹੈ ਪਰ ਊਧੇ ਕੰਵਲ ਤੇ ਇਹ ਕੋਈ ਅਸਰ ਨਹੀਂ ਕਰਦਾ। ਜਦ ਨਾਮ ਦੀ ਬਰਕਤ ਨਾਲ ਮਨ ਦਾ ਕੰਵਲ ਸਿੱਧਾ ਹੋ ਕੇ ਖਿੜ ਉਠਦਾ ਹੈ ਤੇ ਉਹ ਅੰਮ੍ਰਿਤ ਨੂੰ ਪੀ ਕੇ ਆਪਣੇ ਅਸਲੇ ਨਾਲ ਮਿਲ ਕੇ ਬਾਗ਼ੋ-ਬਾਗ਼ ਹੋ ਉੱਠਦਾ ਹੈ। ਸਾਰਾ ਬਿਆਨ ਪ੍ਰਤੀਕਮਈ ਰੂਪ ਵਿਚ ਜ਼ਿੰਦਗੀ ਦੇ ਰਹੱਸ ਨੂੰ ਖੋਲ੍ਹਦਾ ਹੈ।

'ਦਿਲ ਤਰੰਗ' ਲੰਮੇਰੇ ਛੰਦਾਂ ਦੀਆਂ ਕਵਿਤਾਵਾਂ ਹਨ। 'ਪੁਸ਼ਪਾਵਤੀ ਚੰਦ੍ਰਾਵਤ' ਸੱਚੇ ਤੇ ਸੁੱਚੇ ਪਿਆਰ ਦੀ ਗਾਥਾ ਹੈ। 'ਬਿਸਮਿਲ ਮੋਰ' ਕਿਸੇ ਅਤਿ ਕਰੂਪ ਬੰਦੇ ਵਲੋਂ ਮੋਰ ਦਾ ਸ਼ਿਕਾਰ ਕਰਕੇ ਉਸ ਦਾ ਮਾਸ ਖਾਣ ਦੀ ਕਰੂਪ ਹਰਕਤ ਦੀ ਵਾਰਤਾ ਹੈ ਜਿਸ ਵਿਚ ਮੋਰ ਉਸ ਨੂੰ ਝਾੜ ਪਾਉਂਦਾ 'ਉੱਚੇ ਰਸ-ਮੰਡਲ' ਦੇ ਅਰਸ਼ੀ ਭਾਵ ਸਮਝਾਉਂਦਾ ਹੈ। 'ਫੁਡਿਆ ਤੋਤਾ' ਕਵਿਤਾ ਵਿਚ ਮਾਲੀ ਦੀ ਗੁਲੇਲ ਨਾਲ ਮਰਨਾਊ ਪਿਆ

ਤੋਤਾ ਆਪਣੀ ਆਖਰੀ ਦਿਲ ਤਰੰਗ ਇਸ ਮਾਲੀ ਨੂੰ ਬਿਆਨ ਕਰਦਾ ਹੈ। ਇਵੇਂ ਇਹ ਸਾਰੀਆਂ ਕਵਿਤਾਵਾਂ ਰੂਹ ਦੇ ਭੇਦਾਂ ਨੂੰ ਨਿਰੂਪਣ ਕਰਦੀਆਂ ਹਨ।

**iv. ਭਰਥਰੀ ਹਰੀ ਜੀਵਨ ਤੇ ਨੀਤੀ ਸ਼ੱਤਕ:-**

ਦਸੰਬਰ 1916 ਈ. ਵਿਚ ਪ੍ਰਕਾਸ਼ਤ ਹੋਈ ਇਸ ਕਾਵਿ-ਰਚਨਾ ਦੇ ਪਹਿਲੇ ਭਾਗ ਵਿਚ ਭਰਥਰੀ ਦਾ ਸੰਖੇਪ ਜੀਵਨ ਹੈ ਤੇ ਦੂਜੇ ਭਾਗ ਵਿਚ ਨੀਤੀ ਸ਼ੱਤਕ ਦਾ ਖੁੱਲ੍ਹਾ ਅਨੁਵਾਦ ਹੈ।

**v. ਮਟਕ ਹੁਲਾਰੇ:-**

ਇਹ ਸੰਗ੍ਰਹਿ ਭਾਈ ਸਾਹਿਬ ਦੇ 1922 ਈ. ਵਿਚ ਕਸ਼ਮੀਰ ਜਾਣ ਤੇ ਉਥੋਂ ਦੇ ਸੁੰਦਰ ਕੁਦਰਤੀ ਨਜ਼ਾਰਿਆਂ ਤੋਂ ਪ੍ਰਭਾਵਿਤ ਹੋ ਕੇ ਰਚੀਆਂ ਕਵਿਤਾਵਾਂ ਦਾ ਹੈ ਅਤੇ ਇਸੇ ਕਰਕੇ ਇਸ ਦਾ ਦੂਜਾ ਨਾਮ 'ਕਸ਼ਮੀਰ ਕਾਵਿ ਰੰਗ' ਵੀ ਅੰਕਿਤ ਕੀਤਾ ਹੈ। 1925 ਈ: ਵਿਚ ਪ੍ਰਕਾਸ਼ਤ ਹੋਈ ਇਸ ਪੁਸਤਕ ਦੇ ਛੇ ਹਿੱਸੇ ਹਨ: 'ਰਸ-ਰੰਗ ਛੁਹ', 'ਪੱਥਰ ਕੰਬਣੀਆਂ', 'ਕਸ਼ਮੀਰ ਨਜ਼ਾਰੇ', 'ਲੱਲੀ', 'ਨਿਸ਼ਾਂਤ ਤੇ ਨੂਰਜਹਾਂ' ਅਤੇ 'ਫਰਾਮੁਰਜ਼ ਦੀ ਵਿਲਕਣੀ'। ਕਵਿਤਾਵਾਂ ਦੀ ਕੁਲ ਗਿਣਤੀ 59 ਹੈ।

ਪ੍ਰੋ. ਪੂਰਨ ਸਿੰਘ ਨੇ ਇਸ ਕਾਵਿ-ਸੰਗ੍ਰਹਿ ਦਾ ਮੁਖ-ਬੰਦ ਲਿਖਿਆ ਹੈ। ਆਪ ਲਿਖਦੇ ਹਨ-"ਇਸ ਸੰਚਯ ਵਿਚ ਅੰਕਿਤ ਕਵਿਤਾ ਦੀਆਂ ਚੰਨ ਟੁਕੜੀਆਂ ਚਿਤ੍ਰਕਾਰ ਜੀ ਨੇ ਪੈਨਸਲ ਦੀਆਂ ਮੱਧਮ ਲਕੀਰਾਂ ਜੇਹੀਆਂ ਵਿਚ ਲੁਕਾਈਆਂ ਬੇਰੰਗੀ ਵਰਕਿਆਂ ਵਿਚ ਸੁੱਟੀਆਂ ਹੋਈਆਂ ਸਨ। ਏਹ ਕਾਗਤ ਟੁਕੜੇ ਵਿਕੋਲਿਤਰੇ ਪਏ ਸਨ। ... ਕਈ ਵਾਰ ਅੰਮ੍ਰਿਤਸਰ ਆਇਆ, ਇਹ ਨੂਰੀ ਚੀਜ਼ਾਂ ਮੈਨੂੰ ਦਿਸ ਪੈਂਦੀਆਂ ਜਿਵੇਂ ਕੋਈ ਰੂਪਵੰਤੀਆਂ ਸ਼ਾਹਜ਼ਾਦੀਆਂ ਭਰ ਜਵਾਨੀ ਦੇ ਜੋਸ਼ ਵਿਚ ਆਪੇ ਤੇ ਮਸਤ ਹੋ ਮਹਲਾਂ ਨੂੰ ਛੱਡ 'ਰੂਪ ਮਾਣਨ, ਦੇ ਉਨਮਾਦ ਵਿਚ ਲੀਰਾਂ ਪਾਈ ਰੁਲ ਰਹੀਆਂ ਹਨ। ਉਨ੍ਹਾਂ ਦੇ ਸੁਹਣੇ ਅੰਗ ਤੇ ਰੂਪ ਪਿਨਸਲੀ ਮੱਧਮਤਾ ਵਿਚੋਂ ਬੀ ਚਮਕਦੇ ਹਨ। ਇਹ ਕਾਵਯ ਦੀਆਂ ਸਤਰਾਂ ਨਹੀਂ, ਇਹ ਸੁਅੰਗਨੀਆਂ ਸੁੰਦਰੀਆਂ ਹਨ। ਕੋਈ ਰਾਜ ਕੰਨਯਾਂ ਹਨ। ਇਹ ਦੇਵੀਆਂ ਕਸ਼ਮੀਰ ਬਾਗ਼ ਵਿਚ ਫਿਰਦੀਆਂ ਕਈ ਵੇਰ ਡੂੰਘੀਆਂ ਸ਼ਾਮਾਂ ਦੇ ਹਨੇਰੇ ਵਿਚ ਆਣ ਕਰਤਾ ਜੀ ਨੂੰ ਮਿਲੀਆਂ ਤੇ ਉਨ੍ਹਾਂ ਦੀ ਬਾਂਹ ਪਕੜ ਨਾਲ ਤੁਰੀਆਂ ਆਈਆਂ, ਇਉਂ ਇਕਮਿਕ

ਹੋਈਆਂ ਜਿਵੇਂ ਸਦੀਆਂ ਦੀਆਂ ਵਾਕਫ ਸਨ। ਡੂੰਘੀਆਂ ਸ਼ਾਮਾਂ ਦੇ ਮੂੰਹ ਝਾਖਰਿਆਂ ਵਿਚ ਇਨ੍ਹਾਂ ਦੇ ਮੂੰਹ ਵੇਖਣ ਨੂੰ ਕਰਤਾ ਜੀ ਨੇ ਕਸ਼ਮੀਰ ਦੀਆਂ ਉਜਾੜਾਂ ਤੇ 'ਬਨ-ਰਾਹਾਂ' ਵਿਚ ਖਲੋ ਕਿਸੇ ਪੇਂਡੂ ਹੱਟੀ ਵਾਲੇ ਦੇ ਦੀਵੇ ਉਧਾਰ ਲਏ ਤੇ ਮਾਂਗਵੇਂ ਦੀਵਿਆਂ ਦੇ ਨੂਰ ਨਾਲ ਇਨ੍ਹਾਂ ਨੂਰੀਆਂ ਦੇ ਮੂੰਹ ਤੱਕੇ, ਇਨ੍ਹਾਂ ਨੂੰ ਸਿਞਾਤਾ ਤੇ ਇਨ੍ਹਾਂ ਦੇ ਨਕਸ਼ ਕਈ ਵੇਰ ਰੱਦੀ ਕਾਗਤਾਂ ਉੱਤੇ ਪਿਨਸਲਾਂ ਨਾਲ ਦੀਵੇ ਦੇ ਮੱਧਮ ਚਾਨਣੇ ਅੰਕਿਤ ਕੀਤੇ। ਉਧਾਰ ਦੇਣ ਵਾਲਿਆਂ ਨੂੰ ਪਤਾ ਨਾ ਲੱਗਾ ਕਿ ਦੀਵੇ ਉਧਾਰ ਲੈਣ ਵਾਲਿਆਂ ਨੇ ਮਾਂਗਵੇ ਦੀਵਿਆਂ ਦੀਆਂ ਲਾਟਾਂ ਹੇਠ ਕਿੰਨੇ ਪਿਆਰ ਪਾਏ, ਦੋਸਤ ਬਣਾਏ, ਬੰਦੇ ਪਛਾਤੇ, ਸੁਹਣੇ ਸੁਫਨੇ ਗਲ ਲਾਏ, ਸੁੰਦਰਤਾ ਦੀਆਂ ਛਬੀਆਂ ਘੜੀਆਂ, ਸੰਵਾਰੀਆਂ ਤੇ ਸਜਾਈਆਂ।"[4]

ਇਸ ਕਾਵਿ-ਸੰਗ੍ਰਹਿ ਦਾ ਪ੍ਰਾਰੰਭ 'ਵਿਛੁੜੀ ਕੂੰਜ' ਦੇ ਦੋ ਸਤਰੀ ਬੋਲਾਂ- ਮਿੱਠੇ ਤਾਂ ਲੱਗਦੇ ਮੈਨੂੰ ਫੁੱਲਾਂ ਦੇ ਹੁਲਾਰੇ, ਜਾਨ ਮੇਰੀ ਪਰ ਕੁੱਸਦੀ, ਨਾਲ ਹੁੰਦਾ ਹੈ ਜਿਸ ਬਾਰੇ ਗੱਲ ਬਾਅਦ ਵਿਚ ਕਰਾਂਗੇ। ਇਸ ਤੋਂ ਅੱਗੇ 'ਰਸ-ਰੰਗ ਛੁਹ', ਪ੍ਰੀਤਮ ਦਾ ਦਿਲ ਪ੍ਰੇਮ ਤਰੰਗੀ', 'ਪ੍ਰੀਤਮ ਛੁਹ' ਤੇ 'ਨਿਤ ਅਰਜ਼ੋਈ' ਵਰਗੀਆਂ ਕਵਿਤਾਵਾਂ ਹਨ। ਇਹਨਾਂ ਸਭਨਾਂ ਵਿਚ ਰੂਹ ਦੀ ਬਿਹਬਲਤਾ ਦੈਵੀ ਜਾਂ ਗ਼ੈਬੀ ਛੋਹ ਲਈ ਸਿਸਕਦੀ ਇਕ ਅਰਜ਼ੋਈ ਹੋ ਨਿਬੜਦੀ ਹੈ ਕਿ-'ਹੇ ਅਨੰਤ! 'ਇਕ ਛੁਹ ਤੁਹਾਡੀ' ਨੂੰ, 'ਦਿਲ ਮੰਗਦਾ ਨਹਿੰ ਰਜਦਾ'। 'ਕਾਵਿ-ਰੰਗ ਸੁੰਦਰਤਾ' ਵਿਚ ਕਾਵਿ ਦੀ ਸਿਰਜਣ ਪ੍ਰਕਿਰਿਆ ਨੂੰ ਅਧਿਆਤਮਕ ਪਰਿਪੇਖ ਵਿਚ ਪਰਿਭਾਸ਼ਤ ਕੀਤਾ ਗਿਆ ਹੈ। ਪਿਆਰ ਦੀ ਅਨੰਤ ਬਿਹਬਲਤਾ, ਅਨੰਤ ਬੇਸਬਰੀ ਨੂੰ ਅਨੰਤ ਸ਼ਾਂਤੀ ਵਿਚ ਅੰਕਿਤ ਕਰ ਦੇਣਾ ਗੁਰਮਤਿ ਆਦਰਸ਼ ਦੀ ਅਮੁੱਲੀ ਕਰਾਮਾਤ ਹੈ ਜੋ 'ਕੰਬਦੀ ਕਲਾਈ' ਦੇ ਅੱਖਰ-ਅੱਖਰ ਵਿਚੋਂ ਪ੍ਰਗਟ ਹੁੰਦੀ ਹੈ-

"ਸੁਪਨੇ ਵਿਚ ਤੁਸੀਂ ਮਿਲੇ ਅਸਾਂ ਨੂੰ,
ਅਸਾਂ ਧਾ ਗਲਵਕੜੀ ਪਾਈ।
ਨੂਰ ਨਿਰਾ ਤੁਸੀਂ ਹੱਥ ਨ ਆਏ,
ਸਾਡੀ ਕੰਬਦੀ ਰਹੀ ਕਲਾਈ।

...

ਪਰ ਲੜ ਓ 'ਬਿਜਲੀ ਲਹਿਰਾਂ'

ਉਡਦਾ ਜਾਂਦਾ ਪਰ ਉਹ ਆਪਣੀ

ਛੁਹ ਸਾਨੂੰ ਗਯਾ ਲਾਈ:-

ਮਿੱਟੀ ਚਮਕ ਪਈ ਇਹ ਮੋਈ

ਤੇ ਤੁਸੀ ਲੂਆਂ ਵਿਚ ਲਿਸ਼ਕੇ-

ਬਿਜਲੀ ਕੂੰਦ ਗਈ ਥਰਰਾਂਦੀ,

ਹੁਣ ਚਕਾਚੂੰਧ ਹੈ ਛਾਈ"।[5]

'ਪੱਥਰ ਕੰਬਣੀਆਂ' ਵਿਚ ਸ੍ਰੀ ਨਗਰ ਅਤੇ ਅਨੰਤ ਨਾਗ ਦੇ ਵਿਚਾਲੇ ਅਵਾਂਤੀ ਪੁਰੇ ਦੇ ਦੋ ਪੁਰਾਣੇ ਮੰਦਰ ਉੱਤੇ ਮਾਰਤੰਡ ਦਾ ਸੂਰਜ ਮੰਦਰ ਜੋ ਕਦੇ ਖਗੋਲ ਵਿਦਿਆ ਦਾ ਕੇਂਦਰ ਹੁੰਦਾ ਸੀ, ਆਲਮਗੀਰੀ ਮਾਰ ਦਾ ਸ਼ਿਕਾਰ ਹੋ ਕੇ ਖੋਲੇ ਬਣ ਕੇ ਰਹਿ ਗਏ ਹਨ। ਇਹਨਾਂ ਖੰਡਰ ਹੋਏ ਮੋਏ ਪੱਥਰਾਂ ਨੂੰ ਭਾਈ ਸਾਹਿਬ ਦੇ ਦਿਲ ਦੀ ਜੁੰਬਸ਼ ਹਲੂਣਦੀ ਹੈ ਤੇ ਇਕ ਨਵਾਂ ਦਰਦ ਆਉਣ ਵਾਲੇ ਸਮੇਂ ਦੇ ਦਿਲਾਂ ਵਿਚ ਛੇੜਦੀ ਹੈ। ਇਸ ਵਿਚਲਾ ਵਿਅੰਗ ਖਾਲੀ ਵਿਅੰਗ ਨਹੀਂ, ਸਗੋਂ ਇਨਸਾਨੀ ਰੂਹ ਨੂੰ ਧੁਰ ਅੰਦਰੋਂ ਹਲੂਣਦਾ ਹੈ-

ਪੱਥਰ ਤੋੜੇਂ? ਦਿਲ ਪਏ ਟੁਟਦੇ!

ਦਿਲ ਕਾਅਬਾ ਰੱਬਾਣੇ,

'ਲਾਇ ਹਥੌੜਾ ਸਾਨੂੰ? ਪਰ ਤੱਕ-

ਸੱਟ ਪਏ ਰੱਬ-ਘਰ ਨੂੰ

ਘਟ ਘਟ ਦੇ ਵਿਚ ਵਸਦਾ ਜਿਹੜਾ-

ਤੂੰ ਕਿਨੂੰ ਰੱਬ ਸਿਆਣੇ?[6]

'ਕਸ਼ਮੀਰ ਨਜ਼ਾਰੇ' ਉਹ ਮੋਤੀਆਂ ਦੀ ਮਾਲਾ ਹੈ ਜਿਸ ਨੂੰ ਕੁਦਰਤ ਰਾਣੀ ਨੇ ਚਸ਼ਮਿਆਂ ਦੇ ਪਵਿੱਤਰ ਪਾਣੀ ਵਿਚ ਧੋ-ਧੋ ਕੇ ਪਰੋਇਆ ਹੋਇਆ ਹੈ। ਕਾਦਰ ਦੀ ਇਸ ਕੁਦਰਤ ਦੀ ਕਮਾਲ ਦੀ ਚੁੱਪ ਵਿਚੋਂ ਕਵੀ ਮਨ ਕੋਈ ਇਲਾਹੀ ਅਨਹਦ ਨਾਦ ਸੁਣਦਾ ਹੈ-

ਨਾ ਕੋਈ ਨਾਦ ਸਰੋਦ ਸੁਣੀਵੇ

ਫਿਰ 'ਸੰਗੀਤ-ਰਸ' ਛਾਇਆ,

'ਚੁੱਪ-ਚਾਨ' ਫਿਰ ਰੂਪ ਤਿਰੇ ਵਿਚ

ਕਵਿਤਾ ਰੰਗ ਜਮਾਇਆ,

ਸਰਦ ਸਰਦ ਪਰ ਛੁਹਿਆ ਤੈਨੂੰ

ਰੂਹ ਸਰੂਰ ਵਿਚ ਆਵੇ;[7]

ਇਸ ਕਾਵਿ-ਸੰਗ੍ਰਹਿ ਦੇ ਕਸ਼ਮੀਰ ਨਜ਼ਾਰਿਆਂ ਵਿਚੋਂ ਤਿੰਨ ਕਵਿਤਾਵਾਂ 'ਲੱਲੀ', 'ਨਿਸ਼ਾਂਤ ਤੇ ਨੂਰ ਜਹਾਂ' ਅਤੇ 'ਫ਼ਰਾਮੁਰਜ਼ ਦੀ ਵਿਲਕਣੀ' ਬਹੁਤ ਹੀ ਮਹੱਤਵਪੂਰਨ ਹਨ ਜੋ ਪਿਆਰ ਦੇ ਦੈਵੀ ਰਹੱਸ (Mystic Romance) ਨੂੰ ਰੂਪਮਾਨ ਕਰਦੀਆਂ ਹਨ। 'ਲੱਲੀ' ਕਸ਼ਮੀਰ ਦੇ ਗਰੀਬ ਪੰਡਤ ਪਰ ਪਹੁੰਚੇ ਹੋਏ ਫ਼ਕੀਰ ਦੀ ਲੜਕੀ ਹੈ ਜੋ 'ਸਾਂਈ ਦੇ ਪਿਆਰ' ਵਿਚ ਰੰਗੀ ਹੋਈ ਹੈ। ਜਦ ਉਹ ਵਿਆਹੀ ਜਾਂਦੀ ਹੈ ਤਾਂ ਉਸ ਦੀ ਸੱਸ ਉਸ ਨੂੰ ਤੰਗ ਕਰਦੀ ਹੈ। ਇਹ ਖ਼ਬਰ ਉਸ ਦੇ ਗਰੀਬ ਮਾਪਿਆਂ ਨੂੰ ਵੀ ਪਹੁੰਚ ਜਾਂਦੀ ਹੈ। ਇਕ ਦਿਨ ਲੱਲੀ ਦੀ ਮਾਂ ਨੇ ਖੀਰ ਦੀ ਦੇਗਚੀ ਬਣਾ ਕੇ ਲੱਲੀ ਦੇ ਸਹੁਰੇ ਘਰ ਘੱਲੀ। ਲੱਲੀ ਨੇ ਆਪਣੀ ਸੱਸ ਨੂੰ ਦੱਸਿਆ। ਖੀਰ ਥੋੜ੍ਹੀ ਵੇਖ ਕੇ ਸੱਸ ਸੜ੍ਹ ਬਲ ਗਈ ਤੇ ਕਹਿਣ ਲੱਗੀ ਆਂਢ-ਗੁਆਂਢ ਵਿਚ ਵੰਡ ਦੇ। ਲੱਲੀ ਦੇ ਸਾਰੇ ਆਂਢੀ-ਗੁਆਂਢੀ ਖੀਰ ਖਾ ਗਏ ਪਰ ਖੀਰ ਫਿਰ ਬਚ ਗਈ। ਲੋਕ ਇਸ ਕ੍ਰਿਸ਼ਮੇ ਤੋਂ ਹੈਰਾਨ ਸਨ ਪਰ ਲੱਲੀ ਦੀ ਸੱਸ ਨਾਵਾਕਫ਼। ਲੱਲੀ ਨੇ ਪੁੱਛਿਆ ਬਚੀ ਖੀਰ ਦਾ ਕੀ ਕਰਾਂ। ਉਸ ਨੇ ਕਿਹਾ ਬਚੀ ਖੀਰ ਦਰਿਆ ਵਿਚ ਸੁੱਟ ਆ। ਲੱਲੀ ਦਰਿਆ ਵਲ ਗਈ ਤੇ ਦੇਗਚੀ ਸਮੇਤ ਖੀਰ ਦਰਿਆ ਵਿਚ ਤਾਰ ਆਈ। ਇਹ ਦੇਗਚੀ ਤਰਦੀ ਹੋਈ ਉਸ ਸਥਾਨ ਤੇ ਪਹੁੰਚੀ ਜਿੱਥੇ ਲੱਲੀ ਦਾ ਪਿਤਾ ਬੰਦਗੀ ਕਰ ਰਿਹਾ ਸੀ। ਉਸ ਨੇ ਦੇਗਚੀ ਪਾਣੀ ਤੋਂ ਬਾਹਰ ਕੱਢ ਲਈ। ਬਾਪ ਦੀ ਮਿਹਰ ਨਾਲ ਲੱਲੀ ਉੱਪਰ ਐਸੀ ਸਾਂਈ ਪਿਆਰ ਦੀ ਰੰਗਣ ਚੜ੍ਹੀ ਕਿ ਉਹ ਨੀਮ ਪਾਗਲ ਹੋ ਕੇ ਕਸ਼ਮੀਰ ਦੀਆਂ ਗਲੀਆਂ ਵਿਚ ਨੰਗੀ ਫਿਰਨ ਲੱਗੀ। ਇਕ ਦਿਨ ਕਹਿੰਦੇ ਹਨ ਕਿ ਉਹ ਤੰਦੂਰ ਤੇ ਜਾ ਕੇ ਨਾਨਬਾਈ ਪਾਸੋਂ ਕੱਜਣ ਮੰਗਣ ਲੱਗੀ। ਇਸੇ ਦਿਨ ਲੱਲੀ ਨੇ ਕੱਪੜੇ ਪਹਿਨ ਲਏ ਕਿਉਂਕਿ ਉਹ ਸਮਝਦੀ ਸੀ ਕਿ ਅੰਦਰਲੇ ਹੁਸਨ ਨੂੰ ਪ੍ਰੀਤਮ ਲਈ ਗ਼ੈਰ-ਅੱਖ ਤੋਂ ਲੁਕਾਉਣਾ ਜ਼ਰੂਰੀ ਹੈ।

ਨਿਸ਼ਾਤ ਬਾਗ ਤੇ ਨੂਰਜਹਾਂ ਕਵਿਤਾ ਵਿਚ ਕਵੀ ਨੂੰ ਇਉਂ ਭਾਸਦਾ ਹੈ ਜਿਵੇਂ ਇਸ ਦੇ ਖੇੜੇ ਵਿਚ ਇਕ ਸਹਿਮ ਵਰਤ ਰਿਹਾ ਹੈ। ਬਾਗ਼ ਕਹਿੰਦਾ ਹੈ ਹੋਰ ਭੀ ਕੋਈ ਮੇਰੇ ਤੋਂ ਖੁਸ਼ੀ ਲੈਣ ਆਉਂਦਾ ਹੈ ਪਰ ਉਹ ਸੁੰਦਰੀ (ਨੂਰਜਹਾਂ) ਆਪਣੇ 'ਹੁਸਨ ਅਹਿਸਾਸ' ਦੇ ਸਰੂਰ ਵਿਚ ਮੈਨੂੰ ਖੁਸ਼ੀ ਦੀ ਛੁਹ ਬਖਸ਼ ਜਾਂਦੀ ਸੀ ਜਿਸ ਤੋਂ ਹੁਣ ਮੈਂ ਵਿਰਵਾ ਹੋ ਚੁੱਕਾ ਹਾਂ। 'ਫ਼ਰਾਮੁਰਜ਼ ਦੀ ਵਿਲਕਦੀ' ਕਵਿਤਾ ਦਾ ਪਲਾਟ ਇਹ ਹੈ ਕਿ ਬੁਖਾਰੇ ਦੇ ਸਹਿਜ਼ਾਦੇ ਦਾ ਹਿੰਦ ਦੀ ਸ਼ਾਹਜ਼ਾਦੀ ਲਾਲਾ ਰੁਖ਼ ਨਾਲ ਵਿਆਹ ਕਸ਼ਮੀਰ ਵਿਚ ਹੋਣਾ ਸੀ। ਸ਼ਾਹਜ਼ਾਦਾ ਲਾਲਾ ਰੁਖ ਦਾ ਆਸ਼ਕ ਤੇ ਕਸ਼ਮੀਰ ਦਾ ਪ੍ਰੇਮੀ ਸੀ। ਉਹ ਚਾਹੁੰਦਾ ਸੀ ਕਿ ਕਿਸੇ ਤਰੀਕੇ ਲਾਲਾ ਰੁਖ਼ ਉਸ ਦੇ ਪਿਆਰ ਦੇ ਰੰਗ ਵਿਚ ਰੰਗੀ ਜਾਵੇ। ਸੋ ਇਕ ਤਰਕੀਬ ਰਾਹੀਂ ਸ਼ਾਹਜ਼ਾਦੀ ਲਾਲਾ ਰੁਖ਼ ਦੇ ਨੌਕਰੀ ਇਕ ਗਵਈਆ ਭੇਜ ਦਿੱਤਾ ਗਿਆ ਜਿਸ ਦਾ ਨਾਮ ਫ਼ਰਾਮੁਰਜ਼ ਸੀ। ਇਸ ਦੇ ਰਾਗ ਕਰਕੇ ਸਾਹਜ਼ਾਦੀ ਦਾ ਇਸ ਨਾਲ ਪਿਆਰ ਪੈ ਗਿਆ। ਉਂਞ ਸਾਹਜ਼ਾਦੀ ਦੁਚਿੱਤੀ ਵਿਚ ਸੀ ਕਿ ਉਸ ਦਾ ਵਿਆਹ ਸ਼ਹਿਜ਼ਾਦੇ ਨਾਲ ਹੋਣਾ ਹੈ। ਵਿਆਹ ਦੇ ਦਰਬਾਰ ਵਿਚ ਜਦ ਲਾਲਾ ਰੁਖ਼ ਸ਼ਹਿਜ਼ਾਦੀ ਪਹੁੰਚਦੀ ਹੈ ਤਾਂ ਉਸ ਨੂੰ ਪਤਾ ਲੱਗਦਾ ਹੈ ਕਿ ਮੇਰਾ ਮਨ-ਹਰ ਲੈਣ ਵਾਲਾ ਫ਼ਰਾਮੁਰਜ਼ ਹੀ ਮੇਰਾ ਸ਼ਾਹਜ਼ਾਦਾ ਪਤੀ ਪ੍ਰੀਤਮ ਹੈ।। ਇਸ ਪਿਆਰ ਵਾਰਤਾ ਨੂੰ ਅੰਗਰੇਜ਼ ਲੇਖਕ 'ਸਰ ਟਾਮਸ ਮੂਰ' ਨੇ ਤਾਂ ਇਥੇ ਹੀ ਖ਼ਤਮ ਕਰ ਦਿੱਤਾ ਹੈ ਪਰ ਭਾਈ ਵੀਰ ਸਿੰਘ ਜੀ ਇਸ ਤੋਂ ਵੀ ਅਗੇਰੇ ਜਾਂਦੇ ਹਨ ਕਿ ਵਿਆਹ ਦੀ ਪਹਿਲੀ ਰਾਤ ਨੂੰ ਫ਼ਰਾਮੁਰਜ਼ ਇਕ ਸੁਪਨਾ ਵੇਖਦਾ ਹੈ ਜਿਸ ਵਿਚ ਜੰਨਤ ਦਾ ਝੌਲਾ ਪੈਂਦਾ ਹੈ ਤੇ ਉਸ ਨੂੰ ਆਪਣੀ ਮੌਤ ਨੇੜੇ ਆ ਰਹੀ ਦਿਖਾਈ ਦਿੰਦੀ ਹੈ। ਉਹ ਰੱਬ ਦੀ ਦਰਗਾਹ ਵਿਚ ਵਿਲਕ ਕੇ ਦੁਆ ਕਰਦਾ ਹੈ। ਉਸ ਨੂੰ ਇਵੇਂ ਅਨੁਭਵ ਹੁੰਦਾ ਹੈ ਕਿ ਉਸ ਦੇ ਜੁੜੇ ਹੋਏ ਹੱਥ ਜਿਵੇਂ ਦੋ ਕਮਲ ਬਣ ਜਾਂਦੇ ਹਨ ਤੇ ਦੈਵੀ ਰੋਸ਼ਨੀ ਉਸ ਦੇ ਦਿਲ ਤੇ ਬਿਜਲੀ ਦੀ ਚਮਕ ਦਾ ਅਸਰ ਪਾਉਂਦੀ ਹੈ। ਇਸ ਪਿਆਰ ਨੂੰ ਕਵੀ ਅਰੂਪ ਦੀ ਤੜਪ ਵਜੋਂ ਰੂਪਮਾਨ ਕਰਦਾ ਹੈ।

ਇਸ ਕਾਵਿ-ਸੰਗ੍ਰਹਿ ਦੀ ਅਰੰਭਿਕ ਕਵਿਤਾ 'ਵਿਛੁੜੀ ਕੂੰਜ' ਹੈ ਜੋ ਇਕ ਸੁਪਨੇ ਵਿਚ ਸੁਣੇ ਗੀਤ ਦੀਆਂ ਯਾਦ ਆਈਆਂ ਦੋ ਸਤਰਾਂ ਹਨ। ਸੁਪਨਾ ਇਹ ਹੈ ਕਿ ਇਕ ਹੰਸ 'ਮਨ ਮੋਹਿਣ ਮੋਹਣੀਆਂ' ਦੇ ਹੱਥਾਂ

ਵਿਚ ਫੜਿਆ ਇਕ ਸੁਹਣੇ ਤਬਕ ਵਿਚ ਦਿੱਸਦਾ ਹੈ। ਹੰਸ ਦੇ ਮੂੰਹ ਵਿਚ ਗੀਤ ਸੀ ਜਿਸ ਦੀਆਂ ਸਤਰਾਂ ਹਨ-

"ਮਿੱਠੇ ਤਾਂ ਲੱਗਦੇ ਮੈਨੂੰ ਫੁੱਲਾਂ ਦੇ ਹੁਲਾਰੇ,

ਜਾਨ ਮੇਰੀ ਪਰ ਕੁੱਸਦੀ"।[8]

ਇਵੇਂ ਹੀ ਅੰਤਲੀ ਕਵਿਤਾ 'ਵਿਛੁੜੀ ਰੂਹ' ਹੈ। ਇਹ ਵੀ ਸੁਪਨਾ ਹੈ ਕਿ ਕੋਈ ਸੁੰਦਰੀ ਅਜੀਬ ਵੈਰਾਗ ਤੇ ਪਿਆਰ ਦੀ ਤੀਬਰਤਾ ਵਿਚ ਆਪਣੇ ਪ੍ਰੀਤਮ ਨੂੰ ਯਾਦ ਕਰਦੀ ਹੈ। ਹੇ ਪਿਆਰੇ ਤੇਰੇ ਗਲ ਵਿਚ ਅੱਖਾਂ ਦੇ ਅਥਰੂਆਂ ਤੋਂ ਬਣੇ ਮੋਤੀਆਂ ਦੀ ਮਾਲਾ ਹੈ ਪਰ ਇਹ ਪਾਣੀ ਮੇਰੇ ਕਿਸ ਕੰਮ ਕਿਉਂਕਿ ਮੈਂ ਤੇਰੇ ਪਿਆਰ ਬਿਨਾ ਮਰਦੀ ਜਾ ਰਹੀ ਹਾਂ-

'ਪਰ ਮੈਂ ਬਿਨ ਪਾਣੀ ਕੁਮਲਾ ਰਹੀ ਹਾਂ।

ਵੇ ਮਾਹੀਆ! ਗਲੇ ਤੇਰੇ ਗਾਨੀਆਂ'।[9]

ਇਹਨਾਂ ਦੋਹਾਂ ਕਾਵਿ ਬੋਲਾਂ ਦੇ ਸਰਲ ਰਹੇ ਹਰਫਾਂ ਵਿਚ ਅਨੰਤ ਦਾ ਮਿਲਵਾ ਹੁਸਨ, 'ਖੁਸ਼ੀ ਦੀ ਯਾਦ' ਹੈ ਜਿਸ ਦੇ ਪਿਛੋਕੜ ਵਿਚ ਰੂਹਾਨੀਅਤ ਦਾ ਝਾਉਲਾ ਪੈਂਦਾ ਹੈ ਤੇ ਇਉਂ ਅਨੁਭਵ ਹੁੰਦਾ ਹੈ ਕਿ ਪਿਆਰ ਆਪਣੇ ਅਸਲੇ ਦੀ ਤਾਂਘ ਤੇ ਯਾਦ ਹੈ। ਇਹਨਾਂ ਦੋ ਸਤਰੀ ਬੋਲਾਂ ਵਿਚ ਅਨੰਤ ਦਾ ਭੇਦ ਛੁਪਿਆ ਪਿਆ ਹੈ।

**vi. ਬਿਜਲੀਆਂ ਦੇ ਹਾਰ:-**

ਬਿਜਲੀਆਂ ਦੇ ਹਾਰ ਅਰਥਾਤ 'ਵਿਕੋਲਿਤ੍ਰੇ ਖਿਆਲ' ਪਹਿਲੀ ਵੇਰ 1927 ਈ: ਵਿਚ ਪ੍ਰਕਾਸ਼ਤ ਹੋਇਆ ਕਾਵਿ-ਸੰਗ੍ਰਹਿ ਹੈ। 108 ਪੰਨਿਆਂ ਉੱਪਰ ਫੈਲੀਆਂ ਕੁਲ 42 ਕਵਿਤਾਵਾਂ ਹਨ। ਭਾਈ ਸਾਹਿਬ ਅਨੁਸਾਰ: "ਇਹ ਚਿਰਾਂ ਤੋਂ ਹੁਣ ਤਾਈਂ ਕਦੇ-ਕਦੇ ਦੇ ਲਿਖੇ ਖਯਾਲ ਹਨ ਜੋ ਇਸ ਸੰਚੇ ਵਿਚ ਪ੍ਰਕਾਸ਼ਤ ਹੁੰਦੇ ਹਨ। ਕੋਈ ਸਿਲਸਿਲੇ ਦਾ ਪ੍ਰਸੰਗ ਸਾਰੀ ਪੋਥੀ ਦਾ ਵਿਸ਼ਾ ਨਹੀਂ, ਪਰ ਵਿਕੋਲਿਤ੍ਰੇ ਖਯਾਲ ਆਪਣੇ ਆਪ ਵਿਚ ਸੰਪੂਰਨ ਹਨ, ਚਾਹੇ ਨਿੱਕੀਆਂ ਕਵਿਤਾਵਾਂ ਤੇ ਚਾਹੇ ਲੰਮੇਰੀਆਂ"।[10]

**vii. ਪ੍ਰੀਤ ਵੀਣਾ:-**

'ਪ੍ਰੀਤ ਵੀਣਾ' ਇਕੋ ਇਕ ਲੰਮੇਰੀ ਕਵਿਤਾ ਹੈ ਜੋ ਪਹਿਲੀ ਵਾਰ 1929 ਈ: ਵਿਚ ਪ੍ਰਕਾਸ਼ਤ ਹੋਈ ਹੈ। ਇਹ ਅਸਲ ਵਿਚ ਅਛੋਹ ਪਰੀਆਂ ਵਰਗੀ ਨੂਰਾਨੀ ਤੇ ਆਪਣੇ ਅਕਹਿ ਸੁਹਜ ਦੇ ਨਾਚ ਵਿਚ ਨੱਚਦੀ ਦੋ ਪ੍ਰੀਤਮਾਂ ਦੀ ਪੀੜਾ ਦਾ 'ਬਿਰਹੋਂ ਦੁਖ' ਤੇ 'ਸੁਹਜ ਸੰਜੋਗ' ਦਾ ਗਾਇਨ ਹੈ। ਇਸ ਗਾਇਨ ਵਿਚੋਂ ਇਵੇਂ ਅਨੁਭਵ ਹੁੰਦਾ ਹੈ ਜਿਵੇਂ ਸੁਪਨੇ ਵਰਗੇ ਰੰਗ-ਰਸ ਬਖੇਰਦੀਆਂ ਅਨੇਕਾਂ ਤਰਬਾਂ ਰੂਹ ਦੀਆਂ ਡੂੰਘਾਈਆਂ ਵਿਚ ਗੂੰਜ ਰਹੀਆਂ ਹੋਣ।

ਪ੍ਰੋ. ਪੂਰਨ ਸਿੰਘ ਇਸ ਦੇ ਮੁੱਖ-ਬੰਦ ਵਿਚ ਇਸ ਦੇ ਲਿਖੇ ਜਾਣ ਦੇ ਸਬੱਬ ਬਾਰੇ ਲਿਖਦੇ ਹਨ- "ਇਹ 'ਪ੍ਰੀਤ ਵੀਣਾ' ਗੁਲਮਰਗ ਦੀ ਉੱਚੀ ਬਰਫ਼ਾਨੀ ਇਕਾਂਤ ਵਿਚ ਸ਼ਿੰਗਲੂਆਂ ਦੀਆਂ ਛਾਵਾਂ ਹੇਠਾਂ ਨੇਅਰ ਦੀਆਂ ਸਾਵੀਆਂ ਕਚਾਹ ਤੇ ਚੁਹਚਹੇ ਬੇਰ ਗੁੱਛਿਆਂ ਨਾਲ ਮਨ ਮੋਹ ਰਹੀਆਂ ਬੂਟੀਆਂ ਦੇ ਵਿਚ ਬੈਠ ਕਵੀ ਜੀ ਨੇ ਇਸ ਪ੍ਰੀਤ ਵੀਣਾ ਦੀ ਗੂੰਜ ਨੂੰ 1928 ਈ. ਵਿਚ ਅੰਕਿਤ ਕੀਤਾ ਜੋ ਥੋੜੇ ਦਿਨ ਪਹਿਲਾਂ ਅਰੂਪ ਦੇਸ਼ ਤੋਂ ਉਨ੍ਹਾਂ ਦੇ ਮਨ-ਮੰਦਰ ਵਿਚ ਆਪਣੀ ਗੁੰਜਾਰ ਮਚਾ ਗਈ ਸੀ।"[11]

ਇਸ ਲੰਮੇਰੀ ਕਵਿਤਾ ਦੇ ਕਥਾਨਕ ਵਿਚੋਂ ਇਹ ਤਸਵੀਰ ਉਭਰ ਕੇ ਸਾਹਮਣੇ ਆਉਂਦੀ ਹੈ:- ਇਕ ਜ਼ਾਲਮ ਰਾਜੇ ਨੇ ਕਿਸੇ ਝੀਲ ਦੇ ਇਕ ਕਿਨਾਰੇ 'ਫੁੱਲ ਯੁਵਤੀ' ਨੂੰ ਅਤੇ ਦੂਜੇ ਕਿਨਾਰੇ 'ਚੰਨ ਗੱਭਰੂ' ਨੂੰ ਬੰਦੀ ਬਣਾ ਬਹਾਇਆ ਸੀ। ਆਸ ਇਹ ਸੀ ਕਿ ਸੁੰਦਰੀ ਚੰਨ ਨੂੰ ਛੱਡ ਕੇ ਰੀਂਗਦੇ ਮਕੌੜੇ ਵੱਲ ਖਿਚ ਖਾ ਖਿੜੇਗੀ ਤੇ ਸੋਹਣਾ ਅੱਕ-ਥੱਕ ਕੇ ਖਹਿੜਾ ਛੋਡ ਦੇਵੇਗਾ। ਪਹਿਰੇ ਲੱਗੇ ਹਨ, ਚਾਰ-ਚੁਫੇਰੇ ਨਾਕੇ ਬੰਦ ਹਨ। ਹੁੰਦਾ ਕੀ ਹੈ ਕਿ ਅੱਧੀ ਰਾਤ ਨੂੰ ਉਹ ਫੁਲ-ਅੰਗਨੀ ਯੁਵਤੀ ਤੇ ਚੰਨ-ਜੁੱਸੇ ਵਾਲਾ ਗੱਭਰੂ ਇਕ 'ਚੁਪ-ਰੰਗ-ਰਾਗ' ਵਿਚ ਮਿਲਦੇ ਹਨ। ਦੋਹਾਂ ਦੇ ਸਰੀਰ ਪ੍ਰੀਤ-ਪੀੜਾ ਦੀ ਕਰਾਮਾਤ ਨਾਲ ਮਾਨੋਂ ਰੂਹ ਹੋ ਚੁੱਕੇ ਹਨ। ਕੋਈ ਐਸੀ ਨਛਤ੍ਰੀ ਹਵਾ ਆਉਂਦੀ ਹੈ, ਉਸ ਸੁੰਦਰੀ ਦੀ ਕਿਸ਼ਤੀ ਨੂੰ ਸੱਜਣ ਵੱਲ ਰੁਮਕਾ ਕੇ ਲੈ ਜਾਂਦੀ ਹੈ। ਮਾਨੋ ਚੰਨ ਦੀ ਲੋਅ ਹੇਠ ਕਿਸ਼ਤੀ ਬਜਰੇ ਜੁੜ ਜਾਂਦੇ ਹਨ, ਦੋ ਦਿਲ ਧੜਕਦੇ ਨਾਦ ਵਜਾਉਂਦੇ ਇਕ ਹੋ ਜਾਂਦੇ ਹਨ। ਪ੍ਰੀਤ ਦੀ ਯੋਗਿ-ਨਿਦ੍ਰਾ ਵਿਚ ਸੁੱਤੇ ਰੂਹ ਰੂਪ ਜਿਸਮ ਬਜਰੇ ਸਮੇਤ ਅਲੋਪ ਹੋ ਜਾਦੇ ਹਨ। ਇਸ

ਅਲੋਪ ਹੋਣ ਦਾ ਪਤਾ ਕੇਵਲ ਸੰਗੀਤ ਦੀਆਂ ਥ੍ਰਰਾਟਾਂ ਨੂੰ, ਕੁਦਰਤ ਦੇ ਵਲਵਲਿਆਂ ਨੂੰ, ਕਵਿ ਅਕਹਿ ਭਾਵਾਂ ਨੂੰ ਹੁੰਦਾ ਹੈ। ਇਥੋਂ ਹੀ ਇਸ ਕਵਿਤਾ ਦੀ 'ਅਕਹਿਤਾ' ਦਾ ਨਕਸ਼ਾ ਉਜਾਗਰ ਹੁੰਦਾ ਹੈ ਜੋ ਆਪਣੀਆਂ ਕੰਬਣੀਆਂ ਦੇ ਰੂਪ ਇਹਨਾਂ ਛਿਣਾਂ ਨੂੰ ਅਮਰ ਕਰ ਜਾਂਦਾ ਹੈ। ਇਹ ਸੱਚੇ ਪ੍ਰੇਮ ਦੇ ਸਿਰ ਉਪਰ ਧੁਰ ਦਰਗਾਹ ਦਾ ਛਾਇਆ ਹੈ। ਕਵੀ ਨੇ ਜੋ ਵਾਤਾਵਰਣ ਪੈਦਾ ਕੀਤਾ ਹੈ, ਉਹ ਕੰਵਲ ਕੰਮੀਆਂ ਦੇ ਤਾਲ ਦਾ, ਕਾਲੀ ਰਾਤ ਤੇ ਬੱਦਲੀਆਂ, ਥੋੜਾ ਚਿਰ ਚੰਨ ਦਾ ਚੜ੍ਹਨਾ, ਨਿਰਮਲ ਜਲ ਦੀ ਝੀਲ, ਰਾਤ ਆਪਣੇ ਕੇਸਾਂ ਵਿਚ ਨੀਰ ਲਟਕਾਈ ਝੀਲ ਕਿਨਾਰੇ ਖੜੀ ਹੈ। ਹਨੇਰਾ ਕਿਸੇ ਸੰਗੀਤ ਰਸ ਵਿਚ ਗਵਾਚਾ ਇਕ ਸੂਖਮ ਸਰਗਮ ਦੀ ਸੁਰ ਵਜਾ ਰਿਹਾ ਹੈ ਜਿਸ ਨੂੰ ਕੰਮੀਆਂ ਦੇ ਦਿਲ ਤੋਂ ਬਿਨਾਂ ਕੋਈ ਓਪਰਾ ਕੰਨ ਸੁਣ ਨਹੀਂ ਸਕਦਾ ਪਰ ਮਹਿਰਮ ਦਿਲਾਂ ਦੇ ਅਨੁਭਵ ਕਰਦੇ ਹਨ। ਜੁੜੀ ਜੋੜੀ ਨੂੰ ਰਾਤ, ਹਵਾ, ਪਾਣੀ ਸਭ ਇਕ ਮਨ ਹੋਏ ਖੁਲ੍ਹ ਬਖ਼ਸ਼ਣ ਵਿਚ ਸਹਾਈ ਹੋ ਰਹੇ ਹਨ।

ਪ੍ਰੋ. ਪੂਰਨ ਸਿੰਘ ਜੀ ਇਸ ਰਚਨਾ ਬਾਰੇ ਲਿਖਦੇ ਹਨ- "ਇਨਸਾਨੀ ਵਲਵਲੇ ਦਾ ਜੀਵਨ ਸਿਰਜਣਹਾਰ ਕੁਦਰਤ ਨੇ ਆਦਿ ਪੁਰਸ਼-ਜੀਵਨ ਦੇ ਸੁਪਨੇ ਤੋਂ ਸਾਜਿਆ ਪ੍ਰਤੀਤ ਹੁੰਦਾ ਹੈ। ਆਦਿ ਸੁਪਨ, ਹਾਂ ਕਾਲੀ ਰਾਤ, ਬੱਦਲ ਆਛਾਦਿਤ ਗਗਨ, ਹਾਲੇ ਚੰਨ ਨਹੀਂ ਉਦੈ ਹੋਯਾ, ਕੁਮਦਨੀਆਂ (ਕੰਮੀਆਂ) ਨਿਰਮਲ ਜਲ ਦੇ ਭਰੇ ਸਰੋਵਰ ਵਿਚ ਨਹਾ ਹਾਲੇ ਕਾਦਰ ਦੀ ਸੱਥਰੀ ਦੇ ਅਪੱਛਰਾਂ ਦੇ ਸਵਪਨ ਬੁਤ ਹਨ, ਜਿਨ੍ਹਾਂ ਨੂੰ ਹਾਲੇ ਕਾਦਰ ਦੀ ਸੱਥਰੀ ਨੇ ਚਿਹਨ ਚੱਕਰ ਨਹੀਂ ਲਾਏ। ਕੰਮੀਆਂ ਦੇ ਦਿਲਾਂ ਵਿਚ ਕੁਦਰਤ ਵਲੋਂ ਉਪਜਾਈ ਸੱਜਰੀ ਪੀੜ ਅਜੇ ਡੋਡੀਆਂ ਦੇ ਵਿਚ ਹੀ ਕੋਮਲ ਕੰਵਾਰਾਪਨ ਦੀ ਸੁਗੰਧੀ ਹੋ ਘੁਲ ਰਹੀ ਹੈ, ਪਤਾ ਨਹੀਂ ਕਿਹੜੀਆਂ ਡੂੰਘਾਈਆਂ ਥੀ ਕੁਦਰਤ ਨੇ ਨਵੀਂ ਉਪਜਾਈ ਪੀੜ ਦੀਆਂ 'ਆਹ-ਡੋਡੀਆਂ' ਨਿਸਰਾਈਆਂ ਹਨ। ਕੰਮੀਆਂ ਦੇ ਦਿਲਾਂ ਵਿਚੋਂ ਨਿਕਲੀਆਂ ਅਰਦਾਸ ਰੂਪ ਆਹਾਂ ਉੱਠੀਆਂ, ਬੱਦਲੀਆਂ, ਛਾਈਂ-ਮਾਈਂ ਹੋ ਗਈਆਂ, ਲੁੜੀਂਦੜਾ ਚੰਨ ਚੜ੍ਹ ਆਇਆ। ਤੱਕੋ ਨਾ ਕਾਲੀ ਰਾਤ ਪ੍ਰੇਮ ਦੀ ਸਹਾਈ ਸਖੀ ਪਾਸ ਖੜੀ ਹੈ। ਤੀਬਰ ਰਸ ਨਾਲ ਬੇਜਾਨ ਹੋਈ ਪ੍ਰੀਤ ਇਸ ਡੂੰਘੀ ਕਾਦਰ ਦੀ ਮਿੱਤ੍ਰਤਾ ਆਸਰੇ ਨਿਰਭੈ ਜਿਹੀ ਹੋ ਸ਼ਗੂਫਾ ਹੋਣ ਵਾਲੀ ਹੈ, ਇਹ ਸ਼ਗੂਫਾ ਅਣਜਾਤਾ ਅਨਹਤ-ਨਾਦ ਹੋ ਰਿਹਾ ਹੈ, 'ਜਪੁ-ਏਕਾਂਤ-

ਰੰਗ' ਦਾ ਰਾਗ ਹੈ, ਧਰਤੀ ਤੇ ਗਗਨ ਉਸ ਵਿਚ ਖੜੇ ਹਨ। ਹਾਂ ਇਸ ਸੰਗੀਤਕ ਉਡੀਕ ਵਿਚ ਉਹ ਚੰਨ ਉਦਯ ਹੋਯਾ, ਕੁਮਦਨੀਆਂ ਖਿੜ ਗਈਆਂ, ਵਿਗਾਸ ਦਾ ਰੂਹਾਨੀ ਆਲਮ ਛਾ ਗਿਆ।"[12]

ਸੋ ਇਵੇਂ ਇਹ ਕਵਿਤਾ ਦਿਲ ਦੀਆਂ ਡੂੰਘਾਈਆਂ ਵਿਚੋਂ ਕੋਈ ਸ਼ਗੂਫਾ ਹੈ ਜੋ ਸੱਚੇ-ਪ੍ਰੇਮ ਉਪਰ ਧੁਰ ਦੀ ਛਾਇਆ ਦੇ ਅਟੱਲ ਨੇਮ ਨੂੰ ਪ੍ਰਦੀਪਤ ਕਰਦਾ ਹੈ।

**viii. ਕੰਬਦੀ ਕਲਾਈ:-**

ਇਹ ਸੰਗ੍ਰਹਿ ਪਹਿਲੀ ਵੇਰ ਜੁਲਾਈ 1933 ਈ. ਵਿਚ ਪ੍ਰਕਾਸ਼ਤ ਹੋਇਆ। ਇਸ ਵਿਚ ਭਾਈ ਸਾਹਿਬ ਨੇ ਗੁਰੂ ਸਾਹਿਬਾਨ ਦੇ ਗੁਰਪੁਰਬਾਂ ਉਪਰ ਕੀਰਤਨ ਲਈ ਉਚਾਰੇ 152 ਗੀਤ ਤੇ ਰੁਬਾਈਆਂ ਹਨ। ਪ੍ਰੇਮ ਤੇ ਬ੍ਰਿਹੋਂ ਦੀ ਮਹਿਮਾ ਭਰੇ ਇਹ ਗੀਤ ਸਰਧਾਲੂਆਂ ਨੂੰ ਆਤਮਿਕ ਅਨੰਦ ਦੀ ਤ੍ਰਿਪਤੀ ਕਰਵਾਉਣ ਲਈ ਸੰਗੀਤ ਬੱਧ ਕੀਤੇ ਗਏ ਹਨ। ਸਿਫਤਿ-ਸਾਲਾਹ ਕਰਨਾ ਸਿੱਖ ਚੇਤਨਾ ਵਿਚ ਇਕ ਉੱਚੀ-ਸੁੱਚੀ ਅਰਾਧਨਾ ਹੈ। ਗੁਰੂ ਸਾਹਿਬਾਨ ਦੀ ਸਿਫਤਿ ਸਲਾਹ ਸਭ ਤੋਂ ਪਹਿਲਾਂ ਸ਼ੁਧ ਹਿਰਦੇ ਵਾਲੇ ਭੱਟਾਂ ਨੇ ਗਾਵੀ ਹੈ। ਇਸੇ ਲੜੀ ਦੇ ਦਿਲ-ਤਰੰਗ ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਦੇ ਸਿੱਖ ਹਿਰਦਿਆਂ ਵਿਚ ਉੱਠਣੇ ਇਕ ਉਮਾਹ ਦੀ ਗੱਲ ਹੈ ਅਤੇ ਇਸ ਦੇ ਗਾਵਨ-ਸੁਣਨ ਨਾਲ ਗੁਰਸਿੱਖਾਂ ਵਿਚ ਪ੍ਰੇਮ ਵਧਦਾ ਹੈ। ਭਾਈ ਸਾਹਿਬ ਇਸ ਕਾਵਿ-ਸੰਗ੍ਰਹਿ ਦੀ ਭੂਮਿਕਾ (ਦੋ ਗੱਲਾਂ) ਵਿਚ ਲਿਖਦੇ ਹਨ-

"ਆਪਣੀ ਬੋਲੀ ਵਿਚ ਆਪਣੇ ਦਿਲ-ਭਾਵ ਪੈਂਤੀ-ਚਾਲੀ ਕੁ ਬਰਸ ਹੋਏ ਸਤਿਗੁਰੂ ਦੀ ਮਿਹਰ ਨਾਲ ਪ੍ਰਗਟਣੇ ਆਰੰਭ ਹੋਏ। ਗੁਰਪੁਰਬਾਂ ਦੇ ਸਮੇਂ ਯਾ ਹੋਰ ਵੇਲਿਆਂ ਤੇ ਜੋ ਭਾਵ ਤੇ ਅੰਤ੍ਰੀਵ ਵਲਵਲੇ ਸੰਗੀਤਕ ਰੂਪ ਲੈ ਕੇ ਇਸ ਲੇਖਣੀ ਤੋਂ ਲਿਖੀਂਦੇ ਰਹੇ, ਉਹ ਸੰਗਤਾਂ ਵਿਚ ਸੰਗੀਤ ਰੂਪ ਲੈ ਕੇ ਗਾਵੇ ਜਾਂਦੇ ਰਹੇ ਹਨ। ਏਹ ਗੁੰਮ ਹੁੰਦੇ ਜਾਂਦੇ ਸਨ ਤੇ ਸੰਗਤਾਂ ਵਿਚ ਇਹਨਾਂ ਲਈ ਚਾਹ ਸੀ, ਇਸ ਲਈ ਇਸ ਸੰਚਯ ਵਿਚ ਇੱਕਤ੍ਰ ਕੀਤੇ ਗਏ ਹਨ।

'ਗੁਨ ਗਾਵਤ ਤੇਰੀ ਉਤਰਸ ਮੈਲੁ' ਭਾਵਨਾ ਵਿਚ ਇਹ ਗੀਤ ਇਕ ਉਸ ਤਰ੍ਹਾਂ ਦੀ ਸਿੱਕ ਭਰੀ ਉੱਲਰ ਹੈ ਜਿਵੇਂ ਮੁਗਧਾ ਦੀ ਪਯਾਰ-ਕਲਾਈ ਪ੍ਰੀਤਮ ਦੇ ਗਲੇ ਵਲ ਉਠਦੀ ਹੈ, ਲਿਫਦੀ ਹੈ, ਚੱਕਰ ਖਾਂਦੀ

ਹੈ ਪਰ ਕੰਬਦੀ ਹੋਈ ਆਸਵੰਤ ਰੁਖ ਵਿਚ ਫਰਕ ਪਵੇ, ਨਾ ਪਰੇ ਹਟਦੀ ਹੈ, ਮਤਾਂ ਵਿੱਥ ਪੈ ਜਾਵੇ, ਸਗੋਂ ਇਕ ਤਾਂਘ ਵਿਚ, ਖਿੱਚ ਵਿਚ, ਲਪੇਟ ਦੇ ਰੁਖ ਵਿਚ ਆਈ ਥਰਰ-ਥਰਰ ਕਰ ਰਹੀ ਪ੍ਰੀਤਮ ਵਲ ਨੂੰ ਉੱਲਰੀ ਰਹਿੰਦੀ ਹੈ।"[13]

ਇਸ ਸੰਗ੍ਰਹਿ ਦੇ ਹਰ ਗੀਤ ਦੇ ਰਾਗ ਤੇ ਉਸ ਦੇ ਸੁਰ-ਤਾਲ ਦੇ ਇਸ਼ਾਰੇ ਗੀਤ ਲਿਖਣ ਤੋਂ ਪਹਿਲਾਂ ਦਿਤੇ ਹੋਏ ਹਨ। ਇਥੋਂ ਤੱਕ ਕਿ ਮਾਤਰਾਂ ਦੀ ਗਿਣਤੀ, ਲੈਅ ਤੇ ਘਰ ਸਭ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਵੇਂ ਇਨ੍ਹਾਂ ਨੂੰ ਹਰ ਗਾਉਣ ਵਾਲਾ ਆਸਾਨੀ ਨਾਲ ਗਾ ਸਕਦਾ ਹੈ। ਇਹ ਗੀਤ ਗੁਰੂ ਮਹਿਮਾ ਵੀ ਹਨ ਅਤੇ ਗੁਰ-ਇਤਿਹਾਸ ਦੀ ਜਾਣਕਾਰੀ ਵੀ ਹਨ।

**ix. ਲਹਿਰ ਹੁਲਾਰੇ:-**

ਇਹ 1948 ਈ: ਵਿਚ ਪ੍ਰਕਾਸ਼ਤ ਹੋਇਆ ਸੰਗ੍ਰਹਿ ਹੈ ਜਿਸ ਵਿਚ ਭਾਈ ਵੀਰ ਸਿੰਘ ਜੀ ਨੇ 'ਲਹਿਰਾਂ ਦੇ ਹਾਰ', 'ਬਿਜਲੀਆਂ ਦੇ ਹਾਰ' ਤੇ 'ਮਟਕ ਹੁਲਾਰੇ' ਵਿਚੋਂ ਚੋਣਵੀਆਂ ਕਵਿਤਾਵਾਂ ਨੂੰ ਸੰਚਿਤ ਕੀਤਾ ਹੈ। ਮਈ 1947 ਈ. ਵਿਚ ਇਹ ਪਹਿਲੀ ਵੇਰ ਹਿੰਦੀ ਵਿਚ ਅਤੇ ਮਈ 1948 ਈ. ਵਿਚ ਦੂਜੀ ਵੇਰ ਪੰਜਾਬੀ ਵਿਚ ਪ੍ਰਕਾਸ਼ਤ ਹੋਇਆ। ਇਸ ਵਿਚ ਕੁੱਲ 79 ਕਵਿਤਾਵਾਂ ਹਨ।

**x. ਕੰਤ ਮਹੇਲੀ:-**

ਇਸ ਦਾ ਪੂਰਾ ਨਾਮ ਬਾਰਾਮਾਹ ਕੰਤ ਮਹੇਲੀ ਹੈ ਜੋ ਪਹਿਲੀ ਵੇਰ 1952 ਈ: ਵਿਚ ਪ੍ਰਕਾਸ਼ਤ ਹੋਇਆ। ਇਸ ਨੂੰ ਸੰਗੀਤ-ਬੱਧ ਕਰਨ ਲਈ ਭਾਈ ਸਾਹਿਬ ਨੇ ਦੋ ਰਾਗ, ਭੈਰਵੀ ਤੇ ਰਾਗ ਜ਼ਿਲਾ ਕਸੂਰੀਆ ਦੱਸੇ ਹਨ। ਇਸ ਵਿਚ ਚੇਤ ਤੋਂ ਫੱਗਣ ਤਕ 12 ਮਹੀਨਿਆਂ ਦਾ ਜ਼ਿਕਰ ਹੈ। ਪਿਆਰ ਭਾਵਾਂ ਨੂੰ ਅਧਿਆਤਮਿਕ ਪਰਿਪੇਖ ਵਿਚ ਪ੍ਰਸਤੁਤ ਕੀਤਾ ਗਿਆ ਹੈ।

**xi. ਮੇਰੇ ਸਾਈਆਂ ਜੀਓ:-**

ਇਹ ਭਾਈ ਵੀਰ ਸਿੰਘ ਜੀ ਦਾ ਅੰਤਿਮ ਕਾਵਿ-ਸੰਗ੍ਰਹਿ ਹੈ ਜੋ ਪਹਿਲੀ ਵੇਰ ਜੁਲਾਈ 1953 ਈ. ਵਿਚ ਪ੍ਰਕਾਸ਼ਤ ਹੋਇਆ। 72 ਪੰਨੇ ਦੇ ਇਸ ਕਾਵਿ-ਸੰਗ੍ਰਹਿ ਵਿਚ 72 ਹੀ ਕਵਿਤਾਵਾਂ ਹਨ। ਇਸ ਵਿਚ ਨਾ

ਕੋਈ ਉਥਾਨਕਾ ਤੇ ਨਾ ਕੋਈ ਅੰਤਿਕਾ ਦਰਜ ਹੈ। ਬਸ ਆਪਣੇ ਪ੍ਰੀਤਮ ਪਿਆਰੇ (ਰੱਬ) ਨਾਲ ਸਨਮੁਖਤਾ ਵਿਚ ਕੀਤੇ ਗਏ ਵਚਨ-ਬਿਲਾਸ ਹਨ। ਇਸ ਕਾਵਿ-ਸੰਗ੍ਰਹਿ ਤੇ ਭਾਈ ਸਾਹਿਬ ਨੂੰ ਭਾਰਤੀ ਸਾਹਿੱਤ ਅਕਾਦਮੀ ਦਾ ਪੁਰਸਕਾਰ ਪ੍ਰਾਪਤ ਹੋਇਆ ਜੋ ਪੰਜਾਬੀ ਸਾਹਿਤ ਦਾ ਪਹਿਲਾ ਪੁਰਸਕਾਰ ਹੈ।

**ਭਾਈ ਵੀਰ ਸਿੰਘ ਦੀ ਸਿਰਜਣ ਪ੍ਰਕਿਰਿਆ:-**

ਭਾਈ ਵੀਰ ਸਿੰਘ ਜੀ ਇਕ ਪਾਰਸ ਰੂਪ ਸੰਤ ਰੂਹ ਸਨ ਜਿਨ੍ਹਾਂ ਨੇ ਕਾਵਿ ਸਿਰਜਣਾ ਨਹੀਂ ਕੀਤੀ ਸਗੋਂ ਕਾਵਿ ਨੂੰ ਜੀਵਿਆ ਹੈ ਅਤੇ ਇਸੇ ਕਰਕੇ ਆਪ ਦੀ ਕਵਿਤਾ ਜੀਵਨ ਦੀ ਮੱਘਦੀ ਚੰਗਿਆੜੀ ਨਾਲ ਨੂਰੋ ਨੂਰ ਹੈ। ਆਪ ਦੀ ਕਾਵਿ ਸਿਰਜਣ ਪ੍ਰਕਿਰਿਆ ਦੀ ਜੇਕਰ ਗੱਲ ਕਰੀਏ ਤਾਂ ਇਹ ਦੈਵੀ ਆਵੇਸ਼ ਹੈ ਜੋ ਆਤਮ-ਪ੍ਰਕਾਸ਼ ਦੇ ਸਹਿਜ ਪਾਸਾਰੇ ਵਿਚੋਂ ਉਜਾਗਰ ਹੁੰਦਾ ਹੈ। ਕਾਵਿ-ਰਚਨਾ ਕਰਨਾ ਆਪ ਦਾ ਕਰਤਾਰੀ ਅਮਲ ਸੀ। ਜਿਵੇਂ ਬਿਜਲੀ ਦੀ ਰੌਂ ਸ੍ਰੋਤ ਨਾਲ ਜੁੜਨ ਸਮੇਂ ਗਤੀਸ਼ੀਲ ਹੋ ਜਾਂਦੀ ਹੈ, ਤਿਵੇਂ ਆਪ ਦਾ ਕਵੀ-ਹਿਰਦਾ ਜਦੋਂ ਆਪਣੇ ਪ੍ਰੇਰਨਾ ਸਰੋਤ ਨਾਲ ਜੁੜਦਾ ਹੈ ਤਾਂ ਇਹਨਾਂ ਜਿੰਦ-ਧੜਕਣਾਂ ਵਿਚੋਂ ਅੰਤਰ-ਆਤਮੇ ਲਟ-ਲਟ ਪ੍ਰਕਾਸ਼ਮਾਨ ਹੁੰਦਾ ਹੈ। ਸੂਖਮ ਅਹਿਸਾਸ ਦੇ ਇਹਨਾਂ ਵਿਸਮਾਦੀ ਛਿਨਾਂ ਨੂੰ ਆਪ ਕਵਿਤਾ ਰਾਹੀਂ ਇਸ ਤਰ੍ਹਾਂ ਸੰਕਲਿਤ ਕਰੀ ਜਾਂਦੇ ਹਨ ਕਿ ਉਹ ਸਦੀਵਤਾ ਗ੍ਰਹਿਣ ਕਰ ਜਾਂਦੇ ਹਨ। ਇਵੇਂ ਇਹ ਸਵੈ-ਪ੍ਰਗਟਾਵਾ ਅਨੁਭਵ ਦੇ ਕਰਮ ਰਾਹੀਂ ਸਥਾਈ ਰੂਪ ਧਾਰਨ ਕਰਕੇ ਜਨ-ਸਮੂਹ ਦੇ ਦਿਲਾਂ ਦੀਆਂ ਧੜਕਣਾਂ ਬਣਦਾ ਹੈ। ਆਪ ਆਪਣੀ ਕਾਵਿ ਸਿਰਜਣ ਪ੍ਰਕਿਰਿਆ ਬਾਰੇ ਖੁਦ 'ਕਾਵਿ-ਰੰਗ-ਸੁੰਦਰਤਾ' ਵਿਚ ਲਿਖਦੇ ਹਨ-

ਕਵਿਤਾ ਦੀ ਸੁੰਦਰਤਾਈ ਉਚੇ ਨਛਤ੍ਰੀ ਵੱਸਦੀ।
ਆਪਣੇ ਸੰਗੀਤ ਲਹਿਰੇ, ਆਪਣੇ ਪ੍ਰਕਾਸ ਲੱਸਦੀ।
ਇਕ ਸ਼ਾਮ ਨੂੰ ਏ ਓਥੋਂ, ਹੇਠਾਂ ਪਲਮਦੀ ਆਈ।
ਰਾਸ-ਰੰਗ ਨਾਲ ਕੰਬਦੀ, ਸੰਗੀਤ ਥਰਥਰਾਈ।
ਜਿਉਂ ਤ੍ਰੇਲ਼ ਤਾਰ ਪ੍ਰੋਤੀ, ਜਿਉਂ ਆਬ ਮੋਤੀਆਂ ਦੀ

ਨਜ਼ਰਾਂ ਦੀ ਤਾਰ ਪ੍ਰੋਤੀ, ਨਾਜ਼ਕ ਸੁਬਕ ਸਹਾਈ।

ਕੋਮਲ ਗਲੇ ਦੀ ਸੁਰ ਜਿਉਂ, ਝਨਕਾਰ ਸਾਜ਼ ਦੀ ਜਿਉਂ।

ਝਰਨਾਟ ਰੂਪ ਵਾਲੀ, ਤਾਰੇ ਡਲ੍ਹਕ ਜਿਉਂ ਛਾਈ।

ਜਿਉਂ ਮੀਂਡ ਥਰਕੇ ਖਿਚਿਆਂ, ਖਿੱਚ ਖਾ ਮੈਂ ਰੂਹ ਜੋ ਕੰਬੀ।

ਹੁਸਨਾਂ ਦੇ ਰੰਗ ਲਹਿਰੇ, ਰਸ ਝੂਮ ਇਕ ਝੁਮਾਈ।

ਪੰਛੀ ਉਡਾਰ ਵਾਂਗੂ, ਆਪੇ ਦੇ ਖੰਭ ਫੜ ਕੇ।

ਇਕ ਸਰੂਰ ਸਿਰ ਨੂੰ ਆਯਾ, ਇਕ ਤਾਰ ਸਿਰ ਝੁਮਾਈ।

ਪੁਛਿਆ ਅਸਾਂ 'ਹੇ ਸੋਹਣੀ! ਤੂੰ ਆਪ ਸੁੰਦਰਤਾ ਹੈਂ?

ਬੋਲੀ ਓ ਥਰਥਰਾਂਦੀ, ਲ਼ਰਜ਼ੇ ਵਜੂਦ ਵਾਲੀ:-

"ਬਿਜਲੀ ਦੀ ਕੂੰਦ ਦਸ ਤੂੰ ਟਿਕਦੀ ਕਿਵੇਂ ਟਿਕਾਈ

ਲਸ ਦੇ ਕੇ ਕਿਰਨ ਸੂਰਜ ਲਰਜ਼ੇ ਦੇ ਦੇਸ਼ ਜਾਵੇ,

ਸੁਰ ਰਾਗ ਦੀ ਥਰਾਈ ਕਿਸ ਨੇ ਹੈ ਬੰਨ੍ਹ ਬਹਾਈ।

ਲਰਜ਼ਾ ਵਤਨ ਜਿਨ੍ਹਾਂ ਦਾ, ਲਰਜ਼ਾ ਵਜੂਦ ਉਨ੍ਹਾਂ ਦਾ;

ਰੇਖਾ ਅਨੰਤ ਅਟਿਕਵੀਂ, ਲਰਜ਼ੇ ਦੇ ਮੱਥੇ ਪਾਈ।[14]

ਇਸ ਤੋਂ ਸਪਸ਼ਟ ਹੁੰਦਾ ਹੈ ਕਿ ਭਾਈ ਸਾਹਿਬ ਦੀ ਕਾਵਿ ਸਿਰਜਣਾ ਦਾ ਇਕ ਸਿਰਾ ਆਪਣੇ ਸਰੋਤ ਨਾਲ ਜੁੜਿਆ ਹੋਇਆ ਹੈ ਅਤੇ ਦੂਜਾ ਜੀਵਨ ਅਨੁਭਵ ਤੇ ਇਸ ਦੀ ਨਵੀਨਤਾ ਨਾਲ।

ਭਾਈ ਸਾਹਿਬ ਦੀ ਕਾਵਿ ਸਿਰਜਣਾ ਕੋਈ ਚੇਤੰਨ ਅਮਲ ਨਹੀਂ, ਸਗੋਂ ਸਹਿਜ ਵਰਤਾਰਾ ਹੈ। ਜੋ ਆਪ ਮੁਹਾਰੇ ਫੁੱਟਦਾ ਨਜਰ ਆਉਂਦਾ ਹੈ। ਸੋਚ ਤੇ ਬੁੱਧੀ ਤੋਂ ਪਾਰ ਦੇ ਮੰਡਲਾਂ ਵਿਚ ਦਵੰਦ ਆਪ ਮੁਹਾਰੇ ਉਭਰਦੇ ਪ੍ਰਤੀਤ ਹੁੰਦੇ ਹਨ। ਜੇਕਰ ਭਾਈ ਵੀਰ ਸਿੰਘ ਜੀ ਦੀ ਕਾਵਿ ਸਿਰਜਣਾ ਨੂੰ ਪਰਿਭਾਸ਼ਤ ਕਰਨਾ ਹੋਵੇ ਤਾਂ ਕਿਹਾ ਜਾ ਸਕਦਾ-ਆਪ ਮੁਹਾਰੇ ਹੀ ਕੋਈ ਵਿਚਾਰ, ਕੋਈ ਵਲਵਲਾ ਉਨ੍ਹਾਂ ਦੇ ਮਨਮਸਤਕ ਵਿਚ ਲਰਜ਼

ਕੇ ਸਜੀਵ ਹੋ ਉਠਦਾ ਹੈ ਤੇ ਇਹ ਧਿਆਨ ਦੀ ਮੰਗ ਕਰਦਾ ਹੈ ਆਪ ਜੀ ਦੇ ਸ਼ਬਦਾਂ ਰਾਹੀਂ ਇਉਂ ਰੂਪਮਾਨ ਹੋ ਜਾਂਦਾ ਹੈ, 'ਜਿਸ ਨਾਲ ਰੂਹ ਨਸ਼ਿਆ ਜਾਂਦੀ ਹੈ ਤੇ ਰੂਹ ਤੇ ਸਰੀਰ ਦਾ ਭੇਦ ਹੀ ਮਿਟ ਜਾਂਦਾ ਹੈ, ਮਨ ਦੀਆਂ ਮੈਲਾਂ ਧੋਤੀਆਂ ਜਾਂਦੀਆਂ ਹਨ, ਜਨਮਾਂ ਤੋਂ ਜੰਮੀ ਜ਼ਹਿਰ ਦਾ ਨਿਕਾਸ ਹੋ ਜਾਂਦਾ ਹੈ ਤੇ ਪਾਠਕ ਆਪਣੇ ਅੰਦਰ ਨਵੇਂ ਪ੍ਰਕਾਸ਼ਮਾਨ ਰਾਹਾਂ ਦੀ ਤਲਾਸ਼ ਕਰਕੇ ਨਿਰਾਲੀ ਜੋਤਿ ਜਗਾਉਣ ਦੇ ਕਾਬਲ ਹੋ ਜਾਂਦਾ ਹੈ।' ਭਾਈ ਸਾਹਿਬ ਜੀ ਦੇ ਵਿਅਕਤਿਤਵ ਵਿਚ ਇਹ ਉਪਰੋਕਤ ਸਭ ਕੁਝ ਵਾਪਰਦਾ ਹੈ, ਉਹ ਬਿਨਾਂ ਕਿਸੇ ਉਚੇਚ ਜਾਂ ਬੰਧਨ ਦੇ ਕਾਵਿਕ ਛਿਨਾਂ ਵਿਚ ਵਿਚਰਦੇ ਹਨ ਜਿਸ ਨੂੰ ਅਸੀਂ ਪਹਿਲਾਂ ਕਹਿ ਚੁੱਕੇ ਹਾਂ ਉਹ ਕਾਵਿ ਰਚਦੇ ਨਹੀਂ ਕਵਿਤਾ ਹੰਢਾਉਂਦੇ ਹਨ। ਇਹ ਸਭ ਕੁਝ ਇਵੇਂ ਦੀ ਸਹਿਜ ਪ੍ਰਕਿਰਿਆ ਹੈ ਜਿਵੇਂ ਫਲ ਮਿਠਾਸ ਨੂੰ ਗ੍ਰਹਿਣ ਕਰਦਾ ਹੈ, ਫੁਲ ਆਪਣੀ ਜੜ੍ਹ ਰਾਹੀਂ ਪ੍ਰਾਪਤ ਕੀਤੇ ਰਸ ਨੂੰ ਸੁਗੰਧੀ ਦੇ ਰੂਪ ਵਿਚ ਬਿਖੇਰਦਾ ਹੈ। ਆਪ ਦੀ ਕਾਵਿ ਸਿਰਜਣ ਪ੍ਰਕਿਰਿਆ ਇਕ ਕਿਸਮ ਦੀ ਧਿਆਨੀ ਮੰਡਲ ਦੀ ਸਹਿਜਤਾ ਤੇ ਨਿਰੰਤਰਤਾ ਵਰਗੀ ਹੈ। ਇਸ ਦਾ ਕੋਈ ਆਦਿ ਅੰਤ ਮਿਥਿਆ ਨਹੀਂ ਜਾ ਸਕਦਾ। ਭਾਈ ਸਾਹਿਬ ਲਈ ਕਾਵਿ ਸਿਰਜਣਾ ਬੁੱਧੀ ਦਾ ਜਲਵਾ ਨਹੀਂ ਸਗੋਂ ਕੋਈ ਨੂਰੀ ਕ੍ਰਿਸ਼ਮਾ ਹੈ। ਇਸ ਦੇ ਅਦਭੁਤ ਜਲੌਅ ਦਾ ਵਿਸਮਾਦੀ ਵਰਤਾਰਾ ਸ਼ਾਂਤਚਿਤ ਬਿਰਤੀ ਦਾ ਅਖੰਡ ਪ੍ਰਵਾਹ ਹੈ ਜਿਸ ਵਿਚੋਂ ਅਧਿਆਤਮਕ ਜੀਵਨ ਦੀ ਸੂਝ ਅਤੇ ਆਤਮਿਕ ਰਸ ਦਾ ਸੁਹਜ ਕਾਇਨਾਤੀ ਬਿੰਬਾਂ ਦਾ ਰੂਪ ਧਾਰਨ ਕਰਦੇ ਹਨ। ਇਵੇਂ ਆਪ ਦੀ ਕਵਿਤਾ ਆਕਾਰ ਵਿਚ ਭਾਵੇਂ ਛੋਟੀ ਹੁੰਦੀ ਹੈ ਪਰ ਇਸ ਦਾ ਅੰਦਰੂਨੀ ਫੈਲਾਅ ਅਨੰਤ ਤਕ ਤੇ ਇਸ ਦੀ ਡੂੰਘਾਈ ਗਹਿਰ-ਗੰਭੀਰ ਤੇ ਵਿਸਮਾਦੀ ਹੁੰਦੀ ਹੈ।

**ਕਵੀ ਆਪਾ ਤੇ ਕਾਵਿ ਚੇਤਨਾ:-**

ਵਿਸ਼ਵੀਕਰਨ ਦੇ ਆਧੁਨਿਕ ਵਰਤਾਰੇ ਨੂੰ ਜਦ ਮਨੁੱਖੀ ਜੀਵਨ ਵਿਚ ਸਹਿਜ ਨੂੰ ਗੁੰਮ ਕਰਕੇ ਮੈਂ ਤੇ ਮੇਰੇ ਸਚ ਤੇ ਫੋਕਸ ਕਰ ਦਿੱਤਾ ਅਤੇ ਉਸ ਦੀ ਬਿਰਤੀ ਖੰਡਿਤ ਕਰ ਦਿੱਤੀ ਹੈ ਜਿਸ ਨਾਲ ਸਰਬਤ ਤੇ ਸਰਬਤਰ ਦਾ ਸੰਕਲਪ ਹੀ ਮਨੁੱਖੀ ਸੋਚ ਦਾ ਹਿੱਸਾ ਨਹੀਂ ਰਿਹਾ। ਸਿਦਕ, ਸਬਰ, ਸੁਹਜ ਵਰਗੇ ਮਾਨਵਤਾਵਾਦੀ ਸਰੋਕਾਰ ਮਨੁੱਖਾ ਜ਼ਿੰਦਗੀ ਵਿਚੋਂ ਸਦਾ ਸਦਾ ਲਈ ਗੁਆਚਣ ਦੇ ਰਾਹ ਪੈ ਗਏ ਹਨ।

ਮਸੂਮੀਅਤ ਗੁੰਮ ਹੋ ਗਈ ਹੈ, ਤੇ ਚਤੁਰਾਈ ਨੂੰ ਮੁੱਖ ਮੰਨ ਲਿਆ ਗਿਆ ਹੈ। ਬੁੱਧੀ ਮਾਧਿਅਮ ਰਾਹੀਂ ਵਲਵਲਿਆਂ ਦੇਸ਼ ਵਲ ਪੁਲਾਂਘ ਪੁੱਟਣ ਦੀ ਜਗ੍ਹਾ ਮਨੁੱਖ ਜਾਣਕਾਰੀ ਵਧਾਉਣ ਵਲ ਰੁਚਿਤ ਹੋ ਗਿਆ ਹੈ, ਤਾਂ ਜੋ ਉਸ ਦੇ ਗਿਆਨ ਵਿਚ ਵਾਧਾ ਹੋਵੇ ਅਤੇ ਇਸ ਗਿਆਨ ਨੂੰ ਉਹ ਚਲਾਕੀ ਲਈ ਵਰਤੇ ਹਾਲਾਂਕਿ ਗਿਆਨ ਦੀ ਪੁਲਾਂਘ ਜੇਕਰ 'ਬੁੱਧ ਬਿਬੇਕ ਵਾਂਗ ਤਬਦੀਲ ਹੋ ਜਾਏ ਤਾਂ ਅਧਿਆਤਮ ਮੰਡਲ ਵਲ ਤੁਰਨ ਦੀ ਸਿਕ ਪੈਦਾ ਹੋਣ ਦੀਆਂ ਸੰਭਾਵਨਾਵਾਂ ਵਧ ਜਾਣਗੀਆਂ ਤੇ ਕਿਸੇ ਬੇਗਮਪੁਰ ਦੀ ਪ੍ਰਾਪਤੀ ਲਈ ਮਨ ਟਿਕਾਓ ਵਿਚ ਜਾ ਉਤਰੇਗਾ।

ਹੈਰਾਨੀ ਵਾਲਾ ਵਰਤਾਰਾ ਇਹ ਹੈ ਕਿ ਕਵਿਤਾ ਪਾਠ ਤੇ ਪਾਠਕ ਵੀ ਪਿਛਲੇ ਪੰਜ-ਛੇ ਦਹਾਕਿਆਂ ਵਲੋਂ ਪਦਾਰਥਵਾਦ ਵਲ ਰੁਚਿਤ ਹੋ ਗਿਆ ਅਤੇ ਇਥੋਂ ਤਕ ਕਿ ਪਦਾਰਥਵਾਦੀ ਰਚਨਾ ਵਾਲੇ ਚਿੰਤਕ ਪੈਦਾ ਹੋ ਗਏ। ਜਿੰਨਾਂ ਨੇ ਮਨੁੱਖੀ ਬਿਰਤੀ ਵਿਚ ਖੰਡਾਓ ਪੈਦਾ ਕਰ ਦਿੱਤਾ। ਸਿਤਮ ਤੇ ਇਹ ਹੈ ਕਿ ਅਜਿਹੀ ਰਚਨਾ ਨੇ ਮਨੁੱਖ ਨੂੰ ਪੂਰੀ ਤਰ੍ਹਾਂ ਪਦਾਰਥ ਵੱਲ ਰੁਚਿਤ ਕਰ ਭਾਵੁਕ ਭਾਵਨਾਵਾਂ ਦਾ ਘਾਣ ਕਰਕੇ ਰੱਖ ਦਿੱਤਾ ਜੇ ਭਾਵੁਕ ਭਾਵਨਾਵਾਂ ਰਿਸ਼ਤਿਆਂ ਵਿਚ ਹੀ ਨਹੀਂ ਹੋਣਗੀਆਂ ਤਾਂ ਅਗੰਮ ਵਲ ਨਿਰਛਲ ਭਾਵੁਕ ਭਾਵਨਾਵਾਂ ਦਾ ਅਹਿਸਾਸ ਹੀ ਪੈਦਾ ਨਹੀਂ ਹੋ ਸਕਦਾ। ਇਸ ਸਭ ਦੇ ਵਿਪਰੀਤ ਭਾਈ ਵੀਰ ਸਿੰਘ ਜੀ ਦੀਆਂ ਰਚਨਾਵਾਂ ਕਿਸੇ ਵਖਰੇ ਦਿਸਹੱਦੇ ਵਲ ਇਸ਼ਾਰੇ ਮੰਨੀਆਂ ਜਾ ਸਕਦੀਆਂ ਹਨ।

ਭਾਈ ਵੀਰ ਸਿੰਘ ਜੀ ਦੀ ਕਵਿਤਾ ਉਸ ਦੇ ਵਿਅਕਤਿੱਤਵ ਦੇ ਜਲੌਅ ਨੂੰ ਰੂਪਮਾਨ ਕਰਦੀ ਹੈ ਜੋ ਸਹਿਜ ਨੂੰ ਧਾਰਨ ਕਰ ਕਿਸੇ ਅਧਿਆਤਮਕ ਮੰਡਲ ਦਾ ਬਸ਼ਿੰਦਾ ਹੋ ਚੁੱਕਾ ਹੈ। ਡਾ. ਹਰਿਭਜਨ ਸਿੰਘ ਦੇ ਇਹ ਸ਼ਬਦ ਪੁਸ਼ਟੀ ਹਿੱਤ ਦੇਖੇ ਜਾ ਸਕਦੇ ਹਨ ਜਦੋਂ ਉਹ ਕਹਿੰਦੇ ਹੁੰਦੇ ਸਨ ਕਿ ਕਾਵਿ ਦਾ ਅਧਿਐਨ ਤੇ ਅਧਿਆਪਨ ਕਰਦੇ ਸਮੇਂ ਰਚਨਾ ਤੋਂ ਰਚਨਾਕਾਰ ਵਲ ਆਓ, ਰਚੈਤਾ ਦਾ ਵਿਅਕਤਿੱਤਵ ਆਪੇ ਲੱਭ ਪਏਗਾ। ਭਾਈ ਵੀਰ ਸਿੰਘ ਜੀ ਪੰਜਾਬੀ ਕਵਿਤਾ ਵਿਚ ਨਵੇਂ ਅਨੁਭਵ, ਨਵੀਂ ਚੇਤਨਾ, ਨਵੇਂ ਅਮਲ ਤੇ ਨਵੇਂ ਵਿਚਾਰਧਾਰਿਕ ਦ੍ਰਿਸ਼ਟੀਕੋਣ ਆਪਣੀਆਂ ਰਚਨਾਵਾਂ ਰਾਹੀਂ ਹੋਂਦ ਵਿਚ ਲਿਆਉਂਦੇ ਹਨ। ਉਨ੍ਹਾਂ ਦੇ ਇਸ ਸੁਭਾਵਿਕ ਤੇ ਅਨੁਭਵੀ ਅਮਲ ਨੂੰ ਨਵ-ਅਧਿਆਤਮਵਾਦ ਦੀ ਸੰਗਿਆ ਦਿੱਤੀ ਜਾ ਸਕਦੀ ਹੈ। ਜਦੋਂ ਅਸੀਂ

ਭਾਈ ਸਾਹਿਬ ਦੀ ਕਵਿਤਾ ਦੀ ਤਲ-ਭੂਮੀ ਦੀ ਨਿਸ਼ਾਨਦੇਹੀ ਕਰਦੇ ਹਾਂ ਤਾਂ ਇਸ ਦੇ ਦੋ ਆਧਾਰ ਸਾਹਮਣੇ ਆਉਂਦੇ ਹਨ: ਪਹਿਲਾ ਅਧਿਆਤਮਕ ਦਰਸ਼ਨ (ਗੁਰਮਤਿ ਵਿਚਾਰਧਾਰਾ) ਤੇ ਦੂਜਾ ਆਤਮਿਕ ਜਗਿਆਸਾ। ਆਧੁਨਿਕ ਪਰਿਪੇਖ ਵਿਚ ਜਦੋਂ ਇਸ ਦਾ ਮੁਤਾਲਿਆ ਕੀਤਾ ਜਾਂਦਾ ਹੈ ਤਾਂ ਇਹ ਗੁਰਮਤਿ ਅਧਿਆਤਮਕਤਾ ਦੀ ਵਿਆਖਿਆ ਹੋ ਨਿਬੜਦੀ ਹੈ ਜੋ ਆਪਣੀ ਕੁਦਰਤੀ ਤੇ ਸੱਜਰੀ ਬਿੰਬਾਵਲੀ ਕਰਕੇ ਪਰੰਪਰਾ ਦੀ ਨਿਰੰਤਰਤਾ ਤੋਂ ਹਟ ਕੇ ਨਵੇਂ ਮੁਹਾਂਦਰੇ ਨੂੰ ਰੂਪਮਾਨ ਕਰਦੀ ਹੈ। ਆਪ ਦਾ ਆਪਾ ਕਾਵਿ-ਚੇਤਨਾ ਵਿਚ ਏਨਾ ਭਿੱਜਾ ਹੋਇਆ ਹੈ ਕਿ ਇਹ ਲਰਜ਼ੇ ਦਾ ਵਜੂਦ ਗ੍ਰਹਿਣ ਕਰ ਜਾਂਦਾ ਹੈ। ਕਵੀ ਦੀ ਸੁਰਤਿ ਲਰਜ਼ੇ ਨਾਲ ਜਗਮਗਾ ਕੇ ਰਮਣੀਕ ਸੰਗੀਤਕ ਪ੍ਰਵਾਹ ਵਿਚ ਵਿਚਰਦੀ ਹੈ। ਇਹ ਸਤਰਾਂ ਵੇਖੋ-

ਚੜ੍ਹ ਚੱਕ ਤੇ ਚੱਕ ਘੁਮਾਨੀਆਂ, ਮਹੀਂਵਾਲ ਤੋਂ ਸਦਕੇ (ਪਈ) ਜਾਨੀਆਂ,
ਮੈਂ ਤਾਂ ਬੱਦਲਾਂ ਨੂੰ ਫ਼ਰਸ਼ ਬਨਾਨੀਆਂ, ਉੱਤੇ ਨਾਚ ਰੰਗੀਲੜੇ ਪਾਨੀਆਂ।
ਜਿੰਦ ਕਣੀਆਂ ਦੀ ਲੁੱਟ ਲੁਟਾਨੀਆਂ, ਅਰਸ਼ੀ ਪੀਂਘ ਕਮਾਨ ਬਨਾਨੀਆਂ।
ਰੰਗ ਰੂਪ ਦੇ ਤੀਰ ਵਸਾਨੀਆਂ, ਨੂਰ ਅੱਖੀਆਂ ਵਿਚ ਸਮਾਨੀਆਂ।
ਨੂਰੋ ਨੂਰ ਹੁਵੰਦੜੀ ਜਾਨੀਆਂ, ਨੂਰ ਨੂਰੀਆਂ ਨੂੰ ਪਈ ਲਾਨੀਆਂ।[15]

ਵਿਸ਼ਵੀਕਰਨ ਦੇ ਵਰਤਾਰੇ ਨੇ ਜਦ ਜੀਵਨ ਦੇ ਅਰਥ ਬਦਲ ਮਨੁੱਖੀ ਮਨ ਦੀ ਟੇਕ ਮੈਂ-ਮੇਰੀ ਤੇਂ ਕੇਂਦਰਿਤ ਕਰ ਦਿੱਤੀ ਹੈ। ਬ੍ਰਹਮ-ਗਿਆਨ ਦਾ ਟਿਕਾਓ ਇਸੇ ਵਿਚੋਂ ਉਜਾਗਰ ਹੋਣਾ ਹੁੰਦਾ ਹੈ। ਭਾਈ ਵੀਰ ਸਿੰਘ ਜੀ ਖੇੜੇ ਤੇ ਟਿਕਾਓ ਦੋਹਾਂ ਵਿਚ ਵਿਚਰਦੇ ਸਨ। ਪੰਜਾਬੀ ਸਾਹਿਤ ਦੀ ਪੜਚੋਲ ਕਰਨ ਵਾਲੇ ਕਈ ਵਿਦਵਾਨ ਇਉਂ ਸਮਝਦੇ ਹਨ ਕਿ ਭਾਈ ਵੀਰ ਸਿੰਘ ਜੀ ਤਾਂ ਵਿਰਕਤ ਤੇ ਭਾਂਜਵਾਦੀ ਸਨ। ਪਰ ਅਜਿਹਾ ਨਹੀਂ ਉਹ ਗ੍ਰਹਿਸਥੀ ਜੀਵਨ ਜਿਊਣ ਵਾਲੇ ਸਹਿਜਵਾਦੀ ਸਨ। ਉਹ ਇਹ ਸੂਝ ਤੇ ਸੁਹਜ ਰੱਖਦੇ ਸਨ ਕਿ ਅੰਤਿਮ ਸੱਚ ਕੀ ਹੈ ਤੇ ਇਸ ਨੂੰ ਕੁਦਰਤੀ ਵਰਤਾਰੇ ਦੇ ਉਹਲੇ ਵਿਚੋਂ ਕਿਵੇਂ ਨਿਹਾਰਨਾ ਹੈ। ਭਾਈ ਸਾਹਿਬ ਆਪਣੇ ਕਵਿਤਾ 'ਵਿਛੋੜਾ ਵਸਲ' ਵਿਚ ਬਹੁਤ ਸੁੰਦਰ ਬਿੰਬ ਲੈ ਕੇ ਬਿਆਨ ਕਰਦੇ ਹਨ ਕਿ ਕੋਲੇ ਦਾ ਸਰੋਤ ਅਗਨੀ ਹੈ। ਅਗਨੀ ਤੋਂ ਬਾਹਰ ਆ ਕੇ ਇਹ ਕਾਲਾ ਹੋ ਜਾਂਦਾ ਹੈ। ਮਾਨਵੀ ਯਤਨ ਇਸ ਦੀ ਕਾਲਖ

ਦੂਰ ਨਹੀਂ ਕਰ ਸਕਦੇ। ਜਦ ਇਹ ਆਪਣੇ ਸਰੋਤ ਨਾਲ ਦੁਬਾਰਾ ਮਿਲਦਾ ਹੈ ਤੇ ਸਹਿਜ ਰੂਪ ਵਿਚ ਇਹ ਆਪਣੇ ਆਪੇ ਨੂੰ ਅੰਤਿਮ ਸੱਚ ਨਾਲ ਰੰਗ ਲੈਂਦਾ ਹੈ। ਭਾਈ ਵੀਰ ਸਿੰਘ ਦਾ ਆਪਾ ਧੁਰ ਅੰਦਰੋਂ ਸੱਚ ਨਾਲ ਸਹਿਜ ਰੂਪ ਵਿਚ ਜੁੜਿਆ ਹੋਇਆ ਹੈ-

ਸਾਬਣ ਲਾ ਲਾ ਧੋਤਾ ਕੋਲਾ, ਦੁੱਧ ਦਹੀਂ ਵਿਚ ਪਾਇਆ।
ਖੁੰਬ ਚਾੜ੍ਹ ਰੰਗਣ ਭੀ ਧਰਿਆ, ਰੰਗ ਨਾ ਏਸ ਵਟਾਇਆ।
ਵਿਛੜ ਕੇ ਕਾਲਖ ਸੀ ਆਈ, ਬਿਨ ਮਲਿਆਂ ਨਹੀਂ ਲਹਿੰਦੀ।
ਅੰਗ ਅੱਗ ਦੇ ਲਾ ਕੇ ਵੇਖੋ, ਚੜ੍ਹਦਾ ਰੂਪ ਸਵਾਇਆ।[16]

ਭਾਈ ਵੀਰ ਸਿੰਘ ਦੇ ਵਿਅਕਤਿੱਤਵ ਵਿਚਲੀ ਸੰਤ ਪ੍ਰਿਵਿਰਤੀ ਦੇ ਦੋ ਪੱਖ ਹਨ: ਰਹੱਸਵਾਦ ਤੇ ਚਿੰਨਾਤਮਕਤਾ। ਇਹੀ ਦੋਵੇਂ ਰੰਗ ਆਪ ਦੀਆਂ ਕਵਿਤਾਵਾਂ ਵਿਚ ਥਾਂ ਪੁਰ ਥਾਂ ਢੁਕਵੇਂ ਰੂਪ ਵਿਚ ਉਜਾਗਰ ਹੁੰਦੇ ਹਨ। ਉਨ੍ਹਾਂ ਦੇ ਸੰਤ ਵਿਅਕਤਿੱਤਵ ਦਾ ਆਧਾਰ ਭਾਵੇਂ ਸਿੱਖੀ ਜੀਵਨ-ਜੁਗਤ ਵਾਲਾ ਹੈ ਪਰ ਇਸ ਦਾ ਕਾਵਿ-ਮਈ ਪ੍ਰਗਟਾਵਾ ਆਧੁਨਿਕਤਾ ਵਾਲਾ ਹੈ। ਪ੍ਰੋ. ਕਿਰਪਾਲ ਸਿੰਘ ਕਸੇਲ ਭਾਈ ਵੀਰ ਸਿੰਘ ਜੀ ਦੀ ਰਚਨਾ ਬਾਰੇ ਲਿਖਦੇ ਹਨ ਕਿ- "ਭਾਈ ਸਾਹਿਬ ਜੀ ਨੇ ਅਧਿਆਤਮਕਤਾ ਤੇ ਰਹੱਸਵਾਦੀ ਅਨੁਭਵ ਨੂੰ ਏਨੀ ਪਾਣ ਚਾੜ੍ਹ ਦਿੱਤੀ ਹੈ ਕਿ ਇਸ ਦੀ ਵਾਸਤਵਿਕਤਾ ਨਿਸ਼ਚੇਦਾਇਕ, ਇਸ ਦੇ ਚਿੰਨ੍ਹ ਤੇ ਪ੍ਰਤੀਕ ਵਿਲੱਖਣ ਤੇ ਨਿੱਜੀ, ਇਸ ਦੇ ਸਰੋਦੀ ਅੰਸ਼ ਅਤਿ ਸੂਖਮ ਭਾਵੁਕਤਾ ਤੋਂ ਉਤਪੰਨ ਤੇ ਰਸਮਈ ਪ੍ਰਭਾਵ ਸਵੈ-ਪ੍ਰਗਟਾਓ ਵਾਲਾ ਆਧੁਨਿਕ ਤੇ ਚਿੰਤਨ ਰੂਪ ਇਕ ਵਿਸ਼ੇਸ਼ ਦ੍ਰਿਸ਼ਟੀਕੋਣ ਨਾਲ ਜੁੜਿਆ ਹੋਇਆ ਹੈ।"[17]

ਭਾਈ ਵੀਰ ਸਿੰਘ ਜੀ ਦੇ ਆਪੇ ਨੂੰ ਉਸ ਦੀ ਕਾਵਿ-ਚੇਤਨਾ ਵਿਚੋਂ ਨਿਹਾਰਨਾ ਹੋਵੇ ਤਾਂ ਅਸੀਂ ਕਹਿ ਸਕਦੇ ਹਾਂ ਕਿ ਭਾਈ ਸਾਹਿਬ ਬੁੱਧੀ-ਮੰਡਲੇ ਦੀ ਕੈਦ ਦੀ ਬਜਾਏ ਆਤਮ-ਮੰਡਲ ਵਿਚ ਤਾਰੀਆਂ ਲਾਉਂਦੇ ਹਨ। ਉਹ ਆਪੇ ਦਾ ਕਿਧਰੇ ਵੀ ਖੁੱਲ੍ਹਾ ਪ੍ਰਦਰਸ਼ਨ ਨਹੀਂ ਕਰਦੇ ਸਗੋਂ ਇਕ ਕੁਆਰੀ ਕੰਨਿਆ ਵਾਂਗ ਲਜਿਆਵਾਨ ਹੋ ਕੇ ਆਪਣੀਆਂ ਭਾਵਨਾਵਾਂ ਨੂੰ ਦਿਲ ਦੀਆਂ ਡੂੰਘਾਈਆਂ ਵਿਚ ਛੁਪਾਈ ਰਖਦੇ ਹਨ। ਇਸ ਵਿਅਕਤਿੱਤਵ ਦਾ ਪ੍ਰਦੀਪਨ ਆਪ ਦੀ ਕਵਿਤਾ 'ਬਨਫਸ਼ੇ ਦਾ ਫੁੱਲ' ਵਿਚੋਂ ਹੁੰਦਾ ਹੈ-

ਮੇਰੀ ਭਿੰਨੀ ਇਹ ਖੁਸ਼ਬੋਇ

ਕਿਵੇਂ ਨਾ ਛਿੱਪਦੀ।

ਮਿਰੀ ਛਿਪੇ ਰਹਿਣ ਦੀ ਚਾਹ

ਤੇ ਛਿਪ ਟੁਰ ਜਾਣ ਦੀ;

ਹਾ, ਪੂਰੀ ਹੁੰਦੀ ਨਾਂਹ,

ਮੈਂ ਤਰਲੇ ਲੈ ਰਿਹਾ।[18]

ਭਾਈ ਵੀਰ ਸਿੰਘ ਜੀ ਦੀ ਕਾਵਿ-ਚੇਤਨਾ ਗੁਰਮਤਿ ਵਿਚਾਰਧਾਰਾ ਨੂੰ ਵੱਖਰੇ ਅੰਦਾਜ਼ ਵਿਚ ਬਿਆਨ ਕਰਦੀ ਹੈ। ਇਹ ਗੁਰਬਾਣੀ ਦਾ ਅਨੁਸਰਣ ਨਹੀਂ, ਗੁਰਬਾਣੀ ਦੇ ਆਸ਼ੇ ਨੂੰ ਬਿਆਨ ਕਰਦੀ ਹੈ। ਗੁਰਬਾਣੀ ਦੀ ਪਰਿਭਾਸ਼ਕ ਸ਼ਬਦਾਵਲੀ ਅਧਿਆਤਮਕ ਹੈ ਪਰ ਭਾਈ ਵੀਰ ਸਿੰਘ ਜੀ ਦੀ ਪਰਿਭਾਸ਼ਕ ਸ਼ਬਦਾਵਲੀ ਲੋਕਯਾਨਿਕ ਹੈ ਜੋ ਗੁਰਮਤਿ ਦੇ ਰਹੱਸ ਨੂੰ ਪ੍ਰਤੀਕਮਈ ਰੂਪ ਵਿਚ ਨਿਰੂਪਣ ਕਰਦੀ ਹੈ। ਭਾਈ ਸਾਹਿਬ ਜੀ ਨੂੰ ਗੁਰਬਾਣੀ ਦੇ ਪਠਨ-ਪਾਠਨ ਦਾ ਜੋ ਘਰੋਗੀ ਮਾਹੌਲ ਮਿਲਿਆ ਸੀ, ਉਹ ਰਸਮੀ ਰੂਪ ਵਿਚ ਪਾਠ ਕਰਨ ਵਾਲਾ ਨਹੀਂ ਸੀ, ਸਗੋਂ ਗੁਰਬਾਣੀ ਪਾਠ ਨੂੰ ਸਮਝਣ ਵਾਲਾ ਸੀ। ਇਸ ਨਾਲ ਗੁਰਬਾਣੀ ਦੀ ਤਾਸੀਰ ਆਪ ਦੇ ਹਿਰਦੇ ਵਿਚ ਸਚਿਤ ਹੋ ਕੇ ਸੂਝ ਰਾਹੀਂ ਉਜਾਗਰ ਹੋਣ ਲੱਗੀ। ਗੁਰਬਾਣੀ ਦੇ ਅਧਿਆਤਮਕ ਪ੍ਰਭਾਵ ਨੂੰ ਪਹਿਲਾ ਜ਼ਜ਼ਬ ਕਰਨਾ ਫਿਰ ਆਪਣੀ ਕਰਨੀ-ਕਮਾਈ ਰਾਹੀਂ ਉਜਾਗਰ ਕਰਨਾ ਭਾਈ ਸਾਹਿਬ ਜੀ ਦੀ ਕਾਵਿ-ਸਾਧਨਾ ਹੈ। ਇਥੇ ਗੁਰਮਤਿ ਦੇ ਪ੍ਰਸੰਗ ਵਿਚ ਕੁਝ ਬੰਦ ਗੁਰਬਾਣੀ ਦੇ ਲੈ ਕੇ ਉਨ੍ਹਾਂ ਨੂੰ ਭਾਈ ਸਾਹਿਬ ਦੀ ਕਵਿਤਾ ਵਿਚੋਂ ਜਦ ਨਿਹਾਰਨ ਦਾ ਯਤਨ ਕਰਾਂਗੇ ਤਾਂ ਆਪ ਦੀ ਕਾਵਿ-ਚੇਤਨਾ ਦੇ ਦਿੱਗ-ਦਰਸ਼ਨ ਸਹਿਜ ਰੂਪ ਵਿਚ ਹੋ ਜਾਣਗੇ-

ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੀ ਭੁਖ॥

ਰੂਪੀ ਭੁਖ ਨ ਉਤਰੈ ਜਾਂ ਦੇਖਾਂ ਤਾ ਭੁਖ॥[19]

ਭਾਈ ਵੀਰ ਸਿੰਘ ਜੀ ਇਸੇ ਵਿਚਾਰ ਨੂੰ ਆਪਣੀ ਪ੍ਰਤੀਕਮਈ ਸ਼ਬਦਾਵਲੀ ਵਿਚ ਇਉਂ ਬਿਆਨ ਕਰਦੇ ਹਨ-

ਅਰੂਪ ਦੇ ਦੀਦਾਰ ਦੀ ਤੜਫਨ

ਤੋਂ ਬਣੀਆਂ ਅੱਖੀਆਂ,

ਪਰ ਰੂਪ ਦੇ ਕਰ ਸਾਮ੍ਹਣੇ ਰੁਖ

ਬਾਹਰ ਦਾ ਦੇ ਰੱਖੀਆਂ

ਦੇਖਣ ਨਜ਼ਾਰੇ ਸੋਹਿਣੇ ਰੀਝਣ

ਤੇ ਰਚ ਜਾਣ, ਪਰ

ਮਿਟਦੀ ਨ ਤਾਂਘ ਅਰੂਪ ਦੀ

ਪਲ ਰੂਪ ਤੇ, ਫਿਰ ਭੁੱਖੀਆਂ।[20]

ਇਵੇਂ ਹੀ ਇਕ ਹੋਰ ਸ਼ਬਦ :- ਸੁਪਨੈ ਊਭੀ ਭਈ ਗਹਿਓ ਕੀ ਨ ਅੰਚਲਾ॥ ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ ਬੰਚਲਾ॥[21] ਇਸ ਦਾ ਅਰਥ ਹੈ ਕਿ ਸੁਪਨੇ ਵਿਚ ਦਰਸ਼ਨ ਹੋਏ ਕਿ ਸੁੰਦਰ ਪੁਰਖ ਬਿਰਾਜਮਾਨ ਹੈ ਜਿਸ ਨੂੰ ਦੇਖ ਕੇ ਮਨ ਮੋਹਿਆ ਗਿਆ। ਸੁਪਨੇ ਵਿਚ ਦਰਸ਼ਨ ਕਰਦੀ ਖੜ੍ਹੀ ਹੋ ਗਈ ਤੇ ਸੁੰਦਰ ਪੁਰਖ ਦਾ ਪੱਲਾ ਫੜਨਾ ਚਾਹਿਆ, ਪਰ ਪਕੜਨਾ ਚਾਹੁੰਦਿਆਂ ਵੀ ਪੱਲਾ ਕਿਉਂ ਨਾ ਪਕੜਿਆ ਗਿਆ। ਇਸ ਭਾਵਨਾ ਨੂੰ ਭਾਈ ਸਾਹਿਬ ਇਉਂ ਬਿਆਨ ਕਰਦੇ ਹਨ-

ਸੁਪਨੇ ਵਿਚ ਤੁਸੀਂ ਮਿਲੇ ਅਸਾਂ ਨੂੰ

ਅਸਾਂ ਧਾ ਗਲਵਕੜੀ ਪਾਈ,

ਨਿਰਾ ਨੂਰ ਤੁਸੀਂ ਹੱਥ ਨਾ ਆਏ

ਸਾਡੀ ਕੰਬਦੀ ਰਹੀ ਕਲਾਈ

... ...

ਫਿਰ ਲੜ ਫੜਨੇ ਨੂੰ ਉੱਠ ਦੌੜੇ

ਪਰ ਲੜ ਬਿਜਲੀ ਲਹਿਰਾਂ;

ਉਡਦਾ ਜਾਂਦਾ ਪਰ ਉਹ ਅਪਨੀ

ਛੁਹ ਸਾਨੂੰ ਗਿਆ ਲਾਈ।[22]

ਭਾਈ ਵੀਰ ਸਿੰਘ ਜੀ ਦਾ ਸਾਰਾ ਸਾਹਿਤਕ ਕਾਰਜ ਗੁਰਬਾਣੀ ਦੇ ਆਸ਼ੇ ਤੇ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਨਾਲ ਕੇਂਦਰਿਤ ਹੈ। ਉਨ੍ਹਾਂ ਦੀ ਕੋਈ ਵੀ ਕਵਿਤਾ ਲੈ ਲਵੋ ਉਸ ਦੇ ਪਿਛੋਕੜ ਵਿਚ ਗੁਰਮਤਿ ਸਿਧਾਂਤ ਕੰਮ ਕਰਦਾ ਨਜ਼ਰ ਆ ਜਾਂਦਾ ਹੈ। ਗੁਰਬਾਣੀ ਅਨੁਸਾਰ ਆਤਮਿਕ ਪੱਧਰ ਤੇ ਮਾਨਵੀ ਵਿਕਾਸ ਦੀ ਉੱਚਤਮ ਅਵਸਥਾ ਬ੍ਰਹਮ ਗਿਆਨੀ ਦੀ ਹੈ ਜਿਸ ਨੂੰ ਗੁਰਮੁਖ ਕਿਹਾ ਗਿਆ ਹੈ। ਇਹ ਅਵਸਥਾ ਓਨਾ ਚਿਰ ਪ੍ਰਾਪਤ ਨਹੀਂ ਹੋ ਸਕਦੀ ਜਦ ਤਕ ਦੈਵੀ ਗੁਰੂ-ਪ੍ਰੇਰਨਾ ਉਸ ਨੂੰ ਜਾਗ੍ਰਿਤ ਨਹੀਂ ਕਰਦੀ। ਜਾਗੀ ਹੋਈ ਸੁਰਤਿ ਨਾਮ-ਸਿਮਰਨ ਦੀ ਘਾਲ-ਕਮਾਈ ਰਾਹੀਂ ਵਿਕਸਤ ਹੁੰਦੀ ਹੋਈ ਨਿਜ-ਘਰ ਦਾ ਟਿਕਾਣਾ ਪ੍ਰਾਪਤ ਕਰਕੇ ਇਸ ਪਰਮ-ਪਦ ਨੂੰ ਪ੍ਰਾਪਤ ਕਰਦੀ ਹੈ। ਭਾਈ ਵੀਰ ਸਿੰਘ ਦਾ ਅਨੁਭਵ ਮੌਲਿਕ ਪ੍ਰਤੀਕਾਂ ਤੇ ਬਿੰਬਾਂ ਰਾਹੀਂ ਮਨਮੁਖ ਤੋਂ ਗੁਰਮੁਖ ਦੇ ਰੂਪਾਂਤਰਕਾਰੀ ਨੂੰ ਪੱਥਰ ਤੋਂ ਹੀਰਾ ਬਨਣ ਦੀ ਪ੍ਰਕਿਰਿਆ ਰਾਹੀਂ ਸਹਿਜ ਰੂਪ ਵਿਚ ਬਿਆਨ ਕਰ ਜਾਂਦਾ ਹੈ-

ਮੈਂ ਪੱਥਰ ਸੁਖ ਨੀਂਦੇ ਸੁੱਤਾ,

ਵਿਚ ਸੁਫਨੇ ਕੁਈ ਸੁਣਾਵੇ;

'ਬਣ ਹੀਰਾ, ਕਰ ਦੂਰ ਹਨੇਰਾ,

ਤੈਨੂੰ ਚਾਨਣ ਆ ਗਲ ਲਾਵੇ,

ਆਪਾ ਪੀਹ, ਅੱਗ ਤਾਪ ਸਹਿ,

ਬਣ ਸ਼ੀਸ਼ਾ ਨੂਰ ਮੈਂ ਪਾਇਆ,

ਹੁਣ ਲੋਚਾਂ ਮੈਂ ਹੀਰਾ ਬਣਨਾ,

ਜੋ ਜੁਰਬ ਨ ਕੋਈ ਆਵੇ।[23]

ਇਸੇ ਤਰ੍ਹਾਂ ਭੰਬੀਰੀ ਕਵਿਤਾ ਵਿਚ ਅੰਡਾ, ਲਾਰਵਾ, ਪਿਉਪਾ ਤੋਂ ਤਿੱਤਲੀ ਰੂਪ ਤਕ ਪਹੁੰਚ ਦੀ ਅਵਸਥਾ ਗੁਰਬਾਣੀ ਦੇ 'ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣ' ਦੀ ਸਦਾ-ਜਾਗਤਾ ਨੂੰ ਨਿਰੂਪਣ ਕਰਦੀ ਹੈ-

ਮੈਂ ਸੁੰਡੀ ਸਾਂ ਭੁੰਞੇ ਰੁਲਦੀ

ਕੀੜੀਯੋਂ ਵੱਧ ਨਿਕਾਰੀ,

ਮੈਨੂੰ ਗਯਾਤ ਫੁਰੀ: ਹਾਂ ਮੈਂ ਭੀ

ਜੋਤਿ ਸੁੰਦਰਤਾ ਸਾਰੀ;

ਏਸ ਖੁਸ਼ੀ ਬੇਹੋਸ਼ ਹੋ ਗਈ,

ਮੁੜੀ ਹੋਸ਼ ਕੀ ਵੇਖਾਂ?

ਨਿਕਲ ਪਏ ਪਰ ਮੀਨਾਕਾਰੀ,

ਵਾਸ ਫੁੱਲਾਂ ਦੀ ਵਾੜੀ।[24]

ਗੁਰਬਾਣੀ ਵਿਚ ਮਨਮੁਖ ਨੂੰ ਗੁਰਮੁਖ ਬਨਾਣ ਲਈ ਗੁਰੂ-ਛੁਹ ਦੀ ਲੋੜ ਦਰਸਾਈ ਗਈ ਤੇ ਇਸੇ ਨੂੰ 'ਪ੍ਰਸਾਦਿ' ਕਿਹਾ ਗਿਆ ਹੈ। ਭਾਈ ਸਾਹਿਬ ਜੀ ਇਸ ਨੂੰ ਅਨੰਤ ਦੀ ਛੁਹ ਕਹਿੰਦੇ ਹਨ-

ਹੇ ਅਨੰਤ! ਇਕ ਛੁਹ ਤੁਹਾਡੀ ਨੂੰ

ਦਿਲ ਮੰਗਦਾ ਨਹਿ ਰਜਦਾ,

ਛੁਹ ਤੁਹਾਡੀ ਦਾ ਕਹਿਰ ਵਿਛੋੜਾ,

ਸੇਲੇ ਵਾਂਙੂ ਵਜਦਾ,

ਚਸ਼ਮੇ ਨੂੰ ਜਿਉਂ 'ਛੋਹ ਗ਼ੈਬ' ਦੀ,

ਮਿਲੀ ਪਿਆ ਨਿਤ ਖੇਡੇ,

ਛੁਹ ਆਪਣੀ ਦੀ ਗੋਦ ਖਿਡਾ ਤਿਉਂ-

ਮਾਂ ਨੂੰ ਇਹ ਕੁਝ ਫਬਦਾ।[25]

ਗੁਰਮਤਿ ਕੋਈ ਅੱਖਰੀ ਗਿਆਨ ਨਹੀਂ ਜੋ ਬਾਹਰੋਂ ਅੰਦਰ ਵੰਨੀ ਤੁੰਨਿਆ ਹੁੰਦਾ ਹੈ। ਇਹ ਤਾਂ ਨਾਮ-ਸਿਮਰਨ ਦੇ ਮਾਂਜੇ ਨਾਲ ਆਤਮਾ ਦੀਆਂ ਮੈਲਾਂ ਨੂੰ ਧੋਣ ਉਪਰੰਤ ਸਹਿਜ ਰੂਪ ਵਿਚ ਪ੍ਰਗਟ ਹੋਇਆ ਆਤਮ-ਗਿਆਨ ਹੁੰਦਾ ਹੈ ਜਿਸ ਦੀ ਦੈਵੀ ਵਿਦਵਤਾ ਬੁੱਧੀ ਦੀ ਰੰਗਤਾ ਨੂੰ ਮਾਤ ਪਾਉਂਦੀ ਹੈ। ਨਾਮ ਦੀ ਦਾਤ ਤੇ ਸਿਮਰਨ ਦੀ ਜੁਗਤਿ ਗੁਰੂ ਪਾਸੋਂ ਪ੍ਰਾਪਤ ਹੋਣੀ ਗੁਰਮਤਿ ਦੇ ਇਸ ਖਿਆਲ ਨੂੰ ਭਾਈ ਸਾਹਿਬ ਅਨੂਪਮ ਬਿੰਬ ਰਾਹੀਂ ਇਉਂ ਪੇਸ਼ ਕਰ ਜਾਂਦੇ ਹਨ-

ਸਿਰ ਕਚਕੌਲ ਬਨਾ ਹੱਥ ਲੀਤਾ,
ਪੜ੍ਹਿਆ ਦੁਆਰੇ ਫਿਰਿਆ,
ਦਰ ਦਰ ਦੇ ਟੁਕ ਮੰਗ ਕੇ ਪਾਏ,
ਤੁੰਨ ਤੁੰਨ ਕੇ ਇਹ ਭਰਿਆ,
ਭਰਿਆ ਦੇਖ ਅਫਰਿਆ ਮੈਂ ਸਾਂ,
ਜਾਣਾ ਪੰਡਤ ਹੋਇਆ-
ਟਿਕੇ ਨ ਪੈਰ ਜਿਮੀ ਤੇ ਮੇਰਾ
ਉੱਚਾ ਹੋ ਹੋ ਟੁਰਿਆ॥
ਇਕ ਦਿਨ ਏ ਕਚਕੌਲ ਲੈ ਗਿਆ
ਮੁਰਸ਼ਿਦ ਮੂਹਰੇ ਧਰਿਆ,
ਜੂਠ ਜੂਠ ਕਰ ਉਸ ਉਲਟਾਇਆ
ਖਾਲੀ ਸਾਰਾ ਕਰਿਆ,
ਮਲ ਮਲ ਕੇ ਫਿਰ ਧੋਤਾ ਇਸ ਨੂੰ
ਮੈਲ ਇਲਮ ਦੀ ਲਾਹੀ;

ਦੇਖੋ, ਇਹ ਕਚਕੌਲ ਲਿਸ਼ਕਿਆ,

ਕੰਵਲ ਵਾਂਙ ਫਿਰ ਖਿੜਿਆ।[26]

ਇਵੇਂ ਭਾਈ ਸਾਹਿਬ ਦੀ ਕੋਈ ਵੀ ਕਵਿਤਾ ਲੈ ਲਈਏ ਉਸ ਦੇ ਪ੍ਰਤੀਕਮਈ ਮੁਹਾਂਦਰੇ ਵਿਚੋਂ ਗੁਰਮਤਿ ਦੇ ਖਿਆਲ ਨਿਹਾਰੇ ਜਾ ਸਕਦੇ ਹਨ। ਹਰ ਕਵਿਤਾ ਆਪਣੇ ਸਹਿਜ ਰੂਪ ਵਿਚ ਅਰਦਾਸ ਬਣਦੀ ਜਾਂਦੀ ਹੈ।

**ਸਤਿ ਸੁਹਾਣੁ ਸਦਾ ਮਨ ਚਾਉ ਦੀ ਕਾਵਿ ਚੇਤਨਾ:-**

ਭਾਈ ਵੀਰ ਸਿੰਘ ਜੀ ਦੇ ਵਿਅਕਤਿਤਵ ਤੇ ਕਾਵਿ-ਚੇਤਨਾ ਦਾ ਕੇਂਦਰ-ਬਿੰਦੂ 'ਸਤਿ ਸੁਹਾਣੁ ਸਦਾ ਮਨਿ ਚਾਉ' ਵਾਲਾ ਖੇੜੇ ਤੇ ਅਨੰਦ ਭਰਪੂਰ ਜੀਵਨ ਦੀ ਲੋਚਾ ਹੈ। ਇਹ ਅਵਸਥਾ ਆਤਮਿਕ ਟਿਕਾਉ ਵਾਲੇ ਪੁਰਸ਼ਾਂ ਨੂੰ ਹੀ ਪ੍ਰਾਪਤ ਹੁੰਦੀ  ਹੈ ਜੋ ਸਹਿਜ ਅਵਸਥਾ ਦੇ 'ਸਦਾ ਵਿਗਾਸ' ਵਿਚ ਵਿਚਰਦੇ ਹਨ। ਇਹ ਸਦਾ ਵਿਗਾਸ ਤਕ ਪਹੁੰਚਣਾ ਕਿਵੇਂ ਹੈ। ਪ੍ਰਸ਼ਨਵਾਕ ਹੈ, ਪਰ ਇਸ ਪ੍ਰਸ਼ਨ ਨੂੰ ਜਾਨਣ ਦੀ ਜਿਗਿਆਸਾ ਜਪੁਜੀ ਵਿਚ ਉਤਰਨ ਤੇ ਪੂਰੀ ਹੋ ਜਾਂਦੀ ਹੈ ਅਤੇ ਬਾਖੂਬੀ ਉਸ ਦਾ ਉਲੇਖ ਕੀਤਾ ਮਿਲਦਾ ਹੈ ਜਿਸਨੂੰ ਪੰਜ ਖੰਡਾਂ ਨਾਲ ਸੰਬੰਧਤ ਕੀਤਾ ਗਿਆ ਇਹ ਖੰਡ ਮਨੁੱਖੀ ਅਧਿਆਤਮ ਵਿਕਾਸ ਦਾ ਮੂਲ ਮੰਤਰ ਹਨ। ਅਧਿਆਤਮ ਵਿਕਾਸ ਦੀ ਇਹ ਪਉੜੀ ਧਰਮ ਖੰਡ ਤੋਂ ਸ਼ੁਰੂ ਹੋ ਸੱਚਖੰਡ ਤਕ ਚਲਦੀ ਹੈ। ਸਚਖੰਡ ਵਿਕਾਸ ਦਾ ਸਿਖਰ ਹੈ। ਕਠਨ ਮਾਰਗ ਹੈ ਕੋਈ ਸਹਿਜ ਪ੍ਰਕਿਰਿਆ ਨਹੀਂ ਇਸ ਮਾਰਗ ਤੇ ਚਲਣ ਵਾਲੇ ਪਾਂਧੀਆਂ ਨੂੰ ਕੋਈ ਨਿਰੰਤਰ ਆਪਣੇ ਵਲ ਖਿੱਚਦਾ ਹੈ ਤੇ ਉਹ :

ਲਗਾਤਾਰ, ਸਹਿਜ ਸਹਿਜ

ਹੋਸ਼, ਬੁਧਿ ਧਰਮ ਨਾਲ

ਮੇਲ ਵਿਉਂਤ ਜੁਗਤ ਚਲੇ

ਕੌਣ ਕਰੇ ਸੁ ਸਾਮਨਾ।[27]

ਵਾਲੀ ਬਲਵਾਨ ਬਿਰਤੀ ਦੇ ਧਾਰਨੀ ਬਣ ਨਿਰੰਤਰ ਵਹੇ ਜਾਂਦੇ ਹਨ ਆਪਣੀ ਪਾਕੀਜ਼ ਮੁਹੱਬਤ ਵਲ ਕੋਈ ਹੋੜ ਨਹੀਂ, ਕੋਈ ਰੋਕ ਨਹੀਂ ਬਸ ਨਿਰੰਤਰਤਾ ਹੈ। ਦਿਲ ਵਿਚ ਕੋਈ ਬਾਣ ਲਗਾ ਹੈ ਜੋ ਆਰਾਮ ਕਰਨ ਵੀ

ਨਹੀਂ ਦੇਂਦਾ ਤੇ ਦੂਜਾ ਆਰਾਮ ਦੀ ਲੋੜ ਵੀ ਕਿਸ ਨੂੰ ਮਹਿਸੂਸ ਹੁੰਦੀ ਹੈ, ਬਸ ਅੱਖੀਆਂ ਲੱਗ ਚੁੱਕੀਆਂ ਹਨ ਤੇ ਹੁਣ ਤੇ ਹਰ ਕਦਮ ਵੀ ਉਸ ਵਲ ਪੁਟਿਆ ਜਾ ਰਿਹਾ, ਕਿਉਂਕਿ ਲਗਨ ਇਲਾਹੀ ਜਦੋਂ ਲਗ ਜਾਵੇ ਤਾਂ ਫਿਰ ਮੁਕਾਮ ਵਲ ਤੌਰ ਅਨੰਤ ਹੋ ਜਾਂਦੀ ਹੈ ਕਿਉਂਕਿ ਉਥੇ ਵੀ ਤੇ ਵਸਲ ਤੇ ਮਿਲਾਪ ਹੈ। ਜਨਮਾ ਜਨਮਾਂਤਰਾਂ ਦੀਆਂ ਭੁਖਾਂ ਦਾ ਖਾਤਮਾ ਹੈ ਬੇਸ਼ਕ ਪੰਧ ਬਿਖੜਾ ਹੈ ਪਰ ਪੰਧ ਵਲ ਤੁਰਨ ਦੀ ਹਿੰਮਤ ਵੀ ਕਿਸ ਨੇ ਦਿੱਤੀ ਜੋ ਮਾਲਿਕ ਹੈ ਪਾਸਾਰੇ ਦਾ।

ਜਿਵੇਂ ਕਿ ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਮਨੁੱਖ ਸਰੀਰ, ਮਨ ਤੇ ਰੂਹ ਦਾ ਪੁੰਜ ਹੈ। ਇਹਨਾਂ ਤਿੰਨਾਂ ਦੀਆਂ ਆਪਣੀਆਂ- ਆਪਣੀਆਂ ਭੁੱਖਾਂ ਹਨ। ਸਰੀਰ ਦੀਆਂ ਭੁੱਖਾਂ ਸਭ ਤੋਂ ਨੀਵੀਂ ਬਿਰਤੀ ਹਨ। ਅਜੋਕੇ ਸੰਦਰਭ ਵਿਚ ਵੇਖੀਏ ਤਾਂ ਸਾਰਾ ਸੰਸਾਰ ਮਾਇਆ ਦੇ ਪਦਾਰਥਕ ਜੀਵਨ ਦੀ ਧੰਧੈ-ਧਾਵਣੀ ਵਿਚ ਉਲਝਿਆ ਹੋਇਆ ਖੋਹ-ਖਿੰਝ, ਸਾੜੇ-ਨਫਰਤ, ਰੋਸੇ-ਸ਼ਿਕਵਿਆਂ ਦੇ ਦਵੰਦ ਵਿਚ ਫਸਿਆ ਪਿਆ ਹੈ। ਮਨ ਦੀਆਂ ਚਾਹਤਾਂ ਪੂਰੀਆਂ ਹੀ ਨਹੀਂ ਹੁੰਦੀਆਂ ਤੇ ਉਹ ਰੂਹ ਨੂੰ ਗ਼ੁਲਾਮ ਬਣਾ ਕੇ ਬਾਹਰਮੁਖੀ ਜੀਵਨ ਵਿਚ ਚਿੰਤਾ ਗ੍ਰਸਤ ਹੋਇਆ ਮੁਰਝਾਏ ਚਿਹਰੇ ਨਾਲ ਦੌੜਾ ਫਿਰ ਰਿਹਾ ਹੈ। ਅਜਿਹੇ ਵਾਤਾਵਰਨ ਵਿਚੋਂ ਨਾ ਮਨ ਦਾ ਟਿਕਾਉ ਕਿਧਰੇ ਨਜ਼ਰ ਆਉਂਦਾ ਹੈ ਤੇ ਨਾ ਹੀ ਰੂਹ ਦਾ ਖੇੜਾ। ਮਨ ਤੇ ਰੂਹ ਦੇ ਖੇੜੇ ਨਾਲ ਸਰੀਰ ਦਾ ਖੇੜਾ ਜੁੜਿਆ ਹੋਇਆ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਮਨੁੱਖ 'ਹੁਕਮ ਰਜਾਈ ਚਲਣਾ' ਦੇ ਭਾਣਾਮਈ ਜੀਵਨ ਜਿਊਣ ਦੀ ਜਾਚ ਸਿੱਖ ਲਵੇ। ਇਹ ਸਭ ਕੁਝ ਨਾਮ-ਸਿਮਰਨ ਤੋਂ ਬਿਨਾਂ ਸੰਭਵ ਨਹੀਂ ਹੋ ਸਕਦਾ। ਮਨੁੱਖ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਜੀਵਨ ਕੀ ਹੈ ਅਤੇ ਜ਼ਿੰਦਗੀ ਦੀ ਅੰਤਮ ਸਚਾਈ ਕੀ ਹੈ ਭਾਈ ਸਾਹਿਬ ਦੀ ਬਲਵਾਨ ਸੁਰਤਿ ਇਸ ਰਹੱਸ ਨੂੰ ਹੰਢਾਉਂਦੀ ਹੋਈ ਬਹੁਤ ਹੀ ਸਹਿਜ ਰੂਪ ਇਹਨਾਂ ਪ੍ਰਸ਼ਨਾਂ ਦੇ ਉਤਰ ਆਪਣੀ ਕਵਿਤਾ 'ਜੀਵਨ ਕੀ ਹੈ' ਵਿਚ ਦਿੰਦੀ ਹੈ। ਪਦਾਰਥਕ ਮਾਰ ਝੱਲਦੀ ਰੋਗੀ ਪਰ ਜਗਿਆਸੂ ਇਸਤਰੀ (ਜੀਵ-ਆਤਮਾ) ਚਾਰ-ਚੁਫੇਰੇ ਟੱਕਰਾਂ ਮਾਰਦੀ ਅੰਤ ਇਕ ਛੰਭ ਦੇ ਕਿਨਾਰੇ ਆ ਖਲੋਂਦੀ ਹੈ ਤੇ ਪ੍ਰਸ਼ਨ ਕਰਦੀ ਹੈ- 'ਜੀਵਨ ਕੀ ਹੈ'। ਛੰਭ ਜੁਆਬ ਦਿੰਦਾ ਹੈ, 'ਫੇਰ ਆਵੀਂ'।ਇਹ ਸਿਲਸਿਲਾ ਓਨਾ ਚਿਰ ਨਿਰੰਤਰ ਚਲਦਾ ਰਹਿੰਦਾ ਹੈ ਜਦ ਤਕ ਛੰਭ ਕੰਵਲ ਫੁੱਲਾਂ ਦੇ ਖੇੜੇ ਨਾਲ ਭਰਪੂਰ ਨਹੀਂ ਹੋ

ਜਾਂਦਾ। ਅੰਤਮ ਫੇਰੇ ਵਿਚ ਜਦ ਇਹ ਜਗਿਆਸਣ ਆਪਣਾ ਪ੍ਰਸ਼ਨ ਲੈ ਕੇ ਆਉਂਦੀ ਹੈ ਤਾਂ ਉਸ ਨੂੰ ਪ੍ਰਸ਼ਨ ਤੋਂ ਪਹਿਲਾਂ ਹੀ ਇਹ ਉੱਤਰ ਮਿਲ ਜਾਂਦਾ ਹੈ ਕਿ 'ਜੀਵਨ ਖੇੜਾ ਹੈ'। ਇਹ ਖੇੜਾ ਪ੍ਰਾਪਤ ਕਿਵੇਂ ਕਰਨਾ ਹੈ, ਇਹਨਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਇਸ ਕਵਿਤਾ ਵਿਚ ਬੜੇ ਸਹਿਜ ਰੂਪ ਵਿਚ ਪ੍ਰਗਟ ਹੋਏ ਹਨ ਜਿਹਨਾਂ ਦੇ ਪਿਛੋਕੜ ਵਿਚ ਇਹ ਫ਼ਲਸਫ਼ਾ ਕੰਮ ਕਰਦਾ ਹੈ ਕਿ ਜੀਵਨ 'ਸਤਿ ਸੁਹਾਣੁ ਸਦਾ ਮਨਿ ਚਾਉ' ਦਾ ਨਾਮ ਹੈ। ਪਦਾਰਥਕ ਜੀਵਨ ਦੀ ਦੌੜ-ਭੱਜ ਵਿਚੋਂ ਨਾ ਸਤਿ ਦੀ ਪ੍ਰਾਪਤੀ ਹੋਣੀ ਹੈ ਤੇ ਨਾਹੀ ਸੁਹਜ ਲਭਿਆ ਜਾ ਸਕਦਾ ਹੈ। ਇਹ ਤਾਂ ਕੁਦਰਤੀ ਜੀਵਨ (Natural Life) ਦੀ ਸਹਿਜ ਬਿਰਤੀ ਹੈ-

ਜਿਉ ਖਿੜਿਆ ਸੀ ਸਰਵਰ ਸਾਰਾ
'ਦਿਲ-ਨਾਰੀ' ਖਿੜ ਆਇਆ।
ਅੰਦਰ ਫੁੱਟ ਪਿਆ ਜਿਉਂ ਸੋਮਾ,
ਕੜ ਖੁਸ਼ੀਆਂ ਦਾ ਫੁਟਿਆ,
ਹੁਸਨ ਅੰਦਰੋਂ ਅੰਦਰਲੇ ਦਾ
ਚਸ਼ਮੇਂ ਜਿਉਂ ਫੁਟ ਛੁਟਿਆ,
ਲੂੰ ਲੂੰ ਵਿਚੋਂ ਛੁਟੇ ਫੁਹਾਰੇ,
ਖੇੜੇ ਛਹਿਬਰ ਲਾਈ।[28]

ਜ਼ਿੰਦਗੀ ਤਨ, ਮਨ ਤੇ ਰੂਹ ਦੀ ਉਹ ਸਾਂਵੀ (Balanced) ਅਵਸਥਾ ਦਾ ਨਾਮ ਹੈ ਜੋ ਇਕ ਦੂਜੇ ਵਿਚ ਰੰਗ ਭਰਦੀ ਹੈ। ਮਨ ਨੂੰ ਤਨ ਦੀਆਂ ਲੋੜਾਂ ਤੋਂ ਉੱਪਰ ਉਠ ਕੇ ਰੂਹ ਦੀਆਂ ਖੁਸ਼ੀਆਂ ਨਾਲ ਜੋੜਨਾ ਚਾਹੀਦਾ ਹੈ ਜਿਸ ਨਾਲ ਤਨ ਤੇ ਮਨ ਦੋਵੇਂ ਨਰੋਏ ਤੇ ਨਿਰਮਲ ਹੁੰਦੇ ਹਨ-

ਜਿੰਦ ਜਿ ਢਹਿੰਦੀ ਖੇੜਿਓਂ
ਢੈ ਪੈਂਦੀ ਦੇਹ ਨਾਲ,
ਜਿੰਦੜੀ ਹੈ ਜਿਉਂ ਆਸਰਾ

ਇਸ ਦੇਹੀ ਦਾ ਲਾਲ।

ਤਿਉ ਖੇੜਾ ਹੈ ਆਸਰਾ

ਇਸ ਜਿੰਦੜੀ ਦਾ ਮਾਲ।

ਖੇੜਾ ਜਿੰਦੜੀ ਇਕ ਹਨ

ਇਕ ਦੂਹਾਂ ਦੀ ਚਾਲ।[29]

ਕਹਿੰਦੇ ਹਨ ਜਿਨ੍ਹਾਂ ਦਾ ਅੰਦਰ ਰੱਬੀ ਦੌਲਤ (ਨਾਮ ਦੀ ਕਮਾਈ) ਨਾਲ ਭਰਿਆ ਹੁੰਦਾ ਹੈ ਉਨ੍ਹਾਂ ਨੂੰ ਸਿਆਲੇ ਵਿਚ ਇਸ ਦਾ ਨਿੱਘ ਤੇ ਹੁਨਾਲੇ ਵਿਚ ਠੰਡਕ ਮਹਿਸੂਸ ਹੁੰਦੀ ਹੈ। ਅਜਿਹੇ ਲੋਕ ਆਪ ਵਿਗਸਦੇ ਹੋਏ ਦੂਜਿਆਂ ਨੂੰ ਸੁਹਜ ਤੇ ਵਿਗਾਸ ਵੰਡਦੇ ਹਨ-

ਕੂਕ ਕੂਕ ਸੁਹਣਾ ਪਿਯਾ ਆਖੇ: "ਤਨ ਮਨ ਮੇਰਾ ਖੇੜਾ,

ਖਿੜਨ ਖਿੜਾਵਨ ਬਾਝੋਂ ਸਾਨੂੰ ਹੋਰ ਸੁਰਤਿ ਨਹਿ ਕੋਈ"।[30]

ਭਾਈ ਸਾਹਿਬ ਜੀ ਦਾ 'ਸਤਿ ਸੁਹਾਣੁ ਸਦਾ ਮਨਿ ਚਾਉ' ਦਾ ਗੁਰਮਤਿ ਵਾਲਾ ਫ਼ਲਸਫ਼ਾ ਅੰਤਰ-ਆਤਮਾ ਦੇ ਟਿਕਾਓ ਵਿਚੋਂ ਉਪਜੀ ਤੇ ਵਿਗਸੀ ਜੀਵਨ-ਜਾਂਚ ਹੈ। ਇਸ ਨੂੰ ਪੈਦਾ ਕਰਨ ਲਈ ਪਦਾਰਥਕ ਅਮੀਰੀਆਂ ਦੀ ਲੋੜ ਨਹੀਂ, ਰੂਹ ਦੀ ਅਮੀਰੀ ਦੀ ਲੋੜ ਹੈ। ਬਹੁਤ ਘੱਟ ਅਮੀਰ ਲੋਕ ਹੁੰਦੇ ਹਨ ਜਿਨ੍ਹਾਂ ਦੇ ਚਿਹਰਿਆਂ ਉੱਪਰ ਸੰਤੁਸ਼ਟੀ ਤੇ ਇਕ ਰਸ ਖੇੜੇ ਦੀ ਝਲਕ ਦੇਖੀ ਜਾ ਸਕਦੀ ਹੈ, ਇਸ ਦੇ ਉਲਟ ਗਰੀਬ ਕਿਰਤੀ ਲੋਕ ਵਧੇਰੇ ਖੁਸ਼ ਨਜ਼ਰ ਆਉਂਦੇ ਹਨ।

**ਰਹੱਸਵਾਦੀ ਕਾਵਿ-ਚੇਤਨਾ:-**

ਰਹੱਸਵਾਦ ਕੋਈ ਦਰਸ਼ਨ ਜਾਂ ਸਿਧਾਂਤ ਨਹੀਂ ਸਗੋਂ ਅਨਭੁਵ ਹੈ ਜੋ ਅੰਦਰੂਨੀ ਚੇਤਨਾ ਰਾਹੀਂ ਕੁਦਰਤ ਵਿਚੋਂ ਕਾਦਰ ਨੂੰ ਨਿਹਾਰਦਾ ਹੈ। ਡਾ. ਰਾਮ ਕੁਮਾਰ ਵਰਮਾ ਰਹੱਸਵਾਦ ਨੂੰ ਪਰਿਭਾਸ਼ਿਤ ਕਰਦੇ ਲਿਖਦੇ ਹਨ-"ਰਹੱਸਵਾਦ ਜੀਵ ਆਤਮਾ ਦੀ ਉਸ ਅੰਦਰੂਨੀ ਪਰਵਿਰਤੀ ਦਾ ਪ੍ਰਕਾਸ਼ਨ ਹੈ ਜਿਸ ਵਿਚ ਉਹ ਅਦਭੁੱਤ ਅਤੇ ਅਲੌਕਿਕ ਸ਼ਕਤੀ ਨਾਲ ਆਪਣਾ ਸ਼ਾਂਤ ਅਤੇ ਨਿਰਛਲ ਸੰਬੰਧ ਜੋੜਨਾ ਚਾਹੁੰਦੀ ਹੈ। ਇਹ

ਸੰਬੰਧ ਇਥੋਂ ਤਕ ਵਧ ਜਾਂਦਾ ਹੈ ਕਿ ਦੋਹਾਂ ਵਿਚ ਕੋਈ ਅੰਤਰ ਹੀ ਨਹੀਂ ਰਹਿ ਜਾਂਦਾ।" ਇਵੇਂ ਰਹੱਸਵਾਦੀ ਚੇਤਨਾ ਉਹ ਚੇਤਨਾ ਹੈ ਜੋ ਬੁੱਧੀ ਮੰਡਲੇ ਦੀ ਸਮਝ ਤੋਂ ਪਾਰ ਦੀਆਂ ਸਚਾਈਆਂ ਦੀ ਆਤਮਿਕ ਪਕੜ ਵਿਚ ਵਿਸ਼ਵਾਸ ਰੱਖਦੀ ਹੈ। ਇਹ ਤਾਂ "ਜਿਨਿ ਇਹ ਚਾਖੀ ਸੋਈ ਜਾਣੈ ਗੂਗੇ ਕੀ ਮਿਠਿਆਈ" (ਸੋਰਠਿ ਮ. ੪) ਵਾਲੀ ਅਨੁਭਵਤਾ ਹੁੰਦੀ ਹੈ। ਭਾਈ ਵੀਰ ਸਿੰਘ ਦੀ ਚੇਤਨਾ ਰਹੱਸਵਾਦੀ ਕਾਵਿ-ਚੇਤਨਾ ਹੈ ਜੋ ਭਾਵਾਤਮਕ ਅਨੁਭੂਤੀ ਦੀ ਨੀਂਹ ਉਪਰ ਉਸਰਦੀ ਹੈ। ਅਨੁਭੂਤੀ ਦਾ ਸੰਬੰਧ ਨਿਰੋਲ ਅੰਤਹਕਰਣ ਨਾਲ ਹੁੰਦਾ ਹੈ। ਆਪ ਦੀ ਕਵਿਤਾ ਆਤਮ ਵਿਹੀਨ ਵਿਦਵਾਨ ਵਾਲੀ, ਆਤਮ ਵਿਭੋਰ ਉਪਾਸ਼ਕ ਵਾਲੀ ਹੈ। ਉਨ੍ਹਾਂ ਦਾ ਅੰਤਹਕਰਣ ਅਰੂਪ ਵਾਹਿਗੁਰੂ ਦੇ ਪ੍ਰਕਾਸ਼ ਨਾਲ ਨੂਰੋ ਨੂਰ ਹੈ ਤੇ ਇਸੇ ਕਰਕੇ ਕੁਦਰਤ ਦੀ ਹਰ ਅਦਾ ਵਿਚੋਂ ਉਨ੍ਹਾਂ ਨੂੰ ਇਹ ਝਲਕਾਰਾ ਅਨੁਭਵ ਹੁੰਦਾ ਹੈ। ਇਹੀ ਉਨ੍ਹਾਂ ਦੀ ਸ਼ੁੱਧ ਰਹੱਸਵਾਦੀ ਕਾਵਿ-ਚੇਤਨਾ ਹੈ-

ਵੈਰੀ ਨਾਗ ਤੇਰਾ ਪਹਿਲਾ ਝਲਕਾ
ਜਦ ਅਖੀਆਂ ਵਿਚ ਵਜਦਾ।
ਕੁਦਰਤ ਦੇ ਕਾਦਰ ਦਾ ਜਲਵਾ
ਲੈ ਲੈਂਦਾ ਇਕ ਸਿਜਦਾ।[31]

ਉਪਰੋਕਤ ਕਾਵਿ-ਸਤਰਾਂ ਵਿਚੋਂ ਭਾਈ ਸਾਹਿਬ ਅੰਤਰਮੁਖਤਾ ਦੀ ਭਰਪੂਰਤਾ ਨੂੰ ਬਾਹਰਮੁਖਤਾ ਵਿਚੋਂ ਅਨੁਭਵ ਕਰਦੇ ਹਨ। ਇਸ ਦੇ ਉਲਟ ਰਹੱਸਵਾਦ ਬਾਹਰਮੁਖਤਾ ਤੋਂ ਅੰਤਰਮੁਖ ਵੀ ਹੁੰਦਾ ਹੈ। ਭਾਈ ਸਾਹਿਬ ਦੀ ਕਾਵਿ-ਸਾਧਨਾ ਇਹਨਾਂ ਦੋਹਾਂ ਧਰਾਵਾਂ ਵਿਚ ਖੇਡਦੀ ਹੈ। ਮਜਨੂੰ ਜਦ ਲੇਲੀ ਦੀ ਲਿਵ ਦਾ ਪਲਾ ਫੜ ਲੈਂਦਾ ਹੈ ਤਾਂ ਉਸ ਦੇ ਅੰਦਰ ਵੱਸੀ ਹੋਈ ਲੇਲੀ ਪ੍ਰਗਟ ਹੋ ਜਾਂਦੀ ਹੈ ਤੇ ਬਾਹਰਮੁਖਤਾ ਦਾ ਯਥਾਰਥ ਉਸ ਨੂੰ ਵਿਸਰ ਜਾਂਦਾ ਹੈ-

ਲਿਵ ਲੇਲੀ ਵਿਚ ਲਗ ਗਈ,
ਅੰਦਰ ਲੈਲੀ ਆਈ।
ਲੇਲੀ ਵੀ ਹੁਣ ਖਿਚ ਖਾਇ ਕੇ,

ਮਜਨੂੰ ਲਭਦੀ ਆਈ।

'ਮੈਂ ਲੇਲੀ' ਲੇਲੀ ਪਈ ਕੂਕੇ,

ਮਜਨੂੰ ਸਯਾਣ ਨ ਕਾਈ।

'ਮੈ ਲੇਲੀ' ਮੈਂ ਲੇਲੀ ਕੂਕੇ

ਮਜਨੂੰ ਲੇਲੀ ਹੋਯਾ

ਆਪੇ ਪ੍ਰੀਤਮ ਬਣ ਗਿਆ ਪ੍ਰੇਮੀ

ਟੇਕ ਜਾਂ ਅੰਦਰ ਪਾਈ।[32]

ਭਾਈ ਸਾਹਿਬ ਦੀਆਂ ਕਵਿਤਾ ਵਿਚ ਰੱਬੀ ਛੁਹ ਦਾ ਬਹੁ-ਭਾਂਤੀ ਅਨੁਭਵ ਹੋਇਆ ਹੈ। ਇਹ ਕਿੰਨਾ ਅਚਰਜ ਅਨੁਭਵ ਹੈ ਕਿ ਅਣਡਿੱਠਾ ਰਸਦਾਤਾ ਅਧਮੀਟਿਆਂ ਬੁੱਲਾਂ ਨੂੰ ਅਚਾਨਕ ਹੀ ਕੋਈ ਆਪਣੀ ਪ੍ਰੇਮ ਛੁਹ ਲਗਾ ਜਾਂਦਾ ਹੈ ਜਿਸ ਨਾਲ ਅਗੰਮੀ ਸੁਆਦ ਗੂੰਗੇ ਦੇ ਗੁੜ ਖਾਣ ਵਾਂਗ ਅਬੋਲ ਹੋ ਕੇ ਇਸ ਦੇ ਰਸ-ਰੰਗ ਵਿਚ ਝੂੰਮ ਉੱਠਦਾ ਹੈ।

ਇਸ ਦੈਵੀ ਛੁਹ ਨੂੰ ਭਾਈ ਵੀਰ ਸਿੰਘ ਜੀ ਨੇ 'ਮੱਥੇ-ਛੁਹ', 'ਛੁਹ-ਜੀਅਦਾਨ', 'ਪਾਰਸ-ਛੁਹ', 'ਛੁਹ-ਚਰਨ', 'ਛੁਹ-ਨੂਰੀ', 'ਛੁਹ-ਰੰਗਲੀ', 'ਛੁਹ-ਚਾਨਣ', 'ਛੁਹ-ਜਾਨ', 'ਛੁਹ-ਖੁਸ਼ੀ ਦੀ', 'ਪ੍ਰੀਤਮ-ਛੁਹ', 'ਜੀਵਨ-ਛੁਹ', 'ਛੁਹ-ਅਮੁਲ', 'ਅਰਸ਼ੀ-ਛੁਹ', ਅਨੇਕਾਂ ਕਵਿਤਾਵਾਂ ਵਿਚ ਪ੍ਰਗਟ ਕੀਤਾ ਹੈ। ਆਪ ਦੀ ਹਰ ਕਵਿਤਾ ਵਿਚੋਂ ਰਹੱਸਵਾਦੀ-ਚੇਤਨਾ ਦੀਆਂ ਅਲਾਮਤਾਂ ਸਹਿਜੇ ਹੀ ਮਾਣੀਆਂ ਜਾ ਸਕਦੀਆਂ ਹਨ। ਇਹ ਰਹੱਸਵਾਦੀ ਚੇਤਨਾ ਦੋ ਪਰਸਪਰ ਵਿਰੋਧੀ ਧਾਰਾਵਾਂ ਵਿਚ ਵਿਕਸਤ ਹੁੰਦੀ ਹੈ। ਇਕ ਵਿਚ ਸਾਰੇ ਸੰਸਾਰ ਦੀ ਇਕਮਿਕਤਾ ਦਾ ਅਨੁਭਵ ਹੈ ਅਤੇ ਦੂਜੀ ਵਿਚ ਸਤਿ ਦਾ ਅੰਤਰਮੁਖੀ ਅਨੁਭਵ ਪ੍ਰਕਾਸ਼ਮਾਨ ਹੁੰਦਾ ਹੈ। ਗੁਰਬਾਣੀ ਦੇ ਰਹੱਸ ਨੂੰ ਆਪ ਨਿੱਜੀ ਅਨੁਭੂਤੀ ਰਾਹੀਂ ਮੌਲਿਕ ਬਿੰਬਾਂ, ਪ੍ਰਤੀਕਾਂ ਰਾਹੀਂ ਇਵੇਂ ਬਿਆਨ ਕਰ ਜਾਂਦੇ ਹਨ ਜਿਵੇਂ ਸਾਰਾ ਬ੍ਰਹਿਮੰਡ ਉਨ੍ਹਾਂ ਦੇ ਸੀਨੇ ਵਿਚ ਛੁਪਿਆ ਹੋਵੇ।

ਭਾਈ ਸਾਹਿਬ ਦਾ ਰਹੱਸਵਾਦੀ ਅਨੁਭਵ ਸੁਹਾਗਣੀ-ਗਾਇਣ ਦੇ ਰੂਪ ਵਿਚ ਆਪ-ਮੁਹਾਰੇ ਉਜਾਗਰ ਹੁੰਦਾ ਹੈ। ਸੁਹਾਗ-ਗੀਤ ਮਿਲਾਪ ਦੇ ਚਾਅ ਵਿਚ ਗਾਏ ਜਾਂਦੇ ਹਨ। ਭਾਈ ਸਾਹਿਬ ਦਾ ਆਪਾ ਸੁਹਾਗ ਦੀ ਅਨੁਭੂਤੀ ਵਿਚ ਸਰੀਰਕ-ਰਸ ਨਹੀਂ, ਆਤਮਿਕ-ਰਸ ਮਾਣਦਾ ਹੈ। ਇਸ ਵਿਚ ਅਥਾਹ ਸ਼ਰਧਾ ਸਮਾਈ ਹੋਈ ਹੈ। 'ਗੁਦਾਵਰੀ ਗੀਤ' ਵਿਚ ਇਸ ਨੂੰ ਗੁਦਾਵਰੀ ਨਦੀ ਦੇ ਮਾਨਵੀਕਰਨ ਰਾਹੀਂ ਪੇਸ਼ ਕੀਤਾ ਗਿਆ ਕਿ ਜੀਅ-ਦਾਨ ਦਾਤੇ ਨੇ ਜਦ ਆਪਣੇ ਚਰਨ-ਕਮਲ ਗੁਦਾਵਰੀ ਵਿਚ ਧਰੇ ਤਾਂ ਮਾਨੋਂ ਗੁਦਾਵਰੀ ਸੰਗੀਤ ਰੂਪ ਹੋ ਇਲਾਹੀ ਨਾਦ ਦੇ ਵਿਸਮਾਦ ਵਿਚ ਆ ਗਈ-

ਨੀ ਮੈਂ ਚਰਨ ਪਰਸ ਬਉਰਾਨੀ!
ਥਰਰ ਥਰਰ ਕੁਈ ਛਿੜੀ ਖਿਰਨ ਹੈ
ਲਰਜ਼ ਗਏ ਮੇਰੇ ਪਾਨੀ!
ਝਰਨ ਝਰਨ ਰਸ ਭਿੰਨੜੀ ਛੁਟ ਪਈ
ਕੰਬ ਉਠੀ ਜਿਉਂ ਕਾਨੀ!
ਚਮਕ ਚਮਕ ਲਹਿਰਾਂ ਵਿਚ ਲਿਸ਼ਕੀ
ਬਿਜਲੀ ਜਿਉਂ ਥਰਰਾਨੀ!
ਮਸਤ ਅਲਸਤੀ ਛੂਮਣ ਛੂੰਮੀ
ਪ੍ਰੇਮ ਲਟਕ ਲਟਕਾਨੀ!
... ...
ਕੌਣ ਸਖੀ ਅਜ ਛੁਹ ਗਿਆ ਸਾਨੂੰ
ਜੀਅ-ਦਾਨ ਦਾ ਦਾਨੀ!
ਨੀਵਿਆਂ ਤੋਂ ਨੀਵੀਂ ਮੈਂ ਵਗਦੀ
ਬਣੀ ਅਰਸ਼ ਦੀ ਰਾਨੀ,

ਕਿਸੇ ਨੇ ਪਯਾਰ-ਅਣੀ ਆ ਚੋਭੀ

ਪ੍ਰੀਤਿ ਤਾਰ ਖਿੰਚਾਨੀ![33]

ਇਵੇਂ ਭਾਈ ਸਾਹਿਬ ਦਾ ਰਹੱਸਵਾਦੀ ਅਨੁਭਵ ਇਥੇ 'ਚਰਨ ਪਰਸਣ ਦੀ ਅਦੁੱਤੀ ਬਉਰਾਨੀ ਥਰਥਰਾਹਟ ਦੇ ਰੂਪ ਵਿਚ ਨਾ ਕੇਵਲ ਨਦੀ ਦੇ ਪ੍ਰਤੀਕਮਈ ਵਜੂਦ ਵਿਚ ਆਇਆ ਲਰਜ਼ਾ ਹੈ, ਸਗੋਂ ਇਸ ਵਿਚੋਂ ਸਾਰੀ ਸ੍ਰਿਸ਼ਟੀ ਦੇ ਮਹਾਂ-ਵਿਗਾਸ ਦਾ ਪੁਨੀਤ ਅਨੁਭਵ ਪੈਦਾ ਹੁੰਦਾ ਹੈ। ਵਿਗਾਸ ਦੇ ਇਸ ਵਿਸਮਾਦੀ ਅਨੁਭਵ ਨੂੰ 'ਮੇਰੇ ਸਾਈਆਂ ਜੀਓ' ਦੀਆਂ ਕਵਿਤਾਵਾਂ ਵਿਚੋਂ ਸਿਖਰ ਤੇ ਪਹੁੰਚਿਆ ਵੇਖਿਆ ਜਾ ਸਕਦਾ ਹੈ। ਇਹਨਾਂ ਕਵਿਤਾਵਾਂ ਵਿਚੋਂ ਜੋ ਆਤਮਿਕ ਪੱਧਰ ਉਜਾਗਰ ਹੁੰਦਾ ਹੈ, ਉਹ ਨਿਰੋਲ ਨਿਸ਼ਕਪਟ, ਨਿਰਵੈਰ ਤੇ ਸਰਬੱਤ ਦਾ ਭਲਾ ਲੋਚਣ ਵਾਲਾ ਹੈ। ਭਾਈ ਸਾਹਿਬ ਦਾ ਕਾਵਿ-ਰਚਨਾ ਕਰਨ ਦਾ ਮਨੋਰਥ ਮਨੁੱਖ ਨੂੰ ਅਜਿਹੇ ਉੱਚੇ ਅਨੁਭਵ ਨਾਲ ਜੋੜਦਾ ਹੈ ਜੋ ਜੀਵਨ ਬਾਰੇ ਸਮੁੱਚੇ ਦ੍ਰਿਸ਼ਟੀਕੋਣ ਨੂੰ ਸੂਖਮਭਾਵੀ ਬਣਾ ਦਿੰਦਾ ਹੈ। ਅਜਿਹਾ ਕਰਨ ਲਈ ਲੋੜ ਅੱਖ ਵਿਚੋਂ ਹਉਮੈ ਦੇ ਕੱਖ ਨੂੰ ਕੱਢਣ ਦੀ ਹੈ। ਜਦ ਦ੍ਰਿਸ਼ਟੀ ਸਾਫ਼ ਤੇ ਪਾਰਦਰਸ਼ੀ ਹੋ ਗਈ ਤਾਂ ਬੰਦਾ ਹਰ ਕਣੀ ਵਿਚੋਂ ਹੀਰੇ ਦੀ ਰੌਸ਼ਨੀ ਨਿਹਾਰਦਾ ਹੈ, ਨਹੀਂ ਤਾਂ ਹੀਰਾ ਵੀ ਪੱਥਰ ਹੀ ਭਾਸਦਾ ਹੈ। ਭਾਈ ਸਾਹਿਬ ਦਾ ਇਸ ਗੱਲ ਨੂੰ ਕਹਿਣ ਦਾ ਅੰਦਾਜ਼ ਕਿੰਨਾ ਸਰਲ ਤੇ ਸੁਭਾਵਿਕ ਹੈ-

ਹੀਰਾ ਇਕ ਅਸਮਾਨੋਂ ਢੱਠਾ,

ਟੁਟ ਕੇ ਹੋ ਗਿਆ ਕਣੀ ਕਣੀ

ਕਣੀ ਕਣੀ ਬੀ ਹੀਰਾ ਹੈ ਵੇ,

ਜਿਉਂ ਕੀ ਤਿਉਂ ਹੈ ਬਣੀ ਬਣੀ।

ਪਾਰਖੂਆਂ ਨੇ ਪਰਖ ਲਿਆ ਹੈ,

ਲੈਂਦੇ ਸੋਨੇ ਜੜਤ ਜੜਾ,

ਮੂਰਖ ਉਸ ਦੀ ਸਾਰ ਨ ਜਾਣਨ,

ਪੈਰ ਲਿਤਾੜੇ ਜਣੀਂ ਖਣੀਂ।[34]

'ਮੇਰੇ ਸਾਈਆਂ ਜੀਓ' ਦੀਆਂ ਸਾਰੀਆਂ ਕਵਿਤਾਵਾਂ ਡੂੰਘੇ ਰਹੱਸਮਈ ਅਨੁਭਵ ਦੀ ਵਿਸਮਾਦੀ ਉਪਜ ਹਨ। ਹਰ ਕਵਿਤਾ ਆਪਣੇ ਆਪ ਵਿਚ ਵੇਦਨਾ ਹੈ, ਅਰਜੋਈ ਹੈ ਮਿਲਾਪ ਦੀ, ਦਰਸ਼ਨ ਦੀ ਤਾਂਘ ਦੀ-

ਹੇ ਅਰੂਪ! ਤੁਸੀਂ ਰੂਪਵਾਨ ਹੋ ਕਦੇ ਤਾਂ ਲਾਡ ਲਡਾਓ,

ਯਾ ਅਰੂਪ ਕਰ ਕਦੇ ਅਸਾਨੂੰ ਦਰਸ-ਅਰੂਪ ਦਿਖਾਓ।

ਸੱਸੀ ਵਾਂਙੂ ਬਾਂਹ ਉਲਾਰਾਂ 'ਓਝਲ ਡਾਚੀ' ਮਗਰੇ,

ਦਿਨੇ ਰਾਤ ਪਈ ਕੂਕਾਂ ਸਾਈਆਂ! ਆ ਜਾਓ, ਆ ਜਾਓ! [35]

**ਕੁਦਰਤ ਨੂੰ ਮਾਨਣ ਦੀ ਕਾਵਿ-ਚੇਤਨਾ:-**

ਭਾਈ ਵੀਰ ਸਿੰਘ ਦੀ ਅਧਿਆਤਮਕ ਕਾਵਿ-ਚੇਤਨਾ ਦਾ ਇਕ ਪਾਸਾਰ ਉਨ੍ਹਾਂ ਦੀ ਸੁਹਜਵਾਦੀ ਪ੍ਰਵਿਰਤੀ ਵਿਚ ਖੁੱਲ੍ਹਦਾ ਹੈ ਜਿਸ ਰਾਹੀਂ ਆਪ ਕੁਦਰਤ ਨੂੰ ਮਾਣਦੇ ਹਨ। ਆਪ ਦੀਆਂ ਕਾਵਿ-ਰਚਨਾਵਾਂ ਵਿਚੋਂ ਕੁਦਰਤ ਵਰਨਣ ਦੇ ਬਾਹਰਮੁਖੀ ਦ੍ਰਿਸ਼ਾਂ ਨੂੰ ਵੇਖ ਕੇ ਬਹੁਤੇ ਵਿਦਵਾਨ ਇਉਂ ਸਮਝਦੇ ਹਨ ਕਿ ਭਾਈ ਸਾਹਿਬ ਜੀ ਦੀ ਇਸ ਬਿਰਤੀ ਦੇ ਪਿਛੇ ਅੰਗਰੇਜ਼ੀ ਕਵੀ ਵਰਡਜ਼ਵਰਥ ਦਾ ਪ੍ਰਭਾਵ ਕੰਮ ਕਰਦਾ ਹੈ ਪਰ ਅਜਿਹਾ ਨਹੀਂ, ਇਹ ਤਾਂ ਨਿਰੋਲ 'ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ। ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥'[36] ਵਾਲਾ ਗੁਰਬਾਣੀ ਦਾ ਪ੍ਰਭਾਵ ਹੈ। ਕੁਦਰਤ ਨੂੰ ਦੇਖਣ ਤੇ ਮਾਨਣ ਦਾ ਦ੍ਰਿਸ਼ਟੀਕੋਣ ਭਾਈ ਸਾਹਿਬ ਦਾ ਉਹ ਨਹੀਂ ਜੋ ਆਮ ਕੁਦਰਤ ਪ੍ਰੇਮੀ ਕਵੀਆਂ ਦਾ ਹੈ। ਆਪ ਅਨੁਸਾਰ ਕੁਦਰਤ ਉਹ ਸੁਹਜ ਨਹੀਂ ਜੋ ਬਾਹਰਮੁਖੀ ਅੱਖੀਆਂ ਤਕ ਰਹੀਆਂ ਹਨ, ਸਗੋਂ ਕੁਦਰਤ ਦੇ ਰਹੱਸ ਨੂੰ ਅੰਦਰਲੀ ਨਿਰਤ ਦੀ ਅੱਖ ਨਾਲ ਨਿਹਾਰਨ ਦੀ ਲੋੜ ਹੈ। ਅਜਿਹਾ ਕਰਨ ਨਾਲ ਕੁਦਰਤ ਦਾ ਸੁਹਜ ਅੰਦਰਲੇ ਆਤਮਿਕ ਜਗਤ ਦੀ ਖੇਡ ਬਣ ਜਾਂਦਾ ਹੈ ਜੋ ਸੁਹਣਿਆਂ ਤੇ ਪੈ ਕੇ ਚਮਕਦਾ ਹੈ। ਆਪ ਕਾਦਰ ਤੇ ਕੁਦਰਤ ਨੂੰ ਨਾ ਨਿਖੇੜੇ ਜਾ ਸਕਣ ਵਾਲੇ ਸਮਿਲਤ ਰੂਪ ਵਿਚ ਨਿਹਾਰਦੇ ਹਨ-

ਸਿਰਜਣਹਾਰ ਹੈ ਸੁੰਦਰਤਾ ਆਪ ਸਾਰੀ,
ਜਿਸ ਨੂੰ ਸੁੰਦਰ ਹੀ ਸੁੰਦਰ ਸਿਆਣੀਏ ਜੀ!
ਜਿੱਥੇ ਸੁੰਦਰਤਾ ਆਨ ਪ੍ਰਕਾਸ਼ ਪਾਵੇ,
ਓਥੇ 'ਰੱਬ-ਪਰਕਾਸ਼' ਪਛਾਣੀਏ ਜੀ!
ਵੱਸੇ ਸੁੰਦਰਤਾ ਦਾ ਸਾਰੇ ਮੀਂਹ ਇੱਥੇ,
ਦੀਦੇ ਖੋਲ੍ਹ ਇਸ ਛਹਿਬਰ ਨੂੰ ਮਾਣੀਏਂ ਜੀ!
ਰੱਬ ਰੁੱਠ ਨਾ ਕਿਸੇ ਅਸਮਾਨ ਚੜ੍ਹਿਆ,
ਹੋ ਗੁਮਰੁੱਠ ਨਾ ਕਿਸੇ ਹੈ ਗੁੱਠ ਵੜਿਆ,
ਕੁਦਰਤ ਸਾਜ ਕੇ ਕੁਦਰਤ ਦੇ ਵਿਚ ਵਸਦਾ,
ਸਦਾ ਚਮਕਦਾ ਜਿੱਕੁਰਾਂ ਚੰਦ ਚੜ੍ਹਿਆ,
ਹਰ ਫੁੱਲ, ਹਰ ਪੱਤੇ, ਹਰ ਫਲੀ ਉੱਤੇ,
ਨਕਸ਼ ਓਸ ਦਾ ਮੋਤੀਆਂ ਵਾਂਗ ਜੜਿਆ।
ਏਸ ਦਿੱਸਦੇ ਵੱਸਦੇ ਵਿਚ ਸੁਹਣਾ,
ਆਪ ਵੱਸਦਾ ਜਿਨ੍ਹੇਂ ਸੰਸਾਰ ਘੜਿਆ।[37]

ਭਾਈ ਵੀਰ ਸਿੰਘ ਨੇ ਭਾਵੇਂ ਕੁਦਰਤ ਦੇ ਹਰ ਬਾਹਰਮੁਖੀ ਅੰਗ ਜਿਵੇਂ ਪਹਾੜ, ਮੈਦਾਨ, ਨਦੀਆਂ, ਨਾਲੇ, ਝਰਨੇ, ਚਸ਼ਮੇ, ਕੂਲਾਂ, ਖੱਡਾਂ, ਘਾਟੀਆਂ, ਵਾਦੀਆਂ, ਦੂਨਾਂ, ਟਿੱਲੇ, ਚੋਟੀਆਂ, ਢਲਵਾਨਾਂ, ਬਾਗ਼ਾਂ, ਚੰਨ, ਤਾਰਿਆਂ, ਦਿਨ-ਰਾਤਾਂ, ਧੁੱਪਾਂ-ਛਾਂਵਾਂ, ਪਸ਼ੂ, ਪੰਛੀਆਂ ਆਦਿ ਦੇ ਅਨੇਕਾਂ ਦ੍ਰਿਸ਼ਾਂ ਦਾ ਵਰਨਣ ਕੀਤਾ ਹੈ ਪਰ ਕੁਦਰਤ ਦੇ ਪ੍ਰੇਮ ਤੇ ਰਹੱਸ ਦੀ ਜੋ ਗੱਲ ਕੀਤੀ ਹੈ, ਉਹ ਬਿਲਕੁਲ ਨਿਰਾਲੀ ਹੈ। ਆਪ ਕੁਦਰਤ ਦਾ ਦੈਵੀਕਰਨ ਅਤੇ ਮਾਨਵੀਕਰਨ ਦੋਵੇਂ ਕਰਦੇ ਹੋਏ ਇਸ ਨੂੰ ਆਪਣੇ ਸੂਖਮ ਆਪੇ ਦੇ ਅਹਿਸਾਸ ਵਿਚ ਜੀਵੰਤ ਰੂਪ ਵਿਚ ਮਾਣਦੇ ਹਨ। ਭਾਈ ਸਾਹਿਬ ਨੂੰ ਕੁਦਰਤ ਕੋਈ ਅਚੱਲ ਨਹੀਂ, ਸਚੱਲ ਵਸਤੂ ਭਾਸਦੀ ਹੈ ਜਿਸ ਦੇ

ਸੁਹਜ ਦੀ ਪ੍ਰਤੀਤੀ ਸੂਖਮ ਅਨੁਭਵ ਰਾਹੀਂ ਹੋ ਸਕਦੀ ਹੈ। ਕੁਦਰਤ ਦਾ ਇਹ ਸਕ੍ਰਿਆ (Dynamic) ਵਰਤਾਰਾ ਅੰਦਰੂਨੀ ਸੁੰਦਰਤਾ ਨੂੰ ਬਾਹਰਮੁਖੀ ਸੁੰਦਰਤਾ ਰਾਹੀਂ ਪ੍ਰਤੀਬਿੰਬਤ ਕਰਦਾ ਹੈ। ਅਜਿਹਾ ਵਰਨਣ ਸਾਨੂੰ ਪੰਜਾਬੀ ਦੇ ਕਿਸੇ ਹੋਰ ਕਵੀ ਵਿਚੋਂ ਨਹੀਂ ਲੱਭਦਾ ਜੋ ਅਜਿਹੀ ਸਦ ਜਾਗਤਾ ਵਾਲੀ ਸੂਝ ਤੇ ਸੁਹਜ ਪ੍ਰਦਾਨ ਕਰਦਾ ਹੋਵੇ। ਕੁਦਰਤ ਨੂੰ ਵੇਖਣ ਤੇ ਮਾਨਣ ਦਾ ਭਾਈ ਸਾਹਿਬ ਦਾ ਇਹ ਨਜ਼ਰੀਆ ਵਿਸ਼ਵ ਵਿਆਪੀ ਅਨੰਤ ਵਿਸ਼ਾਲਤਾ ਨੂੰ ਅੰਤਰ-ਆਤਮੇ ਵਿਚੋਂ ਪ੍ਰਤੀਬਿੰਬਤ ਕਰਦਾ ਹੋਇਆ ਪ੍ਰੇਮ ਦੇ ਸਰਬ-ਸਾਂਝੇ ਰੰਗ-ਰਸ ਵਿਚ ਉਜਾਗਰ ਹੁੰਦਾ ਹੈ। ਆਪ ਸਮਝਦੇ ਹਨ ਕਿ ਕੁਦਰਤ ਦੀ ਦੇਵੀ ਅਰਸ਼ੀ ਹੁਸਨ-ਮੰਡਲ ਤੋਂ ਸੁੰਦਰਤਾ ਲੈ ਕੇ ਇਸ ਧਰਤੀ ਤੇ ਉਤਰਦੀ ਹੈ। ਜਿਸ ਥਾਂ ਤੇ ਉਸ ਦੀ ਮੁੱਠੀ ਖੁਲ੍ਹਦੀ ਹੈ ਉਹ ਟੁਕੜੀ ਕਸ਼ਮੀਰ ਵਾਂਗ ਜਗ ਤੇ ਨਿਆਰੇ ਹੋ ਕੇ ਸ਼ੋਭਾ ਪਾਉਂਦੀ ਹੈ। ਇਵੇਂ ਕਾਦਰ ਆਪਣੀ ਕੁਦਰਤ ਰਾਹੀਂ ਧਰਤੀ ਤੇ ਉਤਰਦਾ ਹੈ-

ਅਰਸ਼ਾਂ ਦੇ ਵਿਚ 'ਕੁਦਰਤ ਦੇਵੀ'
ਸਾਨੂੰ ਨਜ਼ਰੀ ਆਈ,
ਹੁਸਨ-ਮੰਡਲ ਵਿਚ ਖੜੀ ਖੇਲਦੀ,
ਖੁਸ਼ੀਆਂ ਛਹਿਬਰ ਲਾਈ।
ਦੌੜੀ ਨੇ ਇਕ ਮੁੱਠ ਭਰ ਲੀਤੀ,
... ...
ਜਿਸ ਥਾਵੇਂ ਧਰਤੀ ਤੇ ਆ ਕੇ
ਇਹ ਮੁੱਠ ਡਿੱਗੀ ਸਾਰੀ-
ਓਸ ਥਾਉਂ 'ਕਸ਼ਮੀਰ' ਬਣ ਗਿਆ
ਟੁਕੜੀ ਜਗ ਤੋਂ ਨਯਾਰੀ।
ਹੈ ਧਰਤੀ ਪਰ 'ਛੁਹ ਅਸਮਾਨੀ'

ਸੁੰਦਰਤਾ ਵਿਚ ਲਿਸ਼ਕੇ,

ਧਰਤੀ ਦੇ ਰਸ, ਸਵਾਦ ਨਜ਼ਾਰੇ

'ਰਮਜ਼ ਅਰਸ਼' ਦੀ ਚਮਕੇ।[38]

'ਮਟਕ ਹੁਲਾਰੇ' ਵਿਚਲੇ 'ਕਸ਼ਮੀਰ ਨਜ਼ਾਰੇ' ਵਾਲੇ ਭਾਗ ਦੀਆਂ ਸਾਰੀਆਂ ਕਵਿਤਾਵਾਂ ਕੁਦਰਤ ਵਰਨਣ ਦੀਆਂ ਹਨ। ਕਵੀ ਮਨ ਕੁਦਰਤ ਦੀ ਹਰ ਅਦਾ ਵਿਚੋਂ ਕਾਦਰ ਦੀ ਝਲਕ ਨਿਹਾਰਦਾ ਉਸ ਨੂੰ ਭਰਪੂਰ ਰੂਪ ਵਿਚ ਮਾਣਦਾ ਹੈ ਜਿਵੇਂ ਡੱਲ, ਨਸੀਮ ਬਾਗ਼, ਸ਼ਾਲਾਮਾਰ, ਚਸ਼ਮਾ ਸ਼ਾਹੀ, ਛੰਭ ਹਾਰਵਨ, ਨਿਸ਼ਾਂਤ ਬਾਗ਼, ਬੀਜ ਬਿਹਾੜੇ ਦੇ ਬੁੱਢੇ ਚਨਾਰ ਨੂੰ, ਇਛਾਬਲ ਦੇ ਚਨਾਰ ਤੇ ਨੂਰਜਹਾਂ, ਵੈਰੀ ਨਾਗ ਦਾ ਪਹਿਲਾ ਝਲਕਾ, ਵੈਰੀ ਨਾਗ, ਵਿਦਸਥਾ ਦਾ ਸੋਮਾ, ਚਸ਼ਮਾ ਮਟਨ ਸਾਹਿਬ, ਲਿੱਧੜ ਨੈ, ਗਨੇਸ਼ਪੁਰ ਦੇ ਟਿੱਬੇ ਦੀਆਂ ਜੂਹਾਂ, ਪਹਿਲਗਾਮ, ਗੁਲਮਰਗ, ਗਾਂਧਰ ਬਲ, ਵੁੱਲਰ, ਕ੍ਰਿਸ਼ਨ ਗੰਗਾ, ਕਸ਼ਮੀਰ ਦੀ ਸੁੰਦਰਤਾ, ਨਵਾਂ-ਕਸ਼ਮੀਰ ਆਦਿ ਕਵਿਤਾਵਾਂ ਵਿਚ ਜੋ ਕੁਦਰਤ ਵਰਨਣ ਹੋਇਆ ਹੈ, ਉਹ ਬਹੁਤ ਕਮਾਲ ਦਾ ਹੈ। ਭਾਈ ਸਾਹਿਬ ਭਾਵੇਂ ਕਿਸੇ ਪਹਾੜੀ ਸਥਾਨ ਦੇ ਕੁਦਰਤੀ ਨਜ਼ਾਰਿਆਂ ਨੂੰ ਤਕ ਰਹੇ ਹਨ ਤੇ ਭਾਵੇਂ ਘਰ ਵਿਚ ਖਿੜੀਆਂ ਗੁਲਦਾਉਦੀਆਂ ਨੂੰ, ਆਪ ਹਰ ਸ਼ੈਅ ਵਿਚੋਂ ਰੱਬੀ ਝਲਕ ਤੇ ਦੈਵੀ-ਸੁੰਦਰਤਾ ਦੇ ਦਰਸ਼ਨ ਕਰਦੇ ਹਨ, ਜਿਵੇਂ-

'ਸੀਤੋਂ ਸੀਤਾ ਮਹਿਮਾ ਮਾਹਿ' ਹੈ,

ਅਰਸ਼ੀ ਰੂਪ ਵਸੇਂਦਾ,

ਸੁਹਜ ਸੁੰਦਰਤਾ ਵਸੇ ਓਸ ਥਾਂ,

ਘਾੜਤ ਰੂਪ ਘੜੇਂਦਾ।

ਸੁਹਣੀਆਂ ਸਾਡੀਆਂ ਗੁਲਦਾਉਦੀਆਂ,

ਓਥੋਂ ਹੋ ਕੇ ਆਈਆਂ।

ਰੂਪ ਰੰਗ ਇਹ ਫਬਨ ਅਜੈਬੀ,

'ਰੂਪ-ਦੇਸ਼' ਤੋਂ ਲਯਾਈਆਂ।

ਭੋਲੇ ਮਾਲੀ! ਗਮਲਯਾਂ ਵਿਚੋਂ

ਹੂਰਾਂ ਏ ਨਹੀਂ ਆਈਆਂ,

ਏ ਅਪੱਛਰਾਂ ਅਰਸ਼ ਤੋਂ ਸਜਨਾਂ!

ਸਾਡੇ ਘਰ ਉਤਰਾਈਆਂ।[39]

ਸਪਸ਼ਟ ਹੈ ਕਿ ਭਾਈ ਸਾਹਿਬ ਦੀ ਕੁਦਰਤ ਪ੍ਰਤੀ ਕਾਵਿ-ਚੇਤਨਾ ਫਰਸ਼ੀ ਨਹੀਂ ਅਰਸ਼ੀ ਹੈ। ਆਪ ਦੀ ਦਿਲ ਧੜਕਣ ਫੁੱਲਾਂ ਦੇ ਖਿੜਨ ਵਾਂਗ 'ਸਦਾ-ਵਿਗਾਸ' ਦਾ ਅਨੁਭਵ ਕਰਦੀ ਅਨੰਤ ਦੀ ਮਹਿਮਾ ਗਾਉਂਦੀ ਹੈ। ਆਪ ਕੁਦਰਤ ਦੀ ਅਨੇਕ ਭਾਂਤੀ ਤੇ ਅਨੇਕ ਆਭਾ ਵਾਲੀ ਸੁੰਦਰਤਾ ਨੂੰ 'ਜਤ੍ਰ ਤਤ੍ਰ ਦਿਸਾ ਵਿਸਾ ਹੋਇ ਫੈਲਿਓ ਅਨੁਰਾਗ' ਦੇ ਰਸ-ਰੰਗ ਰਾਹੀਂ ਵਿਚ ਅਨੁਭਵ ਦੀ ਸੁੰਦਰਤਾ ਵਿਚੋਂ 'ਸੁੰਦਰ ਸਰੂਪ' ਨੂੰ ਨਿਹਾਰਿਆ ਹੈ, ਉਹ ਉਨ੍ਹਾਂ ਦੀ ਅਧਿਆਤਮਕ ਸਾਧਨਾ ਦਾ ਹੀ ਸਿੱਟਾ ਹੈ ਜੋ ਨਿਰੋਲ ਨਿੱਜੀ ਹੈ। 'ਮੇਰੇ ਸਾਈਆਂ ਜੀਓ' ਦੀਆਂ ਕਾਵਿ ਰਚਨਾਵਾਂ ਵਿਚੋਂ ਇਹ ਅਨੁਭਵ ਥਾਂ-ਥਾਂ ਵੇਖਣ ਨੂੰ ਮਿਲਦਾ ਹੈ-

ਤੈਨੂੰ ਤੱਕਦੀ ਖਿੜੀ ਗੁਲਾਬ ਵੱਲੀ!

ਮੋਹਿਤ ਹੋ ਵਦੀ ਤੁਰੀ ਦਰ ਆਈਆਂ ਮੈਂ।

ਤੇਰੀ ਗੰਧ ਸੁਗੰਧ ਤੋਂ ਮਸਤੀਆਂ ਦੀ,

ਡੂੰਮਾਂ ਸਿਰੇ ਤੇ ਆਣ ਕੇ ਛਾਈਆਂ ਮੈਂ।

ਤੈਨੂੰ ਪਰਸਦਿਆਂ ਥਰਹਰੀ ਕੰਪ ਲਗੀ,

ਵਿਸਮ ਵਿਸਮ ਲਹਿਰਾਂ ਅੰਦਰ ਧਾਈਆਂ ਮੈਂ।

... ...

ਗ਼ੈਬੀ ਛੋਹ ਕੋਈ ਸੁੰਦਰ ਸੋਹਿਣੇ ਦੀ,

ਲਈ ਜਾਂਦੀ ਏ ਵਿਚ ਕਲਾਈਆਂ ਮੈਂ।

ਕੋਈ ਦੱਸੀਓ ਗ਼ੈਬ ਦੇ ਸੁਹਣਿਓ ਵੇ।

ਕਿਤੇ ਇਹੋ ਤਾਂ ਨਹੀਂ ਸੀ 'ਸਾਈਆਂ ਮੈਂ'?[40]

ਸਮੁੱਚੇ ਰੂਪ ਵਿਚ ਵੇਖਿਆ ਜਾਵੇ ਤਾਂ ਭਾਈ ਵੀਰ ਸਿੰਘ ਦੀ ਕਾਵਿ-ਚੇਤਨਾ ਦੀਆਂ ਇਹਨਾਂ ਉਪਰੋਕਤ ਪਰਤਾਂ ਵਿਚੋਂ ਉਨ੍ਹਾਂ ਦੀ ਸੰਤ-ਬਿਰਤੀ ਤੇ ਅਧਿਆਤਮਕ ਸਰੂਪ ਉਭਰ ਕੇ ਸਾਹਮਣੇ ਆਉਂਦਾ ਹੈ। ਇਸ ਪਿੱਛੇ ਉਨ੍ਹਾਂ ਦੀ ਗੁਰਬਾਣੀ ਨੂੰ ਸਮਝਣ ਤੇ ਮਾਨਣ ਦੀ ਲੰਮੀ ਸਾਧਨਾ ਕੰਮ ਕਰਦੀ ਨਜ਼ਰੀਂ ਪੈਂਦੀ ਹੈ। ਗੁਰਬਾਣੀ  ਬੰਦੇ ਨੂੰ ਅਜਿਹੀ ਜੀਵਨ-ਜਾਚ ਪ੍ਰਦਾਨ ਕਰਦੀ ਹੈ ਜਿਸ ਰਾਹੀਂ ਮਨਮੁਖੀ ਬਿਰਤੀ ਗੁਰਮੁਖੀ ਸੁਰਤਿ ਦੀ ਪਾਰਗਮਤਾ ਨੂੰ ਪ੍ਰਾਪਤ ਕਰਦੀ ਹੈ। ਭਾਈ ਸਾਹਿਬ ਨੇ ਇਸ ਜੀਵਨ-ਜਾਚ ਨੂੰ ਅਮਲੀ ਰੂਪ ਵਿਚ ਧਾਰਨ ਕਰਕੇ ਮਨ ਦੀਆਂ ਸਭ ਮੈਲਾਂ ਧੋ ਲਈਆਂ ਸਨ। 'ਅੰਦਰੋਂ ਨਿਰਮਲ ਸੇ ਬਾਹਰੋ ਨਿਰਮਲ' ਦੀ ਧਾਰਨਾ ਅਨੁਸਾਰ ਆਪ ਦੀ ਹਰ ਰਚਨਾ ਵਿਚੋਂ ਆਪ ਦੀ ਨਿਰਮਲ ਰਹਿਣੀ ਦੀ ਆਭਾ ਜ਼ਿੰਦਗੀ ਨੂੰ ਉਸ ਦੀ ਨਿਰਮਲ ਧਾਰਾ ਤੇ ਅਦਾ ਵਿਚ ਵੇਖਣਾ ਲੋਚਦੀ ਹੈ। ਜਿਉਂ-ਜਿਉਂ ਸਮਾਂ ਬੀਤਦਾ ਜਾਵੇਗਾ ਆਪ ਦੀਆਂ ਨਿਰਮਲ ਕਾਵਿ-ਕਿਰਤਾਂ ਹੋਰ ਮੁੱਲਵਾਨ ਹੋ ਕੇ ਪਾਠਕਾਂ ਨੂੰ ਅੰਦਰੋਂ ਨਿਰਮਲ ਹੋਣ ਦਾ ਹਲੂਣਾ ਦਿੰਦੀਆਂ ਰਹਿਣਗੀਆਂ।

## ਹਵਾਲੇ ਤੇ ਟਿੱਪਣੀਆਂ


1. ਭਾਈ ਸਾਹਿਬ ਭਾਈ ਵੀਰ ਸਿੰਘ, *ਰਾਣਾ ਸੂਰਤ ਸਿੰਘ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 1998, ਪੰਨਾ 1.
2. ਉਹੀ, ਪੰਨਾ ਭੂਮਿਕਾ.
3. ਉਹੀ, ਪੰਨਾ 211.
4. ਭਾਈ ਸਾਹਿਬ ਭਾਈ ਵੀਰ ਸਿੰਘ, *ਮਟਕ ਹੁਲਾਰੇ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2007, ਮੁੱਖਬੰਧ, ਪੰਨਾ 7.
5. ਉਹੀ, ਪੰਨਾ 46.
6. ਉਹੀ, ਪੰਨਾ 49.
7. ਉਹੀ, ਪੰਨਾ 65.
8. ਉਹੀ, ਪੰਨਾ 30.
9. ਉਹੀ, ਪੰਨਾ 98.
10. ਭਾਈ ਸਾਹਿਬ ਭਾਈ ਵੀਰ ਸਿੰਘ, *ਬਿਜਲੀਆਂ ਦੇ ਹਾਰ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2007, ਪੰਨਾ ਭੂਮਿਕਾ.
11. ਭਾਈ ਸਾਹਿਬ ਭਾਈ ਵੀਰ ਸਿੰਘ, *ਪ੍ਰੀਤਵੀਣਾ ਅਤੇ ਕੰਤ ਮਹੇਲੀ ਬਾਰਾਂਮਾਹ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2007, ਮੁੱਖਬੰਧ, ਪੰਨਾ 7.
12. ਉਹੀ, ਮੁਖਬੰਧ, ਪੰਨਾ 4.
13. ਭਾਈ ਸਾਹਿਬ ਭਾਈ ਵੀਰ ਸਿੰਘ, *ਕੰਬਦੀ ਕਲਾਈ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਪੰਨਾ ੳ .
14. ਭਾਈ ਸਾਹਿਬ ਭਾਈ ਵੀਰ ਸਿੰਘ, *ਮਟਕ ਹੁਲਾਰੇ,* ਪੰਨਾ 39.
15. ਉਹੀ, ਪੰਨਾ 33.
16. ਭਾਈ ਸਾਹਿਬ ਭਾਈ ਵੀਰ ਸਿੰਘ, *ਲਹਿਰਾਂ ਦੇ ਹਾਰ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2004, ਪੰਨਾ 25.
17. ਉਧਰਿਤ ਡਾ. ਸਰਬਜਿੰਦਰ ਸਿੰਘ, ਵਿਸ਼ਵ ਧਰਮ ਚਿੰਤਨ, ਪੰਨਾ 120.
18. ਭਾਈ ਸਾਹਿਬ ਭਾਈ ਵੀਰ ਸਿੰਘ, *ਲਹਿਰਾਂ ਦੇ ਹਾਰ,* ਪੰਨਾ 125.

19. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1287.

20. ਭਾਈ ਸਾਹਿਬ ਭਾਈ ਵੀਰ ਸਿੰਘ, *ਲਹਿਰਾਂ ਦੇ ਹਾਰ,* ਪੰਨਾ 10.

21. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1362.

22. ਭਾਈ ਸਾਹਿਬ ਭਾਈ ਵੀਰ ਸਿੰਘ, *ਮਟਕ ਹੁਲਾਰੇ,* ਪੰਨਾ 46.

23. ਭਾਈ ਸਾਹਿਬ ਭਾਈ ਵੀਰ ਸਿੰਘ, *ਬਿਜਲੀਆਂ ਦੇ ਹਾਰ,* ਪੰਨਾ 31.

24. ਉਹੀ, ਪੰਨਾ 34.

25. ਭਾਈ ਸਾਹਿਬ ਭਾਈ ਵੀਰ ਸਿੰਘ, *ਮਟਕ ਹੁਲਾਰੇ,* ਪੰਨਾ 32.

26. ਭਾਈ ਸਾਹਿਬ ਭਾਈ ਵੀਰ ਸਿੰਘ, *ਲਹਿਰਾਂ ਦੇ ਹਾਰ,* ਪੰਨਾ 23.

27. ਭਾਈ ਸਾਹਿਬ ਭਾਈ ਵੀਰ ਸਿੰਘ, *ਗੁਰਮੁਖ ਸਿਖਿਆ*, 2011, ਪੰਨਾ 87.

28. ਭਾਈ ਸਾਹਿਬ ਭਾਈ ਵੀਰ ਸਿੰਘ, *ਲਹਿਰਾਂ ਦੇ ਹਾਰ,* ਪੰਨਾ 63.

29. ਉਹੀ, ਪੰਨਾ 85.

30. ਭਾਈ ਸਾਹਿਬ ਭਾਈ ਵੀਰ ਸਿੰਘ, *ਮਟਕ ਹੁਲਾਰੇ,* ਪੰਨਾ 44.

31. ਉਹੀ, ਪੰਨਾ 65.

32. ਭਾਈ ਸਾਹਿਬ ਭਾਈ ਵੀਰ ਸਿੰਘ, *ਬਿਜਲੀਆਂ ਦੇ ਹਾਰ,* ਪੰਨਾ 36.

33. ਭਾਈ ਸਾਹਿਬ ਭਾਈ ਵੀਰ ਸਿੰਘ, *ਲਹਿਰਾਂ ਦੇ ਹਾਰ,* ਪੰਨਾ 197.

34. ਭਾਈ ਸਾਹਿਬ ਭਾਈ ਵੀਰ ਸਿੰਘ, *ਮੇਰੇ ਸਾਈਆਂ ਜੀਓ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2010, ਪੰਨਾ 88.

35. ਉਹੀ, ਪੰਨਾ 78.

36. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 463.

37. ਭਾਈ ਸਾਹਿਬ ਭਾਈ ਵੀਰ ਸਿੰਘ, *ਲਹਿਰਾਂ ਦੇ ਹਾਰ,* ਪੰਨਾ 171.

38. ਭਾਈ ਸਾਹਿਬ ਭਾਈ ਵੀਰ ਸਿੰਘ, *ਮਟਕ ਹੁਲਾਰੇ,* ਪੰਨਾ 52-53.

39. ਭਾਈ ਸਾਹਿਬ ਭਾਈ ਵੀਰ ਸਿੰਘ, *ਬਿਜਲੀਆਂ ਦੇ ਹਾਰ,* ਪੰਨਾ 57.

40. ਭਾਈ ਸਾਹਿਬ ਭਾਈ ਵੀਰ ਸਿੰਘ, *ਮੇਰੇ ਸਾਈਆਂ ਜੀਓ,* ਪੰਨਾ 94.

# ਸਾਰ

ਚਿੰਤਕ ਹੋਣਾ ਆਪਣੇ ਆਪ ਵਿਚ ਇਕ ਬਹੁਤ ਵੱਡਾ ਕਾਰਜ ਹੈ ਪਰ ਧਰਮ ਚਿੰਤਕ ਦਾ ਕਾਰਜ ਆਮ ਚਿੰਤਕ ਨਾਲੋਂ ਵੱਖਰਾ ਅਤੇ ਜ਼ੋਖਮ ਭਰਿਆ ਹੁੰਦਾ ਹੈ। ਅਸਲ ਵਿਚ ਧਰਮ ਗ੍ਰੰਥਾਂ ਦੀ ਭਾਸ਼ਾ ਨੂੰ ਸਮਝਣ ਅਤੇ ਧਰਮ ਗ੍ਰੰਥਾਂ ਤੇ ਉਸਰੇ ਸਭਿਆਚਾਰ ਨੂੰ ਸਮਝਣ ਦਾ ਮਸਲਾ ਬੇਹੱਦ ਜਟਿਲ ਹੁੰਦਾ ਹੈ। ਪੈਗੰਬਰਾਂ ਦੀ ਬੋਲੀ ਨੂੰ ਸਮਝਣ ਵਾਲਾ ਪਾਰਖੂ ਹੀ ਧਰਮ ਚਿੰਤਕ ਅਖਵਾ ਸਕਦਾ ਹੈ।

ਸਿੱਖ ਧਰਮ ਪਰੰਪਰਾ ਵਿਚ ਚਿੰਤਕਾਂ ਦੀ ਲੜੀ ਵਿਚ ਪ੍ਰਥਮ ਸਥਾਨ ਭਾਈ ਗੁਰਦਾਸ ਦਾ ਹੈ। ਭਾਈ ਗੁਰਦਾਸ ਉਹ ਮਹਾਂ-ਮਾਨਵ ਹੈ ਜਿਸ ਨੇ ਆਪਣੀਆਂ ਵੱਡ-ਅਕਾਰੀ ਰਚਨਾਵਾਂ ਰਾਹੀਂ ਸਿੱਖ ਧਰਮ, ਅਧਿਆਤਮਕ ਅਤੇ ਸਭਿਆਚਾਰ ਦੇ ਵਿਆਖਿਆਤਮਕ ਪ੍ਰਸੰਗ ਹੀ ਸਥਾਪਿਤ ਨਹੀਂ ਕੀਤੇ ਸਗੋਂ ਉਹਨਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਲਿਖਾਰੀ ਹੋਣ ਦਾ ਮਾਣ ਵੀ ਪ੍ਰਾਪਤ ਹੋਇਆ ਹੈ। ਧਿਆਨ ਰਹੇ ਕਿ ਭਾਈ ਗੁਰਦਾਸ ਜੀ ਨੂੰ ਸੰਸਾਰ ਦੇ ਉਨ੍ਹਾਂ ਕੁਝ ਇਕ ਧਰਮ ਚਿੰਤਕਾਂ ਦੀ ਲੜੀ ਵਿਚ ਰੱਖ ਕੇ ਵੇਖਿਆ ਜਾਂਦਾ ਹੈ ਜਿਹੜੇ ਆਪੋ ਆਪਣੇ ਧਰਮ ਦੀ ਪੈਗੰਬਰੀ ਅਜ਼ਮਤ ਦੇ ਨਾਲ-ਨਾਲ ਖੁਦ ਵੀ ਸਦੀਵੀ ਹੋ ਗਏ, ਉਦਾਹਰਣ ਲਈ ਸੇਂਟ ਪਾਲ (ਯਹੂ ਇਸਾਈਅਤ), ਜੈਦ-ਬਿਨ-ਸਾਬਿਤ (ਇਸਲਾਮ), ਵੇਦ ਵਿਆਸ (ਹਿੰਦੂ ਧਰਮ), ਦੇਵਰਿਧੀ (ਜੈਨ ਧਰਮ) ਅਤੇ ਵਿਰਦਾ ਗਮਨੀ (ਬੁੱਧ ਧਰਮ) ਪ੍ਰਮੁੱਖ ਹਨ। ਇਹ ਚਿੰਤਕ ਆਪਣੀ-ਆਪਣੀ ਕੌਮੀਅਤ ਦੇ ਚੇਤਿਆਂ ਦਾ ਭਾਗ ਸਦੈਵ ਸਮਿਆਂ ਲਈ ਰਹਿਣਗੇ ਕਿਉਂਕਿ ਸੰਸਾਰ ਭਰ ਦੇ ਧਰਮ ਗ੍ਰੰਥਾਂ ਦੇ ਕਾਤਿਬ ਹੋਣ ਦੀ ਬਖਸ਼ਿਸ਼ ਇਨ੍ਹਾਂ ਤੇ ਹੋਈ। ਜਦ ਤੱਕ ਕਿਸੇ ਵੀ ਧਰਮ ਦੇ ਧਰਮ ਗ੍ਰੰਥ ਅਤੇ ਧਰਮ ਬਾਨੀ ਦੀ ਯਾਦ ਲੋਕ ਚੇਤਿਆਂ ਵਿਚੋਂ ਨਹੀਂ ਵਿਸਰਦੀ ਤਦ ਤੱਕ ਇਹ ਕਾਤਿਬ ਵੀ ਲੋਕ ਮਨਾਂ ਦਾ ਹਿੱਸਾ ਬਣੇ ਰਹਿਣਗੇ।

ਸਿੱਖ ਧਰਮ ਚਿੰਤਕ ਲੜੀ ਵਿਚ ਭਾਈ ਗੁਰਦਾਸ ਤੋਂ ਬਾਅਦ ਅਗਲਾ ਸਥਾਨ ਭਾਈ ਨੰਦ ਲਾਲ ਜੀ ਦਾ ਆਉਂਦਾ ਹੈ ਜੋ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਦਰਬਾਰ ਦੇ ਪ੍ਰਮੁੱਖ ਕਵੀ ਹੋਣ ਦੇ ਨਾਲ-ਨਾਲ ਇਕ ਵੱਡੇ ਚਿੰਤਕ ਵੀ ਸਨ। ਪੁਸ਼ਟੀ ਹਿਤ ਉਨ੍ਹਾਂ ਦੀਆਂ ਬਹੁਤ ਸਾਰੀਆਂ ਮਹੱਤਵਪੂਰਨ ਰਚਨਾਵਾਂ ਨੂੰ ਵੇਖਿਆ ਜਾ ਸਕਦਾ ਹੈ। ਹੋਰ ਵੀ ਮਹੱਤਵਪੂਰਨ ਪਹਿਲੂ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੇ ਕੀਰਤਨ ਦੇ ਨਾਲ-ਨਾਲ ਭਾਈ ਗੁਰਦਾਸ ਅਤੇ ਭਾਈ ਨੰਦ ਲਾਲ ਦੀਆਂ ਰਚਨਾਵਾਂ ਨੂੰ ਗਾਇਨ ਦਾ ਮਾਣ ਵੀ ਹਾਸਿਲ ਹੈ। ਸਿੱਖ ਧਰਮ ਚਿੰਤਕਾਂ ਦੀ ਲੜੀ ਵਿਚ ਇਨ੍ਹਾਂ ਤੋਂ ਇਲਾਵਾ ਭਾਈ ਸੰਤੋਖ ਸਿੰਘ, ਕੋਇਰ ਸਿੰਘ ਛਿੱਬਰ, ਗਿਆਨੀ ਗਿਆਨ ਸਿੰਘ, ਰਤਨ ਸਿੰਘ ਭੰਗੂ ਆਦਿ ਪ੍ਰਮੁੱਖ ਹਨ।

19ਵੀਂ ਸਦੀ ਵਿਚ ਪੰਜਾਬ ਦੀ ਧਰਤੀ ਤੇ ਦੋ ਮਹਾਂ-ਚਿੰਤਕਾਂ ਦਾ ਜਨਮ ਹੋਇਆ ਜਿਨ੍ਹਾਂ ਨੇ ਆਧੁਨਿਕ ਗਿਆਨ ਵਿਗਿਆਨ ਅਤੇ ਰਵਾਇਤ ਦੇ ਨਿਵੇਕਲੇ ਪ੍ਰਸੰਗ ਸਥਾਪਿਤ ਕਰਦਿਆਂ ਹੋਇਆਂ ਸਿੱਖੀ ਸਿਧਾਂਤਾਂ ਦੇ ਬਰੀਕ ਅਤੇ ਕੋਮਲ ਪਹਿਲੂਆਂ ਨੂੰ ਪ੍ਰਚਲਿਤ ਮੁਹਾਵਰੇ ਰਾਹੀਂ ਸਿੱਖ ਸੰਸਾਰ ਤੱਕ ਪਹੁੰਚਾਉਣ ਦਾ ਯਤਨ ਕੀਤਾ। ਇਹ ਦੋ ਚਿੰਤਕ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਹਨ। ਧਿਆਨ ਰਹੇ ਕਿ ਪਤਾ ਹੋਣਾ ਓਡੀ ਵੱਡੀ ਗੱਲ ਨਹੀਂ ਹੁੰਦੀ ਜਿੰਨੀ ਵੱਡੀ ਇਹ ਹੈ ਕਿ ਜੋ ਪਤਾ ਹੈ ਉਸ ਨੂੰ ਲੋੜਵੰਦਾਂ ਤੱਕ ਪਹੁੰਚਾਉਣਾ ਕਿਵੇਂ ਹੈ। ਸਿੱਖ ਸਿਧਾਂਤਾਂ ਦਾ ਸਰਲ ਸੰਚਾਰਨ ਅਸਲ ਵਿਚ ਇਹਨਾਂ ਦੋਵਾਂ ਚਿੰਤਕਾਂ ਦੀਆਂ ਰਚਨਾਵਾਂ ਰਾਹੀਂ ਹੀ ਹੋਇਆ ਪਰਵਾਨ ਕਰਨਾ ਚਾਹੀਦਾ ਹੈ, ਇਨ੍ਹਾਂ ਦੇ ਕਾਰਜ ਨੂੰ ਅਕਾਦਮਿਕ ਵਿਧੀਆਂ ਵਿਚ ਢਾਲਣ ਦੀ ਜ਼ਿੰਮੇਵਾਰੀ ਅਕਾਦਮਿਕ ਅਦਾਰਿਆਂ ਦੀ ਹੋ ਜਾਂਦੀ ਹੈ। ਇਸੇ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਮੈਂ ਆਪਣਾ ਖੋਜ-ਪ੍ਰਬੰਧ 'ਭਾਈ ਵੀਰ ਸਿੰਘ ਦਾ ਰਚਨਾ ਸੰਸਾਰ : ਇਕ ਅਧਿਐਨ (ਅਧਿਆਤਮਕ ਪ੍ਰਕਰਣ ਵਿਚ)' ਦਾ ਕਾਰਜ ਸ਼ੁਰੂ ਕੀਤਾ ਹੈ ਤਾਂ ਕਿ ਆਧੁਨਿਕ ਸੂਚਨਾ ਦੇ ਹੜ੍ਹ ਵਿਚ ਭਾਈ ਵੀਰ ਸਿੰਘ ਦੁਆਰਾ ਸੁਰੱਖਿਅਤ ਕੀਤੇ ਗਏ ਵਿਰਾਸਤੀ ਖਜ਼ਾਨੇ ਨੂੰ ਅਕਾਦਮਿਕਤਾ ਵਿਚ ਪ੍ਰਚਲਿਤ ਸਿਧਾਂਤਕ ਬਰੀਕੀਆਂ ਤੋਂ ਬਚਾ ਕੇ ਅਸਲ ਤਸਵੀਰ ਨੂੰ ਸਾਹਮਣੇ ਲਿਆਂਦਾ ਜਾ ਸਕੇ। ਇਹਨਾਂ ਸਾਰੇ ਪ੍ਰਸ਼ਨਾਂ ਦਾ ਉੱਤਰ ਲੱਭਣ ਵਾਸਤੇ ਸਿੱਖ ਵਿਸ਼ਵਾਸ ਨੂੰ ਧੁਰੋਹਰ ਬਣਾ ਕੇ ਤੁਰਨਾ ਪੈਣਾ ਹੈ। ਮੇਰਾ ਇਹ ਪੂਰਨ ਵਿਸ਼ਵਾਸ ਹੈ ਕਿ ਪ੍ਰਾਪਤੀਆਂ ਗੁਰੂ ਮਿਹਰ ਦੀ ਰੌਂ ਵਿਚ ਹੀ ਸੰਭਵ ਹੁੰਦੀਆਂ ਹਨ। ਪਾਤਰਤਾ ਪੈਦਾ ਕੀਤੇ ਜਾਣ ਦੀ ਕੋਸ਼ਿਸ਼ ਜਾਰੀ ਰਹਿਣੀ ਚਾਹੀਦੀ ਹੈ ਕਿਉਂਕਿ ਸਤਿਗੁਰੂ ਜੀ ਨੇ ਪਾਤਰਤਾ ਦੇ ਅੰਗ-ਸੰਗ ਹੋਣ ਦਾ ਬਿਰਦ ਹੀ ਪਾਲਣਾ ਹੈ। ਠੀਕ ਰਾਹ ਤੇ ਤੁਰਨ ਨਾਲ ਮੰਜ਼ਲ ਨੇੜੇ ਆਉਣੀ ਸ਼ੁਰੂ ਹੋ ਜਾਂਦੀ ਹੈ। ਭਾਈ ਵੀਰ ਸਿੰਘ ਹੋਰਾਂ ਬਾਰੇ ਵਿਸਥਾਰਪੂਰਵਕ ਗੱਲ ਕਰਨ ਤੋਂ ਪਹਿਲਾਂ ਭਾਈ ਗੁਰਦਾਸ ਦੇ ਇਹ ਸ਼ਬਦ ਧਿਆਨ ਦੀ ਮੰਗ ਕਰਦੇ ਹਨ:

ਜੋਧੁ ਰਸੋਈਆ ਦੇਵਤਾ ਗੁਰ ਸੇਵਾ ਕਰਿ ਦੁਤਰੁ ਤਾਰੀ।
ਪੂਰੇ ਸਤਿਗੁਰੂ ਪੈਜ ਸਵਾਰੀ।

ਕਿਸੇ ਵੀ ਨਿਸ਼ਾਨੇ ਜਾਂ ਸਮੱਸਿਆ ਨੂੰ ਭਾਲਣ ਤੇ ਉਸਦੇ ਅੰਤਹਕਰਨ ਤੱਕ ਪਹੁੰਚਣਾ ਸੁਖੈਨ ਕਾਰਜ ਨਹੀਂ ਹੁੰਦਾ ਅਤੇ ਇਹ ਹੋਰ ਵੀ ਗੁੰਝਲਦਾਰ ਹੋ ਜਾਂਦਾ ਹੈ ਜਦੋਂ ਤੁਹਾਡੀ ਖੋਜ ਦਾ ਨਿਸ਼ਾਨਾ ਕਿਸੇ ਸ਼ਖ਼ਸ਼ੀਅਤ ਉਪਰ ਕੇਂਦਰਿਤ ਹੋਵੇ ਅਤੇ ਦੂਸਰਾ ਉਹ ਸ਼ਖ਼ਸ਼ੀਅਤ ਸਾਡੇ ਸਮਕਾਲ ਦਾ ਹਿੱਸਾ ਨਾ ਹੋਵੇ ਤੇ ਉਹ ਅਗੰਮ ਵੱਲ ਚਾਲੇ ਪਾ ਚੁੱਕੀ ਹੋਵੇ। ਦੂਸਰਾ ਔਖਾ ਪਹਿਲੂ (ਖਾਸ ਕਰ ਮੇਰੇ ਖੋਜ-ਪ੍ਰਬੰਧ ਦਾ) ਇਹ ਵੀ ਹੈ ਕਿ

ਚੁਣਿਆ ਗਿਆ ਵਿਸ਼ਾ ਕਿਸ ਦਿਸਹੱਦੇ ਵੱਲ ਇਸ਼ਾਰਾ ਕਰਦਾ ਹੈ। ਜਦੋਂ ਕੇਂਦਰ ਵਿਚ ਅਧਿਆਤਮਕਤਾ ਹੋਵੇ, ਜਿਸ ਬਾਰੇ 'ਪਵਿੱਤਰ ਰਚਨਾਵਾਂ' ਵਿਚ 'ਗੂੰਗੇ ਕੀ ਮਠਿਆਈ' ਕਹਿ ਕੇ ਸੰਬੋਧਿਤ ਕੀਤਾ ਗਿਆ ਹੋਵੇ, ਉਸ ਲਈ ਕਿਸ ਵਿਧਾ ਦੀ ਚੋਣ ਕੀਤੀ ਜਾਵੇ। ਨਾਲ ਹੀ ਇਹ ਵੀ ਪ੍ਰਸ਼ਨ ਕਿ ਕੀ ਸਬੰਧਿਤ ਅਧਿਆਤਮਕਤਾ ਕਿਸੇ ਖੋਜ ਅਨੁਸ਼ਾਸਨ ਦੇ ਵਿਧਾਨ ਦੇ ਗੇੜ ਦਾ ਕਾਰਜ ਹੈ ਵੀ ਕਿ ਨਹੀਂ। ਅਧਿਆਤਮਕਤਾ ਨੂੰ ਪਰਿਭਾਸ਼ਿਤ ਕਰਨਾ ਬਹੁਤ ਬਿਖ਼ਮ ਮਾਰਗ ਹੈ। ਚਿੰਤਕ ਆਪਣੀ ਸਮਰੱਥਾ ਜਾਂ ਆਪਣੀਆਂ ਸੂਖਮ ਬਿਰਤੀਆਂ ਰਾਹੀਂ ਹੋ ਸਕਦਾ ਹੈ ਆਪਣੇ ਅੰਦਰ ਦੀ ਜਵਾਲਾ ਨੂੰ ਪ੍ਰਜਵਲਿਤ ਕਰਕੇ ਅਧਿਆਤਮਕਤਾ ਦੇ ਸਾਖਸ਼ਾਤ ਦਰਸ਼ਨ ਕਰ ਚੁੱਕਾ ਹੋਵੇ ਤੇ ਉਹ ਉਸ ਅਥਾਹ ਅਨੰਦ ਨੂੰ ਸ਼ਬਦਾਂ ਵਿਚ ਢਾਲਣ ਦੇ ਸਮਰੱਥ ਵੀ ਹੋ ਗਿਆ ਹੋਵੇ, ਪਰ ਖੋਜ ਵਿਦਿਆਰਥੀ ਨਾ ਤੇ ਉਸ ਪੱਧਰ ਦਾ ਜਗਿਆਸੂ ਹੁੰਦਾ ਹੈ ਤੇ ਨਾ ਹੀ ਬੁੱਧੀ ਦੇ ਪਾਰ-ਮੰਡਲਾਂ ਵੱਲ ਉਡਾਰੀ ਮਾਰਨ ਦੇ ਸਮਰੱਥ। ਉਹ ਤੇ ਸ਼ਬਦ ਸੰਸਾਰ ਨਾਲ ਪੀਢੀ ਦੋਸਤੀ ਪਾ ਤੁਰਨ ਦਾ ਯਤਨ ਕਰਦਾ ਹੈ ਤਾਂ ਜੋ ਨਿਸ਼ਚਿਤ ਨਿਸ਼ਾਨੇ ਤੇ ਪਹੁੰਚ ਕੇ ਆਪਣੀ ਖੋਜ ਨੂੰ ਅੰਤਿਮ ਪੜਾਅ ਤੱਕ ਪਹੁੰਚਾ ਸਕੇ, ਇਸ ਮਾਣ-ਮੱਤੀ ਡਿਗਰੀ ਨੂੰ ਹਾਸਲ ਕਰ ਸਕੇ। ਹਾਲਾਂਕਿ ਇਹ ਮੇਰਾ ਪੂਰਨ ਵਿਸ਼ਵਾਸ ਹੈ ਕਿ ਇਹ ਸਮਾਂ ਉਸ ਦੀ ਅਗਨ ਪ੍ਰੀਖਿਆ ਵਾਂਗ ਹੁੰਦਾ ਹੈ ਤੇ ਇਹ ਚੇਤਿਆਂ 'ਚ ਰਹੇ ਕਿ ਅਗਨ ਪ੍ਰੀਖਿਆ ਵਿਚੋਂ ਲੰਘਣ ਤੋਂ ਬਿਨਾਂ ਥਾਹ ਪਾਈ ਹੀ ਨਹੀਂ ਜਾ ਸਕਦੀ।

ਸੰਸਾਰ ਦੇ ਕੁਲ ਕਾਰਜ ਮੰਡਲਾਂ ਦੀ ਜੇਕਰ ਨਿਗਾਹਬਾਨੀ ਕੀਤੀ ਜਾਵੇ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਦ੍ਰਿਸ਼ਟਮਾਨ ਸੰਸਾਰ ਵਿਚ ਵਿਚਰਨਾ ਨਾ ਸਹਿਜ ਹੈ ਤੇ ਨਾ ਹੀ ਸੁਖਾਲਾ। ਹਰ ਮੋੜ ਤੇ ਸਲੀਬਾਂ ਦੇ ਪ੍ਰਸੰਗ ਦੇ ਸਾਖਸ਼ਾਤ ਦੀਦਾਰੇ ਹੁੰਦੇ ਹਨ। ਇਹ ਸਲੀਬਾਂ ਉਲੰਘ ਕੇ ਮਾਣ-ਮੱਤੇ ਸੰਸਾਰ ਦੀ ਸਿਰਜਨਾ ਕਰਨ ਵਾਲੀ ਸਖਸ਼ੀਅਤ ਨੂੰ ਹੀ 'ਮਾਨਵ' ਦੀ ਸੰਗਿਆ ਪ੍ਰਾਪਤ ਹੁੰਦੀ ਹੈ। ਸਪੱਸ਼ਟ ਹੈ ਕਿ ਆਪਣੇ ਨਿਸ਼ਾਨੇ ਦੀ ਪੂਰਤੀ ਹਿੱਤ ਵਿਧੀ ਮੰਡਲਾਂ ਦਾ ਅਣਗਿਣਤ ਪਸਾਰਾ ਤੁਹਾਡੀ ਸਹਾਇਤਾ ਲਈ ਕੁਦਰਤ ਨੇ ਇਕ ਨੇਮ ਵਜੋਂ ਹੀ ਸਾਨੂੰ ਬਖਸ਼ਿਸ਼ ਕੀਤਾ ਹੋਇਆ ਹੁੰਦਾ ਹੈ, ਜਿਸਦੇ ਦੀਦਾਰੇ ਸੰਸਾਰ ਦੇ ਕਾਰ-ਵਿਹਾਰ ਵਿਚੋਂ ਕੀਤੇ ਜਾ ਸਕਦੇ ਹਨ। ਵਿਧਾ ਬਿਨਾਂ ਤੁਰਿਆ ਹੀ ਨਹੀਂ ਜਾ ਸਕਦਾ। ਇਹ ਵਿਧਾ-ਮੰਡਲ ਉੱਚ-ਡਿਗਰੀ ਲਈ ਲਿਖੇ ਜਾਣ ਵਾਲੇ ਖੋਜ-ਪ੍ਰਬੰਧ ਲਈ ਵੀ ਹੈ। ਅਕਾਦਮਿਕ ਖੇਤਰ ਵਿਚ ਉਪਲੱਬਧ ਪ੍ਰਚਲਿਤ ਖੋਜ-ਵਿਧੀਆਂ ਦੀ ਚੋਣ ਤੁਸੀਂ ਆਪ ਕਰਨੀ ਹੁੰਦੀ ਹੈ, ਜਿਸ ਵਿਚ ਖੋਜ ਨਿਗਰਾਨ ਕੇਂਦਰੀ ਭੂਮਿਕਾ ਨਿਭਾਉਂਦਾ ਹੈ। ਇਸ ਲਈ ਮੈਂ ਆਪਣੇ ਖੋਜ-ਪ੍ਰਬੰਧ ਲਈ ਪ੍ਰਚਲਿਤ ਧਰਮ ਵਿਗਿਆਨਕ ਵਿਧੀ ਦੇ ਨਾਲ-ਨਾਲ ਇਤਿਹਾਸਕ ਅਤੇ ਆਲੋਚਨਾਤਮਕ ਵਿਧਾ ਦਾ ਪ੍ਰਯੋਗ ਕਰਕੇ ਆਪਣੇ ਨਿਸ਼ਾਨੇ ਦੀ ਪੂਰਤੀ ਵੱਲ ਵਧਣ ਦਾ ਯਤਨ ਕੀਤਾ ਹੈ।

ਜਿਵੇਂ ਪਹਿਲਾਂ ਜ਼ਿਕਰ ਕੀਤਾ ਗਿਆ ਹੈ ਕਿ ਖੋਜ-ਪ੍ਰਬੰਧ ਨੂੰ ਆਮ ਕਰਕੇ ਖੋਜ ਸਮੱਸਿਆਵਾਂ ਦਾ ਨਾਂ ਵੀ ਦਿੱਤਾ ਜਾਂਦਾ ਰਿਹਾ ਹੈ, ਤੇ ਉੱਚ ਵਿਦਿਅਕ ਅਦਾਰਿਆਂ ਵਿਚ ਖੋਜੀ ਨੂੰ ਇਹ ਪੁੱਛਿਆ ਜਾਂਦਾ ਸੀ ਕਿ ਖੋਜ ਲਈ ਕਿਸ ਸਮੱਸਿਆ ਨੂੰ ਚੁਣਿਆ ਹੈ। ਮੇਰਾ ਖੋਜ ਸੰਸਾਰ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਨਾਲ ਜੁੜਿਆ ਹੋਇਆ ਹੈ, ਜਿਨ੍ਹਾਂ ਦਾ ਘੇਰਾ ਬਹੁਤ ਵਿਸ਼ਾਲ ਹੈ। ਇਹ ਸਾਰੀਆਂ ਰਚਨਾਵਾਂ ਪੰਜਾਬੀ ਭਾਸ਼ਾ ਵਿਚ ਹਨ, ਪਰ ਭਾਸ਼ਾ ਪੁਰਾਤਨ ਟਕਸਾਲੀ ਪੰਜਾਬੀ ਦੀ ਭਾਅ ਮਾਰਦੀ ਹੈ। ਮੈਨੂੰ ਇਸ ਗੱਲ ਦੀ ਵੀ ਕਠਿਨਾਈ ਆਈ ਤੇ ਇਥੋਂ ਤੱਕ ਕਿ ਪੰਜਾਬੀ ਦੇ ਉਨ੍ਹਾਂ ਗੂੜ੍ਹ ਸ਼ਬਦਾਂ ਦੇ ਅਰਥ ਢੂੰਡਣ ਲਈ ਮੈਨੂੰ ਕਈ ਵਾਰ ਕੋਸ਼ਾਂ ਤੱਕ ਪਹੁੰਚ ਕਰਨੀ ਪਈ। ਇਸ ਦੇ ਨਾਲ ਹੀ ਅਗਲੀ ਸਮੱਸਿਆ ਇਹ ਸੀ ਕਿ ਸ਼ਬਦਾਂ ਦੇ ਆਧੁਨਿਕ ਰੂਪ ਤੇ ਖੋਜ ਨਾਲ ਸਬੰਧਿਤ ਚਿੰਤਕ ਦੇ ਸ਼ਬਦ ਰੂਪਾਂ ਵਿਚ ਵੀ ਵੱਡੇ ਵੰਡ-ਵਖਰੇਵੇਂ ਸਨ। ਖੋਜ ਵਿਚ ਵਰਤੇ ਜਾਣ ਵਾਲੇ ਸ਼ਬਦ ਪੈਟਰਨ ਨੂੰ ਇਕ ਰੱਖਣ ਲਈ ਇਨ੍ਹਾਂ ਨਾਲ ਕਿਵੇਂ ਦੋ-ਚਾਰ ਹੋਇਆ ਜਾਵੇ, ਇਹ ਮੇਰੇ ਸਾਹਮਣੇ ਇਕ ਹੋਰ ਵੱਡਾ ਪ੍ਰਸ਼ਨ ਸੀ। ਤੀਜਾ ਪ੍ਰਸ਼ਨ ਜੋ ਵੱਡੀ ਸਮੱਸਿਆ ਬਣਿਆ, ਉਹ ਸੀ ਸਬੰਧਿਤ ਚਿੰਤਕ ਬਾਰੇ ਅਕਾਦਮਿਕ ਸੰਸਾਰ ਵੱਲੋਂ, ਉਨ੍ਹਾਂ ਦੇ ਜੀਵਨ ਤੇ ਕਾਰਜ ਤੇ ਉਠਾਏ ਗਏ ਵੱਡੇ ਸੁਆਲੀਆ ਨਿਸ਼ਾਨ, ਜੋ ਖੋਜਾਰਥੀ ਹੋਣ ਦੇ ਨਾਤੇ ਮੈਨੂੰ ਵਲਗਣ ਵਿਚ ਕੈਦ ਕਰੀ ਜਾਂਦੇ ਸਨ ਤੇ ਮੇਰੇ ਲਈ ਇਹ ਹਿਮਾਲਿਆ ਪਰਬਤ ਦੀ ਉਚਾਈ ਵਰਗੇ ਸਮੱਸਿਆਵਾਂ ਦੇ ਜੰਗਲ ਸਨ। ਮੇਰਾ ਇਹ ਪੱਕਾ ਵਿਸ਼ਵਾਸ ਹੈ ਕਿ ਖੋਜਾਰਥੀ ਨੂੰ ਕਿਸੇ ਨਿਸ਼ਚਿਤ ਨਿਸ਼ਾਨੇ ਵੱਲ ਸੇਧਤ ਹੋ ਪ੍ਰਾਪਤੀ ਤੇ ਕਰਨੀ ਹੀ ਪਵੇਗੀ, ਪਰ ਜੇਕਰ ਉਹ ਦਰਪੇਸ਼ ਵਲਗਣਾਂ ਦੇ ਘੇਰੇ ਵਿਚ ਘਿਰ ਗਿਆ ਤਾਂ ਉਹ ਨਾ ਆਪਣੀ ਖੋਜ ਨਾਲ ਤੇ ਨਾ ਹੀ ਸਬੰਧਿਤ ਚਿੰਤਕ ਨਾਲ ਵਫ਼ਾ ਕਰ ਸਕੇਗਾ।

ਅਗਲਾ ਵੱਡਾ ਪ੍ਰਸ਼ਨ ਇਹ ਸੀ ਕਿ ਵਿਦਵਾਨ ਵਕਤਾ ਦੀਆਂ ਸਾਰੀਆਂ ਰਚਨਾਵਾਂ ਨਾਲ ਦੋ-ਚਾਰ ਹੋਇਆ ਜਾਵੇ ਜਾਂ ਉਨ੍ਹਾਂ ਵਿਚੋਂ ਕੁਝ ਇਕ ਦੀ ਚੋਣ ਕੀਤੀ ਜਾਵੇ। ਐਨੇ ਵਿਸ਼ਾਲ ਰਚਨਾ ਸੰਸਾਰ ਨੂੰ ਇਕ ਖੋਜ ਵਿਦਿਆਰਥੀ ਕਿਵੇਂ ਆਪਣੇ ਕਲਾਵੇ ਵਿਚ ਲੈ ਸਕਦਾ ਹੈ, ਜਦ ਰਚਨਾਵਾਂ ਵਾਰਤਕ ਵੀ ਹੋਣ, ਕਵਿਤਾਵਾਂ ਵੀ, ਨਾਵਲ ਵੀ, ਅਤੇ ਹੋਰ ਤੇ ਹੋਰ ਰਚਨਾਵਾਂ ਵਿਚ ਪਵਿੱਤਰ ਰਚਨਾਵਾਂ ਦੀ ਵਿਆਖਿਆਕਾਰੀ ਦੇ ਪ੍ਰਸੰਗ ਨੂੰ ਵੀ ਸੰਬੋਧਤ ਕੀਤਾ ਹੋਵੇ। ਫੈਸਲਾ ਲੈ ਲਿਆ ਸੀ ਤੇ ਲਏ ਫੈਸਲੇ ਤੋਂ ਪਿੱਛੇ ਹਟਣਾ ਖੋਜਾਰਥੀ ਦੀ ਮਨੋ-ਬਿਰਤੀ ਦਾ ਹਿੱਸਾ ਨਹੀਂ ਹੁੰਦਾ। ਇਸ ਲਈ ਸਬੰਧਿਤ ਚਿੰਤਕ ਦੇ ਪੂਰੇ ਰਚਨਾ ਸੰਸਾਰ ਨੂੰ ਹੀ ਆਪਣੀ ਖੋਜ ਦਾ ਹਿੱਸਾ ਬਣਾ ਕੇ ਕਾਰਜ ਕਰਨ ਦਾ ਵੱਡਾ ਫੈਸਲਾ, ਨਿਸ਼ਚੇ ਹੀ ਇਕ ਗੂੜ੍ਹ ਸਮੱਸਿਆ ਤੇ ਹੈ ਈ ਸੀ।

ਸਭ ਤੋਂ ਔਖਾ ਕਾਰਜ ਸੀ ਭਾਈ ਸਾਹਿਬ ਦੇ ਅਧਿਆਤਮਕ ਪ੍ਰਸੰਗ ਦੇ ਰੂ-ਬ-ਰੂ ਹੋ ਅੱਜ ਦੇ ਮਨੁੱਖੀ ਸਮਾਜ ਨੂੰ ਸਾਹਮਣੇ ਰੱਖਣਾ ਤੇ ਨਤੀਜੇ ਕੱਢਣੇ, ਇਹ ਤਾਂ ਬਿਲਕੁਲ ਹੀ ਸਹਿਜ ਪ੍ਰਕਿਰਿਆ ਨਹੀਂ

ਸੀ। ਅਧਿਆਤਮ ਤੇ ਪ੍ਰਾਪਤ ਕੀਤਾ ਜਾਂਦਾ ਹੈ ਜਿਸ ਵਿਚ ਪੂਰੀ ਤਰ੍ਹਾਂ ਹੀ ਮਨੁੱਖ ਦਾ ਨਿੱਜ ਸ਼ਾਮਲ ਹੁੰਦਾ। ਇਹ ਨਿੱਜ ਜਦ ਕਿਸੇ ਅਗੰਮ ਦਾ ਹਿੱਸਾ ਹੋ ਜਾਵੇ, ਆਪਣੀ ਹੋਂਦ ਤੋਂ ਮੁਨਕਰ ਹੋ ਦੂਸਰੇ ਨੂੰ ਆਪਣਾ ਸਮਝ ਲਵੇ ਤਾਂ ਉਸਨੂੰ ਪਾਰ-ਮੰਡਲ ਦੀ ਸੋਝੀ ਵਾਲੇ ਬ੍ਰਹਮ ਗਿਆਨੀ ਦੀ ਸੰਗਿਆ ਨਾਲ ਨਿਵਾਜਿਆ ਜਾਂਦਾ ਹੈ। ਮੇਰੇ ਖੋਜ ਦੇ ਚਿੰਤਕ ਤੇ ਨਿਸ਼ਚੇ ਹੀ ਪਾਰ-ਮੰਡਲਾਂ ਦੇ ਨਿਵਾਸੀ ਸਨ, ਹੁਣ ਉਨ੍ਹਾਂ ਦੁਆਰਾ ਲਾਈ ਗਈ ਅਗੰਮ ਗਗਨਮਈ ਚੁੱਭੀ ਨੂੰ ਪਰਿਭਾਸ਼ਿਤ ਕਿਵੇਂ ਕੀਤਾ ਜਾਵੇ। ਸੋ ਸਮੱਸਿਆ ਕੇਵਲ ਇਕ ਹੀ ਨਹੀਂ, ਸਮੱਸਿਆ-ਦਰ-ਸਮੱਸਿਆ ਸਨ, ਜਿਸ ਨੂੰ ਪਾਰ ਕਰ ਨਤੀਜੇ ਕੱਢਣ ਵਿਚ ਸ਼ਾਇਦ ਮੈਂ ਸਫਲ ਹੋ ਗਈ ਹਾਂ, ਇਹ ਮੇਰੀ ਸੋਚ ਹੈ, ਦਾਅਵਾ ਨਹੀਂ।

ਖੋਜ-ਪ੍ਰਬੰਧ ਦਾ ਪਹਿਲਾ ਅਧਿਆਇ '**ਭਾਈ ਵੀਰ ਸਿੰਘ ਜੀਵਨ ਅਤੇ ਰਚਨਾ ਸੰਸਾਰ**' ਹੈ, ਜਿਸ ਵਿਚ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਅੱਜ ਤੱਕ ਭਾਈ ਵੀਰ ਸਿੰਘ ਨੂੰ ਬੇਸ਼ੱਕ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਨਿਰਮਾਤਾ ਵਜੋਂ ਵੇਖਣ ਦਾ ਹੀ ਯਤਨ ਹੁੰਦਾ ਰਿਹਾ ਹੈ, ਇਸ ਨਿਰਧਾਰਿਤ ਡੱਬਾ ਬੰਦੀ ਵਿਚ ਰੱਖ ਕੇ ਭਾਈ ਵੀਰ ਸਿੰਘ ਨੂੰ ਸੀਮਾ-ਬੱਧ ਕਰ ਦਿੱਤਾ ਹੈ। ਇਹ ਕਿੰਤੂ ਮੁਕਤ ਧਾਰਨਾ ਹੈ ਕਿ ਉਹ ਪੰਜਾਬੀ ਸਾਹਿਤ, ਸਭਿਆਚਾਰ ਅਤੇ ਭਾਸ਼ਾ ਦੇ 19ਵੀਂ ਸਦੀ ਦੇ ਅਖੀਰ ਤੇ 20ਵੀਂ ਸਦੀ ਦੇ ਅੱਧ ਤੱਕ ਕਾਰਜਸ਼ੀਲ ਰਹੇ ਅਜਿਹੇ ਵਿਦਵਾਨ ਸਨ ਜਿਨ੍ਹਾਂ ਦਾ ਕੋਈ ਬਦਲ ਈ ਨਹੀਂ ਹੈ, ਪਰ ਇਹ ਵੀ ਧਿਆਨ ਦੀ ਮੰਗ ਕਰਦਾ ਹੈ ਕਿ ਇਸ ਸਮਕਾਲ ਵਿਚ ਉਹ ਸਿੱਖੀ ਦੇ ਸਿਰਮੌਰ ਚਿੰਤਕ ਵਜੋਂ ਵੀ ਆਪਣੀ ਸਥਾਪਨਾ ਕਰ ਚੁੱਕੇ ਸਨ ਅਤੇ ਉਨ੍ਹਾਂ ਦੇ ਚਿੰਤਨ ਨੂੰ ਸਿੱਖ ਵਿਆਖਿਆਕਾਰੀ ਦੇ ਖੇਤਰ ਵਿਚ ਵੀ ਵੱਡਾ ਮਾਣ ਹਾਸਿਲ ਹੈ। ਇਹ ਅਹਿਮ ਪਹਿਲੂ ਇਸ ਲਈ ਧਿਆਨ ਦੀ ਮੰਗ ਕਰਦਾ ਹੈ, ਕਿਉਂਕਿ ਅਜਿਹਾ ਕਰਨ ਨਾਲ ਹੀ ਉਨ੍ਹਾਂ ਦੀ ਸਥਾਪਨਾ ਇਕ ਸਿਰਮੌਰ ਸਿੱਖ ਚਿੰਤਕ ਵਜੋਂ ਹੋ ਸਕਦੀ ਹੈ। ਇਸ ਦੀ ਪੁਖਤਾ ਉਦਾਹਰਨ ਉਨ੍ਹਾਂ ਦੀਆਂ ਰਚਨਾਵਾਂ ਖੁਦ ਹੀ ਹਨ। ਉਨ੍ਹਾਂ ਦੀਆਂ ਰਚਨਾਵਾਂ ਦਾ ਵਿਸ਼ਾ-ਵਸਤੂ ਅਤੇ ਪਾਤਰਾਂ ਦੇ ਪਿਛੋਕੜ ਦੀ ਨਜ਼ਰਸਾਨੀ ਵੀ ਜ਼ਰੂਰੀ ਹੈ। ਉਨ੍ਹਾਂ ਦਾ ਰਚਨਾ ਸੰਸਾਰ ਸਿੱਖੀ ਮੁਹਾਵਰੇ, ਸਿੱਖੀ ਪ੍ਰਤੀਕ, ਸਿੱਖੀ ਜਨ-ਜੀਵਨ, ਸਿੱਖੀ ਦੀ ਵਿਆਖਿਆਕਾਰੀ ਨਾਲ ਸਰਸ਼ਾਰ ਹੈ। ਉਨ੍ਹਾਂ ਦੀਆਂ ਰਚਨਾਵਾਂ ਦੇ ਪਾਤਰ ਸਿੱਖੀ ਸਿਧਾਂਤਾਂ ਨਾਲ ਪਰਣਾਈਆਂ ਹੋਈਆਂ ਅਜਿਹੀਆਂ ਸੁਜੱਗ ਰੂਹਾਂ ਹਨ ਜਿਨ੍ਹਾਂ ਵਿਚੋਂ 17ਵੀਂ, 18ਵੀਂ ਸਦੀ ਦੇ ਸਿੱਖ ਜੰਗਜੂ ਯੋਧਿਆਂ ਵਰਗੇ ਗੁਣ ਹਨ। ਉਹ ਅਣਖ, ਆਬਰੂ ਤੇ ਸੱਚ ਲਈ ਸਿੱਖ ਸਿਧਾਂਤਾਂ ਦੀ ਪਹਿਰੇਦਾਰੀ ਕਰਦੇ ਪ੍ਰਤੀਤ ਹੁੰਦੇ ਹਨ। ਜਿਨ੍ਹਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਭਾਈ ਸਾਹਿਬ ਦਾ ਰਚਨਾ ਸੰਸਾਰ ਮਾਨਵਤਾ ਤੇ ਸਰਬੱਤ ਦੇ ਭਲੇ ਵਾਲੇ ਸਿੱਖੀ ਸਿਧਾਂਤ ਉਪਰ ਪੂਰਨ ਤੌਰ ਤੇ ਅਧਾਰਿਤ ਸੀ। ਸਰਬ ਸਾਂਝੀਵਾਲਤਾ ਦੇ ਸਿਧਾਂਤ ਨੂੰ ਜਨ-ਸਮੂਹ ਤੱਕ ਲੈ ਜਾਣ ਲਈ ਉਹ ਇੰਨੇ ਪ੍ਰਬਲ ਸਨ ਕਿ ਇਸੇ ਕਰਕੇ

ਪੰਜਾਬੀ ਸਾਹਿਤ ਰੂਪ ਦੀ ਹਰੇਕ ਵਿਧਾ ਨੂੰ ਆਪਣੇ ਰਚਨਾ ਸੰਸਾਰ ਦਾ ਹਿੱਸਾ ਬਣਾਇਆ। ਇਸ ਕਰਕੇ ਉਹ ਨਾਵਲ ਵੀ ਲਿਖ ਰਹੇ ਹਨ, ਨਾਟਕ ਵੀ, ਮਹਾਂਕਾਵਿ ਵੀ ਅਤੇ ਪ੍ਰਕਿਰਤੀ ਨੂੰ ਸੰਬੋਧਤ ਰਹੱਸਵਾਦੀ ਕਵਿਤਾ ਵੀ, ਜਿਸ ਵਿਚ ਨਿੱਕੀ ਕਵਿਤਾ ਤੇ ਰੂਬਾਈ ਵੀ ਆਪ-ਮੁਹਾਰੇ ਹਿੱਸੇਦਾਰ ਬਣੀਆਂ। ਸੰਪਾਦਨਾ, ਟੀਕਾਕਾਰੀ ਤੇ ਵਿਆਖਿਆਕਾਰੀ ਵਾਲੀਆਂ ਰਚਨਾਵਾਂ ਉਨ੍ਹਾਂ ਦੀ ਵਿਦਵਤਾ ਦਾ ਹੈਰਾਨ ਕਰਨ ਵਾਲਾ ਪੱਖ ਹੈ। ਸਪੱਸ਼ਟ ਹੈ ਕਿ ਉਨ੍ਹਾਂ ਦੀਆਂ ਲਿਖਤਾਂ ਹਰ ਪ੍ਰਕਾਰ ਦੀ ਵੰਨਗੀ ਨਾਲ ਸੰਜੋਈਆਂ ਹੋਈਆਂ ਹਨ। ਉਨ੍ਹਾਂ ਸਾਰਿਆਂ ਦਾ ਵਰਨਣ ਇਥੇ ਬੇਹੱਦ ਜ਼ਰੂਰੀ ਹੈ ਹਾਲਾਂਕਿ ਮੇਰੇ ਖੋਜ-ਪ੍ਰਬੰਧ ਦੀ ਸੀਮਾ ਉਨ੍ਹਾਂ ਦੇ ਨਾਵਲ ਜਗਤ, ਕਵਿਤਾ ਜਗਤ ਤੇ ਵਾਰਤਕ ਜਗਤ ਤੱਕ ਹੀ ਸੀਮਿਤ ਹੈ।

ਜਿਵੇਂ ਪਹਿਲਾਂ ਵੀ ਗੱਲ ਕੀਤੀ ਜਾ ਚੁੱਕੀ ਹੈ ਕਿ ਭਾਈ ਵੀਰ ਸਿੰਘ ਬਾਰੇ ਗੱਲ ਕਰਨਾ ਸਹਿਜ ਪ੍ਰਕਿਰਿਆ ਨਹੀਂ ਹੈ ਕਿਉਂਕਿ ਭਾਈ ਸਾਹਿਬ ਅਜਿਹੇ ਚਿੰਤਕ ਹਨ ਜਿਨ੍ਹਾਂ ਦੀਆਂ ਰਚਨਾਵਾਂ ਦਾ ਮੁੱਖ ਮੁੱਦਾ ਸਿੱਖੀ ਸਿਧਾਂਤ, ਸਿੱਖੀ ਇਤਿਹਾਸ ਅਤੇ ਸਿੱਖੀ ਅਮਲ ਨਾਲ ਜੁੜਿਆ ਹੋਇਆ। ਉਹ ਆਪ ਸਿੱਖੀ ਸਿਧਾਂਤਾਂ ਨਾਲ ਜੁੜੀ ਹੋਈ ਇਕ ਇਹੋ ਜਿਹੀ ਪਾਕੀਜ਼ ਸਖ਼ਸ਼ੀਅਤ ਸਨ ਜਿਨ੍ਹਾਂ ਨੂੰ ਸਿੱਖ ਧਰਮ ਦੀ ਅਕਾਦਮਿਕਤਾ ਵਿਚ ਬਹੁਤ ਵੱਡਾ ਸਥਾਨ ਮਿਲਿਆ ਹੈ ਤੇ ਉਨ੍ਹਾਂ ਦੀਆਂ ਰਚਨਾਵਾਂ ਖੋਜਾਰਥੀਆਂ ਲਈ ਖੋਜ ਸੰਦ ਬਣ ਗਈਆਂ ਹਨ। ਆਧੁਨਿਕਤਾ ਵਿਚ ਸਿੱਖੀ ਦੇ ਸਿਧਾਂਤਕ ਪ੍ਰਸੰਗ ਨੂੰ ਸਥਾਪਿਤ ਕਰਨ ਦਾ ਸ਼੍ਰੇਅ ਆਪ ਜੀ ਨੂੰ ਪ੍ਰਾਪਤ ਹੈ।

ਕਿਸੇ ਵੀ ਵਿਅਕਤੀ ਦੀ ਨਾਇਕ ਵਜੋਂ ਸਥਾਪਤੀ ਸਮਕਾਲ, ਉਸਦੇ ਭੂਗੋਲਿਕ ਖਿੱਤੇ ਵਿਚ ਸਮੇਂ ਸਮੇਂ ਤੇ ਵਾਪਰੀਆਂ ਸਥਿਤੀਆਂ ਪ੍ਰਸਥਿਤੀਆਂ ਦੇ ਪ੍ਰਭਾਵਾਂ ਦਾ ਸਿੱਟਾ ਪ੍ਰਵਾਨ ਕੀਤੀ ਜਾ ਸਕਦੀ ਹੈ ਅਤੇ ਉਹ ਆਪਣੇ ਸਮਕਾਲ ਦੀਆਂ ਇਨ੍ਹਾਂ ਸਥਿਤੀਆਂ ਪ੍ਰਸਥਿਤੀਆਂ ਦੇ ਸਨਮੁੱਖ ਹੁੰਦਾ ਹੋਇਆ ਵਾਪਰ ਰਹੀਆਂ ਘਟਨਾਵਾਂ ਨੂੰ ਬਹੁਤ ਨੀਝ ਨਾਲ ਵੇਖਦਾ ਹੈ। ਇਕ ਨਵਚੇਤਨਾ ਦਾ ਪ੍ਰਕਾਸ਼ ਉਸਦੇ ਮਸਤਕ ਦਾ ਭਾਗ ਬਣਨ ਲੱਗਦਾ ਹੈ। ਨਤੀਜੇ ਵਜੋਂ ਉਸਦੀ ਪ੍ਰਤਿਭਾ ਤੇ ਸੋਚ ਦਾ ਵਿਕਾਸ ਹੁੰਦਾ ਹੈ। ਇਹ ਵਿਕਾਸ ਹੀ ਵਿਗਾਸ ਦੇ ਰਸਤੇ ਲਈ ਕੇਂਦਰੀ ਭੂਮਿਕਾ ਨਿਭਾਉਂਦਾ ਹੈ ਅਤੇ ਅਜਿਹਾ ਵਾਪਰਨਾ ਬਿਲਕੁਲ ਸੁਭਾਵਿਕ ਪ੍ਰਕਿਰਿਆ ਹੈ। ਮਨੁੱਖ ਕਿਉਂਕਿ ਸਮਾਜਿਕ ਜੀਵ ਹੈ ਇਸ ਲਈ ਸਮਾਜ ਵਿਚ ਵਾਪਰੀ ਹਰ ਘਟਨਾ ਹੀ ਕਿਸੇ ਨਾ ਕਿਸੇ ਰੂਪ ਵਿਚ ਉਸਨੂੰ ਪ੍ਰਭਾਵਿਤ ਕਰਦੀ ਹੈ। ਜੇ ਅਜਿਹਾ ਹੈ ਤਾਂ ਨਿਸ਼ਚੇ ਸੰਸਾਰ ਵਿਚ ਵਾਪਰੀਆਂ ਵੱਡੀਆਂ ਘਟਨਾਵਾਂ ਤੇ ਅਹਿਮ ਤਬਦੀਲੀਆਂ ਇਸੇ ਦਾ ਹੀ ਹਾਸਿਲ ਹੋਣਗੀਆਂ। ਨਵ-ਚਿੰਤਨ ਵੀ ਇਹਨਾਂ ਪ੍ਰਸਥਿਤੀਆਂ ਵਿਚੋਂ ਹੀ ਉਪਜਦਾ ਹੋਵੇਗਾ ਤੇ ਨਵ-ਚਿੰਤਕ ਵੀ। ਵੱਡੇ ਵੱਡੇ ਇੰਨਕਲਾਬ ਵੀ ਸਮਕਾਲ ਦੀਆਂ ਪ੍ਰਸਥਿਤੀਆਂ ਵਿਚੋਂ ਹੀ ਉਪਜੇ ਹੋਣਗੇ ਅਤੇ ਇਹਨਾਂ ਇੰਨਕਲਾਬਾਂ ਨੂੰ ਅੰਜ਼ਾਮ ਦੇਣ ਵਾਲੇ ਇੰਨਕਲਾਬੀ ਵੀ,

ਬੇਸ਼ੱਕ ਉਨ੍ਹਾਂ ਦੇ ਰੂਪ ਅਤੇ ਸੁਭਾਅ ਵੱਖ-ਵੱਖ ਹੋਣ। ਧਿਆਨ ਰਹੇ, ਇੰਨਕਲਾਬ ਕੇਵਲ ਬੰਦੂਕ ਦੀ ਨਾਲੀ ਵਿਚ ਹੀ ਨਹੀਂ ਉਪਜਦਾ, ਇਹ ਪੈੱਨ ਦੀ ਤਾਕਤ ਨਾਲ ਵੀ ਤਬਦੀਲੀ ਲਿਆ ਜਰਖੇਜ਼ ਸਮਾਜ ਦੀ ਸਿਰਜਣਾ ਕਰ ਸਕਦਾ ਹੈ। ਇਹ ਕਾਰਜ ਉਸ ਖਿੱਤੇ ਨਾਲ ਸਬੰਧਿਤ ਚਿੰਤਕ ਕਰਦੇ ਹਨ ਤੇ ਇਸੇ ਕਰਕੇ ਹੀ ਇਥੇ ਚਿੰਤਕ ਨੂੰ ਵੀ ਇਕ ਇੰਨਕਲਾਬੀ ਯੋਧੇ ਦੀ ਸੰਗਿਆ ਦਿੱਤੀ ਗਈ ਹੈ।

ਭਾਈ ਵੀਰ ਸਿੰਘ ਸਿੱਖੀ ਸਿਧਾਂਤਾਂ ਨਾਲ ਇਕਸੁਰ ਹੋਈ ਅਜਿਹੀ ਹੀ ਰੂਹ ਸਨ ਜਿਸ ਤਰ੍ਹਾਂ ਦੀ ਰੂਹ ਦੀ ਕਾਮਨਾ ਸਿੱਖ ਸਿਧਾਂਤਾਂ ਵਿਚ ਕੀਤੀ ਗਈ ਹੈ। ਉਨ੍ਹਾਂ ਵਿਚ ਕੇਵਲ ਸਿੱਖੀ ਦੀ ਆਭਾ ਵਾਲੇ ਉਹ ਸਾਰੇ ਗੁਣ ਹੀ ਰੂਪਮਾਨ ਨਹੀਂ ਸਨ ਹੁੰਦੇ ਸਗੋਂ ਉਨ੍ਹਾਂ ਦੇ ਦੀਦਾਰੇ ਵੀ ਪ੍ਰਤੱਖ ਤੌਰ ਤੇ ਉਨ੍ਹਾਂ ਦੀ ਸਖਸ਼ੀਅਤ ਵਿਚੋਂ ਕੀਤੇ ਜਾ ਸਕਦੇ ਸਨ। ਆਪ ਜੀ ਉੱਘੇ ਚਿੰਤਕ, ਮਹਾਨ ਵਿਦਵਾਨ, ਸ਼੍ਰੋਮਣੀ ਸਾਹਿਤਕਾਰ, ਸਰਗਰਮ ਸਮਾਜ ਸੁਧਾਰਕ ਤੇ ਦੂਰਦਰਸ਼ੀ ਸੰਯੋਜਕ ਸਨ। ਭਾਈ ਸਾਹਿਬ ਦੀ ਚੇਤਨਾ ਵਿਚ ਅਤੀਤ ਦਾ ਵਿਰਾਸਤੀ ਗੌਰਵ, ਵਰਤਮਾਨ ਦੀ ਰਾਸ ਪੂੰਜੀ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਦਾ ਸੰਗਮ ਇਕੋ ਵੇਲੇ ਦ੍ਰਿਸ਼ਟੀਗੋਚਰ ਹੋਇਆ। ਉਨ੍ਹਾਂ ਨੇ ਆਪਣੇ ਇਤਿਹਾਸਕ ਵਿਰਸੇ ਨੂੰ ਆਦਰਸ਼ਕ ਢੰਗ ਨਾਲ ਸੰਜੋਇਆ, ਸਮਕਾਲੀ ਸਮੱਸਿਆਵਾਂ ਨੂੰ ਜੁਝਾਰੂ ਵੇਗ ਦਿੱਤਾ। ਕਲਮ ਉਨ੍ਹਾਂ ਦੀ ਰਚਨਾਤਮਕਤਾ ਦੀ ਸ਼ਸ਼ਕਤ ਮਾਧਿਅਮ ਬਣੀ। ਸਾਹਿਤ ਰਚਨਾ ਆਪ ਲਈ ਨਿਰੋਲ ਸ਼ੌਕ ਨਹੀਂ, ਸਗੋਂ ਅਤਿਅੰਤ ਗੰਭੀਰ ਕਾਰਜ ਸੀ, ਜੋ ਕਿ ਸਮਾਜਿਕ ਪਰਿਵਰਤਨ ਦੇ ਵਿਸ਼ੇਸ਼ ਉਦੇਸ਼ ਨਾਲ ਕੀਤਾ ਗਿਆ ਸੀ।

'**ਧਰਮ ਦਾ ਅਧਿਆਤਮਕ ਤੇ ਵਿਵਹਾਰਕ ਚਿੰਤਨ**' ਦੂਜਾ ਅਧਿਆਇ ਹੈ। ਇਸ ਵਿਚ ਵਿਸਥਾਰਪੂਰਵਕ ਗੱਲ ਕਰਦਿਆਂ ਸਾਹਮਣੇ ਲਿਆਂਦਾ ਗਿਆ ਹੈ ਕਿ ਧਰਮ ਸੰਸਾਰ ਵਿਚ ਮਾਨਵ ਨੂੰ ਦੋ ਹਿੱਸਿਆਂ ਵਿਚ ਰੱਖ ਕੇ ਵੇਖਿਆ ਗਿਆ ਹੈ, ਜਿਸ ਵਿਚ ਇਕ ਧਰਮ ਬਾਨੀਆਂ, ਗੁਰੂਆਂ ਜਾਂ ਪੈਗੰਬਰਾਂ ਦੀ ਆਉਂਦੀ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਖੁਦ ਉਸ ਅਗੰਮ ਦਾ ਸ਼ਬਦ ਰੂਪ ਹੁੰਦੇ ਨੇ ਜਿਨ੍ਹਾਂ ਨੂੰ ਉਹ ਸਮੇਂ ਸਮੇਂ ਧਰਤਿ ਲੋਕਾਈ ਦੇ ਭਲੇ ਹਿੱਤ ਮਨੁੱਖੀ ਜਾਮਾ ਧਾਰਨ ਕਰ ਸੰਸਾਰ ਵਿਚ ਭੇਜਦਾ ਹੈ ਤਾਂ ਜੋ ਅਸਮਾਨੀ ਸਤਿ ਨੂੰ ਧਰਤਿ ਉਪਰ ਭੇਜ, ਇਥੋਂ ਦੇ ਜਨ-ਸਮੂਹ ਦੀ ਮਾਨਸਿਕਤਾ ਨੂੰ ਹਰਿਆ-ਭਰਿਆ ਕੀਤਾ ਜਾ ਸਕੇ। ਉਹ ਆਪਣੇ ਨਾਲ ਲਿਆਂਦੇ ਇਲਾਹੀ ਨਾਦ ਦਾ ਪ੍ਰਗਾਸ ਇਸ ਧਰਤਿ ਤੇ ਕਰ ਇਸ ਨੂੰ ਸੁਹੇਲਾ ਬਣਾਉਣ ਹਿੱਤ ਕਾਰਜਸ਼ੀਲ ਰਹਿੰਦੇ ਹਨ ਤੇ ਧਰਤਿ ਲੋਕਾਈ ਤੇ ਆਪਣੇ 'ਸਤਿ' ਦੀ ਸਥਾਪਨਾ ਕਰ, ਧਰਤਿ ਤੋਂ ਰੁਖਸਤ ਹੋ ਜਾਂਦੇ ਹਨ। ਉਨ੍ਹਾਂ ਦੁਆਰਾ ਲਿਆਂਦੇ ਉਸ ਦੈਵੀ ਗੁਹਜ ਦਾ ਅਜਪਾ ਜਾਪ ਕਰਦੇ ਹੋਏ ਕੁਝ ਵੱਡੀਆਂ ਰੂਹਾਂ ਉਸ ਗੁਹਜ ਦੇ ਅੰਤਰੀਵ ਭਾਵ ਨਾਲ ਇਕਸੁਰ ਹੋ ਵੱਡੇ ਰੰਗ ਵਿਚ ਰੰਗੀਆਂ ਜਾਂਦੀਆਂ ਹਨ ਤੇ ਫਿਰ ਉਸ ਸੱਚ ਦੀ ਖੁਸ਼ਬੂ ਨੂੰ ਵੰਡਦੀਆਂ ਹੋਈਆਂ ਚਰਖੜੀਆਂ ਤੇ ਵੀ ਚੜ੍ਹਦੀਆਂ ਹਨ, ਆਰਿਆਂ

ਨਾਲ ਵੀ ਚੀਰੀਆਂ ਜਾਂਦੀਆਂ ਹਨ, ਉਨ੍ਹਾਂ ਦੇ ਬੰਦ ਬੰਦ ਵੀ ਕੱਟੇ ਜਾਂਦੇ ਹਨ। ਉਹ ਕਿਸੇ ਅਥਾਹ ਅਨੰਦ ਵਿਚ ਇਕਸੁਰ ਹੋਈਆਂ, ਤੇਰਾ ਭਾਣਾ ਮੀਠਾ ਲਾਗੇ ਦਾ ਸਿਮਰਨ ਕਰਦੀਆਂ, ਜਿੱਥੇ ਲੋਕ ਸੁਖੀਆ ਪਰਲੋਕ ਸੁਹੇਲਾ ਕਰ ਲੈਂਦੀਆਂ ਹਨ ਉਥੇ ਆਉਣ ਵਾਲੀਆਂ ਪੀੜ੍ਹੀਆਂ ਲਈ ਮਾਰਗ ਦਰਸ਼ਨ ਵਜੋਂ ਵੀ ਕਾਰਜ ਕਰਦੀਆਂ ਹਨ।

ਧਰਮ ਦੇ ਸੰਸਾਰ ਵਿਚ ਇਸ ਅਵਸਥਾ ਨੂੰ ਅਧਿਆਤਮਕ ਉਨਤੀ ਦੇ ਪੜਾਅ ਮੰਨਿਆ ਜਾਂਦਾ ਹੈ, ਜਿਸ ਤੇ ਪਹੁੰਚਣਾ ਬਿਲਕੁਲ ਹੀ ਸਹਿਜ ਨਹੀਂ ਹੈ। ਇਹ ਤੇ ਆਤਮਸਾਤ ਹੈ। ਅੰਦਰੋਂ ਈ ਉਠੇ ਸੱਚ ਦਾ ਪ੍ਰਗਟਾ ਜਿਸਨੂੰ ਧਰਮ ਦੀ ਦੁਨੀਆਂ ਵਿਚ ਅਧਿਆਤਮਕ ਮੰਡਲ ਦਾ ਨਾਂ ਦਿੱਤਾ ਗਿਆ ਹੈ। ਇਹ ਦੋ ਤਰ੍ਹਾਂ ਦਾ ਅਨੁਭਵ ਹੈ। ਇਕ ਉਹ ਸਿੱਧਾ ਅਗੰਮ ਦੀ ਬਖਸ਼ਿਸ਼ ਨਾਲ ਧਰਤਿ ਤੇ ਉਤਰਦਾ ਹੈ, ਤੇ ਦੂਸਰਾ ਆਪਣੀ ਸਾਧਨਾ ਦੀ ਮਾਰਫਤ ਧਰਤਿ ਤੋਂ ਉਠ ਕੇ ਅਗੰਮ ਨਾਲ ਅਭੇਦਤਾ ਗ੍ਰਹਿਣ ਕਰਦਾ ਹੈ। ਇਸ ਅਧਿਆਤਮ ਮੰਡਲ ਨੂੰ ਇਸ ਅਧਿਆਇ ਵਿਚ ਵੇਖਣ ਦਾ ਯਤਨ ਕੀਤਾ ਹੈ, ਜਿਸਦੇ ਅਰਥ ਤੇ ਸਰੂਪ ਦਾ ਅਧਿਐਨ ਬਹੁਤ ਹੀ ਵਿਸਥਾਰਪੂਰਵਕ ਇਸ ਅਧਿਆਇ ਵਿਚ ਕੀਤਾ ਗਿਆ ਹੈ।

ਤੀਜੇ ਅਧਿਆਇ ਵਿਚ '**ਭਾਈ ਵੀਰ ਸਿੰਘ ਦੀ ਗੁਰਬਾਣੀ ਵਿਆਖਿਆਕਾਰੀ**' ਅਧਿਐਨ ਦਾ ਕੇਂਦਰ ਰਿਹਾ। ਜਿਸ ਵਿਚ ਉਨ੍ਹਾਂ ਦੀ ਵਿਆਖਿਆਕਾਰੀ ਦੇ ਸਮੁੱਚੇ ਕਾਰਜ ਨੂੰ ਵੇਖਣ ਦਾ ਯਤਨ ਕੀਤਾ ਹੈ। ਵਿਆਖਿਆ, ਵਿਆਖਿਆ ਸ਼ਾਸਤਰ ਅਤੇ ਵਿਆਖਿਆਕਾਰੀ ਦੇ ਵੱਖਰੇ-ਵੱਖਰੇ ਪ੍ਰਸੰਗਾਂ ਨੂੰ ਧਿਆਨ ਵਿਚ ਰੱਖਦੇ ਹੋਏ ਭਾਈ ਵੀਰ ਸਿੰਘ ਦੇ ਵਿਆਖਿਆਕਾਰੀ ਦੇ ਪਾਸਾਰਾਂ ਨੂੰ ਬਹੁਤ ਨੀਝ ਨਾਲ ਵੇਖਣ ਦਾ ਯਤਨ ਕੀਤਾ ਹੈ। ਅਸਲ ਵਿਚ ਭਾਈ ਵੀਰ ਸਿੰਘ ਦੀ ਵਿਆਖਿਆਕਾਰੀ ਦਾ ਪ੍ਰਸੰਗ 'ਭਾਈ ਪ੍ਰਣਾਲੀ' ਨਾਲ ਜਾ ਜੁੜਦਾ ਹੈ, ਜਿਸਦਾ ਮੂਲ ਪ੍ਰਧਾਨ-ਤੱਤ ਅਧਿਆਤਮਕਤਾ ਹੈ। ਭਾਈ ਵੀਰ ਸਿੰਘ ਜੀ ਦੀ ਵਿਆਖਿਅਕਾਰੀ ਵਿਚ ਆਧੁਨਿਕ ਅੰਤਰ-ਦ੍ਰਿਸ਼ਟੀਆਂ ਅਤੇ ਪਹੁੰਚ-ਵਿਧੀਆਂ ਦਾ ਆਭਾਵ ਹੈ। ਉਨ੍ਹਾਂ ਦੀ ਵਿਆਖਿਅਕਾਰੀ ਨਾ ਤੇ ਵਿਆਕਰਨ ਦੇ ਪ੍ਰਸੰਗਾਂ ਨੂੰ ਰੂਪਮਾਨ ਕਰਦਾ ਹੈ ਅਤੇ ਨਾ ਹੀ ਸ਼ਬਦ ਦੇ ਮੂਲ ਪ੍ਰਸੰਗ ਨੂੰ ਆਧੁਨਿਕਤਾ ਦੇ ਹਾਣ ਦਾ ਬਣਾਉਣ ਦਾ ਯਤਨ। ਉਹ ਤੇ ਇਕ ਅਧਿਆਤਮਕ ਮਹਾਂ-ਗਿਆਨ ਵਿਚ ਚੁੱਭੀ ਲਾ, ਜਿਗਿਆਸੂ ਦੇ ਅੰਤਰੀਵ 'ਚ ਉਤਰੇ ਸ਼ਬਦਾਂ ਦਾ ਬਖਾਨ ਹੈ, ਜੋ ਵਕਤਾ ਅਤੇ ਸ੍ਰੋਤੇ ਨੂੰ ਆਪਣੇ ਨਾਲ ਹੀ ਵਹਾ ਲੈ ਜਾਣ ਦੀ ਸਮਰੱਥਾ ਰੱਖਦੀ ਹੈ।

ਚੌਥਾ ਅਧਿਆਇ '**ਭਾਈ ਵੀਰ ਸਿੰਘ ਰਚਨਾਵਲੀ ਤੇ ਅਧਿਆਤਮਵਾਦ: ਨਾਵਲ ਦੇ ਪਰਿਪੇਖ ਵਿਚ**' ਹੈ। ਇਸ ਵਿਚ ਉਨ੍ਹਾਂ ਦੇ ਚਾਰ ਨਾਵਲਾਂ ਦੇ ਵਿਸ਼ੇ ਤੇ ਉਨ੍ਹਾਂ ਦੀ ਕਹਾਣੀ ਵਿਚਲੀ ਉਡਾਣ ਵਿਚ ਗੁਰਬਾਣੀ ਨਾਲ ਇਕ ਸੁਰ ਹੋਈਆਂ ਰੂਹਾਂ ਆਪਣੀ ਖੁਸ਼ਬੂ ਨਾਲ ਕਿਸ ਤਰ੍ਹਾਂ ਇਸ ਧਰਤਿ ਦੇ ਭਾਗ

ਬਦਲਦੀਆਂ ਹਨ, ਉਨ੍ਹਾਂ ਦਾ ਅਧਿਐਨ ਕੀਤਾ ਹੈ। ਸਿੱਖ ਇਤਿਹਾਸ ਤੇ ਸਿੱਖ ਇਤਿਹਾਸ ਵਿਚ ਸਿੱਖ ਸੰਪਰਦਾ ਤੇ ਸਿੱਖ ਸੰਸਥਾਵਾਂ ਨੇ ਜੋ ਮਨੁੱਖੀ ਮਸਤਕ ਤੇ ਛਾਪ ਛੱਡੀ, ਉਸ ਛਾਪ ਦਾ ਇਥੇ ਸਪੱਸ਼ਟ ਬਖਾਨ ਕੀਤਾ ਹੈ। ਗੁਰਬਾਣੀ, ਇਤਿਹਾਸ ਤੇ ਅਮਲ ਰਾਹੀਂ ਉਸਦੇ ਹੋਏ ਪ੍ਰਗਟਾ ਤੇ ਬਹੁਤ ਹੀ ਨਿਸ਼ਠਾ ਨਾਲ ਗੁਰੂ ਭਾਣੇ ਵਿਚ ਚਲਦੇ ਪਾਤਰਾਂ ਦੀ ਅਧਿਆਤਮਕ ਸੁਰ ਨੂੰ ਫੜਨ ਦਾ ਯਤਨ ਵੀ ਇਸ ਭਾਗ ਦਾ ਹਿੱਸਾ ਹੈ।

ਪੰਜਵੇਂ ਅਧਿਆਇ '**ਭਾਈ ਵੀਰ ਸਿੰਘ ਦੀ ਅਧਿਆਤਮਕ ਕਾਵਿ-ਚੇਤਨਾ**' ਵਿਚ ਉਨ੍ਹਾਂ ਦੀ ਕਵਿਤਾ ਬਾਰੇ ਗੱਲ ਕਰਨ ਦਾ ਯਤਨ ਕੀਤਾ ਹੈ। ਭਾਈ ਸਾਹਿਬ ਦਾ ਕਵਿਤਾ ਸੰਸਾਰ ਗਿਆਰਾਂ ਸਿਰਲੇਖਾਂ ਵਿਚ ਸੈਂਕੜੇ ਕਵਿਤਾਵਾਂ ਨੂੰ ਆਪਣੇ ਵਿਚ ਸਮੋਈ ਬੈਠੇ ਹਨ। ਹਰ ਕਵਿਤਾ ਹੀ ਅਧਿਆਤਮਕ ਮੰਡਲਾਂ ਦੀ ਬਾਤ ਪਾਉਂਦੀ ਹੈ ਤੇ ਇਸ ਗੱਲ ਦਾ ਪ੍ਰਗਟਾ ਹੈ ਕਿ ਇਹ ਰਚਨਾਵਾਂ ਕਿਸੇ ਸਧਾਰਨ ਕਵੀ ਦੀ ਰਚਨਾ ਨਹੀਂ ਹੋ ਸਕਦੀਆਂ। ਇਹ ਤੇ ਸਾਧਨਾ ਤੇ ਬੰਦਗੀ ਚੋਂ ਫੁੱਟਿਆ ਸਾਖਸ਼ਾਤ ਅੰਮ੍ਰਿਤ ਫਲ ਹੈ ਜਿਹੜਾ ਬਖਸ਼ਿਸ਼ ਰੂਪ ਵਿਚ ਪਾਰ ਮੰਡਲਾਂ ਤੋਂ ਸ਼ਬਦ ਦਾ ਰੂਪ ਧਾਰਨ ਕਰ, ਕਵੀ ਨੂੰ ਸਦੀਵੀ ਕਰਨ ਹਿੱਤ ਉਨ੍ਹਾਂ ਦੀ ਕਲਮ ਰਾਹੀਂ ਆਪ ਮੁਹਾਰੇ ਫੁੱਟ ਪਿਆ। ਕਵਿਤਾਵਾਂ ਦੀ ਇਸ ਅਧਿਆਤਮਕ ਅੰਗੜਾਈ ਦਾ ਮੂਲ ਕਾਰਨ ਕੀ ਹੈ ਤੇ ਇਹ ਕਿਸ ਤਰ੍ਹਾਂ ਇਨ੍ਹਾਂ ਦੇ ਮਸਤਕ ਦਾ ਭਾਗ ਬਣੀ, ਨੂੰ ਵਿਸਥਾਰਪੂਰਵਕ ਇਸ ਅਧਿਆਇ ਵਿਚ ਅੰਕਿਤ ਕਰਨ ਦਾ ਯਤਨ ਕੀਤਾ ਹੈ।

ਸਾਰ-ਤੱਤ ਇਹ ਹੈ ਕਿ ਧਰਮ ਮਨੁੱਖ ਨੂੰ ਅਧਿਆਤਮਕ ਬੁਲੰਦੀਆਂ ਤੇ ਲੈ ਕੇ ਜਾਣ ਲਈ ਮੂਲ ਧੁਰੋਹਰ ਹੈ। ਉਹ ਅਦ੍ਰਿਸ਼ਟ ਵਿਚ ਅਭੇਦ ਹੋਣ ਲਈ ਮਨੁੱਖ ਨੂੰ ਇਕ ਮੂਲ ਜੀਵਨ ਜਾਂਚ ਉਪਲੱਬਧ ਕਰਾਉਂਦਾ ਹੈ, ਜਿਸ ਦੀ ਸਾਣ 'ਤੇ ਲੱਗ ਕੇ ਮਨੁੱਖ ਸਵਾਰਿਆ, ਸਿਰਜਿਆ ਤੇ ਤਰਾਸ਼ਿਆ ਜਾਂਦਾ ਹੈ। ਅਜਿਹੀ ਤਰਾਸ਼ੀ ਹੋਈ ਰੂਹ ਚਰਖੜੀਆਂ 'ਤੇ ਚੜ੍ਹ ਸਕਦੀ ਹੈ, ਬੰਦ ਬੰਦ ਕਟਵਾ ਸਕਦੀ ਹੈ, ਇਹ ਦੇਹ ਦੇ ਮੋਹ ਤੋਂ ਮੁਕਤ ਹੋ ਇਲਾਹੀ ਗੁਹਜ ਨਾਲ ਇਕਸੁਰ ਹੋਣ ਦੀ ਅਵਸਥਾ ਹੈ ਅਤੇ ਨਾਲ ਦੀ ਨਾਲ ਸਦੈਵ ਸਮਿਆਂ ਲਈ ਸਦ-ਜਾਗਦੇ ਚੇਤਨਾ ਕੇਂਦਰ ਵਿਚ ਤਬਦੀਲ ਹੋ ਜਾਣਾ ਹੈ। ਅਸਲ ਵਿਚ ਇਹ 'ਮੈਂ' ਤੇ 'ਮੇਰੀ' ਤੋਂ ਮੁਕਤ ਹੋ 'ਤੂੰ' ਦਾ ਨਿਵਾਸ ਹੈ। ਇਹ ਚਾਅ ਮਾਸੂਮ ਤੇ ਹੋ ਸਕਦਾ ਹੈ ਪਰ ਬਚਗਾਨਾ ਨਹੀਂ। ਅਧਿਆਤਮਕਤਾ ਸਮਰਪਿਤ ਭਾਵਨਾ ਦੇ ਸੇਕ ਨਾਲ ਪੱਕਦੀ ਰਹਿੰਦੀ ਹੈ, ਜੋ ਲੋੜ ਪੈਣ ਤੇ ਇਤਿਹਾਸ ਵਿਚ ਪ੍ਰਗਟ ਹੋ ਜਾਂਦੀ ਹੈ। ਭਾਈ ਵੀਰ ਸਿੰਘ ਦੀ ਸ਼ਖ਼ਸੀਅਤ ਅਤੇ ਰਚਨਾ ਵਿਚੋਂ ਇਸ ਦੇ ਦੀਦਾਰੇ ਕੀਤੇ ਜਾ ਸਕਦੇ ਹਨ।

# ਪੁਸਤਕ-ਸੂਚੀ

**ਪੰਜਾਬੀ:**


ਅਹੂਜਾ, ਰੌਸ਼ਨ ਲਾਲ, **ਸਾਹਿਤ ਸ਼ਾਸਤਰ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1987.

ਅਤਰ ਸਿੰਘ, **ਕਾਵਿ-ਅਧਿਐਨ**, ਲਾਹੌਰ ਬੁਕ ਸ਼ਾਪ, ਲੁਧਿਆਣਾ, 1959.

ਅਮਰਵੰਤ ਸਿੰਘ (ਸੰਕਲਨਕਰਤਾ), **ਅਰਬੀ ਫਾਰਸੀ ਵਿਚੋਂ ਉਤਪੰਨ ਪੰਜਾਬੀ ਸ਼ਬਦਾਵਲੀ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003.

ਅਰੋੜਾ, ਭਗਵਾਨ ਦਾਸ, **ਭਾਈ ਵੀਰ ਸਿੰਘ ਦੇ ਨਾਵਲਾਂ ਦੇ ਨਾਰੀ ਪਾਤਰ**, ਨਿਊ ਬੁੱਕ ਕੰਪਨੀ, ਮਾਈ ਹੀਰਾ ਗੇਟ, ਜਲੰਧਰ, 1996.

ਆਹਲੂਵਾਲੀਆ, ਜਸਬੀਰ ਸਿੰਘ, ਡਾ., **ਸਮਕਾਲੀ ਪੰਜਾਬੀ ਸਾਹਿਤ-ਇਕ ਅਧਿਐਨ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968.

ਸਤਿੰਦਰ ਸਿੰਘ (ਡਾ.), **ਭਾਈ ਵੀਰ ਸਿੰਘ ਜੀਵਨ ਤੇ ਰਚਨਾ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996.

ਸਤਿੰਦਰ ਸਿੰਘ, **ਭਾਈ ਵੀਰ ਸਿੰਘ ਜੀਵਨ ਤੇ ਰਚਨਾ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982.

ਸਰਬਜਿੰਦਰ ਸਿੰਘ (ਡਾ.), **ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ**, ਭਾਗ ਪਹਿਲਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007.

-ਉਹੀ-, **ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ** (ਭਾਗ ਚੌਥਾ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

ਸਿੰਗਲ, ਧਰਮਪਾਲ (ਡਾ.), **ਸਾਹਿਤ ਸੰਚਯ**, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, 1970.

ਸੀਤਲ, ਜੀਤ ਸਿੰਘ (ਸੰਪਾ.), **ਪੰਜਾਬੀ ਨਿਬੰਧਾਵਲੀ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969.

ਸੀਤਲ, ਜੀਤ ਸਿੰਘ ਤੇ ਮਹਿੰਦਰ ਸਿੰਘ ਕੋਹਲੀ (ਸੰਪਾ.), 'ਭਾਈ ਵੀਰ ਸਿੰਘ ਸਾਹਿਤ ਦਰਪਣ', **ਖੋਜ ਪੱਤ੍ਰਿਕਾ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972.

ਸੇਖੋਂ, ਸੰਤ ਸਿੰਘ, **ਭਾਈ ਵੀਰ ਸਿੰਘ ਤੇ ਉਨ੍ਹਾਂ ਦਾ ਯੁੱਗ**, ਲਾਹੌਰ ਬੁੱਕ ਸ਼ਾਪ, ਘੰਟਾ ਘਰ, ਲੁਧਿਆਣਾ, 1962.

-ਉਹੀ-, **ਭਾਈ ਵੀਰ ਸਿੰਘ ਤੇ ਉਨ੍ਹਾਂ ਦੀ ਰਚਨਾ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਮਿਤੀਹੀਨ।

ਸੋਬਤੀ, ਹਰਚਰਨ ਸਿੰਘ, **ਔਰਤ: ਬੁੱਧ ਦੀ ਨਜ਼ਰ 'ਚ, ਵੈਲਵਿਸ਼** ਪਬਲਿਸ਼ਰਜ਼, ਦਿੱਲੀ, 1997.

ਹਰਬੰਸ ਸਿੰਘ (ਅਨੁ.), ਨਰੂਲਾ, ਸੁਰਿੰਦਰ ਸਿੰਘ, **ਭਾਈ ਵੀਰ ਸਿੰਘ**, ਸਾਹਿਤ ਅਕਾਦਮੀ, ਨਵੀਂ ਦਿੱਲੀ, 1978.

-ਉਹੀ- (ਸੰਪਾ), **ਭਾਈ ਵੀਰ ਸਿੰਘ ਸ਼ਤਾਬਦੀ ਗ੍ਰੰਥ**, ਭਾਈ ਵੀਰ ਸਿੰਘ ਸ਼ਤਾਬਦੀ ਸਮਿਤੀ, ਨਵੀਂ ਦਿੱਲੀ, 1992.

ਹਰਬੰਸ ਸਿੰਘ ਅਤੇ ਐਲ.ਐਮ. ਜੋਸ਼ੀ, **ਸੰਸਾਰ ਦੇ ਧਰਮ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

ਹਰਿਭਜਨ ਸਿੰਘ (ਸੰਪਾ.), **ਭਾਈ ਵੀਰ ਸਿੰਘ: ਪੁਨਰ ਵਿਚਾਰ**, ਵਿਦਵਾਨ ਪ੍ਰਕਾਸ਼ਨ, ਅੰਬਾਲਾ ਛਾਉਣੀ, 1972.

-ਉਹੀ-, **ਭਾਈ ਵੀਰ ਸਿੰਘ ਦੀਆਂ ਚੋਣਵੀਆਂ ਕਵਿਤਾਵਾਂ**, ਹਿੰਦ ਪਾਕਿਟ ਬੁਕਸ ਪ੍ਰਾਈਵੇਟ ਲਿਮਟਿਡ, ਜੀ.ਟੀ.ਰੋਡ ਸ਼ਾਹਦਰਾ, ਦਿੱਲੀ, 1973.

ਕਰਤਾਰ ਸਿੰਘ ਦੁੱਗਲ, **ਭਾਈ ਵੀਰ ਸਿੰਘ ਸ਼ਤਾਬਦੀ ਗ੍ਰੰਥ**, (ਸੰਪਾ) ਹਰਬੰਸ ਸਿੰਘ, ਭਾਈ ਵੀਰ ਸਿੰਘ ਸ਼ਤਾਬਦੀ ਸਮਿਤੀ, ਨਵੀਂ ਦਿੱਲੀ.

ਕਾਨ੍ਹ ਸਿੰਘ ਨਾਭਾ (ਭਾਈ), **ਗੁਰੁਸ਼ਬਦ ਰਤਨਾਕਰ ਮਹਾਨ ਕੋਸ਼**, ਜਿਲਦ ਪਹਿਲੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009.

ਕਿਰਪਾਲ ਸਿੰਘ (ਡਾ.), **ਭਾਈ ਵੀਰ ਸਿੰਘ ਦੀ ਇਤਿਹਾਸਕ ਰਚਨਾ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1974.

ਕੋਹਲੀ, ਸੁਰਿੰਦਰ ਸਿੰਘ (ਮੁੱਖ ਸੰਪਾ.), **ਪੰਜਾਬੀ ਸਾਹਿਤ ਕੋਸ਼** (ਭਾਗ ਪਹਿਲਾ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972.

-ਉਹੀ- (ਸੰਪਾ.) ਅਤੇ ਹਰਨਾਮ ਸਿੰਘ ਸ਼ਾਨ, **ਭਾਈ ਵੀਰ ਸਿੰਘ : ਜੀਵਨ ਸਮਾਂ ਤੇ ਰਚਨਾ**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1973.

ਕੋਹਲੀ, ਸੁਰਿੰਦਰ ਸਿੰਘ, **ਭਾਈ ਵੀਰ ਸਿੰਘ ਦਰਸ਼ਨ**, ਕੇ. ਲਾਲ ਐਂਡ ਕੰਪਨੀ, ਜਲੰਧਰ, 1975.

ਕੰਵਰ, ਤਰਲੋਕ ਸਿੰਘ, ਡਾ., **ਸਭਿਆਚਾਰ ਵਿਗਿਆਨ**, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1991.

ਗਗਨਇੰਦਰ ਕੌਰ, **ਭਾਈ ਵੀਰ ਸਿੰਘ ਦੇ ਨਾਵਲ ਤੇ ਸਿੰਘ ਸਭਾ ਲਹਿਰ ਦਾ ਪ੍ਰਭਾਵ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1984.

ਗਿੱਲ, ਰਛਪਾਲ ਸਿੰਘ (ਮੁੱਖ ਸੰਪਾ.), **ਪੰਜਾਬ ਕੋਸ਼,** ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 2004.

ਗੁਲੇਰੀਆ, ਜਗਜੀਤ ਸਿੰਘ, **ਭਾਈ ਵੀਰ ਸਿੰਘ, ਦੀ ਸਿਕਸਥ ਰਿਵਰ ਆਫ ਪੰਜਾਬ**, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 1984.

ਗੁਰਬਖਸ਼ ਸਿੰਘ, ਡਾ., **ਭਾਈ ਵੀਰ ਸਿੰਘ ਸਾਹਿਤ ਅਧਿਐਨ**, ਦੀਪਕ ਪਬਲਿਸ਼ਰਜ਼, ਜਲੰਧਰ, 1983.

ਗੁਰਭਗਤ ਸਿੰਘ, **ਕਾਵਿ ਸ਼ਾਸਤਰ ਦੇਹ ਅਤੇ ਕ੍ਰਾਂਤੀ,** ਵਿਚਾਰ ਪ੍ਰਕਾਸ਼, ਸੰਗਰੂਰ, 1995.

ਘੁੰਮਣ, ਕਪੂਰ ਸਿੰਘ (ਮੁੱਖ ਸੰਪਾ.), **ਪੰਜਾਬੀ ਵਿਸ਼ਵ ਕੋਸ਼** (ਜਿਲਦ ਪਹਿਲੀ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1983.

ਘੁੰਮਣ, ਬਿਕਰਮ ਸਿਘ, ਡਾ. ਤੇ ਸੁਹਿੰਦਰਬੀਰ ਸਿੰਘ (ਸੰਪਾ.), **ਭਾਈ ਵੀਰ ਸਿੰਘ ਸਾਹਿਤ ਸੰਸਾਰ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2001.

ਜਸਵਿੰਦਰ ਸਿੰਘ, ਡਾ., **ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ**, ਪੁਨੀਤ ਪ੍ਰਕਾਸ਼ਨ, ਪਟਿਆਲਾ, 1989.

ਜੱਗੀ, ਰਤਨ ਸਿੰਘ (ਸੰਪਾ.), **ਭਾਈ ਵੀਰ ਸਿੰਘ ਸਾਹਿਤ ਕੋਸ਼**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.

-ਉਹੀ-, **ਗੁਰੂ ਗ੍ਰੰਥ ਵਿਸ਼ਵ ਕੋਸ਼**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

ਜੋਸ਼ੀ, ਐਲ. ਐਮ., ਜੋਧ ਸਿੰਘ (ਸੰਪਾ), **ਵਿਸ਼੍ਵ ਧਰਮ ਸੰਗ੍ਰਹਿ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.

ਜੋਸ਼ੀ, ਜੀਤ ਸਿੰਘ, **ਲੋਕ ਧਰਮ**, ਸੱਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ, ਲਾਹੌਰ ਬੁੱਕ ਸ਼ਾਪ, ਲੁਧਿਆਣਾ.

ਜੋਧ ਸਿੰਘ, **ਸਿੱਖ ਸਿਧਾਂਤ: ਸਰੂਪ ਤੇ ਸਮਰੱਥਾ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1991.

ਜੋਧ ਸਿੰਘ (ਡਾ.) (ਸੰਪਾ.), **ਹਿੰਦੀ-ਪੰਜਾਬੀ ਕੋਸ਼**, ਨੈਸ਼ਨਲ ਬੁੱਥ ਸ਼ਾਪ, ਪਲਈਅਰ ਗਾਰਡਨ ਮਾਰਕਿਟ, ਚਾਂਦਨੀ ਚੌਂਕ, ਦਿੱਲੀ, 1994.

ਢਿੱਲੋਂ, ਜਸਵਿੰਦਰ ਕੌਰ, **ਗੁਰੂ ਨਾਨਕ ਦੀ ਕੀਮਤ ਮੀਮਾਂਸਾ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ.

ਤਸਨੀਮ, ਨਰਿੰਜਨ, **ਪੰਜਾਬੀ ਨਾਵਲ ਦਾ ਮੁਹਾਂਦਰਾ**, ਆਰਸੀ ਪਬਲਿਸ਼ਰਜ਼, ਦਿੱਲੀ, 1995.

ਤਾਰਨ ਸਿੰਘ (ਅਨੁ), **ਧਰਮ ਦੀ ਉਤਪਤੀ ਅਤੇ ਵਿਕਾਸ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.

ਤੁੰਗ, ਮੇਵਾ ਸਿੰਘ, **ਭਾਈ ਵੀਰ ਸਿੰਘ ਦੀ ਕਾਵਿ ਸ੍ਰਿਸ਼ਟੀ**, ਮਦਾਨ ਪਬਲਿਸ਼ਰਜ਼, ਪਟਿਆਲਾ, 1971.

ਤੇਜਾ ਸਿੰਘ, ਐਮ.ਏ.,(ਪ੍ਰਿੰਸੀ.), **ਸਿੱਖ ਧਰਮ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੀ ਅੰਮ੍ਰਿਤਸਰ, 2015.

ਤ੍ਰਿਭਾਸ਼ਾ ਕੋਸ਼ਮਾਲਾ 7, **ਹਿੰਦੀ ਪੰਜਾਬੀ ਅੰਗਰੇਜ਼ੀ ਤ੍ਰਿਭਾਸ਼ਾ ਕੋਸ਼**, ਜਿਲਦ-1, ਕੇਂਦਰੀ ਹਿੰਦੀ ਨਿਰਦੇਸ਼ ਮਾਧਿਅਮਿਕ ਸਿੱਖਿਆ ਅਤੇ ਉੱਤਮ ਸਿੱਖਿਆ ਵਿਭਾਗ, ਮਾਨਵ ਸੰਸਾਧਨ ਵਿਕਾਸ ਮੰਤਰਾਲਯ, ਭਾਰਤ ਸਰਕਾਰ, 2004.

ਦਰਿਆ, ਡਾ., **ਪੰਜਾਬ ਲੋਕ-ਧਰਮ: ਇੱਕ ਅਧਿਐਨ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2004.

ਦੀਪ, ਦਲੀਪ ਸਿੰਘ, ਡਾ., **ਭਾਈ ਵੀਰ ਸਿੰਘ: ਜੀਵਨ ਤੇ ਕਾਵਿ ਚਿੰਤਨ**, ਰਘਬੀਰ ਰਚਨਾ ਪ੍ਰਕਾਸ਼ਨ, ਅੰਮ੍ਰਿਤਸਰ, 1974.

ਦੀਵਾਨ ਸਿੰਘ, **ਸਮਕਾਲੀ ਪੰਜਾਬੀ ਸਾਹਿਤ**, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2001.

ਦੀਵਾਨ ਸਿੰਘ (ਪ੍ਰੋ.), **ਆਧੁਨਿਕ ਪੰਜਾਬੀ ਸਾਹਿਤ ਆਲੋਚਨਾ**, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2006.

ਧਰਮ ਸਿੰਘ, **ਮੱਧਕਾਲੀਨ ਪੰਜਾਬੀ ਸਾਹਿਤ (ਤੱਥ ਅਤੇ ਸਰੋਤ)**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1998.

ਨਰੂਲਾ, ਸੁਰਿੰਦਰ ਸਿੰਘ**, ਪੰਜਾਬੀ ਸਾਹਿਤ ਦਾ ਇਤਿਹਾਸ**, ਕਪੂਰ ਪ੍ਰਿੰਟਿੰਗ ਪ੍ਰੈਸ, ਦਿੱਲੀ, 1954.

-ਉਹੀ-, **ਭਾਈ ਵੀਰ ਸਿੰਘ: ਇਕ ਅਧਯਨ**, ਲਾਹੌਰ ਬੁਕ ਸ਼ਾਪ, ਲੁਧਿਆਣਾ,1965.

ਨਰੈਣ ਸਿੰਘ, **ਸਿੱਖ ਧਰਮ ਦੀ ਬੁਨਿਆਦ**, ਭਗਤ ਪੂਰਨ ਸਿੰਘ, ਅੰਮ੍ਰਿਤਸਰ, 1991.

ਨਿਰਾਕਾਰੀ, ਆਰ.ਡੀ. (ਅਨੁ.), **ਪ੍ਰਧਾਨ ਉਪਨਿਸ਼ਦ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992.

-ਉਹੀ-, **ਭਾਰਤੀ ਦਰਸ਼ਨ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.

ਨੂਰ, ਸੁਤਿੰਦਰ ਸਿੰਘ, **ਨਵੀ ਪੰਜਾਬੀ ਕਵਿਤਾ: ਸੀਮਾ ਤੇ ਸੰਭਾਵਨਾ**, ਵਿਦਵਾਨ ਪ੍ਰਕਾਸ਼ਨ, ਅੰਬਾਲਾ ਛਾਉਣੀ, 1972.

-ਉਹੀ-, **ਪੂਰਬੀ ਵਿਸ਼ਵ ਦ੍ਰਿਸ਼ਟੀ ਅਤੇ ਪੰਜਾਬੀ ਸਾਹਿਤ**, ਪੰਜਾਬੀ ਅਕਾਦਮੀ, ਦਿੱਲੀ, 1990.

ਨੂਰ, ਜਗੀਰ ਸਿੰਘ, **ਪੰਜਾਬੀ ਸਭਿਆਚਾਰਕ ਵਿਰਸਾ**, ਪੰਜਾਬੀ ਸਾਹਿਤ ਅਤੇ ਸਭਿਆਚਾਰ ਸਦਨ, ਫਗਵਾੜਾ, 1997.

ਨੇਕੀ, ਜਸਵੰਤ ਸਿੰਘ, **ਅਚੇਤਨ ਦੀ ਲੀਲ੍ਹਾ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1998.

ਪਦਮ, ਪਿਆਰਾ ਸਿੰਘ, **ਸੰਖੇਪ ਸਿੱਖ ਇਤਿਹਾਸ**, ਸਰਦਾਰ ਸਾਹਿਤ ਭਵਨ, ਪਟਿਆਲਾ, 1979.

**ਪੰਜਾਬੀ ਕੋਸ਼**, ਜਿਲਦ ਪਹਿਲੀ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1955.

ਪ੍ਰੂਨੀ, ਬਲਬੀਰ ਸਿੰਘ, **ਲੋਕਧਾਰਾ**, ਵਾਰਿਸ਼ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1993.

ਪ੍ਰਤਾਪ ਸਿੰਘ, ਗਿਆਨੀ, **ਗੁਰਮਤਿ ਫਿਲਾਸਫੀ**, ਦਰਬਾਰ ਪ੍ਰਿੰਟਿੰਗ ਪ੍ਰੈਸ, ਘੰਟਾ ਘਰ, ਅੰਮ੍ਰਿਤਸਰ, 1968.

ਪ੍ਰਭਜੋਤ ਕੌਰ (ਅਨੁ.), **ਜੀਵਨ ਦਾ ਆਦਰਸ਼ਵਾਦੀ ਦ੍ਰਿਸ਼ਟੀਕੋਣ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.

ਪ੍ਰਵਾਨਾ, ਜਸਵੰਤ ਸਿੰਘ (ਗਿ.), **ਧਰਮ ਕਲਾ**, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, 2003.

ਪ੍ਰੇਮ ਪ੍ਰਕਾਸ਼ ਸਿੰਘ (ਮੁੱਖ ਸੰਪਾ.), **ਪੰਜਾਬੀ ਯੂਨੀਵਰਸਿਟੀ ਸੰਸਕ੍ਰਿਤ ਪੰਜਾਬੀ ਕੋਸ਼,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

**ਬਹੁਤ ਪਰਿਭਾਸ਼ਿਕ ਸ਼ਬਦ ਸੰਗ੍ਰਹਿ (ਹਿੰਦੀ ਅੰਗਰੇਜ਼ੀ) ਮਾਨਵੀ ਅਤੇ ਸਮਾਜਿਕ ਵਿਗਿਆਨ, ਵਿਗਿਆਨਕ ਅਤੇ ਤਕਨੀਕੀ ਸ਼ਬਦਾਵਲੀ ਆਯੋਗ**, ਸਿੱਖਿਆ ਅਤੇ ਸੰਸਕ੍ਰਿਤੀ ਮੰਤਰਾਲਯ, ਭਾਰਤ ਸਰਕਾਰ, 1982.

ਬਲਕਾਰ ਸਿੰਘ, **ਸਿੱਖ ਧਰਮ ਚਿੰਤਨ ਵਿਚ ਭਗਤੀ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.

ਬਲਬੀਰ ਸਿੰਘ, **ਪੰਜਾਬੀ ਦੁਨੀਆ**, ਭਾਈ ਵੀਰ ਸਿੰਘ ਅੰਕ (ਸੰਪਾ.) ਰਜ਼ਨੀਸ਼ ਕੁਮਾਰ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਨਵੰਬਰ ਦਸੰਬਰ 1972.

ਬੇਦੀ, ਕਾਲਾ ਸਿੰਘ (ਡਾ.), **ਪੰਜਾਬੀ ਸਾਹਿਤ ਦੇ ਦਸ ਸਾਹਿਤਕਾਰ,** ਪ੍ਰਕਾਸ਼ਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ.

ਬੇਦੀ, ਵਣਜਾਰਾ, ਸੋਹਿੰਦਰ ਸਿੰਘ, **ਪੰਜਾਬ ਦੀ ਲੋਕਧਾਰਾ**, ਨੈਸ਼ਨਲ ਬੁੱਕ ਟਰੱਸਟ, ਦਿੱਲੀ, 1971.

ਬ੍ਰਹਮਜਗਦੀਸ਼ ਸਿੰਘ, **ਰਾਣਾ ਸੂਰਤ ਸਿੰਘ ਦਾ ਰਚਨਾਤਮਕ ਵਿਵੇਕ**, ਪੰਜਾਬ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ, ਲੁਧਿਆਣਾ, 1988.

-ਉਹੀ-, **ਭਾਈ ਵੀਰ ਸਿੰਘ : ਜੀਵਨ ਤੇ ਰਚਨਾ**, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2004.

ਭਾਰਤੀ, ਹਰੀ ਸਿੰਘ (ਪ੍ਰੋ.), **ਗੁਰੂ ਨਾਨਕ ਦਾ ਅਧਿਆਤਮ ਮਾਰਗ**, ਸੰਦੀਪ ਪਬਲੀਸ਼ਰਜ਼, ਚੰਡੀਗੜ੍ਹ, 1989.

ਮਹਾਂ ਸਿੰਘ ਗਿਆਨੀ, **ਭਾਈ ਵੀਰ ਸਿੰਘ ਜੀ ਦਾ ਗੁਰਮੁਖ ਜੀਵਨ**, ਖਾਲਸਾ ਸਮਾਚਾਰ, ਹਾਲ ਬਜਾਰ, ਅੰਮ੍ਰਿਤਸਰ, 1971.

ਮਹਿਤਾ, ਗੁਰਚਰਨ ਸਿੰਘ, **ਨਾਵਲਕਾਰ ਭਾਈ ਵੀਰ ਸਿੰਘ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1998.

-ਉਹੀ-, **ਭਾਈ ਵੀਰ ਸਿੰਘ ਜੀ ਦੀ ਕਵਿਤਾ**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1972.

ਮਹਿੰਦਰ ਕੌਰ ਗਿੱਲ, **ਭਾਈ ਵੀਰ ਸਿੰਘ ਪੁਨਰ ਵਿਚਾਰ**, (ਸੰਪਾ.) ਹਰਿਭਜਨ ਸਿੰਘ, ਦਿੱਲੀ ਯੂਨੀਵਰਸਿਟੀ ਲੈਕਚਰ ਸੀਰੀਜ਼, ਵਿਦਵਾਨ ਪ੍ਰਕਾਸ਼ਨ ਅੰਬਾਲਾ, 1972.

ਮਨਜੀਤ ਸਿੰਘ, **ਭਾਈ ਵੀਰ ਸਿੰਘ ਦੀ ਕਵਿਤਾ**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1972.

ਮਨਮੋਹਨ ਸਿੰਘ (ਡਾ.), **ਭਾਈ ਵੀਰ ਸਿੰਘ ਕਾਵਿ ਦਾ ਦਾਰਸ਼ਨਿਕ ਵਿਸ਼ਲੇਸ਼ਣ**, ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ, 1975.

-ਉਹੀ-, **ਭਾਰਤੀ ਧਰਮ ਅਤੇ ਨੈਤਿਕਤਾ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.

ਰਾਜਵੀਰ ਕੌਰ (ਸੰਪਾ.), **ਭਾਈ ਵੀਰ ਸਿੰਘ : ਜੀਵਨ ਤੇ ਰਚਨਾ**, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 1999.

ਰਾਮ ਮੂਰਤੀ ਸਿੰਘ, **ਮਾਨਕ ਹਿੰਦੀ ਅੰਗਰੇਜ਼ੀ ਕੋਸ਼**, ਪ੍ਰਭਾਤ ਪ੍ਰਕਾਸ਼ਨ, ਦਿੱਲੀ, 1974.

ਰਾਮਧਾਰੀ ਸਿੰਘ ਦਿਨਕਰ, **ਸਭਿਆਚਾਰ ਦੇ ਚਾਰ ਅਧਿਆਇ**, (ਧਨਵੰਤ ਕੌਰ, ਇੰਦਰਜੀਤ ਕੌਰ, ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992.

ਵਜੀਰ ਸਿੰਘ, **ਧਰਮ ਦਾ ਦਾਰਸ਼ਨਿਕ ਪੱਖ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.

-ਉਹੀ-, **ਸਿੱਖ ਦਰਸ਼ਨਧਾਰਾ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

ਵਿਨੋਦ, ਟੀ.ਆਰ., **ਪੰਜਾਬੀ ਨਾਵਲ ਦਾ ਸੰਸਕ੍ਰਿਤਿਕ ਅਧਿਐਨ**, ਲੋਕਗੀਤ ਪ੍ਰਕਾਸ਼ਨ, ਸਰਹਿੰਦ, 1999.

ਵੀਰ ਸਿੰਘ, ਭਾਈ (ਸੰਪਾ.), **ਪੁਰਾਤਨ ਜਨਮਸਾਖੀ**, ਖਾਲਸਾ ਹਾਲ ਬਾਜ਼ਾਰ, ਅੰਮ੍ਰਿਤਸਰ, ਦੂਜੀ ਐਡੀਸ਼ਨ, 1931.

-ਉਹੀ-, **ਭਾਈ ਸੰਤੋਖ ਸਿੰਘ (ਕਾਵਿ ਚੂੜਾਮਣਿ)**, ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, 1934.

-ਉਹੀ-, ਭਾਈ ਅਸ਼ਟ ਗੁਰੂ ਚਮਤਕਾਰ, ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ, 1971.

-ਉਹੀ-, **ਕੰਬਦੀ ਕਲਾਈ**, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 1981.

-ਉਹੀ-, **ਸਤਵੰਤ ਕੌਰ**, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 1984.

-ਉਹੀ-, **ਰਾਣਾ ਸੂਰਤ ਸਿੰਘ**, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 1998.

-ਉਹੀ-, **ਲਹਿਰਾਂ ਦੇ ਹਾਰ**, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2004.

-ਉਹੀ-, **ਬਿਜਲੀਆਂ ਦੇ ਹਾਰ,** ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2007.

-ਉਹੀ-, **ਮਟਕ ਹੁਲਾਰੇ**, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2007.

-ਉਹੀ-, (ਸੰਪਾ.) **ਕਬਿਤ ਭਾਈ ਗੁਰਦਾਸ: ਦੂਸਰਾ ਸਕੰਧ**, ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ, 2009, ਸਤਵੀਂ ਅਡੀਸ਼ਨ.

-ਉਹੀ-, (ਸੰਪਾ.) **ਦੇਵੀ ਪੂਜਨ ਪੜਤਾਲ**, ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ, 2009, 6ਵੀਂ ਅਡੀਸ਼ਨ.

-ਉਹੀ-, **ਬਿਜੈ ਸਿੰਘ,** ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ, 2009, 37ਵੀਂ ਅਡੀਸ਼ਨ.

-ਉਹੀ-, **ਬਿਜੈ ਸਿੰਘ**, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2009, 31ਵੀਂ ਐਡੀਸ਼ਨ.

-ਉਹੀ-, **ਮੇਰੇ ਸਾਈਆਂ ਜੀਓ**, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2010.

-ਉਹੀ-, (ਸੰਪਾ.), **ਪੰਜ ਗ੍ਰੰਥੀ ਸਟੀਕ**, ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ, 2010.

-ਉਹੀ-, (ਸੰਪਾ.), **ਪੁਰਾਤਨ ਜਨਮ ਸਾਖੀ**, ਭਾਈ ਵੀਰ ਸਿੰਘ ਸਾਹਿਤ ਸਦਨ ਦਿੱਲੀ, 2010, 17ਵੀਂ ਅਡੀਸ਼ਨ.

-ਉਹੀ-, **ਸੁੰਦਰੀ**, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2011, 44ਵੀਂ ਐਡੀਸ਼ਨ.

-ਉਹੀ-, **ਸੁਭਾਗ ਜੀ ਦਾ ਸੁਧਾਰ ਹੱਥੀਂ ਬਾਬਾ ਨੌਧ ਸਿੰਘ**, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2011.

-ਉਹੀ-, **ਸ੍ਰੀ ਕਲਗੀਧਰ ਚਮਤਕਾਰ**, ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ, 2011, 25ਵੀਂ ਅਡੀਸ਼ਨ.

-ਉਹੀ-, **ਸੱਤ ਔਖੀਆਂ ਰਾਤਾਂ**, ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ, 2012, 11ਵੀਂ ਅਡੀਸ਼ਨ.

-ਉਹੀ-, **ਸ੍ਰੀ ਗੁਰੂ ਨਾਨਕ ਚਮਤਕਾਰ**, ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ, 2011 22ਵੀਂ ਅਡੀਸ਼ਨ.

-ਉਹੀ-, **ਸ੍ਰੀਮਤੀ ਸਤਵੰਤ ਕੌਰ ਦੀ ਜੀਵਨ ਗਾਥਾ**, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2011, 44ਵੀਂ ਅਡੀਸ਼ਨ.

ਸ਼ਾਨ, ਹਰਨਾਮ ਸਿੰਘ, **ਭਾਈ ਵੀਰ ਸਿੰਘ ਦਾ ਸੰਦੇਸ਼,** ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1974.

**ਪੱਤ੍ਰਿਕਾਵਾਂ:**


**ਸੀਸਗੰਜ** ਮਾਸਕ, ਗੁਰੂ ਗੋਬਿੰਦ ਸਿੰਘ ਭਵਨ, ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ, 2002.

**ਖੋਜ ਪਤ੍ਰਿਕਾ**, ਭਾਈ ਵੀਰ ਸਿੰਘ ਵਿਸ਼ੇਸ਼ ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.

**ਨਾਨਕ ਪ੍ਰਕਾਸ਼ ਪਤ੍ਰਿਕਾ**, ਪੰਜਾਬੀ ਯੂਨੀਵਰਸਿਟੀ, ਪਟਿਆਲਾ.

**ਪਰਖ**, ਸੰਪਾ. ਸੁਰਿੰਦਰ ਸਿੰਘ ਕੋਹਲੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972.

**ਪੰਜਾਬੀ ਦੁਨੀਆਂ**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਅੰਕ 1955, 1966, 1972, 1980, 1989.

**ਪੀਐਚ.ਡੀ. ਖੋਜ-ਪ੍ਰਬੰਧ**

ਅਮਨਦੀਪ ਕੌਰ, **ਪੰਜਾਬੀ ਮਹਾਂਕਾਵਿ ਦਾ ਆਲੋਚਨਾਤਮਕ ਅਧਿਐਨ**, ਦਿੱਲੀ ਯੂਨੀਵਰਸਿਟੀ, ਦਿੱਲੀ.

ਇੰਦਰਜੀਤ ਸਿੰਘ, **ਭਾਈ ਵੀਰ ਸਿੰਘ ਤੇ ਜਯ ਸ਼ੰਕਰ ਪ੍ਰਸਾਦ ਦੀ ਕਵਿਤਾ ਦਾ ਤੁਲਨਾਤਮਿਕ ਅਧਿਐਨ**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ.

ਸਵੈਜੋਤ ਕੌਰ ਕਸੇਲ, **ਭਾਈ ਵੀਰ ਸਿੰਘ ਤੇ ਪ੍ਰੋ. ਪੂਰਨ ਸਿੰਘ ਕਾਵਿ ਦਾ ਤੁਲਨਾਤਮਿਕ ਅਧਿਐਨ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ.

ਸੁਰਿੰਦਰ ਕੌਰ, ਭਾਈ ਵੀਰ ਸਿੰਘ, **ਪ੍ਰੋ. ਪੂਰਨ ਸਿੰਘ ਤੇ ਮੋਹਨ ਸਿੰਘ ਦੀ ਕਵਿਤਾ ਵਿਚ ਸੰਚਾਰ ਵਿਧਾਨ**, ਦਿੱਲੀ ਯੂਨੀਵਰਸਿਟੀ, ਦਿੱਲੀ.

ਸੋਨਦੀਪ ਮੋਂਗਾ, **ਆਦਰਸ਼ਵਾਦ ਤੇ ਭਾਈ ਵੀਰ ਸਿੰਘ ਰਚਿਤ ਨਾਵਲ ਸੁੰਦਰੀ**, ਪੰਜਾਬੀ ਯੂਨੀਵਰਸਿਟੀ, ਪਟਿਆਲਾ.

ਹਰਦੀਸ ਕੌਰ, **ਭਾਈ ਵੀਰ ਸਿੰਘ ਦੇ ਨਾਵਲਾਂ ਦਾ ਥੀਮਕ ਅਧਿਐਨ**, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ.

ਹਰਪਾਲ ਸਿੰਘ, **ਭਾਈ ਵੀਰ ਸਿੰਘ ਦੁਆਰਾ ਸੰਪਾਦਿਤ ਪੁਰਾਤਨ ਜਨਮਸਾਖੀ ਦੀ ਧੁਨੀ ਵਿਗਿਆਨਕ ਤੇ ਰੂਪ ਵਿਗਿਆਨਕ ਬਣਤਰ**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ.

ਹਰਮੀਤ ਕੌਰ, **ਭਾਈ ਵੀਰ ਸਿੰਘ ਦੀਆਂ ਗਲਪ ਵਿਧੀਆਂ**, ਦਿੱਲੀ ਯੂਨੀਵਰਸਿਟੀ, ਦਿੱਲੀ.

ਕੁਲਦੀਪ ਕਲਪਨਾ, **ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ ਤੇ ਮੋਹਨ ਸਿੰਘ ਦੇ ਕਾਵਿ ਸਿਧਾਂਤ ਦਾ ਤੁਲਨਾਤਮਿਕ ਅਧਿਐਨ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ.

ਗੁਰਚਰਨ ਸਿੰਘ, **ਭਾਈ ਵੀਰ ਸਿੰਘ ਦੀ ਕਵਿਤਾ**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ.

ਜਸਵਿੰਦਰ ਕੌਰ, **ਭਾਈ ਵੀਰ ਸਿੰਘ ਤੇ ਪ੍ਰੋ. ਪੂਰਨ ਸਿੰਘ ਦੀਆਂ ਵਾਰਤਕ ਰਚਨਾਵਾਂ ਦਾ ਤੁਲਨਾਤਮਿਕ ਅਧਿਐਨ**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ.

ਜਗਜੀਤ ਕੌਰ, **ਭਾਈ ਵੀਰ ਸਿੰਘ ਦੇ ਨਾਵਲਾਂ ਦੇ ਮੂਲ ਆਦਰਸ਼ਾਂ ਦਾ ਅਧਿਐਨ**, ਦਿੱਲੀ ਯੂਨੀਵਰਸਿਟੀ, ਦਿੱਲੀ.

ਤਰਨਜੀਤ ਕੌਰ, **ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਸਭਿਆਚਾਰਕ ਅਵਚੇਤਨ**, ਪੰਜਾਬੀ ਯੂਨੀਵਰਸਿਟੀ, ਪਟਿਆਲਾ.

ਦਲਬੀਰ ਚੰਦ, **ਭਾਈ ਵੀਰ ਸਿੰਘ ਤੇ ਧਨੀ ਰਾਮ ਚਾਤ੍ਰਿਕ ਦੀ ਕਵਿਤਾ ਦਾ ਲੋਕਯਾਨਿਕ ਅਧਿਐਨ**, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ.

ਦਵਿੰਦਰ ਕੌਰ, **ਭਾਈ ਵੀਰ ਸਿੰਘ ਕਾਵਿ ਦਾ ਰੂਪ ਵਿਗਿਆਨਕ ਅਧਿਐਨ**, ਦਿੱਲੀ ਯੂਨੀਵਰਸਿਟੀ, ਦਿੱਲੀ.

ਪਰਮਜੀਤ ਕੌਰ, **ਭਾਈ ਵੀਰ ਸਿੰਘ ਦੀ ਕਵਿਤਾ ਵਿਚ ਅੰਤਰ ਦ੍ਰਿਸ਼ਟੀ**, ਪੰਜਾਬੀ ਯੂਨੀਵਰਸਿਟੀ, ਪਟਿਆਲਾ.

ਪਰਮਪ੍ਰੀਤ ਕੌਰ, **ਭਾਈ ਵੀਰ ਸਿੰਘ ਦੇ ਨਾਵਲਾਂ ਅਤੇ ਕਵਿਤਾ ਵਿਚ ਲੋਕਧਾਰਾ ਦਾ ਅਨੁਸਰਣ ਤੇ ਰੁਪਾਂਤਰਣ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ.

ਬਲਦੇਵ ਸਿੰਘ, **ਮਧਕਾਲੀ ਭਾਰਤੀ ਚਿੰਤਨ ਤੇ ਭਾਈ ਵੀਰ ਸਿੰਘ ਦੀ ਕਾਵਿ-ਰਚਨਾ**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ.

ਰੁਪਿੰਦਰ ਕੌਰ, **ਭਾਈ ਸੰਤੋਖ ਸਿੰਘ ਤੇ ਭਾਈ ਵੀਰ ਸਿੰਘ ਦੁਆਰਾ ਸੰਪਾਦਿਤ ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ (14 ਜਿਲਦਾਂ) ਦਾ ਸਬੰਧ ਸੂਚਕ ਤਤਕਰਾ ਸਣੇ ਭਾਈ ਵੀਰ ਸਿੰਘ ਦੇ ਸਟਿੱਪਣ ਸੰਪਾਦਨ ਤੇ ਮੁਲਾਂਕਣ ਦੇ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ.

## ਅੰਗਰੇਜ਼ੀ:

Arthur A Macdonell, **Sanskrit English Dictionary**, Award Publication House, New Delhi, 1979. P. 39.

Arvind Kumar, Kusum Kumar, **The Penguin English-Hindi Dictionary**, Penguin Book, India, 2007, P. 42.

Avtar Singh (Chief Editor), **English Punjabi Dictionary**, Punjab State University Text Book Board, Chandigarh, 1982. P. 1104.

Balbir Singh Sandhu, **PSUTB English Punjabi Dictionary**, Punjab State University Text Book Board, Chandigarh, 1982, P. 1104.

**Encyclopedia of Americana**, Internation Edition, Vol. 25, Americana Corporation, Manufactured in U.S.A., 1972, P. 420.

**English Sanskrit Dictionary**, Anundoram Board, Publication Board Assam, Guahati, 1971, P/ 667.

Ganda Singh (Dr.), Bhai Vir Singh and His Times, **The Sikh Review** Vol XX, P-112.

Harbans Singh (ed.), **The Encyclopeadia of Sikhism**, Vol. IV, Punjabi University, Patiala, 1988, P-430.

Hua, Thi Thu Suong, Dr., **A Comparative Study of the Concept of Samadhi as Depicted in The Vimuttimagga and The Visuddhimagga**, Pearl Book Pvt. Ltd. Patiala, 2013, P. 19.

J.A. Simpson and E.S.C. Weiner, **The Oxford English Dictionary** (Second Edition), Vol. XVI., Clarendon Press, Oxford, 1989, P. 259.

James Hastings (Editor), **Encyclopedia of Religion and Ethics**, Vol. XI, Charles Scriber's, New York, P. 808.

K.R. Sundararajan, T.M.P. Mahadevan, S.S. Rghavachar, K.L. Seshagiri Rao, V.A. Devasena Pathi, **Hinduism**, Punjabi University, Patiala, 1969, P. 19-20.

Longman *Wordwise* **Dictionary**, IInd Edition, Person Education Limited, 2008. P. 644.

Monier Williams, **A Dictionary English and Sanskrit**, Motilal Banarsidass, Delhi, 4th edition, 1976, P. 765.

Narada (Tr.), **The Dhammapada**, 4th Edition Taipei: The Corporate Body of the Budha Educational Foundation, 1993, P. 215-216.

Praydyumna Shah Singh, Dr., **Jainism Views and Issues**, Gracious Books, Patiala, 2014, P. 19.

S. Balwant Singh, Jasbir Singh Atwal, **English Punjabi (Roman Script) Gurmukhi Dictionary**, Ajanta Book International, Delhi, 1999, P. 241.

Santosh Thomas, **Studies in Religious Mysticism- Christianity and Buddhism**, Mittal Publication, New Delhi, 2005, P. 43.

Sir Monier Williams, **Sanskrit-English Dictionary Etymologically and Philosophically arranged with special reference to Eognate Indo-European Languages**, Motilal Banarsidass, Delhi, 1899, P. 139.

Surama Dasgupta, **Development of Moral Philosophy in India**, Munshiram Manoharlal Publishers Pvt. Ltd., 1994, P. 120.

Teja Singh, **English Punjabi Dictionary**, Lahore Book Shop, Ludhiana, 4th Edition, 1980, p. 603.

Vaman Shivaram APTE, **The Student's English Sanskrit Dictionary**, Motilal Banarsidass, Delhi, 1969, P. 440.

Watter, H. Hill, **Ethics or Moral Philosophy**, Anmol Publications Pvt. Ltd., New Delhi, 1999.

# ਭਾਈ ਵੀਰ ਸਿੰਘ ਦਾ ਰਚਨਾ ਸੰਸਾਰ : ਇਕ ਅਧਿਐਨ

## (ਅਧਿਆਤਮਕ ਪ੍ਰਕਰਣ ਵਿਚ)

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ

ਸੋਸ਼ਲ ਸਾਇੰਸਿਜ਼ ਫੈਕਲਟੀ ਅਧੀਨ

**ਪੀਐਚ.ਡੀ.**

ਦੀ ਡਿਗਰੀ ਲਈ ਪੇਸ਼ ਕੀਤਾ

**ਖੋਜ-ਪ੍ਰਬੰਧ**


ਨਿਗਰਾਨ:

**ਡਾ. ਸਰਬਜਿੰਦਰ ਸਿੰਘ**

ਖੋਜਾਰਥੀ:

**ਮਨਪ੍ਰੀਤ ਕੌਰ ਬੁੱਟਰ**



(1962 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਮਾਰਚ, 2018

# ਸਾਰ

ਚਿੰਤਕ ਹੋਣਾ ਆਪਣੇ ਆਪ ਵਿਚ ਇਕ ਬਹੁਤ ਵੱਡਾ ਕਾਰਜ ਹੈ ਪਰ ਧਰਮ ਚਿੰਤਕ ਦਾ ਕਾਰਜ ਆਮ ਚਿੰਤਕ ਨਾਲੋਂ ਵੱਖਰਾ ਅਤੇ ਜ਼ੋਖਮ ਭਰਿਆ ਹੁੰਦਾ ਹੈ। ਅਸਲ ਵਿਚ ਧਰਮ ਗ੍ਰੰਥਾਂ ਦੀ ਭਾਸ਼ਾ ਨੂੰ ਸਮਝਣ ਅਤੇ ਧਰਮ ਗ੍ਰੰਥਾਂ ਤੇ ਉਸਰੇ ਸਭਿਆਚਾਰ ਨੂੰ ਸਮਝਣ ਦਾ ਮਸਲਾ ਬੇਹੱਦ ਜਟਿਲ ਹੁੰਦਾ ਹੈ। ਪੈਗੰਬਰਾਂ ਦੀ ਬੋਲੀ ਨੂੰ ਸਮਝਣ ਵਾਲਾ ਪਾਰਖੂ ਹੀ ਧਰਮ ਚਿੰਤਕ ਅਖਵਾ ਸਕਦਾ ਹੈ।

ਸਿੱਖ ਧਰਮ ਪਰੰਪਰਾ ਵਿਚ ਚਿੰਤਕਾਂ ਦੀ ਲੜੀ ਵਿਚ ਪ੍ਰਥਮ ਸਥਾਨ ਭਾਈ ਗੁਰਦਾਸ ਦਾ ਹੈ। ਭਾਈ ਗੁਰਦਾਸ ਉਹ ਮਹਾਂ-ਮਾਨਵ ਹੈ ਜਿਸ ਨੇ ਆਪਣੀਆਂ ਵੱਡ-ਅਕਾਰੀ ਰਚਨਾਵਾਂ ਰਾਹੀਂ ਸਿੱਖ ਧਰਮ, ਅਧਿਆਤਮਕ ਅਤੇ ਸਭਿਆਚਾਰ ਦੇ ਵਿਆਖਿਆਤਮਕ ਪ੍ਰਸੰਗ ਹੀ ਸਥਾਪਿਤ ਨਹੀਂ ਕੀਤੇ ਸਗੋਂ ਉਹਨਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਲਿਖਾਰੀ ਹੋਣ ਦਾ ਮਾਣ ਵੀ ਪ੍ਰਾਪਤ ਹੋਇਆ ਹੈ। ਧਿਆਨ ਰਹੇ ਕਿ ਭਾਈ ਗੁਰਦਾਸ ਜੀ ਨੂੰ ਸੰਸਾਰ ਦੇ ਉਨ੍ਹਾਂ ਕੁਝ ਇਕ ਧਰਮ ਚਿੰਤਕਾਂ ਦੀ ਲੜੀ ਵਿਚ ਰੱਖ ਕੇ ਵੇਖਿਆ ਜਾਂਦਾ ਹੈ ਜਿਹੜੇ ਆਪੋ ਆਪਣੇ ਧਰਮ ਦੀ ਪੈਗੰਬਰੀ ਅਜ਼ਮਤ ਦੇ ਨਾਲ-ਨਾਲ ਖੁਦ ਵੀ ਸਦੀਵੀ ਹੋ ਗਏ, ਉਦਾਹਰਣ ਲਈ ਸੇਂਟ ਪਾਲ (ਯਹੂ ਇਸਾਈਅਤ), ਜੈਦ-ਬਿਨ-ਸਾਬਿਤ (ਇਸਲਾਮ), ਵੇਦ ਵਿਆਸ (ਹਿੰਦੂ ਧਰਮ), ਦੇਵਰਿਧੀ (ਜੈਨ ਧਰਮ) ਅਤੇ ਵਿਰਦਾ ਗਮਨੀ (ਬੁੱਧ ਧਰਮ) ਪ੍ਰਮੁੱਖ ਹਨ। ਇਹ ਚਿੰਤਕ ਆਪਣੀ-ਆਪਣੀ ਕੌਮੀਅਤ ਦੇ ਚੇਤਿਆਂ ਦਾ ਭਾਗ ਸਦੈਵ ਸਮਿਆਂ ਲਈ ਰਹਿਣਗੇ ਕਿਉਂਕਿ ਸੰਸਾਰ ਭਰ ਦੇ ਧਰਮ ਗ੍ਰੰਥਾਂ ਦੇ ਕਾਤਿਬ ਹੋਣ ਦੀ ਬਖਸ਼ਿਸ਼ ਇਨ੍ਹਾਂ ਤੇ ਹੋਈ। ਜਦ ਤੱਕ ਕਿਸੇ ਵੀ ਧਰਮ ਦੇ ਧਰਮ ਗ੍ਰੰਥ ਅਤੇ ਧਰਮ ਬਾਨੀ ਦੀ ਯਾਦ ਲੋਕ ਚੇਤਿਆਂ ਵਿਚੋਂ ਨਹੀਂ ਵਿਸਰਦੀ ਤਦ ਤੱਕ ਇਹ ਕਾਤਿਬ ਵੀ ਲੋਕ ਮਨਾਂ ਦਾ ਹਿੱਸਾ ਬਣੇ ਰਹਿਣਗੇ।

ਸਿੱਖ ਧਰਮ ਚਿੰਤਕ ਲੜੀ ਵਿਚ ਭਾਈ ਗੁਰਦਾਸ ਤੋਂ ਬਾਅਦ ਅਗਲਾ ਸਥਾਨ ਭਾਈ ਨੰਦ ਲਾਲ ਜੀ ਦਾ ਆਉਂਦਾ ਹੈ ਜੋ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਦਰਬਾਰ ਦੇ ਪ੍ਰਮੁੱਖ ਕਵੀ ਹੋਣ ਦੇ ਨਾਲ-ਨਾਲ ਇਕ ਵੱਡੇ ਚਿੰਤਕ ਵੀ ਸਨ। ਪੁਸ਼ਟੀ ਹਿਤ ਉਨ੍ਹਾਂ ਦੀਆਂ ਬਹੁਤ ਸਾਰੀਆਂ ਮਹੱਤਵਪੂਰਨ ਰਚਨਾਵਾਂ ਨੂੰ ਵੇਖਿਆ ਜਾ ਸਕਦਾ ਹੈ। ਹੋਰ ਵੀ ਮਹੱਤਵਪੂਰਨ ਪਹਿਲੂ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੇ ਕੀਰਤਨ ਦੇ ਨਾਲ-ਨਾਲ ਭਾਈ ਗੁਰਦਾਸ ਅਤੇ ਭਾਈ ਨੰਦ ਲਾਲ ਦੀਆਂ ਰਚਨਾਵਾਂ ਨੂੰ ਗਾਇਨ ਦਾ ਮਾਣ ਵੀ ਹਾਸਿਲ ਹੈ। ਸਿੱਖ ਧਰਮ ਚਿੰਤਕਾਂ ਦੀ ਲੜੀ ਵਿਚ ਇਨ੍ਹਾਂ ਤੋਂ ਇਲਾਵਾ ਭਾਈ ਸੰਤੋਖ ਸਿੰਘ, ਕੋਇਰ ਸਿੰਘ ਛਿੱਬਰ, ਗਿਆਨੀ ਗਿਆਨ ਸਿੰਘ, ਰਤਨ ਸਿੰਘ ਭੰਗੂ ਆਦਿ ਪ੍ਰਮੁੱਖ ਹਨ।

19ਵੀਂ ਸਦੀ ਵਿਚ ਪੰਜਾਬ ਦੀ ਧਰਤੀ ਤੇ ਦੋ ਮਹਾਂ-ਚਿੰਤਕਾਂ ਦਾ ਜਨਮ ਹੋਇਆ ਜਿਨ੍ਹਾਂ ਨੇ ਆਧੁਨਿਕ ਗਿਆਨ ਵਿਗਿਆਨ ਅਤੇ ਰਵਾਇਤ ਦੇ ਨਿਵੇਕਲੇ ਪ੍ਰਸੰਗ ਸਥਾਪਿਤ ਕਰਦਿਆਂ ਹੋਇਆਂ ਸਿੱਖੀ ਸਿਧਾਂਤਾਂ ਦੇ ਬਰੀਕ ਅਤੇ ਕੋਮਲ ਪਹਿਲੂਆਂ ਨੂੰ ਪ੍ਰਚਲਿਤ ਮੁਹਾਵਰੇ ਰਾਹੀਂ ਸਿੱਖ ਸੰਸਾਰ ਤੱਕ ਪਹੁੰਚਾਉਣ ਦਾ ਯਤਨ ਕੀਤਾ। ਇਹ ਦੋ ਚਿੰਤਕ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਹਨ। ਧਿਆਨ ਰਹੇ ਕਿ ਪਤਾ ਹੋਣਾ ਓਡੀ ਵੱਡੀ ਗੱਲ ਨਹੀਂ ਹੁੰਦੀ ਜਿੰਨੀ ਵੱਡੀ ਇਹ ਹੈ ਕਿ ਜੋ ਪਤਾ ਹੈ ਉਸ ਨੂੰ ਲੋੜਵੰਦਾਂ ਤੱਕ ਪਹੁੰਚਾਉਣਾ ਕਿਵੇਂ ਹੈ। ਸਿੱਖ ਸਿਧਾਂਤਾਂ ਦਾ ਸਰਲ ਸੰਚਾਰਨ ਅਸਲ ਵਿਚ ਇਹਨਾਂ ਦੋਵਾਂ ਚਿੰਤਕਾਂ ਦੀਆਂ ਰਚਨਾਵਾਂ ਰਾਹੀਂ ਹੀ ਹੋਇਆ ਪਰਵਾਨ ਕਰਨਾ ਚਾਹੀਦਾ ਹੈ, ਇਨ੍ਹਾਂ ਦੇ ਕਾਰਜ ਨੂੰ ਅਕਾਦਮਿਕ ਵਿਧੀਆਂ ਵਿਚ ਢਾਲਣ ਦੀ ਜ਼ਿੰਮੇਵਾਰੀ ਅਕਾਦਮਿਕ ਅਦਾਰਿਆਂ ਦੀ ਹੋ ਜਾਂਦੀ ਹੈ। ਇਸੇ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਮੈਂ ਆਪਣਾ ਖੋਜ-ਪ੍ਰਬੰਧ 'ਭਾਈ ਵੀਰ ਸਿੰਘ ਦਾ ਰਚਨਾ ਸੰਸਾਰ : ਇਕ ਅਧਿਐਨ (ਅਧਿਆਤਮਕ ਪ੍ਰਕਰਣ ਵਿਚ)' ਦਾ ਕਾਰਜ ਸ਼ੁਰੂ ਕੀਤਾ ਹੈ ਤਾਂ ਕਿ ਆਧੁਨਿਕ ਸੂਚਨਾ ਦੇ ਹੜ੍ਹ ਵਿਚ ਭਾਈ ਵੀਰ ਸਿੰਘ ਦੁਆਰਾ ਸੁਰੱਖਿਅਤ ਕੀਤੇ ਗਏ ਵਿਰਾਸਤੀ ਖਜ਼ਾਨੇ ਨੂੰ ਅਕਾਦਮਿਕਤਾ ਵਿਚ ਪ੍ਰਚਲਿਤ ਸਿਧਾਂਤਕ ਬਰੀਕੀਆਂ ਤੋਂ ਬਚਾ ਕੇ ਅਸਲ ਤਸਵੀਰ ਨੂੰ ਸਾਹਮਣੇ ਲਿਆਂਦਾ ਜਾ ਸਕੇ। ਇਹਨਾਂ ਸਾਰੇ ਪ੍ਰਸ਼ਨਾਂ ਦਾ ਉੱਤਰ ਲੱਭਣ ਵਾਸਤੇ ਸਿੱਖ ਵਿਸ਼ਵਾਸ ਨੂੰ ਧੁਰੋਹਰ ਬਣਾ ਕੇ ਤੁਰਨਾ ਪੈਣਾ ਹੈ। ਮੇਰਾ ਇਹ ਪੂਰਨ ਵਿਸ਼ਵਾਸ ਹੈ ਕਿ ਪ੍ਰਾਪਤੀਆਂ ਗੁਰੂ ਮਿਹਰ ਦੀ ਰੌਂ ਵਿਚ ਹੀ ਸੰਭਵ ਹੁੰਦੀਆਂ ਹਨ। ਪਾਤਰਤਾ ਪੈਦਾ ਕੀਤੇ ਜਾਣ ਦੀ ਕੋਸ਼ਿਸ਼ ਜਾਰੀ ਰਹਿਣੀ ਚਾਹੀਦੀ ਹੈ ਕਿਉਂਕਿ ਸਤਿਗੁਰੂ ਜੀ ਨੇ ਪਾਤਰਤਾ ਦੇ ਅੰਗ-ਸੰਗ ਹੋਣ ਦਾ ਬਿਰਦ ਹੀ ਪਾਲਣਾ ਹੈ। ਠੀਕ ਰਾਹ ਤੇ ਤੁਰਨ ਨਾਲ ਮੰਜ਼ਲ ਨੇੜੇ ਆਉਣੀ ਸ਼ੁਰੂ ਹੋ ਜਾਂਦੀ ਹੈ। ਭਾਈ ਵੀਰ ਸਿੰਘ ਹੋਰਾਂ ਬਾਰੇ ਵਿਸਥਾਰਪੂਰਵਕ ਗੱਲ ਕਰਨ ਤੋਂ ਪਹਿਲਾਂ ਭਾਈ ਗੁਰਦਾਸ ਦੇ ਇਹ ਸ਼ਬਦ ਧਿਆਨ ਦੀ ਮੰਗ ਕਰਦੇ ਹਨ:

ਜੋਧੁ ਰਸੋਈਆ ਦੇਵਤਾ ਗੁਰ ਸੇਵਾ ਕਰਿ ਦੁਤਰੁ ਤਾਰੀ।
ਪੂਰੇ ਸਤਿਗੁਰੂ ਪੈਜ ਸਵਾਰੀ।

ਕਿਸੇ ਵੀ ਨਿਸ਼ਾਨੇ ਜਾਂ ਸਮੱਸਿਆ ਨੂੰ ਭਾਲਣ ਤੇ ਉਸਦੇ ਅੰਤਹਕਰਨ ਤੱਕ ਪਹੁੰਚਣਾ ਸੁਖੈਨ ਕਾਰਜ ਨਹੀਂ ਹੁੰਦਾ ਅਤੇ ਇਹ ਹੋਰ ਵੀ ਗੁੰਝਲਦਾਰ ਹੋ ਜਾਂਦਾ ਹੈ ਜਦੋਂ ਤੁਹਾਡੀ ਖੋਜ ਦਾ ਨਿਸ਼ਾਨਾ ਕਿਸੇ ਸਖ਼ਸ਼ੀਅਤ ਉਪਰ ਕੇਂਦਰਿਤ ਹੋਵੇ ਅਤੇ ਦੂਸਰਾ ਉਹ ਸਖ਼ਸ਼ੀਅਤ ਸਾਡੇ ਸਮਕਾਲ ਦਾ ਹਿੱਸਾ ਨਾ ਹੋਵੇ ਤੇ ਉਹ ਅਗੰਮ ਵੱਲ ਚਾਲੇ ਪਾ ਚੁੱਕੀ ਹੋਵੇ। ਦੂਸਰਾ ਔਖਾ ਪਹਿਲੂ (ਖਾਸ ਕਰ ਮੇਰੇ ਖੋਜ-ਪ੍ਰਬੰਧ ਦਾ) ਇਹ ਵੀ ਹੈ ਕਿ

ਚੁਣਿਆ ਗਿਆ ਵਿਸ਼ਾ ਕਿਸ ਦਿਸਹੱਦੇ ਵੱਲ ਇਸ਼ਾਰਾ ਕਰਦਾ ਹੈ। ਜਦੋਂ ਕੇਂਦਰ ਵਿਚ ਅਧਿਆਤਮਕਤਾ ਹੋਵੇ, ਜਿਸ ਬਾਰੇ 'ਪਵਿੱਤਰ ਰਚਨਾਵਾਂ' ਵਿਚ 'ਗੂੰਗੇ ਕੀ ਮਠਿਆਈ' ਕਹਿ ਕੇ ਸੰਬੋਧਿਤ ਕੀਤਾ ਗਿਆ ਹੋਵੇ, ਉਸ ਲਈ ਕਿਸ ਵਿਧਾ ਦੀ ਚੋਣ ਕੀਤੀ ਜਾਵੇ। ਨਾਲ ਹੀ ਇਹ ਵੀ ਪ੍ਰਸ਼ਨ ਕਿ ਕੀ ਸਬੰਧਿਤ ਅਧਿਆਤਮਕਤਾ ਕਿਸੇ ਖੋਜ ਅਨੁਸ਼ਾਸਨ ਦੇ ਵਿਧਾਨ ਦੇ ਗੇੜ ਦਾ ਕਾਰਜ ਹੈ ਵੀ ਕਿ ਨਹੀਂ। ਅਧਿਆਤਮਕਤਾ ਨੂੰ ਪਰਿਭਾਸ਼ਿਤ ਕਰਨਾ ਬਹੁਤ ਬਿਖ਼ਮ ਮਾਰਗ ਹੈ। ਚਿੰਤਕ ਆਪਣੀ ਸਮਰੱਥਾ ਜਾਂ ਆਪਣੀਆਂ ਸੂਖਮ ਬਿਰਤੀਆਂ ਰਾਹੀਂ ਹੋ ਸਕਦਾ ਹੈ ਆਪਣੇ ਅੰਦਰ ਦੀ ਜਵਾਲਾ ਨੂੰ ਪ੍ਰਜਵਲਿਤ ਕਰਕੇ ਅਧਿਆਤਮਕਤਾ ਦੇ ਸਾਖਸ਼ਾਤ ਦਰਸ਼ਨ ਕਰ ਚੁੱਕਾ ਹੋਵੇ ਤੇ ਉਹ ਉਸ ਅਥਾਹ ਅਨੰਦ ਨੂੰ ਸ਼ਬਦਾਂ ਵਿਚ ਢਾਲਣ ਦੇ ਸਮਰੱਥ ਵੀ ਹੋ ਗਿਆ ਹੋਵੇ, ਪਰ ਖੋਜ ਵਿਦਿਆਰਥੀ ਨਾ ਤੇ ਉਸ ਪੱਧਰ ਦਾ ਜਗਿਆਸੂ ਹੁੰਦਾ ਹੈ ਤੇ ਨਾ ਹੀ ਬੁੱਧੀ ਦੇ ਪਾਰ-ਮੰਡਲਾਂ ਵੱਲ ਉਡਾਰੀ ਮਾਰਨ ਦੇ ਸਮਰੱਥ। ਉਹ ਤੇ ਸ਼ਬਦ ਸੰਸਾਰ ਨਾਲ ਪੀਢੀ ਦੋਸਤੀ ਪਾ ਤੁਰਨ ਦਾ ਯਤਨ ਕਰਦਾ ਹੈ ਤਾਂ ਜੋ ਨਿਸ਼ਚਿਤ ਨਿਸ਼ਾਨੇ ਤੇ ਪਹੁੰਚ ਕੇ ਆਪਣੀ ਖੋਜ ਨੂੰ ਅੰਤਿਮ ਪੜਾਅ ਤੱਕ ਪਹੁੰਚਾ ਸਕੇ, ਇਸ ਮਾਣ-ਮੱਤੀ ਡਿਗਰੀ ਨੂੰ ਹਾਸਲ ਕਰ ਸਕੇ। ਹਾਲਾਂਕਿ ਇਹ ਮੇਰਾ ਪੂਰਨ ਵਿਸ਼ਵਾਸ ਹੈ ਕਿ ਇਹ ਸਮਾਂ ਉਸ ਦੀ ਅਗਨ ਪ੍ਰੀਖਿਆ ਵਾਂਗ ਹੁੰਦਾ ਹੈ ਤੇ ਇਹ ਚੇਤਿਆਂ 'ਚ ਰਹੇ ਕਿ ਅਗਨ ਪ੍ਰੀਖਿਆ ਵਿਚੋਂ ਲੰਘਣ ਤੋਂ ਬਿਨਾਂ ਥਾਹ ਪਾਈ ਹੀ ਨਹੀਂ ਜਾ ਸਕਦੀ।

ਸੰਸਾਰ ਦੇ ਕੁਲ ਕਾਰਜ ਮੰਡਲਾਂ ਦੀ ਜੇਕਰ ਨਿਗਾਹਬਾਨੀ ਕੀਤੀ ਜਾਵੇ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਦ੍ਰਿਸ਼ਟਮਾਨ ਸੰਸਾਰ ਵਿਚ ਵਿਚਰਨਾ ਨਾ ਸਹਿਜ ਹੈ ਤੇ ਨਾ ਹੀ ਸੁਖਾਲਾ। ਹਰ ਮੋੜ ਤੇ ਸਲੀਬਾਂ ਦੇ ਪ੍ਰਸੰਗ ਦੇ ਸਾਖਸ਼ਾਤ ਦੀਦਾਰੇ ਹੁੰਦੇ ਹਨ। ਇਹ ਸਲੀਬਾਂ ਉਲੰਘ ਕੇ ਮਾਣ-ਮੱਤੇ ਸੰਸਾਰ ਦੀ ਸਿਰਜਨਾ ਕਰਨ ਵਾਲੀ ਸਖਸ਼ੀਅਤ ਨੂੰ ਹੀ 'ਮਾਨਵ' ਦੀ ਸੰਗਿਆ ਪ੍ਰਾਪਤ ਹੁੰਦੀ ਹੈ। ਸਪੱਸ਼ਟ ਹੈ ਕਿ ਆਪਣੇ ਨਿਸ਼ਾਨੇ ਦੀ ਪੂਰਤੀ ਹਿੱਤ ਵਿਧੀ ਮੰਡਲਾਂ ਦਾ ਅਣਗਿਣਤ ਪਸਾਰਾ ਤੁਹਾਡੀ ਸਹਾਇਤਾ ਲਈ ਕੁਦਰਤ ਨੇ ਇਕ ਨੇਮ ਵਜੋਂ ਹੀ ਸਾਨੂੰ ਬਖਸ਼ਿਸ਼ ਕੀਤਾ ਹੋਇਆ ਹੁੰਦਾ ਹੈ, ਜਿਸਦੇ ਦੀਦਾਰੇ ਸੰਸਾਰ ਦੇ ਕਾਰ-ਵਿਹਾਰ ਵਿਚੋਂ ਕੀਤੇ ਜਾ ਸਕਦੇ ਹਨ। ਵਿਧਾ ਬਿਨਾਂ ਤੁਰਿਆ ਹੀ ਨਹੀਂ ਜਾ ਸਕਦਾ। ਇਹ ਵਿਧਾ-ਮੰਡਲ ਉੱਚ-ਡਿਗਰੀ ਲਈ ਲਿਖੇ ਜਾਣ ਵਾਲੇ ਖੋਜ-ਪ੍ਰਬੰਧ ਲਈ ਵੀ ਹੈ। ਅਕਾਦਮਿਕ ਖੇਤਰ ਵਿਚ ਉਪਲੱਬਧ ਪ੍ਰਚਲਿਤ ਖੋਜ-ਵਿਧੀਆਂ ਦੀ ਚੋਣ ਤੁਸੀਂ ਆਪ ਕਰਨੀ ਹੁੰਦੀ ਹੈ, ਜਿਸ ਵਿਚ ਖੋਜ ਨਿਗਰਾਨ ਕੇਂਦਰੀ ਭੂਮਿਕਾ ਨਿਭਾਉਂਦਾ ਹੈ। ਇਸ ਲਈ ਮੈਂ ਆਪਣੇ ਖੋਜ-ਪ੍ਰਬੰਧ ਲਈ ਪ੍ਰਚਲਿਤ ਧਰਮ ਵਿਗਿਆਨਕ ਵਿਧੀ ਦੇ ਨਾਲ-ਨਾਲ ਇਤਿਹਾਸਕ ਅਤੇ ਆਲੋਚਨਾਤਮਕ ਵਿਧਾ ਦਾ ਪ੍ਰਯੋਗ ਕਰਕੇ ਆਪਣੇ ਨਿਸ਼ਾਨੇ ਦੀ ਪੂਰਤੀ ਵੱਲ ਵਧਣ ਦਾ ਯਤਨ ਕੀਤਾ ਹੈ।

ਜਿਵੇਂ ਪਹਿਲਾਂ ਜ਼ਿਕਰ ਕੀਤਾ ਗਿਆ ਹੈ ਕਿ ਖੋਜ-ਪ੍ਰਬੰਧ ਨੂੰ ਆਮ ਕਰਕੇ ਖੋਜ ਸਮੱਸਿਆਵਾਂ ਦਾ ਨਾਂ ਵੀ ਦਿੱਤਾ ਜਾਂਦਾ ਰਿਹਾ ਹੈ, ਤੇ ਉੱਚ ਵਿਦਿਅਕ ਅਦਾਰਿਆਂ ਵਿਚ ਖੋਜੀ ਨੂੰ ਇਹ ਪੁੱਛਿਆ ਜਾਂਦਾ ਸੀ ਕਿ ਖੋਜ ਲਈ ਕਿਸ ਸਮੱਸਿਆ ਨੂੰ ਚੁਣਿਆ ਹੈ। ਮੇਰਾ ਖੋਜ ਸੰਸਾਰ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਨਾਲ ਜੁੜਿਆ ਹੋਇਆ ਹੈ, ਜਿਨ੍ਹਾਂ ਦਾ ਘੇਰਾ ਬਹੁਤ ਵਿਸ਼ਾਲ ਹੈ। ਇਹ ਸਾਰੀਆਂ ਰਚਨਾਵਾਂ ਪੰਜਾਬੀ ਭਾਸ਼ਾ ਵਿਚ ਹਨ, ਪਰ ਭਾਸ਼ਾ ਪੁਰਾਤਨ ਟਕਸਾਲੀ ਪੰਜਾਬੀ ਦੀ ਭਾਅ ਮਾਰਦੀ ਹੈ। ਮੈਨੂੰ ਇਸ ਗੱਲ ਦੀ ਵੀ ਕਠਿਨਾਈ ਆਈ ਤੇ ਇਥੋਂ ਤੱਕ ਕਿ ਪੰਜਾਬੀ ਦੇ ਉਨ੍ਹਾਂ ਗੂੜ੍ਹ ਸ਼ਬਦਾਂ ਦੇ ਅਰਥ ਢੂੰਡਣ ਲਈ ਮੈਨੂੰ ਕਈ ਵਾਰ ਕੋਸ਼ਾਂ ਤੱਕ ਪਹੁੰਚ ਕਰਨੀ ਪਈ। ਇਸ ਦੇ ਨਾਲ ਹੀ ਅਗਲੀ ਸਮੱਸਿਆ ਇਹ ਸੀ ਕਿ ਸ਼ਬਦਾਂ ਦੇ ਆਧੁਨਿਕ ਰੂਪ ਤੇ ਖੋਜ ਨਾਲ ਸਬੰਧਿਤ ਚਿੰਤਕ ਦੇ ਸ਼ਬਦ ਰੂਪਾਂ ਵਿਚ ਵੀ ਵੱਡੇ ਵੰਡ-ਵਖਰੇਵੇਂ ਸਨ। ਖੋਜ ਵਿਚ ਵਰਤੇ ਜਾਣ ਵਾਲੇ ਸ਼ਬਦ ਪੈਟਰਨ ਨੂੰ ਇਕ ਰੱਖਣ ਲਈ ਇਨ੍ਹਾਂ ਨਾਲ ਕਿਵੇਂ ਦੋ-ਚਾਰ ਹੋਇਆ ਜਾਵੇ, ਇਹ ਮੇਰੇ ਸਾਹਮਣੇ ਇਕ ਹੋਰ ਵੱਡਾ ਪ੍ਰਸ਼ਨ ਸੀ। ਤੀਜਾ ਪ੍ਰਸ਼ਨ ਜੋ ਵੱਡੀ ਸਮੱਸਿਆ ਬਣਿਆ, ਉਹ ਸੀ ਸਬੰਧਿਤ ਚਿੰਤਕ ਬਾਰੇ ਅਕਾਦਮਿਕ ਸੰਸਾਰ ਵੱਲੋਂ, ਉਨ੍ਹਾਂ ਦੇ ਜੀਵਨ ਤੇ ਕਾਰਜ ਤੇ ਉਠਾਏ ਗਏ ਵੱਡੇ ਸੁਆਲੀਆ ਨਿਸ਼ਾਨ, ਜੋ ਖੋਜਾਰਥੀ ਹੋਣ ਦੇ ਨਾਤੇ ਮੈਨੂੰ ਵਲਗਣ ਵਿਚ ਕੈਦ ਕਰੀ ਜਾਂਦੇ ਸਨ ਤੇ ਮੇਰੇ ਲਈ ਇਹ ਹਿਮਾਲਿਆ ਪਰਬਤ ਦੀ ਉਚਾਈ ਵਰਗੇ ਸਮੱਸਿਆਵਾਂ ਦੇ ਜੰਗਲ ਸਨ। ਮੇਰਾ ਇਹ ਪੱਕਾ ਵਿਸ਼ਵਾਸ ਹੈ ਕਿ ਖੋਜਾਰਥੀ ਨੂੰ ਕਿਸੇ ਨਿਸ਼ਚਿਤ ਨਿਸ਼ਾਨੇ ਵੱਲ ਸੇਧਤ ਹੋ ਪ੍ਰਾਪਤੀ ਤੇ ਕਰਨੀ ਹੀ ਪਵੇਗੀ, ਪਰ ਜੇਕਰ ਉਹ ਦਰਪੇਸ਼ ਵਲਗਣਾਂ ਦੇ ਘੇਰੇ ਵਿਚ ਘਿਰ ਗਿਆ ਤਾਂ ਉਹ ਨਾ ਆਪਣੀ ਖੋਜ ਨਾਲ ਤੇ ਨਾ ਹੀ ਸਬੰਧਿਤ ਚਿੰਤਕ ਨਾਲ ਵਫ਼ਾ ਕਰ ਸਕੇਗਾ।

ਅਗਲਾ ਵੱਡਾ ਪ੍ਰਸ਼ਨ ਇਹ ਸੀ ਕਿ ਵਿਦਵਾਨ ਵਕਤਾ ਦੀਆਂ ਸਾਰੀਆਂ ਰਚਨਾਵਾਂ ਨਾਲ ਦੋ-ਚਾਰ ਹੋਇਆ ਜਾਵੇ ਜਾਂ ਉਨ੍ਹਾਂ ਵਿਚੋਂ ਕੁਝ ਇਕ ਦੀ ਚੋਣ ਕੀਤੀ ਜਾਵੇ। ਐਨੇ ਵਿਸ਼ਾਲ ਰਚਨਾ ਸੰਸਾਰ ਨੂੰ ਇਕ ਖੋਜ ਵਿਦਿਆਰਥੀ ਕਿਵੇਂ ਆਪਣੇ ਕਲਾਵੇ ਵਿਚ ਲੈ ਸਕਦਾ ਹੈ, ਜਦ ਰਚਨਾਵਾਂ ਵਾਰਤਕ ਵੀ ਹੋਣ, ਕਵਿਤਾਵਾਂ ਵੀ, ਨਾਵਲ ਵੀ, ਅਤੇ ਹੋਰ ਤੇ ਹੋਰ ਰਚਨਾਵਾਂ ਵਿਚ ਪਵਿੱਤਰ ਰਚਨਾਵਾਂ ਦੀ ਵਿਆਖਿਆਕਾਰੀ ਦੇ ਪ੍ਰਸੰਗ ਨੂੰ ਵੀ ਸੰਬੋਧਤ ਕੀਤਾ ਹੋਵੇ। ਫੈਸਲਾ ਲੈ ਲਿਆ ਸੀ ਤੇ ਲਏ ਫੈਸਲੇ ਤੋਂ ਪਿੱਛੇ ਹਟਣਾ ਖੋਜਾਰਥੀ ਦੀ ਮਨੋ-ਬਿਰਤੀ ਦਾ ਹਿੱਸਾ ਨਹੀਂ ਹੁੰਦਾ। ਇਸ ਲਈ ਸਬੰਧਿਤ ਚਿੰਤਕ ਦੇ ਪੂਰੇ ਰਚਨਾ ਸੰਸਾਰ ਨੂੰ ਹੀ ਆਪਣੀ ਖੋਜ ਦਾ ਹਿੱਸਾ ਬਣਾ ਕੇ ਕਾਰਜ ਕਰਨ ਦਾ ਵੱਡਾ ਫੈਸਲਾ, ਨਿਸ਼ਚੇ ਹੀ ਇਕ ਗੂੜ੍ਹ ਸਮੱਸਿਆ ਤੇ ਹੈ ਈ ਸੀ।

ਸਭ ਤੋਂ ਔਖਾ ਕਾਰਜ ਸੀ ਭਾਈ ਸਾਹਿਬ ਦੇ ਅਧਿਆਤਮਕ ਪ੍ਰਸੰਗ ਦੇ ਰੂ-ਬ-ਰੂ ਹੋ ਅੱਜ ਦੇ ਮਨੁੱਖੀ ਸਮਾਜ ਨੂੰ ਸਾਹਮਣੇ ਰੱਖਣਾ ਤੇ ਨਤੀਜੇ ਕੱਢਣੇ, ਇਹ ਤਾਂ ਬਿਲਕੁਲ ਹੀ ਸਹਿਜ ਪ੍ਰਕਿਰਿਆ ਨਹੀਂ

ਸੀ। ਅਧਿਆਤਮ ਤੇ ਪ੍ਰਾਪਤ ਕੀਤਾ ਜਾਂਦਾ ਹੈ ਜਿਸ ਵਿਚ ਪੂਰੀ ਤਰ੍ਹਾਂ ਹੀ ਮਨੁੱਖ ਦਾ ਨਿੱਜ ਸ਼ਾਮਲ ਹੁੰਦਾ। ਇਹ ਨਿੱਜ ਜਦ ਕਿਸੇ ਅਗੰਮ ਦਾ ਹਿੱਸਾ ਹੋ ਜਾਵੇ, ਆਪਣੀ ਹੋਂਦ ਤੋਂ ਮੁਨਕਰ ਹੋ ਦੂਸਰੇ ਨੂੰ ਆਪਣਾ ਸਮਝ ਲਵੇ ਤਾਂ ਉਸਨੂੰ ਪਾਰ-ਮੰਡਲ ਦੀ ਸੋਝੀ ਵਾਲੇ ਬ੍ਰਹਮ ਗਿਆਨੀ ਦੀ ਸੰਗਿਆ ਨਾਲ ਨਿਵਾਜਿਆ ਜਾਂਦਾ ਹੈ। ਮੇਰੇ ਖੋਜ ਦੇ ਚਿੰਤਕ ਤੇ ਨਿਸ਼ਚੇ ਹੀ ਪਾਰ-ਮੰਡਲਾਂ ਦੇ ਨਿਵਾਸੀ ਸਨ, ਹੁਣ ਉਨ੍ਹਾਂ ਦੁਆਰਾ ਲਾਈ ਗਈ ਅਗੰਮ ਗਗਨਮਈ ਚੁੱਭੀ ਨੂੰ ਪਰਿਭਾਸ਼ਿਤ ਕਿਵੇਂ ਕੀਤਾ ਜਾਵੇ। ਸੋ ਸਮੱਸਿਆ ਕੇਵਲ ਇਕ ਹੀ ਨਹੀਂ, ਸਮੱਸਿਆ-ਦਰ-ਸਮੱਸਿਆ ਸਨ, ਜਿਸ ਨੂੰ ਪਾਰ ਕਰ ਨਤੀਜੇ ਕੱਢਣ ਵਿਚ ਸ਼ਾਇਦ ਮੈਂ ਸਫਲ ਹੋ ਗਈ ਹਾਂ, ਇਹ ਮੇਰੀ ਸੋਚ ਹੈ, ਦਾਅਵਾ ਨਹੀਂ।

ਖੋਜ-ਪ੍ਰਬੰਧ ਦਾ ਪਹਿਲਾ ਅਧਿਆਇ '**ਭਾਈ ਵੀਰ ਸਿੰਘ ਜੀਵਨ ਅਤੇ ਰਚਨਾ ਸੰਸਾਰ**' ਹੈ, ਜਿਸ ਵਿਚ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਅੱਜ ਤੱਕ ਭਾਈ ਵੀਰ ਸਿੰਘ ਨੂੰ ਬੇਸ਼ੱਕ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਨਿਰਮਾਤਾ ਵਜੋਂ ਵੇਖਣ ਦਾ ਹੀ ਯਤਨ ਹੁੰਦਾ ਰਿਹਾ ਹੈ, ਇਸ ਨਿਰਧਾਰਿਤ ਡੱਬਾ ਬੰਦੀ ਵਿਚ ਰੱਖ ਕੇ ਭਾਈ ਵੀਰ ਸਿੰਘ ਨੂੰ ਸੀਮਾ-ਬੱਧ ਕਰ ਦਿੱਤਾ ਹੈ। ਇਹ ਕਿੰਤੂ ਮੁਕਤ ਧਾਰਨਾ ਹੈ ਕਿ ਉਹ ਪੰਜਾਬੀ ਸਾਹਿਤ, ਸਭਿਆਚਾਰ ਅਤੇ ਭਾਸ਼ਾ ਦੇ 19ਵੀਂ ਸਦੀ ਦੇ ਅਖੀਰ ਤੇ 20ਵੀਂ ਸਦੀ ਦੇ ਅੱਧ ਤੱਕ ਕਾਰਜਸ਼ੀਲ ਰਹੇ ਅਜਿਹੇ ਵਿਦਵਾਨ ਸਨ ਜਿਨ੍ਹਾਂ ਦਾ ਕੋਈ ਬਦਲ ਈ ਨਹੀਂ ਹੈ, ਪਰ ਇਹ ਵੀ ਧਿਆਨ ਦੀ ਮੰਗ ਕਰਦਾ ਹੈ ਕਿ ਇਸ ਸਮਕਾਲ ਵਿਚ ਉਹ ਸਿੱਖੀ ਦੇ ਸਿਰਮੌਰ ਚਿੰਤਕ ਵਜੋਂ ਵੀ ਆਪਣੀ ਸਥਾਪਨਾ ਕਰ ਚੁੱਕੇ ਸਨ ਅਤੇ ਉਨ੍ਹਾਂ ਦੇ ਚਿੰਤਨ ਨੂੰ ਸਿੱਖ ਵਿਆਖਿਆਕਾਰੀ ਦੇ ਖੇਤਰ ਵਿਚ ਵੀ ਵੱਡਾ ਮਾਣ ਹਾਸਿਲ ਹੈ। ਇਹ ਅਹਿਮ ਪਹਿਲੂ ਇਸ ਲਈ ਧਿਆਨ ਦੀ ਮੰਗ ਕਰਦਾ ਹੈ, ਕਿਉਂਕਿ ਅਜਿਹਾ ਕਰਨ ਨਾਲ ਹੀ ਉਨ੍ਹਾਂ ਦੀ ਸਥਾਪਨਾ ਇਕ ਸਿਰਮੌਰ ਸਿੱਖ ਚਿੰਤਕ ਵਜੋਂ ਹੋ ਸਕਦੀ ਹੈ। ਇਸ ਦੀ ਪੁਖਤਾ ਉਦਾਹਰਨ ਉਨ੍ਹਾਂ ਦੀਆਂ ਰਚਨਾਵਾਂ ਖੁਦ ਹੀ ਹਨ। ਉਨ੍ਹਾਂ ਦੀਆਂ ਰਚਨਾਵਾਂ ਦਾ ਵਿਸ਼ਾ-ਵਸਤੂ ਅਤੇ ਪਾਤਰਾਂ ਦੇ ਪਿਛੋਕੜ ਦੀ ਨਜ਼ਰਸਾਨੀ ਵੀ ਜ਼ਰੂਰੀ ਹੈ। ਉਨ੍ਹਾਂ ਦਾ ਰਚਨਾ ਸੰਸਾਰ ਸਿੱਖੀ ਮੁਹਾਵਰੇ, ਸਿੱਖੀ ਪ੍ਰਤੀਕ, ਸਿੱਖੀ ਜਨ-ਜੀਵਨ, ਸਿੱਖੀ ਦੀ ਵਿਆਖਿਆਕਾਰੀ ਨਾਲ ਸਰਸ਼ਾਰ ਹੈ। ਉਨ੍ਹਾਂ ਦੀਆਂ ਰਚਨਾਵਾਂ ਦੇ ਪਾਤਰ ਸਿੱਖੀ ਸਿਧਾਂਤਾਂ ਨਾਲ ਪਰਣਾਈਆਂ ਹੋਈਆਂ ਅਜਿਹੀਆਂ ਸੁਜੱਗ ਰੂਹਾਂ ਹਨ ਜਿਨ੍ਹਾਂ ਵਿਚੋਂ 17ਵੀਂ, 18ਵੀਂ ਸਦੀ ਦੇ ਸਿੱਖ ਜੰਗਜੂ ਯੋਧਿਆਂ ਵਰਗੇ ਗੁਣ ਹਨ। ਉਹ ਅਣਖ, ਆਬਰੂ ਤੇ ਸੱਚ ਲਈ ਸਿੱਖ ਸਿਧਾਂਤਾਂ ਦੀ ਪਹਿਰੇਦਾਰੀ ਕਰਦੇ ਪ੍ਰਤੀਤ ਹੁੰਦੇ ਹਨ। ਜਿਨ੍ਹਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਭਾਈ ਸਾਹਿਬ ਦਾ ਰਚਨਾ ਸੰਸਾਰ ਮਾਨਵਤਾ ਤੇ ਸਰਬੱਤ ਦੇ ਭਲੇ ਵਾਲੇ ਸਿੱਖੀ ਸਿਧਾਂਤ ਉਪਰ ਪੂਰਨ ਤੌਰ ਤੇ ਅਧਾਰਿਤ ਸੀ। ਸਰਬ ਸਾਂਝੀਵਾਲਤਾ ਦੇ ਸਿਧਾਂਤ ਨੂੰ ਜਨ-ਸਮੂਹ ਤੱਕ ਲੈ ਜਾਣ ਲਈ ਉਹ ਇੰਨੇ ਪ੍ਰਬਲ ਸਨ ਕਿ ਇਸੇ ਕਰਕੇ

ਪੰਜਾਬੀ ਸਾਹਿਤ ਰੂਪ ਦੀ ਹਰੇਕ ਵਿਧਾ ਨੂੰ ਆਪਣੇ ਰਚਨਾ ਸੰਸਾਰ ਦਾ ਹਿੱਸਾ ਬਣਾਇਆ। ਇਸ ਕਰਕੇ ਉਹ ਨਾਵਲ ਵੀ ਲਿਖ ਰਹੇ ਹਨ, ਨਾਟਕ ਵੀ, ਮਹਾਂਕਾਵਿ ਵੀ ਅਤੇ ਪ੍ਰਕਿਰਤੀ ਨੂੰ ਸੰਬੋਧਤ ਰਹੱਸਵਾਦੀ ਕਵਿਤਾ ਵੀ, ਜਿਸ ਵਿਚ ਨਿੱਕੀ ਕਵਿਤਾ ਤੇ ਰੁਬਾਈ ਵੀ ਆਪ-ਮੁਹਾਰੇ ਹਿੱਸੇਦਾਰ ਬਣੀਆਂ। ਸੰਪਾਦਨਾ, ਟੀਕਾਕਾਰੀ ਤੇ ਵਿਆਖਿਆਕਾਰੀ ਵਾਲੀਆਂ ਰਚਨਾਵਾਂ ਉਨ੍ਹਾਂ ਦੀ ਵਿਦਵਤਾ ਦਾ ਹੈਰਾਨ ਕਰਨ ਵਾਲਾ ਪੱਖ ਹੈ। ਸਪੱਸ਼ਟ ਹੈ ਕਿ ਉਨ੍ਹਾਂ ਦੀਆਂ ਲਿਖਤਾਂ ਹਰ ਪ੍ਰਕਾਰ ਦੀ ਵੰਨਗੀ ਨਾਲ ਸੰਜੋਈਆਂ ਹੋਈਆਂ ਹਨ। ਉਨ੍ਹਾਂ ਸਾਰਿਆਂ ਦਾ ਵਰਨਣ ਇਥੇ ਬੇਹੱਦ ਜ਼ਰੂਰੀ ਹੈ ਹਾਲਾਂਕਿ ਮੇਰੇ ਖੋਜ-ਪ੍ਰਬੰਧ ਦੀ ਸੀਮਾ ਉਨ੍ਹਾਂ ਦੇ ਨਾਵਲ ਜਗਤ, ਕਵਿਤਾ ਜਗਤ ਤੇ ਵਾਰਤਕ ਜਗਤ ਤੱਕ ਹੀ ਸੀਮਿਤ ਹੈ।

ਜਿਵੇਂ ਪਹਿਲਾਂ ਵੀ ਗੱਲ ਕੀਤੀ ਜਾ ਚੁੱਕੀ ਹੈ ਕਿ ਭਾਈ ਵੀਰ ਸਿੰਘ ਬਾਰੇ ਗੱਲ ਕਰਨਾ ਸਹਿਜ ਪ੍ਰਕਿਰਿਆ ਨਹੀਂ ਹੈ ਕਿਉਂਕਿ ਭਾਈ ਸਾਹਿਬ ਅਜਿਹੇ ਚਿੰਤਕ ਹਨ ਜਿਨ੍ਹਾਂ ਦੀਆਂ ਰਚਨਾਵਾਂ ਦਾ ਮੁੱਖ ਮੁੱਦਾ ਸਿੱਖੀ ਸਿਧਾਂਤ, ਸਿੱਖੀ ਇਤਿਹਾਸ ਅਤੇ ਸਿੱਖੀ ਅਮਲ ਨਾਲ ਜੁੜਿਆ ਹੋਇਆ । ਉਹ ਆਪ ਸਿੱਖੀ ਸਿਧਾਂਤਾਂ ਨਾਲ ਜੁੜੀ ਹੋਈ ਇਕ ਇਹੋ ਜਿਹੀ ਪਾਕੀਜ਼ ਸਖ਼ਸ਼ੀਅਤ ਸਨ ਜਿਨ੍ਹਾਂ ਨੂੰ ਸਿੱਖ ਧਰਮ ਦੀ ਅਕਾਦਮਿਕਤਾ ਵਿਚ ਬਹੁਤ ਵੱਡਾ ਸਥਾਨ ਮਿਲਿਆ ਹੈ ਤੇ ਉਨ੍ਹਾਂ ਦੀਆਂ ਰਚਨਾਵਾਂ ਖੋਜਾਰਥੀਆਂ ਲਈ ਖੋਜ ਸੰਦ ਬਣ ਗਈਆਂ ਹਨ। ਆਧੁਨਿਕਤਾ ਵਿਚ ਸਿੱਖੀ ਦੇ ਸਿਧਾਂਤਕ ਪ੍ਰਸੰਗ ਨੂੰ ਸਥਾਪਿਤ ਕਰਨ ਦਾ ਸ੍ਰੇਅ ਆਪ ਜੀ ਨੂੰ ਪ੍ਰਾਪਤ ਹੈ।

ਕਿਸੇ ਵੀ ਵਿਅਕਤੀ ਦੀ ਨਾਇਕ ਵਜੋਂ ਸਥਾਪਤੀ ਸਮਕਾਲ, ਉਸਦੇ ਭੂਗੋਲਿਕ ਖਿੱਤੇ ਵਿਚ ਸਮੇਂ ਸਮੇਂ ਤੇ ਵਾਪਰੀਆਂ ਸਥਿਤੀਆਂ ਪ੍ਰਸਥਿਤੀਆਂ ਦੇ ਪ੍ਰਭਾਵਾਂ ਦਾ ਸਿੱਟਾ ਪ੍ਰਵਾਨ ਕੀਤੀ ਜਾ ਸਕਦੀ ਹੈ ਅਤੇ ਉਹ ਆਪਣੇ ਸਮਕਾਲ ਦੀਆਂ ਇਨ੍ਹਾਂ ਸਥਿਤੀਆਂ ਪ੍ਰਸਥਿਤੀਆਂ ਦੇ ਸਨਮੁੱਖ ਹੁੰਦਾ ਹੋਇਆ ਵਾਪਰ ਰਹੀਆਂ ਘਟਨਾਵਾਂ ਨੂੰ ਬਹੁਤ ਨੀਝ ਨਾਲ ਵੇਖਦਾ ਹੈ। ਇਕ ਨਵਚੇਤਨਾ ਦਾ ਪ੍ਰਕਾਸ਼ ਉਸਦੇ ਮਸਤਕ ਦਾ ਭਾਗ ਬਣਨ ਲੱਗਦਾ ਹੈ। ਨਤੀਜੇ ਵਜੋਂ ਉਸਦੀ ਪ੍ਰਤਿਭਾ ਤੇ ਸੋਚ ਦਾ ਵਿਕਾਸ ਹੁੰਦਾ ਹੈ। ਇਹ ਵਿਕਾਸ ਹੀ ਵਿਗਾਸ ਦੇ ਰਸਤੇ ਲਈ ਕੇਂਦਰੀ ਭੂਮਿਕਾ ਨਿਭਾਉਂਦਾ ਹੈ ਅਤੇ ਅਜਿਹਾ ਵਾਪਰਨਾ ਬਿਲਕੁਲ ਸੁਭਾਵਿਕ ਪ੍ਰਕਿਰਿਆ ਹੈ। ਮਨੁੱਖ ਕਿਉਂਕਿ ਸਮਾਜਿਕ ਜੀਵ ਹੈ ਇਸ ਲਈ ਸਮਾਜ ਵਿਚ ਵਾਪਰੀ ਹਰ ਘਟਨਾ ਹੀ ਕਿਸੇ ਨਾ ਕਿਸੇ ਰੂਪ ਵਿਚ ਉਸਨੂੰ ਪ੍ਰਭਾਵਿਤ ਕਰਦੀ ਹੈ। ਜੇ ਅਜਿਹਾ ਹੈ ਤਾਂ ਨਿਸ਼ਚੇ ਸੰਸਾਰ ਵਿਚ ਵਾਪਰੀਆਂ ਵੱਡੀਆਂ ਘਟਨਾਵਾਂ ਤੇ ਅਹਿਮ ਤਬਦੀਲੀਆਂ ਇਸੇ ਦਾ ਹੀ ਹਾਸਿਲ ਹੋਣਗੀਆਂ। ਨਵ-ਚਿੰਤਨ ਵੀ ਇਹਨਾਂ ਪ੍ਰਸਥਿਤੀਆਂ ਵਿਚੋਂ ਹੀ ਉਪਜਦਾ ਹੋਵੇਗਾ ਤੇ ਨਵ-ਚਿੰਤਕ ਵੀ। ਵੱਡੇ ਵੱਡੇ ਇੰਨਕਲਾਬ ਵੀ ਸਮਕਾਲ ਦੀਆਂ ਪ੍ਰਸਥਿਤੀਆਂ ਵਿਚੋਂ ਹੀ ਉਪਜੇ ਹੋਣਗੇ ਅਤੇ ਇਹਨਾਂ ਇੰਨਕਲਾਬਾਂ ਨੂੰ ਅੰਜ਼ਾਮ ਦੇਣ ਵਾਲੇ ਇੰਨਕਲਾਬੀ ਵੀ,

ਬੇਸ਼ੱਕ ਉਨ੍ਹਾਂ ਦੇ ਰੂਪ ਅਤੇ ਸੁਭਾਅ ਵੱਖ-ਵੱਖ ਹੋਣ। ਧਿਆਨ ਰਹੇ, ਇੰਨਕਲਾਬ ਕੇਵਲ ਬੰਦੂਕ ਦੀ ਨਾਲੀ ਵਿਚ ਹੀ ਨਹੀਂ ਉਪਜਦਾ, ਇਹ ਪੈੱਨ ਦੀ ਤਾਕਤ ਨਾਲ ਵੀ ਤਬਦੀਲੀ ਲਿਆ ਜਰਖੇਜ਼ ਸਮਾਜ ਦੀ ਸਿਰਜਣਾ ਕਰ ਸਕਦਾ ਹੈ। ਇਹ ਕਾਰਜ ਉਸ ਖਿੱਤੇ ਨਾਲ ਸਬੰਧਿਤ ਚਿੰਤਕ ਕਰਦੇ ਹਨ ਤੇ ਇਸੇ ਕਰਕੇ ਹੀ ਇਥੇ ਚਿੰਤਕ ਨੂੰ ਵੀ ਇਕ ਇੰਨਕਲਾਬੀ ਯੋਧੇ ਦੀ ਸੰਗਿਆ ਦਿੱਤੀ ਗਈ ਹੈ।

ਭਾਈ ਵੀਰ ਸਿੰਘ ਸਿੱਖੀ ਸਿਧਾਂਤਾਂ ਨਾਲ ਇਕਸੁਰ ਹੋਈ ਅਜਿਹੀ ਹੀ ਰੂਹ ਸਨ ਜਿਸ ਤਰ੍ਹਾਂ ਦੀ ਰੂਹ ਦੀ ਕਾਮਨਾ ਸਿੱਖ ਸਿਧਾਂਤਾਂ ਵਿਚ ਕੀਤੀ ਗਈ ਹੈ। ਉਨ੍ਹਾਂ ਵਿਚ ਕੇਵਲ ਸਿੱਖੀ ਦੀ ਆਭਾ ਵਾਲੇ ਉਹ ਸਾਰੇ ਗੁਣ ਹੀ ਰੂਪਮਾਨ ਨਹੀਂ ਸਨ ਹੁੰਦੇ ਸਗੋਂ ਉਨ੍ਹਾਂ ਦੇ ਦੀਦਾਰੇ ਵੀ ਪ੍ਰਤੱਖ ਤੌਰ ਤੇ ਉਨ੍ਹਾਂ ਦੀ ਸਖਸ਼ੀਅਤ ਵਿਚੋਂ ਕੀਤੇ ਜਾ ਸਕਦੇ ਸਨ। ਆਪ ਜੀ ਉੱਘੇ ਚਿੰਤਕ, ਮਹਾਨ ਵਿਦਵਾਨ, ਸ਼੍ਰੋਮਣੀ ਸਾਹਿਤਕਾਰ, ਸਰਗਰਮ ਸਮਾਜ ਸੁਧਾਰਕ ਤੇ ਦੂਰਦਰਸ਼ੀ ਸੰਯੋਜਕ ਸਨ। ਭਾਈ ਸਾਹਿਬ ਦੀ ਚੇਤਨਾ ਵਿਚ ਅਤੀਤ ਦਾ ਵਿਰਾਸਤੀ ਗੌਰਵ, ਵਰਤਮਾਨ ਦੀ ਰਾਸ ਪੂੰਜੀ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਦਾ ਸੰਗਮ ਇਕੋ ਵੇਲੇ ਦ੍ਰਿਸ਼ਟੀਗੋਚਰ ਹੋਇਆ। ਉਨ੍ਹਾਂ ਨੇ ਆਪਣੇ ਇਤਿਹਾਸਕ ਵਿਰਸੇ ਨੂੰ ਆਦਰਸ਼ਕ ਢੰਗ ਨਾਲ ਸੰਜੋਇਆ, ਸਮਕਾਲੀ ਸਮੱਸਿਆਵਾਂ ਨੂੰ ਜੁਝਾਰੂ ਵੇਗ ਦਿੱਤਾ। ਕਲਮ ਉਨ੍ਹਾਂ ਦੀ ਰਚਨਾਤਮਕਤਾ ਦੀ ਸ਼ਸ਼ਕਤ ਮਾਧਿਅਮ ਬਣੀ। ਸਾਹਿਤ ਰਚਨਾ ਆਪ ਲਈ ਨਿਰੋਲ ਸ਼ੌਕ ਨਹੀਂ, ਸਗੋਂ ਅਤਿਅੰਤ ਗੰਭੀਰ ਕਾਰਜ ਸੀ, ਜੋ ਕਿ ਸਮਾਜਿਕ ਪਰਿਵਰਤਨ ਦੇ ਵਿਸ਼ੇਸ਼ ਉਦੇਸ਼ ਨਾਲ ਕੀਤਾ ਗਿਆ ਸੀ।

'**ਧਰਮ ਦਾ ਅਧਿਆਤਮਕ ਤੇ ਵਿਵਹਾਰਕ ਚਿੰਤਨ**' ਦੂਜਾ ਅਧਿਆਇ ਹੈ। ਇਸ ਵਿਚ ਵਿਸਥਾਰਪੂਰਵਕ ਗੱਲ ਕਰਦਿਆਂ ਸਾਹਮਣੇ ਲਿਆਂਦਾ ਗਿਆ ਹੈ ਕਿ ਧਰਮ ਸੰਸਾਰ ਵਿਚ ਮਾਨਵ ਨੂੰ ਦੋ ਹਿੱਸਿਆਂ ਵਿਚ ਰੱਖ ਕੇ ਵੇਖਿਆ ਗਿਆ ਹੈ, ਜਿਸ ਵਿਚ ਇਕ ਧਰਮ ਬਾਨੀਆਂ, ਗੁਰੂਆਂ ਜਾਂ ਪੈਗੰਬਰਾਂ ਦੀ ਆਉਂਦੀ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਖੁਦ ਉਸ ਅਗੰਮ ਦਾ ਸ਼ਬਦ ਰੂਪ ਹੁੰਦੇ ਨੇ ਜਿਨ੍ਹਾਂ ਨੂੰ ਉਹ ਸਮੇਂ ਸਮੇਂ ਧਰਤਿ ਲੋਕਾਈ ਦੇ ਭਲੇ ਹਿੱਤ ਮਨੁੱਖੀ ਜਾਮਾ ਧਾਰਨ ਕਰ ਸੰਸਾਰ ਵਿਚ ਭੇਜਦਾ ਹੈ ਤਾਂ ਜੋ ਅਸਮਾਨੀ ਸਤਿ ਨੂੰ ਧਰਤਿ ਉਪਰ ਭੇਜ, ਇਥੋਂ ਦੇ ਜਨ-ਸਮੂਹ ਦੀ ਮਾਨਸਿਕਤਾ ਨੂੰ ਹਰਿਆ-ਭਰਿਆ ਕੀਤਾ ਜਾ ਸਕੇ। ਉਹ ਆਪਣੇ ਨਾਲ ਲਿਆਂਦੇ ਇਲਾਹੀ ਨਾਦ ਦਾ ਪ੍ਰਗਾਸ ਇਸ ਧਰਤਿ ਤੇ ਕਰ ਇਸ ਨੂੰ ਸੁਹੇਲਾ ਬਣਾਉਣ ਹਿੱਤ ਕਾਰਜਸ਼ੀਲ ਰਹਿੰਦੇ ਹਨ ਤੇ ਧਰਤਿ ਲੋਕਾਈ ਤੇ ਆਪਣੇ 'ਸਤਿ' ਦੀ ਸਥਾਪਨਾ ਕਰ, ਧਰਤਿ ਤੋਂ ਰੁਖਸਤ ਹੋ ਜਾਂਦੇ ਹਨ। ਉਨ੍ਹਾਂ ਦੁਆਰਾ ਲਿਆਂਦੇ ਉਸ ਦੈਵੀ ਗੁਹਜ ਦਾ ਅਜਪਾ ਜਾਪ ਕਰਦੇ ਹੋਏ ਕੁਝ ਵੱਡੀਆਂ ਰੂਹਾਂ ਉਸ ਗੁਹਜ ਦੇ ਅੰਤਰੀਵ ਭਾਵ ਨਾਲ ਇਕਸੁਰ ਹੋ ਵੱਡੇ ਰੰਗ ਵਿਚ ਰੰਗੀਆਂ ਜਾਂਦੀਆਂ ਹਨ ਤੇ ਫਿਰ ਉਸ ਸੱਚ ਦੀ ਖੁਸ਼ਬੂ ਨੂੰ ਵੰਡਦੀਆਂ ਹੋਈਆਂ ਚਰਖੜੀਆਂ ਤੇ ਵੀ ਚੜ੍ਹਦੀਆਂ ਹਨ, ਆਰਿਆਂ

ਨਾਲ ਵੀ ਚੀਰੀਆਂ ਜਾਂਦੀਆਂ ਹਨ, ਉਨ੍ਹਾਂ ਦੇ ਬੰਦ ਬੰਦ ਵੀ ਕੱਟੇ ਜਾਂਦੇ ਹਨ। ਉਹ ਕਿਸੇ ਅਥਾਹ ਅਨੰਦ ਵਿਚ ਇਕਸੁਰ ਹੋਈਆਂ, ਤੇਰਾ ਭਾਣਾ ਮੀਠਾ ਲਾਗੇ ਦਾ ਸਿਮਰਨ ਕਰਦੀਆਂ, ਜਿੱਥੇ ਲੋਕ ਸੁਖੀਆ ਪਰਲੋਕ ਸੁਹੇਲਾ ਕਰ ਲੈਂਦੀਆਂ ਹਨ ਉਥੇ ਆਉਣ ਵਾਲੀਆਂ ਪੀੜ੍ਹੀਆਂ ਲਈ ਮਾਰਗ ਦਰਸ਼ਨ ਵਜੋਂ ਵੀ ਕਾਰਜ ਕਰਦੀਆਂ ਹਨ।

ਧਰਮ ਦੇ ਸੰਸਾਰ ਵਿਚ ਇਸ ਅਵਸਥਾ ਨੂੰ ਅਧਿਆਤਮਕ ਉਨਤੀ ਦੇ ਪੜਾਅ ਮੰਨਿਆ ਜਾਂਦਾ ਹੈ, ਜਿਸ ਤੇ ਪਹੁੰਚਣਾ ਬਿਲਕੁਲ ਹੀ ਸਹਿਜ ਨਹੀਂ ਹੈ। ਇਹ ਤੇ ਆਤਮਸਾਤ ਹੈ। ਅੰਦਰੋਂ ਈ ਉਠੇ ਸੱਚ ਦਾ ਪ੍ਰਗਟਾ ਜਿਸਨੂੰ ਧਰਮ ਦੀ ਦੁਨੀਆਂ ਵਿਚ ਅਧਿਆਤਮਕ ਮੰਡਲ ਦਾ ਨਾਂ ਦਿੱਤਾ ਗਿਆ ਹੈ। ਇਹ ਦੋ ਤਰ੍ਹਾਂ ਦਾ ਅਨੁਭਵ ਹੈ। ਇਕ ਉਹ ਸਿੱਧਾ ਅਗੰਮ ਦੀ ਬਖਸ਼ਿਸ਼ ਨਾਲ ਧਰਤਿ ਤੇ ਉਤਰਦਾ ਹੈ, ਤੇ ਦੂਸਰਾ ਆਪਣੀ ਸਾਧਨਾ ਦੀ ਮਾਰਫਤ ਧਰਤਿ ਤੋਂ ਉਠ ਕੇ ਅਗੰਮ ਨਾਲ ਅਭੇਦਤਾ ਗ੍ਰਹਿਣ ਕਰਦਾ ਹੈ। ਇਸ ਅਧਿਆਤਮ ਮੰਡਲ ਨੂੰ ਇਸ ਅਧਿਆਇ ਵਿਚ ਵੇਖਣ ਦਾ ਯਤਨ ਕੀਤਾ ਹੈ, ਜਿਸਦੇ ਅਰਥ ਤੇ ਸਰੂਪ ਦਾ ਅਧਿਐਨ ਬਹੁਤ ਹੀ ਵਿਸਥਾਰਪੂਰਵਕ ਇਸ ਅਧਿਆਇ ਵਿਚ ਕੀਤਾ ਗਿਆ ਹੈ।

ਤੀਜੇ ਅਧਿਆਇ ਵਿਚ '**ਭਾਈ ਵੀਰ ਸਿੰਘ ਦੀ ਗੁਰਬਾਣੀ ਵਿਆਖਿਆਕਾਰੀ**' ਅਧਿਐਨ ਦਾ ਕੇਂਦਰ ਰਿਹਾ। ਜਿਸ ਵਿਚ ਉਨ੍ਹਾਂ ਦੀ ਵਿਆਖਿਆਕਾਰੀ ਦੇ ਸਮੁੱਚੇ ਕਾਰਜ ਨੂੰ ਵੇਖਣ ਦਾ ਯਤਨ ਕੀਤਾ ਹੈ। ਵਿਆਖਿਆ, ਵਿਆਖਿਆ ਸ਼ਾਸਤਰ ਅਤੇ ਵਿਆਖਿਆਕਾਰੀ ਦੇ ਵੱਖਰੇ-ਵੱਖਰੇ ਪ੍ਰਸੰਗਾਂ ਨੂੰ ਧਿਆਨ ਵਿਚ ਰੱਖਦੇ ਹੋਏ ਭਾਈ ਵੀਰ ਸਿੰਘ ਦੇ ਵਿਆਖਿਆਕਾਰੀ ਦੇ ਪਾਸਾਰਾਂ ਨੂੰ ਬਹੁਤ ਨੀਝ ਨਾਲ ਵੇਖਣ ਦਾ ਯਤਨ ਕੀਤਾ ਹੈ। ਅਸਲ ਵਿਚ ਭਾਈ ਵੀਰ ਸਿੰਘ ਦੀ ਵਿਆਖਿਆਕਾਰੀ ਦਾ ਪ੍ਰਸੰਗ 'ਭਾਈ ਪ੍ਰਣਾਲੀ' ਨਾਲ ਜਾ ਜੁੜਦਾ ਹੈ, ਜਿਸਦਾ ਮੂਲ ਪ੍ਰਧਾਨ-ਤੱਤ ਅਧਿਆਤਮਕਤਾ ਹੈ। ਭਾਈ ਵੀਰ ਸਿੰਘ ਜੀ ਦੀ ਵਿਆਖਿਅਕਾਰੀ ਵਿਚ ਆਧੁਨਿਕ ਅੰਤਰ-ਦ੍ਰਿਸ਼ਟੀਆਂ ਅਤੇ ਪਹੁੰਚ-ਵਿਧੀਆਂ ਦਾ ਆਭਾਵ ਹੈ। ਉਨ੍ਹਾਂ ਦੀ ਵਿਆਖਿਅਕਾਰੀ ਨਾ ਤੇ ਵਿਆਕਰਨ ਦੇ ਪ੍ਰਸੰਗਾਂ ਨੂੰ ਰੂਪਮਾਨ ਕਰਦਾ ਹੈ ਅਤੇ ਨਾ ਹੀ ਸ਼ਬਦ ਦੇ ਮੂਲ ਪ੍ਰਸੰਗ ਨੂੰ ਆਧੁਨਿਕਤਾ ਦੇ ਹਾਣ ਦਾ ਬਣਾਉਣ ਦਾ ਯਤਨ। ਉਹ ਤੇ ਇਕ ਅਧਿਆਤਮਕ ਮਹਾਂ-ਗਿਆਨ ਵਿਚ ਚੁੱਭੀ ਲਾ, ਜਿਗਿਆਸੂ ਦੇ ਅੰਤਰੀਵ 'ਚ ਉਤਰੇ ਸ਼ਬਦਾਂ ਦਾ ਬਖਾਨ ਹੈ, ਜੋ ਵਕਤਾ ਅਤੇ ਸ੍ਰੋਤੇ ਨੂੰ ਆਪਣੇ ਨਾਲ ਹੀ ਵਹਾ ਲੈ ਜਾਣ ਦੀ ਸਮਰੱਥਾ ਰੱਖਦੀ ਹੈ।

ਚੌਥਾ ਅਧਿਆਇ '**ਭਾਈ ਵੀਰ ਸਿੰਘ ਰਚਨਾਵਲੀ ਤੇ ਅਧਿਆਤਮਵਾਦ: ਨਾਵਲ ਦੇ ਪਰਿਪੇਖ ਵਿਚ**' ਹੈ। ਇਸ ਵਿਚ ਉਨ੍ਹਾਂ ਦੇ ਚਾਰ ਨਾਵਲਾਂ ਦੇ ਵਿਸ਼ੇ ਤੇ ਉਨ੍ਹਾਂ ਦੀ ਕਹਾਣੀ ਵਿਚਲੀ ਉਡਾਣ ਵਿਚ ਗੁਰਬਾਣੀ ਨਾਲ ਇਕ ਸੁਰ ਹੋਈਆਂ ਰੂਹਾਂ ਆਪਣੀ ਖੁਸ਼ਬੂ ਨਾਲ ਕਿਸ ਤਰ੍ਹਾਂ ਇਸ ਧਰਤਿ ਦੇ ਭਾਗ

ਬਦਲਦੀਆਂ ਹਨ, ਉਨ੍ਹਾਂ ਦਾ ਅਧਿਐਨ ਕੀਤਾ ਹੈ। ਸਿੱਖ ਇਤਿਹਾਸ ਤੇ ਸਿੱਖ ਇਤਿਹਾਸ ਵਿਚ ਸਿੱਖ ਸੰਪਰਦਾ ਤੇ ਸਿੱਖ ਸੰਸਥਾਵਾਂ ਨੇ ਜੋ ਮਨੁੱਖੀ ਮਸਤਕ ਤੇ ਛਾਪ ਛੱਡੀ, ਉਸ ਛਾਪ ਦਾ ਇਥੇ ਸਪੱਸ਼ਟ ਬਖਾਨ ਕੀਤਾ ਹੈ। ਗੁਰਬਾਣੀ, ਇਤਿਹਾਸ ਤੇ ਅਮਲ ਰਾਹੀਂ ਉਸਦੇ ਹੋਏ ਪ੍ਰਗਟਾ ਤੇ ਬਹੁਤ ਹੀ ਨਿਸ਼ਠਾ ਨਾਲ ਗੁਰੂ ਭਾਣੇ ਵਿਚ ਚਲਦੇ ਪਾਤਰਾਂ ਦੀ ਅਧਿਆਤਮਕ ਸੁਰ ਨੂੰ ਫੜਨ ਦਾ ਯਤਨ ਵੀ ਇਸ ਭਾਗ ਦਾ ਹਿੱਸਾ ਹੈ।

ਪੰਜਵੇਂ ਅਧਿਆਇ '**ਭਾਈ ਵੀਰ ਸਿੰਘ ਦੀ ਅਧਿਆਤਮਕ ਕਾਵਿ-ਚੇਤਨਾ**' ਵਿਚ ਉਨ੍ਹਾਂ ਦੀ ਕਵਿਤਾ ਬਾਰੇ ਗੱਲ ਕਰਨ ਦਾ ਯਤਨ ਕੀਤਾ ਹੈ। ਭਾਈ ਸਾਹਿਬ ਦਾ ਕਵਿਤਾ ਸੰਸਾਰ ਗਿਆਰਾਂ ਸਿਰਲੇਖਾਂ ਵਿਚ ਸੈਂਕੜੇ ਕਵਿਤਾਵਾਂ ਨੂੰ ਆਪਣੇ ਵਿਚ ਸਮੋਈ ਬੈਠੇ ਹਨ। ਹਰ ਕਵਿਤਾ ਹੀ ਅਧਿਆਤਮਕ ਮੰਡਲਾਂ ਦੀ ਬਾਤ ਪਾਉਂਦੀ ਹੈ ਤੇ ਇਸ ਗੱਲ ਦਾ ਪ੍ਰਗਟਾ ਹੈ ਕਿ ਇਹ ਰਚਨਾਵਾਂ ਕਿਸੇ ਸਧਾਰਨ ਕਵੀ ਦੀ ਰਚਨਾ ਨਹੀਂ ਹੋ ਸਕਦੀਆਂ। ਇਹ ਤੇ ਸਾਧਨਾ ਤੇ ਬੰਦਗੀ ਚੋਂ ਫੁੱਟਿਆ ਸਾਖਸ਼ਾਤ ਅੰਮ੍ਰਿਤ ਫਲ ਹੈ ਜਿਹੜਾ ਬਖਸ਼ਿਸ਼ ਰੂਪ ਵਿਚ ਪਾਰ ਮੰਡਲਾਂ ਤੋਂ ਸ਼ਬਦ ਦਾ ਰੂਪ ਧਾਰਨ ਕਰ, ਕਵੀ ਨੂੰ ਸਦੀਵੀ ਕਰਨ ਹਿੱਤ ਉਨ੍ਹਾਂ ਦੀ ਕਲਮ ਰਾਹੀਂ ਆਪ ਮੁਹਾਰੇ ਫੁੱਟ ਪਿਆ। ਕਵਿਤਾਵਾਂ ਦੀ ਇਸ ਅਧਿਆਤਮਕ ਅੰਗੜਾਈ ਦਾ ਮੂਲ ਕਾਰਨ ਕੀ ਹੈ ਤੇ ਇਹ ਕਿਸ ਤਰ੍ਹਾਂ ਇਨ੍ਹਾਂ ਦੇ ਮਸਤਕ ਦਾ ਭਾਗ ਬਣੀ, ਨੂੰ ਵਿਸਥਾਰਪੂਰਵਕ ਇਸ ਅਧਿਆਇ ਵਿਚ ਅੰਕਿਤ ਕਰਨ ਦਾ ਯਤਨ ਕੀਤਾ ਹੈ।

ਸਾਰ-ਤੱਤ ਇਹ ਹੈ ਕਿ ਧਰਮ ਮਨੁੱਖ ਨੂੰ ਅਧਿਆਤਮਕ ਬੁਲੰਦੀਆਂ ਤੇ ਲੈ ਕੇ ਜਾਣ ਲਈ ਮੂਲ ਧੁਰੋਹਰ ਹੈ। ਉਹ ਅਦ੍ਰਿਸ਼ਟ ਵਿਚ ਅਭੇਦ ਹੋਣ ਲਈ ਮਨੁੱਖ ਨੂੰ ਇਕ ਮੂਲ ਜੀਵਨ ਜਾਂਚ ਉਪਲੱਬਧ ਕਰਾਉਂਦਾ ਹੈ, ਜਿਸ ਦੀ ਸਾਣ 'ਤੇ ਲੱਗ ਕੇ ਮਨੁੱਖ ਸਵਾਰਿਆ, ਸਿਰਜਿਆ ਤੇ ਤਰਾਸ਼ਿਆ ਜਾਂਦਾ ਹੈ। ਅਜਿਹੀ ਤਰਾਸ਼ੀ ਹੋਈ ਰੂਹ ਚਰਖੜੀਆਂ 'ਤੇ ਚੜ੍ਹ ਸਕਦੀ ਹੈ, ਬੰਦ ਬੰਦ ਕਟਵਾ ਸਕਦੀ ਹੈ, ਇਹ ਦੇਹ ਦੇ ਮੋਹ ਤੋਂ ਮੁਕਤ ਹੋ ਇਲਾਹੀ ਗੁਹਜ ਨਾਲ ਇਕਸੁਰ ਹੋਣ ਦੀ ਅਵਸਥਾ ਹੈ ਅਤੇ ਨਾਲ ਦੀ ਨਾਲ ਸਦੈਵ ਸਮਿਆਂ ਲਈ ਸਦ-ਜਾਗਦੇ ਚੇਤਨਾ ਕੇਂਦਰ ਵਿਚ ਤਬਦੀਲ ਹੋ ਜਾਣਾ ਹੈ। ਅਸਲ ਵਿਚ ਇਹ 'ਮੈਂ' ਤੇ 'ਮੇਰੀ' ਤੋਂ ਮੁਕਤ ਹੋ 'ਤੂੰ' ਦਾ ਨਿਵਾਸ ਹੈ। ਇਹ ਚਾਅ ਮਾਸੂਮ ਤੇ ਹੋ ਸਕਦਾ ਹੈ ਪਰ ਬਚਗਾਨਾ ਨਹੀਂ। ਅਧਿਆਤਮਕਤਾ ਸਮਰਪਿਤ ਭਾਵਨਾ ਦੇ ਸੇਕ ਨਾਲ ਪੱਕਦੀ ਰਹਿੰਦੀ ਹੈ, ਜੋ ਲੋੜ ਪੈਣ ਤੇ ਇਤਿਹਾਸ ਵਿਚ ਪ੍ਰਗਟ ਹੋ ਜਾਂਦੀ ਹੈ। ਭਾਈ ਵੀਰ ਸਿੰਘ ਦੀ ਸ਼ਖ਼ਸੀਅਤ ਅਤੇ ਰਚਨਾ ਵਿਚੋਂ ਇਸ ਦੇ ਦੀਦਾਰੇ ਕੀਤੇ ਜਾ ਸਕਦੇ ਹਨ।

BHAI VIR SINGH DA RACHNA SANSAR ; IK ADHYAN
(ADHYATAMAK PRAKARAN VICH)
**Bhai Vir Singh's Creation World: A Study**
**(In the spiritual episode)**


## ABSTRACT

Being a thinker is a great work in itself, but the work of religious thinker is a different and risky than the general thinker. In fact, the problem of understanding the language of scriptures and understanding of the holy books and their culture is very complicated. The speaker who understands the speech of prophets can be called a religious thinker.

The first place in the series of thinkers in the Sikh faith is Bhai Gurdas. The next place after Bhai Gurdas in this series is Bhai Nand Lal ji who was also a great thinker as well as being a prominent poet of Guru Gobind Singh Maharaj's court. Besides these, Bhai Santokh Singh, Koir Singh Chhibbar, Giani Gian Singh, Ratan Singh Bhangu are prominent Sikh religious thinkers. In the 19th Century, two great thinkers were born on the land of Punjab, who, while establishing unique references to modern science and science, tried to convey the fine and humble aspects of Sikh principles to the Sikh world through a popular phrase. These two thinkers are Bhai Vir Singh and Prof. Puran Singh is Puran Singh.

My research is associated with the works of Bhai Vir Singh, whose girth is very vast. All these creations are in Punjabi language, but the language kicks off the classic Punjabi. Such a vast composition can teach the world how a research student can take in their halls, when the works are also addressed, even in the context of the descriptions of poems in poetry, novels, and other compositions. The decision was taken and the withdrawal from the decision is not part of the researcher's mindset. Talking about Bhai Vir Singh is not a seamless process as Bhai Sahib is a thinker whose main issue of compositions is related to Sikhism, Sikh history and Sikhism. He was a well-known Punjabi person associated with Sikhism, which has found a great place in the academy of Sikhism, and his works have become search tools for researchers. In the modern world, you receive the credit of establishing Sikhism's theoretical context.

Bhai Vir Singh was the only soul with Sikh principles that the soul of the soul was wished in Sikh doctrine. Not just those qualities of Sikhi were reflected in them, but their stories could also be clearly seen in their personality. He was a renowned thinker, great scholar, a learned writer, active social reformer and visionary collaborator. In the consciousness of Bhai Sahib, the historical glory of history, the current capital of the present and the confluence of future possibilities, became visible at the same time. They laid down their historical heritage in an ideal manner, combating contemporary problems. The pen made them the creative medium of creativity. Literature was not a noisy hobby but a very serious act, which was done with the special purpose of social change.

The essence of the essence is that religion is the fundamental custodian of the human being for spiritual goals. He provides man with a basic life inspection to unify in unseen, on which the human being is mounted, cremated and carved. Such a consolidated soul can climb on the stairs, cut off the bandage, it is free from the body's attachment to the body, it is a state of unity with the divine enlightenment, and simultaneously the conscious-awakened consciousness is changed to the center. In fact, it is the home of 'Thou' and 'I' are free from 'my'. This wish may be on innocent but not childless. Spirituality rises with the feeling of dedicated feeling, which becomes manifest in history when necessary. It can be said by the personality and composition of Bhai Vir Singh.

**Keyword:**
Religious Thinker, Culture, Sikh Religion Tradition, Sikh Principles, Creation World, Hermeneutics.

Supervisor Researcher

**Dr. Sarbjinder Singh** **Manpreet Kaur Butter**

# ਭਾਈ ਵੀਰ ਸਿੰਘ ਦਾ ਰਚਨਾ ਸੰਸਾਰ : ਇਕ ਅਧਿਐਨ

## (ਅਧਿਆਤਮਕ ਪ੍ਰਕਰਣ ਵਿਚ)

### ਐਬਸਟਰੈਕਟ

ਚਿੰਤਕ ਹੋਣਾ ਆਪਣੇ ਆਪ ਵਿਚ ਇਕ ਬਹੁਤ ਵੱਡਾ ਕਾਰਜ ਹੈ ਪਰ ਧਰਮ ਚਿੰਤਕ ਦਾ ਕਾਰਜ ਆਮ ਚਿੰਤਕ ਨਾਲੋਂ ਵੱਖਰਾ ਅਤੇ ਜ਼ੋਖਮ ਭਰਿਆ ਹੁੰਦਾ ਹੈ। ਅਸਲ ਵਿਚ ਧਰਮ ਗ੍ਰੰਥਾਂ ਦੀ ਭਾਸ਼ਾ ਨੂੰ ਸਮਝਣ ਅਤੇ ਧਰਮ ਗ੍ਰੰਥਾਂ ਤੇ ਉਸਰੇ ਸਭਿਆਚਾਰ ਨੂੰ ਸਮਝਣ ਦਾ ਮਸਲਾ ਬੇਹੱਦ ਜਟਿਲ ਹੁੰਦਾ ਹੈ। ਪੈਗੰਬਰਾਂ ਦੀ ਬੋਲੀ ਨੂੰ ਸਮਝਣ ਵਾਲਾ ਪਾਰਖੂ ਹੀ ਧਰਮ ਚਿੰਤਕ ਅਖਵਾ ਸਕਦਾ ਹੈ।

ਸਿੱਖ ਧਰਮ ਪਰੰਪਰਾ ਵਿਚ ਚਿੰਤਕਾਂ ਦੀ ਲੜੀ ਵਿਚ ਪ੍ਰਥਮ ਸਥਾਨ ਭਾਈ ਗੁਰਦਾਸ ਦਾ ਹੈ। ਇਸ ਲੜੀ ਵਿਚ ਭਾਈ ਗੁਰਦਾਸ ਤੋਂ ਬਾਅਦ ਅਗਲਾ ਸਥਾਨ ਭਾਈ ਨੰਦ ਲਾਲ ਜੀ ਦਾ ਆਉਂਦਾ ਹੈ ਜੋ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਦਰਬਾਰ ਦੇ ਪ੍ਰਮੁੱਖ ਕਵੀ ਹੋਣ ਦੇ ਨਾਲ-ਨਾਲ ਇਕ ਵੱਡੇ ਚਿੰਤਕ ਵੀ ਸਨ। ਇਨ੍ਹਾਂ ਤੋਂ ਇਲਾਵਾ ਭਾਈ ਸੰਤੋਖ ਸਿੰਘ, ਕੋਇਰ ਸਿੰਘ ਛਿੱਬਰ, ਗਿਆਨੀ ਗਿਆਨ ਸਿੰਘ, ਰਤਨ ਸਿੰਘ ਭੰਗੂ ਆਦਿ ਪ੍ਰਮੁੱਖ ਸਿੱਖ ਧਰਮ ਚਿੰਤਕ ਹਨ। 19ਵੀਂ ਸਦੀ ਵਿਚ ਪੰਜਾਬ ਦੀ ਧਰਤੀ ਤੇ ਦੋ ਮਹਾਂ-ਚਿੰਤਕਾਂ ਦਾ ਜਨਮ ਹੋਇਆ ਜਿਨ੍ਹਾਂ ਨੇ ਆਧੁਨਿਕ ਗਿਆਨ ਵਿਗਿਆਨ ਅਤੇ ਰਵਾਇਤ ਦੇ ਨਿਵੇਕਲੇ ਪ੍ਰਸੰਗ ਸਥਾਪਿਤ ਕਰਦਿਆਂ ਹੋਇਆਂ ਸਿੱਖੀ ਸਿਧਾਂਤਾਂ ਦੇ ਬਰੀਕ ਅਤੇ ਕੋਮਲ ਪਹਿਲੂਆਂ ਨੂੰ ਪ੍ਰਚਲਿਤ ਮੁਹਾਵਰੇ ਰਾਹੀਂ ਸਿੱਖ ਸੰਸਾਰ ਤੱਕ ਪਹੁੰਚਾਉਣ ਦਾ ਯਤਨ ਕੀਤਾ। ਇਹ ਦੋ ਚਿੰਤਕ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਹਨ।

ਮੇਰਾ ਖੋਜ ਸੰਸਾਰ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਨਾਲ ਜੁੜਿਆ ਹੋਇਆ ਹੈ, ਜਿਨ੍ਹਾਂ ਦਾ ਘੇਰਾ ਬਹੁਤ ਵਿਸ਼ਾਲ ਹੈ। ਇਹ ਸਾਰੀਆਂ ਰਚਨਾਵਾਂ ਪੰਜਾਬੀ ਭਾਸ਼ਾ ਵਿਚ ਹਨ, ਪਰ ਭਾਸ਼ਾ ਪੁਰਾਤਨ ਟਕਸਾਲੀ ਪੰਜਾਬੀ ਦੀ ਭਾਅ ਮਾਰਦੀ ਹੈ। ਐਨੇ ਵਿਸ਼ਾਲ ਰਚਨਾ ਸੰਸਾਰ ਨੂੰ ਇਕ ਖੋਜ ਵਿਦਿਆਰਥੀ ਕਿਵੇਂ ਆਪਣੇ ਕਲਾਵੇ ਵਿਚ ਲੈ ਸਕਦਾ ਹੈ, ਜਦ ਰਚਨਾਵਾਂ ਵਾਰਤਕ ਵੀ ਹੋਣ, ਕਵਿਤਾਵਾਂ ਵੀ, ਨਾਵਲ ਵੀ, ਅਤੇ ਹੋਰ ਤੇ ਹੋਰ ਰਚਨਾਵਾਂ ਵਿਚ ਪਵਿੱਤਰ ਰਚਨਾਵਾਂ ਦੀ ਵਿਆਖਿਆਕਾਰੀ ਦੇ ਪ੍ਰਸੰਗ ਨੂੰ ਵੀ ਸੰਬੋਧਤ ਕੀਤਾ ਹੋਵੇ। ਫੈਸਲਾ ਲੈ ਲਿਆ ਸੀ ਤੇ ਲਏ ਫੈਸਲੇ ਤੋਂ ਪਿੱਛੇ ਹਟਣਾ ਖੋਜਾਰਥੀ ਦੀ ਮਨੋ-ਬਿਰਤੀ ਦਾ ਹਿੱਸਾ ਨਹੀਂ ਹੁੰਦਾ।

ਭਾਈ ਵੀਰ ਸਿੰਘ ਬਾਰੇ ਗੱਲ ਕਰਨਾ ਸਹਿਜ ਪ੍ਰਕਿਰਿਆ ਨਹੀਂ ਹੈ ਕਿਉਂਕਿ ਭਾਈ ਸਾਹਿਬ ਅਜਿਹੇ ਚਿੰਤਕ ਹਨ ਜਿਨ੍ਹਾਂ ਦੀਆਂ ਰਚਨਾਵਾਂ ਦਾ ਮੁੱਖ ਮੁੱਦਾ ਸਿੱਖੀ ਸਿਧਾਂਤ, ਸਿੱਖੀ ਇਤਿਹਾਸ ਅਤੇ ਸਿੱਖੀ ਅਮਲ ਨਾਲ ਜੁੜਿਆ ਹੋਇਆ । ਉਹ ਆਪ ਸਿੱਖੀ ਸਿਧਾਂਤਾਂ ਨਾਲ ਜੁੜੀ ਹੋਈ ਇਕ ਇਹੋ ਜਿਹੀ ਪਾਕੀਜ਼ ਸ਼ਖ਼ਸ਼ੀਅਤ ਸਨ ਜਿਨ੍ਹਾਂ ਨੂੰ ਸਿੱਖ ਧਰਮ ਦੀ ਅਕਾਦਮਿਕਤਾ ਵਿਚ ਬਹੁਤ ਵੱਡਾ ਸਥਾਨ ਮਿਲਿਆ ਹੈ ਤੇ ਉਨ੍ਹਾਂ ਦੀਆਂ ਰਚਨਾਵਾਂ ਖੋਜਾਰਥੀਆਂ ਲਈ ਖੋਜ ਸੰਦ ਬਣ ਗਈਆਂ ਹਨ। ਆਧੁਨਿਕਤਾ ਵਿਚ ਸਿੱਖੀ ਦੇ ਸਿਧਾਂਤਕ ਪ੍ਰਸੰਗ ਨੂੰ ਸਥਾਪਿਤ ਕਰਨ ਦਾ ਸ਼੍ਰੇਅ ਆਪ ਜੀ ਨੂੰ ਪ੍ਰਾਪਤ ਹੈ।

ਭਾਈ ਵੀਰ ਸਿੰਘ ਸਿੱਖੀ ਸਿਧਾਂਤਾਂ ਨਾਲ ਇਕਸੁਰ ਹੋਈ ਅਜਿਹੀ ਹੀ ਰੂਹ ਸਨ ਜਿਸ ਤਰ੍ਹਾਂ ਦੀ ਰੂਹ ਦੀ ਕਾਮਨਾ ਸਿੱਖ ਸਿਧਾਂਤਾਂ ਵਿਚ ਕੀਤੀ ਗਈ ਹੈ। ਉਨ੍ਹਾਂ ਵਿਚ ਕੇਵਲ ਸਿੱਖੀ ਦੀ ਆਭਾ ਵਾਲੇ ਉਹ ਸਾਰੇ ਗੁਣ ਹੀ ਰੂਪਮਾਨ ਨਹੀਂ ਸਨ ਹੁੰਦੇ ਸਗੋਂ ਉਨ੍ਹਾਂ ਦੇ ਦੀਦਾਰੇ ਵੀ ਪ੍ਰਤੱਖ ਤੌਰ ਤੇ ਉਨ੍ਹਾਂ ਦੀ ਸਖਸ਼ੀਅਤ ਵਿਚੋਂ ਕੀਤੇ ਜਾ ਸਕਦੇ ਸਨ। ਆਪ ਜੀ ਉੱਘੇ ਚਿੰਤਕ, ਮਹਾਨ ਵਿਦਵਾਨ, ਸ਼੍ਰੋਮਣੀ ਸਾਹਿਤਕਾਰ, ਸਰਗਰਮ ਸਮਾਜ ਸੁਧਾਰਕ ਤੇ ਦੂਰਦਰਸ਼ੀ ਸੰਯੋਜਕ ਸਨ। ਭਾਈ ਸਾਹਿਬ ਦੀ ਚੇਤਨਾ ਵਿਚ ਅਤੀਤ ਦਾ ਵਿਰਾਸਤੀ ਗੌਰਵ, ਵਰਤਮਾਨ ਦੀ ਰਾਸ ਪੂੰਜੀ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਦਾ ਸੰਗਮ ਇਕੋ ਵੇਲੇ ਦ੍ਰਿਸ਼ਟੀਗੋਚਰ ਹੋਇਆ। ਉਨ੍ਹਾਂ ਨੇ ਆਪਣੇ ਇਤਿਹਾਸਕ ਵਿਰਸੇ ਨੂੰ ਆਦਰਸ਼ਕ ਢੰਗ ਨਾਲ ਸੰਜੋਇਆ, ਸਮਕਾਲੀ ਸਮੱਸਿਆਵਾਂ ਨੂੰ ਜੁਝਾਰੂ ਵੇਗ ਦਿੱਤਾ। ਕਲਮ ਉਨ੍ਹਾਂ ਦੀ ਰਚਨਾਤਮਕਤਾ ਦੀ ਸ਼ਸ਼ਕਤ ਮਾਧਿਅਮ ਬਣੀ। ਸਾਹਿਤ ਰਚਨਾ ਆਪ ਲਈ ਨਿਰੋਲ ਸ਼ੌਕ ਨਹੀਂ, ਸਗੋਂ ਅਤਿਅੰਤ ਗੰਭੀਰ ਕਾਰਜ ਸੀ, ਜੋ ਕਿ ਸਮਾਜਿਕ ਪਰਿਵਰਤਨ ਦੇ ਵਿਸ਼ੇਸ਼ ਉਦੇਸ਼ ਨਾਲ ਕੀਤਾ ਗਿਆ ਸੀ।

ਸਾਰ-ਤੱਤ ਇਹ ਹੈ ਕਿ ਧਰਮ ਮਨੁੱਖ ਨੂੰ ਅਧਿਆਤਮਕ ਬੁਲੰਦੀਆਂ ਤੇ ਲੈ ਕੇ ਜਾਣ ਲਈ ਮੂਲ ਧੁਰੋਹਰ ਹੈ। ਉਹ ਅਦ੍ਰਿਸ਼ਟ ਵਿਚ ਅਭੇਦ ਹੋਣ ਲਈ ਮਨੁੱਖ ਨੂੰ ਇਕ ਮੂਲ ਜੀਵਨ ਜਾਂਚ ਉਪਲੱਬਧ ਕਰਾਉਂਦਾ ਹੈ, ਜਿਸ ਦੀ ਸਾਣ ‘ਤੇ ਲੱਗ ਕੇ ਮਨੁੱਖ ਸਵਾਰਿਆ, ਸਿਰਜਿਆ ਤੇ ਤਰਾਸ਼ਿਆ ਜਾਂਦਾ ਹੈ। ਅਜਿਹੀ ਤਰਾਸ਼ੀ ਹੋਈ ਰੂਹ ਚਰਖੜੀਆਂ ‘ਤੇ ਚੜ੍ਹ ਸਕਦੀ ਹੈ, ਬੰਦ ਬੰਦ ਕਟਵਾ ਸਕਦੀ ਹੈ, ਇਹ ਦੇਹ ਦੇ ਮੋਹ ਤੋਂ ਮੁਕਤ ਹੋ ਇਲਾਹੀ ਗੁਹਜ ਨਾਲ ਇਕਸੁਰ ਹੋਣ ਦੀ ਅਵਸਥਾ ਹੈ ਅਤੇ ਨਾਲ ਦੀ ਨਾਲ ਸਦੈਵ ਸਮਿਆਂ ਲਈ ਸਦ-ਜਾਗਦੇ ਚੇਤਨਾ ਕੇਂਦਰ ਵਿਚ ਤਬਦੀਲ ਹੋ ਜਾਣਾ ਹੈ। ਅਸਲ ਵਿਚ ਇਹ ‘ਮੈਂ’ ਤੇ ‘ਮੇਰੀ’ ਤੋਂ ਮੁਕਤ ਹੋ ‘ਤੂੰ’ ਦਾ ਨਿਵਾਸ ਹੈ। ਇਹ ਚਾਅ ਮਾਸੂਮ ਤੇ ਹੋ ਸਕਦਾ ਹੈ ਪਰ ਬਚਗਾਨਾ ਨਹੀਂ। ਅਧਿਆਤਮਕਤਾ ਸਮਰਪਿਤ ਭਾਵਨਾ ਦੇ ਸੇਕ ਨਾਲ ਪੱਕਦੀ ਰਹਿੰਦੀ ਹੈ, ਜੋ ਲੋੜ ਪੈਣ ਤੇ ਇਤਿਹਾਸ ਵਿਚ ਪ੍ਰਗਟ ਹੋ ਜਾਂਦੀ ਹੈ। ਭਾਈ ਵੀਰ ਸਿੰਘ ਦੀ ਸ਼ਖ਼ਸੀਅਤ ਅਤੇ ਰਚਨਾ ਵਿਚੋਂ ਇਸ ਦੇ ਦੀਦਾਰੇ ਕੀਤੇ ਜਾ ਸਕਦੇ ਹਨ।

**ਕੂੰਜੀਵਤ ਸ਼ਬਦ:**
ਧਰਮ ਚਿੰਤਕ, ਸਭਿਆਚਾਰ, ਸਿੱਖ ਧਰਮ ਪਰੰਪਰਾ, ਸਿੱਖ ਸਿਧਾਂਤ, ਰਚਨਾ ਸੰਸਾਰ, ਵਿਆਖਿਆਕਾਰੀ।

ਨਿਗਰਾਨ: ਖੋਜਾਰਥੀ:

**ਡਾ. ਸਰਬਜਿੰਦਰ ਸਿੰਘ** **ਮਨਪ੍ਰੀਤ ਕੌਰ ਬੁੱਟਰ**

**ਖੋਜਾਰਥੀ ਦਾ ਨਾਂ : ਮਨਪ੍ਰੀਤ ਕੌਰ ਬੁੱਟਰ**

**ਵਿਭਾਗ: ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ**

**ਛਪੇ ਖੋਜ ਪਰਚਿਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:**

| | **ਖੋਜ ਪੇਪਰ ਦਾ ਨਾਂ** | **ਮੈਗਜ਼ੀਨ** |
|---|---|---|
| 1. | ਸੂਫੀ ਸੰਕਲਪ ਅਤੇ ਬਾਬਾ ਸ਼ੇਖ ਫਰੀਦ | ਨਾਨਕ ਪ੍ਰਕਾਸ਼ ਪੱਤ੍ਰਿਕਾ, ਦਸੰਬਰ 2013<br>(ਬਾਬਾ ਫਰੀਦ ਅਤੇ ਭਗਤ ਨਾਮਦੇਵ ਵਿਸ਼ੇਸ਼ ਅੰਕ)<br>(ਪੰਨਾ 134-140) |
| 2. | ਰਚਨਾ ਭਾਈ ਗੁਰਦਾਸ: ਖੋਜ ਕਾਰਜ ਬਿਉਰਾ | ਨਾਨਕ ਪ੍ਰਕਾਸ਼ ਪੱਤ੍ਰਿਕਾ, ਦਸੰਬਰ 2014<br>(ਪੰਨਾ 340-250) |

ਮਨਪ੍ਰੀਤ ਕੌਰ ਬੁੱਟਰ